ਘਲੂਘਾਰਾ
ਜੂਨ
1984
ਲਜੀਤ ਸਿੰਘ ਖ਼ਾਲਸਾ



ਨੌਂ ਹਮਲੇ ਸਾਡੇ ਹਰਿਮੰਦਰ 'ਤੇ ਪੰਜ ਸਦੀਆਂ 'ਚ ਹੋਏ; ਨੌਂ ਦੇ ਨੌਂ ਦੁਸ਼ਟਾਂ ਦੇ ਸੀਨੇ ਅਸਾਂ ਨੇਜ਼ਿਆਂ ਵਿੱਚ ਪਰੋਏ।
ਅੱਠ ਹਮਲੇ ਅਫ਼ਗਾਨਾਂ ਤੁਰਕਾਂ ਮੁਗਲ ਪਠਾਣਾਂ ਕੀਤੇ; ਲੱਖ ਪਰਨਾਮ ਉਹਨਾਂ ਗੁਰਸਿੱਖਾਂ, ਜਿਨ੍ਹਾਂ ਜਾਮ ਸ਼ਹੀਦੀ ਪੀਤੇ।
ਟੈਂਕਾਂ ਉੱਤੇ ਸਜਾ ਕੇ ਤੋਪਾਂ ਫਿਰ ਨੌਂਵਾਂ ਹਮਲਾ ਹੋਇਆ; ਸਾਡੇ ਅਖਵਾਉਂਦੇ ਵੀਰਾਂ ਸਾਨੂੰ, ਵਾਂਗ ਕਸਾਈਆਂ ਕੋਹਿਆ।
ਮਾਂ ਗੁਜਰੀ ਦੇ ਯੋਧੇ ਪੁੱਤਰਾਂ, ਕੁੱਲ ਤੋਪਾਂ ਦੇ ਮੂੰਹ ਮੋੜੇ; ਪਰਬਤ ਵਾਂਗੂੰ ਡਟ ਗਏ ਸੂਰੇ, ਉਹਨਾਂ ਟੈਂਕ ਫ਼ੌਲਾਦੀ ਤੋੜੇ।
ਅੰਮ੍ਰਿਤ ਦੀ ਸ਼ਕਤੀ ਦਾ ਕ੍ਰਿਸ਼ਮਾ, ਫਿਰ ਦੁਨੀਆ ਨੇ ਤੱਕਿਆ; ਅਜੀਤ ਜੁਝਾਰ ਵਾਂਗ ਗੁਰਸਿੱਖਾਂ, ਦਲ ਵੈਰੀ ਦਾ ਡੱਕਿਆ।

ਸਿੱਖ ਤਵਾਰੀਖ ਦਾ ਘਲੂਘਾਰਾ

ਜੂਨ 1984 ਦਾ ਘਲੂਘਾਰਾ ਸਿੱਖ ਇਤਿਹਾਸ ਦਾ ਅਹਿਮ ਮੋੜ ਹੈ। ਇਹ ਘਲੂਘਾਰਾ ਹੀ ਹੈ, ਜਿਸ ਨੇ ਸਾਡੇ ਵਰਗੇ ਲੱਖਾਂ ਹੀ ਜਿਹੜੇ ਆਪਣੀ ਪਛਾਣ ਹੀ ਭੁੱਲ ਚੁੱਕੇ ਸੀ, ਉਹਨਾਂ ਨੂੰ ਝੰਜੋੜ ਕੇ ਜਗਾਇਆ, ਆਪਣੀ ਕੌਮੀ ਹੋਂਦ ਦੇ ਰੂ-ਬਰੂ ਕਰਵਾਇਆ ਤੇ ਅਜ਼ਾਦ ਹਿੰਦੁਸਤਾਨ ਅੰਦਰਲੀ ਕੌਮੀ ਗ਼ੁਲਾਮੀ ਦਾ ਅਹਿਸਾਸ ਕਰਵਾਇਆ। ਗ਼ੁਲਾਮੀ ਦੇ ਇਸ ਡੂੰਘੇ ਅਹਿਸਾਸ ਦੇ ਰੂ-ਬਰੂ ਹੋ ਕੇ ਸਿੱਖ ਇੱਕ ਵਾਰ ਆਪਣੇ ਆਪ ਨੂੰ ਇਕੱਲਿਆਂ ਮਹਿਸੂਸ ਕਰਨ ਲੱਗ ਪਿਆ, ਕਿਉਂਕਿ ਭਾਰਤੀ ਹਾਕਮਾਂ ਨੇ ਸਿੱਖਾਂ ਉੱਤੇ ਜ਼ੁਲਮ ਕਰਨ ਦੇ ਨਾਲ਼-ਨਾਲ਼ ਉਹਨਾਂ ਨੂੰ ਕੌਮਾਂਤਰੀ ਪੱਧਰ ਤੇ ਬਦਨਾਮ ਕਰਨ ਵਿੱਚ ਵੀ ਕੋਈ ਕਸਰ ਨਾ ਛੱਡੀ। ਹੋਰ ਦੁਨੀਆ ਦੀ ਤਾਂ ਗੱਲ ਹੀ ਛੱਡੋ, ਸੰਤ ਭਿੰਡਰਾਂਵਾਲ਼ਿਆਂ ਅਤੇ ਉਹਨਾਂ ਦੇ ਜੁਝਾਰੂ ਸਾਥੀਆਂ ਨੂੰ ਸਿੱਖਾਂ ਦੇ ਅੰਦਰ ਵੀ ਵੀ ਬਦਨਾਮ ਕਰਨ ਲਈਹਰ ਕਮੀਨਾ ਹੱਥਕੰਡਾ ਵਰਤਿਆ ਗਿਆ। ਇਹ ਤਸੱਲੀ ਦੀ ਗੱਲ ਹੈ ਕਿ ਉਗ਼ਲਾਂ ਦੇ ਪੋਟਿਆਂ ਤੇ ਗਿਣੇ ਜਾਣ ਵਾਲ਼ੇ ਕੁਝ ਜ਼ਮੀਰ-ਫ਼ਰੋਸ਼ਾਂ ਨੂੰ ਛੱਡ ਕੇ, ਸਮੁੱਚੀ ਸਿੱਖ ਕੌਮ ਭਾਰਤੀ ਹਾਕਮਾਂ ਦੇ ਵਿਰੋਧ 'ਚ ਉੱਠ ਖਲੋਤੀ ਅਤੇ ਉਸ ਨੇ ਭਾਰਤੀ ਪ੍ਰਚਾਰ ਤੰਤਰ ਵੱਲੋਂ ਸਿੱਖ ਜੁਝਾਰੂਆਂ ਨੂੰ ਬਦਨਾਮ ਕਰਨ ਵਾਲ਼ਾ ਪ੍ਰਚਾਰ, ਜਿਸ ਨੂੰ ਹਰਿਮੰਦਰ ਸਾਹਿਬ ਤੇ ਹਮਲੇ ਲਈ ਬਹਾਨਾ ਬਣਾਇਆ ਗਿਆ, ਨੂੰ ਨਕਾਰ ਦਿੱਤਾ।

ਘਲੂਘਾਰਾ ਜੂਨ 1984 ਦੇ ਬਾਰੇ ਜੋ ਕੁਝ ਲਿਖਿਆ ਗਿਆ, ਜੋ ਕੁਝ ਬੋਲਿਆ ਗਿਆ, ਉਹਨਾਂ ਵਿੱਚ ਬਹੁਤ ਘੱਟ ਕਲਮਾਂ ਨੇ ਪੂਰੀ ਖੋਜ ਤੋਂ ਬਾਅਦ ਲਿਖਿਆ ਹੈ, ਖ਼ਾਸ ਤੌਰ ਤੇ ਢਾਡੀ ਸਿੰਘਾਂ ਦੇ ਅੰਦਰ ਪੂਰੀ ਖੋਜ ਤੋਂ ਬਾਅਦ ਲਿਖਣ ਦੀ ਪ੍ਰਵਿਰਤੀ ਗਵਾਚਦੀ ਜਾ ਰਹੀ ਹੈ। ਹਾਂ, ਜੇਕਰ ਢਾਡੀ ਸਿਘਾਂ ਦੀ ਗੱਲ ਹੀ ਕਰੀਏ ਤਾਂ ਹਰਿਮੰਦਰ ਸਾਹਿਬ ਤੇ ਹਮਲੇ ਤੋਂ ਤੁਰੰਤ ਬਾਅਦ ਇਸ ਘਲੂਘਾਰੇ ਦੇ ਉੱਪਰ ਭਾਈ ਬਲਵੰਤ ਸਿੰਘ ਪ੍ਰੇਮੀ ਅਤੇ ਨਾਭੇ ਵਾਲ਼ੀਆਂ ਬੀਬੀਆਂ ਦੀ ਜੋ ਕੈਸਿਟ ਮਾਰਕੀਟ਼ ਵਿੱਚ ਆਈ ਸੀ, ਉਸ ਨੂੰ ਓਦੋਂ ਤਾਂ ਬਾਲਪਨ ਦੀ ਉਮਰ ਵਿੱਚ ਹੀ ਸੁਣਦੇ ਰਹੇ, ਪਰ ਘਲੂਘਾਰੇ ਦੇ ਬਾਰੇ ਖੋਜ ਕਰਦਿਆਂ ਮੈਂ ਮਹਿਸੂਸ ਕੀਤਾ ਕਿ ਉਸ ਵਿਚਲੇ ਤੱਥ ਸਚਾਈ ਦੇ ਬਹੁਤ ਨੇੜੇ ਹਨ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਭਾਈ ਬਲਵੰਤ ਸਿੰਘ ਪ੍ਰੇਮੀ ਦਾ ਇਹ ਜਥਾ ਭਾਈ ਸੁਖਦੇਵ ਸਿੰਘ ਬੱਬਰ ਦੇ ਨੇੜੇ ਰਿਹਾ ਹੈ। ਭਾਈ ਸੁਖਦੇਵ ਸਿੰਘ ਬੱਬਰ ਉਹਨਾਂ ਸਿੰਘਾਂ ਦੇ ਵਿੱਚੋਂ ਸਨ, ਜੋ ਕਿ ਘਲੂਘਾਰੇ ਦੀ ਮੱਚੀ ਹੋਈ ਜੰਗ 'ਚੋਂ ਲੜਾਈ ਅੱਗੇ ਤੋਰਨ ਲਈ ਬਚ ਕੇ ਨਿਕ਼ਲ ਗਏ ਸਨ।

ਜਿਵੇਂ ਕਿ ਘਲੂਘਾਰੇ 'ਚ ਜੂਝਣ ਵਾਲ਼ੇ ਜਿਉਂਦੇ ਬਚੇ ਸਿੰਘਾਂ ਨਾਲ਼ ਕੀਤੀ ਗੱਲਬਾਤ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸਿੰਘਾਂ ਨੇ ਤਿੰਨ ਕਮਾਂਡੋ ਦਸਤੇ ਪੂਰੇ ਖ਼ਤਮ ਕਰ ਦਿੱਤੇ ਸਨ, ਬਾਕੀ ਮਾਰੀ ਗਈ ਆਮ ਫ਼ੌਜ ਇਸ ਤੋਂ ਵੱਖਰੀ ਹੈ। ਇਹ ਵੀ ਪਤਾ ਲੱਗਦਾ ਹੈ ਕਿ ਭਾਈ ਅਮਰੀਕ ਸਿੰਘ ਤੇ ਬਾਬਾ ਠਾਹਰਾ ਸਿੰਘ ਦੀ ਕਮਾਂਡ 'ਚ ਸਿੰਘਾਂ ਦਾ ਜਿਹੜਾ ਮੋਰਚਾ ਗੁਰੂ

ਰਾਮਦਾਸ ਲੰਗਰ ਤੇ ਸੀ, ਉਹਦੇ 'ਚੋਂ ਉਹਨਾਂ ਨੇ ਹੈਲੀਕਾਪਟਰ 'ਚੋਂ ਉੱਤਰਦੇ ਕਮਾਂਡੋਆਂ ਦਾ ਸਫ਼ਾਇਆ ਕਰ ਦਿੱਤਾ ਸੀ। ਇਹ ਕਮਾਂਡੋ ਦਸਤੇ ਸਿੰਘਾਂ ਨੇ ਸਿਰਫ਼ ਹੈਲੀਕਾਪਟਰ 'ਚੋਂ ਲਹਿਣ ਵੇਲੇ ਹੀ ਨਹੀਂ ਮਾਰੇ, ਬਲਕਿ ਪਰਕਰਮਾ 'ਚ ਪਹੁੰਚਣ 'ਚ ਕਾਮਯਾਬ ਹੋ ਚੁੱਕੇ ਕਮਾਂਡੋ ਵੀ ਪਰਕਰਮਾ 'ਚ ਮੂਧੇ ਪਾ ਦਿੱਤੇ ਸਨ। ਇਸ ਦਾ ਸਿਹਰਾ ਲੰਗਰ ਦੇ ਮੋਰਚੇ 'ਚ ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ ਤੇ ਸਾਥੀ ਸਿੰਘਾਂ ਦੇ ਨਾਲ਼-ਨਾਲ਼ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਨਾਲ਼ ਵਾਲ਼ੇ ਮੋਰਚਿਆਂ ਵਿਚਲੇ ਸਿੰਘਾਂ ਦੀ ਯੁੱਧ ਕਲਾ ਅਤੇ ਜਨਰਲ ਸੁਬੇਗ ਸਿੰਘ ਦੀ ਕਮਾਲ ਦੀ ਮੋਰਚਾਬੰਦੀ ਅਤੇ ਯੁੱਧ-ਨੀਤੀ ਨੂੰ ਜਾਂਦਾ ਹੈ। ਨਾਭੇ ਵਾਲ਼ੀਆਂ ਬੀਬੀਆਂ ਦੀ ਕੈਸਿਟ ਵਿੱਚ ਵੀ ਤਿੰਨ ਕਮਾਂਡੋ ਦਸਤੇ ਮਾਰੇ ਜਾਣ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ:-

ਤਿੰਨ ਕਮਾਂਡੋ ਦਸਤੇ ਆ ਗਏ ਝੱਟ ਅੜਿੱਕੇ ਸੀ
ਠਾਹਰਾ ਸਿੰਘ ਅਮਰੀਕ ਨੇ ਟੰਗੇ ਛਿੱਕੇ ਸੀ
ਹੈਲੀਕਾਪਟਰ ਵਿੱਚੋਂ ਲਹਿੰਦੇ ਝੱਟ ਲਿਟਾ ਦਿੱਤੇ
ਪਹਿਲੇ ਹੱਲੇ ਸਿੰਘਾਂ ਫ਼ੌਜੀ ਮੂਧੇ ਪਾ ਦਿੱਤੇ।

ਬੱਬਰਾਂ ਦੇ ਜਥੇ ਦੇ ਸੰਤ ਭਿੰਡਰਾਂਵਾਲ਼ਿਆਂ ਨਾਲ਼ ਮੱਤਭੇਦਾਂ ਨੂੰ ਆਪਸੀ ਖ਼ਾਨਾਜੰਗੀ ਦੀ ਹਾਲਤ ਤਕ ਵਧਾਉਣ ਦੀਆਂ ਕੋਸ਼ਿਸ਼ਾਂ ਭਾਰਤੀ ਏਜੰਸੀਆਂ ਅਤੇ ਉਹਨਾਂ ਦੇ ਟੁੱਕੜਬੋਚਾਂ ਨੇ ਕੀਤੀਆਂ, ਪਰ ਇਹ ਤਸੱਲੀ ਦੀ ਗੱਲ ਹੈ ਕਿ ਤਲਖ-ਕਲਾਮੀ ਹੋਣ ਦੇ ਬਾਵਜੂਦ ਦੋਹਾਂ ਧਿਰਾਂ ਨੇ ਇੱਕ-ਦੂਜੇ ਦੇ ਵਿਰੁੱਧ ਹਥਿਆਰਾਂ ਦੀ ਵਰਤੋਂ ਤੋਂ ਪੂਰੇ ਜਾਬਤੇ ਨਾਲ਼ ਸੰਜਮ ਰੱਖਿਆ ਅਤੇ ਹਥਿਆਰ ਸਾਂਝੇ ਕੌਮੀ ਦੁਸ਼ਮਣ ਵਿਰੁੱਧ ਹੀ ਵਰਤੇ ਜਾਂਦੇ ਰਹੇ। ਇਸ ਕਾਰਨ ਭਾਰਤੀ ਹਕੂਮਤ ਆਪਣੇ ਇਰਾਦੇ 'ਚ ਸਫ਼ਲ ਨਾ ਹੋ ਸਕੀ। ਜਦੋਂ ਭਾਰਤੀ ਫ਼ੌਜ ਦਾ ਹਮਲਾ ਸ੍ਰੀ ਹਰਿਮੰਦਰ ਸਾਹਿਬ ਤੇ ਹੋਇਆ, ਤਾਂ ਓਦੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਸਿੰਘ ਅਤੇ ਬੱਬਰਾਂ ਦਾ ਜਥਾ ਇਕਮੁੱਠ ਹੋ ਕੇ ਫ਼ੌਜ ਵਿਰੁੱਧ ਲੜੇ। ਮੱਚੀ ਹੋਈ ਜੰਗ ਵਿੱਚ ਬੱਬਰਾਂ ਦੇ ਸਿੰਘਾਂ ਵੱਲੋਂ ਸੰਤਾਂ ਤੋਂ ਹਥਿਆਰ ਅਤੇ ਗੋਲ਼ੀ ਸਿੱਕਾ ਲਿਜਾਏ ਜਾਣ ਬਾਰੇ ਕਈ ਸਿੰਘ ਗਵਾਹ ਹਨ। ਬੱਬਰਾਂ ਦਾ ਇੱਕ ਮੋਰਚਾ ਪਾਣੀ ਵਾਲ਼ੀ ਟੈਂਕੀ ਤੇ ਸੀ, ਜਿਸ ਬਾਰੇ ਨਾਭੇ ਵਾਲ਼ੀਆਂ ਬੀਬੀਆਂ ਦੀ ਕੈਸਿਟ ਵਿੱਚ ਇਸ ਤਰ੍ਹਾਂ ਜ਼ਿਕਰ ਹੈ:-



ਬੱਬਰ ਸਿੰਘਾਂ ਟੈਂਕੀ ਤੋਂ ਬੰਬਾਰ ਮਚਾ ਦਿੱਤੀ,
ਬਾਹਰ ਗੇਟ ਤੇ ਤੀਜੀ ਪਲਟਨ ਝੱਟ ਵਿਛਾ ਦਿੱਤੀ।

ਇਸ ਜੰਗ ਦੇ ਵਿੱਚੋਂ ਜੁਝਾਰੂ ਸਿੰਘਾਂ ਨੇ ਭਾਰਤੀ ਫ਼ੌਜ ਦਾ ਅਜਿੱਤ ਹੋਣ ਦਾ ਹੰਕਾਰ ਚਕਨਾਚੂਰ ਕਰ ਸੁੱਟਿਆ। ਮੋਰਚਿਆਂ ਅੰਦਰੋਂ ਜੁਝਾਰੂ ਸਿੰਘਾਂ ਨੇ ਭਾਰਤੀ ਫ਼ੌਜ ਦੇ ਜੋ ਆਹੂ ਲਾਹੇ, ਉਹ ਇੱਕ ਲਾਸਾਨੀ ਕ੍ਰਿਸ਼ਮਾ ਸੀ, ਕਿਉਂਕਿ ਭਾਰਤੀ ਫ਼ੌਜ ਨੂੰ ਜਿੱਥੇ ਪਿੱਛੋਂ ਅਮੁੱਕ ਸਪਲਾਈ ਮਿਲ਼

ਰਹੀ ਸੀ, ਉਹਨਾਂ ਦੀ ਫ਼ੌਜੀ ਗਿਣਤੀ ਵੀ ਲੱਖਾਂ ਵਿੱਚ ਸੀ। ਓਥੇ ਮੋਰਚੇ ਅੰਦਰਲੇ ਚਾਰ-ਚੁਫ਼ੇਰਿਓਂ ਘਿਰੇ ਹੋਏ ਗਿਣਤੀ ਦੇ ਸਿੰਘ ਜੂਨ ਦੀ ਤਿੱਖੀ ਗਰਮੀ ਦੇ ਅੰਦਰ ਬਿਜਲੀ ਤੇ ਪਾਣੀ ਤੋਂ ਵੀ ਮਹਿਰੂਮ ਕਰ ਦਿੱਤੇ ਗਏ ਸਨ। ਉਹਨਾਂ ਨੂੰ ਪਿੱਛੋਂ ਸਪਲਾਈ ਮਿਲ਼ਦੇ ਰਹਿਣ ਦਾ ਤਾਂ ਕੋਈ ਸਵਾਲ ਹੀ ਨਹੀਂ ਸੀ। ਫਿਰ ਵੀ ਸਿੰਘਾਂ ਨੇ ਤਿੰਨ ਦਿਨ ਭਾਰਤੀ ਫ਼ੌਜ ਨੂੰ ਅਜਿਹੀ ਜ਼ਬਰਦਸਤ ਟੱਕਰ ਦਿੱਤੀ ਕਿ ਦਿੱਲੀ ਤਕ ਤਰਥੱਲੀ ਮੱਚ ਗਈ।

ਇਸ ਜੰਗ ਦਾ ਹਿੱਸਾ ਰਹੇ ਸਿੰਘਾਂ ਨਾਲ਼ ਗੱਲਬਾਤ ਤੋਂ ਇਹ ਵੀ ਪਤਾ ਲੱਗਾ ਕਿ ਸਿੰਘਾਂ ਨੇ ਜਦੋਂ ਬਹੁਤ ਫ਼ੌਜੀ ਮਾਰ ਦਿੱਤੇ ਤਾਂ ਫ਼ੌਜ ਦੀ ਇੱਕ ਵਾਇਰਲੈੱਸ ਸਿੰਘਾਂ ਦੇ ਹੱਥ ਆ ਗਈ। ਉਸ ਵਾਇਰਲੈੱਸ ਤੇ ਫ਼ੌਜ ਦੇ ਅਫ਼ਸਰ, ਜਵਾਨਾਂ ਨੂੰ ਜੋ ਵੀ ਹਦਾਇਤਾਂ ਦੇ ਰਹੇ ਸੀ, ਉਹ ਸੁਣਦੀਆਂ ਸੀ ਤੇ ਜਨਰਲ ਸੁਬੇਗ ਸਿੰਘ ਫਿਰ ਉਸੇ ਹਿਸਾਬ ਨਾਲ਼ ਰਣਨੀਤੀ ਬਣਾਉਂਦੇ ਸੀ। ਮੋਰਚਿਆਂ 'ਚ ਬੈਠੇ ਭੁੱਖੇ-ਤਿਹਾਏ ਸਿੰਘਾਂ ਨੇ ਭਾਰਤੀ ਫ਼ੌਜ ਦੀ ਜੋ ਦੁਰਗਤੀ ਕੀਤੀ, ਉਸ ਦਾ ਗੁੱਸਾ ਭਾਰਤੀ ਫ਼ੌਜ ਨੇ ਨਿਹੱਥੀਆਂ ਸਿੱਖ ਸੰਗਤਾਂ ਤੇ ਜ਼ੁਲਮ ਦਾ ਦੌਰ ਚਲਾ ਕੇ ਕੱਢਿਆ। ਇਹ ਫ਼ੌਜ ਅੰਦਰਲੀ ਹਿੰਦੂ ਸੰਕੀਰਨ ਸੋਚ ਦਾ ਵੀ ਮੁਜ਼ਾਹਰਾ ਵੀ ਸੀ, ਜੋ ਕਿ ਨਿਹੱਥਿਆਂ ਤੇ ਜ਼ੁਲਮ ਕਰਨ ਸਮੇਂ 'ਸ਼ੇਰ' ਬਣ ਜਾਂਦੀ ਹੈ ਤੇ ਜਿੱਥੋਂ ਅੱਗੋਂ ਕੋਈ ਦੰਦ ਭੰਨਣ ਵਾਲ਼ਾ ਹੋਵੇ, ਓਥੇ 'ਲੇਲੇ'। ਇਸ ਤੱਥ ਤੇ ਵੀ ਇਹ ਗਵਾਹੀਆਂ ਮੋਹਰ ਲਾਉਂਦੀਆਂ ਹਨ ਕਿ ਮੁਸਲਮਾਨ ਅਫ਼ਸਰਾਂ ਦਾ ਵਿਹਾਰ ਕੈਦੀ ਸਿੱਖਾਂ ਪ੍ਰਤੀ ਠੀਕ ਸੀ।

ਜਥੇਦਾਰ ਗੁਰਚਰਨ ਸਿੰਘ ਟੌਹੜਾ

ਭਾਵੇਂ ਕਿ ਅਕਾਲੀ ਲੀਡਰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਹਰਮਨ ਪਿਆਰਤਾ ਤੋਂ ਈਰਖਾ ਵੱਸ ਹੋ ਕੇ ਵਿਰੋਧ 'ਚ ਖਲੋ ਗਏ ਸਨ, ਪਰ ਹਰਿਮੰਦਰ ਸਾਹਿਬ ਤੇ ਕਾਬਜ਼ ਹੋ ਕੇ ਭਾਰਤੀ ਫ਼ੌਜ ਨੇ ਜਿਹੜੇ ਚੰਗੇਜ਼ੀ ਜ਼ੁਲਮ ਕੀਤੇ, ਉਸ ਨਾਲ਼ ਓਥੇ ਬੈਠੇ ਅਕਾਲੀ ਲੀਡਰ ਵੀ ਲਹੂ ਦੇ ਹੰਝੂ ਰੋਂਦੇ ਰਹੇ ਸਨ। ਡਾਕਟਰ ਬਲਕਾਰ ਸਿੰਘ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜੋ ਜੀਵਨੀ ਲਿਖੀ ਹੈ, ਉਸ ਦੇ ਵਿੱਚ ਉਹਨਾਂ ਨੇ ਜਥੇਦਾਰ ਟੌਹੜਾ ਵੱਲੋਂ ਦੱਸੀ ਗਈ ਇੱਕ ਗੱਲ ਦਾ ਜ਼ਿਕਰ ਕੀਤਾ ਹੈ। ਜਦੋਂ ਅਕਾਲੀ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਕੇ ਹਵਾਈ ਜਹਾਜ਼ ਰਾਹੀਂ ਰਾਜਸਥਾਨ ਦੀ ਕਿਸੇ ਜੇਲ੍ਹ 'ਚ ਭੇਜਿਆ ਜਾ ਰਿਹਾ ਸੀ, ਤਾਂ ਇੱਕ ਸਿੱਖ ਅਫ਼ਸਰ ਜਥੇਦਾਰ ਟੌਹੜਾ ਦੇ ਪੈਰਾਂ 'ਚ ਬਹਿ ਕੇ ਭੁੱਬੀਂ ਰੋਣ ਲੱਗ ਪਿਆ। ਜਥੇਦਾਰ ਟੌਹੜਾ ਨੇ ਸਮਝਿਆ ਕਿ ਸ਼ਾਇਦ ਸਿੱਖ ਹੋਣ ਕਾਰਨ ਕੌਮ ਦੇ ਹੋਏ ਜ਼ੁਲਮਾਂ ਨਾਲ਼ ਇਸ ਦਾ ਮਨ ਭਰ ਆਇਆ ਹੈ, ਉਹ ਉਸ ਨੂੰ ਚੁੱਪ ਕਰਾਉਣ ਲੱਗ ਪਏ। ਫਿਰ ਉਹ ਸਿੱਖ ਅਫ਼ਸਰ ਹਰਿਮੰਦਰ ਸਾਹਿਬ ਦੀ ਹੋਈ

ਤਬਾਹੀ ਬਾਰੇ ਹਟਕੋਰੇ ਭਰ-ਭਰ ਕੇ ਜ਼ਿਕਰ ਕਰਦਾ ਹੋਇਆ ਅਚਾਨਕ ਕਹਿਣ ਲੱਗਾ:-

"ਤੁਸੀਂ ਇੰਦਰਾ ਗਾਂਧੀ ਤੋਂ ਮਾਫ਼ੀ ਮੰਗ ਲਓ ਖਾਂ।"

ਇਹ ਸੁਣਦਿਆਂ ਹੀ ਜਥੇਦਾਰ ਟੌਹੜਾ ਰੋਹ ਵਿੱਚ ਆ ਗਏ ਤੇ ਕਹਿਣ ਲੱਗੇ:-

"ਮੂੰਹ ਸੰਭਾਲ਼ ਕੇ ਬੋਲ ਓਇ ! ਹਰਿਮੰਦਰ ਸਾਹਿਬ 'ਚ ਇਹ ਕੁਝ ਕਿਹੜਾ ਪਹਿਲੀ ਵਾਰ ਹੋਇਐ...? ਤੂੰ ਇੰਦਰਾ ਗਾਂਧੀ ਦੀ ਫ਼ਿਕਰ ਕਰ...।"

ਜਥੇਦਾਰ ਟੌਹੜਾ ਦੇ ਦੱਸਣ ਅਨੁਸਾਰ ਬਾਅਦ 'ਚ ਪਤਾ ਲੱਗਾ ਕਿ ਉਹ ਇੰਟੈਲੀਜੈਂਸ ਦਾ ਅਫ਼ਸਰ ਜਾਣ-ਬੁੱਝ ਕੇ ਹੀ ਸਾਡੇ ਨਾਲ਼ ਇਸ ਮਕਸਦ ਲਈ ਭੇਜਿਆ ਗਿਆ ਸੀ।

ਇਹ ਹੋਰ ਵੀ ਕਈ ਤੱਥਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਨਹਿਰੂ ਦੀ ਧੀ ਨੇ ਇਹ ਹਮਲਾ ਸਿੱਖ ਕੌਮ ਦਾ ਮਾਣਮੱਤੀ ਤਵਾਰੀਖ਼ ਦੇ ਬਲ ਨਾਲ਼ ਉੱਠਿਆ ਹੋਇਆ ਸਿਰ ਨਿਵਾਉਣ ਅਤੇ ਆਪਣੇ ਕਦਮਾਂ ਵਿੱਚ ਝੁਕਾਉਣ ਲਈ ਕੀਤਾ ਸੀ, ਪਰ ਉਹ ਨਹੀਂ ਸੀ ਜਾਣਦੀ ਕਿ ਜਿਸ ਪੂਰੀ ਕੌਮ ਨੂੰ ਆਪਣੇ ਕਦਮਾਂ 'ਚ ਝੁਕਾਉਣ ਦਾ ਉਹ ਸੁਪਨਾ ਵੇਖ ਰਹੀ ਹੈ, ਉਸ ਕੌਮ ਦੇ ਦੋ ਜਾਬਾਂਜ਼ ਹੀ ਉਸ ਦੇ ਹੰਕਾਰੇ ਹੋਏ ਸਿਰ 'ਚ ਮੋਰੀਆਂ ਕਰ ਕੇ ਉਸ ਨੂੰ ਆਪਣੇ ਕਦਮਾਂ 'ਚ ਮੂਧੇ ਮੂੰਹ ਸੁੱਟ ਦੇਣਗੇ, ਉਹ ਵੀ ਉਸਦੇ ਅਭੇਦ ਮੰਨੀ ਜਾਂਦੀ ਕਿਲ੍ਹੇ ਵਰਗੀ ਸੁਰੱਖਿਆ ਦੇ ਅੰਦਰ। ਇਸ ਘਲੂਘਾਰੇ ਨੇ ਹਰੇਕ ਜਾਗਦੀ ਜ਼ਮੀਰ ਦੇ ਸਿੱਖ ਨੂੰ ਜਗਾ ਦਿੱਤਾ ਸੀ, ਜਿਨ੍ਹਾਂ 'ਚ ਭਾਈ ਬੇਅੰਤ ਸਿੰਘ ਤੇ ਭਾਈ ਸਤਵੰਤ ਸਿੰਘ ਵੀ ਸਨ।

ਜੂਨ 1984 ਦੇ ਘਲੂਘਾਰੇ ਉੱਪਰ ਇਹ ਕਿਤਾਬ ਕੌਮ ਨੂੰ ਅਰਪਣ ਕਰਨ ਲਈ ਮੈਂ ਹਰੇਕ ਤੱਥ ਬਾਰੇ ਡੂੰਘਾਈ 'ਚ ਖੋਜ ਕਰਨ ਦਾ ਯਤਨ ਕੀਤਾ ਹੈ, ਫਿਰ ਵੀ ਹੋ ਸਕਦਾ ਹੈ ਕਿ ਕੋਈ ਘਾਟ ਰਹਿ ਗਈ ਹੋਵੇ। ਅੱਜ ਘਲੂਘਾਰਾ ਜੂਨ 1984 ਦਾ ਦਸਤਾਵੇਜ਼ ਕੌਮ ਨੂੰ ਅਰਪਣ ਕਰਦੇ ਸਮੇਂ ਮੈਂ ਆਪਣੇ ਆਪ ਨੂੰ ਇੱਕ ਹੋਰ ਮਹੱਤਵਪੂਰਨ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋਣ ਵਰਗੀ ਤਸੱਲੀ ਮਹਿਸੂਸ ਕਰ ਰਿਹਾ ਹਾਂ, ਭਾਵੇਂ ਕਿ ਅਜੇ ਹੋਰ ਬਹੁਤ ਜ਼ਿੰਮੇਵਾਰੀਆਂ ਨਿਭਾਉਣੀਆਂ ਬਾਕੀ ਹਨ।

ਗੁਰੂ ਪੰਥ ਦਾ ਦਾਸ
ਬਲਜੀਤ ਸਿੰਘ ਖ਼ਾਲਸਾ
ਮੁੱਖ ਸੰਪਾਦਕ 'ਵੰਗਾਰ'
ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ
98558-31284

****

ਤਰਤੀਬ

ਸਿੱਖ ਤਵਾਰੀਖ਼ ਦਾ ਘਲੂਘਾਰਾ 5
ਜਦੋਂ-ਜਦੋਂ ਵੀ ਕੋਈ ਜ਼ਾਲਮ ਹਰਿਮੰਦਰ ਸਾਹਿਬ ਤੇ ਹਮਲਾ ਕਰਦਾ ਹੈ 11

ਜਰਨੈਲਾਂ ਦਾ ਜਰਨੈਲ

ਜਰਨੈਲਾਂ ਦਾ ਜਰਨੈਲ 18
ਅਣਖੀਲੇ ਸੰਤ ਸਿਪਾਹੀ ਦੀਆਂ ਕੁਝ ਅਭੁੱਲ ਯਾਦਾਂ 26
ਭਾਈ ਰਛਪਾਲ ਸਿੰਘ ਪੀ.ਏ ਦੀ ਡਾਇਰੀ ਦੇ ਕੁਝ ਪੰਨੇ 44
ਪੰਜਾਬ ਦੀ ਹਾਲਤ ਓਦੋਂ ਸੁਧਰ ਸਕਦੀ ਹੈ ਜਦੋਂ ਸਿੱਖਾਂ ਦੇ ਗਲ਼ੋਂ ਗ਼ੁਲਾਮੀ ਲਹਿ ਜਾਵੇ 46

ਘਲੂਘਾਰਾ

ਉਹ ਜੰਗ ਛਿੜ ਪਈ, ਜੋ ਹੋਣੀ ਹੀ ਸੀ 54
ਸੰਤਾਂ ਦੀ ਸ਼ਹੀਦੀ ਸਮੇਂ ਕੰਪਲੈਕਸ ਜੈਕਾਰਿਆਂ ਨਾਲ਼ ਗੂੰਜ ਉੱਠਿਆ 56
ਭਾਈ ਮੋਹਰ ਸਿੰਘ ਤੇ ਉਹਨਾਂ ਦੇ ਪਰਿਵਾਰ ਦੀ ਕੁਰਬਾਨੀ 74
ਗੋਲੀਆਂ ਦਾ ਮੀਂਹ ਇੰਝ ਵਰ੍ਹ ਰਿਹਾ ਸੀ ਜਿਵੇਂ ਅਸਮਾਨ 'ਚੋਂ ਅੱਗ ਵਰ੍ਹ ਰਹੀ ਹੋਵੇ 79
ਹੈਲੀਕਾਪਟਰ ਰਾਹੀਂ ਉਤਾਰੇ ਕਮਾਂਡੋ ਸਿੰਘਾਂ ਨੇ ਸਾਰੇ ਹੀ ਮਾਰ ਘੱਤੇ ਸੀ 93
ਜੂਨ 1984 ਦਾ ਕਹਿਰ ਰਹਿੰਦੀ ਦੁਨੀਆਂ ਤਕ ਭੁੱਲਣ ਵਾਲ਼ਾ ਨਹੀਂ 102
ਸ਼ਹੀਦ ਭਾਈ ਸਤਿੰਦਰਜੀਤ ਸਿੰਘ ਪੀ.ਟੀ. 127
ਸਿੰਘ ਮਰਨਾ ਮੰਡ ਕੇ ਘਰੋਂ ਤੁਰੇ ਸੀ 133
ਪਰਕਰਮਾ 'ਚ ਭਾਰਤੀ ਕਮਾਂਡੋ, ਕਣਕ ਦੀਆਂ ਬੋਰੀਆਂ ਵਾਂਗ ਵਿਛੇ ਪਏ ਸਨ 147
ਭਾਰਤੀ ਫ਼ੌਜ ਨਿਹੱਥੇ ਸਿੱਖਾਂ ਨੂੰ ਜ਼ਲੀਲ ਕਰ-ਕਰ ਕੇ ਮਾਰਦੀ ਰਹੀ 159
ਪਰਕਰਮਾ 'ਚ ਫ਼ੌਜੀਆਂ ਦੀ ਲਾਸ਼ ਤੇ ਲਾਸ਼ ਚੜ੍ਹੀ ਪਈ ਸੀ 172
ਨਸ਼ੇ 'ਚ ਭਾਰਤੀ ਫ਼ੌਜੀ, ਸ਼ਰਧਾਲੂ ਬੀਬੀਆਂ ਨੂੰ ਧੂਹ-ਧੂਹ ਕੇ ਕਮਰਿਆਂ 'ਚ ਲਿਜਾ ਰਹੇ ਸਨ 179
ਭਾਰਤੀ ਫ਼ੌਜ ਜ਼ੁਲਮ ਕਰ ਰਹੀ ਸੀ ਤੇ ਊਧਮ ਸਿੰਘ ਦੇ ਵਾਰਸ ਬੇਵੱਸ ਸਨ 184
ਭਾਰਤੀ ਫ਼ੌਜ ਨੂੰ ਹਰ ਸਿੱਖ ਨੂੰ ਅੱਤਵਾਦੀ ਮੰਨ ਕੇ ਮਾਰ ਰਹੀ ਸੀ 187
ਸੰਤਾਂ ਦੀ ਸ਼ਹਾਦਤ ਦੇ ਪਲਾਂ ਦੀ ਯਾਦ ਨਹੀਂ ਭੁੱਲਦੀ 194
1984 ਦਾ ਸਾਕਾ 1947 ਤੋਂ ਵੀ ਵੱਡਾ 219

ਹਰਿਮੰਦਰ ਸਾਹਿਬ ਕੰਪਲੈਕਸ 'ਚੋਂ ਉੱਠਦਾ ਧੂੰਆਂ ਦੂਰ-ਦੂਰ ਤਕ ਦਿੱਸ ਰਿਹਾ ਸੀ 224
ਕੌਮੀ ਜਰਨੈਲ ਦਾ ਅੰਤਮ ਸਸਕਾਰ 229
ਜਬੈ ਬਾਣ ਲਾਗਯੋ, ਤਬੈ ਰੋਸ ਜਾਗਯੋ 233
ਤੇ ਭਾਰਤ ਦੇਸ਼ ਸਿੱਖਾਂ ਲਈ ਬੇਗ਼ਾਨਾ ਹੋ ਗਿਆ 239

ਚਿੰਤਨ ਤੇ ਭਵਿੱਖ ਦਾ ਪੈਂਡਾ

ਜੇਕਰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਇਹ ਜੰਗ ਨਾ ਲੜਦੇ,
ਤਾਂ ਸਿੱਖ ਇਤਿਹਾਸ ਕਲੰਕਿਤ ਹੋ ਜਾਂਦਾ 242
ਜੂਨ 1984 ਤੋਂ ਬਾਅਦ ਨਿਰਧਾਰਤ ਹੋਇਆ ਕੌਮੀ ਨਿਸ਼ਾਨਾ 248
ਧਰਮੀ ਬਨਾਮ ਅਧਰਮੀ ਫ਼ੌਜੀ 251
ਫ਼ਿਰੰਗੀਆਂ ਤੇ ਪੂਰਬੀਆਂ ਦਾ ਗਠਜੋੜ 254
ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਹੱਡਬੀਤੀ 257
ਘਲੂਘਾਰੇ ਦੀ ਪੀੜ 261
ਗੁਰਧਾਮਾਂ ਦੀ ਪਵਿੱਤਰਤਾ ਲਈ ਕੁਰਬਾਨੀ ਦਾ ਜਜ਼ਬਾ 265

ਯਾਦ ਰੱਖਣ ਦੀ ਜੱਦੋਜਹਿਦ

ਅਸੀਂ ਭੁੱਲਾਂਗੇ ਨਹੀਂ 274
ਸ਼ਹੀਦ ਭਾਈ ਜਸਦੇਵ ਸਿੰਘ 276
ਹਿੰਦੂਵਾਦੀ ਧਿਰਾਂ ਨੇ ਅਕਾਲੀ ਸਰਕਾਰ ਤੋਂ 6 ਜੂਨ ਦੀ ਵਧਾਈ ਦਿਵਾਈ 280
ਅਣਖੀਲੇ ਜਰਨੈਲ ਦੀ ਫੋਟੋ ਸਿੱਖ ਅਜਾਇਬ ਘਰ ਵਿੱਚ 282
ਸੰਤ ਭਿੰਡਰਾਂਵਾਲ਼ਿਆਂ ਦੇ ਸਸਕਾਰ ਦੀ ਥਾਂ ਤੇ ਸ਼ਿਵ ਦੀ ਮੂਰਤੀ ਸਥਾਪਤ ਕਰ ਦਿੱਤੀ ਗਈ 286
ਕੌਣ ਕਹਿੰਦਾ ਕਿ ਸੰਤ ਭਿੰਡਰਾਂਵਾਲ਼ੇ ਹਿੰਦੂਆਂ ਦੇ ਦੁਸ਼ਮਣ ਸਨ ? 288
ਯਾਦਗਾਰ ਘਲੂਘਾਰਾ ਜੂਨ 1984 ਦੀ 293
ਸ਼ਹੀਦੀ ਯਾਦਗਾਰ ਕੌਮ ਦੇ ਹਵਾਲੇ 295
ਹਰਿਮੰਦਰ ਸਾਹਿਬ ਦੀਆਂ ਬਰੂਹਾਂ ਅੱਗੇ ਹਿੰਦੂਸ਼ਾਹੀ ਲਲਕਾਰੇ 297
ਸਿੱਖ ਸ਼ਹੀਦਾਂ ਦੀ ਯਾਦਗਾਰ, ਸਿੱਖਾਂ ਦੇ ਕਾਤਲਾਂ 'ਚ ਹਾਹਾਕਾਰ 300

ਜਦੋਂ-ਜਦੋਂ ਵੀ ਕੋਈ ਜ਼ਾਲਮ ਹਰਿਮੰਦਰ ਸਾਹਿਬ 'ਤੇ ਹਮਲਾ ਕਰਦਾ ਹੈ

ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉੱਪਰ ਹੋਏ ਫ਼ੌਜੀ ਹਮਲੇ ਬਾਰੇ ਇੱਕ ਪ੍ਰਸਿੱਧ ਸ਼ਾਇਰ ਦੀ ਟਿੱਪਣੀ ਸੀ:

ਸਦੀਆਂ ਪਿੱਛੋਂ ਤਵਾਰੀਖ਼ ਨੇ
ਮੁੜ ਆਪਾ ਦੁਹਰਾਇਆ
ਨਵੇਂ ਰੂਪ ਵਿੱਚ ਅਬਦਾਲੀ ਮੁੜ ਕੇ
ਦਿੱਲੀਓਂ ਚੜ੍ਹ ਕੇ ਆਇਆ
ਅੱਜ ਫਿਰ ਦੇਸ਼ ਦੀ ਮਹਾਰਾਣੀ ਵਿੱਚ
ਰੂਹ ਮੁਗ਼ਲਾਂ ਦੀ ਆਈ
ਅੱਜ ਫਿਰ ਉਸ ਨੇ ਸਿੱਖ ਕੌਮ 'ਤੇ
ਭਾਜੀ ਨਵੀਂ ਚੜ੍ਹਾਈ
ਬਾਬਰ ਜਹਾਂਗੀਰ ਤੋਂ ਜਿਹੜੀ
ਅੱਜ ਤਕ ਚੱਲਦੀ ਆਈ
ਦਿੱਲੀ ਦੇ ਤਖ਼ਤ ਨੇ ਅੱਜ ਫਿਰ
ਪੂਰੀ ਰੀਤ ਨਿਭਾਈ।

(ਬਲਵੰਤ ਸਿੰਘ ਪ੍ਰੇਮੀ)



ਸ਼ਾਇਰ ਦਾ ਲਿਖਿਆ ਇਹ ਛੋਟਾ ਜਿਹਾ ਕਾਵਿ-ਬੰਦ, ਆਪਣੇ ਅਰਥਾਂ ਦੀ ਡੂੰਘਾਈ ਵਿੱਚ ਕਈ ਲੰਘ ਗਈਆਂ ਸਦੀਆਂ ਦੇ ਇਤਿਹਾਸ ਦੀ ਹਲਚਲ ਨੂੰ ਸਮੋਈ ਬੈਠਾ ਹੈ। ਇਤਿਹਾਸ ਦਾ ਕੋਈ ਖੋਜੀ ਜੇਕਰ ਇਹਨਾਂ ਚੰਦ ਸ਼ਬਦਾਂ ਦੇ ਅਰਥਾਂ ਦੀ ਡੂੰਘੀ ਤਹਿ ਵਿੱਚ ਉੱਤਰੇਗਾ, ਤਾਂ ਉਸ ਨੂੰ 'ਸਿਫ਼ਤੀ ਦਾ ਘਰ' ਕਹੇ ਜਾਣ ਵਾਲ਼ੇ ਇਸ ਮਹਾਨ ਧਰਮ ਦੇ ਕੇਂਦਰ ਉੱਪਰ ਇਸ ਦੀ ਸਥਾਪਨਾ ਦੇ ਅਰੰਭਕ ਦੌਰ ਤੋਂ ਹੀ 'ਆਫ਼ਤਾਂ ਦੇ ਹੜ੍ਹ' ਬਣ-ਬਣ ਕੇ ਚੜ੍ਹਨ ਵਾਲ਼ੇ ਹਕੂਮਤੀ ਲਸ਼ਕਰਾਂ ਦੀ ਦਿਲ ਕੰਬਾਊ ਝਾਕੀ ਨਜ਼ਰ ਆਵੇਗੀ। ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਸਥਾਪਿਤ ਇਸ ਧਰਮ ਦੇ ਮਹਾਨ ਕੇਂਦਰ ਵਿੱਚੋਂ ਅੱਜ ਉੱਠ ਰਹੀ ਕੀਰਤਨ ਦੀ ਮਿੱਠੀ-ਮਿੱਠੀ ਧੁਨ ਆਪਣੇ ਅਤੀਤ ਵਿੱਚ ਪਤਾ ਨਹੀਂ ਤੋਪਾਂ ਦੇ ਗੋਲ਼ਿਆਂ ਤੇ ਬੰਦੂਕਾਂ ਦੀਆਂ ਗੋਲ਼ੀਆਂ ਦੀ ਕਿੰਨੀ ਕੁ ਗੜਗੜਾਹਟ ਸੰਭਾਲ਼ੀ ਬੈਠੀ ਹੈ। ਇਹ ਸਵਾਲ ਹਰ ਇੱਕ ਜਗਿਆਸੂ ਨੂੰ ਹੀ ਪ੍ਰੇਸ਼ਾਨ ਕਰੇਗਾ ਕਿ ਇਸ ਇਲਾਹੀ ਧੁਨ ਤੋਂ ਸਮੇਂ ਦੀਆਂ ਹਕੂਮਤਾਂ ਕਿਉਂ ਖ਼ਫ਼ਾ ਹੁੰਦੀਆਂ ਰਹੀਆਂ? ਇਹ ਤੇ ਇਸ ਨਾਲ਼ ਮਿਲ਼ਦੇ-ਜੁਲ਼ਦੇ ਸਵਾਲਾਂ ਦੇ ਜਵਾਬ ਲੱਭਣ ਦਾ ਹੀ ਅਸੀਂ ਅੱਜ ਯਤਨ ਕਰਨਾ ਹੈ।

ਕੀਰਤਨ ਦੀ ਇਹ ਧੁਨ ਬਿਨਾਂ ਸ਼ੱਕ ਮਿੱਠੀ ਹੈ, ਪਰ ਹਾਕਮ ਬਣ ਬੈਠੀਆਂ ਜਾਬਰ ਤਾਕਤਾਂ ਇਸ ਅਵਾਜ਼ ਤੋਂ ਭੈਅ ਖਾਂਦੀਆਂ ਹਨ।

ਕਾਰਨ ?

ਕਿਉਂਕਿ ਇਹ ਅਵਾਜ਼ ਆਮ ਧਾਰਮਿਕ ਮੰਨੇ ਜਾਂਦੇ ਅਸਥਾਨਾਂ ਵਿੱਚੋਂ ਆਉਂਦੀ ਅਵਾਜ਼ ਵਰਗੀ ਸਧਾਰਨ ਅਵਾਜ਼ ਨਹੀਂ। ਇਹ ਅਵਾਜ਼ ਜਿੱਥੇ ਅਕਾਲ ਪੁਰਖ ਦੀ ਸਿਫ਼ਤ ਸਲਾਹ ਕਰਦੀ ਹੈ, ਓਥੇ ਇਹ ਵੀ ਦ੍ਰਿੜ੍ਹਾਉਂਦੀ ਹੈ ਕਿ "ਅਕਾਲ ਪੁਰਖ ਦੀ ਇੱਕੋ ਇੱਕ ਹਕੂਮਤ ਹੈ ਜੋ ਜੁਗੋ-ਜੁਗ ਅਟੱਲ ਹੈ।

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ ॥
ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ ॥
(੧੪੨-੧੬, ਮਾਝ, ਮਹਲਾ ੧)

ਕੋਊ ਹਰਿ ਸਮਾਨਿ ਨਹੀ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ ॥੧॥ ਰਹਾਉ ॥
(੮੫੬-੯, ਬਿਲਾਵਲੁ, ਕਬੀਰ ਜੀਉ) ॥



ਇਸ ਹਕੂਮਤ ਵਿੱਚ ਲਿੰਗ, ਨਸਲ ਤੇ ਜਾਤ-ਪਾਤ ਦੇ ਆਧਾਰ 'ਤੇ ਕਿਸੇ ਵੀ ਮਨੁੱਖ ਨਾਲ਼ ਵਿਤਕਰਾ ਕਰਨ ਦੀ ਮਨਾਹੀ ਹੈ। ਦੁਨੀਆਂ ਵਿੱਚ ਬੇਦੋਸ਼ੀ ਮਨੁੱਖਤਾ ਉੱਤੇ ਜਬਰ-ਜ਼ੁਲਮ ਕਰਨ ਵਾਲ਼ਾ ਕੋਈ ਵੀ ਮਨੁੱਖ ਬੇਸ਼ੱਕ ਉਹ ਆਪਣੇ ਆਪ ਨੂੰ 'ਬਾਦਸ਼ਾਹ' ਅਥਵਾ 'ਸ਼ਹਿਨਸ਼ਾਹ' ਹੀ ਕਿਉਂ ਨਾ ਅਖਵਾਉਂਦਾ ਹੋਵੇ, ਅਕਾਲ ਪੁਰਖ ਦੀ ਹਕੂਮਤ ਦਾ ਉਹ ਦੋਸ਼ੀ ਹੈ ਤੇ ਅਕਾਲ

ਪੁਰਖ ਕੀ ਫ਼ੌਜ ਕੋਲ਼ੋਂ ਸਜ਼ਾ ਦਾ ਹੱਕਦਾਰ।

ਇਹ ਸੱਚ ਭਰਪੂਰ ਅਵਾਜ਼ ਕੇਵਲ 'ਕਥਨੀ' ਤਕ ਹੀ ਸੀਮਿਤ ਨਹੀਂ, ਸਗੋਂ ਹਰਿਮੰਦਰ ਸਾਹਿਬ ਵਿੱਚ ਅਕਾਲ ਪੁਰਖ ਦੀ ਸਿਫ਼ਤ-ਸਲਾਹ ਕਰਨ ਵਾਲ਼ੀ ਇਹੀ ਮਿੱਠੀ ਅਵਾਜ਼ ਅਕਾਲ ਤਖ਼ਤ 'ਤੇ ਜਾ ਕੇ ਜਾਬਰ ਤਾਕਤਾਂ ਲਈ ਲਲਕਾਰ ਬਣ ਕੇ ਗੂੰਜ ਉੱਠਦੀ ਹੈ; ਝੂਠੇ ਤਖ਼ਤਾਂ ਨੂੰ ਕਾਂਬਾ ਛਿੜ ਜਾਂਦਾ ਹੈ ਅਤੇ ਉਹ ਬੁਖਲਾਹਟ ਵਿੱਚ ਇਸ ਅਵਾਜ਼ ਨੂੰ ਸਦਾ ਸਦਾ ਲਈ ਬੰਦ ਕਰਨ ਹਿਤ ਕਟਕ ਬੰਨ੍ਹ ਬੰਨ੍ਹ ਕੇ ਚੜ੍ਹ ਆਉਂਦੇ ਹਨ।

ਇਤਿਹਾਸ ਗਵਾਹ ਹੈ ਕਿ ਝੂਠੇ ਤਖ਼ਤਾਂ ਦੇ ਕੂੜੇ ਨਸ਼ੇ ਵਿੱਚ ਮਦਮਸਤ ਹਾਕਮਾਂ ਦੇ ਭੇਜੇ ਅਥਾਹ ਲਸ਼ਕਰ ਜਦੋਂ ਜਦੋਂ ਵੀ ਹਰਿਮੰਦਰ ਸਾਹਿਬ 'ਤੇ ਚੜ੍ਹਦੇ ਰਹੇ; ਅਕਾਲ ਤਖ਼ਤ ਦੀ ਛਾਂ ਹੇਠ ਮੁੱਠੀ ਭਰ ਸੂਰਮੇ ਹੀ ਸਿੱਖੀ ਸਿਦਕ ਦੇ ਸਹਾਰੇ ਜ਼ੁਲਮੀ ਹੜ੍ਹਾਂ ਨੂੰ ਠੱਲ੍ਹਦੇ ਤੇ ਧਰਮ ਦੀ ਸ਼ਮ੍ਹਾ 'ਤੇ ਪਤੰਗੇ ਬਣ ਬਣ ਕੇ ਸੜਦੇ ਰਹੇ। ਝੂਠੇ ਹਾਕਮਾਂ ਦੀ ਹਰ ਜਿੱਤ ਦਾ ਭਰਮ ਵੀ ਇਤਿਹਾਸ ਨੇ ਝੂਠਾ ਸਿੱਧ ਹੁੰਦਾ ਵੇਖਿਆ। ਇਸ ਸੱਚ ਦੇ ਕੇਂਦਰ ਨੂੰ ਮਲੀਆਮੇਟ ਕਰਨ ਦਾ ਯਤਨ ਕਰਨ ਵਾਲ਼ੀਆਂ ਝੂਠੀਆਂ ਸ਼ਹਿਨਸ਼ਾਹੀਆਂ ਦੀ ਉੱਡਦੀ ਰਾਖ ਤੇ ਇਸ ਧਰਮ ਕੇਂਦਰ ਤੇ ਲਟ ਲਟ ਜਗਦੀ ਧਰਮ ਦੀ ਸ਼ਮ੍ਹਾ, ਝੂਠੀਆਂ ਬਾਦਸ਼ਾਹੀਆਂ ਦੀ ਜਿੱਤ ਦੇ ਕਈ ਭਰਮਾਂ ਦਾ ਨਾਸ਼ ਕਰਨ ਲਈ ਕਾਫ਼ੀ ਹੈ। ਇਸ ਖ਼ੂਨੀ ਟੱਕਰ ਵਿੱਚ ਜ਼ਾਲਮ ਬੇਸ਼ੱਕ ਕਿਸੇ ਸਮੇਂ ਧਰਮੀਆਂ ਤੇ ਭਾਰੂ ਹੁੰਦਾ ਦਿਸੇ, ਪਰ ਅੱਜ ਤਕ 'ਜ਼ੁਲਮ' ਧਰਮੀਆਂ ਦੇ 'ਸਿਦਕ' 'ਤੇ ਭਾਰੂ ਨਹੀਂ ਹੋ ਸਕਿਆ। ਸਿਦਕ ਦੀ ਅਸਲ ਪਰਖ ਹੀ ਓਦੋਂ ਹੁੰਦੀ ਹੈ ਜਦੋਂ ਸਿਦਕ ਵਾਲ਼ੇ ਪਾਸੇ ਸਿਰਾਂ ਦੀ ਗਿਣਤੀ ਨਾਮਾਤਰ ਹੀ ਹੋਵੇ; ਅਤੇ ਇਤਿਹਾਸ ਗਵਾਹ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਿੱਖ ਇਸ ਪਰਖ ਵਿੱਚ ਅੱਜ ਤਕ ਫ਼ੇਲ੍ਹ ਨਹੀਂ ਹੋਏ।



ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਪਿੱਛੋਂ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਐਲਾਨ ਕੀਤਾ ਕਿ ਜਿਹੜਾ ਮੇਰੇ ਲਈ ਭੇਟਾ ਲੈ ਕੇ ਆਉਣਾ ਚਾਹੁੰਦਾ ਹੈ, ਉਹ ਵਧੀਆ ਹਥਿਆਰ ਅਤੇ ਘੋੜੇ ਲੈ ਕੇ ਆਵੇ ।
ਸਿੱਖ ਗੱਭਰੂ, ਗੁਰੂ ਸਾਹਿਬ ਨੂੰ ਹਥਿਆਰਾਂ ਤੇ ਘੋੜਿਆਂ ਨਾਲ਼ ਆਪਣੀਆਂ ਜਵਾਨੀਆਂ ਵੀ ਭੇਟਾ ਕਰਨ ਲੱਗੇ ।

ਅੰਮ੍ਰਿਤਸਰ ਦੀਆਂ ਜੂਹਾਂ 'ਤੇ ਸੜਕਾਂ ਨੇ ਵਿਸ਼ੇਸ਼ ਕਰਕੇ ਜ਼ੁਲਮ ਅਤੇ ਸਿਦਕ ਦੀ ਇਸ ਖ਼ੂਨੀ ਟੱਕਰ ਦੇ ਕਈ ਰੂਪ ਵੇਖੇ ਹਨ। ਜ਼ੁਲਮ ਦਾ ਹਥਿਆਰ ਜੇਕਰ ਜਹਾਂਗੀਰ, ਸ਼ਾਹਜਹਾਨ, ਅਬਦਾਲੀ, ਜ਼ਕਰੀਆ, ਲੱਖਪਤ ਰਾਏ, ਮੀਰ ਮਨੂੰ ਤੇ ਇੰਦਰਾ ਗਾਂਧੀ ਆਦਿ ਜਰਵਾਣਿਆਂ ਦੇ ਹੱਥਾਂ ਵਿੱਚ ਬਦਲ-ਬਦਲ ਕੇ ਇਸ ਅਸਥਾਨ 'ਤੇ ਵਾਰ ਕਰਦਾ ਰਿਹਾ, ਤਾਂ ਸਿੱਖੀ ਸਿਦਕ ਦੀ ਚਿਣਗ ਵੀ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ, ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ ਤੇ ਸੰਤ ਜਰਨੈਲ ਸਿੰਘ ਦੀਆਂ ਛਾਤੀਆਂ ਵਿੱਚ ਪ੍ਰਜ੍ਵੱਲਤ ਹੋ ਕੇ ਇਸ ਅਸਥਾਨ ਦੀ ਰਾਖੀ ਕਰਨ ਲਈ ਉੱਠਦੀ ਰਹੀ। ਗੁਰਮਤਿ ਵਿਚਾਰਧਾਰਾ ਨੂੰ ਸਮਰਪਿਤ ਅਣਖੀਲੀਆਂ ਜਿੰਦਾਂ ਨੇ ਅੱਜ ਤਕ ਕਦੇ ਵੀ ਹਰਿਮੰਦਰ ਸਾਹਿਬ ਦੀ ਪਰਕਰਮਾ ਵਿੱਚ ਧਰੇ ਗਏ ਨਾਪਾਕ ਜਾਬਰ ਪੈਰਾਂ ਦਾ ਗੰਦ ਧੋਣ ਲਈ, ਲਹੂ ਦੀ ਘਾਟ ਨਹੀਂ ਆਉਣ ਦਿੱਤੀ। ਇੱਕ ਸ਼ਾਇਰ ਦੇ ਅਨੁਸਾਰ:

ਇਸ ਸ਼ਮ੍ਹਾ ਦੀ ਸੰਘੀ ਨੱਪਣ ਲਈ
ਜੇ ਕਈ ਹਤਿਆਰੇ ਬਣ ਉੱਠੇ;
ਤਾਂ ਦੀਪ ਸਿੰਘ ਜਿਹੇ ਭੰਬਟ ਵੀ
ਝੱਟ-ਪੱਟ ਅੰਗਿਆਰੇ ਬਣ ਉੱਠੇ।

ਜੇ ਤਾਲ ਕਿਸੇ ਅਬਦਾਲੀ ਨੇ
ਹੈ ਪੂਰਿਆ ਸਿੰਘ ਮੁਕਾਉਣ ਲਈ;
ਤਾਂ ਸਿੰਘਾਂ ਤਲੀ 'ਤੇ ਸਿਰ ਧਰ ਲਏ
ਹਰਿਮੰਦਰ ਦਰਸ਼ਨ ਪਾਉਣ ਲਈ।

ਇਹ ਸੋਮਾ ਭਗਤੀ ਸ਼ਕਤੀ ਦਾ
ਪਈ ਵਗਦੀ ਅਣਖ ਦੀ ਧਾਰਾ ਹੈ;
ਇਹ ਪੰਥ ਨੂੰ ਦਿੰਦਾ ਸ਼ਕਤੀ ਏ
ਤੇ ਪੰਥ ਦਾ ਰਾਖਣਹਾਰਾ ਹੈ।

(ਪਾਂਧੀ ਨਨਕਾਣਵੀ)

ਇਹ ਵਿਸ਼ਵਾਸ ਕਿ ਖ਼ਾਲਸਾ ਪੰਥ ਇਸ ਮਹਾਨ ਅਸਥਾਨ ਤੋਂ ਸ਼ਕਤੀ ਪ੍ਰਾਪਤ ਕਰਦਾ ਹੈ, ਸਿੱਖ ਤਾਂ ਕੀ ਸਿੱਖਾਂ ਦੇ ਵੈਰੀਆਂ ਵਿੱਚ ਵੀ ਪ੍ਰਚਲਿਤ ਹੋ ਗਿਆ ਸੀ। ਇੱਥੋਂ ਤਕ ਕਿ ਗ਼ੈਰ

ਇਸਲਾਮੀ ਮਤਾਂ ਨੂੰ 'ਕਾਫ਼ਰ' ਦਾ ਦਰਜਾ ਦੇਣ ਵਾਲ਼ੀ ਸ਼ਰ੍ਹਾ ਦੇ ਬੁਲਾਰੇ (ਕਾਜ਼ੀ) ਵੀ ਇਸ ਤਰ੍ਹਾਂ ਦੇ ਅਨੁਮਾਨ ਲਾਉਣ ਲੱਗ ਪਏ ਸਨ, ਕਿ ਅੰਮ੍ਰਿਤਸਰ ਸਰੋਵਰ ਵਿੱਚ ਸਿੱਖਾਂ ਦੇ ਗੁਰੂ ਆਬੇ-ਹਯਾਤ (ਜੀਵਨ ਦਾ ਅੰਮ੍ਰਿਤ) ਪਾ ਗਏ ਹਨ, ਤਾਂ ਹੀ ਇਸ ਵਿੱਚ ਨਹਾ ਕੇ ਸਿੱਖਾਂ ਨੂੰ ਮੌਤ ਦਾ ਡਰ ਨਹੀਂ ਰਹਿੰਦਾ। ਇਹੀ ਕਾਰਨ ਸੀ ਕਿ ਜਦੋਂ ਸਿੱਖ ਘਰ-ਘਾਟ ਛੱਡ ਕੇ ਜੰਗਲ਼ਾਂ ਵਿੱਚ ਰਹਿੰਦੇ ਸਨ, ਓਦੋਂ ਵੀ ਜਾਬਰ ਤਾਕਤਾਂ ਹਰਿਮੰਦਰ ਸਾਹਿਬ ਨੂੰ ਮਿਟਾਉਣ ਅਤੇ ਸਰੋਵਰ ਨੂੰ ਪੂਰਨ ਦਾ ਸਿਰ ਤੋੜ ਯਤਨ ਕਰਦੀਆਂ ਰਹੀਆਂ; ਪਰ ਸਿੱਖਾਂ ਦੀ ਸ਼ਕਤੀ ਦਾ ਸੋਮਾ ਮੰਨੇ ਜਾਂਦੇ ਇਸ ਧਰਮ ਦੇ ਕੇਂਦਰ ਨੂੰ ਮਿਟਾਉਣ ਦਾ ਯਤਨ ਕਰਨ ਵਾਲ਼ੇ ਤਖ਼ਤਾਂ-ਤਾਜਾਂ ਦੀਆਂ ਹਸਤੀਆਂ ਮਿਟ ਗਈਆਂ, ਇਸ ਅਸਥਾਨ ਅੰਦਰੋਂ "ਕੋਊ ਹਰਿ ਸਮਾਨ ਨਹੀ ਰਾਜਾ" ਦੀ ਧੁਨੀ ਅਜੇ ਵੀ ਨਿਰੰਤਰ ਗੂੰਜ ਰਹੀ ਹੈ।



ਇਤਿਹਾਸ ਦੇ ਵਿਦਿਆਰਥੀ ਜਦੋਂ ਵੀ ਸੱਚੇ ਧਰਮ ਦੇ ਇਸ ਕੇਂਦਰ ਦਾ ਇਤਿਹਾਸ ਗੰਭੀਰਤਾ ਨਾਲ਼ ਪੜ੍ਹਨਗੇ, ਤਾਂ ਨਿਸ਼ਚੇ ਹੀ ਉਹ ਇਸ ਦੇ ਅਤੀਤ ਦੇ ਨਾਲ਼ ਨਾਲ਼ ਇਸ ਦੇ ਭਵਿੱਖ ਬਾਰੇ ਵੀ ਚੰਗੀ ਤਰ੍ਹਾਂ ਜਾਣ ਲੈਣਗੇ। ਜਦੋਂ ਜਦੋਂ ਵੀ ਮਨੁੱਖਤਾ ਰੂਪੀ ਬਾਗ਼ ਵਿੱਚ ਲੱਖੂ, ਜ਼ਕਰੀਏ ਅਬਦਾਲੀ ਤੇ ਇੰਦਰਾ ਵਰਗੇ ਜਰਵਾਣੇ ਖੌਰੂ ਪਾਉਣਗੇ, ਇਸ ਸ਼ਕਤੀ ਦੇ ਸੋਮੇ ਵਿੱਚੋਂ ਉਹਨਾਂ ਨੂੰ ਨਕੇਲ ਪਾਉਣ ਲਈ ਬਾਬਾ ਦੀਪ ਸਿੰਘ, ਬਾਬਾ ਫੂਲਾ ਸਿੰਘ ਤੇ ਸੰਤ ਜਰਨੈਲ ਸਿੰਘ ਵਰਗੇ ਸੂਰਮੇ ਨਿੱਤਰਦੇ ਰਹਿਣਗੇ। ਬੇਸ਼ੱਕ ਅਤੀਤ ਵਿੱਚ ਸਿਰਾਂ ਦੇ ਲੇਖੇ ਜੋਖੇ ਕਰਕੇ ਜ਼ਾਲਮ ਹਕੂਮਤਾਂ ਇੱਥੋਂ ਦੀ ਸ਼ਕਤੀ ਉੱਤੇ ਜਿੱਤ ਪ੍ਰਾਪਤ ਕਰ ਲੈਣ ਦੇ ਭਰਮ ਪਾਲ਼ਦੀਆਂ ਰਹੀਆਂ, ਪਰ ਅੰਮ੍ਰਿਤਸਰ ਦੀ ਧਰਤੀ ਦਾ ਚੱਪਾ-ਚੱਪਾ ਇਹ ਗਵਾਹੀ ਦੇਵੇਗਾ ਕਿ ਦੁਨੀਆਂ ਦਾ ਕੋਈ ਵੀ ਜਬਰ-ਜ਼ੁਲਮ ਅਜੇ ਤਕ ਇੱਥੋਂ ਦੇ ਸਿਦਕ 'ਤੇ ਫ਼ਤਹਿ ਹਾਸਲ ਨਹੀਂ ਕਰ ਸਕਿਆ। ਭਵਿੱਖ ਵਿੱਚ ਵੀ ਜਦੋਂ ਕੂੜ ਕੁਸੱਤ ਦੀਆਂ ਨੀਂਹਾਂ 'ਤੇ ਉੱਸਰੀ ਤੇ ਜ਼ੁਲਮ ਜਬਰ ਦੇ ਹਥਿਆਰ 'ਤੇ ਨਿਰਭਰ ਕੋਈ ਵੀ ਹੰਕਾਰੀ ਹੋਈ ਹਕੂਮਤ, ਇੱਥੋਂ ਉੱਠਦੀ ਸੱਚ ਦੀ ਅਵਾਜ਼ ਨੂੰ 'ਬਗ਼ਾਵਤ' ਜਾਂ 'ਅੱਤਵਾਦ' ਕਹਿ ਕੇ ਦਬਾਉਣ ਲਈ ਆਪਣੇ ਨਾਪਾਕ ਪੈਰ ਇਸ ਅਸਥਾਨ ਵੱਲ ਵਧਾਏਗੀ, ਤਾਂ ਇਤਿਹਾਸ ਉਸ ਨੂੰ ਸ਼ਾਇਰ ਚਰਨ ਸਿੰਘ ਸਫ਼ਰੀ ਦੇ ਲਿਖੇ ਹੇਠਲੇ ਕਾਵਿ-ਬੰਦ ਵਾਂਗ ਇਸ ਤਰ੍ਹਾਂ ਦੀ ਚਿਤਾਵਨੀ ਜ਼ਰੂਰ ਦੇਵੇਗਾ:

ਪੂਰਨ ਲਈ ਆਏ ਖ਼ੁਦ ਕਬਰਾਂ 'ਚ ਪੂਰੇ ਗਏ
ਪੂਰ ਨਾ ਕਿਨਾਰਾ ਸਕੇ ਗੁਰੂ ਜੀ ਦੇ ਤਾਲ ਦਾ;
ਸਾੜ ਨਹੀਂ ਸਕਿਆ ਏ ਸੱਚ ਦੀ ਅਵਾਜ਼ ਨੂੰ
ਤੱਤੀ ਤਵੀ ਉੱਤੇ ਰਿਹਾ ਜ਼ਾਲਮ ਬਿਠਾਲ਼ਦਾ;
ਬੰਦ ਬੰਦ ਕਿਸੇ ਨੇ ਕਟਾਇਆ ਏਹਦੀ ਬੰਦਗੀ 'ਚੋਂ
ਘਾਲਣਾ ਹਰੇਕ ਸਿੱਖ ਰਿਹਾ ਏਥੇ ਘਾਲ਼ਦਾ;
ਗੁਰੂ ਘਰ ਰਾਤ ਨੂੰ ਦਿਵਾਲੀ ਨਿੱਤ ਜਗਦੀ ਏ
ਜ਼ਾਲਮਾਂ ਦੀ ਮੜ੍ਹੀ 'ਤੇ ਕੋਈ ਦੀਵਾ ਨਹੀਂਓਂ ਬਾਲ਼ਦਾ।

****

'ਕਾਸਦ' ਕਹੀਂ ਦਸਮੇਸ਼ ਦੀ ਕੌਮ ਤਾਈਂ, ਦੀਵਾ ਅਣਖ ਦਾ ਸਦਾ ਜਗਾਈ ਰੱਖੇ।
ਸਿੱਖੀ ਸਿਦਕ ਦੇ ਸੁੰਦਰ ਬਰੂਟੜੇ ਨੂੰ, ਪਾਣੀ ਆਪਣੇ ਖੂਨ ਦਾ ਲਾਈ ਰੱਖੇ।

ਸਿੱਖ ਜਵਾਨੀ ਦੇ ਦਿਲਾਂ ਦੀ ਧੜਕਣ
ਅਮਰ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ

ਜਰਨੈਲਾਂ ਦਾ ਜਰਨੈਲ

ਮੇਰਾ ਸ਼ੇਰ ਬਹਾਦਰ ਸੂਰਮਾ,
ਜਰਨੈਲਾਂ ਦਾ ਜਰਨੈਲ
ਉਸ ਮੌਤ ਵਿਆਹੀ ਹੱਸ ਕੇ,
ਉਹਦੇ ਦਿਲ ਤੇ ਰਤਾ ਨਾ ਮੈਲ

ਜਰਨੈਲਾਂ ਦਾ ਜਰਨੈਲ

'ਓਮਾ ਵਾਸੂਦੇਵ' ਨਾਂ ਦਾ ਇੱਕ ਪੱਤਰਕਾਰ ਘਲੂਘਾਰੇ ਤੋਂ ਪਹਿਲਾਂ ਜਦੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਇੰਟਰਵਿਊ ਕਰ ਕੇ ਗਿਆ ਤਾਂ ਪ੍ਰਕਾਸ਼ਿਤ ਹੋਈ ਇੰਟਰਵਿਊ ਦੀ ਭੂਮਿਕਾ ਵਿੱਚ ਉਸ ਨੇ ਲਿਖਿਆ :-

"ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ ਮੇਰੇ ਸਾਮ੍ਹਣੇ ਸਨ। ਲੰਮਾ ਕੱਦ, ਲੰਮੀ ਕਾਲ਼ੀ ਦਾੜ੍ਹੀ, ਨਿੱਖਰਿਆ ਹੋਇਆ ਰੰਗ, ਹੱਥ ਵਿੱਚ ਤੀਰ, ਚੌੜਾ ਮੱਥਾ, ਬਹੁਤ ਹੀ ਸੁੰਦਰ ਢੰਗ ਨਾਲ਼ ਬੰਨ੍ਹੀ ਹੋਈ ਨੀਲੀ ਦਸਤਾਰ, ਲੰਮਾ ਕੁੜਤਾ, ਗਲ਼ ਵਿੱਚ ਚਿੱਟਾ ਪਟਕਾ, ਖੱਬੇ ਪਾਸੇ ਕਿਰਪਾਨ ਅਤੇ ਪਿਸਤੌਲ, ਨਾਲ-ਨਾਲ ਲਟਕੇ ਹੋਏ। ਪੰਜਾਬੀ ਬੋਲਦੇ ਅਤੇ ਉਹ ਵੀ ਠੇਠ। ਭਾਸ਼ਣ ਵਿੱਚ ਪੁਰਜ਼ੋਰ ਸ਼ਬਦਾਂ ਦੀ ਚੋਣ। ਸ਼ਬਦ ਹੱਥ ਜੋੜੀ ਉਹਨਾਂ ਦੀ ਜ਼ਬਾਨ 'ਚੋਂ ਇਓਂ ਨਿਕਲ਼ਦੇ ਕਿ ਜਿਵੇਂ ਕਿਸੇ ਵੱਡੇ ਝਰਨੇ ਦਾ ਪਾਣੀ ਦਹਾੜ ਨਾਲ਼ ਡਿੱਗ ਰਿਹਾ ਹੋਵੇ। ਆਮ੍ਹਣੇ-ਸਾਮ੍ਹਣੇ ਦੀ ਗੱਲਬਾਤ ਵਿੱਚ ਖ਼ੁਸ਼ ਕਲਾਮ, ਮਿੱਠਬੋਲੜੇ, ਨਾਪੇ-ਤੋਲੇ ਸ਼ਬਦ ਬੋਲਦੇ ਹਨ ਅਤੇ ਇੱਕੋ ਸਾਹ ਵਿੱਚ ਹੀ ਬੋਲਦੇ ਹਨ। ਜੋ ਵਾਕ ਮੂੰਹ 'ਚੋਂ ਨਿਕਲ਼ਦਾ ਹੈ, ਪੱਥਰ ਦੀ ਲਕੀਰ ਹੋ ਕੇ ਨਿਕਲ਼ਦਾ ਹੈ।"



(ਓਮਾ ਵਾਸੂਦੇਵ ਦੀ ਦਰਬਾਰ ਸਾਹਿਬ ਦੇ ਘਲੂਘਾਰੇ ਤੋਂ ਪਹਿਲਾਂ ਸੰਤਾਂ ਨਾਲ਼ ਕੀਤੀ ਇੱਕ ਇੰਟਰਵਿਊ ਦਾ ਹਿੱਸਾ)

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਅਜੀਮ ਸ਼ਖ਼ਸੀਅਤ ਭਾਵੇਂ ਅਥਾਹ ਗੁਣਾਂ ਦਾ ਭੰਡਾਰ ਸੀ, ਪਰ ਉਹਨਾਂ ਦੀ ਸ਼ਖ਼ਸੀਅਤ ਦਾ ਸਭ ਤੋਂ ਉੱਘੜਵਾਂ ਗੁਣ ਧਰਮੀ ਸੰਤ ਸਿਪਾਹੀ ਹੋਣ ਦੇ ਨਾਲ਼ ਨਾਲ਼ ਇੱਕ ਅਜਿਹੀ ਚੁੰਬਕੀ ਸ਼ਖ਼ਸੀਅਤ ਦਾ ਹੋਣਾ ਸੀ, ਜਿਸ ਵੱਲ ਜਿਊਂਦੀ ਜ਼ਮੀਰ ਵਾਲ਼ੇ ਖ਼ੁਦ-ਬਾਖ਼ੁਦ ਖਿੱਚੇ ਜਾਂਦੇ ਤੇ ਉਸ ਦੇ ਨਾਲ਼ ਪੱਕੇ ਤੌਰ ਤੇ ਜੁੜ ਜਾਂਦੇ।

ਜੇਕਰ ਅਸੀਂ ਗੁਰੂ ਸਾਹਿਬਾਨ ਦੀ ਨਿਰਧਾਰਤ ਕਸਵੱਟੀ ਤੋਂ ਸੇਧ ਲਈਏ, ਤਾਂ ਸਾਹਿਬੇ ਕਮਾਲ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਨਿਰਣਾ ਹੈ:

ਖ਼ਾਲਸਾ ਮੇਰੋ ਰੂਪ ਹੈ ਖਾਸ ॥ ਖ਼ਾਲਸੇ ਮਹਿ ਹਉਂ ਕਰਉਂ ਨਿਵਾਸ ॥

ਤੇ ਸਾਨੂੰ ਇਹ ਗੱਲ ਮੰਨ ਲੈਣੀ ਪਵੇਗੀ ਕਿ ਘੱਟੋ ਘੱਟ ਵੀਹਵੀਂ ਸਦੀ ਦੇ ਵਿੱਚ ਇਤਿਹਾਸ ਦੇ ਵਿਦਿਆਰਥੀਆਂ ਨੂੰ ਦਸਮੇਸ਼ ਪਿਤਾ ਦੇ ਉਕਤ ਪਾਵਨ ਫ਼ਰਮਾਨ ਦੇ ਮੱਦੇਨਜ਼ਰ

ਜਿਸ ਸਿੱਖ ਸ਼ਖ਼ਸੀਅਤ ਦੇ ਅੰਦਰੋਂ ਸਭ ਤੋਂ ਵੱਧ ਦਸਮੇਸ਼ ਪਿਤਾ ਦੀ ਸਿਧਾਂਤਕ ਪ੍ਰਪੱਕਤਾ ਦੇ ਝਲਕਾਰੇ ਦਿਸੇ, ਉਹ ਸ਼ਖ਼ਸੀਅਤ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਸਨ। ਮਾਨਮੱਤੀ ਹਕੂਮਤ ਦੇ ਤਾਨਾਸ਼ਾਹੀ ਗਰੂਰ ਦੇ ਸਾਹਵੇਂ ਸਿਰ ਉੱਚਾ ਕਰ ਕੇ ਤੁਰਨ ਦੀ ਦਸਮੇਸ਼ ਪਿਤਾ ਦੀ ਸਿਖਾਈ ਖ਼ਾਲਸਾਈ ਅਦਾ ਨੂੰ ਵੀਹਵੀਂ ਸਦੀ ਅੰਦਰ ਇੱਕ ਗੁਰਸਿੱਖ ਵਜੋਂ ਦੁਹਰਾ ਕੇ ਦਸਮੇਸ਼ ਪਿਤਾ ਦੀਆਂ ਬਖ਼ਸ਼ਿਸ਼ਾਂ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਪ੍ਰਾਪਤ ਕੀਤੀਆਂ। ਏਨਾ ਹੀ ਨਹੀਂ, ਜਿਵੇਂ ਸਤਾਰ੍ਹਵੀਂ ਸਦੀ ਦੇ ਅੰਤਲੇ ਅਤੇ ਅਠਾਰ੍ਹਵੀਂ ਸਦੀ ਦੇ ਅਰੰਭਲੇ ਸਾਲਾਂ ਵਿੱਚ, ਦਿੱਲੀ ਦੀ ਸਲਤਨਤ ਨੂੰ ਇਸ ਗੱਲ ਦੀ ਡਾਢੀ ਚਿੰਤਾ ਮਹਿਸੂਸ ਹੁੰਦੀ ਸੀ ਕਿ ਗੁਰੂ ਗੋਬਿੰਦ ਸਿੰਘ ਵਿਰੁੱਧ ਚਾੜ੍ਹੀ ਜਾਣ ਵਾਲ਼ੀ ਫ਼ੌਜ ਦੇ ਜਰਨੈਲ ਹੀ ਦਸਮੇਸ਼ ਦੇ ਮੁਰੀਦ ਬਣ ਜਾਂਦੇ ਹਨ, ਉਸੇ ਹੀ ਤਰਜ਼ ਤੇ ਸੰਤ ਭਿੰਡਰਾਂਵਾਲ਼ਿਆਂ ਦੇ ਸੰਪਰਕ 'ਚ ਆਉਣ ਵਾਲ਼ੇ ਕਈ ਫ਼ੌਜੀ ਅਫ਼ਸਰ, ਕਈ ਪੁਲਿਸ ਅਫ਼ਸਰ ਤੇ ਕਈ ਸੀ.ਆਈ.ਡੀ. ਦੇ ਮੁਲਾਜ਼ਮ ਆਦਿਕ ਸਰਕਾਰੀ ਵਫ਼ਾਦਾਰੀ ਦੀ ਲਾਹਨਤ ਛੱਡ ਕੇ ਸੰਤ ਭਿੰਡਰਾਂਵਾਲ਼ਿਆਂ ਦੇ ਧਰਮ ਯੁੱਧ 'ਚ ਸ਼ਾਮਲ ਹੁੰਦੇ ਦੁਨੀਆ ਨੇ ਵੇਖੇ।

ਸੰਤ ਜਰਨੈਲ ਸਿੰਘ ਦੀ ਸ਼ਖ਼ਸੀਅਤ ਕਈ ਪੱਖਾਂ ਤੋਂ ਵਿਸ਼ੇਸ਼ ਸੀ। ਬਾਲਕ ਅਵਸਥਾ ਵਿੱਚ ਉਹਨਾਂ ਅੰਦਰ ਸਿੱਖਣ ਦੀ ਸਮਰੱਥਾ ਕਮਾਲ ਦੀ ਸੀ; ਤੇ ਇਹ ਗੁਰੂ ਦਾ ਭਾਣਾ ਸੀ ਕਿ ਕੁਝ ਸਿੱਖਣ ਲਈ ਉਹ ਸਕੂਲ ਵਿੱਚ ਸਿਰਫ਼ ਪੰਜ ਕੁ ਸਾਲ ਹੀ ਜਾ ਸਕੇ ਤੇ ਉਸ ਤੋਂ ਬਾਅਦ ਅਗਲੇਰੀ ਸਿੱਖਿਆ ਲਈ ਦਮਦਮੀ ਟਕਸਾਲ 'ਚ ਦਾਖ਼ਲਾ ਹੋ ਗਿਆ। ਇਸ ਸਫ਼ਰ ਦਾ ਇੱਕ ਇੱਕ ਕਦਮ ਇਤਿਹਾਸ ਦੀਆਂ ਪੈੜਾਂ ਵਜੋਂ ਸਥਾਪਤ ਹੋ ਗਿਆ।

ਦਮਦਮੀ ਟਕਸਾਲ 'ਚ ਗੁਰਮਤਿ ਦੀ ਪੜ੍ਹਾਈ ਦੌਰਾਨ (ਸੰਤ) ਜਰਨੈਲ ਸਿੰਘ (ਜੀ) ਨਾਂ ਦਾ ਬਾਲਕ ਗੁਰਬਾਣੀ ਦੇ ਅਥਾਹ ਸਾਗਰ ਵਿਚਲੇ ਰਤਨਾਂ ਦਾ ਉੱਤਮ ਖੋਜੀ ਬਣ ਕੇ ਉੱਭਰਿਆ। ਇਸ ਬਾਲਕ ਦੀ ਯਾਦ ਸ਼ਕਤੀ ਹੈਰਾਨ ਕਰਨ ਵਾਲ਼ੀ ਸੀ। ਗੁਰਬਾਣੀ ਕੰਠ ਕੀਤੇ ਜਾਣ ਦੀ ਗੱਲ ਕਰੀਏ ਤਾਂ ਟਕਸਾਲ ਦੇ ਪੁਰਾਣੇ ਵਰਕਰ ਜਾਣਦੇ ਹਨ ਕਿ (ਸੰਤ) ਜਰਨੈਲ ਸਿੰਘ ਜੀ ਨੇ 'ਦਖਣੀ ਓਅੰਕਾਰ' ਬਾਣੀ ਇੱਕ ਦਿਨ ਵਿੱਚ, 'ਸੁਖਮਨੀ ਸਾਹਿਬ' 13 ਦਿਨ ਵਿੱਚ, 'ਸਿਧ ਗੋਸਟਿ' ਇੱਕ ਦਿਨ ਵਿੱਚ ਅਤੇ ਆਸਾ ਕੀ ਵਾਰ 8 ਘੰਟੇ ਵਿੱਚ ਕੰਠ ਕਰ ਲਈ। ਸਿਮਰਨ ਵਿੱਚ ਲੀਨ ਰਹਿਣ ਵਾਲ਼ੇ ਇਸ ਬਾਲਕ ਵਿੱਚ ਸੰਤ ਕਰਤਾਰ ਸਿੰਘ ਜੀ ਨੇ ਆਪਣੇ ਜਾਨਸ਼ੀਨ ਵਾਲ਼ੇ ਗੁਣ ਅਤੇ ਭਵਿੱਖ ਦੀਆਂ ਉੱਭਰ ਰਹੀਆਂ ਚੁਣੌਤੀਆਂ ਦਾ ਟਾਕਰਾ ਕਰਨ ਦੀ ਹਿੰਮਤ ਤੇ ਸਮਰੱਥਾ ਨੂੰ ਪਛਾਣ ਲਿਆ

ਸੀ।

ਕਕਾਰਾਂ ਨਾਲ਼ ਦਿਲੀ ਪਿਆਰ

ਨਿੱਕੀ ਉਮਰੇ ਹੀ ਅੰਮ੍ਰਿਤ ਛਕ ਲੈਣ ਵਾਲ਼ੇ (ਸੰਤ) ਜਰਨੈਲ ਸਿੰਘ (ਜੀ) ਕਕਾਰਾਂ ਦਾ ਬਹੁਤ ਸਤਿਕਾਰ ਕਰਦੇ ਸਨ। 1983 'ਚ ਇੱਕ ਮੈਗਜ਼ੀਨ 'ਚ ਛਪੀ ਉਹਨਾਂ ਬਾਰੇ ਲਿਖਤ ਅਨੁਸਾਰ ਇੱਕ ਵਾਰ ਹਾਣੀਆਂ ਨਾਲ਼ ਖੇਡਦੇ ਸਮੇਂ ਉਹਨਾਂ ਦਾ ਗਾਤਰਾ ਟੁੱਟ ਗਿਆ ਤੇ ਕਿਰਪਾਨ ਭੁੰਜੇ ਡਿੱਗ ਪਈ। ਨਿੱਕੀ ਉਮਰ ਦੇ ਇਸ 'ਜਰਨੈਲ' ਨੇ ਕਮਾਲ ਦੀ ਫੁਰਤੀ ਨਾਲ਼ ਗਾਤਰਾ ਹੇਠੋਂ ਚੁੱਕਿਆ ਤੇ ਘੁੱਟ ਕੇ ਛਾਤੀ ਨਾਲ਼ ਲਾ ਲਿਆ। ਕਿਰਪਾਨ, ਜੋ ਕਿ ਇੱਕ ਕਕਾਰ ਤੇ ਸ਼ਕਤੀ ਦਾ ਪ੍ਰਤੀਕ, ਇੱਕ ਸ਼ਸਤਰ ਵਜੋਂ ਗੁਰੂ ਸਾਹਿਬ ਨੇ ਖ਼ਾਲਸੇ ਨੂੰ ਬਖ਼ਸ਼ਿਸ਼ ਕੀਤਾ ਹੈ, ਦੇ ਪ੍ਰਤੀ ਇਸ 'ਜਰਨੈਲ' ਦੀ ਇਹ ਅਸੀਮ ਸ਼ਰਧਾ ਸੀ। ਉਸੇ ਹੀ ਤਰ੍ਹਾਂ ਕਿਰਪਾਨ ਹਿੱਕ ਨਾਲ਼ ਲਾ ਕੇ ਆਪਣੀ ਮਾਤਾ ਕੋਲ਼ ਆ ਗਏ। ਬਹੁਤ ਵੱਡੀ ਅਵੱਗਿਆ ਹੋ ਗਈ ਮਹਿਸੂਸ ਕਰ ਰਹੇ ਸਨ। ਅਖ਼ੀਰ ਪਰਿਵਾਰ ਵੱਲੋਂ ਉਹਨਾਂ ਨੂੰ ਉਚੇਚਾ ਸੰਤ ਬਾਬਾ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਕੋਲ ਲਿਜਾਣਾ ਪਿਆ। ਜਦੋਂ ਸੰਤ ਗੁਰਬਚਨ ਸਿੰਘ ਜੀ ਨੇ ਸਪਸ਼ਟ ਕੀਤਾ ਕਿ ਚਾਣਚੱਕ ਇਸ ਤਰ੍ਹਾਂ ਆਪਣੇ ਆਪ ਗਾਤਰਾ ਟੁੱਟ ਜਾਣਾ ਕੋਈ ਦੋਸ਼ ਨਹੀਂ ਬਣਦਾ ਤਾਂ ਉਹਨਾਂ ਨੂੰ ਕੁਝ ਤਸੱਲੀ ਹੋਈ। ਪਰ ਇਉਂ ਜਾਪਦਾ ਹੈ, ਇਸ ਅਣਖੀਲੇ ਜਰਨੈਲ ਦੇ ਬਚਪਨ ਦੀ ਇਹ ਘਟਨਾ ਤਾਂ ਉਸ ਇਤਿਹਾਸਕ ਬ੍ਰਿਤਾਂਤ ਦਾ ਇੱਕ ਨਿੱਕਾ ਜਿਹਾ ਝਲਕਾਰਾ ਹੀ ਸੀ, ਜਦੋਂ ਅਣਭੋਲ ਹੀ ਸਿੱਖ ਕੌਮ ਹੱਥੋਂ ਡਿੱਗ ਪਈ ਦਸਮੇਸ਼ ਪਿਤਾ ਦੀ ਬਖ਼ਸ਼ੀ ਸ਼ਮਸ਼ੀਰ ਨੂੰ ਇਸ ਜਰਨੈਲ ਨੇ ਚੁੱਕ ਕੇ ਹਿੱਕ ਨਾਲ਼ ਲਾ ਲਿਆ ਸੀ ਤੇ ਕੌਮ ਨੂੰ ਇਸ ਸ਼ਮਸ਼ੀਰ ਦੀ ਅਹਿਮੀਅਤ ਅਤੇ ਇਸ ਦੀ ਸਿੱਖੀ ਨਾਲ਼ ਸਾਂਝ ਬਾਰੇ ਮੂਕ ਰਹਿ ਕੇ ਹੀ ਕਾਫ਼ੀ ਕੁਝ ਸਮਝਾ ਦਿੱਤਾ ਸੀ।

ਅਜ਼ਾਦ ਤੇ ਬੇਬਾਕ

ਦਮਦਮੀ ਟਕਸਾਲ ਦੇ ਅਹਿਮ ਵਰਕਰ ਬਣ ਚੁੱਕੇ (ਸੰਤ) ਜਰਨੈਲ ਸਿੰਘ ਜੀ ਦਾ ਅਨੰਦ ਕਾਰਜ ਹੋਇਆ ਤਾਂ ਬਰਾਤ ਪਿੰਡ ਰੋਡੇ ਤੋਂ ਬਿਲਾਸਪੁਰ ਜਾਣੀ ਸੀ। ਰਿਵਾਜ਼ ਅਨੁਸਾਰ ਨਾਨਕਿਆਂ ਵੱਲੋਂ ਕੱਪੜੇ ਆਏ ਜੋ ਲਾੜੇ ਨੇ ਪਹਿਨ ਕੇ ਜਾਣੇ ਹੁੰਦੇ ਹਨ। ਨਾਨਕੇ ਪੈਂਟ ਕਮੀਜ਼ ਲੈ ਆਏ। ਪਹਿਲਾਂ ਤਾਂ ਉਹਨਾਂ ਨੇ ਪੈਂਟ ਕਮੀਜ਼ ਪਾ ਲਈ, ਪਰ ਸ਼ੀਸ਼ੇ ਦੇ ਅੱਗੇ ਖਲੋ ਕੇ ਹੱਸਣ ਲੱਗ ਪਏ। ਪੈਂਟ ਲਾਹ ਕੇ ਪਜਾਮਾ ਪਾ ਲਿਆ ਤੇ ਕਮੀਜ਼ ਪਜਾਮੇ ਦੇ ਨਾਲ਼ ਹੀ ਜੰਞ ਲੈ ਕੇ ਬਿਲਾਸਪੁਰ ਜਾ ਪਹੁੰਚੇ। ਇੱਥੇ ਉਹਨਾਂ ਦੀ ਸ਼ਖ਼ਸੀਅਤ ਅੰਦਰ ਰਿਵਾਜ਼ ਜਾਂ ਲੀਕ ਤੋਂ ਹਟ ਕੇ ਆਪਣੇ ਮਨ ਦੀ ਮੌਜ ਅਨੁਸਾਰ ਤੁਰਨ ਦਾ ਗੁਣ ਦਿਸਦਾ ਹੈ, ਜਿਸ ਲਈ ਜਿੰਨੀ ਕੁ ਵੀ ਆਮ ਹਿੰਮਤ ਦੀ ਲੋੜ ਹੁੰਦੀ ਹੈ, ਉਹ ਜ਼ਿਆਦਾਤਰ ਲੋਕਾਂ ਅੰਦਰ ਨਹੀਂ ਹੁੰਦੀ।

ਇਸ ਅਨੰਦ ਕਾਰਜ ਦੇ ਸਮੇਂ ਹੀ ਇੱਕ ਹੋਰ ਘਟਨਾ ਵਰਨਣਯੋਗ ਹੈ। ਜਲ਼ ਪਾਣੀ ਦੇ ਆਹਰ ਵਿੱਚ ਸਮਾਂ ਕੁਝ ਵਧੇਰੇ ਖ਼ਰਚ ਹੋ ਗਿਆ, ਤਾਂ ਲਾਂਵਾਂ ਸਮੇਂ ਗਰੰਥੀ ਸਿੰਘ ਨੇ ਸਮੇਂ ਦੀ ਬਚਤ ਕਰਨ ਲਈ ਜੋੜੀ ਦੇ ਬੈਠਿਆਂ ਬੈਠਿਆਂ ਹੀ ਲਾਂਵਾਂ ਪੜ੍ਹ ਦਿੱਤੀਆਂ। (ਸੰਤ) ਜਰਨੈਲ ਸਿੰਘ ਪਹਿਲਾਂ ਤਾਂ ਗਰੰਥੀ ਦੀ ਇਹ ਮਰਯਾਦਾ ਵਿਰੋਧੀ ਕਾਰਵਾਈ ਵੇਖਦੇ ਰਹੇ, ਪਰ ਜਦੋਂ ਗਰੰਥੀ ਸਿੰਘ ਨੇ ਅਨੰਦ ਕਾਰਜ ਸੰਪੂਰਨ ਹੋਣ ਦਾ ਐਲਾਨ ਕੀਤਾ ਤਾਂ (ਸੰਤ) ਜਰਨੈਲ ਸਿੰਘ ਕਹਿਣ ਲੱਗੇ:-

"ਇਹ ਅਨੰਦ ਕਾਰਜ ਮਰਯਾਦਾ ਅਨੁਸਾਰ ਨਈਂ ਹੋਇਆ, ਮਰਯਾਦਾ ਅਨੁਸਾਰ ਹਰ ਲਾਂਵ ਦੇ ਪਾਠ ਪਿੱਛੋਂ ਗੁਰੂ ਗਰੰਥ ਸਾਹਿਬ ਦੀ ਪਰਕਰਮਾ ਕਰਨੀ ਹੁੰਦੀ ਐ...।"

ਅਖ਼ੀਰ ਪਤਵੰਤੇ ਲੋਕਾਂ ਦੇ ਕਹਿਣ ਤੇ ਫਿਰ ਮਰਯਾਦਾ ਅਨੁਸਾਰ ਅਨੰਦ ਕਾਰਜ ਦੀ ਰਸਮ ਨਿਭਾਈ ਗਈ। ਇਹ ਬੇਬਾਕੀ ਵੀ ਸੰਤ ਜਰਨੈਲ ਸਿੰਘ ਖ਼ਾਲਸਾ ਦੀ ਸ਼ਖ਼ਸੀਅਤ ਦਾ ਅਹਿਮ ਅੰਗ ਸੀ। ਸੰਨ 1977 ਵਿੱਚ ਦਮਦਮੀ ਟਕਸਾਲ ਦੇ ਮੁਖੀ ਵਜੋਂ ਦਸਤਾਰਬੰਦੀ ਦੇ ਦੌਰਾਨ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿਹੁੰ ਬਾਦਲ ਨੂੰ ਇਸ ਬੇਪਰਵਾਹ ਜਰਨੈਲ ਨੇ ਦਮਦਮੀ ਟਕਸਾਲ ਦੇ ਸਾਹਵੇਂ ਉਸ ਦੀ ਮੁੱਖ ਮੰਤਰੀ ਦੇ ਅਹੁਦੇ ਦੀ ਔਕਾਤ ਜਿਵੇਂ ਸਮਝਾਈ, ਉਸ ਬਾਰੇ ਪ੍ਰੋ. ਹਰਪਾਲ ਸਿੰਘ ਪੰਨੂ ਦੀ ਕਿਤਾਬ 'ਦੂਰੋਂ ਵੇਖਿਆ ਸੰਤ ਜਰਨੈਲ ਸਿੰਘ' ਵਿੱਚ ਪੜ੍ਹਿਆ ਜਾ ਸਕਦਾ ਹੈ।

ਧਰਮ ਯੁੱਧ

ਪੰਜਾਬ ਵਿੱਚ ਦੇਹਧਾਰੀ ਗੁਰਤਾ ਦਾ ਪ੍ਰਚਾਰ ਕਰ ਕੇ ਸ਼ਬਦ ਗੁਰੂ ਨੂੰ ਚੁਣੌਤੀ ਦੇਣ ਅਤੇ 'ਧਰਮ'ਦੇ ਨਾਂ ਤੇ 'ਕੁਕਰਮ' ਕਮਾਉਣ ਵਾਲ਼ਾ ਦੰਭਵਾਦ, ਓਦੋਂ ਭਾਰਤੀ ਸਟੇਟ ਵੱਲੋਂ ਅਸ਼ਵਮੇਧ ਜੱਗ ਦੇ ਘੋੜੇ ਵਾਂਗ ਪੰਜਾਬ ਵਿੱਚ ਖੁੱਲ੍ਹਾ ਛੱਡਿਆ ਹੋਇਆ ਸੀ, ਜਿਸ ਨੂੰ ਸੰਤ ਜਰਨੈਲ ਸਿੰਘ ਨੇ ਅੱਗੇ ਵਧ ਕੇ ਰੋਕਿਆ। ਪਾਠਕਾਂ ਦੀ ਜਾਣਕਾਰੀ ਲਈ ਪਹਿਲਾਂ ਦੱਸ ਦਿਆਂ ਕਿ ਪੁਰਾਣੇ ਜ਼ਮਾਨੇ ਵਿੱਚ ਖ਼ੁਦ ਨੂੰ ਸਭ ਤੋਂ ਵੱਧ ਤਾਕਤਵਰ ਸਾਬਤ ਕਰਨ ਲਈ ਰਾਜੇ ਇੱਕ 'ਅਸ਼ਵਮੇਧ ਜੱਗ' ਕਰਦੇ ਸਨ। ਹਿੰਦੀ 'ਚ 'ਅਸ਼ਵ' ਘੋੜੇ ਨੂੰ ਕਿਹਾ ਜਾਂਦਾ ਹੈ। ਤਾਕਤਵਰ ਰਾਜੇ ਘੋੜੇ ਦੇ ਮੱਥੇ ਤੇ ਜਿੱਤ ਦੀ ਚਿੱਠੀ ਚਿਪਕਾ ਕੇ ਘੋੜਾ ਖੁੱਲ੍ਹਾ ਛੱਡ ਦਿੰਦੇ ਸਨ; ਘੋੜੇ ਦੇ ਨਾਲ਼ ਰਾਜੇ ਦੇ ਸਿਪਾਹੀ ਹੁੰਦੇ, ਉਹ ਘੋੜਾ ਜਿਸ ਵੀ ਨੇੜਲੇ ਰਾਜ 'ਚ ਜਾ ਵੜਦਾ, ਉਹ ਇਲਾਕਾ ਉਸ ਰਾਜੇ ਦੇ ਅਧੀਨ ਮੰਨ ਲਿਆ ਜਾਂਦਾ। ਜੇ ਕੋਈ ਉਸ ਘੋੜੇ ਨੂੰ ਰੋਕਣ ਦੀ ਜੁਰਅਤ ਕਰਦਾ ਤਾਂ ਇਹ ਘੋੜਾ ਖੁੱਲ੍ਹਾ ਛੱਡ ਕੇ ਜੱਗ ਕਰਨ ਵਾਲ਼ੇ ਰਾਜੇ ਨੂੰ ਚੁਣੌਤੀ ਮੰਨੀ ਜਾਂਦੀ ਅਤੇ ਯੁੱਧ ਕਰਨ ਦਾ ਐਲਾਨ ਸਮਝੀ ਜਾਂਦੀ। ਫਿਰ ਪਹਿਲਾਂ ਤਾਂ ਘੋੜੇ ਦੇ ਨਾਲ਼ ਜਾ ਰਹੇ ਸਿਪਾਹੀ, ਘੋੜਾ ਰੋਕਣ ਵਾਲ਼ੇ ਨਾਲ਼ ਲੜਦੇ, ਤੇ ਜੇਕਰ ਮਸਲਾ ਵਧੇਰੇ ਗੰਭੀਰ ਹੁੰਦਾ ਤਾਂ ਪਿੱਛੋਂ ਹੋਰ ਫ਼ੌਜ ਆ ਜਾਂਦੀ, ਯੁੱਧ ਹੁੰਦਾ...।



ਇਹ ਰਵਾਇਤ ਬੇਸ਼ੱਕ ਪੁਰਾਤਨ ਰਾਜ ਤੰਤਰ ਦੀ ਸੀ, ਪਰ 1947 ਤੋਂ ਬਾਅਦ ਪੰਜਾਬ ਦੀ ਧੌਣ ਨਿਵਾਉਣ ਲਈ ਯਤਨਸ਼ੀਲ ਰੰਗ ਬਰੰਗੇ ਹਿੰਦੂ ਲੀਡਰ, ਜੋ ਖੁਦ ਨੂੰ ਭਾਰਤੀ ਲੋਕਤੰਤਰ ਦੇ 'ਸੰਚਾਲਕ' ਤੇ ਇਸ ਤੋਂ ਵੀ ਵਧੇਰੇ ਲੋਕਤੰਤਰ ਦੇ 'ਮਾਲਕ' ਸਮਝਦੇ ਸਨ, ਉਹਨਾਂ ਨੇ ਆਪਣੇ ਵੱਲੋਂ ਸਿੱਖ ਕੌਮ ਨੂੰ ਸਾਹਸਤਹੀਣ ਕਰ ਦੇਣ ਤੋਂ ਬਾਅਦ ਪੰਜਾਬ ਵਿੱਚ ਆਪਣੇ ਢੰਗ ਨਾਲ਼ ਅਸ਼ਵਮੇਧ ਜੱਗ ਅਰੰਭ ਕੀਤਾ ਹੋਇਆ ਸੀ। ਇਹਨਾਂ ਹਾਕਮਾਂ ਨੇ ਲੰਮੇ ਸਮੇਂ ਤੋਂ ਪੰਜਾਬ ਅੰਦਰ ਦੇਹਧਾਰੀ ਗੁਰੂ ਡੰਮ ਦਾ ਅਸ਼ਵਮੇਧ ਘੋੜਾ ਖੁੱਲ੍ਹਾ ਛੱਡ ਦਿੱਤਾ ਸੀ। ਪੰਜਾਬ ਦੀ ਧਰਤੀ ਤੇ ਖੌਰੂ ਪਾਉਂਦਾ ਇਹ ਦੰਭਵਾਦ ਦਾ ਘੋੜਾ ਹਿੰਦੂ ਹਾਕਮ ਧਿਰ ਨੂੰ ਅਪਾਰ ਖੁਸ਼ੀ ਪ੍ਰਦਾਨ ਕਰ ਰਿਹਾ ਸੀ। ਇਹ ਤੱਥ ਇਸ ਹਾਕਮ ਸ਼੍ਰੇਣੀ ਦੀ ਖੁਸ਼ੀ ਨੂੰ ਦਿਨ ਦੂਣਾ ਤੇ ਰਾਤ ਚੌਣਾ ਕਰਦਾ ਜਾਂਦਾ ਸੀ ਕਿ ਇਸ ਘੋੜੇ ਨੂੰ ਚੁਣੌਤੀ ਦੇਣ ਲਈ ਕੋਈ ਸੂਰਮਾ ਨਹੀਂ ਸੀ ਨਿੱਤਰ ਰਿਹਾ। ਹਾਂ, ਸੰਤ ਕਰਤਾਰ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਤੇ ਕਈ ਹੋਰ ਸਿੱਖ ਸੰਸਥਾਵਾਂ ਨੇ ਇਸ ਹਕੂਮਤੀ ਪੈਂਤੜੇ ਵਿਰੁੱਧ ਅਵਾਜ਼ ਬੁਲੰਦ ਕੀਤੀ ਤੇ ਇਸ ਵਿਰੁੱਧ ਕੌਮ ਨੂੰ ਜਾਗਰੂਕ ਕਰਨ ਦਾ ਮੁੱਢਲਾ ਫ਼ਰਜ਼ ਬੇਬਾਕੀ ਨਾਲ਼ ਨਿਭਾਇਆ। ਫਿਰ ਦਿੱਲੀ ਹਕੂਮਤ ਦਾ ਤਖ਼ਤ ਓਦੋਂ ਡੋਲਿਆ, ਜਦੋਂ 13 ਅਪ੍ਰੈਲ ਸੰਨ 1978 ਨੂੰ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਬਣੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਅਖੰਡ ਕੀਰਤਨੀ ਜਥੇ ਦੇ ਸਹਿਯੋਗ ਨਾਲ਼ ਅੰਮ੍ਰਿਤਸਰ ਦੀ ਧਰਤੀ ਤੇ ਹਾਕਮਾਂ ਦੇ ਛੱਡੇ ਇਸ ਅਸ਼ਵਮੇਧ ਜੱਗ ਦੇ ਘੋੜੇ ਦੀ ਲਗਾਮ ਫੜ ਕੇ ਰੋਕ ਲੈਣ ਦਾ ਖ਼ਾਲਸਾਈ ਪੈਂਤੜਾ ਵਰਤਿਆ। ਪਹਿਲੇ ਟਕਰਾਅ ਵਿੱਚ 13 ਗੁਰੂ ਕੇ ਸਿੰਘਾਂ ਦੀ ਸ਼ਹਾਦਤ ਅਤੇ 78 ਦੇ ਜ਼ਖ਼ਮੀ ਹੋਣ ਦੀ ਘਟਨਾ ਨੇ ਸਪਸ਼ਟ ਕਰ ਦਿੱਤਾ ਸੀ ਕਿ ਹਕੂਮਤ ਨੇ ਆਪਣੀ ਇਹ ਖੇਡ ਖੇਡਣ ਲਈ ਕਿੰਨੀ ਤਾਕਤ ਝੋਕੀ

ਹੋਈ ਸੀ, ਪਰ ਹੁਣ ਇਸ ਹਕੂਮਤੀ ਤਾਕਤ ਦੀ ਬੁਥਾੜ ਭੰਨਣ ਵਾਲ਼ਾ ਖ਼ਾਲਸਾ ਮੈਦਾਨ 'ਚ ਨਿੱਤਰ ਆਇਆ ਸੀ।

ਉਸ ਹਾਲਾਤ ਅੰਦਰ ਨਿਹੱਥੀ ਅਤੇ ਨਿਤਾਣੀ ਕਰ ਦਿੱਤੀ ਗਈ ਸਿੱਖ ਕੌਮ ਨੂੰ ਧੌਣ ਉਤਾਂਹ ਚੁੱਕ ਕੇ ਤੁਰਨ ਦੀ ਅਦਾ ਚੇਤੇ ਕਰਵਾਉਣੀ ਵੀ ਇੱਕ ਬਿਖਮ ਕਾਰਜ ਸੀ, ਪਰ ਇਹ ਸਿਹਰਾ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਸਿਰ ਹੈ ਕਿ ਉਹਨਾਂ ਨੇ ਸਿੱਖ ਗੱਭਰੂਆਂ ਨੂੰ ਖ਼ਾਲਸੇ ਦੇ ਮੂਲ ਨਾਲ਼ ਜੋੜ ਕੇ ਉਹਨਾਂ ਅੰਦਰ ਹਥਿਆਰ ਚੁੱਕਣ ਦੀ ਜੁਰਅਤ ਅਤੇ ਕੌਮ ਦੇ ਦੁਸ਼ਮਣਾਂ ਨੂੰ ਦਿੱਲੀ ਦੇ ਗੜ੍ਹਾਂ 'ਚ ਜਾ ਜਾ ਕੇ ਮਾਰਨ ਦੀ ਸਮਰੱਥਾ ਮੁੜ ਜਗਾ ਦਿੱਤੀ। ਅਸਲ ਵਿੱਚ ਇਸ ਬੇਪਰਵਾਹ ਧਰਮੀ ਜਰਨੈਲ ਨੇ ਦਿੱਲੀ ਤਖ਼ਤ ਦੇ ਸਾਹਵੇਂ ਹੋ ਕੇ ਉਸ ਨੂੰ ਲਲਕਾਰਨ ਦੇ ਨਾਲ਼ ਨਾਲ਼ ਸਿੱਖ ਦਿਲਾਂ ਦੀਆਂ ਡੂੰਘੀਆਂ ਤੈਹਾਂ 'ਚ ਦਫ਼ਨ ਹੁੰਦੀ ਜਾ ਰਹੀ ਜ਼ੁਲਮ ਜਬਰ ਦੇ ਵਿਰੁੱਧ 'ਧਰਮ ਯੁੱਧ' ਲੜਨ ਦੀ ਚਿਣਗ ਨੂੰ 'ਜਗਾਉਣ' ਅਤੇ 'ਮਘਾਉਣ' ਦਾ ਕਾਰਜ ਇਕੱਲਿਆਂ ਨੇ ਹੀ ਇਸ ਖੂਬੀ ਨਾਲ਼ ਨਿਭਾਇਆ ਕਿ ਦਹਿਸ਼ਤ ਦੇ ਸਹਾਰੇ ਸੱਤਾ ਭੋਗਣ ਵਾਲ਼ਿਆਂ ਦੇ ਦਿਲਾਂ 'ਚ ਵੀ ਦਹਿਸ਼ਤ ਪੈਦਾ ਹੋ ਗਈ।

ਸੰਤ ਭਿੰਡਰਾਂਵਾਲ਼ਿਆਂ ਅਤੇ ਉਹਨਾਂ ਦੇ ਸਾਥੀਆਂ ਨੂੰ ਹਕੂਮਤ ਵੱਲੋਂ ਦਿੱਤਾ ਗਿਆ ਇੱਕ ਨਾਮ 'ਦਹਿਸ਼ਤਗਰਦ' ਇਹ ਦੱਸ ਪਾਉਂਦਾ ਹੈ ਕਿ ਹਕੂਮਤ ਦੇ ਸੰਚਾਲਕ, ਉਸ ਸੂਰਮੇ ਦੇ ਯੁੱਧ ਲੜਨ ਦੀ ਕਲਾ ਤੋਂ ਕਿੰਨੇ ਭੈਭੀਤ ਅਤੇ ਦਹਿਸ਼ਤ ਵਿੱਚ ਸਨ। ਸੰਤ ਭਿੰਡਰਾਂਵਾਲ਼ਿਆਂ ਸਮੇਤ ਹਜ਼ਾਰਾਂ ਸਿੱਖ ਗੱਭਰੂਆਂ ਦੀਆਂ ਛਾਤੀਆਂ ਗੋਲ਼ੀਆਂ ਨਾਲ਼ ਛਲਨੀ ਕਰ ਦੇਣ ਤੋਂ ਬਾਅਦ ਵੀ ਹਾਕਮ ਸ਼੍ਰੇਣੀ ਇਸ 'ਖ਼ੌਫ਼' ਤੋਂ ਸਰਖਰੂ ਨਹੀਂ ਹੋ ਸਕੀ। ਸੰਨ 2011 ਦੇ ਵਿੱਚ ਹਿੰਦੂ ਰਾਸ਼ਟਰ ਨੂੰ ਸਮਰਪਿਤ ਜਿਸ ਜਥੇਬੰਦੀ ਨੇ ਚੰਡੀਗੜ੍ਹ ਦੀ ਅਦਾਲਤ ਵਿੱਚੋਂ, ਭਾਈ ਜਗਤਾਰ ਸਿੰਘ ਹਵਾਰਾ ਤੇ

ਪਰਮਜੀਤ ਸਿੰਘ ਭਿਓਰਾ ਨੂੰ ਤਰੀਕ ਪੇਸ਼ੀ ਤੇ ਚੰਡੀਗੜ੍ਹ ਲਿਆਂਦੇ ਜਾਣ ਵਿਰੁੱਧ ਪਟੀਸ਼ਨ ਦਾਇਰ ਕੀਤੀ ਸੀ, ਉਸ ਨੇ ਦਲੀਲ ਦਿੱਤੀ ਕਿ ਭਾਈ ਹਵਾਰਾ ਤੇ ਭਿਓਰਾ ਨੂੰ ਪੇਸ਼ੀ ਤੇ ਚੰਡੀਗੜ੍ਹ ਲਿਆਂਦੇ ਜਾਣ ਸਮੇਂ 'ਦਹਿਸ਼ਤ' ਪੈਦਾ ਹੁੰਦੀ ਹੈ, ਇਸ ਲਈ ਉਹਨਾਂ ਨੂੰ ਤਰੀਕਾਂ ਤੇ ਲਿਆਂਦੇ ਜਾਣ ਦੀ ਬਜਾਏ, ਤਰੀਕਾਂ ਵੀਡੀਓ ਕਾਨਫ਼ਰੰਸਿੰਗ ਰਾਹੀਂ ਭੁਗਤਾਈਆਂ ਜਾਣ। ਜੇਕਰ ਅੱਜ ਵੀ ਹਥਕੜੀਆਂ ਅੰਦਰ ਜਕੜੇ ਸਿੱਖ ਜੁਝਾਰੂ, ਹਿੰਦੂ ਰਾਸ਼ਟਰ ਦੇ ਵਰਕਰਾਂ 'ਚ ਦਹਿਸ਼ਤ ਪੈਦਾ ਕਰਨ ਦੇ ਸਮਰੱਥ ਹਨ ਤਾਂ ਇਹ ਗੱਲ ਸਮਝੀ ਜਾ ਸਕਦੀ ਹੈ ਕਿ ਸੰਤ ਭਿੰਡਰਾਂਵਾਲ਼ੇ ਨੇ ਇਹ ਧਰਮ ਯੁੱਧ ਕਿੰਨੀ ਸ਼ਿੱਦਤ ਨਾਲ਼ ਲੜਿਆ ਹੈ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਗੁਰੂ ਲਿਵ ਤੋਂ ਟੁੱਟਦੀ ਜਾ ਰਹੀ ਸਿੱਖ ਕੌਮ ਨੂੰ ਮੁੜ ਗੁਰੂ ਨਾਲ਼ ਜੋੜ ਕੇ ਸਿਰ ਤੇ ਮੰਡਰਾ ਰਹੇ ਵਿਚਾਰਧਾਰਕ ਸੋਕੇ ਨੂੰ ਖ਼ਤਮ ਕਰ ਦਿੱਤਾ ਸੀ। ਸ਼ਸਤਰਬਧ ਸਿੱਖ ਜਵਾਨੀ ਦੀ ਅਗਵਾਈ ਸੰਭਾਲ਼ ਕੇ ਜ਼ੁਲਮ ਤੇ ਜ਼ਾਲਮ ਨਾਲ਼ ਟੱਕਰ ਲੈਣ ਵਾਲ਼ੇ ਇਸ ਕੌਮੀ ਜਰਨੈਲ ਨੇ ਜ਼ਾਲਮਾਂ ਵਿੱਚ ਮੌਤ ਦਾ ਸਹਿਮ ਅਤੇ ਮਜ਼ਲੂਮਾਂ ਵਿੱਚ ਜ਼ਿੰਦਗੀ ਦੀ ਆਸ ਪੈਦਾ ਕਰ ਦਿੱਤੀ ਸੀ। ਜਿਨ੍ਹਾਂ ਗ਼ਰੀਬਾਂ ਅਤੇ ਨਿਤਾਣਿਆਂ ਨੂੰ ਕਿਸੇ ਥਾਣੇ, ਕਿਸੇ ਕਚਹਿਰੀ 'ਚੋਂ ਨਿਆਂ ਨਹੀਂ ਸੀ ਮਿਲ਼ਦਾ, ਉਹ ਨਿਆਂ ਲਈ ਸੰਤ ਜਰਨੈਲ ਸਿੰਘ ਦੇ ਰਾਹੀਂ, ਅਕਾਲ ਤਖ਼ਤ ਦੀ ਸੱਚੀ ਪਾਤਸ਼ਾਹੀ ਅੱਗੇ ਫ਼ਰਿਆਦੀ ਹੋਣ ਲੱਗ ਪਏ। ਉਹਨਾਂ ਦੀ ਪੁਕਾਰ ਸੁਣੀ ਜਾਂਦੀ ਤੇ ਇਸ ਤੇ ਤੁਰੰਤ ਕਾਰਵਾਈ ਹੁੰਦੀ। ਅੰਮ੍ਰਿਤਸਰ ਵਿੱਚ ਇੱਕ ਅਣਐਲਾਨੀ ਹਕੂਮਤ ਕਾਇਮ ਹੋ ਗਈ ਸੀ, ਜੋ ਕਿ ਹਰ ਕਿਸੇ ਨਾਲ਼ ਇਨਸਾਫ਼ ਕਰਨ ਦੇ ਸਮਰੱਥ ਸਾਬਤ ਹੋ ਰਹੀ ਸੀ। ਇਸ ਡਰਾਉਣੇ ਤੱਥ ਨੇ ਦਿੱਲੀ ਦੇ ਤਾਜਦਾਰਾਂ ਦੇ ਦਿਲ ਦੀਆਂ ਧੜਕਣਾਂ ਨੂੰ ਬੇਕਾਬੂ ਕਰ ਦਿੱਤਾ ਸੀ। ਡਰ ਸੀ ਕਿ ਹੋਰਨਾਂ ਸਟੇਟਾਂ 'ਚੋਂ ਵੀ ਇਸ ਰੋਲ ਮਾਡਲ ਦੇ ਮੱਦੇਨਜ਼ਰ ਲੋਕ ਉੱਠ ਨਾ ਖਲੋਣ; ਪਰ ਭਾਰਤ ਵਿਚਲੀ 'ਹਿੰਦੂ ਬਹੁਗਿਣਤੀ' ਹਾਕਮ ਸ਼੍ਰੇਣੀ ਲਈ ਵਰਦਾਨ ਹੈ, ਜਿਸ ਨੂੰ ਹਿੰਦੂ ਹਿਤ ਦੇ ਨਾਹਰੇ ਹੇਠ ਇਕੱਠਾ ਕਰ ਕੇ ਕਿਸੇ ਵੀ ਹੱਕੀ ਅੰਦੋਲਨ ਵਿਰੁੱਧ ਸੌਖ ਨਾਲ਼ ਹੀ ਵਰਤਿਆ ਜਾ ਸਕਦਾ ਹੈ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਵਿਰੋਧ ਵਿੱਚ ਤਾਂ ਕੁਝ ਕੁ ਜਿਊਂਦੀਆਂ ਜ਼ਮੀਰਾਂ ਨੂੰ ਛੱਡ ਕੇ ਭਾਰਤੀ ਹਕੂਮਤ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਦੇ ਹਿੰਦੂਆਂ ਨੂੰ ਹੀ ਨਹੀਂ, ਬਲਕਿ ਵਧੇਰੇ ਵਿਰੋਧੀ ਸਿਆਸੀ ਪਾਰਟੀਆਂ ਨੂੰ ਵੀ ਲਾਮਬੰਦ ਕਰਨ 'ਚ ਸਫਲ ਹੋ ਗਈ। ਏਨਾ ਹੀ ਨਹੀਂ, ਸਿੱਖ ਕੌਮ ਦੇ ਅੰਦਰੋਂ ਜ਼ਮੀਰ ਫ਼ਰੋਸ਼ ਲੀਡਰਾਂ ਦੀ ਰਹਿੰਦ-ਖੂੰਹਦ ਵੀ ਇੱਕ ਈਰਖਾ ਵੱਸ ਇਸ ਧਰਮੀ ਜਰਨੈਲ ਦੇ ਵਿਰੋਧ 'ਚ ਭੁਗਤ ਗਈ। ਭਰੇ ਹੋਏ

ਦੀਵਾਨਾਂ 'ਚ ਜਦੋਂ ਇਹ ਬੇਪਰਵਾਹ ਗੁਰੂ ਦਾ ਮੁਰੀਦ, ਰੂਹ ਦੀ ਅਵਾਜ਼ ਨਾਲ਼ ਗਾਉਂਦਾ:-

ਇਹ ਪੰਛੀ ਕੱਲ੍ਹਾ ਹੈ,
ਇਹਦੇ ਮਗਰ ਸ਼ਿਕਾਰੀ ਬਹੁਤੇ...।

ਤਾਂ ਇਹ ਸਤਰਾਂ ਰੂਹਾਨੀਅਤ ਦੇ ਡੂੰਘੇ ਅਰਥਾਂ ਦੇ ਨਾਲ਼ ਨਾਲ਼ ਜਿਵੇਂ ਕੌਮ ਦੀ ਇੱਕ ਅੰਤਰੀਵ ਪੀੜ ਦੀ ਦੱਸ ਵੀ ਪਾਉਂਦੀਆਂ ਸਨ। ਮਹਾਨ ਸਿੱਖ ਵਿਦਵਾਨ ਸਿਰਦਾਰ ਕਪੂਰ ਸਿੰਘ ਵੱਲੋਂ ਉਸ ਕੌਮੀ ਨਾਇਕ ਦੇ ਸੰਬੰਧ ਵਿੱਚ ਕੁਝ ਨੌਜਵਾਨਾਂ ਨੂੰ ਕਹੇ ਗਏ ਇਹਨਾਂ ਬੋਲਾਂ:-

"ਓਇ ਮੁੰਡਿਓ, ਤੁਸੀਂ ਤਾਂ ਉਹਦੇ ਤੇ ਆਸਾਂ ਲਾਈ ਬੈਠੇ ਓ, ਪਰ ਉਹ ਹੈ ਤਾਂ ਇਕੱਲਾ ਈ ਐ... ਅਕਾਲੀਆਂ ਨੇ ਉਹਨੂੰ ਮਰਵਾ ਦੇਣੈ..."।

ਦੇ ਵਿੱਚੋਂ ਵੀ ਇਸ ਕੌਮੀ ਪੀੜ ਦੀ ਵਿਆਖਿਆ ਹੀ ਹੁੰਦੀ ਹੈ, ਜਿਸ ਦੀ ਚੀਸ ਅੱਜ ਤਕ ਕੌਮ ਦੀਆਂ ਰਗਾਂ ਵਿੱਚ ਦੌੜਦੀ ਹੈ। ਇਹ ਚੀਸ ਓਦੋਂ ਹੋਰ ਵਧ ਜਾਂਦੀ ਹੈ, ਜਦੋਂ ਵੀ ਸਿੱਖ ਕੌਮ ਤੇ ਕੋਈ ਤਾਜ਼ਾ ਹਮਲਾ ਹੁੰਦਾ ਹੈ ਅਤੇ ਜਦੋਂ ਜਦੋਂ ਪੀੜਿਤ ਸਿੱਖਾਂ ਨੂੰ ਸੰਤ ਜਰਨੈਲ ਸਿੰਘ ਦੀ ਘਾਟ ਮਹਿਸੂਸ ਹੁੰਦੀ ਹੈ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਸ਼ਹਾਦਤ ਸਿੱਖਾਂ ਦੇ ਕੌਮੀ ਅਜ਼ਾਦੀ ਦੇ ਸੰਘਰਸ਼ ਦਾ ਅਹਿਮ ਮੀਲ ਪੱਥਰ ਹੈ, ਪਰ ਇਸ ਦੇ ਬਾਵਜੂਦ ਹਰ ਸਿੱਖ ਨੂੰ ਇਸ ਅਣਖੀਲੇ ਸੰਤ ਦੇ ਵਿਛੋੜੇ ਦੀ ਟੀਸ ਬਹੁਤ ਤੜਫਾਉਂਦੀ ਹੈ। ਪੰਜਾਬ ਦੀ ਸਮੁੱਚੀ ਵਿਰਾਸਤ ਨੂੰ ਦਿਲੋਂ ਪਿਆਰ ਕਰਨ ਵਾਲ਼ਿਆਂ ਨੇ ਤਾਂ ਸੰਤਾਂ ਦੀ ਸ਼ਹੀਦੀ ਸਮੇਂ ਇਸ ਤਰ੍ਹਾਂ ਮਹਿਸੂਸ ਕੀਤਾ, ਜਿਵੇਂ ਪੰਜਾਬ ਦੀ ਧਰਤੀ ਕੋਲ਼ੋਂ ਉਸ ਦਾ ਲੀਡਰ ਖੁੱਸ ਗਿਆ ਹੋਵੇ। ਪੱਛਮੀ ਪੰਜਾਬ ਦੇ ਪ੍ਰਸਿੱਧ ਸ਼ਾਇਰ 'ਅਫ਼ਜ਼ਲ ਅਹਿਸਾਨ ਰੰਧਾਵਾ' ਨੇ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਸਮੇਂ ਜਿਵੇਂ ਪੰਜਾਬ ਦੀ ਧਰਤੀ ਦੇ ਧੁਰ ਅੰਦਰੋਂ ਉੱਠਦੇ ਹੌਕੇ ਤੇ ਵੈਣ ਸੁਣੇ, ਉਹਨਾਂ ਨੂੰ ਕਾਵਿ ਸਤਰਾਂ ਰਾਹੀਂ ਇਸ ਤਰ੍ਹਾਂ ਪ੍ਰਗਟ ਕੀਤਾ:

ਮੇਰਾ ਸ਼ੇਰ ਬਹਾਦਰ ਸੂਰਮਾ, ਜਰਨੈਲਾਂ ਦਾ ਜਰਨੈਲ
ਉਸ ਮੌਤ ਵਿਆਹੀ ਹੱਸ ਕੇ, ਉਹਦੇ ਦਿਲ ਤੇ ਰਤਾ ਨਾ ਮੈਲ।
ਪਰ ਕੋਈ ਨਾ ਉਹਨੂੰ ਬਹੁੜਿਆ, ਉਹਨੂੰ ਵੈਰੀਆਂ ਮਾਰਿਆ ਘੇਰ;
ਉਂਞ ਡੱਕੇ ਰਹਿ ਗਏ ਘਰਾਂ ਵਿੱਚ, ਮੇਰੇ ਲੱਖਾਂ ਪੁੱਤਰ ਸ਼ੇਰ।

ਇਹ ਅਖ਼ੀਰਲੀਆਂ ਦੋ ਕਾਵਿ ਸਤਰਾਂ 'ਚ ਜਿਵੇਂ ਗ਼ੈਰਾਂ ਦੇ ਫ਼ੌਜੀ ਬੂਟਾਂ ਹੇਠ ਲਿਤਾੜੀ ਜਾ ਰਹੀ ਪੰਜਾਬ ਦੀ ਧਰਤੀ ਦੇ ਦਿਲ ਅੰਦਰਲੀ 'ਚੀਸ' ਵਿੱਚੋਂ ਕੁਝ 'ਆਸ' ਵੀ ਟਿਮਟਿਮਾਉਂਦੀ ਦਿਸਦੀ ਹੈ ਕਿ ਇਹਨਾਂ ਲੱਖਾਂ ਪੁੱਤਾਂ ਦੇ ਮੋਢਿਆਂ ਤੇ ਹੁਣ ਅਗਲੀ ਜ਼ਿੰਮੇਵਾਰੀ ਹੈ, ਉਹ ਇਹ ਨਿਭਾਉਣਗੇ। ਇਹ ਟਿਮਟਿਮਾਉਂਦੀ ਆਸ ਓਦੋਂ ਤਕ ਇਹਨਾਂ ਲੱਖਾਂ ਕੌਮੀ ਪੁੱਤਰਾਂ ਲਈ ਇੱਕ 'ਮਿਹਣਾ' ਬਣ ਕੇ ਵਰਤਮਾਨ ਸਫ਼ਰ ਦੇ ਹਰ ਮੋੜ ਤੇ ਖਲੋਤੀ ਰਹੇਗੀ, ਜਦੋਂ ਤਕ ਇਹ ਲੱਖਾਂ ਸ਼ੇਰ ਪੁੱਤਰ ਇਕਮੁੱਠ ਹੋ ਕੇ ਪੰਜਾਬ ਦੀ ਪਾਵਨ ਧਰਤੀ ਉੱਤੇ ਹਿੰਦ ਦੀ ਗ਼ੁਲਾਮੀ ਦੀ ਦੱਸ ਪਾਉਂਦਾ ਸਮੁੱਚਾ ਗੰਦ ਹੂੰਝ ਕੇ ਇਸ ਖਿੱਤੇ ਉੱਪਰ ਫਿਰ ਤੋਂ ਸਿੱਖਾਂ ਦੇ ਵੱਖਰੇ ਤੇ ਸੁਤੰਤਰ ਕੌਮੀ ਘਰ ਦੀ ਸਥਾਪਨਾ ਨਹੀਂ ਕਰ ਦਿੰਦੇ।

****

'ਅਣਖੀਲੇ ਸੰਤ ਸਿਪਾਹੀ ਦੀਆਂ ਕੁਝ ਅਭੁੱਲ ਯਾਦਾਂ'

(ਭਾਈ ਮੋਹਕਮ ਸਿੰਘ ਨੇ ਜਿਵੇਂ ਕੁਝ ਘਟਨਾਵਾਂ ਇਸ ਕਿਤਾਬ ਦੇ ਲੇਖਕ ਨੂੰ ਦੱਸੀਆਂ)

ਇਹ ਸੰਨ 2001 ਦੇ ਅਖ਼ੀਰਲੇ ਮਹੀਨਿਆਂ ਦੀ ਗੱਲ ਹੈ। ਦਮਦਮੀ ਟਕਸਾਲ ਵੱਲੋਂ ਭਾਈ ਮੋਹਕਮ ਸਿੰਘ ਜੀ ਦੀ ਸੰਪਾਦਨਾ ਹੇਠ 'ਖ਼ਾਲਸਾ ਖੰਡੇਧਾਰ' ਮੈਗਜ਼ੀਨ ਕੱਢਿਆ ਜਾਂਦਾ ਸੀ ਅਤੇ ਇਸ ਵਿੱਚ ਮੇਰੇ ਕੁਝ ਕਾਲਮ ਛਪਦੇ ਸਨ। ਇਸ ਸੰਬੰਧ ਵਿੱਚ ਖੰਡੇਧਾਰ ਦਫ਼ਤਰ ਵਿੱਚ ਆਉਣਾ ਜਾਣਾ ਲੱਗਾ ਹੀ ਰਹਿੰਦਾ ਸੀ। ਇੱਕ ਵਾਰ ਦਫ਼ਤਰ ਵਿੱਚ ਬੈਠੇ ਗੱਲਾਂ ਕਰ ਰਹੇ ਸੀ ਕਿ ਭਾਈ ਮੋਹਕਮ ਸਿੰਘ ਜੀ ਨੇ ਸੰਤ ਭਿੰਡਰਾਂਵਾਲ਼ਿਆਂ ਦੀ ਇੱਕ ਗੱਲ ਸੁਣਾਈ। ਉਹ ਗੱਲ ਰੌਚਕ ਹੋਣ ਦੇ ਨਾਲ਼-ਨਾਲ਼ ਡੂੰਘਾ ਇਤਿਹਾਸਕ ਤੇ ਸਿਧਾਂਤਕ ਮਹੱਤਵ ਰੱਖਦੀ ਸੀ। ਮੈਂ ਉਹਨਾਂ ਨੂੰ ਉਹ ਗੱਲ ਲਿਖਣ ਲਈ ਕਿਹਾ, ਪਰ ਉਹਨਾਂ ਨੇ ਸਮੇਂ ਦੀ ਮਜ਼ਬੂਰੀ ਦੱਸੀ। ਫਿਰ ਮੈਂ ਇੱਕ ਫ਼ੈਸਲਾ ਕਰ ਕੇ ਉਹਨਾਂ ਦੀ ਇੱਕ ਲੰਮੀ ਇੰਟਰਵਿਊ ਕੀਤੀ ਅਤੇ ਇਸ ਆਧਾਰ ਤੇ ਉਹਨਾਂ ਦੇ ਦਿਲ 'ਚ ਸਾਂਭੀਆਂ ਪਈਆਂ ਸੰਤ ਜਰਨੈਲ ਸਿੰਘ ਜੀ ਦੀਆਂ 'ਅਭੁੱਲ ਯਾਦਾਂ' ਨੂੰ ਲਿਖਿਆ, ਜੋ ਕਿ ਓਦੋਂ ਛਪੀਆਂ ਵੀ। ਘਲੂਘਾਰਾ ਜੂਨ 1984 ਦੇ ਦਸਤਾਵੇਜ਼ ਵਿੱਚ ਉਸ ਅਣਖੀਲੇ ਜਰਨੈਲ ਦੀ ਸ਼ਖਸੀਅਤ ਦੇ ਝਲਕਾਰੇ ਪਾਠਕਾਂ ਨੂੰ ਵਿਖਾਉਣੇ ਵੀ ਜ਼ਰੂਰੀ ਹਨ, ਇਸ ਕਾਰਨ ਭਾਈ ਮੋਹਕਮ ਸਿੰਘ ਜੀ ਦੀ ਜ਼ਬਾਨੀ ਸੰਤ



ਸੰਨ 2001 ਵਿੱਚ ਖੰਡੇਧਾਰ ਦਫ਼ਤਰ ਵਿੱਚ ਭਾਈ ਮੋਹਕਮ ਸਿੰਘ, ਲੇਖਕ (ਵਿਚਕਾਰ) ਅਤੇ ਬਾਬਾ ਮਾਨੋਚਾਹਲ ਦਾ ਭੁਜੰਗੀ ਹਰਬਿੰਦਰ ਸਿੰਘ

ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਤੇ ਭਾਈ ਅਮਰੀਕ ਸਿੰਘ ਜੀ ਦੀਆਂ ਯਾਦਾਂ ਦੀ ਚੰਗੇਰ ਪਾਠਕਾਂ ਦੇ ਸਨਮੁਖ ਰੱਖ ਰਿਹਾ ਹਾਂ।

(ਲੇਖਕ)

ਖ਼ਾਲਸੇ ਦਾ ਨਿਸ਼ਾਨ ਸਾਹਿਬ ਕੋਈ ਪੁੱਟ ਨਹੀਂ ਸਕਦਾ

ਸ਼ਾਇਦ ਸਿੱਖਾਂ ਦੀ ਨਿਕੰਮੀ ਲੀਡਰਸ਼ਿਪ ਦਾ ਨਾਮ ਸਿੱਖਾਂ ਨੇ 'ਰਵਾਇਤੀ ਅਕਾਲੀ ਲੀਡਰਸ਼ਿਪ' ਵੀ ਇਸੇ ਲਈ ਹੀ ਰੱਖਿਆ ਹੈ ਕਿ ਇਸ ਨੇ ਹਰ ਇੱਕ ਗਹਿਰ-ਗੰਭੀਰ ਸਿੱਖ-ਸਿਧਾਂਤ ਨੂੰ ਇੱਕ ਰਵਾਇਤ ਜਿਹੀ ਹੀ ਬਣਾ ਕੇ ਰੱਖ ਦਿੱਤਾ ਤੇ ਉਸ ਦਾ ਅਸਲ ਮੰਤਵ ਭੁਲਾ ਹੀ ਛੱਡਿਆ। ਨਿਸ਼ਾਨ ਸਾਹਿਬ ਸਿੱਖਾਂ ਦੀ ਤੇਗ਼ ਤੇਗ਼ ਫ਼ਤਹਿ ਅਤੇ ਚੜ੍ਹਦੀ ਕਲਾ ਦਾ ਇੱਕ ਅਜਿਹਾ ਪ੍ਰਤੀਕ ਹੈ, ਜੋ ਕਿਸੇ ਥਾਂ ਤੇ ਜੇਕਰ ਇੱਕ ਵਾਰ ਝੁੱਲ ਜਾਵੇ ਤਾਂ ਦੁਨੀਆ ਦੀ ਵੱਡੀ ਤੋਂ ਵੱਡੀ ਤਾਕਤ ਲਈ ਵੀ ਉਸ ਨੂੰ ਓਥੋਂ ਉਖਾੜਨਾ ਖਾਲ਼ਾ ਜੀ ਦਾ ਵਾੜਾ ਨਹੀਂ ਹੁੰਦਾ, ਪਰ ਅਕਾਲੀਆਂ ਨੇ ਸਿੱਖੀ ਦੀ ਚੜ੍ਹਦੀ ਕਲਾ ਦੇ ਇਸ ਪ੍ਰਤੀਕ ਨੂੰ ਝੁਲਾਉਣਾ ਵੀ ਇੱਕ ਰਵਾਇਤ ਹੀ ਬਣਾ ਲਿਆ ਸੀ; ਉਹ ਵਿਸ਼ੇਸ਼ ਅਕਾਲੀ ਕਾਨਫ਼ਰੰਸਾਂ ਅਤੇ ਸਮਾਗਮਾਂ ਵਿੱਚ ਨਿਸ਼ਾਨ ਸਾਹਿਬ ਝੁਲਾਉਂਦੇ ਤੇ ਸਮਾਗਮ ਤੋਂ ਬਾਅਦ ਆਪ ਹੀ ਓਥੋਂ ਨਿਸ਼ਾਨ ਸਾਹਿਬ ਉਖਾੜ ਦਿੰਦੇ ਸਨ।

ਰਵਾਇਤੀ ਅਕਾਲੀਆਂ ਦੀ ਇਹ ਰਵਾਇਤ ਓਦੋਂ ਡਗਮਗਾਈ, ਜਦੋਂ ਉਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਦਾ 200 ਸਾਲਾ ਜਨਮ ਦਿਨ ਮਨਾਉਣ ਲਈ ਅਮ੍ਰਿਤਸਰ ਅੰਦਰ ਸੰਨ 1980 'ਚ ਕੁਝ ਸਮਾਗਮ ਕੀਤੇ। ਇਸ ਮੌਕੇ ਅਟਾਰੀ ਵਿਚਲੀ ਸ੍ਰ. ਸ਼ਾਮ ਸਿੰਘ ਅਟਾਰੀ ਦੀ ਸਮਾਧ ਤੋਂ ਰਾਮ ਬਾਗ਼ ਅੰਮ੍ਰਿਤਸਰ ਤਕ ਮਾਰਚ ਵੀ ਕੱਢਿਆ ਗਿਆ। ਸ਼ਾਮ ਨੂੰ ਸਮਾਗਮਾਂ ਦੀ ਅਰੰਭਤਾ ਤੋਂ ਪਹਿਲਾਂ 'ਸਮਰ ਪੈਲਸ' (ਸ਼ੇਰੇ ਪੰਜਾਬ ਦਾ ਮਹਿਲ) ਰਾਮ ਬਾਗ਼ ਵਿਖੇ ਮਾਰਚ ਪਹੁੰਚਣ ਤੇ ਨਿਸ਼ਾਨ ਸਾਹਿਬ ਝੁਲਾਇਆ ਗਿਆ। ਇਹ ਨਿਸ਼ਾਨ ਸਾਹਿਬ ਝੁਲਾਉਣ ਦੀ ਰਸਮ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਸਿੱਖ ਪੰਥ ਨੇ ਵੀਹਵੀਂ ਸਦੀ ਦੇ 'ਮਹਾਨ ਸਿੱਖ' ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਹੱਥੀਂ ਅਦਾ ਕਰਵਾਈ। ਨਿਸ਼ਾਨ ਸਾਹਿਬ ਝੁਲਾਉਣ ਮੌਕੇ ਸੰਗਤਾਂ ਵਿੱਚ ਠਾਠਾਂ ਮਾਰਦਾ ਉਤਸ਼ਾਹ ਉਮੜ ਰਿਹਾ ਸੀ।



ਅਚਾਨਕ ਇੱਕ ਖੁੱਲ੍ਹੇ ਦਾੜ੍ਹੇ ਵਾਲ਼ੇ ਬਜ਼ੁਰਗ ਸਿੱਖ ਨੇ ਅੱਖਾਂ ਭਰਦਿਆਂ ਹੋਇਆਂ ਕਿਹਾ:- "ਸੰਤ ਜੀ ! ਇਹਨਾਂ ਅਕਾਲੀਆਂ ਨੇ ਇਹਨਾਂ ਜ਼ਸ਼ਨ-ਸਮਾਗਮਾਂ ਤੋਂ ਬਾਅਦ ਇਹ ਨਿਸ਼ਾਨ ਸਾਹਿਬ ਇੱਥੋਂ ਪੁੱਟ ਕੇ ਲੈ ਜਾਣਾ ਐ ਅਤੇ ਇਹ ਇਹਨਾਂ ਦੀ ਰਵਾਇਤ ਆ।"

ਸੰਤਾਂ ਨੇ ਉਸ ਸਿੱਖ ਬਜ਼ੁਰਗ ਦੇ ਦਰਦ ਭਿੱਜੇ ਬੋਲ ਸੁਣ ਕੇ ਪਹਿਲਾਂ ਹੈਰਾਨ ਤੇ ਫਿਰ ਗੰਭੀਰ ਹੋ ਗਏ। ਫਿਰ ਸੰਤ ਜੀ ਉੱਠੇ ਤੇ ਉਹਨਾਂ ਨੇ ਲਾਊਡ ਸਪੀਕਰ ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ :- "ਮੈਨੂੰ ਨਈਂ ਸੀ ਪਤਾ ਕਿ ਅਕਾਲੀ ਆਗੂ ਅਹਿਮ ਸਮਾਗਮਾਂ ਤੋਂ ਬਾਅਦ ਝੁਲਾਇਆ ਗਿਆ ਨਿਸ਼ਾਨ ਸਾਹਿਬ ਪੁੱਟ ਕੇ ਲੈ ਜਾਂਦੇ ਨੇ, ਜੇ ਇਸ ਤਰ੍ਹਾਂ ਹੀ ਕਰਨਾ ਸੀ ਤਾਂ ਇਹ ਰਸਮ ਮੇਰੇ ਕੋਲ਼ੋਂ ਕਿਉਂ ਅਦਾ ਕਰਵਾਈ ਗਈ ? ਮੈਂ ਅਕਾਲੀ ਆਗੂਆਂ ਅਤੇ ਪੰਜਾਬ ਸਰਕਾਰ ਦੇ ਪ੍ਰਸ਼ਾਸਨ ਨੂੰ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਇਹ ਨਿਸ਼ਾਨ ਸਾਹਿਬ ਇਸੇ ਹੀ ਤਰ੍ਹਾਂ ਇੱਥੇ ਸਦਾ ਝੁੱਲਦਾ ਰਹੇਗਾ; ਜੇ ਕਿਸੇ ਨੇ ਸਿੱਖ ਰਵਾਇਤ ਤੋਂ ਉਲ਼ਟ ਇਸ ਨਿਸ਼ਾਨ ਸਾਹਿਬ ਨੂੰ ਇੱਥੋਂ ਪੁੱਟਣ ਦੀ ਕੋਸ਼ਿਸ਼ ਕੀਤੀ, ਤਾਂ ਉਸ ਪੁੱਟਣ ਵਾਲ਼ੇ ਨੂੰ ਹੀ ਪੁੱਟ ਕੇ ਰੱਖ ਦਿੱਤਾ ਜਾਵੇਗਾ।"

ਸੰਤਾਂ ਦੀ ਇਸ ਤਿੱਖੀ ਤਾੜਨਾ ਦਾ ਹੀ ਸਿੱਟਾ ਸੀ ਕਿ ਸੰਤ ਜਰਨੈਲ ਸਿੰਘ ਜੀ ਦੇ ਹੱਥੀਂ ਝੁੱਲਿਆ ਉਹ ਨਿਸ਼ਾਨ ਸਾਹਿਬ ਅੱਜ ਵੀ ਰਾਮ ਬਾਗ਼ ਅੰਮ੍ਰਿਤਸਰ ਵਿਖੇ ਸ਼ੇਰੇ ਪੰਜਾਬ ਦੇ ਸਮਰ-ਪੈਲਸ ਮਹਿਲ ਦੇ ਸਾਮ੍ਹਣੇ ਝੂਲਦਾ ਹੋਇਆ ਸਿੱਖੀ ਅਣਖ ਦੀ ਦਾਸਤਾਨ ਇੰਝ ਸੁਣਾ ਰਿਹਾ ਹੈ, ਜਿਸ ਤਰ੍ਹਾਂ ਸੰਤ ਜਰਨੈਲ ਸਿੰਘ ਜੀ ਦੀ ਸੋਚ ਤੇ ਜਜ਼ਬਿਆਂ ਦੀ ਛੁਹ ਪ੍ਰਾਪਤ ਨੌਜਵਾਨਾਂ ਦੇ ਇਰਾਦੇ ਰਵਾਇਤੀ ਲੀਡਰਸ਼ਿਪ ਦੇ ਮਾਤਮੀ ਰਾਗਾਂ ਦੇ ਬਾਵਜੂਦ ਚੜ੍ਹਦੀ ਕਲਾ ਵਿੱਚ ਅਡੋਲ ਅਤੇ ਅਡਿੱਗ ਹਨ।

ਇਹੋ ਜਿਹੇ ਪਲ ਕਿਸੇ ਵੀ ਕੌਮ ਦੇ ਨਾ ਮਿਟਣ ਵਾਲ਼ੇ ਸੁਨਿਹਰੇ ਇਤਿਹਾਸ ਦੇ ਪੰਨਿਆਂ ਤੇ ਹਮੇਸ਼ਾਂ ਲਈ ਉਕਰ ਜਾਂਦੇ ਹਨ, ਜਿਸ ਤੋਂ ਕੌਮਾਂ ਸੇਧ ਲੈ ਕੇ ਫ਼ਖ਼ਰ ਤੇ ਮਾਣ ਮਹਿਸੂਸ ਕਰਦੀਆਂ ਹਨ।

(2) ਜਦੋਂ ਦੋ ਜਰਨੈਲਾਂ ਦਾ ਮੇਲ ਹੋਇਆ

ਇਹ ਗੱਲ 1982 ਦੇ ਮੁੱਢਲੇ ਮਹੀਨਿਆਂ ਦੀ ਹੈ। ਉਹਨੀਂ ਦਿਨੀਂ ਸੰਤਾਂ ਨੇ ਭਾਈ ਗੁਰਮੁਖ ਸਿੰਘ ਗੜਵਈ ਨੂੰ ਸ. ਮਨਜੀਤ ਸਿੰਘ ਰਿਟਾ: ਥਾਣੇਦਾਰ ਦੀ ਫ਼ਸਲ ਦੀ ਸਾਂਭ-ਸੰਭਾਲ਼ ਲਈ ਜ਼ਿਲ੍ਹਾ ਗੰਗਾਨਗਰ ਦੇ ਇੱਕ ਪਿੰਡ ਵਿੱਚ ਭੇਜਿਆ ਸੀ। ਇਸ ਲਈ ਮੈਂ ਗੁਰਮੁਖ ਸਿੰਘ ਗੜਵਈ ਦੀ ਗ਼ੈਰ ਹਾਜ਼ਰੀ 'ਚ ਉਹਨਾਂ ਦਿਨਾਂ ਵਿੱਚ ਸੰਤ ਮਹਾਂਪੁਰਸ਼ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਜਲ਼-ਪਾਣੀ ਆਦਿ ਦੀ ਸੇਵਾ ਨਿਭਾ ਰਿਹਾ ਸਾਂ। ਉਹ ਠੰਢ ਦੇ ਦਿਨ ਸਨ, ਸੰਤ ਜੀ ਦਾ ਸਰੀਰ ਕੁਝ ਢਿੱਲਾ ਸੀ ਤੇ ਉਹ ਮਹਿਤੇ ਬਣੇ ਵਿਦਿਆਲੇ ਦੀ ਛੱਤ ਤੇ ਧੁੱਪੇ ਲੇਟੇ ਹੋਏ ਸਨ। ਮੈਂ ਸੇਵਾ ਲਈ ਉਹਨਾਂ ਦੇ ਕੋਲ਼ ਹਾਜ਼ਰ ਸਾਂ। ਇਸ ਵੇਲ਼ੇ ਸੰਤਾਂ ਨੇ ਮੈਨੂੰ ਜਲ਼-ਪਾਣੀ ਲੈਣ ਲਈ ਭੇਜਿਆ।

ਮੈਂ ਜਿਓਂ ਹੀ ਪੌੜੀਆਂ ਉੱਤਰ ਕੇ ਥੱਲੇ ਗਿਆ, ਤਾਂ ਮੈਨੂੰ ਹੇਠਾਂ ਛੇ

ਕੁ ਫੁੱਟ ਦਾ ਇੱਕ ਰੋਹਬਦਾਰ ਅਧਖੜ ਉਮਰ ਦਾ ਸਿੱਖ, ਜਿਸ ਨੇ ਦਾੜ੍ਹੀ ਬੰਨ੍ਹੀ ਹੋਈ ਸੀ, ਓਥੇ ਬੇਚੈਨੀ ਵਿੱਚ ਚਹਿਲ-ਕਦਮੀ ਕਰਦਾ ਦਿੱਸਿਆ। ਮੈਂ ਜਦੋਂ ਉਸ ਤੋਂ ਸੇਵਾ ਪੁੱਛੀ, ਤਾਂ ਉਹ ਦੱਸਣ ਲੱਗਾ ਕਿ "ਮੈਂ ਸੰਤ ਜੀ (ਸੰਤ ਜਰਨੈਲ ਸਿੰਘ ਜੀ) ਨੂੰ ਮਿਲ਼ਣ ਲਈ ਆਇਐਂ, ਪਰ ਹੇਠਲੇ ਸੇਵਾਦਾਰ ਥੋੜ੍ਹੀ ਉਡੀਕ ਕਰਨ ਲਈ ਕਹਿ ਰਹੇ ਨੇ।" ਸੰਤਾਂ ਦੀ ਹਜ਼ੂਰੀ ਵਿੱਚ ਕਿਸੇ ਇਕੱਲੇ ਅਨਜਾਣ ਬੰਦੇ ਨੂੰ ਨਹੀਂ ਸੀ ਭੇਜਿਆ ਜਾਂਦਾ, ਇਸ ਲਈ ਮੈਂ ਉਸ ਛੇ ਫੁੱਟੇ ਸਿੱਖ ਨੂੰ ਥੋੜ੍ਹੀ ਦੇਰ ਰੁਕਣ ਲਈ ਕਹਿ ਕੇ ਸੰਤਾਂ ਲਈ ਜਲ਼ ਪਾਣੀ ਦਾ ਪ੍ਰਬੰਧ ਕਰ ਕੇ ਤੇ ਸੰਤਾਂ ਦੀ ਆਗਿਆ ਨਾਲ਼ ਉਸ ਅਜਨਬੀ ਨੂੰ ਨਾਲ਼ ਲੈ ਕੇ ਸੰਤਾਂ ਦੇ ਕੋਲ਼ ਪਹੁੰਚਿਆ। ਜਦੋਂ ਅਸੀਂ ਦੋਵੇਂ ਪੌੜੀਆਂ ਚੜ੍ਹ ਕੇ ਛੱਤ ਤੇ ਪੁੱਜੇ, ਤਾਂ ਸੰਤ ਜੀ ਉਸੇ ਹੀ ਤਰ੍ਹਾਂ ਧੁੱਪੇ ਵਿਛੇ ਬਿਸਤਰੇ ਤੇ ਲੇਟੇ ਹੋਏ ਸਨ। ਉਹਨਾਂ ਨੇ ਉਸ ਅਜਨਬੀ ਵੱਲ ਸਰਸਰੀ ਨਜ਼ਰ ਮਾਰੀ ਤੇ ਮੁਸਕਰਾ ਕੇ ਕਹਿਣ ਲੱਗੇ:-

"ਆ ਬਈ ਸਿੰਘਾ ! ਆ ਗਿਐਂ ? ਮੈਂ ਤਾਂ ਤੈਨੂੰ ਬੜੇ ਚਿਰ ਤੋਂ ਉਡੀਕਦਾ ਸਾਂ...।"

ਉਹ ਅਜਨਬੀ ਥੋੜ੍ਹਾ ਜਿਹਾ ਹੈਰਾਨ ਹੋਇਆ ਤੇ ਫਿਰ ਇਕਦਮ ਹੀ ਸੰਤਾਂ ਦੇ ਪੈਰ ਛੂਹਣ ਲਈ ਅਹੁਲਿਆ, ਪਰ ਸੰਤਾਂ ਨੇ ਅੱਗੋਂ ਹੀ ਬੋਚ ਕੇ ਉਸ ਨੂੰ ਕਲਾਵੇ ਵਿੱਚ ਲੈ ਲਿਆ। ਅੱਖਾਂ ਭਰ ਕੇ ਉਹ ਅਜਨਬੀ ਕੇਵਲ ਏਨਾ ਹੀ ਬੋਲ ਸਕਿਆ:-

"ਤੁਹਾਡੇ ਦਰਸ਼ਨਾਂ ਦੀ ਮੇਰੀ ਵੀ ਬੜੇ ਚਿਰ ਤੋਂ ਤਾਂਘ ਸੀ... ਮਹਾਂਪੁਰਸ਼ੋ, ਅੱਜ ਹੀ ਸਬੱਬ ਬਣਿਐਂ...।"

ਉਸ ਅਜਨਬੀ ਨੇ ਲੱਕੜ ਦਾ ਇੱਕ ਪਰਸ ਵਾਂਗ ਬਣਿਆ ਛੋਟਾ ਜਿਹਾ ਕੇਸ ਸੰਤਾਂ ਨੂੰ ਪੇਸ਼ ਕਰਦਿਆਂ ਕਿਹਾ:-

"ਇਹ ਆਪ ਜੀ ਲਈ ਇੱਕ ਭੇਟ...।"

ਸੰਤਾਂ ਨੇ ਉਹ ਲੱਕੜ ਦਾ ਕੇਸ ਥੋੜ੍ਹਾ ਜਿਹਾ ਖੋਲ੍ਹ ਕੇ ਵੇਖਿਆ ਤੇ ਹੱਸਦੇ ਹੋਏ ਕਹਿਣ ਲੱਗੇ:-

"ਇਹ ਤਾਂ ਤੁਹਾਡੇ ਵਰਗਿਆਂ ਦੇ ਕੰਮ ਦੀ ਚੀਜ਼ ਹੈ, ਮੈਂ ਇਹ ਕੀ ਕਰਨੈ...।"

"ਨਹੀਂ ਮਹਾਪੁਰਸ਼ੋ... ਇਹ ਤੁਹਾਡੇ ਲਈ ਹੀ ਐ..।" ਜਦੋਂ ਦੁਬਾਰਾ ਉਸ ਨੇ ਕਿਹਾ, ਤਾਂ ਸੰਤਾਂ ਨੇ ਉਹ ਰੱਖ ਲਿਆ ਤੇ ਇੱਕ ਅਜੀਬ ਜਿਹੀ ਮੁਸਕਾਨ ਨਾਲ਼ ਖੁਸ਼ੀ ਜ਼ਾਹਰ ਕੀਤੀ।

ਫਿਰ ਸੰਤ ਜੀ ਉਸ ਅਜਨਬੀ ਨਾਲ਼ ਪੰਥਕ ਹਾਲਾਤਾਂ ਉੱਪਰ ਗੱਲਾਂ ਕਰਨ ਲੱਗ ਪਏ ਤੇ ਮੈਨੂੰ ਸੰਤਾਂ ਨੇ ਉਸ ਲਈ ਜਲ਼-ਪਾਣੀ ਲਿਆਉਣ ਲਈ ਕਿਹਾ। ਮੈਂ ਆਲ਼ਾ-ਦੁਆਲ਼ਾ ਵੇਖਾਂ, ਕਿਉਂਕਿ ਇਸ ਤਰ੍ਹਾਂ ਸੰਤਾਂ ਕੋਲ਼ ਇਕੱਲੇ ਕਿਸੇ ਅਜਨਬੀ ਨੂੰ ਛੱਡ ਕੇ ਜਾਣਾ ਠੀਕ ਨਹੀਂ ਸੀ

ਜਨਰਲ ਸੁਬੇਗ ਸਿੰਘ

ਸਮਝਿਆ ਜਾਂਦਾ; ਪਰ ਮੇਰੀ ਦੋਚਿੱਤੀ ਵੇਖ ਕੇ ਸੰਤ ਜੀ ਕਹਿਣ ਲੱਗੇ:

"ਜਾਹ ਜਾਹ... ਲਿਆ ਜਲ਼-ਪਾਣੀ... ਕੋਈ ਨ੍ਹੀਂ ਇਹ ਆਪਣਾ ਹੀ ਐ...।"

ਹੁਕਮ ਮੰਨ ਕੇ ਮੈਂ ਹੇਠਾਂ ਗਿਆ ਤੇ ਉਸ ਸਿੰਘ ਲਈ ਜਲ਼-ਪਾਣੀ ਦਾ ਪ੍ਰਬੰਧ ਕੀਤਾ। ਸੰਤ ਉਸ ਅਜਨਬੀ ਨਾਲ਼ ਲੰਮਾ ਸਮਾਂ ਗੱਲਬਾਤ ਕਰਦੇ ਰਹੇ। ਫਿਰ ਸੰਤਾਂ ਨੇ ਮੈਨੂੰ ਕਿਹਾ:- "ਜਾਹ ਥੱਲੇ ਜਾ ਕੇ ਇਸ ਸਿੰਘ ਦੇ ਕਮਰੇ ਦਾ ਪ੍ਰਬੰਧ ਕਰ ਕੇ ਆ...।"

ਹੁਕਮ ਮੰਨ ਕੇ ਮੈਂ ਹੇਠਾਂ ਗਿਆ ਤੇ ਇੱਕ ਕਮਰੇ ਦਾ ਪ੍ਰਬੰਧ ਕਰ ਕੇ ਵਾਪਸ ਪਰਤਿਆ। ਸੰਤਾਂ ਪੁੱਛਿਆ:-

"ਕਿੱਥੇ ਕਮਰੇ ਦਾ ਪ੍ਰਬੰਧ ਕੀਤਾ ਈ...?"

ਮੈਂ ਦੱਸਿਆ।

"ਨਹੀਂ...।" ਸੰਤ ਅਸਹਿਮਤੀ ਪ੍ਰਗਟ ਕਰਦੇ ਹੋਏ ਕਹਿਣ ਲੱਗੇ...। "ਹੇਠਾਂ ਜਿਹੜੇ ਦਰਸ਼ਨੀ ਡਿਓੜ੍ਹੀ ਵਿੱਚ ਕਮਰੇ ਆ, ਉਹਨਾਂ 'ਚੋਂ ਇੱਕ ਕਮਰੇ ਦੀ ਚਾਬੀ ਭਾਈ ਸੁਜਾਨ ਸਿੰਘ ਤੋਂ ਲੈ ਕੇ ਆ...।" (ਭਾਈ ਸੁਜਾਨ ਸਿੰਘ ਜੀ ਮਨਾਵਾਂ ਉਹਨੀ ਦਿਨੀਂ ਮਹਿਤੇ ਪ੍ਰਬੰਧਕ ਦੀ ਸੇਵਾ ਨਿਭਾਉਂਦੇ ਸਨ।)

ਮੈਂ ਦੱਸਿਆ ਕਿ "ਉਹ ਸਾਰੇ ਕਮਰੇ ਪਹਿਲਾਂ ਹੀ ਬੁਕ ਨੇ।"

ਸੰਤ ਜੀ ਕਹਿਣ ਲੱਗੇ:- "ਐਂ ਕਰੋ ਗੁਰਮੁਖ ਸਿੰਘ ਗੜਵਈ ਵਾਲ਼ੇ ਕਮਰੇ ਦਾ ਜਿੰਦਰਾ ਤੋੜ ਕੇ ਇਹਨਾਂ ਨੂੰ ਦਿਓ... ਇਹਨਾਂ ਹੁਣ ਇੱਥੇ ਹੀ ਰਹਿਣੈ...।"

ਇਸੇ ਹੀ ਤਰ੍ਹਾਂ ਕੀਤਾ ਗਿਆ। ਉਸ ਅਜਨਬੀ ਲਈ ਕਮਰਾ ਖੋਲ੍ਹ ਦਿੱਤਾ ਗਿਆ ਤੇ ਉਹ ਅਜਨਬੀ ਹੁਣ ਓਥੇ ਦਰਸ਼ਨੀ ਡਿਓੜ੍ਹੀ ਦੇ ਕਮਰੇ ਵਿੱਚ ਰਹਿਣ ਲੱਗ ਪਿਆ। ਮੈਨੂੰ ਕਾਫ਼ੀ ਸਮਾਂ ਬਾਅਦ ਵਿੱਚ ਪਤਾ ਲੱਗਾ ਕਿ ਉਸ ਦਾ ਨਾਂ ਜਨਰਲ ਸੁਬੇਗ ਸਿੰਘ ਹੈ, ਜੋ ਬੰਗਲਾ ਦੇਸ਼ ਵਾਲ਼ੀ ਲੜਾਈ ਦਾ ਛੁਪਿਆ ਰੁਸਤਮ ਹੈ। ਸੰਤਾਂ ਨੂੰ ਲੱਕੜੀ ਦਾ ਜਿਹੜਾ ਕੇਸ ਉਸ ਨੇ ਭੇਟ ਕੀਤਾ ਸੀ, ਉਸ ਵਿੱਚ ਵਿਦੇਸ਼ੀ ਪਿਸਟਲ ਸੀ, ਜਿਹੜਾ ਬੰਗਲਾ ਦੇਸ਼ ਦੀ ਅਜ਼ਾਦੀ ਤੋਂ ਪਿੱਛੋਂ ਓਥੋਂ ਦੀ ਸਰਕਾਰ ਵੱਲੋਂ ਇਨਾਮ ਵਜੋਂ ਜਨਰਲ ਸੁਬੇਗ ਸਿੰਘ ਨੂੰ ਭੇਟ ਕੀਤਾ ਗਿਆ ਸੀ। ਸਿੱਖ ਕੌਮ ਦੇ ਦੋ ਜਰਨੈਲਾਂ ਦੀ ਇਹ ਪਹਿਲੀ ਇਤਿਹਾਸਕ ਮਿਲ਼ਣੀ ਸੀ, ਜਿਸ ਦਾ ਚਸ਼ਮਦੀਦ ਗਵਾਹ ਹੋਣ ਕਰ ਕੇ ਮੇਰੀ ਅਭੁੱਲ ਯਾਦ ਦਾ ਹਿੱਸਾ ਬਣ ਗਿਆ। ਇਸ ਮਿਲ਼ਣੀ ਨੇ ਹੀ ਇਤਿਹਾਸ ਦਾ ਵਹਿਣ ਮੋੜ ਦਿੱਤਾ ਅਤੇ ਪੰਥ ਵਿਰੋਧੀਆਂ ਨੂੰ ਸਿੱਖਾਂ ਦੇ ਜਿਊਂਦੇ ਹੋਣ ਦਾ ਅਹਿਸਾਸ ਕਰਵਾਇਆ।

ਸੰਤਾਂ ਨਾਲ਼ ਇਸ ਪਹਿਲੀ ਮੁਲਾਕਾਤ ਨਾਲ ਜਨਰਲ ਸੁਬੇਗ ਸਿੰਘ ਸੰਤਾਂ ਦਾ ਹੀ ਹੋ ਕੇ ਰਹਿ ਗਿਆ। ਇਸ ਤੋਂ ਬਾਅਦ ਜੇਕਰ ਉਸ ਨੂੰ ਕਦੀ ਸੰਤਾਂ ਤੋਂ ਦੂਰ ਜਾਣਾ ਪਿਆ ਤਾਂ ਉਹ ਸੰਤਾਂ ਤੋਂ ਛੁੱਟੀ ਲੈ ਕੇ ਹੀ ਗਿਆ। ਸੰਤਾਂ ਦੇ ਰਾਹੀਂ ਇਸ ਜਰਨੈਲ ਨੇ ਸਿੱਖ ਪੰਥ ਦੇ ਹਿੱਤਾਂ ਨਾਲ਼ ਪਾਈ ਸਾਂਝ ਨੂੰ ਆਖ਼ਰੀ ਦਮ ਤਕ ਨਿਭਾਇਆ।

(3) ਜਦੋਂ ਸੰਤ ਲੌਂਗੋਵਾਲ਼ ਤੇ ਅਕਾਲੀ ਲੀਡਰਾਂ ਨੇ ਸੰਤ ਜਰਨੈਲ ਸਿੰਘ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਾ ਬਣਨ ਦਿੱਤਾ

ਸਿੱਖਾਂ ਦਾ ਰਾਜ ਖੁੱਸ ਜਾਣ ਪਿੱਛੋਂ ਸਿੱਖਾਂ ਦੇ ਫ਼ੌਜੀ ਗੁਣ ਦੀ ਵਰਤੋਂ ਉਹਨਾਂ ਤਾਕਤਾਂ ਨੇ ਵੀ ਆਪਣੇ ਸਵਾਰਥ ਲਈ ਰੱਜ ਕੇ ਕੀਤੀ, ਜੋ ਜਥੇਬੰਦਕ ਤੌਰ ਤੇ ਸਿੱਖ ਕੌਮ ਨੂੰ ਸਾਹ-ਸਤ ਹੀਣ ਕਰ ਕੇ ਹੀ ਰੱਖਣਾ ਚਾਹੁੰਦੀਆਂ ਸਨ। ਕਿਸੇ ਕੌਮ ਨਾਲ਼ ਸੰਬੰਧ ਰੱਖਣ ਵਾਲ਼ਾ ਫ਼ੌਜੀ ਵਰਗ, ਵੇਖਿਆ ਜਾਵੇ ਤਾਂ ਉਸ ਕੌਮ ਦਾ ਵੀ ਇੱਕ ਵੱਡਾ ਆਸਰਾ ਹੁੰਦਾ ਹੈ, ਬੇਸ਼ੱਕ ਉਹ ਕਿਸੇ ਬੇਗ਼ਾਨੀ ਹਕੂਮਤ ਦੀ ਨੌਕਰੀ ਵੀ ਕਿਉਂ ਨਾ ਕਰ ਰਿਹਾ ਹੋਵੇ। ਹਿੰਦ-ਪਾਕਿ ਵੰਡ ਦੇ ਫ਼ਸਾਦਾਂ ਸਮੇਂ ਸਿੱਖ ਫ਼ੌਜੀਆਂ ਵੱਲੋਂ ਪਾਕਿਸਤਾਨ 'ਚ ਰਹਿ ਗਏ ਹਿੰਦੂ ਸਿੱਖ ਪਰਿਵਾਰਾਂ ਨੂੰ ਸਹੀ ਸਲਾਮਤ ਕੱਢ ਕੇ ਲਿਆਉਣ ਵਿੱਚ ਕਈ ਥਾਂਵਾਂ ਤੇ ਨਿਭਾਈ ਗਈ ਭੂਮਿਕਾ ਭੁਲਾਈ ਨਹੀਂ ਜਾ ਸਕੇਗੀ।

ਸ਼ਾਇਦ ਇਸੇ ਲਈ ਹੀ ਹਿੰਦੁਸਤਾਨ ਦੇ ਨਵੇਂ ਮਾਲਕਾਂ (ਬ੍ਰਾਹਮਣ-ਬਾਣੀਆਂ) ਨੇ ਜਦੋਂ ਸਿੱਖ ਕੌਮ ਨੂੰ ਸਾਹ-ਸਤ ਹੀਣ ਕਰਨ ਦਾ ਮਿਸ਼ਨ ਅਰੰਭਿਆ, ਤਾਂ ਉਹਨਾਂ ਨੇ ਭਾਰਤੀ ਫ਼ੌਜ ਵਿੱਚ ਵੀ ਸਿੱਖਾਂ ਦੀ ਗਿਣਤੀ 40% ਤੋਂ ਘਟਾ ਕੇ 2% ਹੀ ਰਹਿਣ ਦਿੱਤੀ। ਇਸ ਦੋ ਪ੍ਰਤੀਸ਼ਤ ਵਿੱਚ ਵੀ ਪਹਿਲੀ ਫ਼ੌਜੀ ਨੀਤੀ ਦੇ ਬਿਲਕੁਲ ਉਲਟ ਉਹਨਾਂ ਸਿੱਖਾਂ ਨੂੰ ਵਧੇਰੇ ਅਹਿਮੀਅਤ ਤੇ ਤਰੱਕੀ ਦੇ ਮੌਕੇ ਦਿੱਤੇ ਜਾਣ ਲੱਗੇ, ਜਿਹੜੇ ਸਿੱਖ ਧਰਮ, ਗੁਰਮਤਿ ਵਿਚਾਰਧਾਰਾ ਜਾਂ ਸਿੱਖ ਰਹਿਤ ਮਰਯਾਦਾ ਪ੍ਰਤੀ ਬੇਰੁਖੀ ਦਾ ਮੁਜ਼ਾਹਰਾ ਕਰਦੇ ਸਨ। ਇਹਨਾਂ ਯਤਨਾਂ ਵਿੱਚ ਪੈਰ-ਪੈਰ ਤੇ ਸਫਲ ਹੁੰਦੀ ਦਿੱਲੀ ਹਕੂਮਤ ਸ਼ਾਇਦ ਇਹ ਭਰਮ ਪਾਲ ਬੈਠੀ ਸੀ ਕਿ ਜਦੋਂ ਵੀ ਕਦੇ ਦਿੱਲੀ ਹਕੂਮਤ ਤੇ ਸਿੱਖ ਕੌਮ ਆਹਮੋ-ਸਾਮ੍ਹਣੇ ਹੋਏ, ਓਦੋਂ ਸਾਬਕਾ ਸਿੱਖ ਫ਼ੌਜੀ ਦਿੱਲੀ ਹਕੂਮਤ ਦੇ ਪੱਖ ਵਿੱਚ ਵੀ ਭੁਗਤਣਗੇ। ਇਹ ਮਿੱਥ ਭਰਿਆ ਭਰਮ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਧਰਮ-ਯੁੱਧ ਮੋਰਚੇ ਦੌਰਾਨ ਤੋੜਿਆ, ਜਦੋਂ ਉਹਨਾਂ ਦੀ ਇੱਕ ਅਵਾਜ਼ ਤੇ ਇੱਕ ਰਿਟਾਇਰਡ ਜਨਰਲ ਰਾਜਿੰਦਰ ਸਿੰਘ ਸਪੈਰੋ ਨੂੰ ਛੱਡ ਕੇ ਬਾਕੀ ਸਾਰੇ ਰਿਟਾਇਰ ਸਿੱਖ ਫ਼ੌਜੀ ਅਫ਼ਸਰ ਅੰਮ੍ਰਿਤਸਰ ਆਣ ਇਕੱਠੇ ਹੋਏ।

ਦਿੱਲੀ ਹਕੂਮਤ ਦਾ ਪੂਰਾ ਜ਼ੋਰ ਸਿਰਫ਼ ਜਨ. ਰਜਿੰਦਰ ਸਿੰਘ ਸਪੈਰੋ ਨੂੰ ਹੀ ਇਸ ਕਾਨਫ਼ਰੰਸ ਵਿੱਚ ਸ਼ਾਮਲ ਹੋਣੋਂ ਰੋਕ ਸਕਿਆ।

ਸਾਬਕਾ ਸਿੱਖ ਫ਼ੌਜੀ ਅਫ਼ਸਰ ਕੇਵਲ ਇਸ ਕਾਨਫ਼ਰੰਸ ਵਿੱਚ ਸ਼ਾਮਲ ਹੀ ਨਹੀਂ

ਹੋਏ, ਬਲਕਿ ਉਹਨਾਂ ਨੇ ਇਸ ਕਾਨਫ਼ਰੰਸ ਰਾਹੀਂ ਇੱਕ ਅਜਿਹਾ ਇਤਿਹਾਸਕ ਮਤਾ ਵੀ ਕੌਮ ਸਾਹਵੇਂ ਪੇਸ਼ ਕੀਤਾ ਕਿ ਜੇਕਰ ਉਸ ਮੌਕੇ ਅਕਾਲੀ ਲੀਡਰ ਦਿੱਲੀ ਦੀ ਘੁਰਕੀ ਤੋਂ ਡਰ ਕੇ ਬੇਈਮਾਨੀ ਨਾ ਕਰਦੇ, ਤਾਂ ਜ਼ਰੂਰ ਹੀ ਇਤਿਹਾਸ ਦਾ ਵਹਿਣ ਪੰਥ ਦੇ ਸੰਘਰਸ਼ਸ਼ੀਲ ਕਾਫ਼ਲੇ ਦੇ ਰਾਹਾਂ ਵਿੱਚ ਫੁੱਲ ਵਿਛਾਉਂਦਾ ਉਸ ਦੇ ਪਿੱਛੇ-ਪਿੱਛੇ ਤੁਰ ਪੈਂਦਾ। ਪਰ ਆਹ ! ਉਹ ਮੰਦਭਾਗੀ ਹੋਣੀ ਅਜੇ ਵੀ ਕੌਮ ਦੇ ਗਲ਼ੋਂ ਨਹੀਂ ਸੀ ਲਹਿ ਸਕੀ, ਜਿਸ ਦੇ ਵਰਤਣ ਤੇ ਸ਼ਾਹ ਮੁਹੰਮਦ ਨੇ ਹੌਕਾ ਭਰਦਿਆਂ ਲਿਖਿਆ ਸੀ:-

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਹੋਇਆ ਇਸ ਤਰ੍ਹਾਂ ਕਿ ਇਸ ਸਾਬਕਾ ਸਿੱਖ ਫ਼ੌਜੀ ਅਫ਼ਸਰਾਂ ਦੀ ਕਾਨਫ਼ਰੰਸ ਵਿੱਚ ਜਿੱਥੇ ਸਾਰੇ ਸਿੱਖ ਫ਼ੌਜੀ ਅਫ਼ਸਰਾਂ ਨੇ ਧਰਮ ਯੁੱਧ ਮੋਰਚੇ ਦੀ ਪੂਰੀ ਹਮਾਇਤ ਕੀਤੀ, ਓਥੇ ਸਭ ਨੇ ਇੱਕ ਜ਼ਬਾਨ ਹੋ ਕੇ ਇੱਕ ਮਤਾ ਵੀ ਪੇਸ਼ ਕਰ ਦਿੱਤਾ, ਜਿਸ ਦੇ ਸ਼ਬਦ ਸਨ:-

"ਸਤਿਕਾਰਯੋਗ ਜਥੇ: ਗੁਰਦਿਆਲ ਸਿੰਘ ਅਜਨੋਹਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲ ਚਲਾਣਾ ਕਰ ਗਏ ਹਨ ਤੇ ਇਸ ਵੇਲ਼ੇ ਪੰਥ ਨੇ ਭਾਈ ਕਿਰਪਾਲ ਸਿੰਘ ਜੀ ਨੂੰ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੇ ਨਾਲ਼-ਨਾਲ਼ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਵੀ ਆਰਜ਼ੀ ਤੌਰ ਤੇ ਵੇਖਣ ਲਈ ਕਿਹਾ ਹੈ। ਸਾਡਾ ਵਿਚਾਰ ਹੈ ਕਿ ਕਿਉਂ ਨਾ ਇਸ ਖ਼ਾਲੀ ਹੋਈ ਥਾਂ ਤੇ ਇਸ ਅਹੁਦੇ ਦੇ ਪੂਰੀ ਤਰ੍ਹਾਂ ਯੋਗ ਮਰਦ-ਇ-ਮੁਜਾਹਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੂੰ ਨਿਯੁਕਤ ਕਰ ਦਿੱਤਾ ਜਾਵੇ... ਇਸ ਨਾਂ ਤੇ ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਹੋਣ ਲੱਗਾ।"

ਇਸ ਮਤੇ ਦੀ ਤਈਦ ਤੇ ਮੁਜਾਇਦ ਜਨਰਲ ਸੁਬੇਗ ਸਿੰਘ, ਜਨਰਲ ਨਰਿੰਦਰ ਸਿੰਘ ਤੇ ਹੋਰ ਬਹੁਤ ਸਾਰੇ ਸਾਬਕਾ ਫ਼ੌਜੀ ਅਫ਼ਸਰਾਂ ਨੇ ਕੀਤੀ ਤੇ ਫਿਰ ਜੈਕਾਰਿਆਂ ਦੀ ਗੂੰਜ ਵਿੱਚ ਇਹ ਮਤਾ ਪਾਸ ਹੋ ਗਿਆ। ਓਥੇ ਮੌਜੂਦ ਅਕਾਲੀ ਲੀਡਰਾਂ ਨੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਵਿੱਚ ਇਹ ਮਤਾ ਪਾਸ ਕਰਵਾ ਕੇ ਲਾਗੂ ਕਰਨ ਦਾ ਭਰੋਸਾ ਦਿੱਤਾ ਤੇ ਇਹ ਮੀਟਿੰਗ ਬੜੇ ਖੁਸ਼ੀ ਭਰੇ ਮਾਹੌਲ ਵਿੱਚ ਉੱਠੀ।



ਇਸ ਕਾਨਫ਼ਰੰਸ ਪਿੱਛੋਂ ਸਾਰੇ ਪਾਸੇ ਉਤਸ਼ਾਹ ਦਾ ਮਾਹੌਲ ਬਣ ਗਿਆ। ਸੰਤ ਲੌਂਗੋਵਾਲ਼ ਵੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਨਾਲ਼ ਹੀ ਗੁਰੂ ਰਾਮਦਾਸ ਲੰਗਰ ਦੀ ਇਮਾਰਤ ਦੀਆਂ ਪੌੜੀਆਂ ਉੱਤਰਦਿਆਂ ਹੱਸਦੇ ਹੋਏ ਸੰਤ ਜੀ ਨੂੰ ਕਹਿਣ ਲੱਗੇ:-

"ਲਓ ਜੀ ਸਾਨੂੰ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਜਥੇਦਾਰ ਲੱਭ ਗਿਆ ਜੇ...।"

ਸੰਤ ਭਿੰਡਰਾਂਵਾਲ਼ਿਆਂ

ਨੇ ਨਿਮਰਤਾ ਵਿੱਚ ਜਵਾਬ ਦਿੱਤਾ, "ਇਹ ਪਦਵੀ ਤਾਂ ਬਹੁਤ ਉੱਚੀ ਹੈ, ਮੈਂ ਕੀਟ ਇਸ ਦੇ ਕਿੱਥੋਂ ਯੋਗ ਹਾਂ ?"

ਪਰ ਲੰਗਰ ਦੀ ਉਪਰਲੀ ਛੱਤ ਤੇ ਪਾਸ ਹੋਇਆ ਇਹ ਮਤਾ ਹਿੰਦੁਸਤਾਨ ਦੇ ਰਾਜਨੀਤਿਕ ਰੰਗ-ਮੰਚ ਤੇ ਬੰਬ ਵਾਂਗ ਫਟਿਆ ਤੇ ਇਸ ਨੇ ਦਿੱਲੀ ਸਾਮਰਾਜ ਦੇ ਪੈਰੋਕਾਰਾਂ ਦੇ ਹੱਥਾਂ ਦੇ ਤੋਤੇ ਉਡਾ ਦਿੱਤੇ ਸੀ। ਦਿੱਲੀ ਤਖ਼ਤ ਵਾਲ਼ੇ ਪਾਸੇ ਮੱਚੀ ਇਸ ਖਲਬਲੀ ਦਾ ਅਸਰ ਜਦੋਂ ਵਾਹੋ-ਦਾਹੀ ਦੌੜਦਾ ਪੰਜਾਬ ਵਿੱਚ ਦਾਖ਼ਲ ਹੋਇਆ, ਤਾਂ ਸੰਤ ਲੌਂਗੋਵਾਲ਼ ਅਤੇ ਹੋਰ ਰਵਾਇਤੀ ਅਕਾਲੀ ਲੀਡਰਾਂ ਦੇ ਦੰਦ ਦਿਸਣੇ ਬੰਦ ਹੋ ਗਏ ਤੇ ਇਸ ਦੀ ਥਾਂ ਉਹਨਾਂ ਦੀਆਂ ਅੱਖਾਂ ਵਿੱਚ ਤੇ ਚਿਹਰੇ ਉੱਪਰ ਪ੍ਰਗਟ ਹੋਣ ਵਾਲ਼ੇ ਖ਼ੌਫ਼ ਨੇ ਲੈ ਲਈ। ਓਧਰ ਪੰਥ-ਦਰਦੀ ਸ਼ਖ਼ਸੀਅਤਾਂ ਨੇ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਉੱਪਰ ਵੀ ਜ਼ੋਰ ਪਾਉਣਾ ਅਰੰਭ ਕਰ ਦਿੱਤਾ ਕਿ ਉਹ ਪੰਥ ਦੀ ਭਲਾਈ ਨੂੰ ਮੁੱਖ ਰੱਖਦਿਆਂ ਇਹ ਅਹੁਦਾ ਬਿਨਾਂ ਕਿਸੇ ਨਾਂਹ-ਨੁੱਕਰ ਦੇ ਤੁਰੰਤ ਪ੍ਰਵਾਨ ਕਰ ਲੈਣ।

ਪੰਥ ਦਰਦੀਆਂ ਨੇ ਅਕਾਲੀ ਲੀਡਰਾਂ ਤੇ ਵੀ ਜ਼ੋਰ ਪਾਉਣਾ ਅਰੰਭ ਕਰ ਦਿੱਤਾ ਕਿ ਉਹ ਇਸ ਨਿਯੁਕਤੀ ਦਾ ਐਲਾਨ ਕਰਨ। ਘਬਰਾਏ ਹੋਏ ਅਕਾਲੀ ਲੀਡਰਾਂ ਨੇ ਇਹ ਮਤਾ ਐਗਜ਼ੈਕਟਿਵ ਦੀ ਮੀਟਿੰਗ ਵਿੱਚੋਂ ਪਾਸ ਕਰਵਾਉਣ ਦਾ ਬਹਾਨਾ ਲਾ ਦਿੱਤਾ। ਐਗਜ਼ੈਕਟਿਵ ਮੈਂਬਰਾਂ ਤੀਕ ਵੀ ਇਹ ਕਨਸੋਆਂ ਅੱਪੜ ਚੁੱਕੀਆਂ ਸਨ ਤੇ ਉਹਨਾਂ ਮੈਂਬਰਾਂ ਦੇ ਇਸ ਪ੍ਰਤੀ ਹਾਂ-ਪੱਖੀ ਰਵੱਈਏ ਵਿੱਚੋਂ ਜੋ ਕਨਸੋਆਂ ਦਿੱਲੀ ਦੇ ਤਖ਼ਤ ਤੀਕ ਪੁੱਜੀਆਂ, ਉਸ ਨੇ ਉਸ ਤਖ਼ਤ ਦੇ ਝਾੜੂ ਬਰਦਾਰਾਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਆਪਣੇ 'ਵਿਸ਼ੇਸ਼ ਪ੍ਰਭਾਵ' ਵਰਤ ਕੇ ਇਸ 'ਅਣਖੀਲੇ ਸੰਤ' ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਨੋਂ ਰੋਕਣ, ਕਿਉਂਕਿ ਇਸ ਨਾਲ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਿੱਲੀ ਤਖ਼ਤ ਦੇ ਪ੍ਰਭਾਵ ਹੇਠੋਂ ਨਿਕਲ ਜਾਣ ਦਾ ਰਾਹ ਖੁੱਲ੍ਹ ਜਾਣਾ ਸੀ।

"ਅਕਾਲ ਤਖ਼ਤ ਦਾ ਜਥੇਦਾਰ ਸੰਤ ਭਿੰਡਰਾਂਵਾਲਾ ! ਹੁਣ ਕੀ ਕਰੀਏ ?"
ਗੰਭੀਰ ਵਿਚਾਰ ਵਟਾਂਦਰਾ ਕਰਦੇ ਹੋਏ ਟੌਹੜਾ ਤੇ ਲੌਂਗੋਵਾਲ

ਇੱਧਰ ਇਹ ਮਤਾ ਜਿੱਥੇ 'ਹਿੰਦ' ਤੇ 'ਪੰਜਾਬ' ਦੀਆਂ ਦੋ-ਆਹਮੋ-ਸਾਮ੍ਹਣੀਆਂ ਧਿਰਾਂ ਵਿੱਚ ਇੱਕ ਤਲਖ਼ੀ ਭਰੀ ਬੇਚੈਨੀ ਪੈਦਾ ਕਰ ਚੁੱਕਾ ਸੀ, ਓਥੇ ਸੰਤ ਜਰਨੈਲ ਸਿੰਘ ਦੀਆਂ ਕੁਝ ਬਹੁਤ ਹੀ ਨੇੜਲੀਆਂ ਸ਼ਖ਼ਸੀਅਤਾਂ ਨੂੰ ਕੁਝ ਹੋਰ ਕਿਸਮ ਦੇ ਸਵਾਲ ਬੇਚੈਨ ਕਰ ਰਹੇ ਸਨ। ਇਹ ਬੇਚੈਨੀ ਦੂਰ ਕਰਨ ਲਈ ਜਥੇਦਾਰ ਰਾਮ ਸਿੰਘ, ਬਾਬਾ ਠਾਹਰਾ ਸਿੰਘ, ਭਾਈ ਸੁਜਾਨ ਸਿੰਘ, ਭਾਈ ਦਲਬੀਰ ਸਿੰਘ ਧਗਾਣਾ, ਰਾਗੀ ਸੁਰਜੀਤ ਸਿੰਘ ਵਰਗੇ ਸਿੰਘ ਸੰਤ ਜੀ ਨੂੰ ਮਿਲ਼ੇ ਅਤੇ ਮੇਰੇ ਸਾਮ੍ਹਣੇ ਸਾਰਿਆਂ ਸਿੰਘਾਂ ਨੇ ਇੱਕ ਸਾਂਝਾ ਸਵਾਲ ਕੀਤਾ:-

"ਸੰਤ ਜੀ ! ਆਹ ਜਿਹੜਾ ਸਾਬਕਾ ਸਿੱਖ ਫ਼ੌਜੀਆਂ ਵੱਲੋਂ ਮਤਾ ਪਾਸ ਹੋਇਆ ਹੈ, ਸਾਨੂੰ ਇਹਦੇ ਬਾਰੇ ਬੇਚੈਨੀ ਜਿਹੀ ਹੈ ਕਿ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਣ ਗਏ

ਤਾਂ ਇੱਕ ਸੀਮਿਤ ਦਾਇਰੇ ਵਿੱਚ ਤਾਂ ਨਹੀਂ ਬੱਝ ਜਾਓਗੇ ? ਹੁਣ ਤਾਂ ਤੁਸੀਂ ਅਜ਼ਾਦ ਹੋ ਤੇ ਆਪ ਜੀ ਨੂੰ ਘਾਟਾ ਵੀ ਕਿਸੇ ਚੀਜ਼ ਦਾ ਨਹੀਂ ਅਤੇ ਸੰਗਤਾਂ ਆਪ ਜੀ ਨੂੰ ਪਹਿਲਾਂ ਹੀ ਬੇਅੰਤ ਸਤਿਕਾਰ ਦਿੰਦੀਆਂ ਨੇ... ਪਰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣ ਕੇ...?"

ਸੰਤ ਜੀ ਇਹ ਸੁਣ ਕੇ ਕੁਝ ਚਿਰ ਗੰਭੀਰ ਰਹਿਣ ਤੋਂ ਬਾਅਦ ਕਹਿਣ ਲੱਗੇ:-

"ਹਾਂ, ਜੇ ਮੈਂ ਆਪਣੇ ਨਿੱਜੀ ਰੁਤਬੇ ਬਾਰੇ ਸੋਚਾਂ, ਫਿਰ ਤਾਂ ਮੈਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਨ ਦੀ ਕੋਈ ਲੋੜ ਨਹੀਂ, ਪਰ ਜੇਕਰ ਪੰਥ ਦੀ ਭਲਾਈ ਦਾ ਨਿਸ਼ਾਨਾ ਮੁੱਖ ਰੱਖਿਆ ਜਾਵੇ ਤਾਂ ਫਿਰ ਮੇਰੇ ਵੱਲੋਂ ਇਹ ਪੇਸ਼ਕਸ਼ ਠੁਕਰਾਈ ਜਾਣੀ ਠੀਕ ਨਹੀਂ, ਕਿਉਂਕਿ ਇਹ ਸੰਸਥਾ ਤਾਂ ਬਣੀ ਹੀ ਪੰਥ ਦੀ ਹਰ ਪ੍ਰਕਾਰ ਦੀ ਸੇਵਾ ਲਈ ਹੈ। ਜਿਸ ਮੌਕੇ ਪੰਥ ਨੂੰ ਜਿਸ ਤਰ੍ਹਾਂ ਦੀ

ਸੇਵਾ ਦੀ ਲੋੜ ਹੈ, ਓਹੋ ਜਿਹੀ ਸੇਵਾ ਕਰਨੀ ਹੀ ਇਸ ਦੀ ਜ਼ਿੰਮੇਵਾਰੀ ਹੈ, ਬੇਸ਼ੱਕ ਇਸ ਵਾਸਤੇ ਕੋਈ ਵੀ ਮੁਸ਼ਕਲ ਕਿਉਂ ਨਾ ਸਹਾਰਨੀ ਪਵੇ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕੇਵਲ ਸਿਰੋਪੇ ਦੇਣ ਜਾਂ ਲੈਣ ਲਈ ਨਹੀਂ ਬਣਾਇਆ ਜਾਂਦਾ, ਬਲਕਿ ਪੰਥਕ ਹਿੱਤਾਂ ਤੇ ਪ੍ਰੰਪਰਾਵਾਂ ਦੀ ਪਹਿਰੇਦਾਰੀ ਕਰਨੀ ਹੁੰਦੀ ਐ। ਪਹਿਲੀ ਗੱਲ ਤਾਂ ਇਹ ਅਕਾਲੀ ਲੀਡਰ ਮੈਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਾਉਣਗੇ ਹੀ ਨਹੀਂ, ਤੇ ਜੇ ਗੁਰੂ ਸਾਹਿਬ ਨੇ ਇਹ ਸੇਵਾ ਲੈਣੀ ਹੋਈ ਤਾਂ ਦਾਸ ਗੁਰੂ ਸਾਹਿਬ ਵੱਲੋਂ ਦੱਸੇ ਸਿਧਾਂਤਾਂ ਤੇ ਦ੍ਰਿੜ੍ਹਤਾ ਨਾਲ਼ ਪਹਿਰਾ ਦੇਣ ਦਾ ਯਤਨ ਕਰੇਗਾ ਤੇ ਅਜਿਹੀ ਸੇਵਾ ਨੂੰ ਇਤਿਹਾਸ ਆਪਣੇ ਪੰਨਿਆਂ ਤੇ ਸਾਂਭ ਕੇ ਰੱਖੇਗਾ...।"

ਸਿੰਘਾਂ ਦੀ ਇਹ ਸੁਣ ਕੇ ਤਸੱਲੀ ਹੋ ਗਈ।

ਓਧਰ ਘਬਰਾਏ ਹੋਏ ਅਕਾਲੀ ਲੀਡਰਾਂ ਨੂੰ ਇਹ ਸੁੱਝ ਨਹੀਂ ਸੀ ਰਿਹਾ ਕਿ ਸੰਤ ਜਰਨੈਲ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕਰਨ ਦਾ ਫ਼ੈਸਲਾ ਕਿਵੇਂ

ਟਾਲਿਆ ਜਾਵੇ। ਸੰਤ ਲੌਂਗੋਵਾਲ ਨੂੰ ਜਦੋਂ ਆਪਣੇ ਮਖੌਲ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਲੱਭ ਲੈਣ ਦੀ ਗੱਲ ਉਪਰੰਤ ਸੰਤਾਂ ਦੀ ਪ੍ਰਤੀਕ੍ਰਿਆ ਯਾਦ ਆਉਂਦੀ ਤਾਂ ਉਹਨਾਂ ਨੂੰ ਉਮੀਦ ਬੱਝਦੀ ਸੀ ਕਿ ਸੰਤ ਖ਼ੁਦ ਹੀ ਇਹ ਅਹੁਦਾ ਕਬੂਲਣੋਂ ਨਾਂਹ ਕਰ ਦੇਣਗੇ। ਇਸ ਲਈ ਉਹ ਇਲਜ਼ਾਮ ਆਪਣੇ ਸਿਰ ਲੈਣੋਂ ਬਚਣ ਅਤੇ ਇਸ ਬਾਰੇ ਸੰਤਾਂ ਦਾ ਇਰਾਦਾ ਪੁੱਛਣ ਲਈ ਤੁਰੰਤ ਹੀ ਉਹਨਾਂ ਨੂੰ ਗੁਰੂ ਨਾਨਕ ਨਿਵਾਸ ਵਿਖੇ ਜਾ ਮਿਲ਼ੇ। ਹੁਣ ਤੀਕ ਸੰਤ ਜਰਨੈਲ ਸਿੰਘ ਜੀ ਇਸ ਮੁੱਦੇ ਤੇ ਕਾਫ਼ੀ ਸੋਚ-ਵਿਚਾਰ ਕਰ ਚੁੱਕੇ ਸਨ, ਸੋ ਉਹਨਾਂ ਨੇ ਪੰਥ ਦੇ ਫ਼ੈਸਲੇ ਸਾਹਵੇਂ ਸਿਰ ਝੁਕਾਉਣ ਦੀ ਤਸੱਲੀ ਦੇ ਕੇ ਅਕਾਲੀ ਲੀਡਰਾਂ ਨੂੰ ਵਾਪਸ ਤੋਰ ਦਿੱਤਾ।

ਹੁਣ ਅਕਾਲੀ ਲੀਡਰਾਂ ਦੇ ਹੱਥ ਪੈਰ ਫੁੱਲ ਗਏ। ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਤਾਂ ਪਹਿਲਾਂ ਹੀ ਸੰਤ ਜਰਨੈਲ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕਰਨ ਲਈ ਤਿਆਰ ਹੀ ਨਹੀਂ, ਸਗੋਂ ਉਤਸ਼ਾਹ ਵਿੱਚ ਸਨ; ਪਰ ਅਕਾਲੀ ਲੀਡਰਾਂ ਲਈ 'ਪੰਥ ਦੇ ਜੋਸ਼' ਦੀ ਮਹੱਤਤਾ ਦੀ ਬਜਾਏ 'ਦਿੱਲੀ ਦੀ ਕਰੋਪੀ' ਦਾ ਡਰ ਵਧੇਰੇ ਧਿਆਨ ਵਿੱਚ ਰੱਖਣ ਵਾਲਾ ਵਿਸ਼ਾ ਸੀ। ਦਿੱਲੀ ਦੇ ਸਫ਼ਦਰਜੰਗ ਰੋਡ ਤੋਂ ਲੈ ਕੇ ਤੇਜਾ ਸਿੰਘ ਸਮੁੰਦਰੀ ਹਾਲ ਤੀਕ ਟੈਲੀਫ਼ੂਨ ਦੀਆਂ ਤਾਰਾਂ ਇਸ ਵਿਸ਼ੇ ਤੇ ਕਈ-ਕਈ ਘੰਟੇ ਆਪਸ ਵਿੱਚ ਰੁੱਝੀਆਂ ਰਹਿੰਦੀਆਂ ਸਨ। ਸੰਤ ਲੌਂਗੋਵਾਲ਼ ਤੇ ਅਕਾਲੀ ਲੀਡਰਸ਼ਿਪ ਨੇ ਪ੍ਰਵਾਨਗੀ ਦੀ ਆਸ ਤੋਂ ਬਿਨਾਂ ਐਗਜ਼ੈਕਟਿਵ ਦੀ ਮੀਟਿੰਗ ਵਿੱਚ ਪਾਸ ਕਰਵਾਏ... ਰਾਤ ਦੇ ਗਿਆਰਾਂ ਵਜੇ ਦਰਬਾਰ ਸਾਹਿਬ ਦੇ ਹੈੱਡ ਗਰੰਥੀ ਗਿਆਨੀ ਕਿਰਪਾਲ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਅਤੇ ਉਹਨਾਂ ਦੀ ਥਾਂ ਭਾਈ ਸਾਹਿਬ ਸਿੰਘ ਨੂੰ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨਿਯੁਕਤ ਕਰ ਦਿੱਤਾ।

ਕੋਈ ਸ਼ੱਕ ਨਹੀਂ ਕਿ ਜੇਕਰ ਓਦੋਂ ਅਕਾਲੀ ਲੀਡਰ ਦਿੱਲੀ ਦੀ ਘੁਰਕੀ ਤੋਂ ਡਰ ਕੇ ਜਾਂ ਕਾਂਗਰਸ ਨਾਲ਼ ਅੰਦਰ-ਖਾਤੇ ਹੋ ਰਹੇ ਸਮਝੌਤੇ ਨੂੰ ਸਿਰੇ ਚਾੜ੍ਹਨ ਤੇ ਪੰਜਾਬ ਵਿੱਚ ਅਕਾਲੀ ਸਰਕਾਰ ਬਣਾਉਣ ਲਈ ਆਪਣੀ ਬੁਰਕੀ ਦੇ ਫ਼ਿਕਰ ਵਿੱਚ ਸਮੁੱਚੇ ਪੰਥ ਦੇ ਇਸ ਫ਼ੈਸਲੇ ਵਿਰੁੱਧ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਣਨ ਦੇ ਰਾਹ ਵਿੱਚ ਰੁਕਾਵਟ ਨਾ ਬਣਦੇ, ਤਾਂ ਜਿੱਥੇ ਸਿੱਖਾਂ ਦੇ ਧਰਮ ਤੇ ਹਾਵੀ ਹੋ ਚੁੱਕੀ ਰਾਜਨੀਤੀ ਫਿਰ ਧਰਮ ਦੇ ਕੁੰਡੇ ਥੱਲੇ ਕਾਬੂ ਵਿੱਚ ਆ ਜਾਂਦੀ, ਓਥੇ ਸ਼ਾਇਦ ਇੰਦਰਾ ਗਾਂਧੀ ਦਾ ਦਰਬਾਰ ਸਾਹਿਬ ਤੇ ਟੈਂਕ ਚੜ੍ਹਾਉਣ ਦਾ ਹੀਆ ਵੀ ਨਾ ਪੈਂਦਾ, ਕਿਉਂਕਿ ਪੰਥ ਦੇ ਚੁਣੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ 'ਮੁੱਠੀ ਭਰ ਅੱਤਵਾਦੀਆਂ ਦਾ ਨੇਤਾ' ਸਿੱਧ ਕਰਨਾ ਅਸੰਭਵ ਹੁੰਦਾ।



(4) ਭਾਈ ਅਮਰੀਕ ਸਿੰਘ ਜੀ ਦੀ ਇੱਕ ਯਾਦ

ਛੋਟੀ ਉਮਰ ਵਿੱਚ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਕੋਲ਼ ਆ ਕੇ ਦਮਦਮੀ ਟਕਸਾਲ ਤੋਂ ਵਿੱਦਿਆ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ ਸੀ। ਸੰਤ ਜੀ ਦੇ ਵੱਡੇ ਸਪੁੱਤਰ ਸ਼ਹੀਦ ਭਾਈ ਅਮਰੀਕ ਸਿੰਘ ਜੀ, ਜਿਨ੍ਹਾਂ ਦਾ ਨਾਮ ਸੰਤ ਜੀ, ਹਰਭਜਨ ਸਿੰਘ ਜੀ ਲੈ ਕੇ ਬੁਲਾਇਆ ਕਰਦੇ ਸਨ, ਮੇਰਾ ਉਹਨਾਂ ਨਾਲ਼ ਬਹੁਤ ਪਿਆਰ ਸੀ। ਸੰਤਾਂ ਦਾ

ਪਿੰਡ ਭੂਰਾ ਕੋਹਨਾ ਮੇਰੇ ਪੁਰਾਣੇ ਪਿੰਡ ਮਹਿੰਦੀਪੁਰ ਦੇ ਨੇੜੇ ਹੀ ਸੀ। ਭਾਈ ਅਮਰੀਕ ਸਿੰਘ ਜੀ ਦਾ ਵਿਆਹ ਪਿੰਡ ਧੀਰਾ-ਪੱਤਰਾ (ਨੇੜੇ ਫ਼ਿਰੋਜ਼ਪੁਰ) ਵਿੱਚ ਹੋਇਆ ਸੀ, ਜਿਹੜਾ ਕਿ ਸਾਡਾ ਮੌਜੂਦਾ ਪਿੰਡ ਹੈ। ਭਾਈ ਸਾਹਿਬ ਜੀ ਬੜੇ ਮਿਲਾਪੜੇ, ਠਰ੍ਹੰਮੇ ਵਾਲ਼ੇ ਤੇ ਸਿਆਣੀ ਕਿਸਮ ਦੇ ਇਨਸਾਨ ਸਨ। ਉਹ ਹਮੇਸ਼ਾ ਜਥੇ ਵਿੱਚ ਪੜ੍ਹ ਰਹੇ ਸਿੰਘਾਂ ਤੇ ਭੁਝੰਗੀਆਂ ਨਾਲ਼ ਬਹੁਤ ਪਿਆਰ ਕਰਿਆ ਕਰਦੇ ਸਨ। ਉਹਨਾਂ ਦੇ ਮਨ ਵਿੱਚ ਕਦੇ ਵੀ ਇਹ ਹੰਕਾਰ ਵੇਖਣ ਵਿੱਚ ਨਹੀਂ ਆਇਆ ਕਿ ਉਹ ਸੰਤ ਕਰਤਾਰ ਸਿੰਘ ਜੀ ਦੇ ਸਪੁੱਤਰ ਹਨ। ਉਹਨਾਂ ਦੇ ਜੀਵਨ ਦੀਆਂ ਅਣਗਿਣਤ ਘਟਨਾਵਾਂ ਹਨ, ਪਰ ਉਹਨਾਂ ਦੀ ਇੱਕ ਯਾਦ ਨੂੰ ਸਾਂਝੀ ਕਰਾਂਗਾ।

ਭਾਈ ਅਮਰੀਕ ਸਿੰਘ ਜੀ ਤੇ ਬਾਬਾ ਠਾਹਰਾ ਸਿੰਘ ਜੀ ਦੀ ਗ੍ਰਿਫ਼ਤਾਰੀ 19 ਜੁਲਾਈ 1982 ਨੂੰ ਹੋਈ ਸੀ। ਇਹ ਗ੍ਰਿਫ਼ਤਾਰੀ ਓਦੋਂ ਹੋਈ, ਜਦੋਂ ਉਹ ਭਾਈ ਅਜਾਇਬ ਸਿੰਘ ਮਹਿਤਾ, ਭਾਈ ਜਗੀਰ ਸਿੰਘ ਮਹੰਤ ਤੇ ਭਾਈ ਨੰਦ ਸਿੰਘ ਜੀ ਦੀ ਗ੍ਰਿਫ਼ਤਾਰੀ ਦੇ ਸੰਬੰਧ ਵਿੱਚ ਉੱਚ ਅਧਿਕਾਰੀਆਂ ਨੂੰ ਮਿਲਣ ਅੰਮ੍ਰਿਤਸਰ ਗਏ ਸਨ। ਕੁਦਰਤੀ ਉਸ ਮੌਕੇ ਓਥੇ ਪੰਜਾਬ ਦੇ ਰਾਜਪਾਲ 'ਚੈਨਾ ਰੈਡੀ' ਸਰਕਟ ਹਾਊਸ ਅੰਮ੍ਰਿਤਸਰ ਵਿਖੇ ਠਹਿਰੇ ਹੋਏ ਸਨ ਅਤੇ ਉੱਚ ਅਧਿਕਾਰੀ ਵੀ ਉਸ ਸਮੇਂ ਰਾਜਪਾਲ ਕੋਲ਼ ਸਰਕਟ ਹਾਊਸ ਵਿੱਚ ਹਾਜ਼ਰ ਸਨ।

ਭਾਈ ਸਾਹਿਬ ਨੇ ਸਰਕਟ ਹਾਊਸ ਵਿੱਚ ਪਹੁੰਚ ਕੇ ਪੰਜਾਬ ਦੇ ਗਵਰਨਰ ਨਾਲ਼ ਉਪਰੋਕਤ ਸਿੰਘਾਂ ਦੀ ਗ੍ਰਿਫ਼ਤਾਰੀ ਤੇ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਦੀ ਸਰਕਾਰ ਵੱਲੋਂ ਸਿੱਖਾਂ ਨਾਲ਼ ਕੀਤੀ ਜਾ ਰਹੀ ਧੱਕਾ-ਜ਼ੋਰੀ ਦਾ ਖੁੱਲ੍ਹ ਕੇ ਖ਼ੁਲਾਸਾ ਕੀਤਾ। ਸਰਕਾਰ ਨੂੰ ਇਹਨਾਂ ਕੋਝੀਆਂ ਹਰਕਤਾਂ ਨੂੰ ਰੋਕਣ ਲਈ ਭਾਈ ਸਾਹਿਬ ਵੱਲੋਂ ਨਿਡਰਤਾ ਨਾਲ਼ ਕਹੇ ਹੋਏ ਸ਼ਬਦਾਂ ਤੋਂ ਰਾਜਪਾਲ ਨੇ ਤੈਸ਼ ਵਿੱਚ ਆ ਕੇ ਭਾਈ ਸਾਹਿਬ ਦੀ ਗ੍ਰਿਫ਼ਤਾਰੀ ਦਾ ਉੱਚ ਅਫ਼ਸਰਾਂ ਨੂੰ ਇਸ਼ਾਰਾ ਕਰ ਦਿੱਤਾ। ਸੱਚ ਕਹਿਣਾ ਤੇ ਸੱਚ ਨੂੰ ਮੂੰਹ ਤੇ ਸੁਣਨਾ ਬੜਾ ਔਖਾ ਹੁੰਦਾ ਹੈ। ਇਸ ਲਈ ਰਾਜਪਾਲ ਸੱਚ ਸੁਣ ਕੇ ਖਿੱਝ ਗਿਆ ਸੀ। ਭਾਈ ਸਾਹਿਬ ਜੀ ਤੇ ਬਾਬਾ ਠਾਹਰਾ ਸਿੰਘ ਜੀ ਨੂੰ ਐਨ.ਐਸ.ਏ. ਲਾ ਕੇ ਨਜ਼ਰਬੰਦ ਕਰ ਦਿੱਤਾ ਗਿਆ। ਲੰਮਾ ਸਮਾਂ ਜੇਲ੍ਹ ਵਿੱਚ ਰਹਿਣ ਦੌਰਾਨ ਫ਼ੈਡਰੇਸ਼ਨ

ਦੀ ਸਾਰੀ ਜ਼ਿੰਮੇਵਾਰੀ ਭਾਈ ਹਰਮਿੰਦਰ ਸਿੰਘ ਸੰਧੂ (ਫ਼ੈਡਰੇਸ਼ਨ ਦੇ ਜਨਰਲ ਸਕੱਤਰ) ਦੇ ਮੋਢਿਆਂ ਤੇ ਆ ਪਈ, ਜਿਸ ਨੇ ਧਰਮ-ਯੁੱਧ ਮੋਰਚੇ ਦੌਰਾਨ ਸੰਤ ਭਿੰਡਰਾਂਵਾਲਿਆਂ ਦੀ ਸੁਯੋਗ ਅਗਵਾਈ ਵਿੱਚ ਇਸ ਸੇਵਾ ਨੂੰ ਪੂਰੀ ਤਨਦੇਹੀ ਨਾਲ਼ ਨਿਭਾਇਆ। ਜਦੋਂ ਭਾਈ ਸਾਹਿਬ ਰਿਹਾਅ ਹੋ ਕੇ ਬਾਹਰ ਆਏ, ਤਾਂ ਲਗਭਗ ਦੋ ਕੁ ਮਹੀਨੇ ਬਾਅਦ ਦੀ ਗੱਲ ਹੈ, ਮੈਂ ਇੱਕ ਦਿਨ ਲੰਗਰ ਹਾਲ ਦੇ ਉੱਪਰ ਟੈਂਟਾਂ ਦੇ ਬਣਾਏ ਆਰਜ਼ੀ ਕਮਰੇ ਵਿੱਚ ਲੰਮਾ ਪਿਆ ਸੀ ਕਿ ਨੇੜੇ ਹੀ ਭਾਈ ਸਾਹਿਬ ਜੀ ਦੇ ਨਾਲ਼ ਕੁਝ ਫ਼ੈਡਰੇਸ਼ਨ ਦੇ ਆਗੂ ਗੱਲਾਂ ਕਰ ਰਹੇ ਸਨ, ਜਿਨ੍ਹਾਂ ਵਿੱਚ ਭਾਈ ਸਾਹਿਬ ਦੇ ਨਜ਼ਦੀਕੀ ਸੱਜਣ ਤੇ ਪਰਿਵਾਰਕ ਮੈਂਬਰ ਵੀ ਸਨ। ਇਹ ਸਾਰੇ ਭਾਈ ਸਾਹਿਬ ਜੀ ਨੂੰ ਕਹਿਣ ਲੱਗੇ:- "ਅਸੀਂ ਤੁਹਾਡੇ ਨਾਲ਼ ਇੱਕ ਜ਼ਰੂਰੀ ਗੱਲ ਕਰਨੀ ਹੈ।" ਭਾਈ ਸਾਹਿਬ ਨੇ ਕਿਹਾ:- "ਦੱਸੋ ਕੀ ਗੱਲ ਹੈ?" ਤਾਂ ਉਹਨਾਂ ਸਾਰਿਆਂ ਨੇ ਭਾਈ ਸਾਹਿਬ ਨੂੰ ਕਿਹਾ:-

"ਤੁਸੀਂ ਫ਼ੈਡਰੇਸ਼ਨ ਦੇ ਪ੍ਰਧਾਨ ਹੋ, ਇੱਕ ਗੱਲ ਦਾ ਖ਼ਾਸ ਧਿਆਨ ਰੱਖਣਾ ਕਿ ਬਾਕੀ ਸਾਰੀਆਂ ਫ਼ੈਡਰੇਸ਼ਨ ਦੀਆਂ ਇਕਾਈਆਂ ਦੀ ਪ੍ਰਧਾਨਗੀ ਜਿਸ ਨੂੰ ਮਰਜ਼ੀ ਦੇ ਦੇਵੋ, ਪਰ ਅੰਮ੍ਰਿਤਸਰ ਜ਼ਿਲ੍ਹੇ ਦੀ ਪ੍ਰਧਾਨਗੀ ਆਪਣੇ ਕਿਸੇ ਖ਼ਾਸ ਵਿਅਕਤੀ (ਯਾਨੀ ਕਿ ਕਿਸੇ ਰਿਸ਼ਤੇਦਾਰ) ਨੂੰ ਹੀ ਦੇਣੀ ਚਾਹੀਦੀ ਹੈ।"

ਉਸ ਮੌਕੇ ਭਾਈ ਹਰਪ੍ਰੀਤ ਸਿੰਘ ਜੀ ਵਿਛੋਹਾ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਸਨ, ਜੋ ਕਿ ਭਾਈ ਹਰਮਿੰਦਰ ਸਿੰਘ ਜੀ ਸੰਧੂ ਦੇ ਨਜ਼ਦੀਕੀਆਂ ਸਾਥੀਆਂ 'ਚੋਂ ਸਨ ਅਤੇ ਉਸ ਨੂੰ ਬਦਲ ਕੇ ਭਾਈ ਕੇਵਲ ਸਿੰਘ ਭੂਰਾ ਕੋਹਨਾ ਨੂੰ ਪ੍ਰਧਾਨ ਬਣਾਉਣ ਲਈ ਹੀ ਇਸ ਮੌਕੇ ਤੇ ਭਾਈ ਸਾਹਿਬ ਨੂੰ ਮਨਾਇਆ ਜਾ ਰਿਹਾ ਸੀ। ਭਾਈ ਸਾਹਿਬ ਕੁਝ ਸਮਾਂ ਬੜੇ ਗੰਭੀਰ ਹੋ ਕੇ ਬੈਠੇ ਰਹੇ ਤੇ ਬੜੇ ਹੀ ਠਰ੍ਹੰਮੇ ਨਾਲ਼ ਕਹਿਣ ਲੱਗੇ, "ਮੇਰੇ ਭਰਾਵੋ ! ਮੈਂ ਤੁਹਾਡੇ ਨਾਲ਼ ਬਿਲਕੁਲ ਸਹਿਮਤ ਹਾਂ ਕਿ ਆਪਾਂ ਨੂੰ ਅੰਮ੍ਰਿਤਸਰ ਜ਼ਿਲ੍ਹੇ ਦਾ ਪ੍ਰਧਾਨ ਆਪਣਾ ਨਿੱਜੀ ਵਿਅਕਤੀ ਹੀ ਬਣਾਉਣਾ ਚਾਹੀਦਾ ਹੈ, ਤੇ ਆਪਾਂ ਫ਼ੈਡਰੇਸ਼ਨ ਦੇ ਬਾਕੀ ਸਾਰਿਆਂ ਆਗੂਆਂ ਦੀ ਮੀਟਿੰਗ ਸੱਦ ਕੇ ਅੰਮ੍ਰਿਤਸਰ ਜ਼ਿਲ੍ਹੇ ਦੀ ਪ੍ਰਧਾਨਗੀ ਆਪਣੇ ਖ਼ਾਸ ਵਿਅਕਤੀ ਲਈ ਝੋਲ਼ੀ ਅੱਡ ਕੇ ਮੰਗ ਲੈਂਦੇ ਆਂ...।"

ਇਹ ਸ਼ਬਦ ਕਹਿ ਕੇ ਭਾਈ ਸਾਹਿਬ ਨੇ ਧਿਆਨ ਨਾਲ਼ ਉਹਨਾਂ ਸਾਰਿਆਂ ਵੱਲ ਵੇਖਿਆ। ਉਹ ਇਹ ਸੁਣ ਕੇ ਖ਼ੁਸ਼ ਹੋ ਗਏ ਸਨ; ਇਹੀ ਮੌਕਾ ਸੀ, ਜਦੋਂ ਭਾਈ ਸਾਹਿਬ ਨੇ ਆਪਣੀ ਗੱਲ ਇਹ ਕਹਿ ਕੇ ਖ਼ਤਮ ਕੀਤੀ:-

"...ਆਪਾਂ ਨੂੰ ਤਾਂ ਜ਼ਿਲ੍ਹਾ ਅੰਮ੍ਰਿਤਸਰ ਦੀ ਪ੍ਰਧਾਨਗੀ ਹੀ ਚਾਹੀਦੀ ਐ ਨਾ, ਉਹ ਤਾਂ ਮੈਂ ਆਪਣੇ ਸਾਥੀਆਂ ਤੋਂ ਝੋਲ਼ੀ ਅੱਡ ਕੇ ਮੰਗ ਲਵਾਂਗਾ, ਪਰ ਜੋ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਕੌਮੀ ਪ੍ਰਧਾਨਗੀ ਹੈ, ਉਹ ਆਪਾਂ ਕਿਸੇ ਹੋਰ ਗੁਰਮੁਖ ਤੇ ਯੋਗ ਸੱਜਣ ਨੂੰ ਸੌਂਪ ਦਿੰਦੇ



ਹਾਂ।"

ਭਾਈ ਸਾਹਿਬ ਦੇ ਇਹ ਸ਼ਬਦ ਸੁਣ ਕੇ ਉਪਰੋਕਤ ਵਿਅਕਤੀ ਹੱਕੇ-ਬੱਕੇ ਰਹਿ ਗਏ। ਹੁਣ ਭਾਈ ਸਾਹਿਬ ਨੇ ਕਿਹਾ, "ਕੁਝ ਸ਼ਰਮ ਕਰੋ। ਵਰਕਰਾਂ ਨੇ ਤਾਂ ਸਾਨੂੰ ਸਮੁੱਚੀ ਫ਼ੈਡਰੇਸ਼ਨ ਦੀ ਪ੍ਰਧਾਨਗੀ ਦਿੱਤੀ ਹੈ, ਉਸ ਨਾਲ਼ ਸਾਨੂੰ ਰੱਜ ਨ੍ਹੀਂ ਆਇਆ ? ਉਹਨਾਂ ਦੇ ਧੰਨਵਾਦੀ ਹੋਣ ਦੀ ਬਜਾਏ ਇੱਕ ਜ਼ਿਲ੍ਹੇ ਦੀ ਪ੍ਰਧਾਨਗੀ ਮੰਗ ਰਹੇ ਹੋ ? ਮੈਂ ਫ਼ੈਡਰੇਸ਼ਨ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਰਿਹਾ ਹਾਂ ਅਤੇ ਇੱਕ ਨਿਮਾਣਾ ਵਰਕਰ ਬਣ ਕੇ ਫ਼ੈਡਰੇਸ਼ਨ ਦੀ ਸੇਵਾ ਕਰਦਾ ਰਹਾਂਗਾ, ਤੇ ਅੰਮ੍ਰਿਤਸਰ ਜ਼ਿਲ੍ਹੇ ਦੀ ਪ੍ਰਧਾਨਗੀ ਤੁਹਾਨੂੰ ਮੁਬਾਰਕ ਹੋਵੇ।"

ਇਹ ਸੁਣ ਕੇ ਸ਼ਰਮਿੰਦੇ ਹੋਏ ਸਾਰਿਆਂ ਨੇ ਮਾਫ਼ੀ ਮੰਗ ਕੇ ਭਾਈ ਸਾਹਿਬ ਤੋਂ ਭੁੱਲ ਬਖ਼ਸ਼ਵਾਈ।

ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਕਿੰਨੇ ਮਹਾਨ ਸਨ, ਇਸ ਗੱਲ ਦਾ ਅੰਦਾਜ਼ਾ ਲਗਾਉਣਾ ਬੜਾ ਕਠਿਨ ਹੈ, ਜਿਨ੍ਹਾਂ ਨੇ ਫ਼ੈਡਰੇਸ਼ਨ ਦੀ ਪ੍ਰਧਾਨਗੀ ਦੌਰਾਨ ਆਪਣੇ ਨਿੱਜੀ ਪਰਿਵਾਰ ਤੇ ਰਿਸ਼ਤੇਦਾਰਾਂ ਦੀ ਬਜਾਏ ਫ਼ੈਡਰੇਸ਼ਨ ਦੇ ਵਰਕਰਾਂ ਨੂੰ ਹੀ ਅਹੁਦੇ ਤੇ ਸਨਮਾਨ ਦੇ ਕੇ ਪੰਥ ਦੀ ਸੇਵਾ ਵਿੱਚ ਲਾਇਆ।

ਭਾਈ ਸਾਹਿਬ ਨੇ ਉਸ ਵੇਲ਼ੇ ਜੋ ਫ਼ੈਸਲਾ ਦਿੱਤਾ, ਉਹ ਬੜਾ ਹੀ ਇਤਿਹਾਸਕ ਸੀ, ਜੋ ਕਿ ਅਜੋਕੇ ਅਕਾਲੀ ਆਗੂਆਂ ਤੇ ਫ਼ੈਡਰੇਸ਼ਨ ਵਰਕਰਾਂ ਲਈ ਇੱਕ ਸਬਕ ਹੈ। ਕਾਸ਼ ! ਪੰਥਕ ਆਗੂ ਕਹਾਉਣ ਵਾਲ਼ੇ ਉਹਨਾਂ ਤੋਂ ਸਿੱਖਿਆ ਪ੍ਰਾਪਤ ਕਰ ਸਕਣ, ਜਿਨ੍ਹਾਂ ਨੂੰ ਭਾਈ-ਭਤੀਜਾਵਾਦ ਤੋਂ ਬਿਨਾਂ ਹੋਰ ਕੋਈ ਗੱਲ ਸੁਝਦੀ ਹੀ ਨਹੀਂ।

(5) ਜਦੋਂ ਸੰਤਾਂ ਦੀ ਸੰਗਤ ਵਿੱਚ ਪੁੱਜੀ ਇੱਕ ਫ਼ਰਾਂਸੀਸੀ ਮੁਟਿਆਰ

ਦੁਨੀਆ ਵਿੱਚ ਜਿੱਥੇ ਵੀ ਕਿਤੇ ਸੱਚ ਦੀ ਸ਼ਮ੍ਹਾ ਰੌਸ਼ਨ ਹੁੰਦੀ ਹੈ, ਉਥੇ ਹੀ ਸੱਚ ਦੇ

ਆਸ਼ਕ, ਸੱਚ ਦੇ ਖੋਜੀ ਪਤੰਗਿਆਂ ਵਾਂਗ ਮੰਡਰਾਉਣ ਲੱਗਦੇ ਹਨ। ਪੰਜਾਬ ਦੀ ਧਰਤੀ ਤੇ ਜਦੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਹਨੇਰੇ ਦੀ ਹਿੱਕ ਚੀਰਦੇ ਤੇ ਧੁੰਦ ਦੀ ਚਾਦਰ ਤਾਰ-ਤਾਰ ਕਰਦੇ ਸੂਰਜ ਵਾਂਗ ਪ੍ਰਗਟ ਹੋਏ, ਤਾਂ ਸੱਚ ਦੇ ਆਸ਼ਕਾਂ ਨੇ ਅੰਮ੍ਰਿਤਸਰ ਵੱਲ ਜਿਵੇਂ ਵਹੀਰਾਂ ਹੀ ਘੱਤ ਦਿੱਤੀਆਂ; ਇਹਨਾਂ ਵਿੱਚ ਇੱਕ ਫ਼ਰਾਂਸੀਸੀ ਲੜਕੀ ਦੀ ਧੁੰਦਲ਼ੀ ਜਿਹੀ ਤਸਵੀਰ ਅਜੇ ਵੀ ਉਦੋਂ ਸੰਤਾਂ ਦੀ ਨੇੜਤਾ ਦਾ ਨਿੱਘ ਮਾਣਨ ਵਾਲੇ ਚੰਦ ਕੁ ਖੁਸ਼ਨਸੀਬ ਸਿੰਘਾਂ ਸਿੰਘਣੀਆਂ ਦੀ ਮਾਨਸਿਕਤਾ ਵਿੱਚ ਸੰਤਾਂ ਨਾਲ਼ ਜੁੜੀਆਂ ਹੋਰ ਕਈ ਅਹਿਮ ਯਾਦਾਂ ਦੇ ਵਿਸ਼ਾਲ ਭੰਡਾਰ ਵਿੱਚ ਸਾਂਭੀ ਪਈ ਹੈ।

ਉਹ ਲੜਕੀ ਕੌਣ ਸੀ ? ਉਸ ਦਾ ਮਕਸਦ ਕੀ ਸੀ ? ਸੰਤਾਂ ਦੀ ਸ਼ਖ਼ਸੀਅਤ ਤੋਂ ਉਹ ਕਿਵੇਂ ਪ੍ਰਭਾਵਿਤ ਹੋ ਗਈ ਸੀ ? ਇਹਨਾਂ ਸਵਾਲਾਂ ਦੇ ਜਵਾਬ ਕਿਸੇ ਕੋਲ਼ ਨਹੀਂ ਹਨ। ਹਾਂ, ਏਨਾ ਜ਼ਰੂਰ ਪਤਾ ਹੈ ਕਿ ਉਹ ਬੀਬੀ ਫ਼ਰਾਂਸੀਸੀ ਮੂਲ ਦੀ ਸੀ। ਜਦੋਂ ਸੰਤ ਜੀ ਦਿਨੇ ਲੰਗਰ ਹਾਲ ਤੇ ਆਈਆਂ ਸੰਗਤਾਂ ਅਤੇ ਪੰਥਕ ਆਗੂਆਂ ਨਾਲ਼ ਵਿਚਾਰਾਂ ਕਰਦੇ, ਤਾਂ ਉਹ ਬੀਬੀ ਵੀ ਮੌਕੇ ਤੇ ਪਹੁੰਚ ਕੇ ਬੜੇ ਗਹੁ ਨਾਲ਼ ਆਉਂਦੀਆਂ ਸੰਗਤਾਂ ਦਾ ਵਰਤਾਰਾ ਵੇਖਦੀ ਰਹਿੰਦੀ ਤੇ ਫਿਰ ਆਪਣੀ ਰਿਹਾਇਸ਼ ਤੇ ਪਹੁੰਚ ਜਾਂਦੀ, ਜਿੱਥੇ ਆਮ ਤੌਰ ਤੇ ਵਿਦੇਸ਼ੀ ਪੱਤਰਕਾਰ ਠਹਿਰਦੇ ਸਨ।

ਸੰਤਾਂ ਦੀ ਸੰਗਤ ਨੂੰ ਮਾਣਨ ਤੇ ਇਸ ਤੋਂ ਵੱਧ ਤੋਂ ਵੱਧ ਮਾਨਸਿਕ ਜਾਂ ਆਤਮਿਕ ਲਾਭ ਲੈਣ ਲਈ ਉਹ ਹਮੇਸ਼ਾ ਹੀ ਯਤਨਸ਼ੀਲ ਰਹਿੰਦੀ ਸੀ। ਸੰਗਤ ਵਿੱਚ ਬੈਠ ਕੇ ਦੋ-ਭਾਸ਼ੀਏ ਦੀ ਮਦਦ ਨਾਲ਼ ਉਹ ਸੰਤਾਂ ਤੋਂ ਤਰ੍ਹਾਂ-ਤਰ੍ਹਾਂ ਦੇ ਸਵਾਲ ਕਰਦੀ ਤੇ ਉਹਨਾਂ ਦਾ ਜਵਾਬ ਹਾਸਲ ਕਰ ਕੇ ਸੰਤੁਸ਼ਟੀ ਹਾਸਲ ਕਰਦੀ, ਜਿਵੇਂ ਉਸ ਨੂੰ ਪਹਿਲੀ ਵਾਰ ਅਧਿਆਤਮਕਤਾ ਦਾ ਇੱਕ ਖਜ਼ਾਨਾ

ਹਾਸਲ ਹੋਇਆ ਸੀ। ਉਹ ਇਸ ਖ਼ਜ਼ਾਨੇ ਤੋਂ ਲਾਹਾ ਲੈਂਦਿਆਂ, ਸਿੱਖੀ ਸਿਧਾਂਤ ਤੇ ਸਿੱਖਾਂ ਦੀ ਸੂਰਬੀਰਤਾ, ਜੋ ਉਸ ਨੇ ਇਤਿਹਾਸ ਵਿੱਚੋਂ ਪੜ੍ਹੀ ਸੀ, ਉਸ ਨੂੰ ਪ੍ਰਤੱਖ ਤੌਰ ਤੇ ਵੇਖਣਾ ਚਾਹੁੰਦੀ ਸੀ। ਇਓਂ ਜਾਪਦਾ ਸੀ ਕਿ ਉਸ ਦੀ ਅਸ਼ਾਂਤ ਮਾਨਸਿਕਤਾ ਉੱਪਰ ਸੱਚ ਦੀ ਅਜਿਹੀ ਬਰਸਾਤ ਹੋਰ ਕਿਤੋਂ ਨਹੀਂ ਸੀ ਹੋਈ ਤੇ ਨਾ ਹੀ ਉਸ ਨੂੰ ਇਸ ਦੀ ਉਮੀਦ ਹੀ ਸੀ।

ਸੰਤਾਂ ਦੀ ਇਸ ਸੰਗਤ ਦਾ ਉਸ ਦੀ ਕੋਮਲ ਮਾਨਸਿਕਤਾ ਉੱਪਰ ਇਹ ਪ੍ਰਭਾਵ ਓਦੋਂ ਸੰਗਤ ਵਿੱਚ ਪ੍ਰਗਟ ਹੋਇਆ, ਜਦੋਂ ਉਸ ਨੇ ਸੰਤਾਂ ਦੀ ਸੰਗਤ ਦਾ ਨਿੱਘ ਮਾਣਦਿਆਂ ਹੋਇਆਂ ਇੱਕ ਵਾਰ ਸੰਤਾਂ ਦੇ ਹੀ ਕਿਸੇ ਸ਼ਰਧਾਲੂ ਨੌਜਵਾਨ ਨਾਲ਼ ਵਿਆਹ ਕਰਵਾਉਣ ਦਾ ਇਰਾਦਾ ਪ੍ਰਗਟ ਕਰ ਦਿੱਤਾ। ਸੰਤਾਂ ਨੇ ਹੱਸ ਕੇ ਪੁੱਛਿਆ, "ਕਿਹੜਾ ਸਿੰਘ ਤੈਨੂੰ ਇਸ ਲਈ ਪਸੰਦ ਐ ?" ਤਾਂ ਉਸ ਨੇ ਭਾਈ ਹਰਮਿੰਦਰ ਸਿੰਘ ਸੰਧੂ ਵੱਲ ਇਸ਼ਾਰਾ ਕਰ ਦਿੱਤਾ। ਸੰਤਾਂ ਨੇ ਭਾਈ ਸੰਧੂ ਨੂੰ ਕੋਲ਼ ਸੱਦਿਆ ਤੇ ਮਜ਼ਾਕੀਆ ਢੰਗ ਨਾਲ਼ ਪੁੱਛਿਆ:-

"ਓ ਸੰਧੂ...! ਆਹ ਬੀਬੀ ਕੀ ਆਂਹਦੀ ਆ...?"

ਭਾਈ ਸੰਧੂ ਨੂੰ ਜਦੋਂ ਪਤਾ ਲੱਗਾ, ਤਾਂ ਉਹ ਵੀ ਹੈਰਾਨ ਹੋਏ। ਸੰਤਾਂ ਨੇ ਭਾਈ ਸੰਧੂ ਤੋਂ ਹੀ ਉਸ ਬੀਬੀ ਤੋਂ ਵਿਆਹ ਦੀਆਂ ਸ਼ਰਤਾਂ ਪੁੱਛਣ ਲਈ ਕਿਹਾ। ਫ਼ਰਾਂਸੀਸੀ ਬੀਬੀ ਨਾਲ਼ ਗੱਲ ਕਰ ਕੇ ਜਦੋਂ ਭਾਈ ਸੰਧੂ ਨੇ ਸੰਤਾਂ ਨੂੰ ਦੱਸਿਆ:- "ਬੀਬੀ ਦਾ ਕਹਿਣੈ ਕਿ ਸਾਡੇ ਓਥੇ ਬਰਾਬਰ ਦੇ ਹੀ ਹੱਕ ਨੇ ਤੇ ਬਰਾਬਰ ਦੇ ਹੀ ਫ਼ਰਜ਼, ਇਸ ਲਈ ਇੱਕ ਟਾਈਮ ਰੋਟੀ ਮੈਂ ਪਕਾਵਾਂਗੀ ਤੇ ਇੱਕ ਟਾਈਮ ਇਹ... ਇੱਕ ਟਾਈਮ ਭਾਂਡੇ ਮੈਂ ਮਾਂਜੂ ਤੇ ਇੱਕ ਟਾਈਮ ਇਹ...।"

"ਅੱਛਾ !" ਸੰਤਾਂ ਨੇ ਹੱਸ ਕੇ ਤੀਰ ਦਾ ਪੋਲਾ ਜਿਹਾ ਵਾਰ ਭਾਈ ਸੰਧੂ ਤੇ ਕਰਦਿਆਂ ਝਾੜ ਪਾਈ। "ਕੱਲ੍ਹ ਨੂੰ ਤਾਂ ਇਹ ਕਹੂ ਪਈ ਇੱਕ ਨਿਆਣਾ ਮੈਂ ਜੰਮੂੰ ਤੇ ਇੱਕ ਇਹ...।"

ਇਸ ਤਰ੍ਹਾਂ ਦੇ ਹਾਸੇ ਠੱਠੇ ਦਾ ਮਾਹੌਲ ਜਦੋਂ ਗੰਭੀਰਤਾ ਵਿੱਚ ਬਦਲਿਆ, ਤਾਂ ਸੰਤਾਂ ਦੇ ਕਹਿਣ ਤੇ ਭਾਈ ਸੰਧੂ ਨੇ ਉਸ ਬੀਬੀ ਨੂੰ ਇਹ ਗੱਲ ਗੰਭੀਰਤਾ ਨਾਲ਼ ਸਮਝਾ ਦਿੱਤੀ ਕਿ ਇੱਥੇ ਇਸ ਸੰਗਤ ਵਿੱਚ ਜਿੰਨੇ ਵੀ ਨੌਜਵਾਨ ਰਹਿ ਰਹੇ ਨੇ, ਉਹ ਸਾਰੇ ਹੀ ਮੌਤ ਦਾ ਖਾਜਾ ਨੇ, ਤੇ ਬੀਬੀ ਤੈਨੂੰ ਆਪਣਾ ਜੀਵਨ ਸਾਥੀ ਲੱਭਣ ਲਈ ਕਿਸੇ ਹੋਰ ਹੀ ਮੰਜ਼ਲ ਵੱਲ ਰੁਖ਼ ਕਰਨਾ ਪਵੇਗਾ।

ਮਾਹੌਲ ਜਜ਼ਬਾਤੀ ਹੋ ਗਿਆ। ਉਸ ਵੇਲ਼ੇ ਅੱਖਾਂ ਭਰ ਕੇ, ਪਰ ਮੁਸਕਰਾ ਕੇ ਸੰਤਾਂ ਦੀ ਸੰਗਤ ਤੋਂ ਵਿਦਾ ਹੋਈ ਉਸ ਬੀਬੀ ਬਾਰੇ ਏਨਾ ਕੁ ਪਤਾ ਲੱਗਾ ਸੀ ਕਿ ਉਸ ਨੇ ਫ਼ਰਾਂਸ ਦੀ ਇੱਕ ਅਖ਼ਬਾਰ ਵਿੱਚ ਆਪਣੇ ਸਫ਼ਰਨਾਮੇ ਵਿੱਚ ਇਹ ਛਪਵਾਇਆ ਸੀ ਕਿ "ਹਿੰਦੁਸਤਾਨ ਦੇ ਲੀਡਰਾਂ ਅੰਦਰ ਕੇਵਲ ਇੱਕ ਹੀ ਸਚਿਆਈ ਤੇ ਪਹਿਰਾ ਦੇਣ ਵਾਲ਼ਾ ਮਰਦ ਆਗੂ ਹੈ, ਤੇ ਉਸ ਦਾ ਨਾਂ 'ਭਿੰਡਰਾਂਵਾਲ਼ਾ' ਹੈ।"

(6) ਜੰਗ ਛਿੜਨ ਤੋਂ ਪਹਿਲਾਂ

25 ਜਾਂ 26 ਮਈ 1984 ਨੂੰ ਅਸੀਂ ਕੁਝ ਸਿੰਘ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਉੱਤਰੀ ਬਾਹੀ ਕੋਲ ਬ੍ਰਹਮ ਬੂਟਾ ਅਖਾੜਾ ਵਾਲ਼ੇ ਪਾਸੇ 48 ਨੰਬਰ ਕਮਰੇ ਵਿੱਚ ਬੈਠੇ ਸਾਂ, ਜਿਨ੍ਹਾਂ ਵਿੱਚ ਮੇਰੇ ਤੋਂ ਇਲਾਵਾ ਭਾਈ ਦਲਬੀਰ ਸਿੰਘ ਅਭਿਆਸੀ, ਭਾਈ ਸਵਰਨ ਸਿੰਘ ਰੋਡੇ, ਰਾਗੀ ਸੁਰਜੀਤ ਸਿੰਘ ਪਿੰਡ ਗੰਜੋਗੜ੍ਹੀ, ਸਾਹਿਬ ਸਿੰਘ, ਦਿਆਲ ਸਿੰਘ, ਸੁਖਵਿੰਦਰ ਸਿੰਘ ਲੱਡੂ ਅਤੇ ਕੁਲਵੰਤ ਸਿੰਘ ਭੰਡ ਮਾਣੇਕੇ ਆਦਿ ਸਿੰਘ ਸਨ, ਤਾਂ ਉਸ ਵੇਲ਼ੇ ਸੰਤਾਂ ਦੇ ਕੋਲ਼ ਰਹਿਣ ਵਾਲ਼ੇ ਦੋ ਸਿੰਘ ਕਮਰੇ ਵਿੱਚ ਆਏ ਅਤੇ ਕਹਿਣ ਲੱਗੇ:- "ਸੰਤਾਂ ਮਹਾਂਪੁਰਸ਼ਾਂ ਨੇ ਸਾਰੇ ਹੀ ਸਿੰਘਾਂ ਨੂੰ ਆਪਣੇ ਕੋਲ਼ ਸੱਦਿਆ ਹੈ, ਜ਼ਰੂਰੀ; ਸਾਰੇ ਸਿੰਘ ਪਹੁੰਚਣ।"

ਹੁਕਮ ਸੁਣ ਕੇ ਅਸੀਂ ਸਾਰੇ ਉੱਠੇ ਅਤੇ ਸੰਤਾਂ ਦੀ ਰਿਹਾਇਸ਼ ਵੱਲ ਤੁਰ ਪਏ।

ਸੰਤਾਂ ਦੀ ਰਿਹਾਇਸ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਜੁੜਵੀਂ ਉਸ ਰਿਹਾਇਸ਼ੀ ਬਿਲਡਿੰਗ ਵਿੱਚ ਸੀ, ਜਿੱਥੇ ਪਹਿਲਾਂ ਪੁਜਾਰੀ ਆਦਿ ਰਿਹਾ ਕਰਦੇ ਸਨ ਤੇ ਪਿੱਛੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਓਥੇ ਰਹਿੰਦੇ ਰਹੇ ਹਨ। ਇਸੇ ਬਿਲਡਿੰਗ ਉੱਪਰ ਹੀ ਸੰਤ ਫ਼ਤਹਿ ਸਿੰਘ ਨੇ ਅਗਨ-ਕੁੰਡ ਬਣਾ ਕੇ ਸੜ-ਮਰਨ ਦਾ ਪਖੰਡ ਰਚਿਆ ਸੀ। ਇਹ ਬਿਲਡਿੰਗ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ਼ ਜੁੜਵੀਂ ਹੋਣ ਕਾਰਨ ਕਈ ਸ਼ਖ਼ਸ ਇਹ ਭੁਲੇਖਾ ਖਾ ਜਾਂਦੇ ਸਨ ਕਿ ਸੰਤ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਰਹਿੰਦੇ ਹਨ, ਜਦਕਿ ਇਹ ਅਸਲੀਅਤ ਨਹੀਂ ਸੀ। ਖੈਰ;

ਜਦੋਂ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪੌੜੀਆਂ ਚੜ੍ਹ ਕੇ ਉੱਪਰ ਪਹੁੰਚੇ, (ਜਿੱਥੇ ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਸਨ) ਤਾਂ ਕੀ ਵੇਖਦੇ ਹਾਂ ਕਿ ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ, ਜਥੇਦਾਰ ਰਾਮ ਸਿੰਘ, ਭਾਈ ਰਛਪਾਲ ਸਿੰਘ ਪੀ.ਏ., ਭਾਈ ਸੁਜਾਨ ਸਿੰਘ ਮਨਾਵਾਂ ਆਦਿ ਦੇ ਸਮੇਤ ਸੌ-ਡੇਢ ਸੌ ਦੇ ਕਰੀਬ ਸਿੰਘ ਓਥੇ ਪਹਿਲਾਂ ਹੀ ਪਹੁੰਚ ਚੁੱਕੇ ਸਨ ਤੇ ਆਪਸ ਵਿੱਚ ਇੱਕ ਦੂਜੇ ਵੱਲ ਸਵਾਲੀਆ ਨਜ਼ਰਾਂ ਨਾਲ਼ ਵੇਖਦੇ ਹੋਏ ਇਹ ਜਾਣਨ ਲਈ ਯਤਨਸ਼ੀਲ ਸਨ ਕਿ ਇੱਥੇ ਸਾਰਿਆਂ ਨੂੰ ਕਿਉਂ ਬੁਲਾਇਆ ਗਿਆ ਹੈ। ਇਹ ਚੁੱਪ ਸੰਤਾਂ ਦੇ ਸਿੰਘਾਂ ਨੂੰ ਸੰਬੋਧਨ ਹੋਣ ਦੇ ਨਾਲ਼ ਟੁੱਟੀ।

ਇਸ ਇਤਿਹਾਸਕ ਤਕਰੀਰ ਦੇ ਅਰੰਭ ਵਿੱਚ ਸੰਤਾਂ ਨੇ ਸਭ ਤੋਂ ਪਹਿਲਾਂ ਗਲ਼ ਵਿੱਚ ਪੱਲਾ ਪਾ ਕੇ ਬੜੀ ਨਿਮਰਤਾ ਨਾਲ਼ ਸੰਤਾਂ ਨੇ ਜਥੇ ਦੇ ਸਿੰਘਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਤੇ ਫਿਰ ਕਹਿਣ ਲੱਗੇ:-

"ਮੇਰਾ ਰੋਮ-ਰੋਮ ਤੁਹਾਡਾ ਕਰਜ਼ਾਈ ਹੈ ਤੇ ਮੇਰੇ 'ਚ ਏਨੀ ਸਮਰੱਥਾ ਨਹੀਂ ਕਿ ਮੈਂ ਤੁਹਾਡਾ ਕਰਜ਼ ਉਤਾਰ ਸਕਾਂ। ਇਸ ਲਈ ਸਭ ਸਿੰਘਾਂ ਨੂੰ ਬੇਨਤੀ ਹੈ ਕਿ ਮੈਨੂੰ ਇਸ ਕਰਜ਼ੇ ਤੋਂ ਮੁਕਤ ਕਰ ਦੇਣਾ। ਮੇਰਾ ਸੁਭਾਅ ਕੁਝ ਗ਼ਰਮ ਹੈ ਜਿਸ ਕਾਰਨ ਹੋ ਸਕਦਾ ਹੈ ਕਿ ਕਈ ਭਰਾਵਾਂ ਦਾ ਹਿਰਦਾ ਮੈਥੋਂ ਦੁਖ ਗਿਆ ਹੋਵੇ, ਇਸ ਲਈ ਮੈਂ ਦੋਵੇਂ ਹੱਥ ਜੋੜ ਕੇ ਤੁਹਾਡੇ ਕੋਲ਼ੋਂ ਮਾਫ਼ੀ

ਮੰਗਦੈਂ...।"

ਕੁਝ ਚਿਰ ਚੁੱਪ ਰਹਿਣ ਪਿੱਛੋਂ ਸੰਤ ਜੀ ਫਿਰ ਗੰਭੀਰਤਾ ਨਾਲ਼ ਕਹਿਣ ਲੱਗੇ:-

"ਜੇਕਰ ਕੋਈ ਸਿੰਘ ਅੱਜ ਛੁੱਟੀ ਲੈ ਕੇ ਘਰ ਜਾਣਾ ਚਾਹੁੰਦਾ ਐ, ਤਾਂ ਖ਼ੁਸ਼ੀ ਨਾਲ਼ ਚਲਾ ਜਾਵੇ, ਮੈਨੂੰ ਇਸ ਦੀ ਖ਼ੁਸ਼ੀ ਹੋਵੇਗੀ, ਮੈਂ ਤਾਂ (ਭਾਈ) ਅਮਰੀਕ ਸਿੰਘ ਨੂੰ ਵੀ ਕਹਿ ਰਿਹੈਂ ਕਿ ਉਹ ਚਲਾ ਜਾਵੇ, ਪਰ ਉਹ ਮੰਨਦਾ ਨ੍ਹੀਂ...।"

ਸੰਤਾਂ ਨੇ ਸਵਾਲੀਆ ਨਜ਼ਰਾਂ ਨਾਲ਼ ਸਾਰੇ ਸਿੰਘਾਂ ਵੱਲ ਵੇਖਿਆ, ਪਰ ਕਿਸੇ ਨੇ ਵੀ ਛੁੱਟੀ ਲੈਣ ਲਈ ਹਾਮੀ ਨਾ ਭਰੀ।

ਫਿਰ ਭਾਈ ਸੁਜਾਨ ਸਿੰਘ ਮਨਾਵਾਂ ਨੂੰ ਕਹਿਣ ਲੱਗੇ:-

"ਸਰਬਾਲ੍ਹਿਆ ! (ਭਾਈ ਸੁਜਾਨ ਸਿੰਘ ਨੂੰ ਸੰਤ ਜੀ ਮਖੌਲ ਨਾਲ਼ 'ਸਰਬਾਲ੍ਹਾ' ਕਹਿ ਕੇ ਬੁਲਾਉਂਦੇ ਸੀ।) ਡਾਇਰੀ ਖੋਲ੍ਹ ਕਿ ਕਿਸ-ਕਿਸ ਸਿੰਘ ਕੋਲ਼ ਕੀ-ਕੀ ਹਥਿਆਰ ਐ ?"

ਸੁਜਾਨ ਸਿੰਘ ਡਾਇਰੀ ਫੜ ਕੇ ਸਿੰਘਾਂ ਦੇ ਨਾਮ ਬੋਲਣ ਲੱਗਾ ਤੇ ਸਿੰਘ ਨਾਮ ਨਾਲ਼ ਖੜ੍ਹੇ ਹੋ ਕੇ ਆਪੋ-ਆਪਣਾ ਹਥਿਆਰ ਵਿਖਾਉਣ ਲੱਗੇ। ਸਾਰੀ ਚੈਕਿੰਗ ਕਰਨ ਪਿੱਛੋਂ ਸੰਤਾਂ ਨੇ ਕਿਹਾ, "ਜੇਕਰ ਕਿਸੇ ਸਿੰਘ ਨੂੰ ਹੋਰ ਹਥਿਆਰ ਚਾਹੀਦਾ ਹੋਵੇ ਤਾਂ ਉਹ ਲੈ ਸਕਦਾ ਹੈ।"

ਇਸ ਉਪਰੰਤ ਕਾਫ਼ੀ ਸਮਾਂ ਹਾਸਾ-ਮਖੌਲ ਦਾ ਵਾਤਾਵਰਨ ਬਣਿਆ ਰਿਹਾ। ਸੰਤ ਜੀ ਜਦੋਂ ਆਮ ਸੰਗਤ ਤੋਂ ਪਾਸੇ ਕੇਵਲ ਜਥੇ ਦੇ ਸਿੰਘਾਂ ਨਾਲ਼ ਹੁੰਦੇ, ਤਾਂ ਇੱਕ ਤੋਂ ਬਾਅਦ ਇੱਕ ਮਜ਼ਾਕ ਚੱਲਦਾ ਰਹਿੰਦਾ। ਇਹੋ ਜਿਹੇ ਮੌਕੇ ਤੇ ਸੰਤ ਜੀ ਜਥੇ ਦੇ ਸਿੰਘਾਂ ਨੂੰ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਜੀਵਨ-ਵਿਵਹਾਰ ਬਾਰੇ ਬਹੁਤ ਵੱਡੀ ਸਿੱਖਿਆ ਦਿੰਦੇ ਸਨ। ਉਸ ਦਿਨ ਸੰਤਾਂ ਦਾ ਸੁਭਾਅ ਬੜਾ ਸਧਾਰਨ, ਸ਼ਾਂਤਮਈ ਤੇ ਮਖੌਲੀ ਲਹਿਜੇ 'ਚ ਦਿਸ ਰਿਹਾ ਸੀ। ਇਸ ਮੌਕੇ ਸੰਤਾਂ ਦੇ ਸੰਬੋਧਨੀ ਸ਼ਬਦ ਅੱਜ ਵੀ ਮੇਰੇ ਕੰਨਾਂ ਵਿੱਚ ਗੂੰਜਦੇ ਹਨ, ਜਦੋਂ ਅਚਾਨਕ ਕੁਝ ਇਸ ਤਰ੍ਹਾਂ ਕਹਿਣ ਲੱਗੇ:-

"ਅੱਜ ਸਾਡੇ ਚਾਰ-ਚੁਫ਼ੇਰੇ ਸਿੱਖਾਂ ਦੇ ਖ਼ੂਨ ਦੇ ਤਿਹਾਏ ਲੋਕ ਸਿੱਖਾਂ ਦਾ ਖ਼ੂਨ ਪੀਣਾ ਚਾਹੁੰਦੇ ਹਨ, ਪ੍ਰੈੱਸ ਵੀ ਸਹੀ ਰੋਲ਼ ਨਹੀਂ ਨਿਭਾ ਰਹੀ, ਅਦਾਲਤਾਂ ਵੀ ਗੂੰਗੀਆਂ-ਬੋਲ਼ੀਆਂ ਹੋ ਗਈਆਂ ਹਨ, ਲੋਕਤੰਤਰ ਕੁਝ ਕੁ ਲੋਕਾਂ ਦੀ ਮੁੱਠੀ ਵਿੱਚ ਕੈਦ ਹੋ ਕੇ ਰਹਿ ਗਿਆ ਹੈ। ਸਾਡੇ ਅਕਾਲੀ ਭਰਾ ਵੀ ਸਿੱਖਾਂ ਦੇ ਗੌਰਵਮਈ ਪਿਛੋਕੜ ਨੂੰ ਭੁਲਾਈ ਬੈਠੇ ਹਨ, ਸਿੱਖਾਂ ਦਾ ਭਵਿੱਖ ਬੜਾ ਦੁੱਖਦਾਈ ਦਿਸ ਰਿਹਾ ਹੈ... ਤੇ ਅੱਜ ਜਿੱਥੇ ਅਸੀਂ ਖਲੋਤੇ ਹਾਂ, ਸਾਡੇ ਸਾਮ੍ਹਣੇ ਦੋ ਰਾਹ ਨੇ, ਜਾਂ ਤਾਂ

ਸਿਰ ਸੁੱਟ ਕੇ ਪਿਛਲੇ ਗੌਰਵਮਈ ਇਤਿਹਾਸ ਤੇ ਸਿੱਖ ਪੰਥ ਦੇ ਭਵਿੱਖ ਨੂੰ ਪਿੱਠ ਦੇ ਦੇਈਏ, ਤੇ ਜਾਂ ਫਿਰ ਚਮਕੌਰ ਦੀ ਕੱਚੀ ਗੜ੍ਹੀ ਦੇ ਇਤਿਹਾਸ ਨੂੰ ਦੁਹਰਾ ਕੇ ਸਿੱਖ ਵਿਰੋਧੀ ਜ਼ਾਲਮਾਂ ਦੇ ਦੰਦ ਖੱਟੇ ਕਰ ਦੇਈਏ। ਮੈਂ ਫਿਰ ਸਿੰਘਾਂ ਨੂੰ ਬੇਨਤੀ ਕਰਦਾ ਹਾਂ ਕਿ ਅਜੇ ਵੀ ਜੇਕਰ ਕੋਈ ਜਾਣਾ ਚਾਹੁੰਦਾ ਹੈ ਤਾਂ ਬੇਸ਼ੱਕ ਚਲਾ ਜਾਵੇ, ਮੈਂ ਖ਼ੁਸ਼ ਹੋ ਕੇ ਉਸ ਨੂੰ ਵਿਦਾ ਕਰਨਾ ਚਾਹਾਂਗਾ... ਇਹ ਕੋਈ ਕੌਮ ਲਈ ਮਾੜਾ ਵੀ ਨਹੀਂ ਹੋਵੇਗਾ।"

ਪਰ ਉਸ ਮੌਕੇ ਕੋਈ ਵੀ ਸਿੰਘ ਛੁੱਟੀ ਲੈਣ ਲਈ ਤਿਆਰ ਨਾ ਹੋਇਆ।

ਫਿਰ ਸੰਤਾਂ ਨੇ ਭਾਈ ਗੁਰਮੁਖ ਸਿੰਘ ਗੜਵਈ ਤੋਂ ਸਿਰੋਪੇ ਮੰਗਵਾਏ। ਇਕੱਲੇ-ਇਕੱਲੇ ਸਿੰਘ ਨੂੰ ਸੰਤਾਂ ਨੇ ਆਪਣੀ ਹੱਥੀਂ ਸਿਰੋਪਾ ਬਖ਼ਸ਼ਿਸ਼ ਕੀਤਾ ਤੇ ਹਰੇਕ ਸਿੰਘ ਨੂੰ ਜਜ਼ਬਾਤੀ ਢੰਗ ਨਾਲ਼ ਗਲ਼ਵਕੜੀ ਵਿੱਚ ਲੈ ਕੇ ਪਿਆਰ ਕਰਦੇ ਰਹੇ। ਉਸ ਮੌਕੇ ਦੇ ਮਾਹੌਲ ਨੂੰ ਸ਼ਬਦਾਂ ਰਾਹੀਂ ਲਿਖਣਾ ਜਾਂ ਜ਼ੁਬਾਨ ਰਾਹੀਂ ਬਿਆਨ ਕਰਨਾ ਬੜਾ ਕਠਿਨ ਹੈ। ਇਸ ਤੋਂ 3-4 ਦਿਨ ਬਾਅਦ 1 ਜੂਨ ਨੂੰ ਦੁਪਹਿਰੇ ਗੋਲ਼ੀ ਚੱਲਣੀ ਅਰੰਭ ਹੋ ਗਈ ਸੀ।

ਇਸ ਮੌਕੇ ਤੇ ਜਿਹੜੇ ਸਿੰਘ ਮੌਜੂਦ ਸਨ, ਉਹਨਾਂ ਵਿੱਚੋਂ ਭਾਈ ਜੋਗਿੰਦਰ ਸਿੰਘ ਰੋਡੇ, ਭਾਈ ਮਨਜੀਤ ਸਿੰਘ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਦਰਸ਼ਨ ਸਿੰਘ ਮੱਲੇਵਾਲ਼, ਰਾਗੀ ਦਿਆਲ ਸਿੰਘ, ਰਾਗੀ ਗੁਰਸ਼ਰਨ ਸਿੰਘ, ਵਿਰਸਾ ਸਿੰਘ ਵਲਟੋਹਾ, ਭਾਈ ਮੁਖਤਿਆਰ ਸਿੰਘ ਮੁਖੀ ਨਾਭੇ ਵਾਲ਼ੇ ਆਦਿ ਸਿੰਘ ਅਜੇ ਵੀ ਮੌਜੂਦ ਹਨ, ਜੋ ਇਸ ਘਟਨਾ ਦੀ ਪੁਸ਼ਟੀ ਕਰ ਸਕਦੇ ਹਨ।

****

ਸੰਤ ਭਿੰਡਰਾਂਵਾਲਿ਼ਆਂ ਦੇ ਪੀ.ਏ.
ਭਾਈ ਰਛਪਾਲ ਸਿੰਘ ਦੀ ਡਾਇਰੀ ਦੇ ਕੁਝ ਪੰਨੇ

ਭਾਈ ਰਛਪਾਲ ਸਿੰਘ ਪੀ.ਏ. ਉਹ ਮਹਾਨ ਸ਼ਖ਼ਸ ਸਨ, ਜਿਨ੍ਹਾਂ ਨੂੰ ਵੀਹਵੀਂ ਸਦੀ ਦੇ ਮਹਾਨ ਸਿੱਖ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿ਼ਆਂ ਦਾ ਪੀ.ਏ. ਹੋਣ ਦਾ ਮਾਣ ਪ੍ਰਾਪਤ ਹੋਇਆ। ਉਹ ਸੰਤ ਭਿੰਡਰਾਂਵਾਲਿ਼ਆਂ ਦੀ ਰੋਜ਼ਾਨਾ ਰੁਟੀਨ ਸਮੇਂ ਉਹਨਾਂ ਨੂੰ ਮਿਲ਼ਣ ਵਾਲਿ਼ਆਂ ਦਾ ਵੇਰਵਾ ਸੰਖੇਪ ਵਿੱਚ ਇੱਕ ਡਾਇਰੀ ਵਿੱਚ ਲਿਖ ਲਿਆ ਕਰਦੇ ਸਨ। ਸ੍ਰੀ ਹਰਿਮੰਦਰ ਸਾਹਿਬ ਉੱਪਰ ਭਾਰਤੀ ਫ਼ੌਜੀ ਹਮਲੇ ਤੋਂ ਬਾਅਦ ਇਹ ਡਾਇਰੀਆਂ ਫ਼ੌਜ ਦੇ ਹੱਥ ਲੱਗ ਗਈਆਂ, ਤੇ ਇਹਨਾਂ 'ਚੋਂ ਇੱਕ ਭਾਰਤ ਦੇ ਪ੍ਰਸਿੱਧ ਮੈਗਜ਼ੀਨ 'ਇੰਡੀਆ ਟੁਡੇ' ਦੇ ਇੱਕ ਪੱਤਰਕਾਰ ਰਾਜੂ ਸਾਥਾਨਮ ਦੇ ਹੱਥ ਲੱਗ ਗਈ। ਸਿੱਟੇ ਵਜੋਂ 'ਇੰਡੀਆ ਟੁਡੇ' ਦੇ 15 ਸਤੰਬਰ 1985 ਦੇ ਅੰਕ 'ਚ ਇਸ ਡਾਇਰੀ ਦੇ ਅੰਸ਼ ਬੜੇ ਸਨਸਨੀਖ਼ੇਜ਼ ਤਰੀਕੇ ਨਾ਼ਲ ਛਪੇ। ਹੇਠਾਂ ਅਸੀਂ ਪਾਠਕਾਂ ਦੀ ਜਾਣਕਾਰੀ ਲਈ ਉਹ ਅੰਸ਼ ਧੰਨਵਾਦ ਸਹਿਤ ਹੇਠਾਂ ਛਾਪ ਰਹੇ ਹਾਂ।

(ਲੇਖਕ)

ਰਛਪਾਲ ਸਿੰਘ ਸੰਤ ਜਰਨੈਲ ਸਿੰਘ ਭਿੰਡਰਾਂਵਾ਼ਲੇ ਦਾ ਇੱਕ ਬਹੁਤ ਹੀ ਵਿਸ਼ਵਾਸਯੋਗ ਸਹਾਇਕ ਸੀ। ਉਸ ਦੀ ਡਾਇਰੀ ਵਿੱਚ ਦਰਜ ਘਟਨਾਵਾਂ ਬੜੀਆਂ ਸੰਖੇਪ ਅਤੇ ਮਤਲਬ-ਮਹਿਦੂਦ ਹਨ, ਪਰ ਉਸ ਦੀ ਡਾਇਰੀ ਵਿੱਚ ਦਰਜ ਵਾਕਿਆਂ ਤੋਂ ਭਿੰਡਰਾਂਵਾ਼ਲੇ ਦੀਆਂ ਸਰਗ਼ਰਮੀਆਂ ਦੀ ਝਲਕ ਮਿ਼ਲਦੀ ਹੈ। ਉਸ ਦੀ ਡਾਇਰੀ ਵਿੱਚ ਦਰਜ ਘਟਨਾਵਾਂ ਵਿੱਚੋਂ ਕੁਝ ਇੱਕ ਇਸ ਪ੍ਰਕਾਰ ਹਨ:-

26 ਜਨਵਰੀ- ਇੱਕ ਡਿਪਟੀ ਕਮਿਸ਼ਨਰ ਨੇ ਸੰਤ ਭਿੰਡਰਾਂਵਾ਼ਲੇ ਦੇ ਸਹਿਯੋਗੀ ਨੂੰ ਦੱਸਿਆ ਕਿ ਜਦ ਤਕ ਅਕਾਲੀ, ਭਿੰਡਰਾਂਵਾ਼ਲੇ ਨਾ਼ਲ ਸਮਝੌਤਾ ਨਹੀਂ ਕਰਦੇ, ਓਦੋਂ ਤਕ ਪੰਜਾਬ ਮਸਲੇ ਦਾ ਹੱਲ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ।

3 ਫ਼ਰਵਰੀ- ਦੋ ਪੁਲਿਸ ਅਧਿਕਾਰੀ ਹਮਦਰਦੀ ਨਾ਼ਲ ਸੰਤ ਭਿੰਡਰਾਂਵਾਲਿ਼ਆਂ ਕੋ਼ਲ ਆਏ, ਉਹਨਾਂ ਨੂੰ ਰਾਤ ਨੂੰ ਮਿ਼ਲੇ ਅਤੇ ਕਿਹਾ ਕਿ ਉਹ ਆਪਣੇ ਪੈਰੋਕਾਰਾਂ ਨੂੰ ਹਦਾਇਤ ਕਰਨ ਕਿ ਅੰਮ੍ਰਿਤਸਰ ਸ਼ਹਿਰ ਵਿੱਚ ਅੱਗੋਂ ਕੋਈ ਘਟਨਾ ਨਹੀਂ ਕੀਤੀ ਜਾਣੀ ਚਾਹੀਦੀ।

19 ਫ਼ਰਵਰੀ- ਸੰਤ ਭਿੰਡਰਾਂਵਾਲਿ਼ਆਂ ਨੇ ਇੱਕ ਜ਼ਿਲ੍ਹੇ ਦੇ ਇੱਕ ਪੁਲਿਸ ਸੁਪਰਡੈਂਟ ਨੂੰ ਫ਼ੋਨ ਕੀਤਾ ਅਤੇ ਉਸ ਨੂੰ ਗੁੰਮ ਹੋਈਆਂ ਦੋ ਸਿੱਖ ਕੁੜੀਆਂ ਦਾ ਪਤਾ ਲਾਉਣ ਲਈ ਅਤੇ ਜਾਂ ਇਸ ਦੇ ਸਿੱਟੇ ਭੁਗਤਣ ਲਈ ਕਿਹਾ।

22 ਫ਼ਰਵਰੀ- ਦੋ ਪੁਲਿਸ ਅਫ਼ਸਰ ਭਾਈ ਰਛਪਾਲ ਸਿੰਘ ਅਤੇ ਭਾਈ ਅਮਰੀਕ ਸਿੰਘ ਨੂੰ ਮਿ਼ਲੇ। ਉਹਨਾਂ ਨੂੰ ਰਾਤ 10.30 ਵਜੇ ਬਾਹਰ ਲੈ ਜਾਇਆ ਗਿਆ।

24 ਫ਼ਰਵਰੀ- ਇੱਕ ਪੱਤਰਕਾਰ (ਨਾਂ ਨਹੀਂ ਦੱਸਿਆ) ਨੇ ਰਾਤ ਨੂੰ ਦਰਬਾਰ ਸਾਹਿਬ

ਉੱਤੇ ਪੁਲਿਸ ਦੇ ਹਮਲੇ ਦੀ ਸੰਭਾਵਨਾ ਬਾਰੇ ਸੰਤ ਭਿੰਡਰਾਂਵਾਲਿ਼ਆਂ ਨੂੰ ਖ਼ਬਰਦਾਰ ਕੀਤਾ।

ਸਿਰਦਾਰ ਕਪੂਰ ਸਿੰਘ ਤੇ ਸੰਤ ਜਰਨੈਲ ਸਿੰਘ ਜੀ ਦੀ ਗੱਲਬਾਤ ਦੌਰਾਨ ਕੋਲ ਖੜ੍ਹੇ ਭਾਈ ਰਛਪਾਲ ਸਿੰਘ ਪੀ.ਏ.

26 ਫ਼ਰਵਰੀ- ਸਰਸਾਵਾ ਤੋਂ ਇੱਕ ਫ਼ੌਜੀ ਅਫ਼ਸਰ (ਨਾਂ ਨਹੀਂ ਦੱਸਿਆ) ਨੇ ਦੱਸਿਆ ਕਿ ਇੱਕ ਹਵਾਈ ਫ਼ੌਜ ਦੇ ਅਫ਼ਸਰ ਨੇ ਅਸਾਮ ਵਿੱਚ ਕਮਾਂਡੋ ਟਰੇਂਡ ਕੀਤੇ ਹਨ, ਜਿਨ੍ਹਾਂ ਨੂੰ ਕਿ ਦਰਬਾਰ ਸਾਹਿਬ ਵਿੱਚ ਹੈਲੀਕਾਪਟਰਾਂ ਰਾਹੀਂ ਉਤਾਰਿਆ ਜਾਵੇਗਾ। ਹਰੇਕ ਹੈਲੀਕਾਪਟਰ ਵਿੱਚ 24 ਕਮਾਂਡੋ ਹੋਣਗੇ, ਜਿਨ੍ਹਾਂ ਨੇ ਕਿ ਬੁਲੇਟ-ਪਰੂਫ਼ ਵਰਦੀਆਂ ਪਹਿਨੀਆਂ ਹੋਣਗੀਆਂ।

4 ਮਾਰਚ- ਰਿਟਾਇਰ ਬ੍ਰਿਗੇਡੀਅਰ ਮਹਿੰਦਰ ਸਿੰਘ (ਹੁਣ ਹਿਰਾਸਤ ਵਿੱਚ) ਨੇ ਸੰਭਵ ਕਮਾਂਡੋ ਕਾਰਵਾਈ ਬਾਰੇ ਸੂਚਨਾ ਦਿੱਤੀ। ਉਸ ਨੇ ਦੱਸਿਆ ਕਿ ਬੀ.ਐਸ.ਐਫ਼ ਅਤੇ ਫ਼ੌਜ ਦੀਆਂ ਪੰਜ ਕੰਪਨੀਆਂ ਨੂੰ ਹਲਵਾਰੇ ਵਿਖੇ ਕਮਾਂਡੋ ਸਿਖਲਾਈ ਲਈ ਭੇਜਿਆ ਗਿਆ ਹੈ।

6 ਮਾਰਚ- ਇੱਕ ਪੱਤਰਕਾਰ ਸੰਤ ਭਿੰਡਰਾਂਵਾਲਿ਼ਆਂ ਨੂੰ ਮਿ਼ਲਿਆ ਅਤੇ ਉਸ ਨੇ ਦਰਬਾਰ ਸਾਹਿਬ ਤੋਂ ਬਾਹਰ ਫ਼ੋਰਸਾਂ ਦੀ 'ਵਿਸ਼ਾਲ ਸਰਗ਼ਰਮੀ' ਬਾਰੇ ਉਹਨਾਂ ਨੂੰ ਦੱਸਿਆ।

21 ਮਾਰਚ- ਸਵੀਡਨ ਦਾ ਇੱਕ ਸਿਆਸਤਦਾਨ ਅਤੇ ਉਸ ਦੀ ਪਤਨੀ ਸੰਤ ਭਿੰਡਰਾਂਵਾਲਿ਼ਆਂ ਨੂੰ ਮਿ਼ਲੇ ਅਤੇ ਵਿਚਾਰ ਵਟਾਂਦਰਾ ਕੀਤਾ। ਸੰਤ ਭਿੰਡਰਾਂਵਾਲਿ਼ਆਂ ਨੂੰ ਉਹਨਾਂ ਨੇ ਸਿੱਖਾਂ ਉੱਤੇ ਹੋ ਰਹੀਆਂ ਜ਼ਿਆਦਤੀਆਂ ਬਾਰੇ ਦੱਸਿਆ।

24 ਮਾਰਚ- ਸਰਦਾਰ ਅਜੈਬ ਸਿੰਘ ਮਚਾਕੀ ਨੇ ਸੰਤ ਭਿੰਡਰਾਂਵਾ਼ਲੇ ਲਈ ਸੁਨੇਹਾ ਦਿੱਤਾ ਕਿ ਬੂਟਾ ਸਿੰਘ ਅੱਜ ਅੰਮ੍ਰਿਤਸਰ ਪੁੱਜ ਰਹੇ ਹਨ ਅਤੇ ਰਛਪਾਲ ਸਿੰਘ ਨੂੰ ਕਿਹਾ ਕਿ ਉਹ ਸੰਤਾਂ ਨਾ਼ਲ ਉਹਨਾਂ ਦੀ ਮੁਲਾਕਾਤ ਕਰਾਉਣ ਦਾ ਪ੍ਰਬੰਧ ਕਰਨ।

3 ਅਪ੍ਰੈਲ- ਸੰਤ ਭਿੰਡਰਾਂਵਾਲਿ਼ਆਂ ਨੇ ਬਾਘਪੁਰਾ ਦੇ ਮੱਖਣ ਸਿੰਘ ਰਾਹੀਂ ਪ੍ਰਧਾਨ ਮੰਤਰੀ ਦੀ ਪੇਸ਼ਕਸ਼ ਨੂੰ ਰੱਦ ਕਰ ਦਿੱਤਾ।

12 ਅਪ੍ਰੈਲ- ਕਲਕੱਤਾ ਤੋਂ ਇੱਕ ਕਰਨਲ ਦਾ ਘਬਰਾਹਟ ਭਰਿਆ ਫ਼ੋਨ ਆਇਆ, ਜਿਸ ਨੇ ਕਿਹਾ ਕਿ ਵੈਸਾਖੀ ਵਾ਼ਲੇ ਦਿਨ ਉੱਚਿਤ ਪ੍ਰਬੰਧ ਕਰਨੇ ਜ਼ਰੂਰੀ ਹਨ, ਕਿਉਂਕਿ ਉਸ ਦਿਨ ਸੰਤ ਭਿੰਡਰਾਂਵਾਲਿ਼ਆਂ ਨੂੰ ਮਾਰਂ ਦੇਣ ਦੀ ਸਰਕਾਰ ਦੀ ਯੋਜਨਾ ਹੈ। ਸੰਤ ਭਿੰਡਰਾਂਵਾਲਿ਼ਆਂ ਵੱਲੋਂ ਉੱਚ ਪੱਧਰੀ ਮੀਟਿੰਗ ਵਿੱਚ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ, ਰਿਟਾਇਰ ਬ੍ਰਿਗੇਡੀਅਰ ਸੰਧੂ, ਬ੍ਰਿਗੇਡੀਅਰ ਸੁਰਿੰਦਰ ਸਿੰਘ ਅਤੇ ਇੱਕ ਰਿਟਾਇਰ ਅਫ਼ਸਰ ਨਰਿੰਦਰ ਸਿੰਘ ਨਾ਼ਲ ਇਸ ਸੁਨੇਹੇ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਰਾਜੂ ਸਾਥਾਨਮ

(ਇੰਡੀਆ ਟੂਡੇ, 15 ਸਤੰਬਰ 1985 'ਚੋਂ ਧੰਨਵਾਦ ਸਹਿਤ)

****

ਇੱਕ ਪੁਰਾਣੀ ਇੰਟਰਵਿਊ

"ਪੰਜਾਬ ਦੀ ਹਾਲਤ ਓਦੋਂ ਸੁਧਰ ਸਕਦੀ ਹੈ ਜਦੋਂ ਸਿੱਖਾਂ ਦੇ ਗਲ਼ੋਂ ਗ਼ੁਲਾਮੀ ਲਹਿ ਜਾਵੇ..."

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ

ਸਵਾਲ : ਆਪ ਨੇ ਮੰਜੀ ਸਾਹਿਬ ਇੱਕ ਦੀਵਾਨ ਵਿੱਚ ਕਿਹਾ ਸੀ ਕਿ ਮੈਂ ਪੰਜ ਹਜ਼ਾਰ ਹਿੰਦੂ ਮਾਰ ਦੇਵਾਂਗਾ। ਇਸ ਬਾਰੇ ਸਚਾਈ ਕੀ ਹੈ ਤੇ ਆਪ ਨੇ ਇਹ ਕਿਉਂ ਕਿਹਾ ਸੀ ?

ਜਵਾਬ : ਮੈਂ ਲੋਕਾਂ ਨੂੰ ਇਹ ਦੱਸਣ ਲਈ ਕਿਹਾ ਸੀ ਕਿ ਸਾਡੇ ਦੇਸ਼ ਵਿੱਚ ਸਿੱਖਾਂ ਲਈ ਹੋਰ ਕਨੂੰਨ ਹੈ ਤੇ ਹੁਕਮਰਾਨ ਬਹੁਗਿਣਤੀ ਲਈ ਹੋਰ ਕਾਨੂੰਨ ਹੈ। ਪ੍ਰਧਾਨ ਮੰਤਰੀ ਤੇ ਕਹਿ ਸਕਦੀ ਹੈ ਕਿ 'ਸਿੱਖਾਂ ਨੂੰ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਪੰਜਾਬ ਤੋਂ ਬਾਹਰ ਵੀ ਸਿੱਖ ਵੱਸਦੇ ਹਨ' ਤਾਂ ਉਸ ਉੱਤੇ ਕੋਈ ਕੇਸ ਨਹੀਂ। ਜੇ ਸੇਠੀ ਕਵ੍ਹੇ ਕਿ 'ਭਿੰਡਰਾਂਵਾਲ਼ੇ ਨੂੰ ਦਰਬਾਰ ਸਾਹਿਬ ਤੋਂ ਬਾਹਰ ਕੱਢੋ ਤਾਂ ਅਸੀਂ ਇਸ. ਨੂੰ ਕੁਚਲ ਦੇਵਾਂਗੇ' ਤਾਂ ਉਸ ਉੱਤੇ ਕੋਈ ਮੁਕਦਮਾ ਨਹੀਂ। ਨਛੱਤਰ ਸਿੰਘ ਲਾਲਾ ਕਤਲ ਕਾਂਡ ਵਿੱਚ ਬਰੀ ਹੋ ਗਿਆ ਤੇ ਕੋਈ ਭੱਟਾਚਾਰੀਆ ਕਹਿੰਦਾ ਹੈ ਕਿ 'ਇਸ ਨੂੰ ਫਾਂਸੀ ਹੋਣੀ ਚਾਹੀਦੀ ਹੈ।' ਕੀ ਇਹ ਅਦਾਲਤ ਦੀ ਤੌਹੀਨ ਨਹੀਂ? ਜੇ ਸਵਾਮੀ ਅਦਿਤਿਆਵੇਸ਼ ਹਰਿਆਣੇ ਦਾ ਕਵ੍ਹੇ ਕਛਹਿਰੇ-ਕੜੇ ਵਾਲ਼ੇ ਪੰਜਾਬ ਜਾਓ ਤਾਂ ਉਸ ਉੱਤੇ ਕੋਈ ਮੁਕਦਮਾ ਨਹੀਂ। ਜੇ ਹਰਬੰਸ ਲਾਲ ਖੰਨਾ ਕਵ੍ਹੇ 'ਦੁੱਕੀ-ਤਿੱਕੀ ਖਹਿਣ ਨਹੀਂ ਦੇਣੀ, ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ' ਤਾਂ ਕੋਈ ਮੁਕਦਮਾ ਨਹੀਂ। ਜੇ ਕੇਵਲ ਕ੍ਰਿਸ਼ਨ ਕਵ੍ਹੇ ਕਿ 'ਏਹੋ ਜਿਹੀਆਂ ਸੰਪ੍ਰਦਾਵਾਂ ਖ਼ਤਮ ਕਰ ਦੇਣੀਆਂ ਚਾਹੀਦੀਆਂ ਹਨ' ਤਾਂ ਕੋਈ ਮੁਕਦਮਾ ਨਹੀਂ। ਪੰਦਰਾਂ ਅਗਸਤ ਨੂੰ 1:15 ਉੱਤੇ ਕਿਸੇ ਨੇ ਸਾਂਹਸੀ ਨੂੰ ਗੱਡੀ ਚੜ੍ਹਾ 'ਤਾ, ਮੈਂ ਏਥੋਂ 1:30 ਵਜੇ ਬੱਸ, ਜੋ ਕਿ ਮੈਨੂੰ ਸੰਗਤ ਨੇ ਦਿੱਤੀ ਹੋਈ ਸੀ, ਉਹ ਸੰਤ ਕਰਤਾਰ ਸਿੰਘ ਜੀ ਦੇ ਮਾਤਾ ਜੀ ਨੂੰ ਲੈਣ ਲਈ ਭੇਜੀ ਉਹ ਪੁਲਿਸ ਨੇ ਫੜ ਲਈ। ਮੈਨੂੰ ਦੱਸੋ ਕਿ ਮੈਨੂੰ ਗੁੱਸਾ ਆਵੇ ਕਿ ਨਾ ਆਵੇ? ਜੇ ਮੈਂ ਕਿਹਾ ਕਿ ਸਾਡੇ ਇੱਕ-ਇੱਕ ਦੇ 20-20 ਹਿੱਸੇ ਆਉਂਦੇ ਹਨ ਤਾਂ ਮੇਰੇ ਉੱਤੇ ਮੁਕਦਮਾ। ਜੇ ਮੈਂ ਹਿੰਦੂ ਮਾਰਨ ਦੀ ਗੱਲ ਕੀਤੀ ਤਾਂ ਸਾਰੇ ਚੀਕ ਉੱਠੇ ਹਨ। ਮੈਂ ਕਿਹੜਾ ਕੋਈ ਬੰਦਾ ਹਿੰਦੂਆਂ ਨੂੰ ਮਾਰਨ ਨੂੰ ਭੇਜ ਦਿੱਤਾ ਸੀ? ਉਹਨਾਂ ਨੇ ਵੀ ਕਿਹਾ ਤੇ ਮੈਂ ਵੀ ਕਹਿ ਦਿੱਤਾ, ਜਿਸ ਤੋਂ ਮੈਂ ਮੁੱਕਰਦਾ ਨਹੀਂ।

ਸਵਾਲ : ਇਸ ਦੇ ਅਰਥ ਹਨ ਕਿ ਤੁਹਾਡੇ ਇਹ ਸ਼ਬਦ ਸਿੱਖਾਂ ਨਾਲ਼ ਹੋਏ ਵਿਤਕਰੇ ਭਰੇ ਸਲੂਕ ਵਿਰੁੱਧ ਗੁੱਸੇ ਦਾ ਪ੍ਰਗਟਾਅ ਹਨ?

ਜਵਾਬ : ਕੋਈ ਪੌਣੇ ਦੋ ਸੌ ਦੇ ਕਰੀਬ ਸਿੰਘ ਸ਼ਹੀਦ ਹੋ ਗਏ, ਕੋਈ ਇਨਕੁਆਰੀ ਨਹੀਂ। ਚੰਦੋ ਕਲਾਂ ਬੱਸਾਂ ਸਾੜੀਆਂ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ ਵੀ ਸਾੜ ਦਿੱਤੀਆਂ। ਸੰਗਤਾਂ ਵੱਲੋਂ ਦਿੱਤੀ ਹੋਈ ਦੋ ਲੱਖ ਦੀ ਬੱਸ ਸਾੜ ਸੁੱਟੀ, ਕੋਈ ਇਨਕੁਆਰੀ ਨਹੀਂ। ਜੇ ਮਹਿਤੇ ਚੌਕ ਵਿੱਚ ਹੋਏ ਸਿੰਘਾਂ ਦੀ ਸ਼ਹੀਦੀ ਦੀ ਇਨਕੁਆਰੀ ਹੋਈ ਹੈ ਤਾਂ ਉਸ ਦੀ ਰਿਪੋਰਟ ਨੂੰ ਸਰਕਾਰ ਪ੍ਰਗਟ ਨਹੀਂ ਕਰਦੀ। ਇੱਕ ਅੱਸੀ ਸਾਲ ਦਾ ਲਾਲਾ ਮਾਰਿਆ ਗਿਆ, ਸਾਰਾ ਦੇਸ਼ ਹਿੱਲ ਗਿਆ। ਇੱਕ ਹਿੰਦੂ ਅਸ਼ੋਕ ਕੁਮਾਰ ਪੁਲਿਸ ਦੀ ਗੋਲ਼ੀ ਨਾਲ਼ ਮਾਰਿਆ ਗਿਆ, ਝੱਟ ਇਨਕੁਆਰੀ ਦਾ ਵੀ ਹੁਕਮ ਹੋ ਗਿਆ ਤੇ ਗ੍ਰਹਿ ਮੰਤਰੀ ਵੀ ਦੌੜਿਆ ਪਟਿਆਲ਼ੇ ਆਇਆ...। ਸਾਡੀ ਅੱਸੀ ਹਜ਼ਾਰ ਦੀ, ਸੰਗਤ ਦੀ ਦਿੱਤੀ ਹੋਈ ਜੀਪ ਹਾਲੀਂ ਵੀ ਥਾਣੇ ਪਈ ਹੈ। 17 ਜੁਲਾਈ 1982 ਨੂੰ ਇਸ ਜੀਪ ਵਿੱਚ ਅਜਾਇਬ ਸਿੰਘ, ਜਗੀਰ ਸਿੰਘ ਤੇ ਨਰਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ। 19 ਜੁਲਾਈ ਨੂੰ ਇਹਨਾਂ ਦਾ ਪਤਾ ਲੈਣ ਭਾਈ ਅਮਰੀਕ ਸਿੰਘ ਗਿਆ, ਉਸ ਨੂੰ ਵੀ ਫੜ ਲਿਆ। ਉਸ ਪਿੱਛੋ ਭਾਈ ਠਾਰ੍ਹਾ ਸਿੰਘ ਗਏ, ਉਹ ਵੀ ਜੇਲ੍ਹ ਵਿੱਚ। ਸਾਡੇ ਨਾਲ਼ ਇਹ ਗ਼ੁਲਾਮਾਂ ਵਾਲ਼ਾ ਸਲੂਕ ਕਰਦੇ ਹਨ, ਆਖਰ ਇਹ ਕਿੰਨੀ ਦੇਰ ਬਰਦਾਸ਼ਤ ਕਰਦੇ ਚਲੇ ਜਾਵਾਂਗੇ?

ਸਵਾਲ : ਸਰਕਾਰ ਅਕਾਲੀ ਦਲ ਦੀਆਂ ਮੰਗਾਂ ਮੰਨਦੀ ਨਜ਼ਰ ਨਹੀਂ ਆਉਂਦੀ। ਆਖਰ ਕਿਹੜਾ ਰਸਤਾ ਅਪਣਾਇਆ ਜਾਵੇ ਕਿ ਸਰਕਾਰ ਮੰਗਾਂ ਮੰਨਣ ਉੱਤੇ ਮਜਬੂਰ ਹੋ ਜਾਵੇ?

ਜਵਾਬ : ਸਮਾਂ ਆਉਣ 'ਤੇ ਹੀ ਦੱਸਾਂਗੇ..।

ਸਵਾਲ : ਕੀ ਮੌਜੂਦਾ ਅਕਾਲੀ ਦਲ ਦੀਆਂ ਮੰਗਾਂ ਮੰਨਣ ਨਾਲ਼ ਸਿੱਖਾਂ ਦੀ ਤਸੱਲੀ ਹੋ ਜਾਵੇਗੀ ਤੇ

ਕੋਈ ਹੋਰ ਮੰਗ ਫੌਰਨ ਨਹੀਂ ਉੱਠੇਗੀ?

ਜਵਾਬ : ਇਹ ਤੇ ਵਕਤ ਹੀ ਦੱਸੇਗਾ, ਪਰ ਇੱਕ ਵਾਰ ਸ਼ਾਂਤੀ ਜ਼ਰੂਰ ਹੋ ਜਾਵੇਗੀ।

ਸਵਾਲ : ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਅੱਤਵਾਦੀ ਘਟਨਾਵਾਂ ਦੇ ਪਿੱਛੇ ਤੁਹਾਡੇ ਆਦਮੀਆਂ ਦਾ ਹੱਥ ਹੈ, ਕੀ ਇਹ ਸਚਾਈ ਹੈ?

ਜਵਾਬ : ਸਿੱਖ ਅੱਤਵਾਦੀ ਨਹੀਂ ਹੁੰਦਾ ਤੇ ਬੰਦੇ ਮਾਰਨ ਵਿੱਚ ਯਕੀਨ ਨਹੀਂ ਰੱਖਦਾ...। ਸਿੱਖ ਤਾਂ ਆਪਣੇ ਹੱਕ ਲੈਣ ਵਿੱਚ ਯਕੀਨ ਰੱਖਦਾ ਹੈ। ਸਾਨੂੰ ਇਸ ਦੇਸ਼ ਵਿੱਚ ਆਪਣੇ ਹੱਕਾਂ ਲਈ ਲੜਦਿਆਂ 36 ਸਾਲ ਹੋ ਗਏ ਹਨ। ਕਦੀ ਕਿਸੇ ਹਿੰਦੂ ਨੇ ਇੱਕ ਘੰਟਾ ਵੀ ਕੈਦ ਨਹੀਂ ਕੱਟੀ, ਆਪਣੇ ਧਾਰਮਿਕ ਸ਼ਹਿਰ ਨੂੰ ਪਵਿੱਤਰ ਸ਼ਹਿਰ ਮੰਨਵਾਉਣ ਲਈ, ਗੱਡੀ ਦਾ ਨਾਮ ਮੰਦਰ ਦੇ ਨਾਮ ਲਿਖਵਾਉਣ ਲਈ, 'ਹਿੰਦੂ ਇੱਕ ਕੌਮ' ਮਨਵਾਉਣ ਲਈ, ਧਾਰਮਿਕ ਮੰਦਰ ਵਿੱਚ ਰੇਡੀਓ ਸਟੇਸ਼ਨ ਲਾਉਣ ਲਈ, ਆਪਣਾ ਜਨੇਊ ਜਹਾਜ਼ ਵਿੱਚ ਪਾਉਣ ਲਈ, ਆਪਣੇ ਦਰਿਆਵਾਂ ਦਾ ਪਾਣੀ ਪ੍ਰਾਪਤ ਕਰਨ ਲਈ, ਹੈੱਡ ਵਰਕਸ ਆਪਣੇ ਕੋਲ ਰੱਖਣ ਲਈ ਜਾਂ ਕਿਸੇ ਥੀਨ ਡੈਮ ਦੀ ਮਨਜ਼ੂਰੀ ਲਈ...। ਇਸ ਦੇ ਉਲਟ ਸਿੱਖਾਂ ਨੂੰ ਪੰਜਾਬੀ ਸੂਬਾ ਬਣਵਾਉਣ ਲਈ 57000 ਜੇਲ੍ਹ ਭੇਜਣੇ ਪਏ। ਜਿਨ੍ਹਾਂ ਨੇ ਸੂਬਾ ਮੰਗਿਆ ਉਹਨਾਂ ਨੂੰ ਅਧੂਰਾ ਤੇ ਜਿਨ੍ਹਾਂ ਨੇ ਨਹੀਂ ਮੰਗਿਆ, ਉਹਨਾਂ ਨੂੰ ਦੋ...ਇੱਕ ਹਿਮਾਚਲ ਪ੍ਰਦੇਸ ਤੇ ਇੱਕ ਹਰਿਆਣਾ...। ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਬਣਾਉਣ ਲਈ, ਹਰਿਮੰਦਰ ਸਾਹਿਬ ਐਕਸਪ੍ਰੈੱਸ ਚਲਾਉਣ ਲਈ, ਸਿੱਖ ਇੱਕ ਵੱਖਰੀ ਕੌਮ ਮੰਨਵਾਉਣ ਲਈ, ਕਿਰਪਾਨ ਹਵਾਈ ਜਹਾਜ਼ ਉੱਤੇ ਚੜ੍ਹਨ ਲੱਗਿਆਂ ਪਾਉਣ ਲਈ, ਪੰਜਾਬ ਦੇ ਦਰਿਆਵਾਂ ਦਾ ਪਾਣੀ ਤੇ ਆਪਣੇ ਹੈੱਡ ਵਰਕਸ ਲੈਣ ਤੇ ਥੀਮ ਡੈਮ ਬਣਵਾਉਣ ਲਈ ਪੌਣੇ ਦੋ ਲੱਖ ਸਿੱਖ ਜੇਲ੍ਹ ਗਿਆ ਹੈ ਤੇ 178 ਸ਼ਹੀਦ ਹੋ ਚੁੱਕੇ ਹਨ।

ਸਵਾਲ : ਤੁਸਾਂ ਸਿੱਖ ਨੌਜਵਾਨਾਂ ਨੂੰ 'ਮੋਟਰ ਸਾਈਕਲ' ਤੇ 'ਪਿਸਤੌਲ' ਖਰੀਦਣ ਲਈ ਅਪੀਲ ਕੀਤੀ ਹੈ। ਤੁਸਾਂ ਇਹ ਅਪੀਲ ਕਿਸ ਲਈ ਤੇ ਕਿਉਂ ਕੀਤੀ ਹੈ?

ਜਵਾਬ : ਇਹ ਅਪੀਲ ਮੈਂ ਨਿਰਦੋਸ਼ੇ ਹਿੰਦੂ ਮਾਰਨ ਜਾਂ ਕਿਸੇ ਦੀ ਦੁਕਾਨ ਲੁੱਟਣ ਵਾਸਤੇ ਨਹੀਂ ਕੀਤੀ। ਇਹ ਅਪੀਲ ਆਪਣੇ ਹੱਕ ਲੈਣ ਤੇ ਗ਼ੁਲਾਮੀ ਗ਼ਲੋਂ ਲਾਹੁਣ ਵਾਸਤੇ ਕੀਤੀ ਹੈ। ਜੋ ਆਦਮੀ ਕਿਸੇ ਧੀ-ਭੈਣ ਦੀ ਇੱਜ਼ਤ ਲੁੱਟੇ, ਨਿਰਦੋਸ਼ਾਂ ਨੂੰ ਤੰਗ ਕਰੇ ਤੇ ਬੇਗੁਨਾਹਾਂ ਉੱਤੇ ਤਸ਼ੱਦਦ ਕਰੇ, ਉਸ ਨੂੰ ਸੋਧਣ ਲਈ ਕੀਤੀ ਹੈ।

ਸਵਾਲ : ਦੋ ਸਿੱਖਾਂ ਦੀਆਂ ਲਾਸ਼ਾਂ ਗੁਰੂ ਨਾਨਕ ਨਿਵਾਸ ਦੇ ਪਿਛਲੇ ਪਾਸੇ ਲੱਭੀਆਂ ਹਨ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹਨਾਂ ਸਿੱਖਾਂ ਨੂੰ ਗੁਰੂ ਨਾਨਕ ਨਿਵਾਸ ਵਿੱਚ ਤਸੀਹੇ ਦੇ ਕੇ ਮਾਰ ਕੇ ਬਾਹਰ ਸੁੱਟ ਦਿੱਤਾ ਹੈ, ਕੀ ਆਪ ਇਸ ਬਾਰੇ ਕੁਝ ਕਹਿਣਾ ਚਾਹੋਗੇ....?



ਜਵਾਬ : ਕੌਣ ਕਹਿੰਦਾ ਹੈ...ਕਿਸ ਨੇ ਵੇਖਿਆ ਹੈ..? ਇਹ ਅਖ਼ਬਾਰਾਂ ਹੀ ਕਹਿੰਦੀਆਂ ਹਨ...ਅਖ਼ਬਾਰਾਂ ਨੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਵੀ 'ਦੇਸ਼ ਦਾ ਗ਼ੱਦਾਰ' ਕਹਿ ਦਿੱਤਾ ਸੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਟੌਹੜਾ ਨੂੰ ਵੀ ਕਈ ਕੁਝ ਕਹੀ ਜਾਂਦੇ ਹਨ...।

ਸਵਾਲ : ਨਿਰੰਕਾਰੀਆਂ ਖਿਲਾਫ਼ ਜੋ ਮਰੋ-ਮਾਰੋ ਦਾ ਦੌਰ ਚੱਲ ਰਿਹਾ ਹੈ, ਉਸ ਨੂੰ ਤੁਸੀਂ ਕਿਸ ਹੱਦ ਤਕ ਜਾਇਜ਼ ਸਮਝਦੇ ਹੋ...? ਕੀ ਨਿਰਦੋਸ਼ ਹਿੰਦੂਆਂ ਦੇ ਮਾਰੇ ਜਾਣ ਨੂੰ ਤੁਸੀਂ ਗ਼ਲਤ ਨਹੀਂ ਸਮਝਦੇ..?

ਜਵਾਬ : ਨਿਰੰਕਾਰੀਆਂ ਬਾਰੇ ਸਪਸ਼ਟੀਕਰਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਹੀ ਦੇ ਸਕਦੇ ਹਨ...ਮੈਂ ਕੁਝ ਨਹੀਂ ਕਹਿ ਸਕਦਾ...। ਕਿਸੇ ਨਿਰਦੋਸ਼ ਨੂੰ ਮਾਰਨਾ ਗ਼ਲਤ ਗੱਲ ਹੈ, ਪਰ ਮੈਂ ਇਸ ਦੀ ਨਿਖੇਧੀ ਨਹੀਂ ਕੀਤੀ....ਕਿੰਨੇ ਸਿੰਘ ਸ਼ਹੀਦ ਹੋ ਗਏ..., ਮਹਾਰਾਜ ਦੇ ਸਰੂਪ ਦੀਆਂ ਪੋਥੀਆਂ ਸੜ ਗਈਆਂ....ਨਿਰਦੋਸ਼ ਸਿੱਖਾਂ 'ਤੇ ਤਸ਼ੱਦਦ ਹੋਇਆ, ਕੋਈ ਇੱਕ ਹਿੰਦੂ ਲੀਡਰ ਨਹੀਂ ਬੋਲਿਆ..। ਸਿੱਖ ਤਾਂ ਸਰਬੱਤ ਦਾ ਭਲਾ ਮੰਗਦਾ ਹੈ....। ਅਸੀਂ ਤਾਂ ਹਿੰਦੂਆਂ ਨਾਲ਼ ਨਹੁੰ-ਮਾਸ ਦਾ ਰਿਸ਼ਤਾ ਰੱਖਣ ਲਈ ਬੜੀ ਕੋਸ਼ਿਸ਼ ਕੀਤੀ ਹੈ...। ਐਮਰਜੈਂਸੀ ਲੱਗੀ...ਹਿੰਦੂ ਪੰਡਤਾਣੀ ਨੇ ਹਿੰਦੂ ਫੜੇ, ਸਿੱਖਾਂ ਨੂੰ ਤੇ ਕਿਸੇ ਨੇ ਕੁਝ ਨਹੀਂ ਕਿਹਾ ਸੀ...। ਸਿੱਖ ਚਾਲੀ ਹਜ਼ਾਰ ਗ੍ਰਿਫ਼ਤਾਰ ਹੋਇਆ...ਉਸ ਵਕਤ ਹਿੰਦੂ ਮੰਦਰ- ਮਥਰਾ, ਕਾਸ਼ੀ, ਕਿਦਾਰਨਾਥ, ਬਦਰੀ ਨਰਾਇਣ, ਕੁਸ਼ੱਲਿਆ ਦੇਵੀ, ਵੈਸ਼ਨੋ ਦੇਵੀ ਆਦਿ ਕਿੱਧਰੋਂ ਵੀ ਇਸ ਧੱਕੇਸ਼ਾਹੀ ਦੇ

ਵਿਰੁੱਧ ਅਵਾਜ਼ ਨਹੀਂ ਉੱਠੀ...ਸਿਵਾਏ ਹਰਿਮੰਦਰ ਸਾਹਿਬ ਦੇ...। ਸਿੱਖ ਸਮੁੱਚੇ ਪੰਜਾਬ ਲਈ ਲੜਾਈ ਲੜ ਰਹੇ ਹਨ ਤੇ ਚਾਰ ਸੌ ਹਿੰਦੂਆਂ ਨੇ ਵੀ ਗ੍ਰਿਫ਼ਤਾਰੀ ਨਹੀਂ ਦਿੱਤੀ...। ਦੋ ਹਿੰਦੂ ਸ਼ਹੀਦ ਹੋਏ ਹਨ...ਉਹਨਾਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ ਕਮੇਟੀ ਨੇ ਦਸ-ਦਸ ਹਜ਼ਾਰ ਤੇ ਲੋਕਲ ਜਥੇ ਨੇ ਪੰਜ-ਪੰਜ ਹਜ਼ਾਰ ਦਿੱਤਾ ਹੈ...। ਸਿੰਘ 200 ਦੇ ਕਰੀਬ ਸ਼ਹੀਦ ਹੋ ਗਏ ਹਨ...68 ਕਰੋੜ ਹਿੰਦੂਆਂ ਵਿੱਚੋਂ ਕਿਸੇ ਇੱਕ ਨੇ ਵੀ ਇੱਕ ਪੈਸਾ ਕਿਸੇ ਸਿੱਖ ਨੂੰ ਨਹੀਂ ਦਿੱਤਾ...। ਫਾਜ਼ਿਲਕਾ ਦੇ ਇਲਾਕੇ ਜਲਾਲਾਬਾਦ ਵਿੱਚ ਇੱਕ ਹਿੰਦੂ ਹੁਕਮ ਚੰਦ ਦੀ ਲੜਕੀ ਇੱਕ ਹਿੰਦੂ ਹੀ ਚੁੱਕ ਕੇ ਲੈ ਗਿਆ....12 ਵਜੇ ਉਸ ਨੇ ਲੜਕੀ ਚੁੱਕੀ ਤੇ 5 ਵਜੇ (ਸਿੰਘਾਂ ਨੇ) ਵਾਪਸ ਕਰਵਾ ਦਿੱਤੀ...। ਕਪੂਰਥਲੇ ਕਿਸੇ ਸ਼ਰਾਰਤੀ ਨੇ ਰਮਾਇਣ ਨੂੰ ਅੱਗ ਲਾ ਦਿੱਤੀ....ਹਿੰਦੂਆਂ ਨੇ ਉਸ ਦੇ ਖਿਲਾਫ਼ ਰਿਪੋਰਟ ਕੀਤੀ, ਉਸ ਉੱਤੇ ਸਾਡੇ ਜਥੇ ਨੇ 5000 ਖ਼ਰਚ ਕੀਤਾ...। ਦੋ ਕੁ ਮਹੀਨੇ ਹੋਏ ਅੰਮ੍ਰਿਤਸਰ ਦੇ ਇੱਕ ਦੁਕਾਨਦਾਰ ਕੈਲਾਸ਼ ਚੰਦ ਦੀ ਦੁਕਾਨ ਅੱਗ ਨਾਲ਼ ਸੜ ਗਈ...ਉਸ ਨੂੰ ਇੱਕ ਸਿੱਖ ਮੇਰੇ ਕੋਲ਼ ਲੈ ਕੇ ਆਇਆ ਤੇ ਉਹ ਕਹਿਣ ਲੱਗਾ ਕਿ ਮੈਨੂੰ ਸੌ ਕੁ ਰੁਪਿਆ ਦੇ ਦੇਵੋ ਤਾਂ ਕਿ ਮੈਂ ਹੋਰਾਂ ਕੋਲ਼ੋਂ ਮੰਗ ਕੇ ਪੈਰਾਂ 'ਤੇ ਖੜ੍ਹਾ ਹੋ ਸਕਾਂ...ਉਸ ਨੂੰ 500 ਰੁਪਏ ਦੇ ਦਿੱਤੇ...। ਇਹਨਾਂ ਦਾ ਹਾਲ ਵੇਖੋ, ਬਨਾਰਸੀ ਦਾਸ ਆਪਣੇ ਮੁੰਡੇ ਦਾ ਵਿਆਹ ਕਰਨ ਦੁਰਗਿਆਣੇ ਗਿਆ ਤੇ ਪੰਜ ਸਿੰਘ ਆਪਣੀ ਜੰਞ ਨਾਲ਼ ਲੈ ਗਿਆ...ਪਹਿਰੇਦਾਰ ਨੇ ਉਹਨਾਂ ਸਿੰਘਾਂ ਨੂੰ ਆਖਿਆ ਕਿ ਤੁਸੀਂ ਅੰਦਰ ਨਹੀਂ ਜਾ ਸਕਦੇ....ਜਦੋਂ ਤਕ ਆਪਣੀਆਂ ਕਿਰਪਾਨਾਂ ਨਾ ਲਾਹੋ...। ਬਨਾਰਸੀ ਦਾਸ ਨੇ ਬਥੇਰਾ ਕਿਹਾ, ਇਹ ਮੇਰੇ ਨਾਲ਼ ਆਏ ਹਨ ਪਰ ਕਿਸੇ ਨੇ ਨਹੀਂ ਸੁਣੀ ਤੇ ਉਹ ਸਿੱਖ ਵਾਪਸ ਆ ਗਏ...।

ਸਵਾਲ : ਕੀ ਤੁਸੀਂ ਇਸ ਵੱਲ ਧਿਆਨ ਦਿੱਤਾ ਹੈ ਕਿ ਪੰਜਾਬ ਦੀ ਸਥਿਤੀ ਕਾਰਨ ਪੰਜਾਬ ਦੇ ਬਾਹਰ ਵੱਸਣ ਵਾਲ਼ੇ ਸਿੱਖਾਂ ਨੂੰ ਆਮ ਲੋਕ ਘੂਰ-ਘੂਰ ਕੇ ਵੇਖਦੇ ਹਨ...? ਜੇ ਪੰਜਾਬ





ਵਿੱਚ ਫ਼ਿਰਕੂ ਫ਼ਸਾਦ ਹੋ ਗਿਆ ਤਾਂ ਪੰਜਾਬ ਤੋਂ ਬਾਹਰ ਵੱਸਣ ਵਾਲ਼ੇ ਸਿੱਖਾਂ ਦਾ ਜਾਨ ਤੇ ਮਾਲ ਖ਼ਤਰੇ ਵਿੱਚ ਹੈ....ਇਸ ਬਾਰੇ ਤੁਹਾਡਾ ਕੀ ਸੁਝਾਅ ਹੈ..?

ਜਵਾਬ : ਇਹ ਗੱਲਾਂ ਸਾਨੂੰ ਦਬਾਉਣ ਵਾਸਤੇ ਕੀਤੀਆਂ ਜਾ ਰਹੀਆਂ ਹਨ...ਮੈਂ ਕਦੇ ਚਿੰਤਾ ਨਹੀਂ ਕੀਤੀ....। ਚਿੰਤਾ ਭੇਡਾਂ-ਬੱਕਰੀਆਂ ਦੀ ਕਰੀਦੀ ਹੈ ਕਿ ਸ਼ੇਰਾਂ ਦੇ ਬੱਚਿਆਂ ਦੀ...? ਅਸਲ ਵਿੱਚ ਸਾਡੀ ਕਮਜ਼ੋਰੀ ਕਰਕੇ ਬਾਹਰਲੇ ਸਿੱਖਾਂ ਨੂੰ ਖ਼ਤਰਾ ਹੈ...। ਜੇ ਅਸੀਂ ਤਕੜੇ ਹੋਈਏ ਤਾਂ ਉਹਨਾਂ ਦੀ ਵਾਅ ਵੱਲ ਕੋਈ ਨਹੀਂ ਦੇਖ ਸਕਦਾ...। ਸਾਮ੍ਹਣੇ ਯਹੂਦੀਆਂ ਦੀ ਮਿਸਾਲ ਲੈ ਲਵੋ...ਜਦੋਂ ਤਕ ਉਹਨਾਂ ਦਾ ਕੋਈ ਘਰ ਨਹੀਂ ਸੀ ਤਾਂ ਸਾਰੀ ਦੁਨੀਆਂ 'ਚ ਉਹਨਾਂ ਨੂੰ ਕੁੱਟ ਪੈਂਦੀ ਸੀ...ਜਦੋਂ ਤੋਂ ਇਸਰਾਈਲ ਬਣਿਆ ਹੈ...ਉਹਨਾਂ ਵੱਲ ਕੋਈ ਦੇਖ ਨਹੀਂ ਸਕਦਾ....। ਜ਼ਰਾ ਕਿਸੇ ਨੇ ਉਹਨਾਂ ਦੇ ਅੰਬੈਸਡਰ ਉੱਤੇ ਹਮਲਾ ਕੀਤਾ, ਉਹਨਾਂ ਸਾਰਾ ਲੈਬਨਾਨ ਉਡਾ ਦਿੱਤਾ ਤੇ ਲੈਬਨਾਨ ਵਾਲ਼ਿਆਂ ਨੂੰ ਸਾਰੇ ਫ਼ਲਸਤੀਨੀ ਓਥੋਂ ਕੱਢਣੇ ਪਏ....ਜੇ ਅਸੀਂ ਪੰਜਾਬ ਵਿੱਚ ਤਕੜੇ ਹੋਈਏ ਤਾਂ ਦੁਨੀਆਂ ਵਿੱਚ ਕਿਧਰੇ ਵੀ ਸਿੱਖ ਬੈਠਾ ਹੈ, ਉਹ ਮਹਿਫ਼ੂਜ਼ ਹੈ....।

ਸਵਾਲ : ਕੀ ਪੰਜਾਬ ਦੀ ਹਾਲਤ ਸੁਧਰ ਸਕਦੀ ਹੈ? ਇਸ ਲਈ ਆਪ ਆਪਣਾ ਕਿਸ ਤਰ੍ਹਾਂ ਸਹਿਯੋਗ ਪਾ ਸਕਦੇ ਹੋ?

ਜਵਾਬ : ਪੰਜਾਬ ਦੀ ਹਾਲਤ ਸੁਧਰ ਸਕਦੀ ਹੈ, ਜੇ ਸਿੱਖਾਂ ਦੀ ਗ਼ੁਲਾਮੀ ਗਲ਼ੋਂ ਲੱਥ ਜਾਵੇ ਤੇ ਇਹ ਬਰਾਬਰ ਦੇ ਸ਼ਹਿਰੀ ਗਿਣੇ ਜਾਣ। ਕੀ ਕਿਸੇ ਸਿੱਖ ਫ਼ੌਜੀ ਅਫ਼ਸਰ ਨੇ ਕਿਸੇ ਹਿੰਦੂ ਨੂੰ ਕਦੀ ਮਾਰਿਆ? (ਫ਼ੌਜ ਦੀ ਇੱਕ ਯੂਨਿਟ ਵਿੱਚ) ਇੱਕ ਸਟੇਨਗੰਨ ਗਵਾਚੀ ਤੇ ਫਿਰ ਮਿਲ਼ ਵੀ ਗਈ, ਪਰ ਇੱਕ ਸਿੱਖ ਸਿਪਾਹੀ ਬੀਰ ਸਿੰਘ ਮਾਰ ਸੁੱਟਿਆ। ਦੋ ਬੈਰਲਾਂ ਗਵਾਚੀਆਂ ਫਿਰ ਲੱਭ ਵੀ ਗਈਆਂ ਇੱਕ ਹਿੰਦੂ (ਸਿਪਾਹੀ) ਕੋਲ਼ੋਂ, ਪਰ ਸਿੱਖ ਸਿਪਾਹੀ ਪਿਆਰਾ ਸਿੰਘ ਮੇਰਠ ਵਿੱਚ ਮਾਰ ਦਿੱਤਾ। ਪੱਟੀ ਕਤਲ ਕਾਂਡ ਵਿੱਚੋਂ ਬਲਵਿੰਦਰ ਸਿੰਘ



ਭਾਈ ਕੁਲਵੰਤ ਸਿੰਘ ਨਾਗੋਕੇ

ਖੋਜਕੀਪੁਰ ਬਰੀ ਹੋ ਗਿਆ, ਉਸੇ ਕੇਸ ਵਿੱਚ ਕੁਲਵੰਤ ਸਿੰਘ ਨਾਗੋਕੇ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ, ਜੋ ਕਿ ਨਿਰਦੋਸ਼ ਸਿੱਧ ਹੋਣਾ ਸੀ। ਗਊ ਦੇ ਸਿਰ ਸੁੱਟਦੇ (ਕੋਈ ਸਿੰਘ) ਕਿਸੇ ਨੇ ਦੇਖੇ ਨਹੀਂ ਤੇ ਸਿੰਘਾਂ ਦੇ ਪੰਜਾਹ-ਪੰਜਾਹ ਹਜ਼ਾਰ ਇਨਾਮ, ਤੇ ਸਿਗਰਟ ਹਰਿਮੰਦਰ ਸਾਹਿਬ ਸੁੱਟਦੇ (ਸ਼ਰਾਰਤੀ ਹਿੰਦੂ) ਮੌਕੇ 'ਤੇ ਫੜਾਏ.... ਪੁਲਿਸ ਵੱਲੋਂ ਕੋਈ ਮੁਕਦਮਾ ਹੀ ਨਹੀਂ। ਸਿੱਖਾਂ ਦੇ ਹਥਿਆਰਾਂ ਦੇ ਲਾਇਸੰਸ ਕੈਂਸਲ ਹੋ ਰਹੇ ਹਨ, ਕਦੀ ਕਿਸੇ ਹਿੰਦੂ ਦਾ ਵੀ ਕੋਈ ਲਾਇਸੰਸ ਕੈਂਸਲ ਹੋਇਆ ਹੈ? ਪਵਨ ਕੁਮਾਰ ਕੋਲੋਂ 250 ਹੈਂਡ ਗਰਨੇਡ ਨਿਕਲੇ ਹਨ ਤੇ ਉਹ ਰਾਜੀਵ ਗਾਂਧੀ ਨੂੰ ਹਾਰ ਜਾ ਕੇ ਪਾਉਂਦਾ ਤੇ ਜੇ ਸਾਡੇ ਕੋਲੋਂ ਨਿਕਲ਼ ਆਉਂਦੇ ਤਾਂ ਸਾਰੀਆਂ ਅਖ਼ਬਾਰਾਂ ਤੇ ਸਰਕਾਰ ਨੇ ਸਾਡਾ ਪਿੱਛਾ ਨਹੀਂ ਸੀ ਛੱਡਣਾ। ਹਿੰਦੂ ਕਹਿੰਦੇ ਹਨ ਕਿ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਬਣਾਉਣ ਵਾਸਤੇ ਸਾਡੇ ਕੋਲੋਂ ਕਿਉਂ ਨਹੀਂ ਪੁੱਛਦੇ... ਤੇ ਜਦੋਂ ਇਹਨਾਂ ਦੇ ਸ਼ਹਿਰ ਪਵਿੱਤਰ ਬਣਾਉਣ ਦਾ ਐਲਾਨ ਕੀਤਾ ਸੀ ਤਾਂ ਸਾਡੇ ਕੋਲੋਂ ਕੌਣ ਪੁੱਛਣ ਆਇਆ ਸੀ?

ਸਵਾਲ : ਖ਼ਾਲਿਸਤਾਨ ਬਾਰੇ ਤੁਹਾਡੀ ਕੀ ਰਾਏ ਹੈ?

ਜਵਾਬ : ਜਿਸ ਤਰ੍ਹਾਂ ਕਿ ਸਰਕਾਰ ਥਾਲ ਵਿੱਚ ਪਰੋਸੀ ਖ਼ਾਲਿਸਤਾਨ ਸਾਨੂੰ ਦੇਣ ਨੂੰ ਫਿਰਦੀ ਹੈ ਤੇ ਅਸੀਂ ਲੈਂਦੇ ਨਹੀਂ। ਖ਼ਾਲਿਸਤਾਨ ਦੇਂਦਾ ਕੌਣ ਹੈ? ਜੇ ਸਰਕਾਰ ਦੇਵੇ ਤਾਂ ਮੇਰੀ ਸਲਾਹ ਹੈ ਲੈ ਲੈਣਾ ਚਾਹੀਦਾ ਹੈ। ਅਸੀਂ ਰੋਜ਼ ਕਹੀ ਜਾਂਦੇ ਹਾਂ ਕਿ ਸਾਨੂੰ ਖ਼ਾਲਿਸਤਾਨ ਨਹੀਂ ਚਾਹੀਦਾ, ਅਸੀਂ ਹਿੰਦੁਸਤਾਨ ਵਿੱਚ ਹੀ ਰਹਿਣਾ ਹੈ। ਕਦੀ ਕਿਸੇ ਹਿੰਦੂ ਲੀਡਰ ਨੇ ਆਖਿਆ ਹੈ ਕਿ ਅਸੀਂ ਸਿੱਖਾਂ ਨੂੰ ਨਾਲ਼ ਰੱਖਣਾ ਹੈ, ਇਹਨਾਂ ਨੂੰ ਨਰਾਜ਼ ਨਹੀਂ ਹੋਣ ਦੇਣਾ ? ਇੱਕੋ ਪਹੀਏ 'ਤੇ ਗੱਡੀ ਕਿੰਨੀ ਦੇਰ ਚੱਲੇਗੀ?

(ਧੰਨਵਾਦ ਸਹਿਤ, 'ਸੰਤ ਸਿਪਾਹੀ', ਅਕਤੂਬਰ 1983)

****

ਘਲੂਘਾਰਾ

ਛਿੜ ਪਈ ਉਹ ਜੰਗ,
ਜਿਸ ਬਾਝੋਂ ਕਦੇ ਸਰਿਆ ਨਹੀਂ
ਤੁਰ ਪਿਆ ਪ੍ਰਸੰਗ ਜੋ,
ਮਕਤਲ 'ਚ ਵੀ ਮਰਿਆ ਨਹੀਂ

ਉਹ ਜੰਗ ਛਿੜ ਪਈ ਜੋ ਹੋਣੀ ਹੀ ਸੀ, ਜੋ ਅਟੱਲ ਸੀ

ਭਾਰਤੀ ਹਾਕਮਾਂ ਵੱਲੋਂ ਸਿੱਖੀ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਉੱਤੇ ਕੀਤੇ ਗਏ ਫ਼ੌਜੀ ਹਮਲੇ ਨੂੰ ਭਾਵੇਂ 'ਹਿੰਦ ਤੇ ਪੰਜਾਬ ਦੀ ਜੰਗ' ਵੀ ਕਿਹਾ ਜਾਂਦਾ ਹੈ, ਜੋ ਕਿ ਭੂਗੋਲਿਕ ਪ੍ਰਸਥਿਤੀਆਂ ਅਨੁਸਾਰ ਠੀਕ ਵੀ ਹੈ, ਪਰ ਇਸ ਦੀ ਸਿਰਫ਼ ਏਨੀ ਕੁ ਵਿਆਖਿਆ ਹੀ ਸੰਪੂਰਨ ਨਹੀਂ ਹੈ। ਭੂਗੋਲਿਕ ਹੱਦਾਂ ਅੰਦਰਲੀਆਂ ਦੋ ਕੌਮਾਂ ਦੀ ਜੰਗ ਦੇ ਨਾਲ਼-ਨਾਲ਼ ਇਹ ਇੱਕ ਵਿਚਾਰਧਾਰਕ ਜੰਗ ਵੀ ਸੀ ਅਤੇ ਹੈ।ਇਹ ਦੋ ਵਿਚਾਰਧਾਰਾਵਾਂ ਦੇ ਟਕਰਾਅ ਦੀ ਇੱਕ ਸਿਖਰ ਕਹੀ ਜਾ ਸਕਦੀ ਹੈ।

ਇੰਦਰਾ ਗਾਂਧੀ ਦਿੱਲੀ ਦੇ ਤਖ਼ਤ ਤੇ ਬਹਿ ਕੇ ਮਹਿਜ਼ ਹਿੰਦੁਸਤਾਨ ਤੇ ਹਕੂਮਤ ਹੀ ਨਹੀਂ ਸੀ ਕਰ ਰਹੀ, ਬਲਕਿ ਉਸ ਵਿਚਾਰਧਾਰਾ ਦੀ ਪ੍ਰਤੀਨਿਧਤਾ ਵੀ ਕਰ ਰਹੀ ਸੀ, ਜਿਹੜੀ ਵਿਚਾਰਧਾਰਾ ਐਲਾਨੀਆ ਕਹਿੰਦੀ ਹੈ ਕਿ ਬ੍ਰਾਹਮਣ ਤੋਂ ਬਿਨਾਂ ਹੋਰ ਕੋਈ ਮਨੁੱਖ, ਮਨੁੱਖ ਮੰਨੇ ਜਾਣ ਦਾ ਹੱਕਦਾਰ ਹੀ ਨਹੀਂ। ਭਾਵ ਕਿ ਜਿਹੜਾ ਬ੍ਰਾਹਮਣਾਂ ਦੇ ਪਰਿਵਾਰ 'ਚ ਨਹੀਂ ਜੰਮਿਆ, ਉਹ ਮਨੁੱਖਾ ਜਨਮ ਵਿੱਚ ਆ ਕੇ ਵੀ ਮਨੁੱਖ ਮੰਨੇ ਜਾਣ ਦਾ ਹੱਕਦਾਰ ਨਹੀਂ।


ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲ਼ੇ

ਇੰਦਰਾ ਗਾਂਧੀ

ਦੂਜੇ ਪਾਸੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਉਸ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰ ਰਹੇ ਸਨ, ਜਿਹੜੀ (ਗੁਰਮਤਿ) ਵਿਚਾਰਧਾਰਾ ਐਲਾਨੀਆ ਕਹਿੰਦੀ ਹੈ ਕਿ ਮਨੁੱਖਾ ਜਾਤ ਨੂੰ ਬਰਾਬਰ, ਇੱਕੋ ਹੀ ਸਮਝਿਆ ਜਾਣਾ ਚਾਹੀਦਾ ਹੈ:-

ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥

ਉਹ ਵਿਚਾਰਧਾਰਾ, ਜਿਹੜੀ ਜਾਤ ਪਾਤ ਦੇ ਨਾਂ ਤੇ ਆਪਣੇ ਆਪ ਨੂੰ ਉੱਚਾ ਸਮਝਣ ਵਾਲ਼ੇ (ਇੰਦਰਾ ਗਾਂਧੀ ਦੇ) ਭਾਈਚਾਰੇ ਨੂੰ ਫਿਟਕਾਰਾਂ ਪਾਉਂਦੀ ਹੋਈ ਕਹਿੰਦੀ ਹੈ:-

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥

ਇਸ ਲਈ ਇਹ ਵਿਚਾਰਧਾਰਕ ਟਕਰਾਅ ਸੀ, ਟੱਕਰ ਹੋਣੀ ਅਟੱਲ ਸੀ, ਇਹ ਹੋਣੀ ਹੀ ਸੀ। ਜੂਨ 1984 ਦੇ ਘਲੂਘਾਰੇ ਨੂੰ ਅਸੀਂ ਇਸ ਟਕਰਾਅ ਦੀ ਸਿਖ਼ਰ ਤੇ ਕਹਿ ਸਕਦੇ ਹਾਂ,

ਸ਼ੁਰੂਆਤ ਨਹੀਂ। ਇਸ ਟਕਰਾਅ ਦੀ ਸ਼ੁਰੂਆਤ ਤਾਂ ਓਦੋਂ ਹੀ ਹੋ ਗਈ ਸੀ, ਜਦੋਂ ਗੁਰੂ ਨਾਨਕ ਸਾਹਿਬ ਨੇ ਬਾਲ ਉਮਰੇ ਜਨੇਊ ਪੁਆਉਣ ਤੋਂ ਨਾਂਹ ਕਰਦੇ ਹੋਏ ਕਹਿ ਦਿੱਤਾ ਸੀ ਕਿ ਮੈਂ ਹਿੰਦੂ ਨਹੀਂ। ਇਹ ਟਕਰਾਅ ਤਾਂ ਓਦੋਂ ਹੀ ਅਰੰਭ ਹੋ ਗਿਆ ਸੀ, ਜਦੋਂ ਗੁਰੂ ਨਾਨਕ ਸਾਹਿਬ ਨੇ ਬ੍ਰਾਹਮਣ ਦੇ 33 ਕਰੋੜ ਦੇਵੀ ਦੇਵਤਿਆਂ ਨੂੰ ਨਕਾਰ ਕੇ ਉਹਨਾਂ ਦੇ ਬੁੱਤਾਂ ਨੂੰ ਵੀ ਨਕਾਰ ਦਿੱਤਾ ਅਤੇ ਤੁਰੇ ਫਿਰਦੇ ਬੁੱਤ 'ਬ੍ਰਾਹਮਣ ਦੇਵਤੇ' ਨੂੰ ਵੀ ਨਕਾਰ ਦਿੱਤਾ ਸੀ; ਪਰ ਓਦੋਂ ਬ੍ਰਾਹਮਣੀ ਵਿਚਾਰਧਾਰਾ ਕੋਲ਼ ਸੱਤਾ ਦੀ ਤਾਕਤ ਨਹੀਂ ਸੀ। ਫਿਰ ਵੀ ਬ੍ਰਾਹਮਣੀ ਮਤ ਦੇ ਪੈਰੋਕਾਰ ਤੇ ਪ੍ਰਤੀਨਿਧ, ਮੁਗਲਾਂ ਤੋਂ ਲੈ ਕੇ ਅੰਗਰੇਜ਼ਾਂ ਤਕ, ਹਰ ਹਕੂਮਤ ਨੂੰ ਸਿੱਖਾਂ ਵਿਰੁੱਧ ਵਰਤਣ ਦੇ ਯਤਨ ਕਰਦੇ ਹੀ ਰਹੇ, ਪਰ ਜਦੋਂ 1947 ਤੋਂ ਬਾਅਦ ਇੱਕ ਦੇਸ਼ ਦੀ ਸੱਤਾ ਹੀ ਉਹਨਾਂ ਦੇ ਹੱਥ ਆ ਗਈ, ਤਾਂ ਉਹਨਾਂ ਨੇ ਕਿਸੇ ਨਾ ਕਿਸੇ ਬਹਾਨੇ ਨਾਲ਼ ਫ਼ੌਜ ਸ੍ਰੀ ਹਰਿਮੰਦਰ ਸਾਹਿਬ ਤੇ ਚੜ੍ਹਾਉਣੀ ਹੀ ਚੜ੍ਹਾਉਣੀ ਸੀ। ਤੇ ਅਖ਼ੀਰ ਉਹਨਾਂ ਫ਼ੌਜ ਚੜ੍ਹਾ ਦਿੱਤੀ। ਇਸ ਮੌਕੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਅਤੇ ਉਹਨਾਂ ਦੇ ਜਾਂਬਾਜ਼ ਸਾਥੀ ਸਿੰਘਾਂ ਨੇ ਗੁਰਮਤਿ ਵਿਚਾਰਧਾਰਾ ਦੀ ਬਹੁਤ ਹੀ 'ਸੁੱਚੀ' ਅਤੇ 'ਸੁਚੱਜੀ' ਪ੍ਰਤੀਨਿਧਤਾ ਕਰਦੇ ਹੋਏ ਇੱਕ ਲਾਸਾਨੀ ਜੰਗ ਲੜੀ। ਬ੍ਰਾਹਮਣੀ ਮਤ ਦੀ ਪ੍ਰਤੀਨਿਧਤਾ ਕਰਦੇ ਹਾਕਮਾਂ ਅਤੇ ਉਹਨਾਂ ਦੀਆਂ ਫ਼ੌਜਾਂ ਨੇ ਪਾਵਨ ਪਰਕਰਮਾਂ ਦੇ ਅੰਦਰ ਜੋ 'ਜ਼ੁਲਮ' ਤੇ ਜੋ 'ਕੁਕਰਮ' ਕੀਤੇ, ਉਸ ਪਿਛਲੇ ਅੰਤਰੀਵ ਮੰਤਵ ਦੀ ਨਿਸ਼ਾਨਦੇਹੀ ਤਾਂ 'ਅਫ਼ਜ਼ਲ ਅਹਿਸਨ ਰੰਧਾਵਾ' ਨੇ ਪੰਜਾਬ ਦੀ ਪ੍ਰਤੀਨਿਧਤਾ ਕਰਦੇ ਹੋਏ ਵੀ ਇਹਨਾਂ ਸ਼ਬਦਾਂ ਵਿੱਚ ਕਰ ਦਿੱਤੀ ਸੀ:-

ਅੱਜ ਤਪਦੀ ਭੱਠੀ ਬਣ ਗਿਆ, ਮੇਰਾ ਸਗਲੇ ਵਾਲ਼ਾ ਪੈਰ
ਅੱਜ ਵੈਰੀਆਂ ਕੱਢ ਵਿਖਾਲਿਆ, ਹਾਏ ! ਪੰਜ ਸਦੀਆਂ ਦਾ ਵੈਰ।

ਇੰਦਰਾ ਗਾਂਧੀ ਅਤੇ ਉਸ ਦੀ ਫ਼ੌਜ ਬ੍ਰਾਹਮਣੀ ਵਿਚਾਰਧਾਰਾ ਦੀ ਸਰਦਾਰੀ ਨੂੰ ਫੇਰ ਸਥਾਪਤ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾਵਰ ਹੋਈ ਸੀ, ਤੇ ਜਿਹੜੇ ਗੁਰੂ ਵੱਲੋਂ ਨਿਰਧਾਰਤ ਖੰਡੇਧਾਰ ਮਾਰਗ ਤੇ ਨੰਗੇ ਪੈਰੀਂ ਚੱਲ ਕੇ 'ਸਰਦਾਰ' ਬਣੇ ਸਨ, ਉਹਨਾਂ ਨੇ ਆਪਣੀ ਜਾਂਬਾਜ਼ੀ ਦੇ ਨਾਲ਼ ਇਹ ਫਿਰ ਸਿੱਧ ਕਰ ਦਿੱਤਾ ਕਿ ਸਰਦਾਰੀ ਕਦੇ ਹਕੂਮਤਾਂ ਦੀ ਮੁਥਾਜ ਨਹੀਂ ਹੁੰਦੀ। ਇਸ ਮੌਕੇ ਜੋ ਲਾਸਾਨੀ ਜੰਗ ਲੜੀ ਗਈ, ਉਸ ਜੰਗ ਦਾ ਹਾਲ ਪਾਠਕਾਂ ਤਕ ਪਹੁੰਚਾਉਣ ਲਈ ਮੈਂ ਉਹਨਾਂ ਸਿੰਘਾਂ ਨਾਲ਼ ਮੁਲਾਕਾਤਾਂ ਕੀਤੀਆਂ, ਜਿਹੜੇ ਇਸ ਜੰਗ ਦਾ ਇੱਕ ਹਿੱਸਾ ਸਨ। ਉਹਨਾਂ ਵੱਲੋਂ ਕਹੀ ਕੋਈ ਵੀ ਗੱਲ, ਹੋਰ ਕਿਤੋਂ ਸੁਣੀ ਸੁਣਾਈ ਗੱਲ ਤੋਂ ਵਧੇਰੇ ਮਹੱਤਵ ਰੱਖਦੀ ਹੈ। ਇਸ ਲਈ ਅਗਲੇ ਪੰਨਿਆਂ ਤੇ ਇਸ ਜੰਗ ਦਾ ਹਾਲ, ਆਓ ਆਪਾਂ ਉਹਨਾਂ ਜੁਝਾਰੂ ਸਿੰਘਾਂ ਸਿੰਘਣੀਆਂ ਦੇ ਮੂੰਹੋਂ ਸੁਣਦੇ ਹਾਂ, ਜਿਹੜੇ ਇਸ ਜੰਗ ਵਿੱਚ ਸ਼ਾਮਲ ਸਨ।

****

"ਸੰਤਾਂ ਦੀ ਸ਼ਹੀਦੀ ਸਮੇਂ ਕੰਪਲੈਕਸ ਜੈਕਾਰਿਆਂ ਨਾਲ਼ ਗੂੰਜ ਉੱਠਿਆ"

ਭਾਈ ਸੁਖਵੰਤ ਸਿੰਘ ਜਲਾਲਾਬਾਦ ਨਾਲ਼ ਮੁਲਾਕਾਤ



ਅੰਮ੍ਰਿਤਸਰ ਦੀ ਪਾਵਨ ਧਰਤੀ ਤੇ ਸਥਾਪਿਤ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਸਮੇਂ ਦੀਆਂ ਜਾਬਰ ਹਕੂਮਤਾਂ ਦੇ ਵਿਰੁੱਧ ਸਮੇਂ-ਸਮੇਂ ਤੇ ਅਵਾਜ਼ ਵੀ ਬੁਲੰਦ ਹੁੰਦੀ ਰਹੀ ਹੈ ਅਤੇ ਸ਼ਮਸ਼ੀਰ ਵੀ, ਜ਼ਾਲਮ ਅਤੇ ਜਾਬਰ ਹਕੂਮਤਾਂ ਇਸ ਸੱਚ ਧਰਮ ਦੇ ਕੇਂਦਰ ਨੂੰ ਨੇਸਤੋ-ਨਾਬੂਦ ਕਰਨ ਲਈ ਹਮਲਾਵਰ ਹੋ ਕੇ ਚੜ੍ਹਦੀਆਂ ਰਹੀਆਂ ਹਨ। ਇਸ ਸ਼ਾਂਤੀ ਅਤੇ ਸਿਫ਼ਤੀ ਦੇ ਘਰ ਤੇ ਗੋਲ਼ੀਆਂ ਅਤੇ ਗੋਲ਼ੇ ਵਰ੍ਹਦੇ ਰਹੇ ਹਨ ਤੇ ਇਸ ਦੀ ਪਵਿੱਤਰਤਾ ਲਈ ਗੁਰੂ ਦੇ ਸਿੰਘ-ਸਿੰਘਣੀਆਂ ਹੱਸ-ਹੱਸ ਕੇ ਸ਼ਹੀਦੀਆਂ ਦਿੰਦੇ ਰਹੇ ਹਨ। ਮੁਗ਼ਲ ਕਾਲ ਵੇਲ਼ੇ ਵੀ ਜਦੋਂ ਇੱਥੇ ਹਮਲੇ ਹੁੰਦੇ ਰਹੇ, ਤਾਂ ਕਈ ਸਿੰਘ ਸ਼ਹੀਦ ਹੋ ਜਾਂਦੇ ਤੇ ਕਈ ਅਖ਼ੀਰ ਵੈਰੀ ਦੇ ਘੇਰੇ 'ਚੋਂ ਨਿਕਲ਼ ਜਾਂਦੇ। ਜੂਨ 1984 ਵਿੱਚ ਵੀ ਅਜਿਹਾ ਹੀ ਹੋਇਆ। ਉਸ ਸਮੇਂ ਜਿਹੜੇ ਸਿੰਘ-ਸਿੰਘਣੀਆਂ ਇਸ ਘਲੂਘਾਰੇ ਦੇ ਵਿੱਚ ਸਰੀਰਿਕ ਤੌਰ ਤੇ ਜਿਉਂਦੇ ਨਿਕਲ਼ ਆਏ, ਉਹਨਾਂ ਵਿੱਚ ਤਰਨਤਾਰਨ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਜਲਾਲਾਬਾਦ ਦੇ ਭਾਈ ਸੁਖਵੰਤ ਸਿੰਘ ਵੀ ਹਨ। ਭਾਈ ਸੁਖਵੰਤ ਸਿੰਘ ਜਲਾਲਾਬਾਦ ਨੇ ਸਿੱਖ ਸੰਘਰਸ਼ ਵਿੱਚ ਕੁੱਲ 14 ਸਾਲ ਜੇਲ੍ਹ ਕੱਟੀ ਹੈ ਅਤੇ 9 ਸਾਲ ਰੂਪੋਸ਼ ਵੀ ਰਹੇ ਹਨ। ਸ੍ਰੀ ਹਰਿਮੰਦਰ ਸਾਹਿਬ ਉੱਪਰ ਵੀਹਵੀਂ ਸਦੀ 'ਚ ਹੋਏ ਹਿੰਦੁਸਤਾਨੀ ਹਮਲੇ ਦਾ ਅੱਖੀਂ ਡਿੱਠਾ ਹਾਲ ਜਾਣਨ ਲਈ ਲੇਖਕ ਨੇ ਭਾਈ ਸੁਖਵੰਤ ਸਿੰਘ ਜਲਾਲਾਬਾਦ ਦੇ ਨਾਲ਼ ਲੰਮੀ ਗੱਲਬਾਤ ਕੀਤੀ, ਜੋ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਹੈ :

ਸਵਾਲ : ਭਾਈ ਸੁਖਵੰਤ ਸਿੰਘ ਜੀ, ਪਹਿਲਾਂ ਆਪਣੇ ਬਾਰੇ ਕੁਝ ਦੱਸੋ ?

ਜਵਾਬ : ਮੇਰਾ ਪਿੰਡ ਜਲਾਲਾਬਾਦ, ਖਡੂਰ ਸਾਹਿਬ ਨੇੜੇ ਐ। ਪਹਿਲਾਂ ਇਹ ਅੰਮ੍ਰਿਤਸਰ ਜ਼ਿਲ੍ਹੇ 'ਚ ਪੈਂਦਾ ਸੀ, ਹੁਣ ਜ਼ਿਲ੍ਹਾ ਤਰਨਤਾਰਨ ਐ। ਮੇਰੀ ਮਾਤਾ ਦਾ ਨਾਮ ਬੀਬੀ ਜੋਗਿੰਦਰ ਕੌਰ ਤੇ ਪਿਤਾ ਦਾ ਨਾਂ ਸ੍ਰ. ਮਹਿੰਦਰ ਸਿੰਘ ਸੀ। ਮੇਰਾ ਜਨਮ ਸੰਨ 1964 'ਚ ਹੋਇਆ ਤੇ ਪੰਜ ਭੈਣ ਭਰਾਵਾਂ 'ਚੋਂ ਮੈਂ ਸਭ ਤੋਂ ਛੋਟਾ ਆਂ। ਮੈਂ ਮੈਟ੍ਰਿਕ ਤਕ ਪੜ੍ਹਾਈ ਪਿੰਡ ਦੇ

ਸਕੂਲ 'ਚੋਂ ਕੀਤੀ ਤੇ ਗਿਆਨੀ ਤੇ ਬੀ.ਏ. ਜੋਧਪੁਰ ਜੇਲ੍ਹ 'ਚੋਂ ਕੀਤੀ।

ਸਵਾਲ : ਤੁਸੀਂ ਅੰਮ੍ਰਿਤ ਕਦੋਂ ਛਕਿਆ ?

ਜਵਾਬ : ਸਾਡੇ ਨੇੜੇ ਪਿੰਡ ਬਹਾਦਰਪੁਰ 'ਚ ਸੰਤ ਪ੍ਰਚਾਰ ਲਈ ਆਉਂਦੇ ਸੀ, ਓਥੇ ਉਹਨਾਂ ਦੇ ਵਿਚਾਰ ਸੁਣੇ। ਜਦੋਂ ਸੰਨ 1978 ਦਾ ਸਾਕਾ ਹੋਇਆ, ਓਦੋਂ ਮੇਰੀ ਉਮਰ ਸਾਰੀ 14 ਕੁ ਸਾਲ ਦੀ ਸੀ, ਪਰ ਸ਼ਹੀਦ ਸਿੰਘਾਂ ਦੇ ਸਸਕਾਰ 'ਚ ਮੈਂ ਸ਼ਾਮਲ ਹੋਇਆ ਸੀ। ਅੰਮ੍ਰਿਤ ਮੈਂ ਸੰਨ 1982 'ਚ ਸੰਤਾਂ ਦੀ ਜਦੋਂ ਲਾਲ਼ੇ ਦੇ ਕਤਲ ਕੇਸ 'ਚ ਗ੍ਰਿਫ਼ਤਾਰੀ ਹੋਈ, ਉਹ ਸਾਰਾ ਹਾਲ ਅੱਖੀਂ ਵੇਖਣ ਤੋਂ ਬਾਅਦ ਛਕਿਐ।

ਸਵਾਲ : ਸੰਤ ਭਿੰਡਰਾਂਵਾਲ਼ਿਆਂ ਨੇ ਗ੍ਰਿਫ਼ਤਾਰੀ ਦੇਣ ਵੇਲ਼ੇ ਸਿੱਖ ਸੰਗਤਾਂ ਨੂੰ ਸ਼ਾਂਤਮਈ ਰਹਿਣ ਦੀ ਅਪੀਲ ਕੀਤੀ ਸੀ, ਫਿਰ ਪੁਲਿਸ ਨੇ ਗੋਲ਼ੀ ਚਲਾ ਕੇ ਸਿੰਘ ਸ਼ਹੀਦ ਕਿਉਂ ਕੀਤੇ ? ਤੁਸੀਂ ਓਥੇ ਕੀ ਕੁਝ ਵੇਖਿਆ ?

ਜਵਾਬ : ਅਸੀਂ ਪਿੰਡ 'ਚੋਂ 2-3 ਨੌਜਵਾਨ ਓਥੇ ਪਹੁੰਚੇ ਹੋਏ ਸੀ। ਸੰਗਤਾਂ ਦਾ ਬੜਾ ਵੱਡਾ ਇਕੱਠ ਸੀ। ਸੰਤਾਂ ਨੇ ਬੜੀ ਜੋਸ਼ੀਲੀ ਤੇ ਜਜ਼ਬਾਤੀ ਤਕਰੀਰ ਕੀਤੀ। ਉਹਨਾਂ ਨੇ ਓਦੋਂ ਪੀਲੀ

20 ਸਤੰਬਰ 1981 ਨੂੰ ਗ੍ਰਿਫ਼ਤਾਰੀ ਦੇਣ ਤੋਂ ਪਹਿਲਾਂ ਤਕਰੀਰ ਕਰਦੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ

ਦਸਤਾਰ ਬੱਧੀ ਹੋਈ ਸੀ। ਸੰਤ ਕਹਿੰਦੇ:- 'ਜਰਨੈਲ ਸਿੰਘ ਨੂੰ ਗ੍ਰਿਫ਼ਤਾਰ ਵੀ ਜਰਨੈਲ ਸਿੰਘ ਹੀ ਕਰੂਗਾ।' ਪੁਲਿਸ ਅਫ਼ਸਰ ਜਰਨੈਲ ਸਿੰਘ ਚਾਹਲ ਸੀ, ਸੰਤ ਜੀਹਦੀ ਗੱਡੀ 'ਚ ਜਾ ਕੇ ਬੈਠੇ। ਗੱਡੀ ਜਦੋਂ ਤੁਰੀ ਤਾਂ ਚੌਕ ਦੇ ਵਿੱਚ ਸਿੱਖ ਸੰਗਤਾਂ ਗੱਡੀ ਦੇ ਅੱਗੇ ਲੰਮੇ ਪੈ ਗਈਆਂ। ਉਸ ਵੇਲ਼ੇ ਸੰਤ ਫਿਰ ਗੱਡੀ 'ਚੋਂ ਹੇਠਾਂ ਉੱਤਰੇ। ਜਿਹੜਾ ਹੱਥ 'ਚ ਫੜ ਕੇ ਬੋਲਣ ਵਾਲ਼ਾ ਨਿੱਕਾ ਸਪੀਕਰ ਹੁੰਦੈ, ਉਹਦੇ ਰਾਹੀਂ ਸੰਤਾਂ ਨੇ ਸਿੱਖ ਸੰਗਤਾਂ ਨੂੰ ਰਾਹ 'ਚੋਂ ਉੱਠ ਜਾਣ ਲਈ ਕਿਹਾ ਤੇ ਫਿਰ ਅਪੀਲ ਕੀਤੀ ਕਿ ਸ਼ਾਂਤਮਈ ਰਹਿਣੈ। ਇਸ ਤਰ੍ਹਾਂ

ਸੜਕ ਤੇ ਲੇਟੀਆਂ ਸੰਗਤਾਂ ਉੱਠ ਤਾਂ ਪਈਆਂ, ਪਰ ਜਦੋਂ ਪੁਲਿਸ ਦੀ ਗੱਡੀ ਸੰਤਾਂ ਨੂੰ ਬਿਠਾ ਕੇ ਤੁਰੀ ਤਾਂ ਸੰਗਤਾਂ ਗੱਡੀ ਦੇ ਪਿੱਛੇ ਭੱਜਣ ਲੱਗ ਪਈਆਂ। ਓਥੇ ਅੱਗੇ ਪੁਲਿਸ ਵਾਲਿਆਂ ਦੇ ਤੰਬੂ ਲੱਗੇ ਸੀ। ਉਹ ਡਰ ਗਏ ਕਿ ਸ਼ਾਇਦ ਸੰਗਤਾਂ ਸਾਡੇ ਤੇ ਹਮਲਾ ਕਰਨ ਲਈ ਭੱਜੀਆਂ ਆਉਂਦੀਐਂ। ਉਹ ਤੰਬੂਆਂ 'ਚੋਂ ਨਿਕਲ ਕੇ ਅੱਗੇ ਲੱਗ ਕੇ ਭੱਜ ਉੱਠੇ। ਪਿੱਛੋਂ ਕਿਸੇ ਨੇ ਲਲਕਾਰਾ ਵੀ ਮਾਰ ਦਿੱਤਾ ਕਿ 'ਜਾਣ ਨਾ ਦਿਓ ਭੱਜ ਕੇ...।' ਬੱਸ ਇਸੇ ਤਰ੍ਹਾਂ ਘਬਰਾਏ ਹੋਏ ਪੁਲਿਸ ਵਾਲਿਆਂ ਨੇ ਸੰਗਤ ਤੇ ਗੋਲੀ ਚਲਾ ਦਿੱਤੀ।

20 ਸਤੰਬਰ 1981-ਸੰਤਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੁਲਿਸ ਅਤੇ ਸਿੰਘਾਂ ਵਿੱਚ ਟਕਰਾਅ ਵੇਲੇ ਦੀ ਇੱਕ ਤਸਵੀਰ

ਸੰਗਤ ਵੀ ਅੱਗੋਂ ਜੋਸ਼ ਵਿੱਚ ਸੀ...। ਪਰ ਵਧੇਰੇ ਸੰਗਤ ਹੈ ਤਾਂ ਨਿਹੱਥੀ ਸੀ। ਪੁਲਿਸ ਦੀ ਗੋਲੀ ਨਾਲ 18 ਸਿੰਘ ਸ਼ਹੀਦ ਹੋਏ ਤੇ ਕਈ ਜ਼ਖ਼ਮੀ ਹੋਏ। ਵੈਸੇ ਸੰਗਤਾਂ 'ਚ ਚਰਚਾ ਸੀ ਕਿ ਸਿੰਘ ਸ਼ਹੀਦ ਵਧੇਰੇ ਹੋਏ ਨੇ, ਪਰ ਪੁਲਿਸ ਨੇ ਸ਼ੋਅ ਘੱਟ ਕੀਤੇ ਆ।

ਸਵਾਲ : ਸੰਤਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਕਿਸ ਤਰ੍ਹਾਂ ਦੇ ਹਾਲਾਤ ਰਹੇ ?

ਜਵਾਬ : ਸੰਗਤਾਂ 'ਚ ਰੋਸ ਤਾਂ ਬਹੁਤ ਵਧ ਹੀ ਰਿਹਾ ਸੀ, ਇਸ ਦੌਰਾਨ ਪੱਟੀ, ਤਰਨਤਾਰਨ ਤੇ ਜਲੰਧਰ 'ਚ ਕਈ ਥਾਂਵਾਂ ਤੇ ਗੋਲੀ ਚੱਲੀ। ਸਰਕਾਰ ਘਬਰਾ ਗਈ। ਫਿਰ ਸੰਤਾਂ ਦੀ ਰਿਹਾਈ ਹੋਈ।

ਸਵਾਲ : ਤੁਸੀਂ ਸੰਤਾਂ ਕੋਲ ਕਦੋਂ ਗਏ ?

ਜਵਾਬ : ਪੁਲਿਸ ਨੇ ਜਦੋਂ ਭਾਈ ਕੁਲਵੰਤ ਸਿੰਘ ਨਾਗੋਕੇ ਨੂੰ ਗ੍ਰਿਫ਼ਤਾਰ ਕੀਤਾ ਤੇ ਫਿਰ ਸਰੀਰ 'ਚ ਗ਼ਰਮ ਸਰੀਏ ਲੰਘਾ-ਲੰਘਾ ਕੇ ਸ਼ਹੀਦ ਕੀਤਾ, ਓਦੋਂ ਅਸੀਂ ਉਹਨਾਂ ਦੀ ਲਾਸ਼ ਵੇਖੀ ਤੇ ਖ਼ੂਨ ਖੌਲ ਉੱਠਿਆ। ਸਾਡਾ ਉਹਨਾਂ ਦੇ ਨਾਲ ਬਹੁਤ ਪਿਆਰ ਸੀ। ਸੰਤ ਭਿੰਡਰਾਂਵਾਲੇ

ਉਹਨਾਂ ਦੇ ਸਸਕਾਰ ਤੇ ਆਏ। ਸੰਤਾਂ ਨੇ ਓਥੇ ਬੀਰ ਰਸ 'ਚ ਕੁਝ ਬਚਨ ਕੀਤੇ, ਤੇ ਅਸੀਂ ਫਿਰ ਸੰਤਾਂ ਕੋਲ ਆਉਣ ਜਾਣ ਲੱਗ ਪਏ।

ਸਵਾਲ : ਫਿਰ ਸੰਘਰਸ਼ 'ਚ ਹਿੱਸਾ ਲੈਣਾ ਕਦੋਂ ਸ਼ੁਰੂ ਕੀਤਾ ?

ਜਵਾਬ : ਸਾਡਾ ਨਾਗੋਕੇ ਦੇ ਕਈ ਸਿੰਘਾਂ ਦੇ ਨਾਲ ਸੰਪਰਕ ਸੀ। ਸਾਡੇ ਪਿੰਡ ਦੇ ਵੀ 12 ਮੁੰਡੇ ਸੀ ਤੇ ਨਾਗੋਕੇ ਦੇ, ਬਹਾਦਰਪੁਰ ਦੇ ਇਹ ਸਾਰੇ ਮਿਲਾ ਕੇ ਸਾਡਾ 25 ਕੁ ਜਣਿਆਂ ਦਾ ਗਰੁੱਪ ਸੀ। ਇੱਕ ਵਾਰ ਸਾਡੇ ਇਲਾਕੇ ਦੇ ਇੱਕ ਕਾਮਰੇਡ ਲੀਡਰ ਸਵਰਨ ਸਿਹੁੰ ਨੇ ਅਖ਼ਬਾਰ 'ਚ ਬਿਆਨ ਦੇ ਦਿੱਤਾ ਅਖੇ, 'ਹਰਿਮੰਦਰ ਸਾਹਿਬ 'ਚ ਲੱਗਾ ਸੋਨਾ ਲਾਹ ਕੇ ਗ਼ਰੀਬਾਂ 'ਚ ਵੰਡ ਦੇਣਾ ਚਾਹੀਦੈ ਤੇ ਸਰੋਵਰ ਪੂਰ ਕੇ ਜ਼ਮੀਨ ਗ਼ਰੀਬਾਂ 'ਚ ਵੰਡ ਦੇਣੀ ਚਾਹੀਦੀ ਐ।'

ਸੰਤਾਂ ਨੇ ਸਾਨੂੰ ਸਾਰੇ ਸਿੰਘਾਂ ਨੂੰ ਸੱਦਿਆ ਤੇ ਕਹਿੰਦੇ ਕਿ 'ਆਹ ਤੁਹਾਡੇ ਇਲਾਕੇ ਦਾ ਕਾਮਰੇਡ ਕਿਹੋ ਜਿਹੀ ਬਕਵਾਸ ਕਰ ਰਿਹੈ; ਇਹਦੀ ਜ਼ੁਬਾਨ ਬੰਦ ਕਰਵਾਓ।' ਅਸੀਂ ਸਾਰੇ ਸਲਾਹਾਂ ਕਰਨ ਲੱਗੇ। ਓਦੋਂ ਹਥਿਆਰ ਤਾਂ ਅਜੇ ਏਨੇ ਹੁੰਦੇ ਨ੍ਹੀਂ ਸੀ। ਮੈਂ ਕੀ ਕੀਤਾ ਕਿ ਇੱਕ ਕਿਰਪਾਨ ਲੈ ਕੇ ਉਹਦੇ (ਕਾਮਰੇਡ) ਤੇ ਹਮਲਾ ਕਰ ਦਿੱਤਾ। ਕਿਰਪਾਨ ਉਹਦੇ ਮੂੰਹ ਤੇ ਵੱਜੀ ਤੇ ਜਬਾੜ੍ਹਾ ਟੁੱਟ ਗਿਆ। ਰੌਲਾ ਪੈ ਗਿਆ। ਮੇਰੇ ਤੇ ਕੇਸ ਰਜਿਸਟਰਡ ਹੋਇਆ। ਮੈਂ ਭਗੌੜਾ ਹੋ ਗਿਆ ਤੇ ਫਿਰ ਪੱਕਾ ਹੀ ਸੰਤਾਂ ਦੇ ਕੋਲ ਜਾ ਕੇ ਰਹਿਣ ਲੱਗ ਪਿਆ।

ਸਵਾਲ : ਸੰਤਾਂ ਦਾ ਇਸ ਬਾਰੇ ਕੀ ਕਹਿਣਾ ਸੀ ?

ਜਵਾਬ : ਸੰਤ ਕਹਿੰਦੇ, 'ਚਲੋ ਮਾਰੇ ਨਾਲੋਂ ਭਜਾਇਆ ਚੰਗਾ, ਹੁਣ ਜਬਾੜ੍ਹਾ ਹੀ ਟੁੱਟ ਗਿਐ, ਹੁਣ ਅੱਗੇ ਤੋਂ ਬੋਲੂ ਤਾਂ ਨਈਂ...।'

ਸਵਾਲ : ਤੁਹਾਡੇ ਪਿੰਡ ਦੇ ਕਿਹੜੇ-ਕਿਹੜੇ ਸਿੰਘ ਨਾਲ ਸੰਤਾਂ ਕੋਲ ਗਏ ?

ਜਵਾਬ : ਸਾਡੇ ਪਿੰਡ ਦੇ ਮੇਰੇ ਤੋਂ ਇਲਾਵਾ ਗਿਆਰਾਂ ਹੋਰ ਸਿੰਘ ਸੀ। ਇਹਨਾਂ ਦੇ ਨਾਮ ਇਹ ਨੇ- ਭਾਈ ਰਾਜ ਸਿੰਘ, ਭਾਈ ਨੱਥਾ ਸਿੰਘ, ਮੇਰੇ ਚਾਚਾ ਜੀ ਸ੍ਰ. ਚੰਨਣ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਸੁਖਚੈਨ ਸਿੰਘ, ਭਾਈ ਗੁਰਮੇਜ ਸਿੰਘ, ਭਾਈ ਜਸਬੀਰ ਸਿੰਘ, ਭਾਈ ਦਲਬੀਰ ਸਿੰਘ, ਭਾਈ ਪਾਲ ਸਿੰਘ, ਭਾਈ ਸੁਖਵਿੰਦਰ ਸਿੰਘ ਤੇ ਇੱਕ ਸਾਡੇ ਪਿੰਡ ਦਾ ਬ੍ਰਾਹਮਣ ਪਰਿਵਾਰ 'ਚੋਂ ਸਿੰਘ ਸਜਿਆ ਨੌਜਵਾਨ ਹਰਦੇਵ ਸਿੰਘ ਸੀ,



ਭਾਈ ਰਾਜ ਸਿੰਘ



ਭਾਈ ਨੱਥਾ ਸਿੰਘ

ਸ੍ਰ. ਚੰਨਣ ਸਿੰਘ

ਜੀਹਦਾ ਪਹਿਲੇ ਨਾਮ ਅਸ਼ੋਕ ਕੁਮਾਰ ਹੁੰਦਾ ਸੀ। ਉਹ ਵੀ ਜੂਨ 84 'ਚ ਭਾਰਤੀ ਫ਼ੌਜ ਨਾਲ਼ ਜੂਝ ਕੇ ਸ਼ਹੀਦ ਹੋਇਆ।

ਅਸ਼ੋਕ ਕੁਮਾਰ ਜੋ ਬ੍ਰਾਹਮਣ ਪਰਿਵਾਰ 'ਚੋਂ ਸਿੰਘ ਸੱਜ ਕੇ ਹਰਦੇਵ ਸਿੰਘ ਬਣਿਆ ਤੇ ਸ਼ਹੀਦ ਹੋਇਆ


ਭਾਈ ਸੁਖਚੈਨ ਸਿੰਘ

ਸਵਾਲ : ਹਰਿਮੰਦਰ ਸਾਹਿਬ ਕੰਪਲੈਕਸ 'ਚ ਤੁਹਾਡੀ ਰਿਹਾਇਸ਼ ਕਿਸ ਕਮਰੇ 'ਚ ਹੁੰਦੀ ਸੀ ?

ਜਵਾਬ : ਜਦੋਂ ਸੰਤ ਗੁਰੂ ਨਾਨਕ ਨਿਵਾਸ 'ਚ ਹੁੰਦੇ ਸੀ, ਓਦੋਂ ਸਾਡੀ ਰਿਹਾਇਸ਼ ਗੁਰੂ ਰਾਮਦਾਸ ਲੰਗਰ ਦੀ ਇੱਕ ਮੰਜ਼ਲ ਜਿੱਥੇ ਕੈਬਿਨ ਬਣੇ ਹੋਏ ਸੀ, ਓਥੇ ਇੱਕ ਕੈਬਿਨ 'ਚ ਹੁੰਦੀ ਸੀ। ਉਸ ਤੋਂ ਬਾਅਦ ਪਰਕਰਮਾ 'ਚ ਛਬੀਲ ਦੇ ਕੋਲ਼, ਜਿੱਥੇ ਹੁਣ ਗਿੱਲੇ ਕੱਪੜਿਆਂ ਦਾ ਸਟੋਰ ਆ, ਉਹਦੇ ਕੋਲ਼ ਕਮਰੇ 'ਚ ਸੀ। ਓਥੇ ਸਾਡੇ ਨਾਲ਼ ਭਾਈ ਮਨਬੀਰ ਸਿੰਘ ਚਹੇੜੂ, ਭਾਈ ਲੱਖਾ ਸਿੰਘ ਨਾਗੋਕੇ ਵੀ ਕਮਰੇ 'ਚ ਰਹਿੰਦੇ ਸੀ। ਅਸੀਂ 5-6 ਸਿੰਘ ਸੀਗੇ ਇੱਕ ਕਮਰੇ 'ਚ।

ਸਵਾਲ : ਜੂਨ 1984 ਤੋਂ ਪਹਿਲਾਂ ਕੋਈ ਜ਼ਿਕਰ ਕਰਨਯੋਗ ਘਟਨਾ...?

ਜਵਾਬ : 14 ਅਪ੍ਰੈਲ 1984 ਨੂੰ ਜਦੋਂ ਸਾਜ਼ਸ਼ੀਆਂ ਨੇ ਭਾਈ ਸੁਰਿੰਦਰ ਸਿੰਘ ਸੋਢੀ ਨੂੰ ਸ਼ਹੀਦ ਕਰਵਾਇਆ, ਓਦੋਂ ਭਾਈ ਸੋਢੀ ਦੀ ਦੇਹ ਅਸੀਂ ਚੁੱਕ ਕੇ ਐਂਬੂਲੈਂਸ ਵਿੱਚ ਰੱਖੀ ਸੀ। ਐਂਬੂਲੈਂਸ ਓਥੇ ਵਿਸਾਖੀ ਦੇ ਮੌਕੇ ਸੰਗਤਾਂ ਦੇ ਇਕੱਠ ਕਰ ਕੇ ਵੈਸੇ ਹੀ ਆਈ ਹੋਈ ਸੀ। ਮੇਰੇ ਨਾਲ਼ ਭਾਈ ਗੁਰਦਿਆਲ ਸਿੰਘ ਨਿਹੰਗ ਸਿੰਘ ਸੀ, ਜਿਹੜਾ ਉੜੀਸਾ ਦਾ ਸੀ, ਭਈਏ ਤੋਂ ਸਿੰਘ ਸਜਿਆ ਸੀ। ਹੋਰ ਸੰਗਤ 'ਚੋਂ 2-3 ਯਾਤਰੀ ਨਾਲ਼ ਲੱਗੇ ਤੇ ਅਸੀਂ ਭਾਈ ਸੋਢੀ ਦਾ ਸਰੀਰ ਚੁੱਕਿਆ। ਫਿਰ ਮੈਂ ਓਥੇ ਹੀ ਰਿਹਾ ਤੇ ਭਾਈ ਗੁਰਦਿਆਲ ਸਿੰਘ ਨੂੰ ਸੰਤਾਂ ਵੱਲ ਭੇਜਿਆ ਕਿ ਜਾ ਕੇ ਦੱਸ ਦੇਵੇ। ਫਿਰ ਬਲਜੀਤ ਕੌਰ ਕਿਵੇਂ ਬਕੀ, ਤੇ ਸੋਢੀ ਦੇ ਕਾਤਲ ਕਿਵੇਂ ਖ਼ਤਮ ਕੀਤੇ ਗਏ, ਇਹ ਤਾਂ ਸਭ ਨੂੰ ਪਤਾ ਹੀ ਐ। ਇੱਕ ਖ਼ਾਸ ਗੱਲ ਇਹ ਹੋਈ ਕਿ ਉਸ ਤੋਂ ਬਾਅਦ ਸਿੰਧੀ ਹੋਟਲ (ਜਿੱਥੇ ਭਾਈ ਸੋਢੀ ਨੂੰ ਗੋਲ਼ੀ ਮਾਰੀ ਗਈ ਸੀ), ਉਹਦਾ ਕੰਟਰੋਲ ਸਿੰਘਾਂ ਦੇ ਕੋਲ਼ ਰਿਹਾ। ਅਸੀਂ ਫਿਰ ਸਿੰਧੀ ਹੋਟਲ ਦੇ ਕਮਰਿਆਂ 'ਚ ਰਹਿੰਦੇ ਰਹੇ। ਇੱਥੇ ਵੀ ਮੋਰਚਾਬੰਦੀ ਹੋਈ। ਸਿੰਧੀ ਹੋਟਲ ਦਾ ਮਾਲਕ ਗੁਰਸਿੱਖ ਸੀ, ਸੰਤਾਂ ਨੇ ਉਹਨੂੰ ਕਿਹਾ ਕਿ ਜਿੰਨੇ ਪੈਸੇ ਚਾਹੀਦੇ ਈ ਲੈ ਲਾ...। ਪਰ ਉਹ ਕਹਿੰਦਾ ਤੁਸੀਂ ਕੌਮ ਦੀ ਸੇਵਾ ਕਰ ਰਹੇ ਓ, ਕੋਈ ਗੱਲ ਨ੍ਹੀਂ, ਜਿਵੇਂ ਮਰਜ਼ੀ ਸਿੰਘ ਰਹੀ ਜਾਣ। ਇਹ ਸਿੰਧੀ ਹੋਟਲ ਵਾਲ਼ੇ ਮੋਰਚੇ, ਜਦੋਂ ਹਮਲਾ ਹੋਇਆ ਤਾਂ ਗਲ਼ੀਆਂ 'ਚ ਅੱਗੇ ਵਧਦੀ ਫ਼ੌਜ ਨੂੰ ਰੋਕਣ ਲਈ ਬੜੇ ਕੰਮ ਆਏ।

ਸਵਾਲ : ਮੋਰਚਾਬੰਦੀ ਤੇ ਟਰੇਨਿੰਗ ਦਾ ਕੰਮ ਨਾਲ਼ੋ-ਨਾਲ਼ ਚੱਲਦਾ ਰਿਹਾ ?

ਜਵਾਬ : ਟਰੇਨਿੰਗ ਜਨਰਲ ਸੁਬੇਗ ਸਿੰਘ ਹੋਰੀਂ ਲੰਗਰ ਹਾਲ ਦੇ ਹੇਠਾਂ ਬੇਸਮੈਂਟ 'ਚ ਦਿੰਦੇ ਸੀ। ਮੋਰਚਾਬੰਦੀ ਦਾ ਕੰਮ ਵੀ ਨਾਲ਼ੋ-ਨਾਲ਼ ਹੀ ਚੱਲਦਾ ਸੀ। ਪਹਿਲਾਂ ਤਾਂ ਮੋਰਚੇ ਛੱਤਾਂ ਤੇ ਵਧੇਰੇ ਬਣਾਏ ਸੀ, ਪਰ ਜਦੋਂ ਪਹਿਲੀ ਜੂਨ ਨੂੰ ਸੀ.ਆਰ.ਪੀ. ਨੇ ਗੋਲ਼ੀ ਚਲਾਈ, ਫਿਰ

ਹੋਰ ਮੋਰਚੇ ਬਣਾਏ ਗਏ।

ਸਵਾਲ : ਹੋਰ ਮੋਰਚੇ ਕਿਸ ਤਰ੍ਹਾਂ ?

ਜਵਾਬ : ਪਹਿਲੀ ਜੂਨ ਨੂੰ ਸੀ.ਆਰ.ਪੀ. ਵਾਲਿਆਂ ਨੇ ਸੱਤ ਘੰਟੇ ਗੋਲ਼ੀ ਚਲਾਈ, ਜੀਹਦੇ 'ਚ ਕਈ ਸ਼ਰਧਾਲੂ ਮਾਰੇ ਗਏ। ਭਾਈ ਮਹਿੰਗਾ ਸਿੰਘ ਬੱਬਰ ਸ਼ਹੀਦ ਹੋਏ। ਸੰਤਾਂ ਨੇ ਅਗਲੇ ਦਿਨ ਭਾਈ ਮਹਿੰਗਾ ਸਿੰਘ ਬੱਬਰ ਦੇ ਸਸਕਾਰ ਤੋਂ ਬਾਅਦ ਖ਼ੁਦ ਗੋਲ਼ੀਆਂ ਦੇ ਨਿਸ਼ਾਨ ਗਿਣੇ ਤੇ ਕਹਿੰਦੇ, 'ਮੈਡਮ ਨੂੰ ਹੱਥ ਵਿਖਾਉਣੇ ਈ ਪੈਣੇ ਆ।' ਓਦੋਂ ਹੀ ਜਨਰਲ ਸੁਬੇਗ ਸਿੰਘ ਹੋਰਾਂ ਨੇ ਵਧੇਰੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ। 2 ਜੂਨ ਦੀ ਸਾਰੀ ਰਾਤ ਜਨਰਲ ਸੁਬੇਗ ਸਿੰਘ ਨਹੀਂ ਸੁੱਤੇ, ਉਹ ਵੱਖ-ਵੱਖ ਥਾਂਵਾਂ ਤੇ ਗੁਪਤ ਮੋਰਚੇ ਬਣਾਉਂਦੇ ਰਹੇ। ਸਾਨੂੰ ਵੀ ਉਹਨਾਂ ਨੇ ਅਜਿਹੇ ਮੋਰਚੇ ਬਣਾਉਣ ਬਾਰੇ ਦੱਸਿਆ। ਫਿਰ ਲੰਗਰ ਹਾਲ ਤੇ ਸਿੰਧੀ ਹੋਟਲ 'ਚ ਵੀ ਅਜਿਹੇ ਮੋਰਚੇ ਬਣਾਏ ਗਏ। ਰੇਤ ਦੀਆਂ ਬੋਰੀਆਂ ਲਾ-ਲਾ ਕੇ ਵੀ ਮੋਰਚੇ ਬਣਾਏ।

ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ ਦੀ ਮਿਰਤਕ ਦੇਹ

ਸਵਾਲ : ਫਿਰ ਫ਼ੌਜੀ ਹਮਲੇ ਵੇਲ਼ੇ ਤੁਸੀਂ ਕਿੱਥੇ ਸੀ ?

ਜਵਾਬ : ਤਿੰਨ ਜੂਨ ਨੂੰ ਗੁਰੂ ਅਰਜਨ ਪਾਤਸ਼ਾਹ ਦਾ ਸ਼ਹੀਦੀ ਪੁਰਬ ਸੀ। ਅਸੀਂ ਸਾਰਾ ਦਿਨ ਸੇਵਾ ਕਰਦੇ ਰਹੇ। ਰਾਤ ਨੂੰ ਸ਼ਹੀਦੀ ਪੁਰਬ ਦੇ ਸੰਬੰਧ 'ਚ ਮੰਜੀ ਸਾਹਿਬ ਦੀਵਾਨ ਹਾਲ 'ਚ ਕੀਰਤਨ ਦਰਬਾਰ ਸੀ, ਓਥੇ ਹਾਜ਼ਰੀ ਭਰ ਕੇ ਅਸੀਂ ਸਿੰਧੀ ਹੋਟਲ ਦੇ ਕਮਰਿਆਂ 'ਚ ਆ ਕੇ ਸੁੱਤੇ, ਜਦੋਂ ਤੜਕੇ 4 ਵੱਜ ਕੇ 40 ਮਿੰਟ ਤੇ ਫ਼ੌਜ ਨੇ ਪਹਿਲਾ ਗੋਲ਼ਾ ਹਰਿਮੰਦਰ ਸਾਹਿਬ ਵੱਲ ਚਲਾਇਆ। ਫਿਰ ਤਾਂ ਗੋਲ਼ਾਬਾਰੀ ਸ਼ੁਰੂ ਹੋ ਗਈ।

ਸਵਾਲ : ਹਮਲਾ ਕਰਨ ਤੋਂ ਬਾਅਦ ਸਭ ਤੋਂ ਪਹਿਲਾਂ ਭਾਰਤੀ ਫ਼ੌਜ ਦਾ ਟਾਰਗੇਟ ਕੀ ਸੀ ?

ਜਵਾਬ : ਸਭ ਤੋਂ ਪਹਿਲਾਂ ਭਾਰਤੀ ਫ਼ੌਜ ਨੇ ਛੱਤਾਂ ਤੇ ਜਿਹੜੇ ਸਾਮ੍ਹਣੇ ਮੋਰਚੇ ਸੀ, ਓਹਨਾਂ ਨੂੰ ਟਾਰਗੇਟ ਬਣਾਇਆ। ਬੁੰਗਿਆਂ ਤੇ ਜਿਹੜੇ ਮੋਰਚੇ ਸੀ, ਉਹਨਾਂ ਨੂੰ ਨਿਸ਼ਾਨਾ ਬਣਾਇਆ। ਆਪਣੇ ਵੱਲੋਂ ਤਾਂ ਉਹਨਾਂ ਨੇ ਇੱਕ ਵਾਰ ਸਾਰੇ ਮੋਰਚੇ ਤਬਾਹ ਕਰਨ ਤੋਂ ਬਾਅਦ ਹੀ ਫ਼ੌਜ ਅੱਗੇ ਵਧਾਈ ਸੀ, ਪਰ ਜਦੋਂ ਫ਼ੌਜ ਅੰਦਰ ਦਾਖ਼ਲ ਹੋਣ ਲੱਗੀ ਤਾਂ ਫਿਰ ਸਿੰਘਾਂ ਨੇ ਲੁਕਵੇਂ ਮੋਰਚਿਆਂ 'ਚੋਂ ਗੋਲ਼ੀਆਂ ਦਾ ਮੀਂਹ ਵਰ੍ਹਾ ਕੇ ਸਵਾਗਤ ਕੀਤਾ। ਅਸੀਂ ਸਿੰਧੀ ਹੋਟਲ ਦੇ ਮੋਰਚਿਆਂ 'ਚੋਂ ਗਲ਼ੀਆਂ 'ਚ ਅੱਗੇ ਵਧਦੀ ਆਉਂਦੀ ਫ਼ੌਜ ਨੂੰ ਰੋਕਿਆ।

ਸਵਾਲ : ਫਿਰ ਸਿੰਧੀ ਹੋਟਲ 'ਚ ਕਿੰਨਾ ਚਿਰ ਲੜਦੇ ਰਹੇ...?

ਜਵਾਬ : ਸਿੰਧੀ ਹੋਟਲ ਦੀਆਂ ਕੰਧਾਂ ਬਹੁਤ ਪਤਲੀਆਂ ਸੀ। ਫ਼ੌਜ ਜਦੋਂ ਬਾਹਰੋਂ ਫ਼ਾਇਰਿੰਗ

ਕਰਦੀ ਸੀ ਤਾਂ ਗੋਲ਼ੀਆਂ ਕੰਧਾਂ ਪਾੜ ਕੇ ਅੰਦਰ ਆਉਂਦੀਆਂ ਸੀ। ਸਾਡੀ ਕਮਾਂਡ ਬਾਬਾ ਠਾਹਰਾ ਸਿੰਘ ਜੀ ਦੇ ਕੋਲ਼ ਸੀ। ਉਹਨਾਂ ਦਾ ਕਮਰਾ ਗੁਰੂ ਰਾਮਦਾਸ ਲੰਗਰ ਦੀਆਂ ਪੌੜੀਆਂ ਦੇ ਕੋਲ਼ ਸੀ। ਅਸੀਂ ਉਹਨਾਂ ਨੂੰ ਇਹ ਗੱਲ ਦੱਸੀ। ਉਹ ਕਹਿੰਦੇ, 'ਤੁਸੀਂ ਸਿੰਧੀ ਹੋਟਲ ਨੂੰ ਛੱਡ ਕੇ ਹਥਿਆਰ ਲੈ ਕੇ ਗੁਰੂ ਰਾਮਦਾਸ ਲੰਗਰ ਵਾਲ਼ੇ ਮੋਰਚਿਆਂ ਤੇ ਆ ਜਾਓ, ਕਿਉਂਕਿ ਸਿੰਧੀ ਹੋਟਲ ਥੋੜ੍ਹਾ ਵੱਖਰਾ ਜਿਹਾ ਪੈ ਜਾਂਦੈ ਤੇ ਓਥੇ ਫ਼ੌਜ ਤੁਹਾਨੂੰ ਛੇਤੀ ਹੀ ਘੇਰਾ ਵੀ ਪਾ ਸਕਦੀ ਐ।' ਅਸੀਂ ਸਾਰੇ ਸਿੰਘ ਫਿਰ ਆਪਣੇ ਹਥਿਆਰ ਚੁੱਕ ਕੇ ਗੁਰੂ ਰਾਮਦਾਸ ਲੰਗਰ 'ਚ ਆ ਗਏ।


ਤਬਾਹ ਹੋਇਆ ਬੁੰਗਾ

ਸਵਾਲ : ਫਿਰ ਗੁਰੂ ਰਾਮਦਾਸ ਲੰਗਰ ਦੇ ਮੋਰਚੇ ਸੰਭਾਲ਼ੇ ?

ਜਵਾਬ : ਨਹੀਂ, ਪਹਿਲਾਂ ਸਾਨੂੰ ਬਾਬਾ ਠਾਹਰਾ ਸਿੰਘ ਜੀ ਨੇ ਬੁੰਗਿਆਂ ਦੇ ਅੰਦਰ ਜਾ ਕੇ ਮੋਰਚੇ ਸੰਭਾਲ਼ਣ ਲਈ ਭੇਜਿਆ। ਕਿਉਂਕਿ ਬੁੰਗਿਆਂ ਦੇ ਉੱਪਰਲੇ ਜਿਹੜੇ ਮੋਰਚੇ ਸੀ, ਉਹ ਤਾਂ ਭਾਰਤੀ ਫ਼ੌਜ ਨੇ ਸਭ ਤੋਂ ਪਹਿਲਾਂ ਗੋਲ਼ੇ ਮਾਰ-ਮਾਰ ਕੇ ਤਬਾਹ ਕਰ ਦਿੱਤੇ ਸੀ। ਪਰ ਜਦੋਂ ਅਸੀਂ ਬੁੰਗਿਆਂ ਦੇ ਅੰਦਰ ਗਏ ਤਾਂ ਅੰਦਰ ਗੋਲ਼ਾਬਾਰੀ ਦੇ ਨਾਲ਼ ਚੂਨਾ, ਧੂੰਆਂ ਤੇ ਮਲਬਾ ਉੱਡਣ ਕਰ ਕੇ ਦਮ ਘੁੱਟਦਾ ਸੀ, ਕਿਉਂਕਿ ਬੁੰਗਿਆਂ ਨੂੰ ਕੋਈ ਹਵਾਦਾਰ ਖਿੜਕੀ ਤਾਂ ਹੈ ਨ੍ਹੀਂ ਸੀ ਤੇ ਥਾਂ ਵੀ ਬੜੀ ਤੰਗ ਸੀ। ਅਸੀਂ ਬਾਬਾ ਠਾਹਰਾ ਸਿੰਘ ਨੂੰ ਸੁਨੇਹਾ ਭੇਜ ਕੇ ਸਾਰੇ ਹਾਲਾਤ ਦੱਸੇ, ਤੇ ਬਾਬਾ ਠਾਹਰਾ ਸਿੰਘ ਨੇ ਸਾਨੂੰ ਲੰਗਰ ਵਾਲ਼ੇ ਮੋਰਚਿਆਂ 'ਚ ਹੀ ਸੱਦ ਲਿਆ। ਓਦੋਂ ਭਾਈ ਸਾਹਿਬ ਭਾਈ ਅਮਰੀਕ ਸਿੰਘ ਵੀ ਲੰਗਰ ਵਾਲ਼ੇ ਮੋਰਚਿਆਂ ਦੇ ਵਿੱਚ ਲੜ ਰਹੇ ਸੀ। ਇੱਥੇ ਛੱਤਾਂ ਤੇ ਜਿਹੜੇ ਮੋਰਚੇ ਸੀ, ਉਹ ਅਜੇ ਸੇਫ ਸੀ, ਕਿਉਂਕਿ ਫ਼ੌਜ ਦੇ ਰਾਹ 'ਚ ਅਜੇ ਬਹੁਤ ਰੁਕਾਵਟਾਂ ਸੀਗੀਆਂ ਤੇ ਉਹ ਲੰਗਰ ਉੱਪਰਲੇ ਮੋਰਚਿਆਂ ਨੂੰ ਟਾਰਗੇਟ ਨਈਂ ਸੀ ਕਰ ਸਕਦੇ।

ਗੁਰੂ ਰਾਮਦਾਸ ਲੰਗਰ



ਸਵਾਲ : ਲੰਗਰ ਹਾਲ ਵਾਲ਼ੇ ਮੋਰਚਿਆਂ

ਤੇ ਕਿੰਨੇ ਕੁ ਸਿੰਘ ਸੀ ?

ਜਵਾਬ : ਇੱਥੇ ਭਾਈ ਅਮਰੀਕ ਸਿੰਘ ਤੇ ਬਾਬਾ ਠਾਹਰਾ ਸਿੰਘ ਤੋਂ ਇਲਾਵਾ ਭਾਈ ਮੇਜਰ ਸਿੰਘ ਨਾਗੋਕੇ, ਭਾਈ ਸੁਰਿੰਦਰ ਸਿੰਘ ਨਾਗੋਕੇ, ਚੱਬੇ ਵਾਲ਼ੇ ਸਿੰਘ, ਨਾਗੋਕੇ ਵਾਲ਼ੇ ਸਾਰੇ ਸਿੰਘ ਤੇ ਹਜ਼ੂਰ ਸਾਹਿਬ ਤੋਂ ਆਏ ਕਾਰ ਸੇਵਾ ਵਾਲ਼ੇ 32-33 ਸਿੰਘ ਵੀ ਏਥੇ ਡਟੇ ਹੋਏ ਸੀ। ਹਜ਼ੂਰ ਸਾਹਿਬ ਤੋਂ 35 ਸਿੰਘ ਅਰਦਾਸ ਕਰ ਕੇ ਓਥੇ ਆਏ ਸੀ ਕਿ ਜੇ ਹਰਿਮੰਦਰ ਸਾਹਿਬ ਤੇ ਹਮਲਾ ਹੋਇਆ ਤਾਂ ਲੜਦੇ ਹੋਏ ਸ਼ਹੀਦ ਹੋਵਾਂਗੇ। ਇਹ ਸਾਰੇ ਸਿੰਘ ਬੜੀ ਬਹਾਦਰੀ ਨਾਲ਼ ਲੜੇ। ਇਹਨਾਂ 'ਚੋਂ 4 ਸਿੰਘ ਬਚੇ, ਜੋ ਬਾਅਦ 'ਚ ਜੋਧਪੁਰ ਜੇਲ੍ਹ 'ਚ ਰਹੇ। ਸਾਡਾ ਸਾਰੇ ਮੋਰਚਿਆਂ 'ਚ ਆਪਸੀ ਤਾਲਮੇਲ ਸੀ। ਅਸੀਂ ਇੱਕ ਮੋਰਚੇ ਤੋਂ ਦੂਜੇ 'ਚ ਆਉਂਦੇ ਜਾਂਦੇ ਸੀ, ਸਮਾਨ ਵੀ ਲੈਂਦੇ ਦੇਂਦੇ ਸੀ, ਜੇ ਕਿਸੇ ਹੋਰ ਨੂੰ ਗੋਲ਼ੀ ਸਿੱਕਾ ਚਾਹੀਦਾ ਹੁੰਦਾ ਤਾਂ ਉਹ ਲੈ ਜਾਂਦਾ, ਜੇ ਸਾਨੂੰ ਕੋਈ ਚੀਜ਼ ਚਾਹੀਦੀ ਹੁੰਦੀ ਤਾਂ ਅਸੀਂ ਲੈ ਆਉਂਦੇ।

ਸਵਾਲ : ਇੱਥੇ ਤੁਹਾਡੇ ਤੇ ਮੁੱਖ ਤੌਰ ਤੇ ਭਾਰਤੀ ਫ਼ੌਜ ਕਿਹੜੇ ਪਾਸਿਓਂ ਹਮਲਾ ਕਰ ਰਹੀ ਸੀ ?

ਜਵਾਬ : ਫ਼ੌਜ ਤਾਂ ਲਗਾਤਾਰ ਬ੍ਰਹਮਬੂਟਾ ਮਾਰਕੀਟ ਵੱਲੋਂ ਤੇ ਬਾਬਾ ਅਟੱਲ ਵਾਲ਼ੇ ਪਾਸਿਓਂ ਅੰਦਰ ਵੜਨ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਚਾਰ ਜੂਨ ਅੰਮ੍ਰਿਤ ਵੇਲ਼ੇ ਤੋਂ ਲੈ ਕੇ ਪੂਰਾ ਦਿਨ ਤੇ ਫਿਰ ਪੂਰੀ ਰਾਤ ਫ਼ੌਜ ਨੂੰ ਇੱਧਰੋਂ ਅੰਦਰ ਨ੍ਹੀਂ ਵੜਨ ਦਿੱਤਾ ਸਿੰਘਾਂ ਨੇ। ਅਖ਼ੀਰ 4 ਤਰੀਕ ਦੀ ਰਾਤ ਨੂੰ ਹੈਲੀਕਾਪਟਰਾਂ ਰਾਹੀਂ ਕਮਾਂਡੋ ਅੰਦਰ ਉਤਾਰਨ ਦੀ ਕੋਸ਼ਿਸ਼ ਕੀਤੀ ਗਈ। ਦੋ ਹੈਲੀਕਾਪਟਰ ਤਾਂ ਲੰਗਰ ਹਾਲ ਦੇ ਉਤਲੇ ਪਾਸੇ ਵੀ ਲਿਆ ਕੇ ਹਵਾ 'ਚ ਖਲ੍ਹਾਰ ਦਿੱਤੇ ਤੇ ਪੌੜੀਆਂ ਲਾ ਕੇ ਕਮਾਂਡੋ ਹੇਠਾਂ ਲਾਹੁਣ ਦੀ ਕੋਸ਼ਿਸ਼ ਕਰਦੇ ਰਹੇ, ਪਰ ਇੱਥੇ ਸਿੰਘਾਂ ਨੇ ਉਹਨਾਂ ਦੀ ਇਹ ਪਲੈਨਿੰਗ ਸਫਲ ਨ੍ਹੀਂ ਹੋਣ ਦਿੱਤੀ। ਭਾਈ ਸਾਹਿਬ ਭਾਈ ਅਮਰੀਕ ਸਿੰਘ ਖ਼ੁਦ ਐਲ.ਐਮ.ਜੀ. ਫੜ ਕੇ ਛੱਤ ਤੇ ਡਟੇ ਹੋਏ ਸੀ ਤੇ ਉਹ ਖ਼ੁਦ ਫ਼ਾਇਰਿੰਗ ਕਰਦੇ ਰਹੇ। ਕਮਾਂਡੋ ਮਾਰ ਕੇ ਬਾਅਦ 'ਚ ਭਾਈ ਅਮਰੀਕ ਸਿੰਘ ਨੇ ਤਾਂ ਆਪਣੀ ਐਲ.ਐਮ.ਜੀ. ਹੈਲੀਕਾਪਟਰ ਵੱਲ ਵੀ ਸਿੱਧੀ ਕਰ ਕੇ ਬ੍ਰੱਸ਼ਟ ਮਾਰੇ, ਪਰ ਉਹ ਰੇਂਜ ਤੋਂ ਬਾਹਰ ਸੀ। ਕਾਰ ਸੇਵਾ ਵਾਲ਼ੇ ਸਿੰਘਾਂ 'ਚ ਇੱਕ ਫ਼ੌਜੀ ਸਿੰਘ ਸੀ, ਉਹ ਭਾਈ ਸਾਹਿਬ ਨੂੰ ਕਹਿੰਦਾ, 'ਇਹ (ਹੈਲੀਕਾਪਟਰ) ਇਹਨਾਂ (ਫ਼ੌਜੀਆਂ) ਨੇ ਰੇਂਜ ਦਾ ਹਿਸਾਬ ਲਾ ਕੇ ਹੀ ਖਲ੍ਹਾਰੇ ਹੁੰਦੇ ਆ।' ਫਿਰ ਭਾਈ ਸਾਹਿਬ ਨੇ ਓਧਰ ਨੂੰ ਹੋਰ ਬ੍ਰੱਸ਼ਟ ਨ੍ਹੀਂ ਮਾਰਿਆ, ਪਰ ਹੈਲੀਕਾਪਟਰਾਂ 'ਚੋਂ ਉੱਤਰੇ ਕਮਾਂਡੋ ਨ੍ਹੀਂ ਜ਼ਮੀਨ ਤੇ ਸਹੀ ਸਲਾਮਤ ਉੱਤਰਨ ਦਿੱਤੇ।

ਸਵਾਲ : 5 ਜੂਨ ਨੂੰ ਵੀ ਇਸੇ ਹੀ ਤਰ੍ਹਾਂ ਜੰਗ

ਹੁੰਦੀ ਰਹੀ ?

ਜਵਾਬ : ਪੰਜ ਜੂਨ ਦਾ ਦਿਨ ਚੜ੍ਹਨ ਤਕ ਸਾਡੇ ਕੋਲ ਗੋਲੀ-ਸਿੱਕੇ ਦੀ ਕਮੀ ਆਉਣੀ ਸ਼ੁਰੂ ਹੋ ਗਈ। 5 ਜੂਨ ਦੇ ਦਿਨ ਦੇ 11 ਕੁ ਵਜੇ ਭਾਈ ਅਮਰੀਕ ਸਿੰਘ ਹੋਰੀਂ ਕਹਿੰਦੇ, 'ਅਕਾਲ ਤਖ਼ਤ ਸਾਹਿਬ ਤੇ ਚੱਲੀਏ।' ਅਸੀਂ 5-7 ਸਿੰਘ ਭਾਈ ਅਮਰੀਕ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਛੱਡਣ ਲਈ ਤੁਰੇ। ਅਸੀਂ ਦਾਲ਼ ਦੀਆਂ ਬਾਲਟੀਆਂ ਤੇ ਪ੍ਰਸ਼ਾਦੇ ਵੀ ਲੈ ਲਏ ਕਿ ਓਥੇ ਜੇ ਸਿੰਘਾਂ ਨੂੰ ਲੋੜ ਹੋਈ ਤਾਂ ਦੇ ਆਵਾਂਗੇ। ਸਿੱਧੇ ਰਾਹ ਤਾਂ ਗੋਲੀ ਮੀਂਹ ਵਾਂਗ ਵਰ੍ਹ ਰਹੀ ਸੀ; ਮੇਰੇ ਮਾਮੇ ਦੇ ਲੜਕੇ ਕੁਲਦੀਪ ਸਿੰਘ ਸਰਲੀ ਨੇ ਪਰਕਰਮਾ 'ਚ ਜਾਣ ਲਈ ਬਾਬਾ ਖੜਕ ਸਿੰਘ ਦੇ ਬੁੰਗੇ ਕੋਲੋਂ ਕੰਧ ਪਾੜ ਕੇ ਰਾਹ ਬਣਾਇਆ ਸੀ; ਇੱਧਰ ਦੀ ਉੱਤਰ ਕੇ ਭਾਈ ਅਮਰੀਕ ਸਿੰਘ ਤੇ ਅਸੀਂ 5 ਸਿੰਘ ਪਰਕਰਮਾ 'ਚ ਗਏ। ਥਮ੍ਹਲਿਆਂ ਦੀ ਓਟ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਹੁੰਚ ਗਏ। ਓਥੇ ਜਾਂਦਿਆਂ ਹੀ ਸੰਤ ਜੀ (ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ) ਮਿਲੇ। ਉਹਨਾਂ ਦੇ ਸਿਰ ਤੇ ਛੋਟੀ ਕੇਸਕੀ ਸੀ, ਪਰ ਹੱਥ 'ਚ ਥਾਮਸਨ ਗੰਨ ਫੜ ਕੇ ਤਿਆਰ-ਬਰ-ਤਿਆਰ ਖਲੋਤੇ ਸੀ। ਅਸੀਂ ਸਾਰਿਆਂ ਨੇ ਜਾਂਦਿਆਂ ਹੀ ਫ਼ਤਹਿ ਬੁਲਾਈ। ਫ਼ਤਹਿ ਦਾ ਜਵਾਬ ਦੇ ਕੇ (ਸੰਤ) ਪੁੱਛਣ ਲੱਗੇ; ਕਹਿੰਦੇ, 'ਓਧਰ ਦਾ ਕੀ ਹਾਲ ਆ ?' ਭਾਈ ਅਮਰੀਕ ਸਿੰਘ ਕਹਿੰਦੇ, 'ਮੋਰਚੇ ਕਾਇਮ ਆ, ਕੋਈ ਫ਼ੌਜੀ ਨ੍ਹੀਂ ਅੰਦਰ ਵੜਨ ਦਿੱਤਾ, ਪਰ ਹੁਣ ਗੋਲੀ-ਸਿੱਕੇ ਦੀ ਘਾਟ ਆ ਰਹੀ ਐ, ਉਹ ਦਿਓ ਇਹਨਾਂ ਸਿੰਘਾਂ ਨੂੰ...।'

ਸਵਾਲ : ਫਿਰ ਸੰਤਾਂ ਨੇ ਕੀ ਕਿਹਾ ?

ਜਵਾਬ : ਸੰਤਾਂ ਨੇ ਉਸੇ ਵੇਲੇ ਹੀ ਭਾਈ ਸੁਜਾਨ ਸਿੰਘ ਹੋਰਾਂ ਨੂੰ ਕਿਹਾ ਕਿ ਇਹਨਾਂ ਸਿੰਘਾਂ ਦੀ ਲੋੜ ਪੂਰੀ ਕਰੋ। ਅਸੀਂ ਕਿਹਾ ਕਿ ਅਸੀਂ ਲੰਗਰ ਵੀ ਲੈ ਕੇ ਆਏ ਆਂ। ਸੰਤ ਕਹਿੰਦੇ ਲੰਗਰ ਦੀ ਤਾਂ ਕੋਈ ਲੋੜ ਨਈਂ ਸੀ। ਸਿੰਘ ਅੰਦਰ ਪ੍ਰਸ਼ਾਦ ਵੀ ਬਣਾ ਲੈਂਦੇ ਸੀ ਤੇ ਬਾਹਰ ਗ਼ਲੀਆਂ ਚੋਂ ਸਿੱਖ ਸੰਗਤਾਂ ਵੀ ਜਾਨ ਤਲ਼ੀ ਤੇ ਰੱਖ ਕੇ ਲੰਗਰ ਤਿਆਰ ਕਰ ਕੇ ਅੰਦਰ ਸਿੰਘਾਂ ਨੂੰ ਭੇਜ ਰਹੀਆਂ ਸੀ।

ਸਵਾਲ : ਹੋਰ ਗੋਲੀ-ਸਿੱਕਾ ਲੈ ਕੇ ਤੁਸੀਂ ਫਿਰ ਆਪਣੇ ਮੋਰਚੇ ਤੇ ਆ ਗਏ ?

ਜਵਾਬ : ਹਾਂ, ਅਸੀਂ ਅਕਾਲ ਤਖ਼ਤ ਸਾਹਿਬ ਤੇ 2-3 ਘੰਟੇ ਰਹੇ, ਸਾਰੇ ਸਿੰਘਾਂ ਨੂੰ ਮਿਲੇ, ਅਕਾਲ ਤਖ਼ਤ ਸਾਹਿਬ ਦੇ ਨਾਲ ਵਾਲ਼ੀ ਡਿਓੜ੍ਹੀ 'ਚ ਜਿਨ੍ਹਾਂ ਸਿੰਘਾਂ ਦਾ ਮੋਰਚਾ ਸੀ, ਜਿਨ੍ਹਾਂ 'ਚ ਭਾਈ ਜਰਨੈਲ ਸਿੰਘ ਬੂਹ, ਭਾਈ ਰਸਾਲ ਸਿੰਘ ਆਰਿਫਕੇ ਹੋਰੀਂ ਸਾਡੇ ਚੰਗੇ ਜਾਣੂ ਸੀ, ਉਹਨਾਂ ਨੂੰ ਵੀ ਮਿਲ ਕੇ ਆਏ। ਉਹ ਸਾਰੇ ਸਿੰਘ ਵੀ ਪੂਰੀ ਚੜ੍ਹਦੀ ਕਲਾ 'ਚ ਡਟੇ ਹੋਏ ਸੀ। ਭਾਈ ਅਮਰੀਕ ਸਿੰਘ ਜੀ ਓਥੇ ਹੀ ਰਹਿ ਪਏ। ਫਿਰ ਭਾਈ ਸੁਜਾਨ ਸਿੰਘ ਹੋਰਾਂ ਤੋਂ ਅਸੀਂ 2 ਐਲ.ਐਮ.ਜੀ, ਐਸ.ਐਲ.ਆਰਾਂ ਤੇ ਵਾਹਵਾ ਕਾਰਤੂਸ ਲੈ ਕੇ ਉਸੇ ਹੀ ਤਰ੍ਹਾਂ ਥਮ੍ਹਲਿਆਂ ਦੇ ਓਹਲੇ ਬਚਦੇ ਬਚਾਉਂਦੇ ਲੰਗਰ ਹਾਲ 'ਚ ਆ ਗਏ। ਸਾਰੇ ਹਥਿਆਰ ਅਸੀਂ ਬਾਬਾ ਠਾਹਰਾ

ਭਾਈ ਰਸਾਲ ਸਿੰਘ ਆਰਿਫਕੇ

ਸਿੰਘ ਨੂੰ ਆ ਕੇ ਦੇ ਦਿੱਤੇ। ਬਾਬਾ ਠਾਹਰਾ ਸਿੰਘ ਨੇ ਉਹ ਹਥਿਆਰ ਤੇ ਰੌਂਦ ਸਾਰੇ ਸਿੰਘਾਂ 'ਚ ਵੰਡ ਦਿੱਤੇ ਤੇ ਕਹਿੰਦੇ, 'ਬਿਨਾਂ ਨਿਸ਼ਾਨੇ ਦੇ ਨ੍ਹੀਂ ਚਲਾਉਣੇ, ਆਪਣੇ ਕੋਲ ਰੌਂਦ ਘੱਟ ਨੇ ਪਿੱਛੋਂ ਸਪਲਾਈ ਲਗਾਤਾਰ ਨ੍ਹੀਂ ਮਿਲਣੀ।'

ਸਵਾਲ : ਇਸ ਤਰ੍ਹਾਂ ਸੀਮਿਤ ਅਸਲੇ ਦੇ ਨਾਲ਼ ਪੂਰੀ ਭਾਰਤੀ ਫ਼ੌਜ ਨੂੰ ਕਦੋਂ ਤਕ ਹਰਿਮੰਦਰ ਸਾਹਿਬ 'ਚ ਪੈਰ ਨ੍ਹੀਂ ਧਰਨ ਦਿੱਤਾ ?

ਜਵਾਬ : ਪੰਜ ਜੂਨ ਦੀ ਰਾਤ ਪੈਣ ਤਕ ਕੋਈ ਫ਼ੌਜੀ ਨ੍ਹੀਂ ਅੰਦਰ ਵੜਨ ਦਿੱਤਾ। ਪੰਜ ਜੂਨ ਦੀ ਰਾਤ ਨੂੰ 8-9 ਵਜੇ ਫ਼ੌਜ ਨੇ ਆਪਣੇ ਟਰੇਂਡ ਕਮਾਂਡੋ ਤਿੰਨ ਬਾਹੀਆਂ ਵੱਲ ਦੀ ਅੰਦਰ ਭੇਜੇ। ਇਹਨਾਂ ਕਮਾਂਡੋਆਂ ਨੇ ਬੁਲੇਟ ਪਰੂਫ਼ ਜੈਕਟਾਂ ਪਾਈਆਂ ਹੋਈਆਂ ਸੀ। ਇਹਨਾਂ ਦੇ ਗੋਲ਼ੀ ਪੂਰੇ ਨਿਸ਼ਾਨੇ ਦੇ ਨਾਲ਼ ਸਿਰ 'ਚ ਮਾਰਨੀ ਪੈਂਦੀ ਸੀ, ਜਾਂ ਜਿੱਥੇ ਵੀ ਬੁਲੇਟ ਪਰੂਫ਼ ਜੈਕਟ ਨ੍ਹੀਂ ਸੀ ਹੁੰਦੀ; ਇਹਨਾਂ ਦੀ ਟਰੇਨਿੰਗ ਵੀ ਸਪੈਸ਼ਲ ਹੁੰਦੀ ਆ ਤੇ ਇਹਨਾਂ ਤੇ ਕਰੋੜਾਂ ਰੁਪਏ ਖ਼ਰਚੇ ਜਾਂਦੇ ਆ। ਇਹ ਅੰਦਰ ਲੰਘ ਗਏ ਤੇ ਅੰਦਰਲੀ ਡਿਓੜ੍ਹੀ ਤਕ ਵੀ ਇਹ ਕਮਾਂਡੋ ਜਾ ਪਹੁੰਚੇ। ਇਹਨਾਂ ਦੀਆਂ ਬੁਲੇਟ ਪਰੂਫ਼ ਵਰਦੀਆਂ ਦਾ ਸਿੰਘਾਂ ਨੂੰ ਇੱਕ ਫ਼ਾਇਦਾ ਵੀ ਹੋਇਆ; ਜਦੋਂ ਇਹਨਾਂ ਦੀ ਵਰਦੀ ਤੇ ਗੋਲ਼ੀਆਂ ਵੱਜਦੀਆਂ ਸੀ ਤਾਂ ਉਹਦੇ 'ਚੋਂ ਅੱਗ ਦਾ ਭਬੂਕਾ ਨਿਕਲ਼ਦਾ ਸੀ;

ਉਸ ਅੱਗ ਦੇ ਭਬੂਕੇ ਦੇ ਨਾਲ਼ ਜੀਹਦੀ ਵਰਦੀ ਨੂੰ ਅੱਗ ਲੱਗ ਜਾਂਦੀ, ਉਹ ਤਾਂ ਨੇਰ੍ਹੇ 'ਚ ਸਾਰੇ ਦਾ ਸਾਰਾ ਨਜ਼ਰ ਆ ਹੀ ਜਾਂਦਾ ਸੀ, ਉਹਦੇ ਆਲ਼ੇ-ਦੁਆਲ਼ੇ ਲੇਟੇ ਹੋਏ ਹੋਰ ਕਮਾਂਡੋ ਵੀ ਸਪਸ਼ਟ ਦਿਸ ਪੈਂਦੇ ਸੀ, ਤੇ ਫਿਰ ਪਲ਼ਾਂ 'ਚ ਹੀ ਮੋਰਚਿਆਂ 'ਚੋਂ ਸਿੰਘ ਨਿਸ਼ਾਨੇ ਬੰਨ੍ਹ-ਬੰਨ੍ਹ ਕੇ ਸਾਰਿਆਂ ਨੂੰ ਹੀ ਭੁੰਨ ਦੇਂਦੇ ਸੀ। ਇਸ ਤਰ੍ਹਾਂ ਸਿੰਘਾਂ ਨੇ ਉਹ ਸਾਰੇ ਹੀ ਕਮਾਂਡੋ, ਜਿਨ੍ਹਾਂ ਦੀ ਗਿਣਤੀ ਚਾਰ ਸੌ ਦੇ ਕਰੀਬ ਸੀ, ਮਾਰ ਘੱਤੇ। ਉਹਨਾਂ ਦੇ ਮਰਨ ਤੋਂ ਬਾਅਦ ਹੀ ਭਾਰਤੀ ਫ਼ੌਜ 'ਚ ਵਧੇਰੇ ਤਰਥੱਲੀ ਮੱਚੀ ਤੇ ਫਿਰ ਦਿੱਲੀ ਤਕ ਚੀਕ-ਚਿਹਾੜਾ ਪਿਆ। ਉਸ ਤੋਂ ਬਾਅਦ ਫਿਰ ਰਾਤ ਦੇ 11-12 ਵਜੇ ਟੈਂਕ ਅੰਦਰ ਭੇਜੇ ਗਏ।

ਸਵਾਲ : ਜਦੋਂ ਟੈਂਕ ਅੰਦਰ ਆ ਗਏ ਤੇ ਫਿਰ ਲੜਾਈ ਕਿਸ ਤਰ੍ਹਾਂ ਲੜੀ...?

ਜਵਾਬ : ਸਿੰਘਾਂ ਨੇ ਟੈਂਕਾਂ ਦੀ ਕੋਈ ਪਰਵਾਹ ਨ੍ਹੀਂ ਕੀਤੀ। ਜਦੋਂ ਇੱਕ ਟੈਂਕ ਆ ਕੇ ਲੰਗਰ ਦੇ ਕੋਲ ਆ ਕੇ ਖਲੋ ਗਿਆ ਤੇ ਗੋਲ਼ੇ ਵਰ੍ਹਾਉਣ ਲੱਗ ਪਿਆ ਤਾਂ ਓਥੇ ਇੱਕ ਨਿਹੰਗ ਸਿੰਘ ਸੀ, ਉਹ ਨਿਹੰਗ ਸਿੰਘ ਸੰਗਤ ਦੇ ਵਿੱਚੋਂ ਹੀ ਸੀ ਤੇ ਉਹਦੇ ਕੋਲ ਸਿਰਫ਼ ਆਪਣੇ ਰਵਾਇਤੀ ਸ਼ਸਤਰ ਹੀ ਸੀਗੇ, ਪਰ ਸਾਡੇ ਵੇਂਹਦਿਆਂ-ਵੇਂਹਦਿਆਂ ਹੀ ਉਹ ਨਿਹੰਗ ਸਿੰਘ ਜੈਕਾਰੇ ਛੱਡਦਾ ਆਪਣੀ ਬਰਛੀ ਲੈ ਕੇ ਹੀ ਟੈਂਕ ਵੱਲ ਵਧ ਗਿਆ, ਜਿਵੇਂ ਉਹ ਆਪਣੀ ਬਰਛੀ ਨਾਲ਼ ਹੀ ਟੈਂਕ ਦਾ ਮੁਕਾਬਲਾ ਕਰ ਕੇ ਵਿਖਾਉਣਾ ਚਾਹੁੰਦਾ ਹੋਵੇ। ਟੈਂਕ ਦੇ ਅੰਦਰੋਂ ਉਹਦੇ ਬ੍ਰੱਸ਼ਟ ਮਾਰਿਆ ਗਿਆ ਤੇ ਉਹ ਸ਼ਹੀਦ ਹੋ ਕੇ ਸਾਡੀਆਂ ਅੱਖਾਂ ਦੇ ਸਾਮ੍ਹਣੇ



ਡਿੱਗਾ। ਉਸ ਦੀ ਬਹਾਦਰੀ ਵੇਖ ਕੇ ਸਾਰੇ ਹੈਰਾਨ ਰਹਿ ਗਏ। ਫਿਰ ਸਿੰਘਾਂ ਨੇ ਵੀ ਟੈਂਕਾਂ ਤੇ ਬੜੀ ਗੋਲ਼ੀ ਵਰ੍ਹਾਈ, ਪਰ ਗੋਲ਼ੀਆਂ ਦਾ ਟੈਂਕਾਂ ਦੇ ਗੋਲ਼ਿਆਂ ਨਾਲ਼ ਕਾਹਦਾ ਮੁਕਾਬਲਾ...?

ਸਵਾਲ : ਇਸ ਤੋਂ ਬਾਅਦ ਰਣਨੀਤੀ ਬਦਲੀ ਵੀ...?

ਜਵਾਬ : ਬਾਬਾ ਠਾਹਰਾ ਸਿੰਘ ਕਹਿੰਦੇ, 'ਬਾਕੀ ਉੱਪਰਲੀਆਂ ਮੰਜ਼ਲਾਂ ਦੇ ਮੋਰਚੇ ਛੱਡ ਕੇ ਹੁਣ ਹੇਠਲੀ ਮੰਜ਼ਲ, ਜਿੱਥੇ ਲੰਗਰ ਵਰਤਦੈ, ਓਥੇ ਆ ਜਾਓ।' ਕਿਉਂਕਿ ਹੁਣ ਫ਼ੌਜ ਟੈਂਕਾਂ ਦੇ ਪਿੱਛੇ-ਪਿੱਛੇ ਅੰਦਰ ਆਣ ਵੜੀ ਸੀ ਤੇ ਹੁਣ ਆਹਮੋ-ਸਾਮ੍ਹਣੀ ਲੜਾਈ ਹੋਣੀ ਸੀ। ਬਾਕੀ ਸਾਰੇ ਮੋਰਚਿਆਂ 'ਚੋਂ ਫਿਰ ਸਿੰਘ ਹੇਠਲੀ ਮੰਜ਼ਲ ਤੇ ਆ ਗਏ, ਪਰ ਛੱਤ ਦੀ ਨੁੱਕਰ 'ਚ ਬਣੇ ਮੋਰਚੇ ਤੇ ਸਿੰਘ ਫਿਰ ਵੀ ਡਟੇ ਰਹੇ ਕਿਉਂਕਿ ਇੱਥੋਂ ਅੰਦਰ ਆਉਂਦੀ ਫ਼ੌਜ ਤੇ ਸਿੱਧਾ ਨਿਸ਼ਾਨਾ ਲੱਗਦਾ ਸੀ। ਉਹਨਾਂ ਨੇ ਇਸ ਮੋਰਚੇ 'ਚੋਂ ਬੜਾ ਡਟਵਾਂ ਮੁਕਾਬਲਾ ਕੀਤਾ। ਸਿੰਘ ਸਾਰੇ ਹੀ ਕਹਿੰਦੇ ਸੀ ਕਿ ਸ਼ਹੀਦ ਤਾਂ ਹੋਣਾ ਈ ਐ, ਪਰ ਮਰਨ ਤੋਂ ਪਹਿਲਾਂ ਵੱਧ ਤੋਂ ਵੱਧ ਦੁਸ਼ਟ ਮਾਰਨੇ ਆ।

ਸਵਾਲ : ਅੱਖਾਂ ਦੇ ਸਾਮ੍ਹਣੇ ਇੱਕ-ਇੱਕ ਕਰ ਕੇ ਸ਼ਹੀਦ ਹੋ ਰਹੇ ਸਿੰਘਾਂ ਵੱਲ ਵੇਖ ਕੇ ਅੰਦਾਜ਼ਾ ਲੱਗਦਾ ਸੀ ਕਿ ਕਿੰਨਾ ਚਿਰ ਭਾਰਤੀ ਫ਼ੌਜ ਨੂੰ ਰੋਕੀ ਰੱਖਾਂਗੇ ?

ਜਵਾਬ : ਅੰਦਾਜ਼ਾ ਤਾਂ ਮੁਸ਼ਕਲ ਸੀ; ਇੱਕ ਪਲ ਦਾ ਭਰੋਸਾ ਨ੍ਹੀਂ ਸੀ ਹੁੰਦਾ। ਮੈਂ ਤੁਹਾਨੂੰ ਇੱਕ ਮਿਸਾਲ ਹੀ ਦਿੰਨੈਂ। ਜਦੋਂ ਅਸੀਂ ਹੇਠਲੀ ਮੰਜ਼ਲ ਤੇ ਮੋਰਚੇ ਸੰਭਾਲ਼ ਕੇ ਲੜ ਰਹੇ ਸੀ, ਬਾਬਾ ਠਾਹਰਾ ਸਿੰਘ ਕਹਿੰਦੇ, 'ਜਾਓ ! ਦੋ ਸਿੰਘ ਛੱਤ ਵਾਲ਼ੇ ਮੋਰਚੇ ਤੇ ਸਿੰਘਾਂ ਨੂੰ ਪਾਣੀ ਦੇ ਆਓ।' ਮੈਂ ਤੇ ਇੱਕ ਹੋਰ ਸਿੰਘ ਪਾਣੀ ਦੀ ਬਾਲ਼ਟੀ ਲੈ ਕੇ ਉੱਪਰਲੀ ਮੰਜ਼ਲ ਤੇ ਗਏ। ਅਸੀਂ ਮੋਰਚੇ ਤੋਂ ਫਰਲਾਂਗ ਕੁ ਉਰ੍ਹਾਂ ਸੀ, ਕਿ ਮੋਰਚੇ ਤੇ ਗੋਲ਼ਾ ਆ ਕੇ ਵੱਜਾ ਤੇ ਸਾਰਾ ਮੋਰਚਾ ਉੱਡ ਗਿਆ। ਅੰਦਰਲੇ ਸਾਰੇ ਸਿੰਘ ਸ਼ਹੀਦ ਹੋ ਗਏ। ਫਿਰ ਅਸੀਂ ਉਸੇ ਹੀ ਤਰ੍ਹਾਂ ਵਾਪਸ ਆਪਣੇ ਮੋਰਚੇ ਤੇ ਆ ਗਏ ਤੇ ਆ ਕੇ ਬਾਬਾ ਠਾਹਰਾ ਸਿੰਘ ਨੂੰ ਸਿੰਘਾਂ ਦੀ ਸ਼ਹੀਦੀ ਬਾਰੇ ਦੱਸਿਆ।

ਸਵਾਲ : ਫੱਟੜਾਂ ਦੀ ਮਲ੍ਹਮ ਪੱਟੀ ਦਾ ਕੋਈ ਸਾਧਨ ਸੀ ?

ਜਵਾਬ : ਨਹੀਂ, ਕੋਈ ਪੱਕਾ ਡਾਕਟਰੀ ਪ੍ਰਬੰਧ ਨਹੀਂ ਸੀ, ਵੈਸੇ ਦੇਸੀ ਓਹੜ-ਪੋਹੜ ਤਾਂ ਕਰ ਹੀ ਲੈਂਦੇ ਸੀ, ਪਰ ਗੁਰੂ ਦੀ ਕਿਰਪਾ ਸੀ ਕਿ ਫੱਟੜ ਹੋਏ ਸਿੰਘ ਵੀ ਹੌਸਲੇ ਤੇ ਚੜ੍ਹਦੀ ਕਲਾ 'ਚ ਲੜਨ ਵਾਲ਼ਿਆਂ ਨੂੰ ਹੌਸਲਾ ਦਿੰਦੇ ਸੀ, ਭਈ ਤਕੜੇ ਹੋ ਕੇ ਲੜੋ। ਜਿਹੜਾ ਸਿੰਘ ਸ਼ਹੀਦ ਹੋ ਜਾਂਦਾ, ਉਹਦੀ ਲਾਸ਼ ਓਥੇ ਮੋਰਚੇ 'ਚ ਹੀ ਪਈ ਰਹਿੰਦੀ ਤੇ ਬਾਕੀ ਸਿੰਘ ਭਾਰਤੀ ਫ਼ੌਜ ਨਾਲ਼ ਮੁਕਾਬਲਾ ਕਰਦੇ ਰਹਿੰਦੇ। ਫ਼ੌਜ ਕੋਲ਼ ਤਾਂ ਅਸਲੇ ਦਾ ਕੋਈ ਅੰਤ

ਭਾਈ ਦਲਬੀਰ ਸਿੰਘ ਅਭਿਆਸੀ

ਭਾਈ ਸਵਰਨ ਸਿੰਘ ਰੋਡੇ

ਭਾਈ ਮੇਜਰ ਸਿੰਘ ਨਾਗੋਕੇ

ਹੀ ਨਹੀਂ ਸੀ। ਫ਼ੌਜ ਲਗਾਤਾਰ ਅੰਨ੍ਹੇਵਾਹ ਗੋਲ਼ੀ ਚਲਾਈ ਜਾ ਰਹੀ ਸੀ, ਪਰ ਅਸੀਂ ਗੋਲ਼ੀ ਓਦੋਂ ਹੀ ਚਲਾਉਂਦੇ, ਜਦੋਂ ਕੋਈ ਫ਼ੌਜੀ ਨਿਸ਼ਾਨੇ ਤੇ ਆ ਜਾਂਦਾ।

ਸਵਾਲ : ਫਿਰ ਓਥੇ ਕਿੰਨਾ ਚਿਰ ਟੈਂਕਾਂ ਸਾਮ੍ਹਣੇ ਡਟੇ ਰਹੇ ?

ਜਵਾਬ : ਫਿਰ ਗੋਲ਼ੀ ਸਿੱਕਾ ਖ਼ਤਮ ਹੋ ਗਿਆ। ਦੋ ਟੈਂਕ ਲੰਗਰ ਵੱਲ ਸਿੱਧੇ ਗੋਲ਼ੇ ਮਾਰ ਰਹੇ ਸੀ। ਬਾਬਾ ਠਾਹਰਾ ਸਿੰਘ ਕਹਿੰਦੇ ਕਿ ਹੁਣ ਕਿਸੇ ਤਰੀਕੇ ਅਕਾਲ ਤਖ਼ਤ ਸਾਹਿਬ ਤੇ ਪਹੁੰਚੀਏ, ਇੱਕ ਤਾਂ ਓਥੇ ਗੋਲ਼ੀ-ਸਿੱਕਾ ਅਜੇ ਹੋਊ ਤੇ ਅਖ਼ੀਰਲੀ ਲੜਾਈ ਵੀ ਓਥੇ ਹੀ ਹੋਣੀ ਆ। ਫਿਰ ਅਸੀਂ 30-35 ਸਿੰਘ, ਜਿਨ੍ਹਾਂ 'ਚ ਬਾਬਾ ਠਾਹਰਾ ਸਿੰਘ ਤੋਂ ਇਲਾਵਾ ਭਾਈ ਦਲਬੀਰ ਸਿੰਘ ਅਭਿਆਸੀ, ਭਾਈ ਸਵਰਨ ਸਿੰਘ ਰੋਡੇ (ਸੰਤਾਂ ਦਾ ਭਤੀਜਾ) ਭਾਈ ਮੇਜਰ ਸਿੰਘ ਨਾਗੋਕੇ, ਭਾਈ ਸੁਰਿੰਦਰ ਸਿੰਘ ਵੜਿੰਗ, ਭਾਈ ਬਲਵਿੰਦਰ ਸਿੰਘ ਹੋਰੀਂ ਵੀ ਸੀ, ਅਸੀਂ ਜਿੱਧਰ ਲੰਗਰ ਪੱਕਦਾ ਸੀ, ਓਧਰ ਦੀ ਪਾੜੀ ਹੋਈ ਕੰਧ 'ਚੋਂ ਪਰਕਰਮਾ ਵੱਲ ਉੱਤਰੇ। ਹੁਣ ਤਕ ਟੈਂਕ ਅੰਦਰ ਦਾਖ਼ਲ ਹੋ ਜਾਣ ਕਰ ਕੇ ਫ਼ੌਜ ਬਹੁਤ ਵਧੇਰੇ ਪੁਜ਼ੀਸ਼ਨਾਂ ਮੱਲ ਚੁੱਕੀ ਸੀ ਤੇ ਪਰਕਰਮਾ 'ਚ ਵੀ ਗੋਲ਼ੀ ਮੀਂਹ ਵਾਂਗ ਵਰ੍ਹਦੀ ਸੀ। ਇੱਕ ਕਮਰੇ ਤੋਂ ਦੂਜੇ ਕਮਰੇ ਤਕ ਜਾਣਾ ਹੀ ਮੁਸ਼ਕਲ ਸੀ। ਇੱਥੇ ਆ ਕੇ ਭਾਈ ਮੇਜਰ ਸਿੰਘ ਨਾਗੋਕੇ ਹੋਰੀਂ 10-12 ਸਿੰਘ ਤਾਂ ਬਾਬਾ ਖੜਕ ਸਿੰਘ ਦੇ ਬੁੰਗੇ ਕੋਲ਼ ਹੇਠਾਂ ਜਿਹੜਾ ਇੱਕ ਭੋਰਾ ਸੀ, ਉਸ ਭੋਰੇ 'ਚ ਉੱਤਰ ਗਏ। ਉਹ ਭੋਰਾ ਬਹੁਤ ਸੇਫ਼ ਸੀ, ਓਥੇ ਮੋਰਚਾ ਵੀ ਸੀ, ਭੁੱਜੇ ਛੋਲੇ ਵੀ ਖੁੱਲ੍ਹੇ ਪਏ ਸੀ ਤੇ ਪਾਣੀ ਦਾ ਇੱਕ ਖੂਹ ਵੀ ਪਰਲੇ ਪਾਸਿਓਂ ਨਾਲ਼ ਲੱਗਦਾ ਸੀ। ਉਸ ਭੋਰੇ 'ਚ ਉਹ ਸਿੰਘ ਅਖ਼ੀਰ ਤਕ ਲੜਦੇ ਰਹੇ ਤੇ ਲੜਾਈ ਖ਼ਤਮ ਹੋ ਜਾਣ ਤੇ ਵੀ ਫ਼ੌਜ ਨੂੰ ਉਸ ਭੋਰੇ ਦਾ ਪਤਾ ਨ੍ਹੀਂ ਸੀ ਲੱਗਾ। ਫਿਰ ਜਦੋਂ ਗਿਆਨੀ ਜ਼ੈਲ ਸਿਹੁੰ ਆਇਆ ਤਾਂ ਉਸ ਭੋਰੇ 'ਚੋਂ ਹੀ ਭਾਈ ਮੇਜਰ ਸਿੰਘ ਨਾਗੋਕੇ ਹੋਰਾਂ ਨੇ ਉਹਦੇ ਤੇ ਗੋਲ਼ੀ ਚਲਾਈ; ਫਿਰ ਵੀ ਭੋਰੇ ਦਾ ਪਤਾ ਨ੍ਹੀਂ ਲੱਗਾ। ਫਿਰ ਓਥੇ ਸਿੰਘ ਮਿਲਟਰੀ ਦੇ ਇੱਕ ਡਾਕਟਰ ਤੇ ਦੋ ਫ਼ੌਜੀਆਂ ਨੂੰ ਖਿੱਚ ਕੇ ਅੰਦਰ ਲੈ ਗਏ। ਫਿਰ ਭੋਰੇ ਦਾ ਫ਼ੌਜ ਨੂੰ ਪਤਾ ਲੱਗਾ ਤੇ ਫ਼ੌਜ ਨੇ ਗ੍ਰੰਥੀ ਭਾਈ ਪੂਰਨ ਸਿੰਘ ਨੂੰ ਕਿਹਾ ਕਿ ਅੰਦਰਲੇ ਸਿੰਘਾਂ ਨੂੰ ਅਪੀਲ ਕਰ ਕੇ ਸਾਡੇ ਫ਼ੌਜੀ ਵਾਪਸ ਕਰਵਾਓ। ਫਿਰ ਜਦੋਂ ਭਾਈ ਪੂਰਨ ਸਿੰਘ ਨੇ ਬਾਹਰ ਖਲੋ ਕੇ ਅੰਦਰਲੇ ਸਿੰਘਾਂ ਨਾਲ਼ ਗੱਲ ਕੀਤੀ ਤਾਂ ਅੰਦਰੋਂ ਉਹਨਾਂ ਕਿਹਾ ਕਿ ਅਸੀਂ ਉਹਨਾਂ ਨੂੰ ਮਾਰ ਦਿੱਤੈ। ਇਸ ਤੋਂ ਬਾਅਦ ਫ਼ੌਜ ਨੇ ਗਿਆਨੀ ਪੂਰਨ ਸਿੰਘ ਦੀ ਕੋਈ

ਲੋੜ ਨ੍ਹੀਂ ਸਮਝੀ, ਤੋਪ ਬੀੜ ਕੇ ਅੰਦਰ ਗੋਲ਼ਾਬਾਰੀ ਕੀਤੀ ਤੇ ਉਹ ਸਾਰੇ ਸਿੰਘ ਓਥੇ ਅੰਦਰ ਹੀ ਸ਼ਹੀਦ ਹੋ ਗਏ।

ਸਵਾਲ : ਤੇ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਾ ਸਕੇ ਜਾਂ ਨਈ੍ਹਂ ?

ਜਵਾਬ : ਨਈ੍ਹਂ, ਅਸੀਂ ਅਕਾਲ ਤਖ਼ਤ ਸਾਹਿਬ ਤਕ ਨਈ੍ਹਂ ਪਹੁੰਚ ਸਕੇ। ਗੋਲ਼ੀ ਮੀਂਹ ਵਾਂਗ ਵਰ੍ਹ ਰਹੀ ਸੀ ਤੇ ਅਸੀਂ ਓਥੇ ਸਰੋਵਰ 'ਚ ਜਿਹੜਾ ਪੌਣਾ ਬਣਿਆ ਹੈ, ਉਸ ਪੌਣੇ 'ਚ ਵੜ ਗਏ। ਪੌਣੇ 'ਚ ਪਹਿਲਾਂ ਹੀ ਕਾਫ਼ੀ ਸੰਗਤ ਬੈਠੀ ਸੀ ਜਿਨ੍ਹਾਂ 'ਚ ਬਜ਼ੁਰਗ ਵੀ ਸੀਗੇ, ਬੀਬੀਆਂ ਵੀ ਤੇ ਬੱਚੇ ਵੀ। ਇੱਥੇ ਭਾਈ ਸੁਰਿੰਦਰ ਸਿੰਘ ਵੜਿੰਗ, ਭਾਈ ਬਲਵਿੰਦਰ ਸਿੰਘ ਤੇ ਤਿੰਨ ਚਾਰ ਹੋਰ ਸਿੰਘਾਂ ਨੇ ਸਲਾਹ ਕੀਤੀ ਕਿ ਸਰੋਵਰ ਦੇ ਵਿੱਚ ਦੀ ਤੈਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਜਾਈਏ। ਜਦੋਂ ਉਹ ਸਰੋਵਰ 'ਚ ਉੱਤਰੇ ਤਾਂ ਤੈਰਨ ਲੱਗਿਆਂ ਪਾਣੀ ਦਾ ਖੜਾਕ ਹੋਇਆ ਤੇ ਫ਼ੌਜ ਨੇ ਓਧਰ ਨੂੰ ਗੋਲ਼ੀਆਂ ਦਾ ਮੀਂਹ ਵਰ੍ਹਾ ਦਿੱਤਾ। ਉਹ ਸਾਰੇ ਸਿੰਘ ਸਰੋਵਰ 'ਚ ਹੀ ਸ਼ਹੀਦ ਹੋ ਗਏ।

ਭਾਈ ਸੁਰਿੰਦਰ ਸਿੰਘ ਵੜਿੰਗ

ਭਾਈ ਬਲਵਿੰਦਰ ਸਿੰਘ

ਸਵਾਲ : ਫਿਰ ਤੁਸੀਂ ਕੀ ਫ਼ੈਸਲਾ ਕੀਤਾ ?

ਜਵਾਬ : ਫਿਰ ਅਸੀਂ ਸਾਰੇ ਸਿੰਘ ਓਥੇ ਹੀ ਬੈਠੇ ਰਹੇ। ਜਦੋਂ ਦਿਨ ਚੜ੍ਹ ਪਿਆ ਤਾਂ ਸਾਢੇ ਕੁ ਨੌਂ ਵਜੇ ਸਾਨੂੰ ਜੈਕਾਰਿਆਂ ਦੀ ਅਵਾਜ਼ ਸੁਣੀ। ਬੜੇ ਜੋਸ਼ 'ਚ ਜੈਕਾਰੇ ਗੂੰਜ ਰਹੇ ਸੀ, ਅਸੀਂ ਤਾਂ ਇੱਕ ਵਾਰ ਇਹ ਵੀ ਸੋਚ ਲਿਆ ਕਿ ਕਿ ਸ਼ਾਇਦ ਬਾਹਰੋਂ ਸੰਗਤਾਂ ਪਹੁੰਚ ਗਈਆਂ ਨੇ ਸ੍ਰੀ ਹਰਿਮੰਦਰ ਸਾਹਿਬ। ਪਰ ਬਾਅਦ 'ਚ ਸਾਨੂੰ ਪਤਾ ਲੱਗਾ ਕਿ ਜਦੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਅਰਦਾਸ ਕਰ ਕੇ ਸ਼ਹੀਦੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਹਰ ਨਿਕਲ਼ੇ ਆ, ਓਦੋਂ ਨਾਲ਼ ਦੇ ਸਾਰੇ ਸਿੰਘਾਂ ਨੇ ਜੈਕਾਰੇ ਛੱਡੇ ਸੀ।

ਸਵਾਲ : ਸੰਤਾਂ ਦੀ ਸ਼ਹਾਦਤ ਦੇ ਸਮੇਂ ਦੇ ਪਲ ਕਿਸ ਤਰ੍ਹਾਂ ਦੇ ਸੀ, ਇਸ ਬਾਰੇ ਕਿਸੇ ਸਿੰਘ ਨੇ ਤੁਹਾਨੂੰ ਦੱਸਿਆ ?

ਜਵਾਬ : ਹਾਂ, ਭੂਰੇ ਪਿੰਡ ਤੋਂ ਭਾਈ ਗੁਰਮੁਖ ਸਿੰਘ ਡਰਾਈਵਰ ਉਸ ਵੇਲ਼ੇ ਸੰਤਾਂ ਦੇ ਨਾਲ਼ ਹੀ ਸੀ। ਉਹ ਦੱਸਦੈ ਕਿ ਸੰਤ ਜੀ ਜਦੋਂ 6 ਜੂਨ ਨੂੰ ਸਾਢੇ ਕੁ ਨੌਂ ਵਜੇ ਸ਼ਹੀਦੀ ਦੇਣ ਲਈ ਅਕਾਲ ਤਖ਼ਤ ਸਾਹਿਬ ਦੀ ਹੇਠਲੀ ਮੰਜ਼ਲ 'ਚੋਂ ਨਿਕਲ਼ੇ ਆ, ਓਦੋਂ ਉਹਨਾਂ ਨੇ ਅਰਦਾਸ ਕੀਤੀ, ਕਹਿੰਦੇ, 'ਸੱਚੇ ਪਾਤਸ਼ਾਹ ! ਕਿਰਪਾ ਕਰੋ ਜਦੋਂ ਤਕ ਸਿੱਖਾਂ ਦਾ ਆਪਣਾ ਕੌਮੀ ਘਰ ਨ੍ਹੀਂ ਬਣਦਾ, ਮੈਂ ਵਾਰ-ਵਾਰ ਜਨਮ ਲੈਂਦਾ ਰਹਾਂ।'

ਫਿਰ ਸੰਤਾਂ ਨੇ ਸਾਰੇ ਸਿੰਘਾਂ ਨੂੰ ਕਿਹਾ ਕਿ ਜਿਹੜਾ ਵੀ ਜਾਣਾ ਚਾਹੁੰਦੈ, ਜਾ

ਸਕਦੈ, ਫਿਰ ਨਾ ਕਿਹੋ। ਉਸ ਵੇਲ਼ੇ ਭਾਈ ਕਾਬਲ ਸਿੰਘ (ਨਰਕਧਾਰੀ ਨੂੰ ਸੋਧਾ ਲਾਉਣ ਵਾਲਾ) ਵੀ ਓਥੇ ਹੀ ਸੀ; ਸੰਤ ਉਹਨੂੰ ਕਹਿੰਦੇ, 'ਕਾਬਲ ਸਿਹਾਂ, ਮੈਂ ਤੇਰੇ ਨਾਲ਼ ਇੱਕ ਵਾਅਦਾ ਕੀਤਾ ਸੀ (ਸੋਨੇ ਨਾਲ਼ ਤੋਲਣ ਦਾ) ਇਸ ਲਈ ਜੇ ਕੁਝ ਲੈਣਾ ਈ ਤੇ ਹੁਣੇ ਹੀ ਲੈ ਲਾ, ਹੁਣ ਮੈਂ ਦੇ ਸਕਦੈਂ, ਅਗਾਂਹ ਜਾ ਕੇ ਨਾ ਹਿਸਾਬ-ਕਿਤਾਬ ਕਰੀਂ।' ਅੱਗੋਂ ਭਾਈ ਕਾਬਲ ਸਿੰਘ ਹੱਥ ਜੋੜ ਕੇ ਕਹਿੰਦਾ, 'ਸੰਤ ਜੀ, ਮੈਨੂੰ ਹੋਰ ਕੁਝ ਨ੍ਹੀਂ ਚਾਹੀਦਾ, ਬਸ ਹਮੇਸ਼ਾ ਆਪਣੇ ਨਾਲ਼ ਹੀ ਰੱਖਿਓ।' ਫਿਰ ਸੰਤਾਂ ਨੇ ਉਹਨੂੰ ਗਲਵੱਕੜੀ 'ਚ ਲੈ ਲਿਆ। ਤੇ ਉਸ ਤੋਂ ਬਾਅਦ ਸੰਤ ਜੀ ਤੇ ਸਾਰੇ ਸਿੰਘ ਸ਼ਹੀਦ ਹੋਣ ਲਈ ਅਕਾਲ ਤਖ਼ਤ ਸਾਹਿਬ ਤੋਂ ਬਾਹਰ ਨਿਕਲ਼ੇ। ਅਕਾਲ ਤਖ਼ਤ ਦੇ ਬੇਸਮੈਂਟ ਤੋਂ ਉਤਾਂਹ ਚੜ੍ਹਨ ਵਾਲ਼ੀਆਂ ਪੌੜੀਆਂ ਬਹੁਤ ਛੋਟੀਆਂ ਸੀ ਤੇ ਇੱਕ ਸਟੈੱਪ ਤੇ ਇੱਕ ਜਣਾ ਹੀ ਚੜ੍ਹ ਸਕਦਾ ਸੀ। ਸਿੰਘਾਂ ਦੀ ਲਾਈਨ ਲੱਗ ਗਈ ਸੀ। ਜਦੋਂ ਸੰਤ ਬਾਹਰ ਨਿਕਲ਼ੇ ਤਾਂ ਇਕਦਮ ਜੋਸ਼ 'ਚ ਸਿੰਘਾਂ ਨੇ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ। ਸੰਤ ਜਿਵੇਂ ਹੀ ਬਾਹਰ ਨਿਕਲ਼ੇ, ਫ਼ੌਜ ਨੇ ਗੋਲ਼ੀਆਂ ਤੇ ਗੋਲ਼ਿਆਂ ਦਾ ਮੀਂਹ ਹੋਰ ਤੇਜ਼ ਕਰ'ਤਾ। ਅਕਾਲ ਤਖ਼ਤ ਸਾਹਿਬ ਤੇ ਟੈਂਕਾਂ ਦੇ ਗੋਲ਼ਿਆਂ ਦੀ ਏਨੀ ਬਾਰਸ਼ ਹੋਈ ਕਿ ਮਲਬਾ ਡਿੱਗ ਕੇ ਉਹ ਬੂਹਾ ਹੀ ਬੰਦ ਹੋ ਗਿਆ, ਜਿੱਧਰ ਦੀ ਸਿੰਘ ਬਾਹਰ ਨਿਕਲ਼ ਰਹੇ ਸੀ। ਫਿਰ ਬਾਕੀ ਦੇ ਸਿੰਘ ਦੂਜੇ ਰਾਹਾਂ ਵੱਲ ਦੀ ਨਿਕਲ਼ੇ।

ਸਵਾਲ : ਤੁਸੀਂ ਫਿਰ ਅਖ਼ੀਰ ਤਕ ਪੌਣੇ 'ਚ ਹੀ ਰਹੇ ?

ਜਵਾਬ : ਹਾਂ, ਓਥੇ ਪੌਣੇ 'ਚ ਜਿਹੜੀ ਸੰਗਤ ਸੀ, ਉਹਦੇ 'ਚੋਂ ਕਈ ਬੀਬੀਆਂ ਡਰਨ ਲੱਗ ਪਈਆਂ ਕਿ ਪਹਿਲਾਂ ਤਾਂ ਸ਼ਾਇਦ ਬਚ ਜਾਂਦੇ, ਪਰ ਹੁਣ ਤਾਂ ਇੱਥੇ ਨਾਲ਼ ਹਥਿਆਰਬੰਦ ਸਿੰਘ ਆ ਗਏ ਆ, ਹੁਣ ਨ੍ਹੀਂ ਬਚਦੇ। ਫਿਰ ਬਾਬਾ ਠਾਹਰਾ ਸਿੰਘ ਸਾਨੂੰ ਕਹਿੰਦੇ, 'ਗੋਲ਼ੀ ਸਿੱਕਾ ਤਾਂ ਸਾਰਾ ਖ਼ਤਮ ਹੋ ਚੁੱਕੈ, ਗੋਲ਼ੀਆਂ ਤੋਂ ਬਿਨਾਂ ਕਾਹਦੀਆਂ ਗੰਨਾਂ, ਗੋਲ਼ੀਆਂ ਤੋਂ ਬਿਨਾਂ ਤਾਂ ਇਹ ਡੰਡੇ ਹੀ ਨੇ, ਇਸ ਲਈ ਹੁਣ ਸੰਗਤਾਂ ਦੀ ਹਿਫ਼ਾਜ਼ਤ ਲਈ ਇਹਨਾਂ ਨੂੰ ਇੱਥੇ ਸਰੋਵਰ 'ਚ ਹੀ ਸੁੱਟ ਦਿਓ।' ਫਿਰ ਅਸੀਂ ਸਾਰੇ ਸਿੰਘਾਂ ਨੇ ਗੰਨਾਂ ਸਰੋਵਰ 'ਚ ਸੁੱਟ ਦਿੱਤੀਆਂ। ਸੰਗਤਾਂ 'ਚੋਂ ਕਈ ਬਜ਼ੁਰਗ ਅਜੇ ਵੀ ਡਰਨ ਕਿ ਜਿਸ ਤਰ੍ਹਾਂ ਮੀਂਹ ਵਾਂਗ ਗੋਲ਼ੀ ਵਰ੍ਹ ਰਹੀ ਆ, ਇੱਥੇ ਅਸੀਂ ਵੈਸੇ ਹੀ ਮਾਰੇ ਜਾਣੈ। ਫਿਰ ਬਾਬਾ ਠਾਹਰਾ ਸਿੰਘ ਕਹਿੰਦੇ ਕਿ ਕੁਝ ਬਜ਼ੁਰਗ ਹੱਥ ਖੜ੍ਹੇ ਕਰ ਕੇ ਬਾਹਰ ਨਿਕਲੋ, ਤੁਹਾਨੂੰ ਬੜੀ ਹੱਦ ਫ਼ੌਜ ਗ੍ਰਿਫ਼ਤਾਰ ਕਰ ਲਊ, ਤੁਹਾਨੂੰ ਉਹ ਕਿਸੇ ਵੀ ਤਰ੍ਹਾਂ ਜੁਝਾਰੂ ਸਿੰਘ ਨਈ੍ਹਂ ਸਮਝਦੇ।

ਪਰ ਕੋਈ ਬਜ਼ੁਰਗ ਡਰਦਾ ਬਾਹਰ ਵੱਲ ਨਾ ਜਾਵੇ। ਅਖ਼ੀਰ ਬਾਬਾ ਠਾਹਰਾ ਸਿੰਘ ਕਹਿੰਦੇ ਕਿ ਚਲੋ ਮੈਂ ਤੁਹਾਡੇ ਨਾਲ਼ ਜਾਨੈਂ। ਬਾਬਾ ਠਾਹਰਾ ਸਿੰਘ ਨੂੰ ਤਾਂ ਸਾਰੇ ਜਾਣਦੇ ਸੀ, ਪਰ ਉਹਨਾਂ ਦੇ ਮਨ 'ਚ ਸੀ ਕਿ ਮੇਰੇ ਨਾਲ਼ ਜੋ ਮਰਜ਼ੀ ਹੋਵੇ, ਮੈਂ ਇਹਨਾਂ ਸੰਗਤ ਵਿਚਲੇ ਬੱਚਿਆਂ,

ਬਾਬਾ ਠਾਹਰਾ ਸਿੰਘ

ਬਜ਼ੁਰਗਾਂ ਤੇ ਬੀਬੀਆਂ ਨੂੰ ਤਾਂ ਬਚਾ ਲਵਾਂ। ਪਰ ਬਾਬਾ ਠਾਹਰਾ ਸਿੰਘ ਜੀ ਆਪਣੇ ਨਾਲ 14-15 ਬਜ਼ੁਰਗਾਂ ਨੂੰ ਲੈ ਕੇ ਜਿਓਂ ਹੀ ਪੌਣੇ 'ਚੋਂ ਬਾਹਰ ਨਿਕਲੇ, ਫ਼ੌਜ ਨੇ ਇਕਦਮ ਬ੍ਰੱਸ਼ਟ ਮਾਰੇ। ਫਿਰ ਇਹਨਾਂ ਸਾਰਿਆਂ 'ਚੋਂ ਦੋ ਕੁ ਜਣੇ ਭੱਜ ਕੇ ਫਿਰ ਪੌਣੇ 'ਚ ਆਣ ਵੜੇ ਤੇ ਬਾਕੀ ਦੇ ਸਾਰੇ ਹੀ ਮਾਰੇ ਗਏ। ਬਾਬਾ ਠਾਹਰਾ ਸਿੰਘ ਜੀ ਵੀ ਓਥੇ ਹੀ ਸ਼ਹੀਦ ਹੋ ਗਏ।

ਸਵਾਲ : ਫਿਰ ਉਸ ਤੋਂ ਬਾਅਦ ਬਾਕੀ ਸੰਗਤ ਦਾ ਕੀ ਬਣਿਆ ?

ਜਵਾਬ : ਬਾਬਾ ਠਾਹਰਾ ਸਿੰਘ ਜੀ ਹੋਰਾਂ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਹੀ ਫ਼ੌਜ ਨੂੰ ਪਤਾ ਲੱਗਾ ਕਿ ਏਥੇ ਪੌਣੇ ਦੇ ਵਿੱਚ ਵੀ ਲੋਕ ਨੇ। ਫਿਰ ਉਹਨਾਂ ਨੇ ਸਾਨੂੰ ਵਾਰਨਿੰਗ ਦਿੱਤੀ ਕਿ ਅੰਦਰ ਜੋ ਵੀ ਲੋਕ ਨੇ, ਉਹ ਬਾਹਰ ਨਿਕਲੋ, ਨਹੀਂ ਤਾਂ ਅਸੀਂ ਇਹ ਸਾਰਾ (ਪੌਣਾ) ਉਡਾ ਦਿਆਂਗੇ। ਫਿਰ ਤਾਂ ਹੋਰ ਕੋਈ ਚਾਰਾ ਹੀ ਨਹੀਂ ਸੀ। ਸਾਰੀ ਸੰਗਤ ਹੱਥ ਖੜ੍ਹੇ ਕਰ ਕੇ ਬਾਹਰ ਨਿਕਲੀ ਤੇ ਵਿੱਚੇ ਹੀ ਅਸੀਂ 10-12 ਜੁਝਾਰੂ ਸਿੰਘ ਵੀ ਨਿਕਲ ਆਏ। ਸੰਗਤ 'ਚ ਬੀਬੀਆਂ ਤੇ ਬੱਚੇ ਹੋਣ ਕਰ ਕੇ ਪਤਾ ਲੱਗਦਾ ਸੀ ਕਿ ਇਹ ਸ਼ਰਧਾਲੂ ਸੰਗਤ ਹੈ ਤੇ ਉਹਨਾਂ ਦੇ ਨਾਲ ਸਾਡਾ ਵੀ ਬਚਾਅ ਹੋ ਗਿਆ। ਇੱਥੇ ਸਾਡੇ ਸਿਰਾਂ ਦੀਆਂ ਕੇਸਕੀਆਂ ਨਾਲ ਸਾਡੇ ਹੱਥ ਪਿੱਠ ਪਿੱਛੇ ਬੰਨ੍ਹ ਦਿੱਤੇ। ਫਿਰ ਸਾਨੂੰ ਕੁੱਟਿਆ ਤੇ ਜ਼ਲੀਲ ਕੀਤਾ ਜਾਣ ਲੱਗ ਪਿਆ। ਫ਼ੌਜੀ ਕਹਿ ਰਹੇ ਸੀ, "ਤੁਮ੍ਹਾਰਾ ਭਿੰਡਰਾਂਵਾਲ਼ਾ ਮਾਰ ਦੀਆ, ਹਮਨੇ ਲੜਾਈ ਜੀਤ ਲੀ ਹੈ।" ਅਕਾਲ ਤਖ਼ਤ ਦੀ ਇਮਾਰਤ 'ਚੋਂ ਧੂੰਆਂ ਨਿਕਲ ਰਿਹਾ ਸੀ। ਪਰਕਰਮਾ 'ਚ ਥਾਂ-ਥਾਂ ਟੈਂਕ ਖੜ੍ਹੇ ਸੀ। ਇੱਕ ਟੈਂਕ ਸਾਡੇ ਪਿਛਲੇ ਪਾਸੇ ਖੜ੍ਹਾ ਸੀ। ਪਰਕਰਮਾ 'ਚੋਂ ਜੇ ਕਿਸੇ ਪਾਸੇ ਗੋਲ਼ੀ ਚੱਲਦੀ ਤਾਂ ਫ਼ੌਜੀ ਓਧਰ ਟੈਂਕਾਂ ਤੋਂ ਗੋਲ਼ੇ ਮਾਰਦੇ। ਫਿਰ ਸਾਨੂੰ ਸਾਰਿਆਂ ਨੂੰ ਪਰਕਰਮਾ ਦੇ ਵਿੱਚ ਬਿਠਾ ਲਿਆ, ਪਰ ਬੱਚਿਆਂ ਨੇ ਚੀਕ-ਚਿਹਾੜਾ ਪਾ ਦਿੱਤਾ। ਗ਼ਰਮੀ ਕਾਰਨ ਸਾਰੇ 'ਪਾਣੀ-ਪਾਣੀ' ਕਰ ਰਹੇ ਸੀ। ਪਰਕਰਮਾ 'ਚ ਸਾਰੇ ਪਾਸੇ ਲਾਸ਼ਾਂ ਤੇ ਖ਼ੂਨ ਸੀ।



ਸਵਾਲ : ਇੱਥੇ ਕੋਈ ਹੋਰ ਘਟਨਾ ਜੋ ਜ਼ਿਕਰ ਕਰਨਯੋਗ ਹੋਵੇ ?

ਜਵਾਬ : ਹਾਂ, ਇਸੇ ਹੀ ਦਿਨ ਸ਼ਾਮ ਦੇ ਸਮੇਂ ਇੱਕ ਘਟਨਾ ਹੋਈ, ਜਿਸ ਤੋਂ ਪਤਾ ਲੱਗਦਾ ਸੀ ਕਿ ਭਾਰਤੀ ਫ਼ੌਜੀ ਜਾਣ-ਬੁੱਝ ਕੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਕੇ ਸਿੱਖਾਂ ਨੂੰ ਚਿੜਾ ਰਹੇ ਸੀ ਤੇ ਉਹਨਾਂ ਨੂੰ ਸਿੱਖ ਫ਼ੌਜੀਆਂ ਨਾਲ ਵੀ ਓਨੀ ਹੀ ਨਫ਼ਰਤ ਸੀ, ਜਿੰਨੀ ਸਿੱਖ ਜੁਝਾਰੂਆਂ ਦੇ ਨਾਲ। 6 ਜੂਨ ਸ਼ਾਮ ਦੇ ਟਾਈਮ ਇੱਕ ਹਿੰਦੂ ਫ਼ੌਜੀ, ਜਿਹੜਾ ਸ਼ਾਇਦ ਬਿਹਾਰ ਰਜਮੈਂਟ ਦਾ ਸੀ, ਉਹ ਓਥੇ ਸਰੋਵਰ ਦੇ ਕੰਢੇ ਖਲੋ ਕੇ ਬੀੜੀ ਪੀਣ ਲੱਗ ਪਿਆ। ਓਥੇ ਇੱਕ ਸਿੱਖ ਫ਼ੌਜੀ ਵੀ ਖਲੋਤਾ ਸੀ। ਉਸ ਸਿੱਖ ਫ਼ੌਜੀ ਨੇ ਉਹਨੂੰ ਹਲੀਮੀ ਦੇ ਨਾਲ ਬੀੜੀ ਪੀਣ ਤੋਂ ਰੋਕਿਆ, ਪਰ ਬਿਹਾਰੀ ਫ਼ੌਜੀ ਪੂਰੀ ਹੈਂਕੜ ਨਾਲ

ਬੀੜੀ ਪੀਂਦਾ ਰਿਹਾ ਤੇ ਫਿਰ ਬੀੜੀ ਪੀ ਕੇ ਬਾਕੀ ਦਾ ਹਿੱਸਾ ਉਸੇ ਹੀ ਤਰ੍ਹਾਂ ਸਰੋਵਰ 'ਚ ਸੁੱਟ ਦਿੱਤਾ। ਜਦੋਂ ਉਹਨੇ ਬੀੜੀ ਸਰੋਵਰ 'ਚ ਸੁੱਟੀ ਤਾਂ ਇਹ ਸਿੱਖ ਫ਼ੌਜੀ ਗੁੱਸੇ 'ਚ ਆ ਕੇ ਬੋਲਣ ਲੱਗ ਪਿਆ ਕਿ ਸਰੋਵਰ 'ਚ ਬੀੜੀ ਕਿਉਂ ਸੁੱਟੀ ? ਹੁਣ ਦੁਬਾਰਾ ਐਸਾ ਨਾ ਕਰੀਂ, ਇਹ ਪਵਿੱਤਰ ਸਰੋਵਰ ਐ।

ਸਵਾਲ : ਫਿਰ ਬਿਹਾਰੀ ਫ਼ੌਜੀ ਨੇ ਕੀ ਕਿਹਾ ?

ਜਵਾਬ : ਬਿਹਾਰੀ ਫ਼ੌਜੀ ਨੇ ਇਹ ਸੁਣ ਕੇ ਪਛਤਾਵਾ ਕਰਨ ਦੀ ਬਜਾਏ ਸਗੋਂ ਤੈਸ਼ 'ਚ ਆ ਕੇ ਇੱਕ ਹੋਰ ਬੀੜੀ ਸੁਲਗਾ ਲਈ ਤੇ ਫਿਰ ਚੇੜ ਨਾਲ ਸਰੋਵਰ 'ਚ ਸੁੱਟ ਕੇ ਕਹਿੰਦਾ:- "ਕਿਆ ਕਰੋਗੇ ਤੁਮ... ?"

ਸਵਾਲ : ਸਿੱਖ ਫ਼ੌਜੀ ਨੇ ਫਿਰ ਕੁਝ ਕੀਤਾ ?

ਜਵਾਬ : ਸਿੱਖ ਫ਼ੌਜੀ ਨੇ ਆਪਣੀ ਕਾਰਬਾਈਨ ਸਿੱਧੀ ਕੀਤੀ ਤੇ ਉਸ ਬਿਹਾਰੀ ਫ਼ੌਜੀ ਨੂੰ ਓਥੇ ਹੀ ਸਾਡੀਆਂ ਅੱਖਾਂ ਦੇ ਸਾਮ੍ਹਣੇ ਗੋਲ਼ੀਆਂ ਨਾਲ ਭੁੰਨ ਸੁੱਟਿਆ।

ਸਵਾਲ : ਇਸ ਨਾਲ ਬਾਕੀ ਫ਼ੌਜ 'ਚ ਵੀ ਹਿੱਲਜੁੱਲ ਹੋਈ ?

ਜਵਾਬ : ਹਿੱਲਜੁੱਲ ਕਾਹਦੀ ? ਜਿਹੜਾ ਟੈਂਕ ਸਾਡੇ ਪਿੱਛੇ ਖੜ੍ਹਾ ਸੀ, ਉਹਦੇ ਉੱਤੇ ਮਸ਼ੀਨਗੰਨ ਫਿੱਟ ਕੀਤੀ ਹੋਈ ਸੀ, ਉਹਦੀ ਮਸ਼ੀਨਗੰਨ ਨਾਲ ਉਸ ਸਿੱਖ ਫ਼ੌਜੀ ਤੇ ਇਕਦਮ ਗੋਲ਼ੀਆਂ ਦੀ ਵਾਛੜ ਕਰ ਦਿੱਤੀ ਗਈ ਤੇ ਉਹ ਸਿੱਖ ਫ਼ੌਜੀ ਸਰੋਵਰ 'ਚ ਡਿੱਗ ਪਿਆ। ਫਿਰ ਉਹਦੀ ਲਾਸ਼ ਵੀ ਸਰੋਵਰ 'ਚ ਸਾਡੇ ਸਾਮ੍ਹਣੇ ਤੈਰਦੀ ਰਹੀ।

ਸਵਾਲ : ਕਿਸੇ ਫ਼ੌਜੀ ਅਫ਼ਸਰ ਨੇ ਇਸ ਘਟਨਾ ਦਾ ਨੋਟਿਸ ਨਾ ਲਿਆ ?

ਜਵਾਬ : ਨੋਟਿਸ ਕੀ ਲੈਣਾ ਸੀ, ਉਸ ਤੋਂ ਬਾਅਦ ਸਗੋਂ ਓਥੇ ਲੱਗੀ ਹੋਈ ਰਜਮੈਂਟ ਦਾ ਜਿਹੜਾ ਕੈਪਟਨ ਸੀ, ਉਹਨੇ ਹੁਕਮ ਦੇ ਦਿੱਤਾ ਕਿ ਆਹ ਜਿਹੜੇ ਏਥੇ ਬਿਠਾਏ ਹੋਏ ਆ (ਅਸੀਂ) ਇਹਨਾਂ ਤੇ ਟੈਂਕ ਚੜ੍ਹਾ ਕੇ ਇਹਨਾਂ ਨੂੰ ਮਾਰ ਦਿਓ। ਉਹ ਟੈਂਕ ਸਾਡੇ ਤੇ ਚੜ੍ਹਾਉਣ ਹੀ ਲੱਗੇ ਸੀ ਕਿ ਓਥੇ ਇੱਕ ਮੁਸਲਮਾਨ ਮੇਜਰ ਆ ਗਿਆ। ਉਹ ਕਹਿੰਦਾ:- "ਯੇ ਤੁਮ ਕਿਆ ਕਰ ਰਹੇ ਹੋ ?" ਅੱਗੋਂ ਉਹ ਫ਼ੌਜੀ ਕਹਿੰਦੇ:- "ਹਮਾਰੇ ਕੈਪਟਨ ਸਾਬ੍ਹ ਨੇ ਆਰਡਰ ਦੀਆ ਹੈ ਕਿ ਇਨਕੋ ਖ਼ਤਮ ਕਰ ਦੋ...।"

ਸਵਾਲ : ਫਿਰ ਉਸ ਮੁਸਲਮਾਨ ਅਫ਼ਸਰ ਨੇ ਕੀ ਕਿਹਾ ?

ਜਵਾਬ : ਉਹ ਮੁਸਲਮਾਨ ਅਫ਼ਸਰ ਕਹਿੰਦਾ:- "ਇਨ ਸਭੀ ਕੀ ਲਿਸਟੇਂ ਬਨ ਚੁਕੀ ਹੈਂ। ਅਬ ਅਗਰ ਏਕ ਭੀ ਇਨਮੇਂ ਸੇ ਮਾਰਾ ਗਿਆ ਤੋ ਤੁਮ ਜ਼ਿੰਮੇਦਾਰ ਹੋਗੇ।" ਫਿਰ ਉਹ ਫ਼ੌਜੀ ਥੋੜ੍ਹਾ ਠਠੰਬਰ ਗਏ। ਇਸ ਤਰ੍ਹਾਂ ਉਸ ਮੁਸਲਮਾਨ ਮੇਜਰ ਨੇ ਸਾਡੀ ਜਾਨ ਬਚਾਈ।

ਸਵਾਲ : ਤੁਹਾਡੀਆਂ ਲਿਸਟਾਂ ਸੱਚਮੁੱਚ ਹੀ ਬਣੀਆਂ ਸੀ ?

ਜਵਾਬ : ਓਦੋਂ ਤਕ ਨਹੀਂ ਸੀ ਬਣੀਆਂ, ਓਦੋਂ ਸ਼ਾਇਦ ਉਸ ਮੁਸਲਮਾਨ ਮੇਜਰ ਨੇ ਸਾਡੀਆਂ ਜਾਨਾਂ ਬਚਾਉਣ ਲਈ ਝੂਠ ਹੀ ਹਿੰਦੂ ਫ਼ੌਜੀਆਂ ਨੂੰ ਦਬਕਾ ਮਾਰ ਦਿੱਤਾ ਸੀ। ਉਹ ਬਿਹਾਰ ਰਜਮੈਂਟ ਦੇ ਹਿੰਦੂ ਸਿਪਾਹੀ ਵਧੇਰੇ ਇਸ ਕਰ ਕੇ ਵੀ ਔਖੇ ਸੀ, ਕਿਉਂਕਿ ਉਹਨਾਂ ਦੇ ਸੈਂਕੜੇ ਫ਼ੌਜੀ ਸਿੰਘਾਂ ਦੇ ਹੱਥੋਂ ਮਾਰੇ ਗਏ ਸੀ। ਇਸ ਗੱਲ ਨੂੰ ਸਮਝਦੇ ਹੋਏ ਉਸ ਮੁਸਲਮਾਨ ਮੇਜਰ ਨੇ ਉਹ ਬਿਹਾਰ ਰਜਮੈਂਟ ਦੇ ਹਿੰਦੂ ਫ਼ੌਜੀ ਓਥੋਂ ਬਦਲ ਕੇ ਹੋਰ ਫ਼ੌਜੀ ਲਾ ਦਿੱਤੇ ਤੇ ਫਿਰ ਸਾਡੀਆਂ ਲਿਸਟਾਂ ਵੀ ਬਣਾ ਲਈਆਂ। ਫਿਰ ਸਾਨੂੰ ਸਾਰਿਆਂ ਨੂੰ ਹੱਥ ਬੰਨ੍ਹ ਕੇ ਸਰਾਂਅ ਵੱਲ ਲੈ ਗਏ।

ਸਵਾਲ : ਸਰਾਂਅ ਵੱਲ ਕੀ ਹਾਲਾਤ ਸਨ ?

ਜਵਾਬ : ਓਥੇ ਵੀ ਲਹੂ ਹੀ ਲਹੂ ਫ਼ੈਲਿਆ ਹੋਇਆ ਸੀ। ਵੈਸੇ ਓਥੇ ਫ਼ੌਜੀ ਅਫ਼ਸਰਾਂ ਨੇ ਕੈਟਾਗਰੀ ਦੇ ਹਿਸਾਬ ਨਾਲ਼ ਸ਼ਰਧਾਲੂ ਸੰਗਤਾਂ ਨੂੰ ਬਿਠਾਇਆ ਹੋਇਆ ਸੀ, ਪਰ ਆਮ ਫ਼ੌਜੀ, ਸੰਗਤ ਦੀ ਵੀ ਕਤਲੇਆਮ ਕਰ ਰਹੇ ਸੀ। ਸਾਡੇ ਓਥੇ ਬੈਠਿਆਂ ਹੀ ਫ਼ੌਜ ਨੇ ਸੰਗਤਾਂ ਤੇ ਗਰਨੇਡ ਸੁੱਟਿਆ। ਗਰਨੇਡ ਡਿੱਗਣ ਦੇ ਨਾਲ਼ ਸੰਗਤ ਇਕਦਮ ਉੱਠ ਕੇ ਭੱਜੀ ਤਾਂ ਫਿਰ ਓਥੇ ਖਲੋਤੇ ਫ਼ੌਜੀਆਂ ਨੇ ਗੋਲ਼ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕਿੰਨੀ ਹੀ ਸੰਗਤ ਓਥੇ ਮਾਰੀ ਗਈ। ਮੇਰੇ ਪਿੰਡ ਦਾ ਸਾਥੀ ਵੀਰ ਰਾਜ ਸਿੰਘ ਏਥੇ ਹੀ ਸ਼ਹੀਦ ਹੋਇਆ। ਅਸੀਂ ਲੰਮੇ ਪਏ ਰਹੇ ਤੇ ਇਸ ਕਰ ਕੇ ਸਾਡਾ ਬਚਾਅ ਹੋ ਗਿਆ। ਫਿਰ ਤਾਂ ਫ਼ੌਜ ਵਾਲ਼ੇ ਕਮਰਿਆਂ 'ਚੋਂ ਕੱਢ-ਕੱਢ ਕੇ ਸੰਗਤ ਨੂੰ ਮਾਰਦੇ ਰਹੇ।

ਸਵਾਲ : ਅਕਾਲੀ ਲੀਡਰਾਂ 'ਚੋਂ ਕੋਈ ਦਿਸਿਆ ?

ਜਵਾਬ : ਜਦੋਂ ਸੰਗਤ ਤੇ ਗਰਨੇਡ ਸੁੱਟਿਆ ਤੇ ਗੋਲ਼ੀ ਚੱਲੀ, ਓਦੋਂ ਸ਼੍ਰੋਮਣੀ ਕਮੇਟੀ ਦੇ ਬੱਗਾ ਸਿੰਘ ਤੇ ਗੁਰਚਰਨ ਸਿੰਘ ਸਕੱਤਰ ਵੀ ਮਾਰੇ ਗਏ। ਬਲਵੰਤ ਸਿੰਘ ਰਾਮੂਵਾਲੀਆ ਇੱਕ ਫ਼ੌਜੀ ਅਫ਼ਸਰ ਨੂੰ ਅੰਗਰੇਜ਼ੀ 'ਚ ਆਪਣੇ ਬਾਰੇ ਦੱਸਣ ਲੱਗਾ, ਉਸ ਫ਼ੌਜੀ ਅਫ਼ਸਰ ਨੇ ਅੱਗੋਂ ਚਪੇੜ ਮਾਰੀ ਤੇ ਰਾਮੂਵਾਲੀਏ ਦੀ ਦਸਤਾਰ ਲਾਹ ਦਿੱਤੀ। ਉਹ ਅਫ਼ਸਰ ਕਹਿੰਦਾ, 'ਸਾਰਾ ਪੁਆੜਾ ਹੀ ਤੁਹਾਡਾ ਲੀਡਰਾਂ ਦਾ ਐ।' ਰਾਮੂਵਾਲੀਆ ਓਥੇ ਹੀ ਹੇਠਾਂ ਬਹਿ ਗਿਆ ਤੇ ਫਿਰ ਖਿਸਕਦਾ ਹੋਇਆ ਪਿੱਛੇ ਨੂੰ ਚਲਾ ਗਿਆ। ਆਮ ਸੰਗਤਾਂ ਦਾ ਕੀ ਹਾਲ ਹੋਊ, ਇਹ ਇਸ ਤੋਂ ਪਤਾ ਲੱਗ ਸਕਦੈ। ਮਾਸ ਦੇ ਚੀਥੜੇ ਕੰਧਾਂ ਨੂੰ ਲੱਗੇ ਹੋਏ ਸੀ। ਫ਼ੈਡਰੇਸ਼ਨ ਵਾਲ਼ੇ ਵੀ ਏਥੇ ਹੀ ਸੀ ਸਾਰੇ।

ਬਲਵੰਤ ਸਿੰਘ ਰਾਮੂਵਾਲੀਆ

ਸਵਾਲ : ਇਸ ਹਾਲਤ 'ਚ ਕਿੰਨਾ ਕੁ ਚਿਰ ਰਹੇ ?

ਜਵਾਬ : ਫਿਰ ਸਾਨੂੰ ਓਥੋਂ ਛੇਤੀ ਹੀ ਕੈਂਪਾਂ 'ਚ ਲੈ ਗਏ। ਓਥੇ ਪੁੱਛਗਿੱਛ ਹੁੰਦੀ ਰਹੀ। ਕਦੇ ਕਿਸੇ ਕੈਂਪ 'ਚ ਕਦੇ ਕਿਸੇ ਕੈਂਪ 'ਚ। ਇੱਥੇ ਸਾਨੂੰ ਕਈ ਦਿਨਾਂ ਬਾਅਦ ਖਾਣ ਲਈ ਸੁੱਕੀਆਂ ਜਿਹੀਆਂ ਪੂੜੀਆਂ ਦਿੱਤੀਆਂ ਗਈਆਂ, ਉਹ ਖਾ ਕੇ ਸਾਨੂੰ ਸਾਰਿਆਂ ਨੂੰ ਉਲ਼ਟੀਆਂ ਲੱਗ ਗਈਆਂ। ਉਲ਼ਟੀਆਂ ਲੱਗਣ ਪਿੱਛੋਂ ਡਾਕਟਰ ਲਿਆ ਕੇ ਚੈੱਕਅਪ

ਕਰਵਾਏ ਤੇ ਉਸ ਨੇ ਕਿਹਾ ਕਿ ਇਹਨਾਂ ਦੇ ਮਿਹਦੇ 'ਚ ਭੁੱਖ ਤੇ ਤੇਹ ਨਾਲ਼ ਗਰਮੀ ਪੈ ਚੁੱਕੀ ਹੈ, ਇਹਨਾਂ ਨੂੰ ਚੌਲ਼ਾਂ ਦਾ ਪਾਣੀ ਲੂਣ ਪਾ ਕੇ ਦਿਓ, ਜੇ ਉਹ ਪਚ ਗਿਆ ਤਾਂ ਫਿਰ ਸਮਝੋ ਇਹ ਬਚ ਜਾਣਗੇ, ਨਹੀਂ ਤਾਂ ਨਹੀਂ। ਸਾਨੂੰ ਉਹ ਪਾਣੀ ਪਚ ਗਿਆ। ਫਿਰ ਸਾਨੂੰ ਚੌਲ ਦਿੱਤੇ ਜਾਣ ਲੱਗੇ। ਉਹ ਵੀ ਪਚਣ ਲੱਗ ਪਏ, ਤੇ ਫਿਰ ਇਸ ਤਰ੍ਹਾਂ ਹੌਲ਼ੀ-ਹੌਲ਼ੀ ਰੋਟੀ ਖਾਣ ਲੱਗ ਪਏ।

ਸਵਾਲ : ਸਿੱਖ ਫ਼ੌਜੀਆਂ ਨਾਲ਼ ਵੀ ਵਾਹ ਪੈਂਦਾ ਰਿਹਾ ?

ਜਵਾਬ : ਇੱਥੇ ਕੈਂਪ ਵਿੱਚ ਇੱਕ ਸਿੱਖ ਮੇਜਰ ਆਇਆ। ਉਸ ਨੇ ਸਾਨੂੰ ਪਾਣੀ-ਧਾਣੀ ਪਿਆਉਣਾ ਸ਼ੁਰੂ ਕੀਤਾ। ਉਸ ਨੇ ਸਾਨੂੰ ਦੱਸਿਆ ਕਿ ਮੇਰੇ ਪਿਤਾ ਜੀ ਵੀ ਬਾਬਾ ਖੜਕ ਸਿੰਘ ਜੀ ਦੇ ਡੇਰੇ ਤੇ ਸੇਵਾ ਕਰਦੇ ਸੀ, ਉਹ ਵੀ ਫ਼ੌਜ ਦੀ ਗੋਲ਼ੀ ਨਾਲ਼ ਮਾਰੇ ਗਏ ਨੇ, ਮੈਂ ਹੁਣ ਬੜੀ ਮੁਸ਼ਕਲ ਨਾਲ਼ ਉਹਨਾਂ ਦੀ ਲਾਸ਼ ਲੱਭ ਕੇ ਸਸਕਾਰ ਕਰ ਕੇ ਆਇਐਂ। ਇਸ ਤਰ੍ਹਾਂ ਸਿੱਖ ਫ਼ੌਜੀ ਅਫ਼ਸਰ ਖ਼ੁਦ ਭਾਰਤੀ ਫ਼ੌਜ ਦੇ ਜ਼ੁਲਮਾਂ ਦੇ ਪੀੜਿਤ ਸੀਗੇ।

ਸਵਾਲ : ਉਸ ਤੋਂ ਬਾਅਦ ਤੁਹਾਨੂੰ ਕਿੱਥੇ ਲੈ ਕੇ ਗਏ ?

ਜਵਾਬ : ਫਿਰ ਸਾਰਿਆਂ ਦੀਆਂ ਵੱਖ-ਵੱਖ ਕੈਟਾਗਰੀਆਂ ਬਣਾਈਆਂ ਗਈਆਂ। ਫਿਰ ਸਾਨੂੰ ਲੁਧਿਆਣੇ ਜੇਲ੍ਹ ਲੈ ਗਏ, ਫਿਰ ਨਾਭੇ। ਸਾਨੂੰ ਫਿਰ ਲੱਧਾ ਕੋਠੀ ਵੀ ਲੈ ਗਏ। ਓਥੇ ਕਾਗਜ਼ਾਂ 'ਚ ਲੱਧਾ ਕੋਠੀ ਨੂੰ ਸਬ ਜੇਲ੍ਹ ਸ਼ੋਅ ਕੀਤਾ, ਪਰ ਸਾਨੂੰ ਓਥੇ ਵੀ ਟਾਰਚਰ ਕਰਦੇ ਰਹੇ। ਕਦੇ ਕੋਈ ਏਜੰਸੀ ਆ ਜਾਂਦੀ ਤੇ ਕਦੇ ਕੋਈ।

ਸਵਾਲ : ਇਹ ਟਾਰਚਰ ਕਰਨ ਦਾ ਸਿਲਸਿਲਾ ਕਦੋਂ ਤਕ ਚੱਲਿਆ ?

ਜਵਾਬ : ਕਈ ਮਹੀਨੇ ਚੱਲਦਾ ਰਿਹਾ। ਫਿਰ ਤਾਂ ਅਕਤੂਬਰ 1984 ਨੂੰ ਜਦੋਂ ਇੰਦਰਾ ਗਾਂਧੀ ਸਿੰਘਾਂ ਨੇ ਮਾਰ ਦਿੱਤੀ ਤਾਂ ਫਿਰ ਜਿਹੜੇ ਅਫ਼ਸਰ ਸਾਨੂੰ ਟਾਰਚਰ ਕਰਦੇ ਸੀ, ਉਹਨਾਂ ਦੇ ਚਿਹਰਿਆਂ ਤੇ ਵੀ ਦਹਿਸ਼ਤ ਦਿਸਣ ਲੱਗ ਪਈ। ਉਸ ਤੋਂ ਬਾਅਦ ਸਾਨੂੰ ਕਿਸੇ ਨੇ ਟਾਰਚਰ ਨ੍ਹੀਂ ਕੀਤਾ। ਅਸੀਂ ਸਮਝ ਗਏ ਕਿ ਇਹ ਸੋਚਦੇ ਹੋਣੇ ਆ ਕਿ ਇਸ ਕੌਮ ਨੇ ਪ੍ਰਧਾਨ ਮੰਤਰੀ ਨੂੰ ਨ੍ਹੀਂ ਛੱਡਿਆ, ਆਪਣਾ ਵੈਰ ਲੈ ਲਿਆ ਤੇ ਅਸੀਂ ਕੀ ਚੀਜ਼ ਆਂ। ਫਿਰ ਛੇਤੀ ਹੀ ਸਾਨੂੰ ਜੋਧਪੁਰ ਜੇਲ੍ਹ 'ਚ ਭੇਜ ਦਿੱਤਾ। ਓਥੇ ਪਾਣੀ ਬਹੁਤ ਘੱਟ ਮਿਲਦਾ ਸੀ, ਸਬਜ਼ੀ 'ਚ ਮਿਰਚ ਮਸਾਲਾ ਬਹੁਤ ਹੁੰਦਾ ਸੀ, ਹੋਰ ਵੀ ਬਹੁਤ ਮੁਸ਼ਕਲ ਸੀ, ਪਰ ਸਾਰੇ ਸਿੰਘਾਂ ਨੇ ਰਲ-ਮਿਲ ਕੇ ਇਹ ਸਮਾਂ ਚੜ੍ਹਦੀ ਕਲਾ 'ਚ ਕੱਟਿਆ।

****

ਬ੍ਰਾਹਮਣ ਭਾਈਚਾਰੇ 'ਚੋਂ ਸਿੰਘ ਸੱਜ ਕੇ ਸਿੱਖੀ ਲਈ ਕੁਰਬਾਨ ਹੋਣ ਵਾਲ਼ੇ ਇੱਕ ਪਰਿਵਾਰ ਦੀ ਗਾਥਾ

ਭਾਈ ਮੋਹਰ ਸਿੰਘ ਤੇ ਉਹਨਾਂ ਦੇ ਪਰਿਵਾਰ ਦੀ ਕੁਰਬਾਨੀ

ਜਦੋਂ ਅਠਾਰ੍ਹਵੀਂ ਸਦੀ ਦੇ ਅਰੰਭ ਵਿੱਚ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਹਕੂਮਤ ਦੇ ਜ਼ੁਲਮਾਂ ਦੇ ਖ਼ਿਲਾਫ਼ ਸਿੱਖ ਪੰਥ ਦੇ ਜਰਨੈਲ ਦੀ ਹੈਸੀਅਤ ਵਿੱਚ ਜੰਗ ਦਾ ਬਿਗਲ ਵਜਾਇਆ, ਤਾਂ ਮੁਗ਼ਲ ਹਕੂਮਤ ਦੇ ਪ੍ਰਚਾਰ ਸਾਧਨਾਂ ਅਨੁਸਾਰ 'ਬੰਦਾ ਸਿੰਘ' ਸਿਰਫ਼ ਲੁਟੇਰਿਆਂ ਦੀ ਇੱਕ ਟੁਕੜੀ ਦਾ ਆਗੂ ਤੇ ਜਾਂ ਫਿਰ ਮੁਸਲਮਾਨਾਂ ਦਾ ਅੰਨ੍ਹਾ ਵਿਰੋਧੀ ਹੀ ਸੀ, ਪਰ ਮੁਗ਼ਲ ਰਾਜ ਦੇ ਕਈ ਫ਼ੌਜਦਾਰ ਵੀ ਜਦੋਂ ਸਿੱਖ ਧਰਮ ਧਾਰਨ ਕਰ ਕੇ ਬੰਦਾ ਸਿੰਘ ਬਹਾਦਰ ਦੇ ਹਮਰਾਹੀ ਬਣ ਗਏ ਤਾਂ ਉਹ ਇਹ ਸਪਸ਼ਟ ਕਰ ਰਹੇ ਸਨ ਕਿ ਮੁਗ਼ਲ ਹਕੂਮਤ ਝੂਠ ਬੋਲ ਰਹੀ ਹੈ, ਗ਼ਲਤ ਦਿਸ਼ਾ ਵਿੱਚ ਵੀ ਚੱਲ ਰਹੀ ਹੈ, ਜਦਕਿ ਬੰਦਾ ਸਿੰਘ ਬਹਾਦਰ ਸੱਚ ਦੇ ਰਾਹ ਉੱਤੇ ਹੈ।

ਭਾਈ ਮੋਹਰ ਸਿੰਘ (ਸ਼ਹੀਦ)

ਇਸੇ ਹੀ ਤਰ੍ਹਾਂ ਵੀਹਵੀਂ ਸਦੀ ਵਿੱਚ ਜਦੋਂ ਸੰਤ ਸਿਪਾਹੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਧਾਂਤਕ ਸਰਪ੍ਰਸਤੀ ਹੇਠ ਹਿੰਦੂ ਰਾਜ ਸੱਤਾ ਵਿਰੁੱਧ ਧਰਮ ਯੁੱਧ ਦਾ ਝੰਡਾ ਚੁੱਕਿਆ, ਤਾਂ ਭਾਰਤੀ ਪ੍ਰਚਾਰ ਤੰਤਰ ਲਈ ਉਹ 'ਮੁੱਠੀ ਭਰ ਅੱਤਵਾਦੀਆਂ ਦਾ ਨੇਤਾ' ਸੀ ਜਾਂ 'ਹਿੰਦੂਆਂ ਦਾ ਇੱਕ ਕੱਟੜ ਵਿਰੋਧੀ', ਪਰ ਇਸ ਦੌਰ ਵਿੱਚ ਹਿੰਦੂ ਧਰਮ ਛੱਡ ਕੇ ਸਿੰਘ ਸਜਣ ਵਾਲ਼ੇ ਅਤੇ ਫਿਰ ਉਸ ਜਰਨੈਲ ਦੀ ਅਗਵਾਈ ਵਿੱਚ ਹਿੰਦੂ ਹਕੂਮਤ ਵਿਰੁੱਧ ਆਖ਼ਰੀ ਸਾਹ ਤਕ ਜੂਝਣ ਵਾਲ਼ੇ ਜਿਊਂਦੀ ਜ਼ਮੀਰ ਲੋਕਾਂ ਦੀਆਂ ਗਾਥਾਵਾਂ ਇੱਕ ਐਲਾਨ ਹਨ ਕਿ ਹਿੰਦੂ ਹਕੂਮਤ ਝੂਠ ਦੀ ਪ੍ਰਤੀਕ ਸੀ ਤੇ ਭਿੰਡਰਾਂਵਾਲ਼ਾ ਸੰਤ ਸਿਪਾਹੀ ਸੱਚ ਦੇ ਰਾਹ ਤੇ ਸੀ। ਇਸ ਕਾਲਮ ਵਿੱਚ ਅਸੀਂ ਇੱਕ ਅਜਿਹੇ ਪਰਿਵਾਰ ਦੀ ਗਾਥਾ ਦੇ ਰੂ-ਬਰੂ ਹੋ ਰਹੇ ਹਾਂ, ਜਿਸ ਪਰਿਵਾਰ ਦਾ ਪਿਛੋਕੜ 'ਬ੍ਰਾਹਮਣ' ਸੀ, ਪਰ ਉਸ ਪਰਿਵਾਰ ਦੇ ਮੈਂਬਰ ਸਿੰਘ ਸਜੇ, ਸੰਤ ਭਿੰਡਰਾਂਵਾਲ਼ਿਆਂ ਦੇ ਨਾਲ਼ ਜੁੜੇ, ਭਾਰਤੀ ਹਕੂਮਤ ਵਿਰੁੱਧ ਜੂਝੇ ਅਤੇ ਪੁਰਜਾ ਪੁਰਜਾ ਕਟ ਕੇ ਸ਼ਹੀਦ ਵੀ ਹੋਏ।

ਮਾਝੇ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਿੰਡ ਧਾਰੀਵਾਲ਼ ਤਲਵੰਡੀ ਵਿੱਚ ਰਹਿੰਦੇ ਬ੍ਰਾਹਮਣ ਪਤੀ ਪਤਨੀ, ਲਖਮੀ ਚੰਦ ਅਤੇ ਕੁੰਨਣ ਦੇਵੀ ਦੇ ਕੁੱਲ 7 ਬੱਚੇ ਸਨ:-

(1) ਪੂਰਨ ਦੇਈ
(2) ਤਾਰਾ ਵੰਤੀ
(3) ਦਇਆ ਵੰਤੀ (ਲੜਕੀਆਂ)

(4) ਗੁਰਦੇਵ ਨਾਥ
(5) ਰੁਲਦੂ ਰਾਮ
(6) ਦੱਤ ਪਾਲ
(7) ਸਤਪਾਲ (ਲੜਕੇ)

ਲਖਮੀ ਚੰਦ ਭਾਵੇਂ ਦੁਕਾਨਦਾਰ ਸੀ, ਪਰ ਪਿੰਡ 'ਚ ਰਹਿੰਦੇ ਹੋਣ ਕਰ ਕੇ ਘਰ ਵਿੱਚ ਲਵੇਰਾ ਵੀ ਸੀ ਤੇ ਥੋੜ੍ਹੀ ਬਹੁਤੀ ਜ਼ਮੀਨ ਵੀ।

ਬੱਚੇ ਓਦੋਂ ਜਵਾਨ ਹੋ ਕੇ ਆਪੋ ਆਪਣਾ ਕੰਮ ਕਾਰ ਸੰਭਾਲ਼ ਰਹੇ ਸਨ, ਜਦੋਂ ਇਸ ਪਰਿਵਾਰ ਦੇ ਛੋਟੇ ਤੋਂ ਵੱਡੇ ਲੜਕੇ 'ਦੱਤ ਪਾਲ' ਨੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਕਰਤਾਰ ਸਿੰਘ ਖ਼ਾਲਸਾ ਜੀ ਦੀ ਕਥਾ ਸੁਣੀ ਤੇ ਟਕਸਾਲ ਨੂੰ ਹੀ ਸਮਰਪਿਤ ਹੋ ਗਿਆ। ਉਹ ਘਰ ਵਾਪਸ ਨਹੀਂ ਸੀ ਪਰਤਿਆ। ਅੰਮ੍ਰਿਤ ਛਕਣ ਪਿੱਛੋਂ ਜਦੋਂ ਉਹ ਖ਼ਾਲਸਾ ਪਰਿਵਾਰ ਦਾ ਮੈਂਬਰ ਬਣਿਆ ਤਾਂ ਸੰਤਾਂ ਨੇ ਉਸ ਦਾ ਨਾਂ 'ਭਾਈ ਮੋਹਰ ਸਿੰਘ' ਰੱਖਿਆ।


ਭਾਈ ਮੋਹਰ ਸਿੰਘ ਉਹਨਾਂ ਦੀ ਧਰਮ ਪਤਨੀ ਤੇ ਪੁੱਤਰੀਆਂ

ਭਾਈ ਮੋਹਰ ਸਿੰਘ ਨੂੰ ਅਹਿਸਾਸ ਸੀ ਕਿ ਉਸ ਨੇ ਅੰਮ੍ਰਿਤਪਾਣ ਕਰ ਕੇ ਕਿੰਨੀ ਵੱਡੀ ਪ੍ਰਾਪਤੀ ਕੀਤੀ ਹੈ। ਹੁਣ ਉਹ ਆਪਣੇ ਸਾਰੇ ਪਰਿਵਾਰ ਨੂੰ ਹੀ ਸਿੱਖੀ ਦੇ ਦਾਇਰੇ ਵਿੱਚ ਲਿਆਉਣ ਲਈ ਯਤਨਸ਼ੀਲ ਹੋ ਗਿਆ। ਇਸ ਲਈ ਉਹ ਆਪਣੀਆਂ ਭੈਣਾਂ ਦੇ ਘਰ ਵੀ ਫੇਰਾ ਮਾਰਦਾ ਤਾਂ ਮਖ਼ੌਲ 'ਚ ਕਹਿੰਦਾ:-

"ਬਾਹਮਣਾਂ ਦੇ ਘਰੋਂ ਮੈਂ ਕੁਝ ਨੀਂ ਛਕਣਾ...।"

ਫਿਰ ਉਸ ਨੇ ਇਹ ਵੀ ਆਖਿਆ ਕਿ ਜਿਹੜਾ ਮੇਰੇ ਨਾਲ਼ ਮਿਲ਼ਣਾ ਵਰਤਣਾ ਚਾਹੁੰਦਾ ਹੈ, ਉਹ ਸਿੱਖੀ ਧਾਰਨ ਕਰੇ। ਪਰਿਵਾਰ ਦੇ ਮੈਂਬਰ ਉਸ ਨੂੰ ਮਿਲ਼ਣ ਲਈ ਪਹਿਲਾਂ ਚੌਕ ਮਹਿਤੇ ਵੀ ਜਾਂਦੇ ਰਹੇ ਤੇ ਫਿਰ ਸੰਤ ਜਰਨੈਲ ਸਿੰਘ ਜੀ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਵੀ ਆਉਂਦੇ ਰਹੇ। ਸੰਗਤ ਦਾ ਅਸਰ ਹੋਇਆ ਤੇ ਉਹਨਾਂ ਦੇ ਪਰਿਵਾਰ ਦੇ ਕਈ ਮੈਂਬਰ ਸਿੱਖ ਧਰਮ ਧਾਰਨ ਕਰ ਕੇ ਸਿੰਘ ਸਜ ਗਏ। ਭਾਈ ਮੋਹਰ ਸਿੰਘ ਦੀ ਭੈਣ ਪੂਰਨ ਦੇਈ ਅੰਮ੍ਰਿਤ ਛਕ ਕੇ ਪੂਰਨ ਕੌਰ ਬਣ ਗਈ, ਤੇ ਉਹਨਾਂ ਦਾ ਪਤੀ ਬਿਹਾਰੀ ਲਾਲ ਅੰਮ੍ਰਿਤ ਛਕ ਕੇ ਬਲਿਹਾਰ ਸਿੰਘ ਬਣ ਗਿਆ। ਇਸ ਭੈਣ ਦੇ ਬੱਚੇ ਵੀ ਸਿੱਖੀ 'ਚ ਆ ਗਏ:- ਦਰਸ਼ਨ ਕੌਰ, ਬਖ਼ਸ਼ੀਸ਼ ਸਿੰਘ ਅਤੇ ਪ੍ਰੇਮ ਸਿੰਘ।

ਭਾਈ ਮੋਹਰ ਸਿੰਘ ਹੋਰੀਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਅਗਵਾਈ ਵਿੱਚ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਹੀ ਰਹਿ ਰਹੇ ਸਨ, ਜਦੋਂ ਭਾਰਤੀ



ਸਟੇਟ ਵੱਲੋਂ ਸਿੱਖ ਕੌਮ ਦੇ ਹੱਕੀ ਸੰਘਰਸ਼ ਨੂੰ ਕੁਚਲਣ ਲਈ ਫ਼ੌਜੀ ਹਮਲੇ ਦੀਆਂ ਤਿਆਰੀਆਂ ਅਰੰਭ ਕੀਤੀਆਂ ਜਾ ਰਹੀਆਂ ਸਨ। ਸੰਤ ਭਿੰਡਰਾਂਵਾਲਿਆਂ ਨੂੰ ਵੀ ਹਰ ਇੱਕ ਪਲ ਦੀ ਖ਼ਬਰ ਮਿਲ਼ ਰਹੀ ਸੀ। ਸੰਤ ਭਿੰਡਰਾਂਵਾਲ਼ੇ ਆਪਣੇ ਸਾਥੀ ਸਿੰਘਾਂ ਨੂੰ ਆਉਣ ਵਾਲ਼ੇ ਖ਼ਤਰੇ ਸੰਬੰਧੀ ਦੱਸਦੇ ਹੋਏ ਤਿਆਰ-ਬਰ-ਤਿਆਰ ਰਹਿਣ ਲਈ ਕਹਿ ਰਹੇ ਸਨ। ਭਾਈ ਮੋਹਰ ਸਿੰਘ ਵੀ ਹੋਰ ਸਿੰਘਾਂ ਸਮੇਤ ਇਸ ਘਲੂਘਾਰੇ 'ਚ ਜੂਝਣ ਲਈ ਤਿਆਰ ਹੋ ਰਹੇ ਸਨ।

ਸੰਤਾਂ ਨੇ ਭਾਈ ਮੋਹਰ ਸਿੰਘ ਦਾ ਰਿਸ਼ਤਾ ਵੀ ਇੱਕ ਅਜਿਹੇ ਪਰਿਵਾਰ ਵਿੱਚ ਕਰ ਦਿੱਤਾ, ਜਿਹੜਾ ਪਰਿਵਾਰ ਭਾਈ ਮੋਹਰ ਸਿੰਘ ਵਾਂਗ ਹੀ ਬ੍ਰਾਹਮਣ ਤੋਂ ਸਿੰਘ ਸਜਿਆ ਸੀ। ਵਿਆਹ ਵੀ ਸੰਤਾਂ ਨੇ ਖ਼ੁਦ ਹੀ ਕੀਤਾ। ਭਾਈ ਮੋਹਰ ਸਿੰਘ ਦੀ ਪਤਨੀ ਦਾ ਨਾਮ ਬੀਬੀ ਪ੍ਰੀਤਮ ਕੌਰ ਸੀ। ਆਪ ਦੇ ਘਰ ਤਿੰਨ ਬੱਚੀਆਂ ਦਾ ਜਨਮ ਹੋਇਆ:-

ਸਤਿਨਾਮ ਕੌਰ
ਵਾਹਿਗੁਰੂ ਕੌਰ
ਮਨਜੀਤ ਕੌਰ

ਭਾਈ ਮੋਹਰ ਸਿੰਘ ਸਿੱਖ ਧਰਮ ਵਿੱਚ ਆਉਣ ਕਾਰਨ ਧੀ-ਪੁੱਤ ਵਿੱਚ ਕੋਈ ਫ਼ਰਕ ਨਹੀਂ ਸਨ ਸਮਝਦੇ, ਪਰ ਪਰਿਵਾਰ ਬ੍ਰਾਹਮਣੀ ਸੰਸਕਾਰਾਂ ਦੇ ਪ੍ਰਭਾਵ ਹੇਠ ਸੀ। ਇਸ ਲਈ ਦੋ ਬੱਚੀਆਂ ਦੇ ਜਨਮ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੇ ਕਿਹਾ:- "ਹੁਣ ਕਾਕਾ ਚਾਹੀਦੈ"।

ਤੇ ਤੀਜੀ ਬੱਚੀ ਦੇ ਜਨਮ ਸਮੇਂ ਭਾਈ ਮੋਹਰ ਸਿੰਘ ਜੀ ਨੇ ਸੁਨੇਹੇ ਭੇਜ ਦਿੱਤੇ- "ਕਾਕਾ ਹੋਇਐ"। ਬਾਅਦ 'ਚ ਪਤਾ ਲੱਗਾ ਕਿ ਭਾਈ ਮੋਹਰ ਸਿੰਘ ਨੇ ਪੈਦਾ ਹੋਈ ਲੜਕੀ ਦਾ ਛੋਟਾ ਨਾਂ

ਹੀ 'ਕਾਕਾ' ਰੱਖ ਦਿੱਤਾ ਸੀ।

ਸ੍ਰੀ ਹਰਿਮੰਦਰ ਸਾਹਿਬ ਵਿਚਲੇ ਜੁਝਾਰੂ ਸਿੰਘਾਂ ਨੂੰ ਇੱਕ ਵਾਰ ਸੰਤ ਭਿੰਡਰਾਂਵਾਲਿਆਂ ਨੇ ਵੀ ਇਹ ਮੌਕਾ ਦਿੱਤਾ ਸੀ ਕਿ ਜੋ ਨਿਕਲ਼ਣਾ ਚਾਹੁੰਦਾ ਹੈ, ਉਹ ਜਾ ਸਕਦਾ ਹੈ; ਪਰ ਇਸ ਮੌਕੇ ਭਾਈ ਮੋਹਰ ਸਿੰਘ ਨੇ ਕਿਹਾ:-

"ਬਾਹਰ ਨਿਕਲ਼ ਜਾਣ ਦਾ ਸਵਾਲ ਹੀ ਪੈਦਾ ਨ੍ਹੀਂ ਹੁੰਦਾ... ਲੋਕੀਂ ਆਖਣਗੇ... ਰਿਹਾ ਹਿੰਦੂ ਦਾ ਹਿੰਦੂ ਹੀ...।"

ਸਿਰਫ਼ ਏਨਾ ਹੀ ਨਹੀਂ, ਭਾਈ ਮੋਹਰ ਸਿੰਘ ਨੇ ਇਸ ਧਰਮ ਯੁੱਧ ਵਿੱਚ ਪਰਿਵਾਰ ਸਮੇਤ ਸ਼ਹੀਦ ਹੋਣ ਦਾ ਦ੍ਰਿੜ੍ਹ ਇਰਾਦਾ ਕਰ ਲਿਆ ਸੀ। ਪਹਿਲੀ ਜੂਨ 1984 ਨੂੰ ਜਦੋਂ ਭਾਰਤੀ ਫ਼ੋਰਸਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉੱਤੇ ਰੁਕ ਰੁਕ ਕੇ ਗੋਲ਼ੀ ਚਲਾਈ ਗਈ ਤਾਂ ਓਦੋਂ ਭਾਈ ਮੋਹਰ ਸਿੰਘ ਦੇ ਭਾਣਜੇ ਪ੍ਰੇਮ ਸਿੰਘ ਅਤੇ ਬਖ਼ਸ਼ੀਸ਼ ਸਿੰਘ ਸ੍ਰੀ ਦਰਬਾਰ ਸਾਹਿਬ ਆਏ ਹੋਏ ਸਨ, ਉਹਨਾਂ ਨੂੰ ਭਾਈ ਮੋਹਰ ਸਿੰਘ ਨੇ ਚਲੇ ਜਾਣ ਲਈ ਕਹਿ ਕੇ ਘਰ ਭੇਜ ਦਿੱਤਾ ਤੇ ਖ਼ੁਦ ਭਾਰਤੀ ਫ਼ੌਜ ਨਾਲ਼ ਲੜੀ ਜਾਣ ਵਾਲ਼ੀ ਵੱਡੀ ਜੰਗ 'ਚ ਆਪਣਾ ਬਣਦਾ ਹਿੱਸਾ ਪਾਉਣ ਦੀ ਤਿਆਰੀ ਅਰੰਭ ਕਰ ਦਿੱਤੀ।

ਜਿਉਂ ਹੀ ਭਾਰਤੀ ਫ਼ੌਜ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਆਪਣੇ ਨਾਪਾਕ ਪੈਰ ਧਰੇ, ਸਿੰਘਾਂ ਨੇ ਗੋਲ਼ੀ ਦਾ ਜਵਾਬ ਗੋਲ਼ੀ ਨਾਲ਼ ਦਿੰਦੇ ਹੋਏ ਪਰਕਰਮਾ ਵਿੱਚ ਫ਼ੌਜੀਆਂ ਦੀਆਂ ਲਾਸ਼ਾਂ ਦੇ ਢੇਰ ਲਾ ਦਿੱਤੇ। ਭਾਈ ਮੋਹਰ ਸਿੰਘ ਜੀ ਦੀ ਡਿਊਟੀ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਉੱਪਰਲੇ ਕਮਰੇ ਵਿੱਚ ਸੀ। ਇਸ ਮੋਰਚੇ ਵਿੱਚ ਜਿੱਥੇ ਭਾਈ ਮੋਹਰ ਸਿੰਘ ਦੀ ਸਿੰਘਣੀ ਪ੍ਰੀਤਮ ਕੌਰ ਉਹਨਾਂ ਦਾ ਸਾਥ ਦੇ ਕੇ ਭਾਰਤੀ ਫ਼ੌਜ ਦਾ ਮੁਕਾਬਲਾ ਕਰ ਰਹੀ ਸੀ, ਓਥੇ ਹੀ ਉਹਨਾਂ ਦੀਆਂ ਛੋਟੀਆਂ ਬੱਚੀਆਂ 'ਸਤਿਨਾਮ ਕੌਰ' ਤੇ 'ਵਾਹਿਗੁਰੂ ਕੌਰ', ਜਿਨ੍ਹਾਂ ਦੀ ਉਮਰ 11 ਕੁ ਸਾਲ ਤੇ 9 ਕੁ ਸਾਲ ਦੀ ਸੀ, ਉਹ ਮੈਗਜ਼ੀਨ ਭਰਨ ਦੀ ਸੇਵਾ ਨਿਭਾ ਰਹੀਆਂ ਸਨ। ਤੀਜੀ ਲੜਕੀ ਮਨਜੀਤ ਕੌਰ ਕੁਦਰਤੀ ਹੀ ਹਮਲਾ ਹੋਣ ਸਮੇਂ ਕਿਸੇ ਹੋਰ ਜਾਣ-ਪਛਾਣ ਵਾਲ਼ੇ ਪਰਿਵਾਰ ਕੋਲ਼ ਬਾਹਰ ਗਈ ਹੋਈ ਸੀ।



ਸ਼ਹੀਦ ਹੋਈਆਂ ਭਾਈ ਮੋਹਰ ਸਿੰਘ ਦੀਆਂ ਦੋ ਬੱਚੀਆਂ

ਭਾਈ ਮੋਹਰ ਸਿੰਘ ਨੇ ਆਪਣੇ ਸਾਰੇ ਹੀ ਪਰਿਵਾਰ ਨੂੰ ਇਸ ਇਰਾਦੇ ਤੇ ਪ੍ਰਪੱਕ ਕੀਤਾ ਹੋਇਆ ਸੀ ਕਿ ਸਾਰੇ ਪਰਿਵਾਰਕ ਮੈਂਬਰਾਂ ਨੇ ਇਕੱਠਿਆਂ ਹੀ ਸ਼ਹੀਦ ਹੋਣਾ ਹੈ। ਨਿੱਕੀਆਂ ਬੱਚੀਆਂ ਨੂੰ ਵੀ ਛੋਟੇ ਸਾਹਿਬਜ਼ਾਦਿਆਂ ਦੀਆਂ ਸਾਖੀਆਂ ਸੁਣਾ ਸੁਣਾ ਕੇ ਉਹਨਾਂ ਨੂੰ ਮਾਨਸਿਕ ਤੌਰ ਤੇ ਸ਼ਹੀਦੀ ਲਈ ਇਸ ਤਰ੍ਹਾਂ ਨਾਲ਼ ਤਿਆਰ ਕੀਤਾ ਹੋਇਆ ਸੀ ਕਿ ਬੱਚੀਆਂ ਨੇ

ਵਰ੍ਹਦੀ ਹੋਈ ਅੱਗ ਤੇ ਟੈਂਕਾਂ ਦੀ ਗੜਗੜਾਹਟ ਵਿੱਚ ਡਰਨਾ ਤਾਂ ਕੀ ਸੀ, ਕਈ ਸਿੰਘਾਂ ਨੇ ਭਾਈ ਮੋਹਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਦੱਸਿਆ ਕਿ ਟੈਂਕ ਪਰਕਰਮਾ ਵਿੱਚ ਆਉਣ ਸਮੇਂ ਉਹਨਾਂ ਨਿੱਕੀਆਂ ਬੱਚੀਆਂ ਨੇ ਆਪਣੇ ਸਰੀਰਾਂ ਨਾਲ਼ ਬੰਬ ਬੰਨ੍ਹਵਾ ਕੇ ਟੈਂਕਾਂ ਤੇ ਛਾਲ਼ਾਂ ਮਾਰ ਕੇ ਸ਼ਹਾਦਤਾਂ ਦਿੱਤੀਆਂ। ਵੈਸੇ ਵੀ ਸ੍ਰੀ ਹਰਿਮੰਦਰ ਸਾਹਿਬ ਤੇ ਹਮਲੇ ਵਾਲ਼ੇ ਮਹੀਨੇ ਇਹ ਚਰਚਾ ਕਾਫ਼ੀ ਚੱਲਦੀ ਰਹੀ ਸੀ ਕਿ ਇੱਕ ਨਿੱਕੇ ਜਿਹੇ ਬੱਚੇ ਨੇ ਆਪਣੇ ਸਰੀਰ ਨਾਲ਼ ਬੰਬ ਬੰਨ੍ਹ ਕੇ ਟੈਂਕ ਤੇ ਛਾਲ਼ ਮਾਰੀ ਸੀ। ਇਹ ਤੱਥ ਵੀ ਧਿਆਨ ਦੇਣ ਵਾਲ਼ਾ ਹੈ ਕਿ ਪਰਕਰਮਾ ਵਿੱਚ ਫ਼ੌਜ ਦਾ ਇੱਕ ਮੂਹਰਲਾ ਟੈਂਕ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਅਸਥਾਨ ਤੇ ਹੀ ਆ ਕੇ ਜਾਮ ਹੋਇਆ ਸੀ ਤੇ ਉਸ ਦੇ ਐਨ ਉੱਤੇ ਹੀ ਭਾਈ ਮੋਹਰ ਸਿੰਘ ਹੋਰਾਂ ਦਾ ਮੋਰਚਾ ਸੀ। ਫਿਰ ਵੀ ਇਸ ਤੱਥ ਸੰਬੰਧੀ ਹੋਰ ਵਧੇਰੇ ਖੋਜ ਦੀ ਲੋੜ ਹੈ।

ਇਹ ਇਤਿਹਾਸ ਦਾ ਇੱਕ ਅਹਿਮ ਪੰਨਾ ਹੈ ਕਿ ਭਾਈ ਮੋਹਰ ਸਿੰਘ ਜੀ ਦੇ ਨਾਲ਼ ਉਹਨਾਂ ਦੀ ਸਿੰਘਣੀ ਬੀਬੀ ਪ੍ਰੀਤਮ ਕੌਰ, ਤੇ ਨਿੱਕੀਆਂ ਬੱਚੀਆਂ ਸਤਿਨਾਮ ਕੌਰ ਤੇ ਵਾਹਿਗੁਰੂ ਕੌਰ ਹਮਲਾਵਰ ਭਾਰਤੀ ਫ਼ੌਜ ਦੇ ਵਿਰੁੱਧ ਸਿਦਕਦਿਲੀ ਨਾਲ਼ ਜੂਝੇ, ਦੁਸ਼ਮਣ ਦੇ ਨਾਪਾਕ ਪੈਰ ਤੋੜਨ ਲਈ ਸਿਰ ਤਲ਼ੀ ਤੇ ਰੱਖ ਕੇ ਮੁਕਾਬਲਾ ਕੀਤਾ ਤੇ ਪੁਰਾਤਨ ਸਿੰਘਾਂ ਦੇ ਰਵਾਇਤ ਨੂੰ ਦੁਹਰਾ ਕੇ ਹਰਿ ਕੇ ਦੁਆਰ ਵਿਖੇ ਆਖ਼ਰੀ ਦਮ ਤਕ ਜੂਝਦਿਆਂ ਸਮੁੱਚੇ ਪਰਿਵਾਰ ਨੇ ਪੁਰਜਾ ਪੁਰਜਾ ਹੋ ਕੇ ਸ਼ਹਾਦਤਾਂ ਪ੍ਰਾਪਤ ਕੀਤੀਆਂ।

****

"ਹਰਿਮੰਦਰ ਸਾਹਿਬ ਕੰਪਲੈਕਸ ਤੇ ਗੋਲ਼ੀਆਂ ਦਾ ਮੀਂਹ ਇੰਞ ਵਰ੍ਹ ਰਿਹਾ ਸੀ... ਜਿਵੇਂ ਅਸਮਾਨ 'ਚੋਂ ਅੱਗ ਵਰ੍ਹ ਰਹੀ ਹੋਵੇ"

ਬੀਬੀ ਪ੍ਰੀਤਮ ਕੌਰ ਨਾਲ਼ ਮੁਲਾਕਾਤ

ਬੀਬੀ ਪ੍ਰੀਤਮ ਕੌਰ ਜੀ 'ਵੰਗਾਰ' ਦੇ ਦਫ਼ਤਰ ਵਿੱਚ

ਜਿਨ੍ਹਾਂ ਲੋਕਾਂ ਨੂੰ ਆਪਣੇ ਧਰਮ ਦੇ ਅੰਦਰਲੀ ਇੱਕ ਮਿਥਹਾਸਕ ਗਾਥਾ ਏਨੀ ਦਰਦਨਾਕ ਜਾਪਦੀ ਹੈ ਕਿ ਉਹ ਹਰ ਸਾਲ ਰਾਮ-ਲੀਲ੍ਹਾ ਮਨਾ ਕੇ ਜਾਂ ਦੁਸਹਿਰੇ ਵਿੱਚ ਇਸ ਗਾਥਾ ਦੇ ਖਲਨਾਇਕ ਰਾਵਣ ਦਾ ਪੁਤਲਾ ਸਾੜ ਕੇ ਇਸ ਨੂੰ ਯਾਦ ਕਰਦੇ ਹਨ, ਉਹ ਲੋਕ ਲਗਾਤਾਰ ਸਿੱਖਾਂ ਨੂੰ ਨਸੀਹਤਾਂ ਦੇ ਰਹੇ ਹਨ ਕਿ ਸਿੱਖ ਕੁਝ ਸਾਲ ਪਹਿਲਾਂ ਦਰਬਾਰ ਸਾਹਿਬ ਤੇ ਹੋਏ ਭਾਰਤੀ ਫ਼ੌਜੀ ਹਮਲੇ ਨੂੰ ਭੁੱਲ ਕਿਉਂ ਨਹੀਂ ਜਾਂਦੇ ?

ਤੇ ਸਿਰਫ਼ ਨਸੀਹਤਾਂ ਹੀ ਨਹੀਂ, ਇਹਨਾਂ ਲੋਕਾਂ ਦੇ ਪ੍ਰਤੀਨਿਧ ਸਿੱਖਾਂ ਨੂੰ ਮਦਹੋਸ਼ੀ ਦੀਆਂ ਅਜਿਹੀਆਂ ਖ਼ੁਰਾਕਾਂ ਵੀ ਲਗਾਤਾਰ ਦੇ ਰਹੇ ਹਨ, ਤਾਂ ਕਿ ਸਿੱਖ ਆਪਣੇ ਪਿੰਡੇ ਤੋਂ ਲੈ ਕੇ ਰੂਹ ਤਕ ਤੇ ਵਰਤੇ ਇਸ ਭਾਰਤੀ ਕਹਿਰ ਨੂੰ ਭੁੱਲ ਜਾਣ, ਪਰ ਚੇਤੰਨ ਸਿੱਖ ਜਾਣਦੇ ਹਨ, ਜੇਕਰ ਸਿੱਖ ਭੁੱਲ ਗਏ ਤਾਂ ਫਿਰ ਮਰ ਗਏ। ਕਿਸੇ ਜ਼ਖ਼ਮੀ ਨੂੰ ਉਸ ਦੇ ਜ਼ਖ਼ਮਾਂ ਦੀ ਪੀੜ ਮਹਿਸੂਸ ਹੋਣੋਂ ਓਦੋਂ ਹੀ ਹਟਦੀ ਹੈ, ਜਦੋਂ ਉਸ ਦਾ ਜ਼ਖ਼ਮ ਠੀਕ ਹੋ ਜਾਵੇ ਤੇ ਜਾਂ ਫਿਰ ਉਸ ਦੀ ਮੌਤ ਹੋ ਜਾਵੇ। ਸਿੱਖਾਂ ਦੇ ਜ਼ਖ਼ਮਾਂ ਵਿੱਚ ਤਾਂ ਹਿੰਦੂਵਾਦੀ ਜਥੇਬੰਦੀਆਂ ਨਿੱਤ ਦਿਹਾੜੇ ਲੂਣ ਛਿੜਕ ਰਹੀਆਂ ਹਨ, ਕੌਮੀ ਮਸਲੇ ਜਿਓਂ ਦੇ ਤਿਓਂ ਖਲੋਤੇ ਹਨ, ਇਸ ਹਾਲਤ ਵਿੱਚ ਜ਼ਖ਼ਮ ਠੀਕ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਫਿਰ ਜ਼ਖ਼ਮਾਂ ਦੀ ਪੀੜ ਮਹਿਸੂਸ ਹੋਣੋ ਹਟ ਜਾਣ ਦੀ ਦਸ਼ਾ ਸਾਡੇ ਪ੍ਰਤੀ ਕੀ ਸੰਕੇਤ ਹੋਵੇਗਾ, ਇਹ ਸਾਨੂੰ ਸਮਝ ਜਾਣਾ ਚਾਹੀਦਾ ਹੈ।

ਜੂਨ 1984 ਵਿੱਚ ਭਾਰਤੀ ਫ਼ੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਕੀਤੇ ਗਏ ਫ਼ੌਜੀ ਹਮਲੇ ਦਾ ਬਿਰਤਾਂਤ ਕਿੰਨਾ ਦਰਦਨਾਕ ਹੈ, ਇਸ ਤੇ ਪੰਛੀ ਝਾਤ ਮਾਰਨ ਲਈ ਅਸੀਂ ਉਸ ਮੌਕੇ ਦੀ ਗਵਾਹ ਬੀਬੀ ਪ੍ਰੀਤਮ ਕੌਰ ਜੀ, ਜਿਨ੍ਹਾਂ ਦੇ ਪਤੀ ਭਾਈ ਰਛਪਾਲ ਸਿੰਘ (ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਪੀ.ਏ.) ਅਤੇ 17 ਕੁ ਦਿਨਾਂ ਦਾ ਬੱਚਾ ਇਸ ਘਲੂਘਾਰੇ 'ਚ ਸ਼ਹੀਦ ਹੋਏ ਅਤੇ ਇਸ ਬੀਬੀ ਨੇ ਭਾਰਤੀ ਹਕੂਮਤ ਦਾ ਸਰੀਰਿਕ ਤੇ ਮਾਨਸਿਕ ਤਸ਼ੱਦਦ ਝੱਲਣ ਦੇ ਨਾਲ਼-ਨਾਲ਼ 4 ਸਾਲ ਜੋਧਪੁਰ ਜੇਲ੍ਹ ਵੀ ਕੱਟੀ, ਉਹਨਾਂ ਦੇ ਨਾਲ਼ ਇੱਕ ਵਿਸ਼ੇਸ਼ ਮੁਲਾਕਾਤ ਕੀਤੀ:

ਸਵਾਲ : ਬੀਬੀ ਜੀ ! ਸਭ ਤੋਂ ਪਹਿਲਾਂ ਆਪਣੇ ਮੁੱਢਲੇ ਜੀਵਨ ਬਾਰੇ ਦੱਸੋ ?

ਜਵਾਬ : ਮੇਰਾ ਪਿੰਡ ਬਰਿਆਰ ਐ ਗੁਰਦਾਸਪੁਰ ਜ਼ਿਲ੍ਹੇ 'ਚ, ਮੇਰੇ ਮਾਤਾ ਜੀ ਦਾ ਨਾਂ ਹਰਦੀਪ ਕੌਰ ਤੇ ਪਿਤਾ ਜੀ ਦਾ ਨਾਂ ਸ੍ਰ. ਪਿਆਰਾ ਸਿੰਘ ਸੀ। ਅਸੀਂ ਪੰਜ ਭੈਣਾਂ ਤੇ ਤਿੰਨ ਭਰਾ ਸੀ

ਤੇ ਮੈਂ ਤੀਜੇ ਨੰਬਰ ਤੇ ਸੀ। ਮੇਰੇ ਤਿੰਨੇ ਭਰਾ ਪੁਲਿਸ ਨੇ ਸ਼ਹੀਦ ਕਰ ਦਿੱਤੇ। ਮੇਰਾ ਜਨਮ 1 ਫ਼ਰਵਰੀ 1958 ਦਾ ਐ...।

ਸਵਾਲ : ਤੁਸੀਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਜਥੇ 'ਚ ਕਿਵੇਂ ਆਏ ?

ਜਵਾਬ : ਸੰਨ 1979 'ਚ ਦੀਨਾਨਗਰ 'ਚ ਅਖੰਡ ਕੀਰਤਨੀ ਜਥੇ ਵੱਲੋਂ ਰੈਣ ਸਬਾਈ ਕੀਰਤਨ ਦਰਬਾਰ ਸੀ। ਸਾਨੂੰ ਕਾਰ ਸੇਵਾ ਵਾਲ਼ੇ ਮਹਾਂਪੁਰਸ਼ ਓਥੇ ਲੈ ਕੇ ਗਏ। ਮੈਂ ਓਥੇ ਦਸਤਾਰਾਂ ਵਾਲ਼ੀਆਂ ਬੀਬੀਆਂ ਤੋਂ ਬੜੀ ਪ੍ਰਭਾਵਿਤ ਹੋਈ ਤੇ ਓਥੋਂ ਪ੍ਰੇਰਿਤ ਹੋ ਕੇ ਅੰਮ੍ਰਿਤ ਛਕਣ ਦਾ ਮਨ ਬਣਾ ਲਿਆ। ਨੱਕ ਕੰਨ ਛੇਦਕ ਗਹਿਣੇ ਲਾਹ ਕੇ ਦਸਤਾਰ ਬੰਨ੍ਹ ਲਈ, ਫਿਰ ਅਗਲੇ ਹਫ਼ਤੇ ਬਿਬੇਕਸਰ ਸਾਹਿਬ ਤੋਂ ਅੰਮ੍ਰਿਤਪਾਨ ਕਰ ਲਿਆ। ਪਹਿਲਾਂ ਪਰਿਵਾਰ 'ਚ ਸਿਰਫ਼ ਮੈਂ ਕੱਲ੍ਹੀ ਨੇ ਹੀ ਅੰਮ੍ਰਿਤ ਛਕਿਆ ਸੀ, ਪਿਤਾ ਜੀ ਹੋਰਾਂ ਨੇ ਵਿਰੋਧ ਵੀ ਕੀਤਾ, ਪਰ ਹੌਲ਼ੀ ਹੌਲ਼ੀ ਅਕਾਲ ਪੁਰਖ ਦੀ ਕਿਰਪਾ ਹੋਈ, ਮੇਰੀ ਸੇਵਾ ਤੇ ਅਰਦਾਸਾਂ ਰੰਗ ਲਿਆਈਆਂ, ਸਾਰੇ ਪਰਿਵਾਰ ਨੇ ਹੀ ਅੰਮ੍ਰਿਤ ਛਕ ਲਿਆ। ਇਸ ਦੀ ਡਿਟੇਲ ਕਿਤੇ ਫੇਰ ਸਹੀ, ਪਰ ਸਾਰੇ ਪਰਿਵਾਰ ਨੇ ਅੰਮ੍ਰਿਤ ਛਕ ਲਿਆ ਤੇ ਮਾਹੌਲ ਗੁਰਬਾਣੀ ਦੇ ਰੰਗ 'ਚ ਰੰਗਿਆ ਗਿਆ। ਸੰਤ ਭਿੰਡਰਾਂਵਾਲਿਆਂ ਦੇ ਜਥੇ 'ਚ ਆਉਣ ਦੀ ਕਹਾਣੀ ਐਂ ਸੀ, ਪਈ ਸੰਤਾਂ ਨੇ 25 ਜੁਲਾਈ 1982 ਨੂੰ ਪੰਥਕ ਇਕੱਠ ਸੱਦਿਆ, ਇਸ 'ਚ ਹਾਜ਼ਰੀ ਭਰਨ ਲਈ ਸਾਡੇ ਰਿਸ਼ਤੇ 'ਚੋਂ ਮਾਮਾ ਜੀ ਲੱਗਦੇ ਭਾਈ ਵਿਰਸਾ ਸਿੰਘ ਜੀ, (ਭਾਈ ਫ਼ੌਜਾ ਸਿੰਘ ਜੀ ਦੇ ਭਰਾਤਾ) ਤੇ ਨਿੱਕੀ ਭੈਣ (ਮਨਜੀਤ ਕੌਰ) ਨਾਲ਼ ਮੈਂ ਅੰਮ੍ਰਿਤਸਰ ਆਈ। ਸਾਨੂੰ ਅੰਮ੍ਰਿਤਸਰ ਕੋਤਵਾਲ਼ੀ ਕੋਲ਼ ਪੁਲਸ ਨੇ ਰੋਕ ਲਿਆ। ਅਸੀਂ ਕਿਹਾ, "ਅਸੀਂ ਮੱਥਾ ਟੇਕਣ ਆਏ ਆਂ...।" ਫਿਰ ਸਾਨੂੰ ਜਾਣ ਦਿੱਤਾ। ਸੰਤ ਜੀ ਗੁਰੂ ਨਾਨਕ ਨਿਵਾਸ ਦੀ ਦੂਜੀ ਛੱਤ ਤੇ ਖੜ੍ਹੇ ਸੀ, ਫ਼ਤਹਿ ਬੁਲਾਈ ਤੇ ਪੁੱਛਦੇ:- "ਤੁਹਾਨੂੰ ਨ੍ਹੀਂ ਪੁਲਸ ਨੇ ਰੋਕਿਆ ?" ਅਸੀਂ ਕਿਹਾ:- "ਰੋਕਿਆ ਸੀ"। ਕਹਿੰਦੇ- "ਫਿਰ ਤੁਸੀਂ ਪਿੱਟੀਆਂ ਨ੍ਹੀਂ ?" ਮੈਂ ਕਿਹਾ:- "ਪਿੱਟ ਕੇ ਆਏ ਆਂ..."। ਸੰਤ ਕਹਿੰਦੇ- "ਕੁੜੀ ਚੜ੍ਹਦੀ ਕਲਾ ਵਾਲ਼ੀ ਆ... ਇਹਨੂੰ ਜਥੇ 'ਚ ਹੋਣਾ ਚਾਹੀਦੈ...।"। ਫਿਰ ਸੰਤਾਂ ਨੇ ਹੀ ਭਾਈ ਰਛਪਾਲ ਸਿੰਘ (ਪੀ.ਏ.) ਨਾਲ਼ ਰਿਸ਼ਤੇ ਦੀ ਗੱਲ ਪਰਿਵਾਰ ਨਾਲ਼ ਚਲਾਈ। ਪਰਿਵਾਰ ਨੇ ਵੀ ਰਿਸ਼ਤਾ ਕਰਨ ਵੇਲ਼ੇ ਜਿਵੇਂ ਘਰ-ਪਰਿਵਾਰ ਜਾਤ-ਪਾਤ ਤੇ ਜ਼ਮੀਨ ਬਾਰੇ ਪੁੱਛਿਆ ਜਾਂਦੈ... ਕੁਝ ਨਾ ਪੁੱਛਿਆ ਤੇ ਰਿਸ਼ਤਾ ਪੱਕਾ ਹੋ ਗਿਆ। ਫਿਰ 20 ਫ਼ਰਵਰੀ 1983 ਨੂੰ ਸੰਤਾਂ ਨੇ ਆਪਣੇ ਹੱਥੀਂ

ਭਾਈ ਰਛਪਾਲ ਸਿੰਘ ਤੇ ਬੀਬੀ ਪ੍ਰੀਤਮ ਕੌਰ ਦੇ ਅਨੰਦ ਕਾਰਜ ਦੇ ਸਮੇਂ ਦੀ ਤਸਵੀਰ

ਅਨੰਦ ਕਾਰਜ ਕਰਵਾਏ ਗੁਰਮਰਯਾਦਾ 'ਚ...।

ਸਵਾਲ : ਅਨੰਦ ਕਾਰਜਾਂ ਤੋਂ ਬਾਅਦ ਫਿਰ ਅੰਮ੍ਰਿਤਸਰ ਸਾਹਿਬ ਹੀ ਰਹੇ ?

ਜਵਾਬ : ਹਾਂ ਜੀ, ਓਦੋਂ ਸੰਤਾਂ ਦਾ ਜਥਾ ਗੁਰੂ ਨਾਨਕ ਨਿਵਾਸ 'ਚ ਹੁੰਦਾ ਸੀ, ਕਮਰਿਆਂ ਦਾ ਚਾਰਜ ਵੀ ਸਰਦਾਰ ਜੀ (ਭਾਈ ਰਛਪਾਲ ਸਿੰਘ ਪੀ.ਏ.) ਹੋਰਾਂ ਦੇ ਕੋਲ਼ ਹੀ ਸੀ, ਪਰ ਇਹਨਾਂ ਨੇ ਮੈਨੂੰ ਫ਼ਰਜ਼ਾਂ ਦਾ ਅਹਿਸਾਸ ਕਰਵਾਉਣ ਲਈ ਸਾਡੇ ਰਹਿਣ ਲਈ ਕਮਰਾ ਉਹ ਚੁਣਿਆ, ਜਿਹਦੇ 'ਚ ਰਜਾਈਆਂ ਤਲਾਈਆਂ ਦਾ ਢੇਰ ਲੱਗਾ ਸੀ ਤੇ ਬਾਥਰੂਮ ਵੀ ਅਟੈਚ ਨਈਂ ਸੀ... ਸਫ਼ਾਈ ਹੋਣ ਵਾਲ਼ੀ ਸੀ। ਮੈਂ ਖ਼ੁਦ ਹੀ ਸਾਰੀ ਸਫ਼ਾਈ ਕੀਤੀ, ਫਿਰ ਇਹਨਾਂ ਨੇ ਇਹ ਵੀ ਮੈਨੂੰ ਕਿਹਾ ਕਿ "ਅਸੀਂ ਪੰਥ ਕੌਮ ਦੇ ਸੇਵਾਦਾਰ ਆਂ... ਤੇ ਸੇਵਾਦਾਰ ਬਣ ਕੇ ਹੀ ਰਹਿਣੈ, ਇਹ ਨਈਂ ਕਿ ਗਲ਼ 'ਚ ਪਰਸ ਪਾ ਕੇ ਘੁੰਮਦੇ ਰਹੋ"। ਮੈਂ ਅੱਗੋਂ ਆਖਿਆ, "ਸਤਿ ਬਚਨ, ਏਵੇਂ ਹੀ ਹੋਏਗਾ...।"

ਸਵਾਲ : ਸੰਤ ਭਿੰਡਰਾਂਵਾਲਿਆਂ ਦੀ ਸੰਗਤ 'ਚ ਮਾਣੇ ਗਏ ਕੁਝ ਯਾਦਗਾਰੀ ਪਲ ਸਾਂਝੇ ਕਰੋਗੇ ?

ਜਵਾਬ : (ਡੂੰਘੀ ਸੋਚ ਵਿੱਚ ਚੇਤੇ ਕਰਦੇ ਹੋਏ) ਸੰਤ ਮਹਾਂਪੁਰਸ਼ ਕੋਈ ਸਧਾਰਨ ਇਨਸਾਨ ਨਈਂ ਸਨ, ਉਹਨਾਂ ਦੀ ਸ਼ਖ਼ਸੀਅਤ ਅਜੇਹੀ ਸੀ, ਜਿਨ੍ਹਾਂ ਨੂੰ ਪੂਰਨ ਬ੍ਰਹਮ ਗਿਆਨੀ, ਸੂਰਬੀਰ ਯੋਧੇ ਤੇ ਕਥਨੀ ਕਰਨੀ ਦੇ ਪੂਰੇ ਕਿਹਾ ਜਾ ਸਕਦੈ। ਉਹਨਾਂ ਦੀ ਅੰਤਰਆਤਮਾ ਦੀਆਂ ਦੋ ਘਟਨਾਵਾਂ ਮੈਨੂੰ ਕਦੇ ਨ੍ਹੀਂ ਭੁੱਲਦੀਆਂ। ਇੱਕ ਵਾਰੀ ਮੇਰੇ ਮਨ 'ਚ ਚਾਅ ਉੱਠਿਆ ਪਈ ਸੰਤ ਮਹਾਂਪੁਰਸ਼ ਸਾਡੇ ਕਮਰੇ 'ਚ ਚਰਨ ਪਾਉਣ ਤੇ ਮੈਂ ਹੱਥੀਂ ਤਿਆਰ ਕਰ ਕੇ ਪ੍ਰਸ਼ਾਦਾ ਉਹਨਾਂ ਨੂੰ ਛਕਾਵਾਂ। ਸਰਦਾਰ ਜੀ (ਸ੍ਰ. ਰਛਪਾਲ ਸਿੰਘ ਜੀ) ਹੋਰਾਂ ਨਾਲ ਗੱਲ ਕੀਤੀ ਤਾਂ ਕਹਿੰਦੇ- "ਇਹੋ ਜਿਹਾ ਕਾਰਜ ਅਸੀਂ ਤਾਂ ਕਰੀਏ ਜੇ ਆਪਾਂ ਕਿਤੇ ਹੋਰ ਵੱਖਰੇ ਘਰ 'ਚ ਰਹਿ ਰਹੇ ਹੋਈਏ। ਏਥੇ ਆਪਣੇ ਕੋਲ਼ ਕੀ ਆ... ਇੱਕ ਹੀਟਰ, ਇੱਕ ਬਾਟਾ, ਇੱਕ ਫ਼ਰਾਈਪੈਨ, ਇਹਦੇ ਨਾਲ਼ ਸੰਤਾਂ ਨੂੰ ਪ੍ਰਸ਼ਾਦਾ ਕਿਵੇਂ ਛਕਾਵਾਂਗੇ ?" ਪਰ



ਮੈਂ ਜ਼ਿਦ ਹੀ ਫੜ ਲਈ ਕਿ ਜੇ ਸੰਤ ਮਹਾਂਪੁਰਸ਼ ਜੇ ਮੇਰੀ ਸ਼ਰਧਾ ਨੂੰ ਸਮਝਣਗੇ ਤਾਂ ਫਿਰ ਪ੍ਰਸ਼ਾਦਾ ਜ਼ਰੂਰ ਸਾਡੇ ਕਮਰੇ 'ਚ ਆ ਕੇ ਛਕਣਗੇ। ਮੈਂ ਵੇਲਣਾ ਕਿਤੋਂ ਨਾਲ਼ ਦੇ ਕਮਰੇ 'ਚੋਂ ਇੱਕ ਪਰਿਵਾਰ ਤੋਂ ਲੈ ਆਂਦਾ, ਦਾਲ਼ ਨੂੰ ਤੜਕਾ ਲਾਇਆ ਤੇ ਆਟਾ ਗੁੰਨ੍ਹ ਕੇ ਸੰਤਾਂ ਦੇ ਕੋਲ਼ ਜਾ ਪਹੁੰਚੀ। ਓਧਰੋਂ ਭਾਈ ਗੁਰਮੁਖ ਸਿੰਘ (ਗੜਵਈ) ਸੰਤਾਂ ਨੂੰ ਪ੍ਰਸ਼ਾਦਾ ਛਕਾਉਣ ਲਈ ਬੁਲਾਉਣ ਆਏ ਹੋਏ ਸੀ। ਮੈਂ ਜਾ ਕੇ ਹੱਥ ਜੋੜ ਕੇ ਖਲੋ ਗਈ, ਬੋਲੀ ਕੁਝ ਵੀ ਨਈਂ। ਸੰਤ ਉੱਠੇ ਤੇ 40 ਨੰਬਰ ਕਮਰੇ (ਜਿੱਥੇ ਸੰਤਾਂ ਦਾ ਪ੍ਰਸ਼ਾਦਾ ਤਿਆਰ ਹੁੰਦਾ ਸੀ) ਵਿੱਚ ਜਾਣ ਦੀ ਬਜਾਏ ਹੇਠਾਂ ਉੱਤਰ ਪਏ। ਅਸੀਂ ਸਾਰੇ ਪਿੱਛੇ ਪਿੱਛੇ ਤੁਰ ਪਏ। ਸੰਤ ਤੁਰਦੇ ਤੁਰਦੇ ਸਿੱਧੇ ਹੀ ਸਾਡੇ ਕਮਰੇ 'ਚ ਆ ਦਾਖ਼ਲ ਹੋਏ ਤੇ ਅੰਦਰ ਵੜਦਿਆਂ ਈ ਬੈਡ ਤੇ ਚੜ੍ਹ ਕੇ ਬਹਿ ਗਏ ਕਹਿੰਦੇ- "ਲਿਆ ਬੀਬੀ ਛਕਾ ਪ੍ਰਸ਼ਾਦਾ...।" ਗੁਰਮੁਖ ਸਿੰਘ ਹੋਰੀਂ ਹੈਰਾਨ ਤੇ ਮੇਰੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ। ਫਿਰ ਮੈਂ ਹੀਟਰ ਤੇ ਦਾਲ਼ ਗ਼ਰਮ ਕਰ ਕੇ ਬਾਟੇ 'ਚ ਪਾਈ ਤੇ ਅਖ਼ਬਾਰ ਤੇ ਵੇਲ਼ ਕੇ ਪ੍ਰਸ਼ਾਦੇ ਸੰਤਾਂ ਨੂੰ ਛਕਾਏ। ਸੰਤ ਜੀ ਆਮ ਤੌਰ ਤੇ ਇੱਕ ਡੇਢ ਪ੍ਰਸ਼ਾਦਾ ਛਕਦੇ ਸੀ, ਉਸ ਦਿਨ ਉਹਨਾਂ ਨੇ ਤਿੰਨ ਪ੍ਰਸ਼ਾਦੇ ਛਕੇ। ਮੇਰੇ ਮਨ 'ਚ ਸੰਤਾਂ ਬਾਰੇ ਸ਼ਰਧਾ ਹੋਰ ਵਧ ਗਈ।

ਸੰਤ ਜਰਨੈਲ ਸਿੰਘ ਜੀ ਨਾਲ ਭਾਈ ਗੁਰਮੁਖ ਸਿੰਘ ਗੜਵਈ ਅਤੇ ਭਾਈ ਰਛਪਾਲ ਸਿੰਘ ਪੀ.ਏ.

ਸਵਾਲ : ਤੇ ਦੂਜੀ ਘਟਨਾ ਕਿਹੜੀ ਸੀ ?

ਜਵਾਬ : ਦੂਜੀ ਘਟਨਾ ਵੀ ਇਸੇ ਹੀ ਤਰ੍ਹਾਂ ਦੀ ਐ। ਸੰਤਾਂ ਨੇ ਜਦੋਂ ਜਥੇ ਸਮੇਤ ਗੁਰੂ ਨਾਨਕ ਨਿਵਾਸ ਛੱਡਿਆ ਤੇ ਸਾਰੇ ਸਿੰਘਾਂ ਨੂੰ ਪਰਕਰਮਾ 'ਚ ਕਮਰੇ ਦਿੱਤੇ ਗਏ। ਸਾਨੂੰ ਕੜਾਹ ਪ੍ਰਸ਼ਾਦ ਤੋਂ ਉੱਪਰਲੇ ਪਾਸੇ ਕਮਰਾ ਮਿਲਿਆ। ਪਰ ਮੇਰਾ ਇਸ ਕਮਰੇ 'ਚ ਜੀਅ ਨਾ ਲੱਗੇ। ਫਿਰ ਇੱਕ ਵਾਰ ਮੇਰੇ ਮਨ 'ਚ ਵਿਚਾਰ ਆਇਆ ਕਿ ਇੱਕ ਵਾਰੀ ਸੰਤ ਇਸ ਕਮਰੇ 'ਚ ਚਰਨ ਪਾ ਦੇਣ ਤਾਂ ਮੇਰਾ ਸ਼ਾਇਦ ਇਸ ਕਮਰੇ 'ਚ ਜੀਅ ਲੱਗ ਜੇ। ਮੈਂ ਸਰਦਾਰ ਜੀ (ਸ੍ਰ. ਰਛਪਾਲ ਸਿੰਘ ਪੀ.ਏ.) ਹੋਰਾਂ ਨਾਲ਼ ਗੱਲ ਕੀਤੀ ਤਾਂ ਉਹ ਕਹਿੰਦੇ, "ਸੰਤ ਕਿਤੇ ਵੇਹਲੇ ਬੈਠੇ ਆ ? ਤੂੰ ਐਵੇਂ ਕੋਈ ਨਵੀਂ ਗੱਲ ਕਰ ਦਿੰਨੀ ਐਂ...।" ਮੈਨੂੰ ਬੜਾ ਹਿਰਖ ਆਇਆ ਕਿ ਇਹ ਵੀ ਮੇਰੀ ਸ਼ਰਧਾ ਭਾਵਨਾ ਨੂੰ ਸਮਝਦੇ ਨਈਂ, ਮੇਰੀ ਇਹਨਾਂ ਨਾਲ਼ ਥੋੜ੍ਹੀ ਨਰਾਜ਼ਗੀ ਹੋ ਗਈ। ਇਸੇ ਨਰਾਜ਼ਗੀ 'ਚ ਅਗਲੀ ਸਵੇਰ ਜਦੋਂ ਇਹ ਅੰਮ੍ਰਿਤ ਵੇਲ਼ੇ ਰੋਜ਼ ਵਾਂਗ ਹੀ ਉੱਠ ਕੇ ਇਸ਼ਨਾਨ ਪਾਣੀ ਕਰਨ ਲੱਗੇ ਤਾਂ ਮੈਂ ਉੱਠੀ ਨਈਂ ਤੇ ਗ਼ੁੱਸੇ 'ਚ ਉਸੇ ਹੀ ਤਰ੍ਹਾਂ ਪਈ ਰਹੀ। ਇਹਨਾਂ ਨੇ ਇਸ਼ਨਾਨ ਕਰ ਲਿਆ ਤੇ ਨਿੱਤਨੇਮ ਦੀ ਤਿਆਰੀ ਕਰਨ ਲੱਗੇ ਤੇ ਬਾਹਰੋਂ ਕਿਸੇ ਸਿੰਘ ਨੇ ਇਹਨਾਂ ਨੂੰ ਅਵਾਜ਼ ਮਾਰੀ ਤੇ ਕਹਿੰਦਾ- "ਭਾਈ ਸਾਬ੍ਹ ਜੀ ਸੰਤ ਤੁਰੇ ਆਉਂਦੇ ਜੇ...।"

ਮੈਂ ਜਿਓਂ ਹੀ ਸੰਤਾਂ ਦੇ ਆਉਣ ਬਾਰੇ ਸੁਣਿਆ, ਮੈਂ ਆਖਿਆ "ਹਾਏ ਮੈਂ ਤਾਂ ਅਜੇ ਤਕ

ਇਸ਼ਨਾਨ ਨ੍ਹੀਂ ਕੀਤਾ।" ਮੈਂ ਭੱਜ ਕੇ ਬਾਥਰੂਮ 'ਚ ਜਾ ਕੇ ਲੁਕਗੀ। ਸੰਤ ਸਿੱਧੇ ਸਾਡੇ ਕਮਰੇ 'ਚ ਆਏ ਤੇ ਮੰਜੇ ਤੇ ਤੀਰ ਟਿਕਾ ਦਿੱਤਾ। ਸਰਦਾਰ ਜੀ ਹੁਰਾਂ ਫ਼ਤਹਿ ਬੁਲਾਈ, ਫ਼ਤਹਿ ਦਾ ਜਵਾਬ ਦੇ ਕੇ ਕਹਿੰਦੇ:- "ਬੀਬੀ ਕਿੱਥੇ ਆ...?" ਸਰਦਾਰ ਹੋਰੀਂ ਕਹਿੰਦੇ- "ਤੁਹਾਡੇ ਆਉਣ ਬਾਰੇ ਸੁਣ ਕੇ ਬਾਥਰੂਮ 'ਚ ਲੁਕ ਗਈ ਆ...।" ਸੰਤ ਕਹਿੰਦੇ- "ਬੁਲਾ ਉਹਨੂੰ।" ਮੈਂ ਆਪੇ ਈ ਬਾਥਰੂਮ 'ਚੋਂ ਬਾਹਰ ਨਿਕਲ਼ ਕੇ ਦੋਸ਼ੀਆਂ ਵਾਂਗੂ ਹੱਥ ਜੋੜ ਕੇ ਖਲੋ ਗਈ; ਮੈਨੂੰ ਕਹਿੰਦੇ- "ਬੀਬੀ ਸਾਨੂੰ ਸੱਦ ਕੇ ਹੁਣ ਆਪ ਲੁਕ ਗਈ ਐਂ...?" ਏਨੀ ਗੱਲ ਸੁਣ ਕੇ ਮੈਨੂੰ ਤਾਂ ਸੁੱਧ ਬੁੱਧ ਹੀ ਭੁੱਲ ਗੀ, ਸ਼ਰਧਾ ਦੇ ਨਾਲ਼ ਵੈਰਾਗ ਭਾਰੂ ਹੋ ਗਿਆ। ਮੈਂ ਆਖਿਆ ਕਿ ਮੈਂ ਅਜੇ ਇਸ਼ਨਾਨ ਨਈਂ ਸੀ ਕੀਤਾ, ਇਸ ਲਈ ਲੁਕ ਗਈ। ਅੱਗੋਂ ਕਹਿੰਦੇ- "ਕਿਸੇ ਵੇਲ਼ੇ ਜੇ ਸਰੀਰ ਨਾ ਮੰਨੇ ਤਾਂ ਇਸ਼ਨਾਨ 'ਚ ਨਾਗਾ ਵੀ ਪੈ ਸਕਦੈ... ਪਰ ਮਨ ਨੂੰ ਗੁਰਬਾਣੀ ਨਾਲ਼ ਜੋੜਨ 'ਚ ਨਾਗਾ ਨ੍ਹੀਂ ਪੈਣਾ ਚਾਹੀਦਾ...।" ਉਸ ਦਿਨ ਮੈਨੂੰ ਹੋਰ ਯਕੀਨ ਹੋ ਗਿਆ ਕਿ ਸੰਤ ਮਹਾਂਪੁਰਸ਼ ਕੋਈ ਆਮ ਰੂਹ ਨਈਂ ਨੇ...।

ਸਵਾਲ : ਇਸ ਤਰ੍ਹਾਂ ਦੀ ਕੋਈ ਹੋਰ ਵੀ ਯਾਦ ਹੈ...?

ਜਵਾਬ : ਸੰਤ ਮਹਾਂਪੁਰਸ਼ ਆਮ ਹੀ ਕਹਿਣ ਲੱਗ ਪਏ ਸੀ ਕਿ ਸਾਨੂੰ ਇੱਕ ਲੱਖ ਫ਼ੌਜ ਦਾ ਘੇਰਾ ਪੈਣੈਂ... ਸ਼ਹੀਦੀਆਂ ਹੋਣਗੀਆਂ। ਉਹਨਾਂ ਨੇ ਮੈਨੂੰ ਵੀ ਇੱਕ ਗੱਲ ਆਖੀ ਸੀ, ਆਂਹਦੇ "ਬੀਬਾ ਸ਼ਹੀਦੀਆਂ ਹੋਣੀਐਂ... ਸ਼ਹੀਦੀਆਂ ਵੇਖ ਕੇ ਰੋਣਾ ਨ੍ਹੀਂ, ਪੰਜ ਜੈਕਾਰੇ ਛੱਡਣੇ ਆਂ ਜ਼ਰੂਰ, ਜੇ ਰੋਈ ਤਾਂ ਫਿਰ ਸਿੱਖੀ ਨਈਂ, ਪਖੰਡ ਹੋਊ...।" ਮੈਂ ਚੁੱਪ ਰਹੀ, ਮੈਂ ਤਾਂ ਮਨ 'ਚ ਸੋਚਿਆ ਸੀ ਕਿ ਜਦੋਂ ਭਾਣਾ ਵਰਤਿਆ, ਮੈਂ ਵੀ ਵਿੱਚੇ ਹੀ ਸ਼ਹੀਦ ਹੋਣੈ, ਪਰ ਮੈਨੂੰ ਲੱਗਦਾ ਸੀ ਜਿਵੇਂ ਸੰਤਾਂ ਨੂੰ ਪਤਾ ਸੀ ਕਿ ਸ਼ਹੀਦੀਆਂ ਵੇਲ਼ੇ ਸ੍ਰ. ਰਛਪਾਲ ਸਿੰਘ ਹੋਰੀਂ ਸ਼ਹੀਦ ਹੋ ਜਾਣਗੇ ਤੇ ਮੈਂ ਓਦੋਂ ਜਿਉਂਦੀ ਰਹਾਂਗੀ...। ਉਹ ਬ੍ਰਹਮ ਗਿਆਨੀ ਸੀਗੇ।

ਸਵਾਲ : ਬੇਟੇ ਦਾ ਜਨਮ ਕਦੋਂ ਹੋਇਆ ?

ਜਵਾਬ : ਬੇਟੇ ਦਾ ਜਨਮ 19 ਮਈ 1984 ਨੂੰ ਸਵੇਰੇ ਤੜਕੇ ਢਾਈ ਵਜੇ ਅੰਮ੍ਰਿਤ ਵੇਲ਼ੇ ਹੋਇਆ। ਉਹ ਬਿਲਕੁਲ ਨ੍ਹੀਂ ਰੋਇਆ... ਕੋਈ ਦੈਵੀ ਰੂਹ ਜਾਪਦੀ ਸੀ। ਭਾਈ ਅਮਰੀਕ ਸਿੰਘ ਨੇ ਉਹਦਾ ਨਾਂ ਮਨਪ੍ਰੀਤ ਸਿੰਘ ਤਜਵੀਜ਼ ਕੀਤਾ ਤੇ ਸੰਤਾਂ ਨੇ ਜੈਕਾਰਾ ਛੱਡ'ਤਾ... ਇਸ ਤਰ੍ਹਾਂ ਉਹਦਾ ਨਾਂ ਮਨਪ੍ਰੀਤ ਸਿੰਘ ਰੱਖਿਆ ਗਿਆ।

ਸਵਾਲ : ਫਿਰ ਫ਼ੌਜ ਦਾ ਹਮਲਾ ਕਿਵੇਂ ਸ਼ੁਰੂ ਹੋਇਆ ?

ਜਵਾਬ : ਸੀ.ਆਰ.ਪੀ. ਨੇ ਪਹਿਲਾਂ ਇੱਕ ਜੂਨ ਵਾਲ਼ੇ ਦਿਨ ਗੋਲ਼ੀ ਚਲਾਈ। ਮੇਰੇ ਮਾਤਾ ਪਿਤਾ ਬੱਚੇ ਨੂੰ ਵੇਖਣ ਆਏ ਹੋਏ ਸੀ। ਸਰਦਾਰ ਜੀ ਹੋਰਾਂ ਦੇ ਭਰਾ ਭਰਜਾਈ ਵੀ ਆਏ ਸੀ।

ਉਹਨਾਂ ਨੂੰ ਵਾਪਸ ਭੇਜ ਦਿੱਤਾ...। ਗੋਲ਼ੀ ਰੁਕ ਰੁਕ ਕੇ ਰਾਤ ਨੌਂ ਸਾਢੇ ਨੌਂ ਵਜੇ ਤਕ ਚੱਲਦੀ ਰਹੀ, ਪਰ ਉਹ ਗੋਲ਼ੀ ਤਾਂ ਉਹਨਾਂ ਨੇ ਸਿਰਫ਼ ਇਸ ਲਈ ਚਲਾਈ ਸੀ ਪਈ ਸਿੰਘ ਜਵਾਬ 'ਚ ਗੋਲ਼ੀ ਚਲਾਉਣ ਤੇ ਸਾਨੂੰ (ਫ਼ੌਜ ਨੂੰ) ਸਿੰਘਾਂ ਦੇ ਮੋਰਚਿਆਂ ਦਾ ਵੀ ਪਤਾ ਲੱਗ ਜੇ ਪਈ ਕਿੱਥੇ ਕਿੱਥੇ ਨੇ ਤੇ ਹਥਿਆਰਾਂ ਦਾ ਵੀ ਪਤਾ ਲੱਗ ਜੇ। ਪਰ ਅੰਦਰੋਂ ਸੰਤਾਂ ਤੇ ਜਨਰਲ ਸੁਬੇਗ ਸਿੰਘ ਹੋਰਾਂ ਨੇ ਵੀ ਸਿੰਘਾਂ ਨੂੰ ਬੇਲੋੜੀ ਗੋਲ਼ੀ ਨਾ ਚਲਾਉਣ ਲਈ ਕਿਹਾ ਹੋਇਆ ਸੀ, ਉਹ ਕਹਿੰਦੇ ਸੀ, "ਗੋਲ਼ੀ ਓਦੋਂ ਹੀ ਚਲਾਉਣੀ ਆ ਜਦੋਂ ਦੁਸ਼ਮਣ ਸਾਮ੍ਹਣੇ ਰੇਂਜ ਵਿੱਚ ਹੋਵੇ।" ਜਨਰਲ ਸੁਬੇਗ ਸਿੰਘ ਮੇਰੇ ਨਾਲ਼ ਬੜਾ ਨੇਹ ਕਰਦੇ ਸੀ ਤੇ ਮੈਨੂੰ ਉਹਨਾਂ ਨੇ ਆਪਣੀ ਧੀ ਬਣਾਇਆ ਹੋਇਆ ਸੀ।

ਸਵਾਲ : ਫਿਰ ਵੱਡੀ ਪੱਧਰ ਤੇ ਹਮਲਾ ਕਦੋਂ ਹੋਇਆ ?

ਜਵਾਬ : ਮੈਂ ਤਿੰਨ ਜੂਨ ਦੀ ਰਾਤ ਨੂੰ ਸੌਣ ਦੀ ਤਿਆਰੀ ਕਰ ਰਹੀ ਸੀ ਜਦੋਂ ਸਰਦਾਰ ਹੋਰਾਂ ਦੇ ਨਾਲ਼ ਭਾਈ ਸੁਜਾਨ ਸਿੰਘ ਮਨਾਵਾਂ ਆਏ ਤੇ ਕਹਿੰਦੇ- "ਲਓ ਜਥੇਦਾਰ ਜੀ... ਟੈਲੀਫ਼ੋਨ ਵੀ ਕੱਟ'ਤੇ ਜੇ...।" ਮੈਂ ਪੁੱਛਿਆ- "ਕੀ ਹੋਇਐ ?" ਮੈਨੂੰ ਕਹਿੰਦੇ, "ਕੁਝ ਨ੍ਹੀਂ ਹੋਇਆ, ਤੂੰ ਬੱਚੇ ਨੂੰ ਲੈ ਕੇ ਸੌਂ, ਅਰਾਮ ਕਰ... ਫ਼ੋਨ ਨ੍ਹੀਂ ਚੱਲ ਰਿਹਾ।" ਪਰ ਮੈਨੂੰ ਪਤਾ ਸੀ ਬਿਜਲੀ-ਪਾਣੀ ਤਾਂ ਪਹਿਲਾਂ ਹੀ ਕੱਟ ਦਿੱਤੇ ਗਏ ਸੀ, ਅਸੀਂ ਪਰਕਰਮਾ ਦੇ ਕਮਰਿਆਂ ਅਗਲੇ ਬਰਾਂਡੇ 'ਚ ਸੁੱਤੇ। ਸਵੇਰੇ 3.00 ਵਜੇ ਉੱਠੇ, ਇਸ਼ਨਾਨ ਕੀਤਾ ਹੀ ਸੀ ਕਿ ਇਕਦਮ ਤੋਪਾਂ ਦੇ ਗੋਲ਼ੇ ਵਰ੍ਹਨ ਲੱਗ ਪਏ। ਸਭ ਤੋਂ ਪਹਿਲਾਂ ਚਾਰ ਗੋਲ਼ੇ ਚਾਰ ਮੋਰਚਿਆਂ ਤੇ ਆ ਕੇ ਡਿੱਗੇ। ਇੱਕ ਗੋਲ਼ਾ ਸੰਤਾਂ ਦੀ ਰਿਹਾਇਸ਼ ਵਾਲ਼ੀ ਥਾਂ ਤੇ ਮਾਰਿਆ ਗਿਆ ਸੀ, ਦੋ ਹੋਰ ਮੋਰਚਿਆਂ ਤੇ, ਇੱਕ ਪਰਕਰਮਾ 'ਚ...। ਮੈਂ ਇਹਨਾਂ ਨੂੰ ਆਖਿਆ, "ਤੁਹਾਨੂੰ ਪਤਾ ਸੀ ਹਮਲਾ ਹੋਣ ਵਾਲ਼ਾ ਮੈਨੂੰ ਪਹਿਲਾਂ ਤਾਂ ਦੱਸ ਦਿੰਦੇ... ਮਾਨਸਿਕ ਰੂਪ 'ਚ ਤਿਆਰੀ ਪਹਿਲ਼ਾਂ ਹੀ ਹੋ ਜਾਂਦੀ।" ਇਹ ਕਹਿੰਦੇ, "ਕੁਝ ਨ੍ਹੀਂ ਹੋਇਆ... ਤੂੰ ਨਿਆਣੇ ਨੂੰ ਚੁੱਕ ਕੇ ਅੰਦਰ ਆ ਜਾ...।" ਮੈਂ ਬੱਚੇ ਨੂੰ ਚੁੱਕਿਆ ਤੇ ਅੰਦਰ ਆ ਗਈ... ਫੇਰ ਤਾਂ ਇਕਦਮ ਹੀ ਗੋਲ਼ੀਆਂ ਦਾ ਮੀਂਹ ਵਰ੍ਹਨ ਲੱਗ ਪਿਆ। ਸਰਦਾਰ ਜੀ ਹੋਰਾਂ ਕੋਲ਼ ਚਾਰ ਮੋਰਚਿਆਂ 'ਚ ਜ਼ਰੂਰੀ ਸਮਾਨ ਸਪਲਾਈ ਕਰਨ ਦਾ ਚਾਰਜ ਸੀ, ਇਸ ਲਈ ਅਸੀਂ ਹੇਠਲੇ ਕਮਰੇ 'ਚ ਆ ਗਏ...।

ਭਾਈ ਸੁਜਾਨ ਸਿੰਘ ਮਨਾਵਾਂ

ਸਵਾਲ : ਅੰਦਰ ਮੋਰਚਿਆਂ 'ਚ ਸਿੰਘਾਂ ਲਈ ਲੁੜੀਂਦੇ ਸਮਾਨ ਦਾ ਪ੍ਰਬੰਧ ਹੈ ਸੀ ?

ਜਵਾਬ : ਹਥਿਆਰ ਤੇ ਗੋਲ਼ੀ ਸਿੱਕਾ ਤਾਂ ਹੈਗਾ ਸੀ... ਖਾਣ ਲਈ ਭੁੱਜੇ ਛੋਲੇ ਤੇ ਗੁੜ ਹਰ ਕਮਰੇ 'ਚ ਰੱਖਿਆ ਪਿਆ ਸੀ... ਸਾਡੇ ਕਮਰੇ 'ਚ ਅੱਧਾ ਤੋੜਾ ਭੁੱਜੇ ਛੋਲੇ ਤੇ ਗੁੜ ਪਿਆ ਸੀ, ਪਰ ਪਾਣੀ ਦੀ ਸਪਲਾਈ ਕੱਟ ਦਿੱਤੀ ਹੋਣ ਕਰ ਕੇ ਪਾਣੀ ਦੀ ਮੁਸ਼ਕਲ ਸਭ ਤੋਂ ਵੱਧ ਸੀ, ਓਦਾਂ ਬਿਜਲੀ ਕੱਟੀ ਹੋਣ ਕਰ ਕੇ ਗ਼ਰਮੀ ਦੀ ਸਿੰਘਾਂ ਨੇ ਕੋਈ ਪਰਵਾਹ ਨ੍ਹੀਂ

ਕੀਤੀ...।

ਸਵਾਲ : ਤੁਸੀਂ ਫ਼ੌਜ ਦਾ ਮੁਕਾਬਲਾ ਕਿਵੇਂ ਕਰਦੇ ਰਹੇ ?

ਜਵਾਬ : ਪਹਿਲਾਂ ਤਾਂ ਉੱਪਰਲੇ ਮੋਰਚਿਆਂ ਦੀ ਲੜਾਈ ਸੀ, ਜਦੋਂ ਤਕ ਫ਼ੌਜ ਅੰਦਰ ਨ੍ਹੀਂ ਆਈ... ਸਰਦਾਰ ਹੋਰੀਂ ਬਾਕੀ ਮੋਰਚਿਆਂ 'ਚ ਅਸਲਾ ਪੁਚਾਉਂਦੇ ਰਹੇ... ਸਿੰਘਾਂ ਦੇ ਇਲਾਜ ਲਈ ਸਿੱਖ ਡਾਕਟਰਾਂ ਦੀ ਇੱਕ ਟੀਮ ਵੀ ਆਈ ਹੋਈ ਸੀ, ਜਿਨ੍ਹਾਂ ਨੂੰ ਇੱਕ ਕਮਰਾ ਦਿੱਤਾ ਗਿਆ ਸੀ, ਪਰ ਫ਼ੌਜ ਨੇ ਤਾਂ ਐਂ ਬੰਬਾਰਮੈਂਟ ਕੀਤੀ, ਪਈ ਲੱਗਦਾ ਸੀ ਜਿਵੇਂ ਅਸਮਾਨ ਤਾਰਿਆਂ ਸਮੇਤ ਫਟ ਗਿਆ ਹੋਵੇ, ਅੱਗ ਵਰ੍ਹਦੀ ਹੋਵੇ ਮੀਂਹ ਵਾਂਗ, ਪਰ ਐਸੇ ਹਾਲਾਤ 'ਚ ਸਿੰਘ ਪੂਰੀ ਚੜ੍ਹਦੀ ਕਲਾ 'ਚ ਸੀ ਤੇ ਜੈਕਾਰੇ ਤੇ ਜੈਕਾਰਾ ਛੱਡ ਰਹੇ ਸੀ...। ਚਾਰ ਜੂਨ ਸਾਰਾ ਦਿਨ ਤੇ ਸਾਰੀ ਰਾਤ ਇਸੇ ਹੀ ਤਰ੍ਹਾਂ ਗੋਲ਼ੀ ਚੱਲਦੀ ਰਹੀ...।

ਸਵਾਲ : ਪੰਜ ਜੂਨ ਨੂੰ ਵੀ ਗੋਲ਼ੀ ਇਸੇ ਤਰ੍ਹਾਂ ਚੱਲਦੀ ਰਹੀ...?

ਜਵਾਬ : ਗੋਲ਼ੀ ਚੱਲਣੀ ਤਾਂ ਇੱਕ ਸਕਿੰਟ ਲਈ ਵੀ ਨਹੀਂ ਰੁਕੀ... ਹਾਂ 5 ਜੂਨ ਨੂੰ ਸਵੇਰੇ 9.00 ਕੁ ਵਜੇ ਸਰਦਾਰ ਜੀ (ਸ੍ਰ. ਰਛਪਾਲ ਸਿੰਘ ਪੀ.ਏ.) ਵਰ੍ਹਦੀ ਗੋਲ਼ੀ 'ਚ ਥਮ੍ਹਲਿਆਂ ਦੇ ਓਹਲੇ ਹੋ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਾ ਕੇ ਸੰਤਾਂ ਨੂੰ ਮਿਲ਼ੇ... ਸੰਤਾਂ ਨੂੰ ਅਗਲਾ ਪ੍ਰੋਗਰਾਮ ਪੁੱਛਿਆ... ਸੰਤਾਂ ਦੇ ਚਿਹਰੇ ਤੇ ਸ਼ਾਂਤੀ ਸੀ... ਓਦੋਂ ਸੰਤ, ਭਾਈ ਅਮਰੀਕ ਸਿੰਘ ਹੋਰੀਂ ਜਦੋਂ ਰਿਹਾਇਸ਼ ਦੇ ਪਿਛਲੇ ਪਾਸੇ ਬਾਥਰੂਮ ਵੱਲ ਇਸ਼ਨਾਨ ਪਾਣੀ ਕਰਨ ਲਈ ਗਏ ਤੇ ਇਹ ਵੀ ਨਾਲ਼ ਹੀ ਸਨ। ਸੰਤਾਂ ਨੇ ਇਹਨਾਂ ਨੂੰ ਆਖਿਆ, "ਭਾਈ ਰਛਪਾਲ ਸਿੰਘ ਜੀ, ਅਸੀਂ ਆਖ਼ਰੀ ਦਮ ਤਕ ਗੁਰੂ ਘਰ ਤੇ ਪਹਿਰਾ ਦੇਣ ਦੀ ਜ਼ਿੰਮੇਵਾਰੀ ਨਿਭਾਉਣੀ ਆਂ... ਚੜ੍ਹਦੀ ਕਲਾ 'ਚ ਰਹੋ।" ਸਰਦਾਰ ਹੋਰਾਂ ਨੇ ਆ ਕੇ ਚਾਰਾਂ ਹੀ ਮੋਰਚਿਆਂ 'ਚ ਸਿੰਘਾਂ ਨੂੰ ਸੰਤਾਂ ਦਾ ਸੁਨੇਹਾ ਪਹੁੰਚਾ ਦਿੱਤਾ... ਸਿੰਘਾਂ ਨੇ ਜੈਕਾਰੇ ਛੱਡੇ...।

ਸਵਾਲ : ਫ਼ੌਜ ਨੂੰ ਕਿੰਨਾ ਚਿਰ ਸਿੰਘਾਂ ਨੇ ਹਰਿਮੰਦਰ ਸਾਹਿਬ ਪਰਕਰਮਾ 'ਚ ਨਹੀਂ ਵੜਨ ਦਿੱਤਾ ?

ਜਵਾਬ : ਫ਼ੌਜ ਦਾ ਹਮਲਾ 4 ਜੂਨ ਸਵੇਰੇ ਅੰਮ੍ਰਿਤ ਵੇਲ਼ੇ ਸ਼ੁਰੂ ਹੋਇਆ ਸੀ। ਚਾਰ ਜੂਨ ਦਾ ਸਾਰਾ ਦਿਨ ਤੇ ਸਾਰੀ ਰਾਤ, ਅਗਲੇ ਦਿਨ ਪੰਜ ਜੂਨ ਦਾ ਸਾਰਾ ਦਿਨ ਫ਼ੌਜ ਨੂੰ ਅੰਦਰ ਨ੍ਹੀਂ ਆਉਣ ਦਿੱਤਾ। ਫਿਰ 5 ਜੂਨ ਦੀ ਰਾਤ ਨੂੰ ਫ਼ੌਜ ਨੇ ਤੋਪਾਂ ਦੇ 150 ਗੋਲ਼ੇ ਮਾਰ ਕੇ ਪਾਣੀ ਦੀ ਟੈਂਕੀ ਤੇ ਬਣਿਆ ਬੱਬਰਾਂ ਦਾ ਮੋਰਚਾ ਤੋੜਿਆ... ਫਿਰ ਅਕਾਲ ਰੈਸਟ ਹਾਊਸ ਦਾ, ਅਕਾਲ ਫ਼ੈਡਰੇਸ਼ਨ ਤੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਦਾ ਮੋਰਚਾ ਤੋੜਿਆ ਗਿਆ ਤੇ

ਫਿਰ 5 ਜੂਨ ਦੀ ਰਾਤ ਨੂੰ ਫ਼ੌਜ ਪਰਕਰਮਾ 'ਚ ਵੜ ਆਈ, ਪਰ ਸਿੰਘਾਂ ਨੇ ਅੰਦਰ ਵੜਦੀ ਫ਼ੌਜ ਤੇ ਬੜੀ ਕਹਿਰ ਦੀ ਗੋਲ਼ੀ ਚਲਾਈ ਤੇ ਫ਼ੌਜੀਆਂ ਦੀਆਂ ਲਾਸ਼ਾਂ ਵਿਛਾ ਦਿੱਤੀਆਂ। ਸਰਦਾਰ ਹੋਰਾਂ ਵੀ ਕਮਰੇ ਦੀ ਜਾਲ਼ੀ ਪਾੜ ਕੇ ਐਲ.ਐਮ.ਜੀ. ਬੀੜ ਲਈ ਤੇ ਮੈਂ ਉਹਨਾਂ ਦੇ ਨਾਲ਼ ਮੋਰਚੇ ਤੇ ਬਹਿ ਗਈ। ਬੱਚੇ ਨੂੰ ਥਮਲੇ ਦੇ ਨਾਲ਼ ਲਿਟਾ ਦਿੱਤਾ।



ਪਾਵਨ ਪ੍ਰਕਰਮਾ ਅੰਦਰ ਭਾਰਤੀ ਫ਼ੌਜ ਦੇ ਟੈਂਕ

ਫਿਰ ਰਾਤ ਟੈਂਕ ਪਰਕਰਮਾ ਦੇ ਅੰਦਰ ਦਾਖ਼ਲ ਹੋਏ। 12 ਵਜੇ ਰਾਤ ਟੈਂਕ ਸਾਡੇ ਕਮਰੇ ਦੇ ਅੱਗੋਂ ਲੰਘ ਕੇ ਅਕਾਲ ਤਖ਼ਤ ਵੱਲ ਗਏ।

ਸਵਾਲ : ਟੈਂਕ ਅੰਦਰ ਦਾਖ਼ਲ ਹੋਣ ਸਮੇਂ ਸਿੰਘਾਂ ਦਾ ਪ੍ਰਤੀਕਰਮ ਕਿਸ ਤਰ੍ਹਾਂ ਦਾ ਸੀ ?

ਜਵਾਬ : ਟੈਂਕਾਂ ਦੇ ਮੁਕਾਬਲੇ ਲਈ ਸਿੰਘਾਂ ਕੋਲ਼ ਕੋਈ ਹਥਿਆਰ ਤਾਂ ਹੈ ਨਹੀਂ ਸੀ... ਪਰ ਸਿੰਘ ਫਿਰ ਵੀ ਚੜ੍ਹਦੀ ਕਲਾ 'ਚ ਰਹੇ। ਜਦੋਂ ਟੈਂਕ ਅਕਾਲ ਤਖ਼ਤ ਵੱਲ ਵਧੇ ਤਾਂ ਅਕਾਲ ਤਖ਼ਤ ਸਾਹਿਬ ਵੱਲੋਂ ਸਿੰਘਾਂ ਨੇ ਉੱਚੀ ਉੱਚੀ ਏਨੇ ਜੈਕਾਰੇ ਛੱਡੇ ਕਿ ਫ਼ੌਜੀ ਗੋਲ਼ਿਆਂ ਦੀਆਂ ਅਵਾਜ਼ਾਂ ਫਿੱਕੀਆਂ ਪੈ ਗਈਆਂ। ਜਦੋਂ ਟੈਂਕਾਂ ਦੇ ਗੋਲ਼ੇ ਵਰ੍ਹ ਰਹੇ ਸੀ ਤਾਂ ਸਿੰਘਾਂ ਦੀਆਂ ਅਵਾਜ਼ਾਂ ਆ ਰਹੀਆਂ ਸੀ... "ਓਇ ਪਹਿਲਾਂ ਮੈਨੂੰ ਅੱਗੇ ਜਾਣ ਦਿਓ... ਪਹਿਲਾਂ ਮੈਨੂੰ ਸ਼ਹੀਦ ਹੋਣ ਦਿਓ...।" ਅਸੀਂ ਵੀ ਸਮਝ ਗਏ ਸੀ ਕਿ ਸ਼ਹੀਦ ਹੋਣ ਦਾ ਸਮਾਂ ਆ ਪਹੁੰਚਿਆ ਐ...।

ਸਵਾਲ : ਫਿਰ ਇਹਨਾਂ ਆਖ਼ਰੀ ਮੰਨ ਲਏ ਗਏ ਪਲਾਂ ਦਾ ਅਹਿਸਾਸ...?

ਜਵਾਬ : ਸਰਦਾਰ ਹੋਰਾਂ ਮੈਨੂੰ ਕਿਹਾ:- "ਪਹਿਲਾਂ ਮਨਪ੍ਰੀਤ ਸਿੰਘ (17 ਦਿਨ ਦਾ ਬੱਚਾ) ਨੂੰ ਵੇਖ, ਕਿਸ ਹਾਲਤ 'ਚ ਐ...।" ਹਨੇਰਾ ਤਾਂ ਬਹੁਤ ਸੀ... ਟਾਰਚ ਦੀ ਰੌਸ਼ਨੀ 'ਚ ਵੇਖਿਆ, ਥਮ੍ਹਲੇ ਦੇ ਕੋਲ਼ ਲਿਟਾਇਆ ਇਹ ਬੱਚਾ ਜਾਗ ਰਿਹਾ ਸੀ ਤੇ ਹੱਥ 'ਚ ਗੁੜ ਦੀ ਨਿੱਕੀ ਜਿਹੀ ਢੇਲੀ, ਜਿਹੜੀ ਮੈਂ ਉਹਨੂੰ ਫੜਾਈ ਸੀ, ਉਹਦੇ ਨਾਲ਼ ਖੇਡ ਰਿਹਾ ਸੀ। ਅਸੀਂ ਬੜੇ ਹੈਰਾਨ ਹੋਏ, ਟੈਂਕਾਂ ਦੇ ਗੋਲ਼ਿਆਂ ਦਾ ਮੀਂਹ ਵਰ੍ਹ ਰਿਹਾ ਸੀ, ਤੇ ਧਮਕ ਨਾਲ਼ ਕੰਧਾਂ ਹਿੱਲ ਰਹੀਆਂ ਸੀ, ਧੂੰਆਂ ਹੀ ਧੂੰਆਂ ਹੋਇਆ ਪਿਆ ਸੀ, ਭਿਆਨਕ ਅਵਾਜ਼ਾਂ ਆ ਰਹੀਆਂ ਸੀ ਤੇ ਬੱਚਾ ਅਰਾਮ ਨਾਲ਼ ਖੇਡਣ ਲੱਗਾ ਪਿਆ ਸੀ, ਮੈਂ ਆਖਿਆ- "ਵਾਕਿਆ ਈ ਪਤਾ ਨ੍ਹੀਂ ਇਹ ਕਿਹੜੀ ਰੂਹ ਆ !" ਸਰਦਾਰ ਹੋਰੀਂ ਬੜੇ ਖ਼ੁਸ਼ ਹੋਏ ਤੇ ਉਹਨਾਂ ਨੇ ਬੱਚੇ ਨੂੰ ਚੁੱਕ ਕੇ ਉਹਨੂੰ ਚੁੰਮਿਆ; ਫਿਰ ਬੱਚਾ ਮੈਨੂੰ ਫੜਾ ਕੇ ਕਹਿੰਦੇ:- "ਹੁਣ ਆਖ਼ਰੀ ਵਾਰ ਇਹਨੂੰ ਦੁੱਧ ਪਿਆ ਦੇਹ... ਤੇ ਆਪਾਂ ਚੱਲੀਏ ਹੁਣ, ਆਪਣਾ ਸਮਾਂ ਆ ਗਿਐ।" ਮੈਂ ਬੱਚੇ ਨੂੰ ਦੁੱਧ ਪਿਆਉਣ ਲੱਗ ਪਈ ਤੇ ਸਰਦਾਰ ਹੋਰੀਂ ਕੀਰਤਨ ਸੋਹਿਲਾ ਦਾ ਪਾਠ ਕਰਨ ਲੱਗ ਪਏ, ਰਹਰਾਸਿ ਸਾਹਿਬ ਦਾ ਪਾਠ ਤਾਂ ਸ਼ਾਮ

ਵੇਲ਼ੇ ਮੋਰਚੇ 'ਚ ਲੜਦਿਆਂ ਲੜਦਿਆਂ ਹੀ ਕਰ ਲਿਆ ਸੀ...।"

ਸਵਾਲ : ਉਹਨਾਂ ਆਖ਼ਰੀ ਪਲਾਂ 'ਚ ਬੱਚੇ ਨੂੰ ਦੁੱਧ ਪਿਆਉਂਦਿਆਂ ਭਵਿੱਖ ਬਾਰੇ ਕੀ ਵਿਚਾਰ ਆਉਂਦੇ ਰਹੇ ?

ਜਵਾਬ : ਉਸ ਵੇਲ਼ੇ ਤਾਂ 'ਸੰਘਰਸ਼' ਤੇ 'ਸ਼ਹਾਦਤ' ਦੇ ਹੀ ਖ਼ਿਆਲ ਸੀ। ਕੀਰਤਨ ਸੋਹਿਲਾ ਦਾ ਪਾਠ ਕਰ ਕੇ ਸਰਦਾਰ ਹੋਰੀਂ ਮੈਨੂੰ ਕਹਿੰਦੇ:- "ਬੋਲਿਆ ਚਾਲਿਆ ਮਾਫ਼ ਕਰਿਓ...।" ਮੈਂ ਵੈਰਾਗ 'ਚ ਆ ਕੇ ਕਿਹਾ, "ਇਹ ਗੱਲ ਤਾਂ ਮੈਨੂੰ ਕਹਿਣੀ ਚਾਹੀਦੀ ਐ, ਤੁਸੀਂ ਪਹਿਲਾਂ ਹੀ ਕਹਿ ਦਿੱਤੀ...।" ਫਿਰ ਮੈਂ ਉਹਨਾਂ ਦੇ ਚਰਨਾਂ ਤੇ ਮੱਥਾ ਟੇਕ ਕੇ ਆਖਿਆ- "ਮੈਂ ਕੌਮ ਦੇ ਇੱਕ ਮਰਜੀਵੜੇ ਦੇ ਚਰਨਾਂ ਤੇ ਨਮਸਕਾਰ ਕਰ ਰਹੀ ਆਂ... ਆਪਾਂ ਇਕੱਠੇ ਹੀ ਜਾਵਾਂਗੇ। ਮੈਨੂੰ ਖ਼ੁਸ਼ੀ ਆ ਕਿ ਇਸ ਮੌਕੇ ਆਪਾਂ ਇਕੱਠੇ ਆਂ ਤੇ ਇਕੱਠੇ ਸੰਘਰਸ਼ ਦੇ ਲੇਖੇ ਲੱਗਾਂਗੇ।" ਸਰਦਾਰ ਹੋਰੀਂ ਧਿਆਨ ਨਾਲ਼ ਮੈਨੂੰ ਵੇਂਹਦੇ ਰਹੇ, ਫਿਰ ਪੁੱਛਦੇ- "ਕੋਈ ਡਰ ? ਕੋਈ ਪਛਤਾਵਾ ?" ਮੈਂ ਆਖਿਆ- "ਕੋਈ ਡਰ, ਕੋਈ ਪਛਤਾਵਾ ਨਹੀਂ... ਕੌਮ ਲਈ ਸ਼ਹੀਦ ਹੋਣ ਦੀ ਖ਼ੁਸ਼ੀ ਐ...।"

ਸਵਾਲ : ਮੌਤ ਨਾਲ਼ ਆਮ੍ਹਣਾ-ਸਾਮ੍ਹਣਾ ਹੋਣ ਦੇ ਯਾਦਗਾਰੀ ਪਲ...?

ਪਾਵਨ ਪਰਕਰਮਾ ਵਿੱਚ ਹਮਲਾਵਰ ਭਾਰਤੀ ਫ਼ੌਜ ਦੇ ਨਾਪਾਕ ਪੈਰ

ਜਵਾਬ : ਬੱਸ ਓਦੋਂ ਈ ਗੱਲਾਂ ਕਰਦਿਆਂ ਕਰਦਿਆਂ ਮੈਂ ਬੱਚੇ ਨੂੰ ਦੁੱਧ ਪਿਆ ਕੇ ਥਾਪੜ ਰਹੀ ਸੀ ਕਿ ਬਾਹਰੋਂ ਜਾਲ਼ੀ ਦੇ ਵਿੱਚੋਂ ਦੀ ਇੱਕ ਗੋਲ਼ੀ ਆਈ ਤੇ ਬੱਚੇ ਦੀ ਪਿੱਠ 'ਚ ਵੱਜ ਕੇ ਉਹਦੀ ਛਾਤੀ ਨੂੰ ਚੀਰ ਕੇ ਮੇਰੀ ਹਿੱਕ 'ਚ ਖੁਭ ਗਈ। ਮੈਂ ਪਿੱਛੇ ਨੂੰ ਡਿੱਗੀ ਤਾਂ ਮੈਨੂੰ ਸਰਦਾਰ ਹੋਰਾਂ ਨੇ ਇਕਦਮ ਸਹਾਰਾ ਦੇ ਕੇ ਓਥੇ ਹੇਠਾਂ ਲਿਟਾ ਦਿੱਤਾ। ਮੇਰਾ ਬੱਚਾ ਸ਼ਹੀਦ ਹੋ ਗਿਆ ਸੀ ਤੇ ਮੈਂ ਜ਼ਖ਼ਮੀ ਸੀ। ਸਾਨੂੰ ਲਿਟਾ ਕੇ ਸਰਦਾਰ ਹੋਰਾਂ ਨੇ ਸਾਡੇ ਵੱਲ ਵੇਖਿਆ, ਜਿਵੇਂ ਸੋਚਦੇ ਹੋਣ ਕਿ ਇਹ ਮੇਰੇ ਤੋਂ ਪਹਿਲਾਂ ਸ਼ਹੀਦ ਹੋ ਚੱਲੇ ਆ... ਤੇ ਐਨ ਉਸੇ ਹੀ ਵੇਲ਼ੇ ਇੱਕ ਗੋਲ਼ੀ ਹੋਰ ਆਈ ਤੇ ਉਹਨਾਂ ਦੇ ਸਿਰ ਦੇ ਸੱਜੇ ਪਾਸਿਓਂ ਵੱਜ ਕੇ ਦੂਜੇ ਪਾਸਿਓਂ ਨਿਕਲ਼ ਗਈ। ਉਹ ਡਿੱਗੇ ਤੇ ਉਹਨਾਂ ਦਾ ਸਿਰ ਮੇਰੇ ਸਿਰ ਨਾਲ਼ ਟਕਰਾਇਆ। ਮੈਂ ਉੱਠਣ ਦੀ ਕੋਸ਼ਿਸ਼ ਕੀਤੀ। ਉਹਨਾਂ ਦਾ ਸਾਹ ਜ਼ੋਰ ਜ਼ੋਰ ਦੀ ਚੱਲ ਰਿਹਾ ਸੀ। ਮੈਂ ਓਥੇ ਸੇਵਾਦਾਰ ਕੁਲਵੰਤ ਸਿੰਘ ਨੂੰ ਆਖਿਆ:- "ਇਹਨਾਂ ਦਾ ਸਾਹ ਅਜੇ ਚੱਲ ਰਿਹੈ... ਤੂੰ ਕਿਤੋਂ ਪਾਣੀ ਲਿਆ ਕੇ ਇਹਨਾਂ ਦੇ ਮੂੰਹ 'ਚ ਪਾ ਦੇਹ...।" ਕੁਲਵੰਤ ਸਿੰਘ ਨੇ ਓਥੇ ਜੂਠੇ ਬਰਤਨਾਂ 'ਚੋਂ ਇੱਕ ਬਾਟਾ ਚੁੱਕ ਲਿਆ ਤੇ ਪਾਣੀ ਭਰ ਕੇ ਅਜੇ ਕੋਲ਼ ਆਇਆ ਹੀ ਸੀ ਕਿ ਸਰਦਾਰ ਹੋਰਾਂ ਨੇ ਆਖ਼ਰੀ ਸਾਹ ਲਿਆ... ਇਹ ਸ਼ਹੀਦ ਹੋ ਗਏ ਸੀ... ਮੇਰਾ ਪਤੀ ਤੇ ਮੇਰਾ 17 ਦਿਨਾਂ ਦਾ ਬੇਟਾ ਸ਼ਹੀਦ

ਹੋਏ ਮੇਰੇ ਕੋਲ ਪਏ ਸੀ ਤੇ ਮੈਂ ਜ਼ਖ਼ਮੀ...। ਮੈਂ ਸਰਦਾਰ ਹੋਰਾਂ ਦਾ ਰਿਵਾਲਵਰ ਲਾਹੁਣ ਦੀ ਕੋਸ਼ਿਸ਼ ਕੀਤੀ ਕਿ ਫ਼ੌਜ ਨਾਲ਼ ਮੁਕਾਬਲਾ ਕਰਾਂਗੀ ਤੇ ਫ਼ੌਜ ਮੈਨੂੰ ਗੋਲ਼ੀ ਮਾਰ ਦੇਊ, ਪਰ ਭਾਈ ਸੁਜਾਨ ਸਿੰਘ ਮਨਾਵਾਂ ਹੋਰਾਂ ਨੇ ਮੈਨੂੰ ਫੜ ਕੇ ਪਰ੍ਹਾਂ ਕਰ ਦਿੱਤਾ...।"

ਸਵਾਲ : ਫਿਰ ਫ਼ੌਜ ਦੀ ਹਿਰਾਸਤ 'ਚ ਕਦੋਂ ਆਏ ?

ਜਵਾਬ : 6 ਜੂਨ ਦਿਨ ਦਾ ਚੜ੍ਹਾਅ ਹੋਇਆ ਤਾਂ ਸੇਵਾਦਾਰ ਕੁਲਵੰਤ ਸਿੰਘ ਨੇ ਬੱਚੇ ਦੀ ਲਾਸ਼ ਚੁੱਕ ਕੇ ਛੋਲਿਆਂ ਦੀ ਬੋਰੀ ਤੇ ਰੱਖ ਦਿੱਤੀ, ਉਸ ਨੂੰ ਉੱਚੀ ਥਾਂ ਨਸੀਬ ਹੋਈ ਸੀ। ਫਿਰ ਸੇਵਾਦਾਰ ਕੁਲਵੰਤ ਸਿੰਘ ਕਹਿੰਦਾ- "ਲੱਗਦੈ ਬਾਹਰ ਹੁਣ ਫ਼ੌਜ ਹੈਨ੍ਹੀਂ... ਕੋਈ 'ਵਾਜ਼ ਨ੍ਹੀਂ ਆ ਰਹੀ... ਮੈਂ ਸਰੋਵਰ 'ਚੋਂ ਪਾਣੀ ਲੈ ਆਵਾਂ...।" ਪਰ ਫ਼ੌਜੀ ਥਮਲ੍ਹਿਆਂ ਓਹਲੇ ਲੁਕੇ ਹੋਏ ਸੀ... ਉਹ ਬਾਹਰ ਨਿਕਲ਼ਿਆ ਤਾਂ ਫ਼ੌਜ ਨੇ ਫੜ ਲਿਆ ਤੇ ਫਿਰ 'ਦਗੜ-ਦਗੜ' ਕਰਦੇ ਫ਼ੌਜੀ ਸਾਡੇ ਕਮਰੇ 'ਚ ਆਣ ਵੜੇ, ਸਾਨੂੰ ਫੜ ਲਿਆ।

ਗੁਰੂ ਘਰ ਦੀ ਤਬਾਹੀ

ਸਵਾਲ : ਗ੍ਰਿਫ਼ਤਾਰ ਹੋਣ ਪਿੱਛੋਂ ਤਬਾਹੀ ਦਾ ਮੰਜਰ ਕਿਵੇਂ ਵੇਖਿਆ ?

ਜਵਾਬ : ਸਾਰੀ ਪਰਕਰਮਾ 'ਚ ਲਾਸ਼ਾਂ ਪਈਆਂ ਸੀ... ਸਰੋਵਰ 'ਚ ਲਾਸ਼ਾਂ ਤੈਰ ਰਹੀਆਂ ਸੀ ਤੇ ਜਲ਼ ਲਾਲ ਹੋਇਆ ਪਿਆ ਸੀ, ਸ੍ਰੀ ਅਕਾਲ ਤਖ਼ਤ ਸਾਹਿਬ, ਦਰਸ਼ਨੀ ਡਿਓੜ੍ਹੀ, ਸਿੱਖ ਰੈਫਰੈਂਸ ਲਾਇਬ੍ਰੇਰੀ, ਸਾਰੀਆਂ ਇਮਾਰਤਾਂ 'ਚੋਂ ਅੱਗ ਦੀਆਂ ਲਾਟਾਂ ਨਿਕਲ਼ ਰਹੀਆਂ ਸੀ... ਬਹੁਤ ਹੀ ਭਿਆਨਕ ਮੰਜਰ ਸੀ, ਪਰ ਭਾਣਾ ਮਿੱਠਾ ਕਰ ਕੇ ਮੰਨਣ ਵਾਲ਼ੇ ਗੁਰੂ ਦੇ ਅਸਥਾਨ ਤੇ ਅਸੀਂ ਭਾਣਾ ਤਾਂ ਮੰਨਣਾ ਹੀ ਸੀ...। ਮੈਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਵੱਲ ਵੇਖਿਆ ਤਾਂ ਮੇਰਾ ਧਿਆਨ ਸੰਤਾਂ ਵੱਲ ਗਿਆ... ਮੈਂ ਮਨ 'ਚ ਆਖਿਆ- "ਸੰਤ ਜੀ, ਪੰਜ ਜੈਕਾਰੇ ਤਾਂ ਮੈਂ ਕਮਰੇ 'ਚ ਹੀ ਗਜਾ ਦਿੱਤੇ ਸੀ, ਹੁਣ ਜਿਊਂਦੀ ਫ਼ੌਜ ਦੀ ਹਿਰਾਸਤ ਵਿੱਚ ਆਂ... ਲਾਜ-ਪਤ ਆਪ ਹੀ ਬਚਾਇਓ...।"

ਸਵਾਲ : ਫ਼ੌਜੀਆਂ ਦਾ ਵਿਹਾਰ ਕਿਸ ਤਰ੍ਹਾਂ ਦਾ ਸੀ ?

ਜਵਾਬ : ਫ਼ੌਜੀ ਬਹੁਤ ਹੀ ਜ਼ਾਲਮਾਨਾ ਤਰੀਕੇ ਨਾਲ਼ ਪੇਸ਼ ਆ ਰਹੇ ਸੀ। ਮੈਂ ਸਰੋਵਰ ਦੇ ਕੰਢੇ ਨਿੱਕੇ ਨਿੱਕੇ ਬੱਚਿਆਂ ਦੀਆਂ ਲਾਸ਼ਾਂ ਵੇਖੀਆਂ, ਜਿਨ੍ਹਾਂ ਨੂੰ ਪਹਿਲਾਂ ਭੱਜਣ ਲਈ ਕਹਿ ਕੇ ਫਿਰ ਪਿੱਛੋਂ ਪਿੱਠ 'ਚ ਗੋਲ਼ੀਆਂ ਮਾਰੀਆਂ ਗਈਆਂ ਸੀ। ਨੌਜਵਾਨ ਲੜਕੀਆਂ ਦੀ ਫ਼ੌਜੀਆਂ ਨੇ ਬੇਪਤੀ ਕੀਤੀ ਸੀ, ਮੈਨੂੰ ਕਈ ਲੜਕੀਆਂ ਨੇ ਦੱਸਿਆ...। ਇੱਕ ਬੀਬੀ ਉੱਚੀ ਉੱਚੀ ਰੋਂਦੀ ਕਹਿ ਰਹੀ ਸੀ, "ਹਾਏ ਮੇਰੀਆਂ ਅੱਖਾਂ ਦੇ ਸਾਮ੍ਹਣੇ ਮੇਰਾ ਪਤੀ ਫ਼ੌਜ ਨੇ ਮਾਰ ਦਿੱਤਾ... ਮੇਰੀ ਲੜਕੀ ਮਾਰ ਦਿੱਤੀ।" ਇਹ ਬੀਬੀ ਕੜਾਹ ਪ੍ਰਸ਼ਾਦ ਦੀ ਡਿਊਟੀ ਵਾਲ਼ੇ ਸੇਵਾਦਾਰ ਭਾਈ ਪ੍ਰੀਤਮ ਸਿੰਘ ਦੀ ਪਤਨੀ ਸੀ। ਭਾਈ ਪ੍ਰੀਤਮ ਸਿੰਘ ਨੂੰ ਵੀ ਫ਼ੌਜ ਨੇ ਫੜ ਕੇ ਮਾਰ ਦਿੱਤਾ ਸੀ...।

ਸਵਾਲ : ਹੋਰ ਕਿੰਨੀਆਂ ਕੁ ਬੀਬੀਆਂ ਫ਼ੌਜ ਦੀ ਹਿਰਾਸਤ ਵਿੱਚ ਸਨ ?

ਜਵਾਬ : ਸ਼ਹੀਦ ਭਾਈ ਮੁਸੀਬਤ ਸਿੰਘ ਦੇ ਮਾਤਾ ਬੀਬੀ ਕਰਤਾਰ ਕੌਰ ਜੀ, ਪ੍ਰੋ. ਮਨਜੀਤ ਸਿੰਘ ਜੀ ਦੇ ਮਾਤਾ ਬੀਬੀ ਨਸੀਬ ਕੌਰ ਜੀ, ਭਾਈ ਸਤਨਾਮ ਸਿੰਘ ਬੱਬਰ ਦੀ ਸਿੰਘਣੀ ਬੀਬੀ ਸੁਰਿੰਦਰ ਕੌਰ, ਭਾਈ ਕੁਲਵੰਤ ਸਿੰਘ ਬੱਬਰ ਦੀ ਸਿੰਘਣੀ ਬੀਬੀ ਗੁਰਦੇਵ ਕੌਰ, ਬਿਸ਼ਨੰਦੀ ਤੋਂ ਬੀਬੀ ਪਰਮਜੀਤ ਕੌਰ, ਜੋ ਭੂਰੇ ਪਿੰਡ ਵਿਆਹੀ ਸੀ... ਤੇ ਬਾਅਦ 'ਚ ਭਾਈ ਤਰਸੇਮ ਸਿੰਘ ਕੁਹਾੜ ਨਾਲ਼ ਵਿਆਹੀ ਗਈ, ਇੱਕ ਜਰਮਨ ਦੀ ਬੀਬੀ ਸੀ, ਓਧਰ ਦੀ ਜੰਮਪਲ ਜੋ ਭਾਈ ਹਰਦਿਆਲ ਸਿੰਘ ਰਾਗੀ ਨਾਲ਼ ਵਿਆਹੀ ਗਈ ਸੀ, ਹੋਰ ਓਥੋਂ ਸੇਵਾਦਾਰਾਂ ਦੀਆਂ ਸਿੰਘਣੀਆਂ ਕਾਫ਼ੀ ਫੜੀਆਂ ਹੋਈਆਂ ਸੀ, ਸੰਗਰੂਰ ਤੋਂ ਇੱਕ ਜਥਾ ਗ੍ਰਿਫ਼ਤਾਰੀ ਦੇਣ ਆਇਆ ਸੀ, ਇੱਕ ਜਥਾ ਜੇਲ੍ਹ 'ਚੋਂ ਰਿਹਾਅ ਹੋ ਕੇ ਆਇਆ ਸੀ, ਇਹਨਾਂ ਜਥਿਆਂ ਦਾ ਬੜਾ ਨੁਕਸਾਨ ਹੋਇਆ, ਇੱਥੋਂ ਦੀਆਂ ਬੀਬੀਆਂ ਵੀ ਸਨ। ਇੱਕ ਬਾਦਲ ਪਿੰਡ ਦੀ ਬੀਬੀ ਕਮਲਜੀਤ ਕੌਰ ਸੀ, ਜਿਹੜੀ ਆਪਣੇ ਦੋਹਾਂ ਨਿੱਕੇ ਨਿੱਕੇ ਬੱਚਿਆਂ ਨੂੰ ਗੋਡਿਆਂ ਤੇ ਬਿਠਾ ਕੇ ਸੁਖਮਨੀ ਸਾਹਿਬ ਦਾ ਪਾਠ ਕਰਦੀ ਰਹਿੰਦੀ... ਉਹ ਬੱਚਿਆਂ ਨੂੰ ਕਹਿ ਕੇ ਮੈਨੂੰ ਪਾਣੀ ਪਿਆਉਣ ਦੀ ਕੋਸ਼ਿਸ਼ ਕਰਦੀ, ਪਰ ਫ਼ੌਜ ਵਾਲ਼ੇ ਕਹਿੰਦੇ, "ਇਸ ਕੋ ਪਾਨੀ ਨਹੀਂ ਦੇਨਾ...।" ਮੈਂ ਮੋਰਚੇ 'ਚੋਂ ਫੜੀ ਗਈ ਸੀ, ਜਿਸ ਕਰ ਕੇ ਫ਼ੌਜੀ ਮੇਰੇ ਬਾਰੇ ਬੜੀ ਸਖ਼ਤੀ ਨਾਲ਼ ਆਲ਼ੇ ਦੁਆਲ਼ੇ ਤੋਂ ਪੁੱਛ ਰਹੇ ਸੀ ਕਿ ਇਹ ਔਰਤ ਕੌਣ ਹੈ।

ਸਵਾਲ : ਕਿਸ ਕਿਸ ਤੋਂ ਤੁਹਾਡੇ ਬਾਰੇ ਪੁੱਛਿਆ ਗਿਆ ?

ਜਵਾਬ : ਦਰਬਾਰ ਸਾਹਿਬ ਅੰਦਰਲੇ ਰਿਹਾਇਸ਼ੀ ਕਮਰਿਆਂ 'ਚੋਂ ਪਹਿਲਾਂ ਇੱਕ ਨੌਜਵਾਨ ਸੇਵਾਦਾਰ ਨੂੰ ਫੜ ਕੇ ਮੇਰੇ ਸਾਮ੍ਹਣੇ ਲਿਆਏ, ਉਸ ਨੂੰ ਪੁੱਛਿਆ- "ਯੇ ਔਰਤ ਕੌਨ ਹੈ।" ਉਹ ਕਹਿੰਦਾ, "ਪਤਾ ਨਈਂ।" ਉਹਨੂੰ ਓਥੇ ਈ ਗੋਲ਼ੀ ਮਾਰ ਦਿੱਤੀ। ਫਿਰ ਇੱਕ ਬਜ਼ੁਰਗ ਨੂੰ ਲੈ ਕੇ ਆਏ, ਉਸ ਨੂੰ ਵੀ ਏਹੋ ਹੀ ਪੁੱਛਿਆ, ਉਸ ਨੂੰ ਵੀ ਪਤਾ ਨਈਂ ਸੀ, ਉਹਨੂੰ ਵੀ ਗੋਲ਼ੀ ਮਾਰ ਦਿੱਤੀ, ਫਿਰ ਇੱਕ ਨੌਜਵਾਨ ਨਾਲ਼ ਇਸੇ ਤਰ੍ਹਾਂ ਹੀ ਕੀਤਾ ਗਿਆ। ਵੈਸੇ ਤਾਂ ਉਹ ਫੜੇ ਗਏ ਹਰ ਇੱਕ ਸਿੱਖ ਨੂੰ ਮਾਰ ਹੀ ਰਹੇ ਸੀ, ਪਰ ਮਾਰਨ ਤੋਂ ਪਹਿਲਾਂ ਹਰ ਕਿਸੇ ਤੋਂ ਕੋਈ ਨਾ ਕੋਈ ਜਾਣਕਾਰੀ ਵੀ ਲੈਣਾ ਚਾਹੁੰਦੇ ਸੀ। ਸਾਨੂੰ ਤੇ ਭਾਈ ਸੁਜਾਨ ਸਿੰਘ ਮਨਾਵਾਂ ਤੇ ਹੋਰ ਸਿੰਘਾਂ ਨੂੰ ਵੀ ਗੋਲ਼ੀ ਮਾਰਨ ਲੱਗੇ ਸੀ, ਪਰ ਇੱਕ ਸਿੱਖ ਅਫ਼ਸਰ ਨੇ ਆ ਕੇ ਕਿਹਾ ਕਿ ਗੋਲ਼ੀ ਨ੍ਹੀਂ ਮਾਰਨੀ... ਅਰੈਸਟ ਕਰੋ...।

ਸਵਾਲ : ਫ਼ੌਜ ਦੀ ਹਿਰਾਸਤ ਵਿੱਚ ਝੱਲੀ ਗਈ ਮਾਨਸਿਕ ਪੀੜ 'ਚ ਬੇਵੱਸੀ ਦੀ ਚੀਸ ਕਿੰਨੀ ਕੁ ਸੀ...?

ਜਵਾਬ : ਫ਼ੌਜ ਦੀ ਹਿਰਾਸਤ 'ਚ ਆਪਣੇ ਸਾਮ੍ਹਣੇ ਆਪਣੇ ਜਾਨ ਤੋਂ ਪਿਆਰੇ ਧਰਮ ਅਸਥਾਨ ਦੀ ਬੇਅਦਬੀ ਹੋਈ ਵੇਖ ਰਹੇ ਸਾਂ, ਸਰੋਵਰ 'ਚ ਤੈਰਦੀਆਂ ਕਈ ਲਾਸ਼ਾਂ ਫੁੱਲ ਚੁੱਕੀਆਂ ਸੀ... ਮੇਰੇ ਗੋਲ਼ੀ ਵੱਜਣ ਨਾਲ਼ ਲਹੂ ਕਾਫ਼ੀ ਨਿਕਲ਼ਿਆ ਤੇ ਫਿਰ ਜੰਮ ਗਿਆ। ਥੋੜ੍ਹਾ ਅਰਾਮ ਕਰਨ ਲਈ ਲੇਟਣ ਵਾਸਤੇ ਮੈਂ ਫ਼ਰਸ਼ ਤੇ ਖਿੱਲਰਿਆ ਪਿਆ ਸਿੱਕਾ ਤੇ ਕੰਕਰਾਂ ਹੂੰਝ ਕੇ ਪਾਸੇ ਕਰਨ ਲੱਗੀ ਤਾਂ ਇੱਕ ਫ਼ੌਜੀ ਕਹਿੰਦਾ- "ਸਿੱਕਾ ਸਾਈਡ ਪੇ ਨਹੀਂ ਕਰਨਾ ਐਸੇ ਹੀ ਲੇਟੋ...।" ਮੈਂ ਲੇਟੀ ਤਾਂ ਸਿੱਕਾ ਸਰੀਰ 'ਚ ਚੁਭੇ... ਮੈਂ ਅੱਖਾਂ ਬੰਦ ਕਰ ਕੇ ਦਸਮੇਸ਼ ਪਿਤਾ ਨੂੰ ਧਿਆਇਆ ਤੇ ਆਖਿਆ:- "ਕਲਗੀਧਰ ਪਿਤਾ ! ਤੂੰ ਮਾਛੀਵਾੜੇ

'ਚ ਜਿਹੜੀਆਂ ਜਾਚਾਂ ਸਿਖਾਈਆਂ ਸੀ... ਵੇਖ ਲੈ ਖ਼ਾਲਸਾ ਉਹਨਾਂ 'ਚ ਪੂਰਾ ਉੱਤਰਦੈ ਕਿ ਨਹੀਂ ?"

ਸਵਾਲ : ਕੋਈ ਹੋਰ ਵਾਕਿਆ ਜੋ ਪਾਠਕਾਂ ਨਾਲ਼ ਸਾਂਝਾ ਕਰਨਾ ਚਾਹੋ...?

ਜਵਾਬ : ਹਰਿਮੰਦਰ ਸਾਹਿਬ ਦੇ ਆਲ਼ੇ ਦੁਆਲ਼ੇ ਉੱਚੀਆਂ ਬਿਲਡਿੰਗਾਂ 'ਚੋਂ ਹਿੰਦੂ ਬੜੇ ਚਾਅ ਨਾਲ਼ ਫ਼ੌਜੀਆਂ ਨੂੰ ਲੱਡੂ ਖਵਾ ਰਹੇ ਸੀ, ਪੂੜੀਆਂ ਛੋਲੇ ਵਰਤਾ ਰਹੇ ਸੀ..., ਸਾਡੇ ਕੋਲ਼ ਵੀ ਪੂੜੀਆਂ ਛੋਲੇ ਲੈ ਕੇ ਆਏ..., ਮੈਂ ਸਿਰ ਫੇਰ ਦਿੱਤਾ, ਪਰ ਮੂੰਹੋਂ ਕੁਝ ਨਾ ਬੋਲ ਸਕੀ। ਉਹ ਚਲੇ ਗਏ...। ਫਿਰ ਤਿੰਨ ਟਰੱਕ ਲਿਆਂਦੇ ਗਏ। ਲਾਸ਼ਾਂ ਚੁੱਕ ਚੁੱਕ ਕੇ ਬੜੇ ਬੁਰੇ ਤਰੀਕੇ ਨਾਲ਼ ਟਰੱਕਾਂ 'ਚ ਸੁੱਟੀਆਂ ਗਈਆਂ। ਤਿੰਨ ਅੰਬੈਸਡਰ ਗੱਡੀਆਂ ਲਿਆਏ, ਕੁਝ ਲਾਸ਼ਾਂ ਉਹਨਾਂ 'ਚ ਲੈ ਕੇ ਗਏ... ਸ਼ਾਇਦ ਸੰਤਾਂ ਦੀ ਅਤੇ ਭਾਈ ਅਮਰੀਕ ਸਿੰਘ ਜੀ ਦੀਆਂ ਦੇਹਾਂ ਇਸ ਤਰ੍ਹਾਂ ਵੱਖਰੀਆਂ ਲੈ ਕੇ ਗਏ...। ਜਨਰਲ ਸੁਬੇਗ ਸਿੰਘ ਜੀ ਦੀ ਲਾਸ਼ ਫੁੱਲ ਗਈ ਸੀ... ਉਹ ਓਪਨ ਗੱਡੀ 'ਚ ਲੈ ਕੇ ਗਏ। ਫਿਰ ਸਾਨੂੰ ਸਭ ਨੂੰ ਇੱਕ ਸਕੂਲ 'ਚ ਲੈ ਗਏ, ਜਿੱਥੇ ਆਰਮੀ ਨੇ ਆਰਜ਼ੀ ਕੈਂਪ ਬਣਾਇਆ ਸੀ। ਓਥੇ ਮੈਨੂੰ ਇੱਕ ਅਜਿਹੀ ਬੀਬੀ ਨਾਲ਼ ਬੰਦ ਕਰ ਦਿੱਤਾ, ਜਿਸ ਦਾ ਹਰਿਮੰਦਰ ਸਾਹਿਬ ਦੀ ਤਬਾਹੀ ਵੇਖ ਕੇ ਦਿਮਾਗੀ ਸੰਤੁਲਨ ਹੀ ਵਿਗੜ ਗਿਆ ਸੀ... ਫੇਰ ਮੈਨੂੰ ਉਹਦੇ ਨਾਲ਼ੋਂ ਵੱਖ ਕਰ ਕੇ ਬਾਕੀ ਬੀਬੀਆਂ ਦੇ ਨਾਲ਼ ਕਮਰੇ 'ਚ ਬੰਦ ਕਰ ਦਿੱਤਾ ਗਿਆ।



ਸਵਾਲ : ਤੁਹਾਡੇ ਤੋਂ ਪੁੱਛਗਿੱਛ ਵੀ ਹੁੰਦੀ ਰਹੀ ?

ਜਵਾਬ : ਪੂਰਾ ਇੱਕ ਮਹੀਨਾ ਪੁੱਛਗਿੱਛ ਹੁੰਦੀ ਰਹੀ। ਉਹਨਾਂ ਨੇ ਨਾਲ਼ ਦੇ ਕਮਰੇ 'ਚ ਕੋਈ ਇਹੋ ਜਿਹਾ ਬੰਦਾ ਬਿਠਾਇਆ ਹੋਇਆ ਸੀ, ਜਿਹੜਾ ਅੰਦਰ ਦੀਆਂ ਕਾਫ਼ੀ ਗੱਲਾਂ ਜਾਣਦਾ ਸੀ। ਮੈਨੂੰ ਕਹਿੰਦੇ ਰਹੇ ਕਿ "ਤੂੰ ਜਨਰਲ ਸੁਬੇਗ ਸਿੰਘ ਦੀ ਧੀ ਐਂ... ਤੂੰ ਮੋਰਚੇ 'ਚ ਲੜਦੀ ਰਹੀ।" ਮੇਰੇ ਕਮਰੇ 'ਚੋਂ ਸੋਢੀ ਨੂੰ ਸ਼ਹੀਦ ਕਰਨ ਵਾਲ਼ੀ ਬਲਜੀਤ ਕੌਰ ਦੀ ਰਿਕਾਰਡ ਕੀਤੀ ਟੇਪ ਮਿਲ਼ੀ ਸੀ, ਜਿਸ ਵਿੱਚ ਉਸ ਨੇ ਸਾਰੀ ਸਾਜ਼ਸ਼ ਦਾ ਖ਼ੁਲਾਸਾ ਕੀਤਾ ਸੀ। ਇਸ ਕਰ ਕੇ ਵੀ ਮੈਨੂੰ ਬੜਾ ਖ਼ਤਰਨਾਕ ਸਮਝਿਆ ਜਾ ਰਿਹਾ ਸੀ। ਮੈਂ ਉਹਨਾਂ ਨੂੰ ਕਹਿੰਦੀ ਕਿ ਮੇਰੀ ਤਾਂ ਆਪਣੇ ਪਤੀ ਨਾਲ਼ ਬਣਦੀ ਨ੍ਹੀਂ ਸੀ, ਸਾਡਾ ਤਾਂ ਤਲਾਕ ਹੋ ਜਾਣਾ ਸੀ, ਪਰ ਦੂਜੇ ਕਮਰੇ 'ਚੋਂ ਫਿਰ ਉਹਨਾਂ ਨੂੰ ਪਤਾ ਨ੍ਹੀਂ ਕੌਣ ਕਹਿ ਦਿੰਦਾ ਕਿ ਇਹਦੇ ਤੋਂ ਆਹ ਸਵਾਲ ਪੁੱਛੋ। ਇੱਕ ਵਾਰੀ ਤਾਂ ਮੈਂ ਕਹਿ ਹੀ ਦਿੱਤਾ ਪਈ "ਜਿਹੜਾ ਬੰਦਾ ਨਾਲ਼ ਦੇ ਕਮਰੇ 'ਚ ਬੈਠਾ ਐ... ਮੈਂ ਇਸ ਹਾਲਤ 'ਚ ਉਹਨੂੰ ਕੀ ਨੁਕਸਾਨ ਪੁਚਾ ਸਕਦੀ ਆਂ... ਉਹਨੂੰ ਐਥੇ ਸਾਮ੍ਹਣੇ ਹੀ ਲੈ ਆਓ।" ਅੱਗੋਂ ਅਫ਼ਸਰ

ਘਲੂਘਾਰਾ ਜੂਨ 1984

ਕਹਿੰਦਾ:- "ਐਸੇ ਥੋੜ੍ਹਾ ਹੋਤਾ ਹੈ ?" ਮੈਂ ਚਾਹੁੰਦੀ ਸੀ, ਜਿੰਨੇ ਵੀ ਸਿੰਘ ਜਿਊਂਦੇ ਫੜੇ ਗਏ ਨੇ, ਕਿਸੇ ਦਾ ਮੇਰੇ ਕਾਰਨ ਕੋਈ ਨੁਕਸਾਨ ਨਾ ਹੋ ਜਾਏ...।

ਸਵਾਲ : ਪੁੱਛਗਿੱਛ ਫ਼ੌਜ ਈ ਕਰਦੀ ਰਹੀ ਜਾਂ ਕੋਈ ਹੋਰ ਮਹਿਕਮਾ ਵੀ ?

ਜਵਾਬ : ਕਾਫ਼ੀ ਪੁੱਛਗਿੱਛ ਕਈ ਤਰ੍ਹਾਂ ਦੀਆਂ ਏਜੰਸੀਆਂ ਕਰਦੀਆਂ ਰਹੀਆਂ ਸੀ, ਤਰੀਕੇ ਵੀ ਉਹਨਾਂ ਵੱਖ-ਵੱਖ ਅਪਨਾਉਣੇ। ਇੱਕ ਵਾਰ ਇੱਕ ਪੁੱਛਗਿੱਛ ਕਰਨ ਵਾਲ਼ਾ ਅਫ਼ਸਰ ਬੜੇ ਗ਼ੁੱਸੇ 'ਚ ਕਹਿੰਦਾ- "ਭਿੰਡਰਾਂਵਾਲ਼ਾ ਵੀ ਕੋਈ ਬੰਦਾ ਸੀ...? ਅੰਦਰੋਂ ਨੰਗੀਆਂ ਜ਼ਨਾਨੀਆਂ ਫੜੀਆਂ ਗਈਐਂ।" ਏਨੀ ਗੱਲ ਸੁਣਦਿਆਂ ਈ ਮੈਨੂੰ ਏਨਾ ਰੋਹ ਚੜ੍ਹਿਆ ਕਿ ਮੇਰਾ ਆਪਣੀ ਜ਼ਬਾਨ ਤੇ ਕਾਬੂ ਨਾ ਰਿਹਾ... ਮੈਂ ਉਸੇ ਵੇਲ਼ੇ ਈ ਗ਼ੁੱਸੇ 'ਚ ਕਹਿ ਦਿੱਤਾ, "ਉਹਨਾਂ 'ਚ ਤੇਰੀ ਮਾਂ ਸੀ ਕਿ ਭੈਣ ਸੀ ਜਿਹੜੀਆਂ ਨੰਗੀਆਂ ਜ਼ਨਾਨੀਆਂ ਫੜੀਐਂ...?" ਮੇਰੇ ਮੂੰਹੋਂ ਏਨੀ ਕੁ ਗੱਲ ਨਿਕਲ਼ੀ ਹੀ ਸੀ ਕਿ ਪਿੱਛੇ ਖਲੋਤੇ ਇੱਕ ਫ਼ੌਜੀ ਨੇ ਆਪਣੀ ਰਫ਼ਲ ਦਾ ਬੱਟ ਪੂਰੇ ਜ਼ੋਰ ਨਾਲ਼ ਮੇਰੇ ਲੱਕ 'ਚ ਮਾਰਿਆ... ਮੇਰੇ ਗੋਲ਼ੀ ਵਾਲ਼ੇ ਜ਼ਖ਼ਮ ਦਾ ਲਹੂ ਵਗਣੋਂ ਪਹਿਲਾਂ ਬੰਦ ਹੋ ਗਿਆ ਸੀ, ਉਹ ਲਹੂ ਫੇਰ ਵਗਣ ਲੱਗ ਪਿਆ ਤੇ ਕੱਪੜੇ ਮੇਰੇ ਲਹੂ ਨਾਲ਼ ਭਿੱਜ ਗਏ, ਮੈਂ ਅੱਗੇ ਨੂੰ ਡਿੱਗ ਪਈ... ਮੈਨੂੰ ਕੁਰਸੀ ਤੇ ਬਿਠਾ ਕੇ ਪਾਣੀ ਪਿਆਇਆ... ਫੇਰ ਕਮਰੇ 'ਚ ਭੇਜ ਦਿੱਤਾ, ਪਰ ਇਸ ਮਹੀਨੇ 'ਚ ਇਲਾਜ ਦੇ ਤੌਰ ਤੇ ਮੈਨੂੰ ਦਰਦ ਦੀ ਗੋਲ਼ੀ ਤਕ ਨ੍ਹੀਂ ਦਿੱਤੀ ਗਈ।

ਸਵਾਲ : ਪੰਜਾਬ ਪੁਲਿਸ ਦੇ ਅਫ਼ਸਰਾਂ ਦਾ ਰਵੱਈਆ ਕਿਵੇਂ ਸੀ ?

ਜਵਾਬ : ਓਦੋਂ ਪੰਜਾਬ ਪੁਲਿਸ ਦੇ ਕਈ ਅਫ਼ਸਰ ਸੰਤਾਂ ਦੇ ਸ਼ਰਧਾਲੂ ਹੁੰਦੇ ਸੀ। ਪੁਲਿਸ ਅਫ਼ਸਰਾਂ ਦੀ ਕੋਈ ਪੇਸ਼ ਨ੍ਹੀਂ ਸੀ ਜਾਂਦੀ। ਇਸ ਮਹੀਨੇ ਭਰ ਦੀ ਪੁੱਛਗਿੱਛ 'ਚ ਕੱਪੜੇ ਤਾਂ ਗਲ਼ ਪਾਏ ਕੱਪੜਿਆਂ ਤੋਂ ਬਿਨਾਂ ਕੋਲ਼ ਕੋਈ ਹੈ ਨ੍ਹੀਂ ਸੀਗੇ, ਇਸ਼ਨਾਨ ਕਰ ਕੇ ਕੱਪੜੇ ਧੋ ਕੇ ਓਹੀ ਕੱਪੜੇ ਨਿਚੋੜ ਕੇ ਗਿੱਲੇ ਹੀ ਪਾ ਲੈਣੇ ਤੇ ਫਿਰ ਉਹ ਗ਼ਰਮੀ 'ਚ ਆਪੇ ਹੀ ਸੁੱਕ ਜਾਂਦੇ ਸੀ। ਇਸ ਸਮੇਂ ਦੇ ਵਿੱਚ ਮੈਨੂੰ ਪੰਜਾਬ ਪੁਲਿਸ ਦੇ ਡੀ.ਐਸ.ਪੀ. ਅਜੈਪਾਲ ਸਿੰਘ ਮਾਨ ਤੇ ਐਸ.ਪੀ. ਅਪਾਰ ਸਿੰਘ ਬਾਜਵਾ ਤੁਰੇ ਤੁਰੇ ਜਾਂਦੇ ਮਿਲ਼ੇ ਤੇ ਹੌਲ਼ੀ ਜਿਹੀ ਕਹਿੰਦੇ- "ਬੀਬੀ ਜੀ ਚਿੰਤਾ ਨਾ ਕਰਿਓ, ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਆਂ ਤੁਹਾਨੂੰ ਛੇਤੀ ਹੀ ਫ਼ੌਜ ਦੀ ਕਸਟਡੀ 'ਚੋਂ ਕਢਵਾ ਲਵਾਂਗੇ...।" ਭਾਵੇਂ ਉਹ ਬੜੇ ਬੇਵੱਸ ਜਾਪ ਰਹੇ ਸੀ, ਫਿਰ ਵੀ ਮੈਨੂੰ ਏਨੀ ਤਸੱਲੀ ਜਿਹੀ ਹੋ ਗਈ ਕਿ ਆਪਣੀ ਪੂਰੀ ਕੌਮ ਅਜੇ ਮਰੀ ਨ੍ਹੀਂ... ਜਿਊਂਦੀ ਐ।

ਸ. ਅਪਾਰ ਸਿੰਘ ਬਾਜਵਾ

ਸਵਾਲ : ਫਿਰ ਉਹਨਾਂ ਫ਼ੌਜ ਦੀ ਕਸਟਡੀ 'ਚੋਂ ਕੱਢਿਆ ?

ਜਵਾਬ : ਫਿਰ ਸਲੇਟਾਂ ਤੇ ਸਾਡੇ ਨਾਂ ਲਿਖ ਲਿਖ ਕੇ ਫੋਟੋਆਂ ਖਿੱਚੀਆਂ ਗਈਆਂ, ਮਹੀਨੇ ਕੁ ਬਾਅਦ ਮੈਨੂੰ ਲੁਧਿਆਣੇ ਜੇਲ੍ਹ 'ਚ ਭੇਜ ਦਿੱਤਾ ਗਿਆ, ਉਸ ਜੇਲ੍ਹ 'ਚ ਮੇਰੇ ਸਰੀਰ 'ਚੋਂ ਗੋਲ਼ੀ ਕੱਢੀ, ਤਾਂ ਵਾਹਿਗੁਰੂਪਾਲ ਸਿੰਘ ਜੀ ਦੀ ਅਗਵਾਈ 'ਚ ਸੀ ਡਾਕਟਰ ਟੀਮ। ਦੋ ਮਹੀਨੇ

ਲੁਧਿਆਣਾ ਜੇਲ੍ਹ 'ਚ ਰੱਖ ਕੇ ਫਿਰ ਨਾਭੇ ਜੇਲ੍ਹ 'ਚ ਭੇਜ ਦਿੱਤਾ, ਪਰਿਵਾਰ ਵਾਲ਼ੇ ਮੁਲਾਕਾਤਾਂ ਕਰਨ ਲੱਗ ਪਏ। ਨਾਭੇ ਜੇਲ੍ਹ ਦੀਆਂ ਚੱਕੀਆਂ 'ਚ ਬੰਦ ਸਿੰਘ ਲੰਮੀ ਹੇਕ 'ਚ ਪੂਰੇ ਵੈਰਾਗ ਨਾਲ਼ ਗਾਉਂਦੇ ਹੁੰਦੇ ਸੀ:-

ਲੇਖਕ ਨੂੰ ਘਲੂਘਾਰੇ ਦਾ ਅੱਖੀਂ ਡਿੱਠਾ ਤੇ ਹੱਡੀਂ ਹੰਢਾਇਆ ਹਾਲ ਦੱਸਦੇ ਹੋਏ ਬੀਬੀ ਪ੍ਰੀਤਮ ਕੌਰ ਜੀ

ਬਦਲਾ ਲੈ ਲਓ ਖ਼ਾਲਸਿਓ !
ਇੰਦਰਾ ਪਾਪਣ ਜ਼ੁਲਮ ਕਮਾਇਆ;
ਤੋਪਾਂ ਤੇ ਟੈਂਕਾਂ ਨਾਲ਼
ਸਾਡੇ ਹਰਿਮੰਦਰ ਨੂੰ ਢਾਹਿਆ...।

ਤੇ ਫਿਰ ਜਦੋਂ ਇੰਦਰਾ ਗਾਂਧੀ ਨੂੰ ਮਾਰੇ ਜਾਣ ਦੀ ਖ਼ਬਰ ਆਈ, ਤੇ ਸਿੰਘਾਂ ਨੇ ਬੜੇ ਜੈਕਾਰੇ ਛੱਡੇ, ਪਰ ਨਵੰਬਰ 1984 'ਚ ਸਾਡੀ ਕੌਮ ਦੇ ਸਿਰ ਇੱਕ ਹੋਰ ਭਾਜੀ ਚਾੜ੍ਹ ਦਿੱਤੀ ਗਈ...। ਫਿਰ ਸਾਨੂੰ ਜੋਧਪੁਰ ਜੇਲ੍ਹ 'ਚ ਭੇਜ ਦਿੱਤਾ ਗਿਆ, ਚਾਰ ਸਾਲਾਂ ਬਾਅਦ ਓਥੋਂ ਰਿਹਾਅ ਹੋ ਕੇ ਆਈ...।

ਸਵਾਲ : ਹੁਣ ਇਸ ਲੰਘੇ ਸਮੇਂ ਤੇ ਝਾਤ ਮਾਰ ਕੇ ਕਿਵੇਂ ਮਹਿਸੂਸ ਕਰਦੇ ਓ ?

ਜਵਾਬ : ਕੋਈ ਪਛਤਾਵਾ ਨਹੀਂ, ਕੋਈ ਰੰਜ ਨਹੀਂ। ਅਸੀਂ ਆਪਣੀ ਕੌਮ ਲਈ ਸੰਘਰਸ਼ ਕੀਤੈ ਤੇ ਕੌਮੀ ਸੰਘਰਸ਼ਾਂ 'ਚ ਮੁਸੀਬਤਾਂ ਝੱਲਣੀਆਂ ਹੀ ਪੈਂਦੀਐਂ, ਸ਼ਹੀਦੀਆਂ ਵੀ ਦੇਣੀਆਂ ਪੈਂਦੀਐਂ, ਇਹ ਖਿੜੇ ਮੱਥੇ ਹੀ ਝੱਲਣਾ ਚਾਹੀਦੈ, ਕੀਰਨੇ ਨ੍ਹੀਂ ਪਾਉਣੇ ਚਾਹੀਦੇ...। ਤੇ ਨਾਲ਼ ਹੀ ਸੰਤ ਮਹਾਂਪੁਰਸ਼ਾਂ ਦੇ ਬਚਨ ਚੇਤੇ ਰੱਖਣੇ ਚਾਹੀਦੇ ਨੇ ਕਿ "ਜਿਦੋਂ ਦਰਬਾਰ ਸਾਹਿਬ 'ਚ ਫ਼ੌਜ ਆਈ, ਖ਼ਾਲਿਸਤਾਨ ਦੀ ਨੀਂਹ ਰੱਖੀ ਜਾਊ।" ਗੁਰੂ ਸਾਹਿਬ ਨੇ ਵੀ ਖ਼ਾਲਸੇ ਨੂੰ ਬਾਦਸ਼ਾਹੀ ਦਾ ਵਰ ਦਿੱਤਾ ਹੋਇਐ... ਨੀਂਹ ਰੱਖੀ ਗਈ ਐ, ਇਹਨਾਂ ਘਲੂਘਾਰਿਆਂ ਨੂੰ ਸਦਾ ਚੇਤੇ ਰੱਖਣਾ ਤੇ ਨਾਲ਼ ਦੀ ਨਾਲ਼ ਨੀਂਹ ਦੇ ਉੱਤੇ ਉਸਾਰੀ ਕਰਨ ਦੀ ਜ਼ਿੰਮੇਵਾਰੀ ਸਾਡੀ ਐ, ਤੇ ਇਸ ਜ਼ਿੰਮੇਵਾਰੀ ਤੋਂ ਮੂੰਹ ਮੋੜਨ ਵਾਲ਼ਾ ਗੁਰੂ ਦਾ ਸਿੱਖ ਨਹੀਂ ਹੋ ਸਕਦਾ।

ਜੋਧਪੁਰ ਜੇਲ੍ਹ

****

"ਹੈਲੀਕਾਪਟਰ ਰਾਹੀਂ ਉਤਾਰੇ ਗਏ ਕਮਾਂਡੋ ਸਿੰਘਾਂ ਨੇ ਸਾਰੇ ਹੀ ਮਾਰ ਘੱਤੇ ਸੀ..."

ਬਾਬਾ ਅਜੀਤ ਸਿੰਘ ਲੋਹਗੜ੍ਹ ਨਾਲ਼ ਮੁਲਾਕਾਤ

ਜੂਨ 1984 ਵਿੱਚ ਭਾਰਤੀ ਸਟੇਟ ਵੱਲੋਂ ਹਿੰਦੂਵਾਦ ਦੀ ਪ੍ਰਤੀਨਿਧ ਬਣ ਕੇ ਸਿੱਖਾਂ ਦੇ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਉੱਤੇ ਕੀਤੇ ਗਏ ਫ਼ੌਜੀ ਹਮਲੇ ਦੇ ਤਿੰਨ ਦਿਨਾਂ ਦੇ ਸਮਾਂ ਕਾਲ ਦਾ ਹਰ ਇੱਕ ਪਲ ਕਈ ਕਈ ਇਤਿਹਾਸਕ ਘਟਨਾਵਾਂ ਦਾ ਗਵਾਹ ਸੀ। ਇਹਨਾਂ ਇਤਿਹਾਸਕ ਪਲਾਂ ਦੇ ਅਸੀਂ ਮੌਕੇ ਤੇ ਮੌਜੂਦ ਗਵਾਹਾਂ ਰਾਹੀਂ ਰੂ-ਬਰੂ ਹੁੰਦੇ ਹਾਂ। ਬਾਬਾ ਅਜੀਤ ਸਿੰਘ ਲੋਹਗੜ੍ਹ ਵਾਲ਼ੇ, ਮੁੱਖ ਸੇਵਾਦਾਰ ਗੁਰਦੁਆਰਾ ਬੁੰਗਾ ਸਾਹਿਬ ਦਿਆਲਪੁਰ, ਦੀ ਉਮਰ ਉਸ ਘਲੂਘਾਰੇ ਸਮੇਂ 14 ਕੁ ਸਾਲ ਦੀ ਸੀ ਅਤੇ ਉਹ ਓਦੋਂ ਕਈ ਸਿੰਘਾਂ ਦੇ ਨਾਲ਼ ਸ੍ਰੀ ਅਕਾਲ ਤਖ਼ਤ ਸਾਹਿਬ ਨੇੜਲੀ ਲਾਲ ਡਿਓੜ੍ਹੀ ਵਾਲ਼ੇ ਮੋਰਚੇ 'ਚ ਮੌਜੂਦ ਸਨ। ਹਮਲੇ ਦਾ ਹਾਲ ਜਾਣਨ ਲਈ ਪੇਸ਼ ਹਨ ਉਹਨਾਂ ਨਾਲ਼ ਕੀਤੀ ਗਈ ਵਿਸ਼ੇਸ਼ ਮੁਲਾਕਾਤ ਦੇ ਅੰਸ਼:

ਬਾਬਾ ਅਜੀਤ ਸਿੰਘ ਲੋਹਗੜ੍ਹ

ਸਵਾਲ : ਬਾਬਾ ਜੀ, ਪਹਿਲਾਂ ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ ?

ਜਵਾਬ : ਸਾਡੇ ਵਡੇਰੇ ਪਾਕਿਸਤਾਨ 'ਚੋਂ ਉੱਜੜ ਕੇ ਆਏ ਤਾਂ ਉਹਨਾਂ ਨੂੰ ਕੀਰਤਪੁਰ ਸਾਹਿਬ ਦੇ ਕੋਲ਼ ਜ਼ਮੀਨ ਅਲਾਟ ਹੋਈ। 1966 'ਚ ਉਹ ਇਲਾਕਾ ਹਿਮਾਚਲ 'ਚ ਚਲਾ ਗਿਆ। ਮੇਰੇ ਪਿਤਾ ਜੀ ਰਈਏ ਦੇ ਕੋਲ਼ ਪਿੰਡ ਲੋਹਗੜ੍ਹ ਦੇ ਗੁਰਦੁਆਰਾ ਸਾਹਿਬ 'ਚ ਸੇਵਾ ਨਿਭਾਉਂਦੇ ਹੁੰਦੇ ਸੀ। ਇਸੇ ਹੀ ਪਿੰਡ ਦੇ ਸਿੰਘ ਭਾਈ ਜਗਤਾਰ ਸਿੰਘ ਤੇ ਭਾਈ ਤਰਲੋਕ ਸਿੰਘ ਬੜੇ ਜੀਵਨ ਵਾਲ਼ੇ ਸਿੰਘ ਸੀ ਤੇ ਉਹਨਾਂ ਦੀ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਨਾਲ਼ ਬੜੀ ਨੇੜਤਾ ਸੀ। ਸਾਡੇ ਪਰਿਵਾਰ ਨਾਲ਼ ਵੀ ਉਹਨਾਂ ਦਾ ਵਾਹਵਾ ਸਨੇਹ ਸੀ। ਉਹ ਦੋਵੇਂ ਸਿੰਘ ਬਾਅਦ 'ਚ ਪੱਕੇ ਹੀ ਸੰਤਾਂ ਕੋਲ਼ ਰਹਿਣ ਲੱਗ ਪਏ। ਉਹ ਸਾਨੂੰ ਮਿਲ਼ਦੇ ਤਾਂ ਸੰਤਾਂ ਦੇ ਬਚਨ ਸੁਣਾਉਂਦੇ ਰਹਿੰਦੇ।

ਸਵਾਲ : ਤੁਹਾਡਾ ਸੰਤਾਂ ਦੇ ਜਥੇ 'ਚ ਜਾਣ ਦਾ ਕਿਵੇਂ ਸਬੱਬ ਬਣਿਆ ?

ਜਵਾਬ : ਭਾਈ ਜਗਤਾਰ ਸਿੰਘ ਤੇ ਭਾਈ ਤਰਲੋਕ ਸਿੰਘ ਜੀ, ਮੇਰੇ ਛੋਟੇ ਭਰਾ ਮਨਜੀਤ ਸਿੰਘ ਨੂੰ ਸਕੂਲ 'ਚੋਂ ਛੁੱਟੀਆਂ ਹੋਣ ਕਰ ਕੇ ਆਪਣੇ ਕੋਲ਼ ਸ੍ਰੀ ਅੰਮ੍ਰਿਤਸਰ ਸਾਹਿਬ ਲੈ ਗਏ ਸੀ। ਛੁੱਟੀਆਂ ਜਦੋਂ ਖ਼ਤਮ ਹੋਣ ਵਾਲ਼ੀਆਂ ਹੋਈਆਂ ਤਾਂ ਮੇਰੇ ਮਾਪਿਆਂ ਮੈਨੂੰ ਕਿਹਾ ਕਿ

ਛੁੱਟੀਆਂ ਮੁੱਕ ਚੱਲੀਐਂ... ਤੂੰ ਜਾ ਕੇ ਛੋਟੇ ਨੂੰ ਲੈ ਕੇ ਆ। ਮੈਂ ਬੱਸ ਤੇ ਸ੍ਰੀ ਅੰਮ੍ਰਿਤਸਰ ਗਿਆ। ਓਥੇ ਜਾ ਕੇ ਭਾਈ ਜਗਤਾਰ ਸਿੰਘ, ਭਾਈ ਤਰਲੋਕ ਸਿੰਘ ਹੋਰਾਂ ਨੂੰ ਮਿਲਿਆ, ਸੰਤਾਂ ਦੇ ਵੀ ਦਰਸ਼ਨ ਕੀਤੇ, ਬਚਨ ਬਿਲਾਸ ਸੁਣੇ, ਬੱਸ ਮਨ ਤੇ ਐਨਾ ਅਸਰ ਹੋਇਆ ਕਿ ਮੈਂ ਛੋਟੇ ਨੂੰ ਕਹਿ ਦਿੱਤਾ ਕਿ ਤੂੰ ਬੱਸ ਤੇ ਬਹਿ ਕੇ ਪਿੰਡ ਚਲਾ ਜਾਹ... ਮੈਂ ਏਥੇ ਈ ਰਹਿਣੈ...। ਤੇ ਇਸ ਤਰ੍ਹਾਂ ਮੈਂ ਓਥੇ ਹੀ ਰਹਿ ਪਿਆ। ਮੇਰੀ ਉਮਰ ਓਦੋਂ 14 ਕੁ ਸਾਲ ਦੀ ਸੀ।

ਸਵਾਲ : ਫਿਰ ਓਥੋਂ ਦੇ ਜੁਝਾਰੂ ਮਾਹੌਲ ਨੂੰ ਕਿਵੇਂ ਮਾਣਿਆ ?

ਜਵਾਬ : ਸੰਤ ਭਿੰਡਰਾਂਵਾਲੇ ਓਥੇ ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪੌੜੀਆਂ ਉੱਤਰਦੇ ਤਾਂ ਮੈਂ ਨਾਲ਼ ਨਾਲ਼ ਤੁਰ ਪੈਂਦਾ। ਉਹ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਦੇ... ਫਿਰ ਪਰਕਰਮਾ 'ਚ ਹੁੰਦੇ ਹੋਏ ਗੁਰੂ ਰਾਮਦਾਸ ਲੰਗਰ ਦੀ ਛੱਤ ਤੇ ਜਾ ਕੇ ਪ੍ਰਚਾਰ ਕਰਦੇ, ਮੈਂ ਓਥੇ ਅੱਗੇ ਬੈਠਾ ਉਹਨਾਂ ਦੇ ਬਚਨ ਸੁਣਦਾ ਰਹਿੰਦਾ...।

ਸਵਾਲ : ਕੋਈ ਅਜਿਹੇ ਬਚਨ ਦੱਸੋ, ਜਿਨ੍ਹਾਂ ਦਾ ਇਤਿਹਾਸ ਦੀ ਕਿਸੇ ਘਟਨਾ ਨਾਲ਼ ਡੂੰਘਾ ਸੰਬੰਧ ਸੀ...?

ਜਵਾਬ : ਹਾਂ, ਭਾਈ ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਬਾਅਦ ਜਦੋਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਭਾਨ ਸਿੰਘ ਤੇ ਅਬਿਨਾਸ਼ੀ ਸਿੰਘ, ਮਲਿਕ ਸਿਹੁੰ ਭਾਟੀਏ ਤੋਂ ਮਾਫ਼ੀ



ਭਾਈ ਸੁਰਿੰਦਰ ਸਿੰਘ ਸੋਢੀ

ਭਾਈ ਸੁਰਿੰਦਰ ਸਿੰਘ ਸੋਢੀ ਦੀ ਮ੍ਰਿਤਕ ਦੇਹ

ਮੰਗਵਾਉਣ ਲਈ ਸੰਤਾਂ ਕੋਲ਼ ਲੰਗਰ ਹਾਲ ਦੀ ਛੱਤ ਤੇ ਲੈ ਕੇ ਆਏ... ਓਦੋਂ ਮੈਂ ਓਥੇ ਸੰਤਾਂ ਦੇ ਕੋਲ਼ ਹੀ ਬੈਠਾ ਸੀ... ਓਦੋਂ ਸੰਤਾਂ ਨੇ ਜਿਹੜੇ ਬਚਨ ਕੀਤੇ... ਉਹ ਮੈਂ ਸਾਰੇ ਆਪਣੇ ਕੰਨੀਂ ਸੁਣੇ...।

ਸਵਾਲ : ਕੀ ਬਚਨ ਕੀਤੇ ਸੀ ਸੰਤਾਂ ਨੇ...?

ਜਵਾਬ : ਸੰਤ ਕਹਿੰਦੇ... "ਭਾਨ ਸਿੰਘ ਜੀ, ਸਾਡੇ ਕੋਲ਼ ਉਸ (ਭਾਈ ਸੋਢੀ ਨੂੰ ਗੋਲ਼ੀ ਮਾਰਨ ਵਾਲ਼ੀ) ਬੀਬੀ ਦੀ ਟੇਪ ਭਰੀ ਹੋਈ ਆ... ਜੀਹਦੇ 'ਚ ਓਹਨੇ ਦੱਸਿਆ ਪਈ ਮੈਨੂੰ ਭਿੰਡਰਾਂਵਾਲ਼ੇ, ਭਾਈ ਅਮਰੀਕ ਸਿੰਘ, ਠਾਹਰਾ ਸਿੰਘ ਤੇ ਸੋਢੀ ਨੂੰ ਮਾਰਨ ਦੀ ਡਿਊਟੀ ਲੱਗੀ ਸੀ, ਇੱਕ ਦਿਨ ਪਹਿਲਾਂ ਵੀ ਰਿਵਾਲਵਰ ਲੈ ਕੇ ਲੰਗਰ ਹਾਲ ਦੇ ਬਾਹਰ ਖਲੋਤੀ ਰਹੀ... ਇਸ ਬੰਦੇ ਦਾ ਨਾਂ ਵੀ ਵਿੱਚ ਆ... ਸਕੱਤਰ ਗੁਰਚਰਨ ਸਿੰਘ ਰਾਹੀਂ ਸਾਰੀ ਸਕੀਮ ਬਣੀ ਸੀ... ਮੇਰਾ ਸ਼ੇਰ ਵਰਗਾ ਸਿੰਘ ਮਾਰ'ਤਾ... ਅਕਾਲੀ ਲੀਡਰ ਮੈਨੂੰ ਦੱਸ ਦੇਣ ਪਈ ਮੇਰੇ ਹੋਰ ਕਿੰਨੇ ਸਿੰਘ ਲੈਣੇ ਨੇ...। ਇਸ ਬੰਦੇ ਨੂੰ ਮੈਂ ਤਾਂ ਮਾਫ਼ ਕਰ ਦਿੰਨੈ... ਪਰ ਬਾਹਰੋਂ ਜਿਹੜੇ ਮੋਰਚੇ 'ਚ ਗ੍ਰਿਫ਼ਤਾਰੀਆਂ ਦੇਣ ਲਈ ਸਿੰਘ ਆਏ ਆ... ਉਹਨਾਂ ਦੀ ਮੈਂ ਗਰੰਟੀ ਨ੍ਹੀਂ ਦਿੰਦਾ..."।



ਹਰਿਮੰਦਰ ਸਾਹਿਬ ਮੱਥਾ ਟੇਕ ਕੇ ਪਰਤਦੇ ਸੰਤ ਭਿੰਡਰਾਂਵਾਲੇ

ਸਵਾਲ : ਤੇ ਫਿਰ ਭਾਟੀਏ ਦਾ ਕਤਲ ਕਿਵੇਂ ਹੋਇਆ ?

ਜਵਾਬ : ਸੰਤਾਂ ਨੇ ਤਾਂ ਉਹਨੂੰ ਘੱਲ ਦਿੱਤਾ, ਪਰ ਜਦੋਂ ਉਹ ਪੌੜੀਆਂ ਉੱਤਰ ਕੇ ਜਾਣ ਲੱਗਾ ਤਾਂ ਮੋਰਚੇ ਲਈ ਆਏ ਕਈ ਸਿੰਘ ਪਹਿਲਾਂ ਤਾਂ ਰਾਹ ਰੋਕ ਕੇ ਖਲੋ ਗਏ, ਪਰ ਸੰਤਾਂ ਦੇ ਸਾਮ੍ਹਣੇ ਹੋਣ ਕਰ ਕੇ ਕਿਸੇ ਨੇ ਉਹਦੇ ਤੇ ਹਮਲਾ ਨਾ ਕੀਤਾ। ਉਹ ਡਰ ਕੇ ਗੁਰੂ ਰਾਮਦਾਸ ਸਰਾਂਅ ਵੱਲ ਨੂੰ ਭੱਜ ਉੱਠਿਆ। ਓਥੇ ਅੱਗੋਂ ਇੱਕ ਭਈਆ ਸਿੰਘ ਸੀ, ਉਹਨੇ ਰਿਵਾਲਵਰ ਕੱਢ ਕੇ ਤਿੰਨ ਗੋਲ਼ੀਆਂ ਉਹਦੇ ਮਾਰੀਆਂ ਤੇ ਉਹ ਡਿੱਗ ਪਿਆ। ਭਈਆ ਸਿੰਘ ਕਹਿੰਦਾ, "ਤੂਨੇ ਹਮਾਰੇ ਸਰਦਾਰ ਸੋਢੀ ਕੋ ਮਰਵਾ ਦੀਆ...।" ਤੇ ਗੋਲ਼ੀਆਂ ਮਾਰ ਦਿੱਤੀਆਂ।

ਸਵਾਲ : ਤੁਸੀਂ ਇਹ ਸੀਨ ਅੱਖੀਂ ਵੇਖਿਆ ?

ਜਵਾਬ : ਨਹੀਂ ਗੋਲ਼ੀ ਵੱਜਣ ਵਾਲ਼ੀ ਘਟਨਾ ਤਾਂ ਮੈਂ ਅੱਖੀਂ ਨ੍ਹੀਂ ਵੇਖੀ, ਸਿੰਘਾਂ ਦੀ ਜ਼ਬਾਨੋਂ ਸੁਣੀ ਸੀ, ਪਰ ਭਾਟੀਏ ਦੀ ਲਾਸ਼ ਮੈਂ ਅੱਖੀਂ ਵੇਖੀ। ਓਂ ਵੀ ਆਮ ਹੀ ਸਿੰਘ ਮੈਨੂੰ ਕਈ ਥਾਂਵਾਂ ਤੇ ਮੌਕਾ ਵੇਖਣ ਭੇਜ ਦਿੰਦੇ ਸੀ ਕਿਉਂਕਿ ਮੇਰੇ ਤੇ ਕੋਈ ਸ਼ੱਕ ਨ੍ਹੀਂ ਸੀ ਕਰਦਾ, ਮੇਰੀ ਉਮਰ ਛੋਟੀ ਸੀ। ਸਿੰਘ ਕਹਿੰਦੇ "ਜਾਹ ਭੁਜੰਗੀਆ ਵੇਖ ਕੇ ਆ ਭਾਟੀਆ ਜਿਊਂਦਾ

ਕਿ ਮਰ ਗਿਐ...।" ਮੈਂ ਗਿਆ, ਗੁਰੂ ਰਾਮਦਾਸ ਸਰਾਂਅ ਦੇ ਵਿਹੜੇ 'ਚ ਭਾਟੀਏ ਦੀ ਲਾਸ਼ ਪਈ ਸੀ, ਮੂੰਹ ਖੁੱਲ੍ਹਾ ਸੀ ਤੇ ਮੱਖੀਆਂ ਵੜ ਵੜ ਕੇ ਨਿਕਲ ਰਹੀਆਂ ਸੀ... ਮੈਂ ਜਾ ਕੇ ਸਿੰਘਾਂ ਨੂੰ ਏਸੇ ਤਰ੍ਹਾਂ ਹੀ ਦੱਸ ਦਿੱਤਾ।

ਸਵਾਲ : ਭਾਈ ਸੋਢੀ ਦੇ ਕਤਲ ਦੀਆਂ ਹੋਰ ਘਟਨਾਵਾਂ ਵੀ ਤੁਸੀਂ ਅੱਖੀਂ ਵੇਖੀਆਂ ਹੋਣਗੀਆਂ...?

ਜਵਾਬ : ਹਾਂ, ਭਾਈ ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਬਾਅਦ ਸਿੰਘਾਂ ਨੇ ਸੰਤਾਂ ਨੂੰ ਮਨਾ ਕੇ ਉਸ ਗੋਲ਼ੀ ਚਲਾਉਣ ਵਾਲ਼ੀ ਔਰਤ ਨੂੰ ਜਥੇ ਦੀਆਂ ਬੀਬੀਆਂ ਦੇ ਹਵਾਲੇ ਕਰ ਦਿੱਤਾ। ਬੀਬੀਆਂ ਨੇ ਪਹਿਲਾਂ ਜਦੋਂ ਉਹਨੂੰ ਕੁੱਟ ਮਾਰ ਕੇ ਪੁੱਛਿਆ ਤਾਂ ਓਦੋਂ ਤਾਂ ਉਹ ਨਾ ਮੰਨੀ, ਬਦਮਾਸ਼ ਜ਼ਨਾਨੀ ਸੀ, ਫ਼ੀਮ-ਫ਼ਾਮ ਖਾਧੀ ਸੀ, ਪਰ ਸ਼ਾਮ ਤਕ ਇੱਕ ਤਾਂ ਨਸ਼ਾ ਉੱਤਰ ਗਿਆ ਤੇ ਦੂਜਾ ਸੱਟਾਂ ਵੀ ਰੜਕਣ ਲੱਗ ਪਈਆਂ। ਫਿਰ ਸ਼ਾਮੀਂ ਉਹ ਬਕੀ, ਤੇ ਜਥੇ ਦੀਆਂ ਬੀਬੀਆਂ ਨੇ ਉਹਦੀ ਟੇਪ ਭਰ ਲਈ। ਉਹਨੇ ਦੱਸਿਆ ਕਿ ਗੁਰਚਰਨ ਸਿੰਘ ਸਕੱਤਰ ਰਾਹੀਂ ਸਾਰੀ ਗੱਲ ਹੋਈ ਕਿ ਸੰਤ ਭਿੰਡਰਾਂਵਾਲ਼ੇ, ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ ਤੇ ਭਾਈ ਸੋਢੀ ਨੂੰ ਮਾਰਨੈਂ... ਸੰਤਾਂ ਤੇ ਗੋਲ਼ੀ ਚਲਾਉਣ ਵਾਸਤੇ ਸਾਰਾ ਦਿਨ ਪੌੜੀਆਂ 'ਚ ਖਲੋਤੀ ਰਹੀ, ਪਰ ਸੰਤਾਂ ਦੇ ਨਾਲ਼ ਵਾਹਵਾ ਸਿੰਘ ਸੀ ਤੇ ਹੌਸਲਾ ਨੀਂ ਪਿਆ। ਫਿਰ ਸਾਜ਼ਸ਼ ਕਰ ਕੇ ਭਾਈ ਸੋਢੀ ਨੂੰ ਮਾਰਿਆ...। ਫਿਰ ਉਸ ਔਰਤ ਨੇ ਆਪਣਾ ਇੱਕ ਹੋਰ ਸਾਥੀ, ਨਾਂ ਉਹਦਾ ਸ਼ਾਇਦ 'ਭੁੱਟੀ' ਸੀ, ਉਹਨੂੰ ਸਰਾਂਅ ਦੇ ਇੱਕ ਕਮਰੇ 'ਚੋਂ ਫੜਾਇਆ... ਉਹ ਮੋਨਾ ਸੀ, ਉਹਨੂੰ ਸਿੰਘ ਬੱਟ ਮਾਰਦੇ ਮਾਰਦੇ ਤੋਰ ਕੇ ਲਈ ਆਉਂਦੇ ਮੈਂ ਅੱਖੀਂ ਵੇਖੇ...।

ਫਿਰ ਏਨਾ ਪਤਾ ਲੱਗਾ ਕਿ ਉਹਨੂੰ ਮਨਾ ਕੇ, ਫਿਰ ਸਾੜ ਕੇ ਓਹਦੀ ਲਾਸ਼ ਬ੍ਰਹਮਬੂਟੇ ਤੋਂ ਅੰਦਰਲੇ ਮੋਚੀ ਬਜ਼ਾਰ ਵਾਲ਼ੇ ਪਾਸੇ ਸੁੱਟ ਦਿੱਤੀ ਸੀ। ਓਦੋਂ ਵੀ ਸਿੰਘਾਂ ਨੇ ਮੈਨੂੰ ਭੇਜਿਆ ਕਿ "ਜਾਹ ਭੁਝੰਗੀਆ ਵੇਖ ਕੇ ਆ ਭੁੱਟੀ ਦੀ ਲਾਸ਼ ਓਥੇ ਈ ਪਈ ਆ ਕਿ ਸੀ.ਆਰ.ਪੀ. ਵਾਲ਼ੇ ਲੈ ਗਏ ਆ ?" ਮੈਂ ਰਾਤ 11 ਕੁ ਵਜੇ ਜਾ ਕੇ ਵੇਖ ਕੇ ਆਇਆ। ਓਥੇ ਸਵਾਹ ਜਿਹੀ ਤਾਂ ਖਿੱਲਰੀ ਪਈ ਸੀ, ਪਰ ਲਾਸ਼ ਨਹੀਂ ਸੀ ਹੈਗੀ। ਮੈਂ ਓਸੇ ਹੀ ਤਰ੍ਹਾਂ ਆ ਕੇ ਸਿੰਘਾਂ ਨੂੰ ਦੱਸ ਦਿੱਤਾ। ਫਿਰ ਜਦੋਂ ਇਸ ਕਤਲ ਦੇ ਮੁੱਖ ਦੋਸ਼ੀ ਸ਼ਿੰਦੇ ਨੂੰ ਮਾਰਿਆ, ਓਦੋਂ ਵੀ ਮੇਰੇ ਸਾਮ੍ਹਣੇ ਦੋ ਜੀਪਾਂ ਸਿੰਘਾਂ ਦੀਆਂ ਭਰ ਕੇ ਗਈਐਂ ਤੇ ਫਿਰ ਸ਼ਿੰਦੇ ਦੀ ਟੋਟੇ ਟੋਟੇ ਹੋਈ ਲਾਸ਼ ਮਾਨਾਂਵਾਲ਼ੇ ਤੋਂ ਮਿਲ਼ੀ ਸੀ...।

ਸਵਾਲ : ਸੰਤ ਭਿੰਡਰਾਂਵਾਲ਼ਿਆਂ ਦੇ ਨਾਲ਼ ਜੁੜੀ ਕੋਈ ਵਿਸ਼ੇਸ਼ ਯਾਦ ਸਾਂਝੀ ਕਰੋਗੇ ?

ਜਵਾਬ : ਸੰਤ ਭਿੰਡਰਾਂਵਾਲ਼ਿਆਂ ਨੂੰ ਜਦੋਂ ਵੀ ਮੈਂ ਆਉਂਦਿਆਂ ਵੇਖਦਾ... ਸਾਰੇ ਕੰਮ ਛੱਡ ਕੇ ਭੱਜ ਕੇ ਉਹਨਾਂ ਵੱਲ ਜਾਂਦਾ ਤੇ ਪੂਰੀ ਤਰ੍ਹਾਂ ਗੱਜ ਕੇ ਉਹਨਾਂ ਨੂੰ ਫ਼ਤਹਿ ਬੁਲਾਉਂਦਾ... ਅੱਗੋਂ ਸੰਤ ਵੀ ਗੱਜ ਕੇ ਫ਼ਤਹਿ ਦਾ ਜਵਾਬ ਦਿੰਦੇ ਤੇ ਮੈਂ ਵਧੇਰੇ ਕਰ ਕੇ ਸੰਤਾਂ ਦੇ ਨਾਲ਼ ਈ ਤੁਰ ਪੈਂਦਾ। ਇੱਕ ਵਾਰ ਹਮਲੇ ਤੋਂ ਦੋ ਦਿਨ ਪਹਿਲਾਂ, 2 ਜੂਨ ਦੀ ਗੱਲ ਆ... ਮੈਂ ਤੇ ਮੇਰੀ ਕੁ ਉਮਰ ਦਾ ਇੱਕ ਹੋਰ ਭੁਜੰਗੀ, ਅਸੀਂ ਦੋਵੇਂ ਸ੍ਰੀ ਅਕਾਲ ਤਖ਼ਤ ਸਾਹਿਬ 'ਚ ਬੈਠੇ ਗੱਲਾਂ ਕਰ ਰਹੇ ਸੀ ਕਿ ਸੰਤ ਆ ਗਏ। ਸੰਤਾਂ ਦੇ ਨਾਲ਼ ਇੱਕ ਸਿੰਘ ਕੋਲ਼ ਭੁੱਜੇ ਛੋਲਿਆਂ ਵਾਲ਼ਾ ਝੋਲ਼ਾ ਸੀ। ਸੰਤਾਂ ਨੇ ਸਾਡੇ ਵੱਲ ਹੱਥ ਕਰ ਕੇ ਉਸ ਸਿੰਘ ਨੂੰ ਆਖਿਆ:- 'ਆਹ ਭੁਜੰਗੀਆਂ ਨੂੰ ਛੋਲੇ ਦਿਓ...।' ਉਹ ਸਿੰਘ ਸਾਡੇ ਕੋਲ਼ ਆਇਆ ਤੇ ਕਹਿੰਦਾ- 'ਭੁਝੰਗੀਓ ਝੋਲ਼ੀਆਂ ਕਰੋ...।' ਅਸੀਂ ਝੋਲ਼ੀਆਂ ਕਰ ਦਿੱਤੀਆਂ ਤੇ ਉਹਨਾਂ ਬੁੱਕ ਭਰ ਭਰ ਕੇ ਛੋਲੇ ਸਾਡੀਆਂ ਝੋਲ਼ੀਆਂ 'ਚ ਪਾ ਦਿੱਤੇ...। ਫਿਰ ਤਾਂ ਪੁੱਛੋ ਨਾ... ਉਹਨਾਂ ਛੋਲਿਆਂ ਦੇ ਆਸਰੇ ਹੀ ਹਮਲੇ ਦੇ ਸਾਰੇ ਦਿਨ ਅਸੀਂ ਪੂਰੀ ਚੜ੍ਹਦੀ ਕਲਾ 'ਚ ਕੱਢੇ...।

ਸਵਾਲ : ਸੰਤਾਂ ਨੂੰ ਹਮਲੇ ਬਾਰੇ ਪਹਿਲਾਂ ਸੂਚਨਾ ਮਿਲ ਗਈ ਸੀ...?

ਜਵਾਬ : ਹਾਂ, ਕਿਉਂਕਿ ਸੰਤਾਂ ਨੇ ਸਾਰੇ ਹੀ ਸਿੰਘਾਂ ਨੂੰ ਸੱਦਿਆ ਅਕਾਲ ਤਖ਼ਤ ਸਾਹਿਬ ਤੇ ਲੜਨਾ ਤੇ ਜੂਝਣਾ ਕਿਵੇਂ ਆ... ਇਹ ਦੱਸਿਆ। ਇਤਿਹਾਸ ਦੀਆਂ ਗੱਲਾਂ ਦੱਸੀਆਂ ਤੇ ਵੱਖੋ ਵੱਖ ਥਾਂਵਾਂ ਤੇ ਡਿਊਟੀਆਂ ਲਾਈਆਂ...। ਫਿਰ ਪਹਿਲੀ ਜੂਨ ਨੂੰ ਜਦੋਂ ਸੀ.ਆਰ.ਪੀ. ਨੇ ਗੋਲ਼ੀ ਚਲਾਈ ਸੀ, ਭਾਈ ਮਹਿੰਗਾ ਸਿੰਘ ਬੱਬਰ ਸ਼ਹੀਦ ਹੋਏ ਆ... ਉਹਦਾ ਸਸਕਾਰ ਪੰਥ ਨੇ ਮੰਜੀ ਸਾਹਿਬ ਦੇ ਕੋਲ ਕੀਤਾ ਤੇ ਸੰਤਾਂ ਨੇ ਟਕਸਾਲ ਵੱਲੋਂ ਸ਼ਹੀਦ ਸਿੰਘ ਦੀ ਦੇਹ ਤੇ ਦੁਸ਼ਾਲਾ ਚੜ੍ਹਾਇਆ...।

ਸਵਾਲ : 4 ਜੂਨ ਨੂੰ ਜਦੋਂ ਫ਼ੌਜ ਦਾ ਹਮਲਾ ਸ਼ੁਰੂ ਹੋਇਆ, ਓਦੋਂ ਤੁਸੀਂ ਕਿਹੜੀ ਥਾਂ ਤੇ ਸੀ ?

ਜਵਾਬ : ਮੈਂ ਆਪਣੇ ਪਿੰਡ ਵਾਲ਼ੇ ਭਾਈ ਜਗਤਾਰ ਸਿੰਘ ਤੇ ਭਾਈ ਤਰਲੋਕ ਸਿੰਘ ਹੋਰਾਂ ਦੇ ਨਾਲ਼

ਭਾਈ ਜਗਤਾਰ ਸਿੰਘ ਲੋਹਗੜ੍ਹ (ਸ਼ਹੀਦ)

ਭਾਈ ਤਰਲੋਕ ਸਿੰਘ ਲੋਹਗੜ੍ਹ (ਸ਼ਹੀਦ)

ਭਾਈ ਕਸ਼ਮੀਰ ਸਿੰਘ ਹੋਠੀਆਂ (ਸ਼ਹੀਦ)

ਉਹਨਾਂ ਦੇ ਮੋਰਚੇ ਵਿੱਚ ਹੀ ਸੀ। ਇਹ ਮੋਰਚਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ਼ ਲੱਗਦੀ ਲਾਲ ਡਿਓੜ੍ਹੀ 'ਚ ਸੀ। ਇਸ ਮੋਰਚੇ ਹੋਰ ਵੀ ਕਾਫ਼ੀ ਸਿੰਘ ਸੀ, ਪਰ ਭਾਈ ਕਸ਼ਮੀਰ ਸਿੰਘ ਹੋਠੀਆਂ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਸੀ।

ਸਵਾਲ : ਲੜਾਈ ਵੇਲੇ ਮੋਰਚਿਆਂ ਦੇ ਅੰਦਰ ਦੀ ਹਾਲਤ ਕਿਸ ਤਰ੍ਹਾਂ ਦੀ ਸੀ ?

ਜਵਾਬ : ਸਿੰਘਾਂ ਨੂੰ ਪਤਾ ਸੀ ਕਿ ਹੁਣ ਸ਼ਹੀਦੀਆਂ ਹੋਣੀਐਂ, ਫਿਰ ਵੀ ਸਿੰਘ ਪੂਰੀ ਚੜ੍ਹਦੀ ਕਲਾ 'ਚ ਸੀਗੇ ਤੇ ਦੁਸ਼ਮਣ ਨੂੰ ਸਬਕ ਸਿਖਾਉਣ ਦਾ ਇਰਾਦਾ ਸਾਰਿਆਂ 'ਚ ਬੜਾ ਮਜ਼ਬੂਤ ਸੀ। ਮੋਰਚਿਆਂ 'ਚ ਭੁੱਜੇ ਛੋਲਿਆਂ ਦਾ ਪ੍ਰਬੰਧ ਸੀ, ਪਾਣੀ ਦੀਆਂ ਬਾਲਟੀਆਂ ਭਰ ਕੇ ਰੱਖੀਆਂ ਸੀ। ਸਿੰਘ ਇੱਕ ਤੋਂ ਦੂਜੇ ਮੋਰਚੇ 'ਚ ਵੀ ਆਉਂਦੇ ਜਾਂਦੇ ਸੀ।

ਸਵਾਲ : ਜਦੋਂ ਫ਼ੌਜ ਅੰਦਰ ਵੜੀ ਓਦੋਂ ਦੀ ਤਸਵੀਰ ਕਿਸ ਤਰ੍ਹਾਂ ਦੀ ਸੀ ?

ਜਵਾਬ : ਮੈਂ ਆਪਣੀਆਂ ਅੱਖਾਂ ਨਾਲ ਪਰਕਰਮਾ ਫ਼ੌਜੀਆਂ ਦੀਆਂ ਲਾਸ਼ਾਂ ਨਾਲ ਭਰੀ ਵੇਖੀ ਆ...। ਸਿੰਘਾਂ ਦੇ ਨਿਸ਼ਾਨੇ ਵੀ ਕਮਾਲ ਦੇ ਸੀ ਤੇ ਸਿੰਘਾਂ ਦੇ ਜੈਕਾਰੇ ਵੀ... ਬੜੀ ਫ਼ੌਜ ਮਰੀ...।

ਸਵਾਲ : ਕੋਈ ਹੋਰ ਅਹਿਮ ਯਾਦ ਉਸ ਮੌਕੇ ਦੀ ?

ਜਵਾਬ : ਹਾਂ, ਪੰਜ ਜੂਨ ਨੂੰ ਸਾਡੇ ਮੋਰਚੇ 'ਚ ਭਾਈ ਅਨੋਖ ਸਿੰਘ ਬੱਬਰ ਆਏ, ਉਹਨਾਂ ਦੇ ਨਾਲ਼ ਇੱਕ ਬੱਬਰਾਂ ਦਾ ਹੋਰ ਸਿੰਘ ਸੀ ਜੀਹਨੂੰ ਮੈਂ ਨ੍ਹੀਂ ਜਾਣਦਾ। ਉਹਨਾਂ ਨੇ ਕਿਹਾ:- "ਸਾਨੂੰ ਸੰਤਾਂ ਤੋਂ ਅਸਲਾ ਲੈ ਕੇ ਦਿਓ...।" ਸਾਡੇ ਮੋਰਚੇ 'ਚੋਂ ਸਿੰਘ ਸੰਤਾਂ ਕੋਲ਼ ਗਏ...। ਸੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੇਠਾਂ ਭੋਰੇ 'ਚ ਸੀਗੇ। ਜਦੋਂ ਤਕ ਸਿੰਘ ਪੁੱਛ ਕੇ ਆਏ, ਭਾਈ ਅਨੋਖ ਸਿੰਘ ਬੱਬਰ ਸਾਡੇ ਮੋਰਚੇ 'ਚ ਰਹੇ...। ਸਿੰਘਾਂ ਨੇ ਵਾਪਸ ਆ ਕੇ ਕਿਹਾ- "ਸੰਤ ਕਹਿੰਦੇ ਆ... ਬੱਬਰ ਵੀ ਸਾਡੇ ਭਰਾ ਨੇ... ਉਹ ਵੀ ਸਰਕਾਰ ਦੇ ਖ਼ਿਲਾਫ਼ ਲੜ ਰਹੇ ਨੇ... ਉਹਨਾਂ (ਭਾਈ ਅਨੋਖ ਸਿੰਘ) ਨੂੰ ਲੈ ਆਓ...।" ਤੇ ਫਿਰ ਭਾਈ ਅਨੋਖ ਸਿੰਘ ਸਿੰਘਾਂ ਦੇ ਨਾਲ਼ ਗਏ। ਫਿਰ ਉਹ ਅਸਲਾ ਲੈ ਕੇ ਚਲੇ ਗਏ...।

ਭਾਈ ਅਨੋਖ ਸਿੰਘ ਬੱਬਰ ਇੱਕ ਸਾਥੀ ਸਿੰਘ ਨਾਲ਼

ਸਵਾਲ : ਸੰਤਾਂ ਨਾਲ ਭਾਈ ਅਨੋਖ ਸਿੰਘ ਬੱਬਰ ਦੀ ਕੀ ਗੱਲਬਾਤ ਹੋਈ... ਇਹ ਪਤਾ ਲੱਗਾ ?

ਜਵਾਬ : ਹਾਂ, ਭਾਈ ਅਨੋਖ ਸਿੰਘ ਦੇ ਚਲੇ ਜਾਣ ਤੋਂ ਬਾਅਦ ਸਿੰਘਾਂ ਦੀਆਂ ਗੱਲਾਂ ਤੋਂ ਮੈਨੂੰ ਵੀ ਪਤਾ ਲੱਗ ਗਿਆ ਸੀ... ਭਾਈ ਅਨੋਖ ਸਿੰਘ ਬੱਬਰ ਨੇ ਫ਼ੌਜੀਆਂ ਦੀਆਂ ਲਾਸ਼ਾਂ ਨਾਲ਼ ਭਰੀ ਪਰਕਰਮਾ ਤੇ ਖ਼ੁਸ਼ੀ ਪ੍ਰਗਟ ਕੀਤੀ ਸੀ... ਤੇ ਸੰਤ ਕਹਿੰਦੇ- "ਸਰਕਾਰ ਨੂੰ ਕੰਨ ਕਰ'ਤੇ ਆ...।" ਫਿਰ ਸੰਤਾਂ ਨੇ ਭਾਈ ਅਨੋਖ ਸਿੰਘ ਤੋਂ ਬੱਬਰਾਂ ਦੇ ਮੋਰਚਿਆਂ ਦੀ ਪੁਜ਼ੀਸ਼ਨ ਪੁੱਛੀ, ਫਿਰ ਸੰਤਾਂ ਕਿਹਾ- "ਸਰਕਾਰ ਨੂੰ ਕੰਨ ਹੋ ਗੇ ਆ... ਤੁਸੀਂ ਦਿਨ ਦੇ

ਚੜ੍ਹਾਅ ਤਕ ਲੜੋ ਤੇ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਬਾਹਰ ਨਿਕਲ਼ਣ ਦੀ ਕੋਸ਼ਿਸ਼ ਕਰੋ। ਇਸ ਤੋਂ ਬਾਅਦ ਹੋਰ ਲੰਮੀ ਜੰਗ ਲੜਨੀ ਪੈਣੀ ਆਂ...।" ਫਿਰ ਸੰਤਾਂ ਪੁੱਛਿਆ ਪਈ ਕੀ ਚਾਹੀਦੈ... ਤਾਂ ਭਾਈ ਅਨੋਖ ਸਿੰਘ ਨੇ ਇੱਕ ਐਲ.ਐਮ.ਜੀ. ਤੇ ਰੌਂਦ ਮੰਗੇ। ਸੰਤਾਂ ਨੇ ਭਾਈ ਗੁਰਮੁਖ ਸਿੰਘ ਨੂੰ ਕਿਹਾ ਪਈ ਇਹਨਾਂ ਦੀ ਲੋੜ ਪੂਰੀ ਕਰੋ... ਤੇ ਫਿਰ ਭਾਈ ਅਨੋਖ ਸਿੰਘ ਬੱਬਰ ਨੂੰ ਇੱਕ ਐਲ.ਐਮ.ਜੀ. ਫਿੱਟ ਕਰ ਕੇ ਦਿੱਤੀ ਗਈ ਤੇ ਨਾਲ਼ ਰੌਂਦਾਂ ਦਾ ਵੱਡਾ ਝੋਲ਼ਾ...। ਉਹ ਲੈ ਕੇ ਚਲੇ ਗਏ।

ਭਾਈ ਗੁਰਮੁਖ ਸਿੰਘ

ਸਵਾਲ : ਇਸ ਤਰ੍ਹਾਂ ਦੀ ਹੋਰ ਵੀ ਕੋਈ ਅਹਿਮ ਘਟਨਾ ਵੇਖੀ ?

ਜਵਾਬ : ਨਹੀਂ... ਭਾਈ ਅਨੋਖ ਸਿੰਘ ਬੱਬਰ ਦੇ ਜਾਣ ਤੋਂ ਬਾਅਦ ਥੋੜ੍ਹਾ ਕੁ ਸਮਾਂ ਹੀ ਮੈਂ ਓਸ ਮੋਰਚੇ 'ਚ ਰਿਹਾ। ਫਿਰ ਸਿੰਘਾਂ ਨੇ ਆਪੋ 'ਚ ਪਤਾ ਨ੍ਹੀਂ ਕੀ ਸਲਾਹ ਕੀਤੀ, ਤੇ ਸਾਡੇ ਪਿੰਡ ਵਾਲ਼ੇ ਭਾਈ ਜਗਤਾਰ ਸਿੰਘ ਮੈਨੂੰ ਕਹਿੰਦੇ- "ਭੁਜੰਗੀਆ ਉਂਗਲ਼ ਫੜ।" ਮੈਂ ਭਾਈ ਜਗਤਾਰ ਸਿੰਘ ਦੀ ਉਂਗਲ਼ ਫੜ ਲਈ। ਭਾਈ ਜਗਤਾਰ ਸਿੰਘ ਮੈਨੂੰ ਕਈ ਪਾਸਿਓਂ ਦੀ ਗੋਲ਼ੀਆਂ ਦੀ ਵਾਛੜ ਤੋਂ ਬਚਦੇ ਬਚਾਉਂਦੇ ਛਬੀਲ ਵਾਲ਼ੇ ਕਮਰੇ 'ਚ ਲੈ ਗਏ। ਉਸ ਕਮਰੇ 'ਚ ਜ਼ਖ਼ਮੀ ਬੀਬੀਆਂ ਤੇ ਬੱਚੇ ਸੀ। ਭਾਈ ਜਗਤਾਰ ਸਿੰਘ ਕਹਿੰਦੇ- "ਏਸ ਜਗ੍ਹਾ ਤੋਂ ਹਿੱਲਣਾ ਨ੍ਹੀਂ...।" ਤੇ ਇਸ ਤਰ੍ਹਾਂ ਉਹ ਮੈਨੂੰ ਓਥੇ ਛੱਡ ਕੇ ਫੇਰ ਮੋਰਚੇ 'ਚ ਚਲੇ ਗਏ... ਤੇ ਓਥੇ ਹੀ ਸ਼ਹੀਦ ਹੋ ਗਏ।

ਸਵਾਲ : ਤੁਸੀਂ ਓਥੇ ਛਬੀਲ ਵਾਲ਼ੇ ਕਮਰੇ 'ਚ ਕਦੋਂ ਤਕ ਰਹੇ ?

ਜਵਾਬ : 6 ਜੂਨ ਨੂੰ ਸਾਨੂੰ ਓਥੋਂ ਫ਼ੌਜ ਨੇ ਗ੍ਰਿਫ਼ਤਾਰ ਕੀਤਾ... ਤੇ ਫਿਰ ਹੱਥ ਪਿੱਛੇ ਬੰਨ੍ਹ ਕੇ ਘੰਟਾ ਘਰ ਦੇ ਬਾਹਰ ਲਿਆ ਬਿਠਾਇਆ। ਓਥੇ ਫ਼ੌਜ ਤੇ ਬਹੁਤ ਤੁਰੀ

ਫਿਰਦੀ ਸੀ। ਦੋ ਕਮਾਂਡੋ ਓਥੇ ਜਿਹੜੇ ਤੁਰੇ ਫਿਰਦੇ ਸੀ... ਉਹ ਸਾਰੇ ਕੈਦੀ ਸਿੰਘਾਂ ਨੂੰ ਬੜੀ ਨਫ਼ਰਤ ਨਾਲ਼ ਠੁੱਡ ਮਾਰ ਰਹੇ ਸੀ। ਮੇਰੀ ਸੱਜੀ ਵੱਖੀ 'ਚ ਇੱਕ ਕਮਾਂਡੋ ਨੇ ਬੜੇ ਜ਼ੋਰ ਨਾਲ਼ ਦੋ ਠੁੱਡ ਮਾਰੇ...। ਇੱਕ ਤਾਂ ਮੇਰੀ ਉਮਰ ਨਿੱਕੀ ਸੀ, ਉੱਤੋਂ ਭੁੱਖੇ ਤਿਹਾਏ, ਮੈਂ ਬੇਹੋਸ਼ ਹੋ ਗਿਆ। ਜਦੋਂ ਮੈਨੂੰ ਹੋਸ਼ ਆਈ ਤਾਂ ਮੇਰੇ ਨਾਲ਼ ਹੀ ਬੰਨ੍ਹ ਕੇ ਬਿਠਾਇਆ ਇੱਕ ਸਿੰਘ ਮੇਰਾ ਹਾਲ-ਚਾਲ ਪੁੱਛ ਕੇ ਕਹਿੰਦਾ:- "ਭੁਜੰਗੀਆ, ਪਤੈ ਇਹ ਕਮਾਂਡੋ ਆਪਾਂ ਨੂੰ ਕਿਉਂ ਮਾਰਦੇ ਆ ?" ਮੈਂ ਪੁੱਛਿਆ:- "ਕਿਉਂ ?" ਕਹਿੰਦਾ- "ਇਹ ਸੈਂਕੜੇ ਕਮਾਂਡੋ ਫ਼ੌਜ ਨੇ ਹੈਲੀਕਾਪਟਰ ਰਾਹੀਂ ਹਰਿਮੰਦਰ ਸਾਹਿਬ 'ਚ ਉਤਾਰੇ ਸੀ... ਸਾਰੇ ਹੀ ਸਿੰਘਾਂ ਨੇ ਮਾਰ ਘੱਤੇ... ਸਿਰਫ਼ ਇਹ ਦੋ ਹੀ ਬਚੇ ਆ, ਜਿਸ ਕਰ ਕੇ ਇਹ ਗ਼ੁੱਸੇ 'ਚ ਸਾਨੂੰ ਮਾਰ ਰਹੇ ਆ...।" ਮੈਨੂੰ ਇਹ ਗੱਲ ਸੱਚੀ ਲੱਗੀ, ਕਿਉਂਕਿ ਮੈਂ ਪਰਕਰਮਾ 'ਚ ਏਸ ਵਰਦੀ ਵਾਲ਼ਿਆਂ ਦੀਆਂ ਕਾਫ਼ੀ ਲਾਸ਼ਾਂ ਵੇਖੀਆਂ ਸੀ...।

ਸਵਾਲ : ਤੁਸੀਂ ਆਪਣੇ ਸਾਮ੍ਹਣੇ ਕਿਸੇ ਨਾਮੀ ਸਿੰਘ ਦੀ ਸ਼ਹਾਦਤ ਵੇਖੀ ?

ਜਵਾਬ : ਨਹੀਂ, ਮੈਂ ਜਦੋਂ ਤਕ ਮੋਰਚੇ 'ਚ ਰਿਹਾ... ਸਿੰਘ ਚੜ੍ਹਦੀ ਕਲਾ 'ਚ ਸੀਗੇ। ਫਿਰ ਮੈਨੂੰ ਛਬੀਲ ਵਾਲ਼ੇ ਕਮਰੇ 'ਚ ਛੱਡ ਗਏ, ਜਿੱਥੋਂ ਮੈਨੂੰ ਫ਼ੌਜ ਨੇ ਫੜ ਲਿਆ...। ਵੈਸੇ ਮੈਨੂੰ ਸਾਰੇ ਸ਼ਹੀਦਾਂ ਦੀਆਂ ਯਾਦਾਂ ਬਹੁਤ ਆਉਂਦੀਆਂ... ਭਾਈ ਦਲਬੀਰ ਸਿੰਘ ਅਭਿਆਸੀ

ਭਾਈ ਦਲਬੀਰ ਸਿੰਘ ਅਭਿਆਸੀ (ਸ਼ਹੀਦ)

ਭਾਈ ਮੇਜਰ ਸਿੰਘ ਨਾਗੋਕੇ (ਸ਼ਹੀਦ)

ਭਾਈ ਗੁਰਮੇਲ ਸਿੰਘ ਫ਼ੌਜੀ (ਸ਼ਹੀਦ)

ਰੋਜ਼ 101 ਪਾਠ ਜਪੁਜੀ ਸਾਹਿਬ ਦੇ ਕਰਦੇ ਹੁੰਦੇ ਸੀ... ਭਾਈ ਮੇਜਰ ਸਿੰਘ ਨਾਗੋਕੇ ਨੇ ਸਾਰਾ ਹੀ ਦਿਨ ਚੌਪਈ ਸਾਹਿਬ ਦੇ ਪਾਠ ਕਰਦੇ ਰਹਿਣਾ... ਭਾਈ ਗੁਰਮੇਲ ਸਿੰਘ ਫ਼ੌਜੀ ਭੁਜੰਗੀਆਂ ਨੂੰ ਜੰਗ ਦੇ ਦਾਅ ਪੇਚ ਸਿਖਾਉਂਦੇ ਰਹਿੰਦੇ... ਸੰਤਾਂ ਦੇ ਨਾਲ਼ ਰਹਿੰਦੇ ਸਾਰੇ ਹੀ ਸਿੰਘ ਅੰਮ੍ਰਿਤਧਾਰੀ ਤੇ ਨਿੱਤਨੇਮੀ ਸੀਗੇ...। ਇਸੇ ਲਈ ਸਿੰਘਾਂ ਨੇ ਬਹੁਤ ਥੋੜ੍ਹੇ ਹਥਿਆਰਾਂ ਨਾਲ਼ ਭਰ ਗ਼ਰਮੀ 'ਚ ਟੈਂਕਾਂ, ਮਾਰਟਰ ਗੰਨਾਂ ਤੇ ਹੈਲੀਕਾਪਟਰਾਂ ਨਾਲ਼ ਲੈਸ ਫ਼ੌਜ ਨੂੰ ਤਿੰਨ ਦਿਨ ਰੋਕੀ ਰੱਖਿਆ।

ਸਵਾਲ : ਤੁਹਾਡੀ ਰਿਹਾਈ ਕਦੋਂ ਹੋਈ ?

ਜਵਾਬ : ਫ਼ੌਜ ਦਾ ਕਾਫ਼ੀ ਤਸ਼ੱਦਦ ਝੱਲਿਆ, ਵੇਖਿਆ, ਇੱਕ ਇੱਕ ਕਮਰੇ 'ਚ 60-60 ਸਿੰਘਾਂ ਨੂੰ ਬੰਦ ਕੀਤਾ ਸੀ, ਨਾ ਪਾਣੀ ਨਾ ਪੱਖਾ... ਬੜੀ ਮੁਸ਼ਕਲ ਸਿੰਘ ਲੱਤਾਂ 'ਕੱਠੀਆਂ ਕਰ ਕੇ ਬੈਠ ਹੀ ਸਕਦੇ ਸੀ... ਜੇ ਕੋਈ ਲੱਤ ਸਿੱਧੀ ਵੀ ਕਰਦਾ ਤਾਂ ਦੂਜੇ ਸਾਥੀਆਂ ਦੀਆਂ ਸੱਟਾਂ ਦੁਖਣ ਲੱਗ ਪੈਂਦੀਆਂ। ਇਹ 14 ਦਿਨ ਕਹਿਰ ਦੇ ਦਿਨ ਸੀ, ਜਿਹੜੇ ਇਸ ਤਰ੍ਹਾਂ ਕੈਦ

ਲੇਖਕ ਨੂੰ ਘਲੂਘਾਰੇ ਦੇ ਹਾਲ ਦੱਸਦੇ ਹੋਏ ਬਾਬਾ ਅਜੀਤ ਸਿੰਘ ਲੋਹਗੜ੍ਹ

'ਚ ਕੱਟੇ। ਫ਼ੌਜ ਵਾਲ਼ੇ ਜਾਣ-ਬੁੱਝ ਕੇ ਉੱਪਰ ਵਾਲ਼ੀਆਂ ਟੂਟੀਆਂ ਬੰਦ ਕਰ ਦਿੰਦੇ ਤੇ ਕਹਿੰਦੇ ਕਿ "ਲੈਟਰੀਨ ਵਾਲ਼ੀਆਂ ਟੂਟੀਆਂ 'ਚੋਂ ਪਾਣੀ ਪੀਓ...।" ਜਾਣ-ਬੁੱਝ ਕੇ ਸਿੱਖਾਂ ਨੂੰ ਜ਼ਲੀਲ ਕਰਨ ਲਈ ਹੀ ਫ਼ੌਜੀ ਇਸ ਤਰ੍ਹਾਂ ਦੀਆਂ ਹਰਕਤਾਂ ਕਰਦੇ ਸੀ... 14 ਕੁ ਦਿਨਾਂ ਬਾਅਦ ਦਾਸ ਨੂੰ ਬੱਚਿਆਂ ਦੇ ਵਿੱਚ ਰਿਹਾਅ ਕਰ ਦਿੱਤਾ ਗਿਆ...।

****

"ਜੂਨ 1984 ਦਾ ਕਹਿਰ ਰਹਿੰਦੀ ਦੁਨੀਆਂ ਤਕ ਭੁੱਲਣ ਵਾਲ਼ਾ ਨਈਂ"

ਭਾਈ ਕਰਤਾਰ ਸਿੰਘ ਭੱਠਲ ਭਾਈਕੇ ਨਾਲ਼ ਇੱਕ ਮੁਲਾਕਾਤ

ਜੂਨ 1984 ਵਿੱਚ ਭਾਰਤੀ ਸਟੇਟ ਵੱਲੋਂ ਸਿੱਖਾਂ ਦੇ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਕੀਤਾ ਗਿਆ ਫ਼ੌਜੀ ਹਮਲਾ ਸਿੱਖ ਇਤਿਹਾਸ ਦੀ ਨਾ ਭੁੱਲਣਯੋਗ ਗਾਥਾ ਹੈ। ਇਸ ਹਮਲੇ ਵਿੱਚ ਭਾਰਤੀ ਫ਼ੌਜਾਂ ਨੇ ਸਿੱਖ ਸੰਗਤਾਂ ਦੀ ਜਿਵੇਂ ਵਹਿਸ਼ੀ ਤਰੀਕੇ ਨਾਲ ਕਤਲੇਆਮ ਕੀਤੀ, ਪੰਚਮ ਪਾਤਸ਼ਾਹ ਦਾ ਸ਼ਹੀਦੀ ਪੁਰਬ ਮਨਾਉਣ ਆਏ ਹਜ਼ਾਰਾਂ ਬੱਚੇ, ਬਿਰਧ ਅਤੇ ਔਰਤਾਂ ਨੂੰ ਕਿਵੇਂ ਗੋ਼ਲੀਆਂ ਨਾਲ ਉਡਾਇਆ, ਉਸ ਵਹਿਸ਼ਤ ਨੂੰ ਹਰ ਸਿੱਖ ਮਹਿਸੂਸ ਕਰ ਸਕਦਾ ਹੈ। ਭਾਰਤੀ ਸਟੇਟ ਅਤੇ ਉਹਨਾਂ ਦੇ ਦਲਾਲਾਂ ਨੇ ਇਸ ਕਹਿਰੀ ਹਮਲੇ ਦਾ ਹਰ ਨਿਸ਼ਾਨ ਮਿਟਾ ਦੇਣ ਦੇ ਯਤਨ ਕੀਤੇ ਤੇ ਇਸ 'ਚ ਉਹ ਕਾਫ਼ੀ ਹੱਦ ਤਕ ਸਫਲ ਵੀ ਹੋਏ, ਪਰ ਸਾਡੇ ਕੋ਼ਲ ਅੱਜ ਵੀ ਬਹੁਤ ਅਜਿਹੇ ਵੀਰ ਭੈਣ ਹਨ, ਜਿਨ੍ਹਾਂ ਨੇ ਇਹ ਸਾਰਾ ਘਲੂਘਾਰਾ ਅੱਖੀਂ ਵੇਖਿਆ ਵੀ ਹੈ ਤੇ ਹੱਡਾਂ ਤੇ ਹੰਢਾਇਆ ਵੀ ਹੈ। ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਭੱਠਲ ਭਾਈ ਕੇ ਦੇ ਭਾਈ ਕਰਤਾਰ ਸਿੰਘ ਅਜਿਹੇ ਹੀ ਵੀਰਾਂ ਭੈਣਾਂ 'ਚੋਂ ਇੱਕ ਹਨ ਜੋ ਇਸ ਸਾਕੇ ਦੇ ਚਸ਼ਮਦੀਦ ਗਵਾਹ ਹਨ, ਜਿਨ੍ਹਾਂ ਦੇ ਪਿਤਾ ਸ੍ਰ. ਮਹਿੰਦਰ ਸਿੰਘ ਅਤੇ ਭਰਾ ਸੁਖਦੇਵ ਸਿੰਘ ਇਸ ਘਲੂਘਾਰੇ 'ਚ ਸ਼ਹੀਦ ਹੋਏ। ਖੁਦ ਭਾਈ ਕਰਤਾਰ ਸਿੰਘ ਅੰਤਾਂ ਦਾ ਤਸ਼ੱਦਦ ਝੱਲ ਕੇ ਤੇ 5 ਸਾਲ ਜੋਧਪੁਰ ਜੇਲ੍ਹ ਕੱਟ ਕੇ ਵਾਪਸ ਘਰ ਪਰਤੇ। ਇਸ ਸਾਰੇ ਘਲੂਘਾਰੇ ਦਾ ਵਿਸਥਾਰ ਸਹਿਤ ਹਾਲ ਜਾਣਨ ਲਈ ਲੇਖਕ ਨੇ ਉਹਨਾਂ ਨਾਲ ਇੱਕ ਲੰਮੀ ਗੱਲਬਾਤ ਕੀਤੀ, ਜੋ ਕਿ ਇਸ ਤਰ੍ਹਾਂ ਹੈ:-

ਸਵਾਲ : ਭਾਈ ਕਰਤਾਰ ਸਿੰਘ ਜੀ ! ਤੁਹਾਡਾ ਪਰਿਵਾਰ ਅਰੰਭ ਤੋਂ ਹੀ ਧਾਰਮਕ ਵਿਚਾਰਾਂ ਵਾ਼ਲਾ ਸੀ ?

ਜਵਾਬ : ਪਹਿਲਾਂ ਤਾਂ ਵੈਸੇ ਭਾਵੇਂ ਸਾਡਾ ਪਰਿਵਾਰ ਪੰਥਕ ਮੋਰਚਿਆਂ 'ਚ ਜਾਂਦਾ ਰਿਹਾ, ਪਰ ਅਸੀਂ ਟਕਸਾਲ ਨਾਲ 1978 ਤੋਂ ਬਾਅਦ ਜੁੜੇ।

ਸਵਾਲ : ਦਮਦਮੀ ਟਕਸਾਲ ਨਾਲ ਕਿਵੇਂ ਜੁੜੇ ?

ਜਵਾਬ : 1976 'ਚ ਮੈਂ ਨੌਸ਼ਹਿਰੇ ਪੰਨੂੰਏ ਪੜ੍ਹਦਾ ਹੁੰਦਾ ਸੀ। ਵਾ਼ਲ ਮੈਂ ਕਟਾਏ ਹੁੰਦੇ ਸੀ। ਨੌਸ਼ਹਿਰੇ ਪੰਨੂੰਏ ਇੱਕ ਵੱਡਾ ਸਾਰਾ ਛੱਪੜ ਸੀ ਜਿੱਥੇ ਭਈਏ ਮੱਛੀਆਂ ਫੜਦੇ ਹੁੰਦੇ ਸੀ।

ਮੈਂ ਵੀ ਓਥੇ ਜਾ ਕੇ ਖਲੋਤੇ ਰਹਿਣਾ। ਓਥੇ ਇੱਕ ਦੋ ਵਾਰੀ ਮੈਂ ਬਾਬਾ ਗੁਰਬਚਨ ਸਿੰਘ (ਮਾਨੋਚਾਹਲ) ਨੂੰ ਵੇਖਿਆ। ਉਹਨਾਂ ਦੀ ਦਾੜ੍ਹੀ ਦੇ ਅਜੇ ਲੂੰਅ ਫੁੱਟੇ ਸੀ। ਚਿੱਟਾ ਚੋ਼ਲਾ ਤੇ ਪਜਾਮੀ ਪਾਈ ਹੋਣੀ ਤੇ ਉੱਤੋਂ ਦੀ ਕਿਰਪਾਨ। ਮੈਂ ਓਥੋਂ ਮੁੰਡਿਆਂ ਨੂੰ ਪੁੱਛਿਆ ਕਿ ਇਹ ਬਾਬਾ ਕੌਣ ਆ ? ਉਹ ਆਂਹਦੇ ਇਹ ਮਾਨੋਚਾਹਲ ਪਿੰਡ ਤੋਂ ਆ—ਇਹਨੂੰ 'ਗੱਚੋ-ਗੱਚੋ' ਆਂਹਦੇ ਆ।

ਸਵਾਲ : ਉਹਨਾਂ ਨਾ਼ਲ ਕਦੀ ਕੋਈ ਗੱਲ ਨ੍ਹੀਂ ਕੀਤੀ ?

ਜਵਾਬ : ਨਈਂ ਗੱਲ ਨ੍ਹੀਂ ਹੋਈ, ਫਿਰ ਇੱਕ ਹੋਰ ਗੱਲ ਹੋਗੀ। ਨੌਸ਼ਹਿਰੇ ਦੇ ਸਰਕਾਰੀ ਹਾਈ ਸਕੂਲ ਜਿੱਥੇ ਮੈਂ ਪੜ੍ਹਦਾ ਸੀ, ਓਥੇ ਇੱਕ ਮਾਸਟਰ ਸੀ ਚੀਮਾ। ਓਹਨੇ ਇੱਕ ਦਿਨ ਕਲਾਸ 'ਚ ਗੁਰੂ ਗੋਬਿੰਦ ਸਿੰਘ ਜੀ ਦੇ ਬਾਰੇ ਕੁਝ ਕਹਿ ਦਿੱਤਾ, ਕੋਈ ਗ਼ਲਤ ਬਿਆਨੀ ਕੀਤੀ ਸੀ। ਮੈਂ ਨਿਆਣਾ ਸਾਂ, ਮੈਨੂੰ ਵਧੇਰੇ ਨ੍ਹੀਂ ਪਤਾ। ਪਤਾ ਓਦੋਂ ਲੱਗਾ ਜਦੋਂ ਅਗਲੇ ਦਿਨ ਬਾਬਾ ਮਾਨੋਚਾਹਲ ਸਾਡੇ ਸਕੂਲ ਸਾਡੀ ਕਲਾਸ 'ਚ ਆ ਗਿਆ। ਕਲਾਸ 'ਚ ਆ ਕੇ ਉਹਨੇ ਗੁਰੂ ਗੋਬਿੰਦ ਸਿੰਘ ਬਾਰੇ ਲੈਕਚਰ ਦਿੱਤਾ ਤੇ ਮਾਸਟਰ ਚੀਮੇ ਦੀਆਂ ਆਖੀਆਂ ਗੱਲਾਂ ਨੂੰ ਗ਼ਲਤ ਸਿੱਧ ਕੀਤਾ। ਮਾਸਟਰ ਚੀਮਾ ਚੁੱਪ ਈ ਰਿਹਾ। ਮੇਰੇ ਤੇ ਬੜਾ ਪ੍ਰਭਾਵ ਪਿਆ ਪਈ ਆਹ ਨਿੱਕੀ ਜਿਹੀ ਉਮਰ ਦਾ ਸਿੰਘ ਕਿੰਨੀ ਜਾਣਕਾਰੀ ਰੱਖਦੈ । ਬਾਅਦ 'ਚ ਮੈਨੂੰ ਪਤਾ ਲੱਗਾ ਕਿ ਬਾਬਾ ਮਾਨੋਚਾਹਲ ਵੀ ਉਸੇ ਹੀ ਸਕੂਲ 'ਚੋਂ ਪੜ੍ਹ ਕੇ ਗਿਆ ਸੀ। ਫਿਰ ਸੰਤ ਕਰਤਾਰ ਸਿੰਘ ਦੇ ਦੀਵਾਨ ਲੱਗਣੇ ਸ਼ੁਰੂ ਹੋਏ, ਸਾਡੇ ਪਿੰਡ 'ਚੋਂ 15-20 ਜਣੇ ਅੰਮ੍ਰਿਤ ਛਕਣ ਲਈ ਬਾਬਾ ਨੱਥਾ ਸਿੰਘ ਨੇ ਉੱਦਮ ਕਰ ਕੇ ਤਿਆਰ ਕੀਤੇ, ਵਿੱਚ ਮੇਰਾ ਛੋਟਾ ਭਰਾ ਸੁਖਦੇਵ ਵੀ ਸੀ। ਮੈਂ ਉਹਨੂੰ ਮਖ਼ੌਲ ਕਰਦਾ ਪਰ ਉਹ ਇਰਾਦੇ ਦਾ ਪੱਕਾ ਰਿਹਾ। ਮੈਂ ਨ੍ਹੀਂ ਪਹਿਲਾਂ ਵਾ਼ਲ ਕਟਾਉਣੇ ਛੱਡੇ।

ਸਵਾਲ : ਫਿਰ ਤੁਹਾਡਾ ਮਨ ਕਿਵੇਂ ਤਿਆਰ ਹੋਇਆ ?

ਸੰਤ ਕਰਤਾਰ ਸਿੰਘ ਜੀ ਖ਼ਾਲਸਾ

ਜਵਾਬ : ਛੋਟਾ ਭਰਾ ਆ ਕੇ ਸੰਤ ਕਰਤਾਰ ਸਿੰਘ ਜੀ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ। ਮੈਨੂੰ ਉਹ ਚੰਗੇ ਲੱਗਣ ਲੱਗ ਪਏ। ਮੈਂ ਭਾਵੇਂ ਮੋਨਾ ਹੀ ਸੀ, ਪਰ ਜਦੋਂ 1977 'ਚ ਸੰਤ ਕਰਤਾਰ ਸਿੰਘ ਜੀ ਦੇ ਐਕਸੀਡੈਂਟ ਹੋਣ ਤੇ ਫਿਰ ਚੜ੍ਹਾਈ ਕਰ ਜਾਣ ਦੀ ਖ਼ਬਰ ਮਿ਼ਲੀ ਤਾਂ ਮੈਂ ਵੀ ਆਪਣੇ ਛੋਟੇ ਭਰਾ ਦੇ ਗ਼ਲ ਲੱਗ ਕੇ ਬੜਾ ਰੋਇਆ।

ਸਵਾਲ : ਫੇਰ ਤੁਸੀਂ ਵੀ ਅੰਮ੍ਰਿਤ ਛਕ ਲਿਆ ?

ਜਵਾਬ : ਫੇਰ ਬਾਬਾ ਮਾਨੋਚਾਹਲ ਨਾਲ ਜਾਣ-ਪਛਾਣ ਹੋਗੀ, ਆਉਣ ਜਾਣ ਵੀ ਹੋ ਗਿਆ। ਛੋਟਾ (ਸੁਖਦੇਵ ਸਿੰਘ) ਤੇ ਬਾਬਾ ਮਾਨੋਚਾਹਲ 'ਕੱਠੇ ਮਹਿਤੇ ਆਉਣ ਜਾਣ ਲੱਗ ਪਏ। ਫੇਰ ਬਾਬੇ ਮਾਨੋਚਾਹਲ ਨੇ ਨੌਸ਼ਹਿਰੇ ਪੰਨੂੰਏ ਜਿਹੜਾ ਛੱਪੜ ਸੀ, ਉਹ ਪੂਰਨਾ ਸ਼ੁਰੂ ਕਰਤਾ, ਟਰਾਲੀਆਂ ਲੁਆ ਕੇ, ਓਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਸ਼ੁਰੂ ਕੀਤੀ। ਫੇਰ 1978 ਦਾ ਸਾਕਾ



ਹੋਇਆ, ਪਤਾ ਲੱਗਾ ਕਿ ਬਾਬਾ ਮਾਨੋਚਾਹਲ ਵੀ ਉਹਦੇ 'ਚ ਜ਼ਖਮੀ ਹੋਇਐ। ਫਿਰ ਚੱਲ ਸੋ ਚੱਲ... ਨਰਕਧਾਰੀ ਦਾ ਕਤਲ਼ ਹੋਇਆ, ਅਸੀਂ ਖੇਤਾਂ 'ਚ ਕਣਕ ਵੱਢਣ ਡਹੇ ਸੀ ਜਦੋਂ ਖ਼ਬਰ ਸੁਣੀ। ਜੈਕਾਰੇ ਛੱਡੇ, ਫਿਰ ਲਾਲ਼ਾ ਜਗਤ ਨਰਾਇਣ ਕਤਲ਼ ਹੋਇਆ, ਸੰਤ ਗ੍ਰਿਫ਼ਤਾਰ ਹੋਏ, ਛੋਟਾ ਓਦੋਂ ਵੀ ਮਹਿਤੇ ਸੀ, ਉਹਨੇ ਆ ਕੇ ਸਾਰਾ ਕੁਝ ਦੱਸਿਆ। ਫਿਰ ਬਾਬਾ ਮਾਨੋਚਾਹਲ ਨੇ ਸਲਾਹ ਕੀਤੀ ਕਿ ਸੰਤਾਂ ਦੀ ਗ੍ਰਿਫ਼ਤਾਰੀ ਵਿਰੁੱਧ ਬੱਸਾਂ ਲੂਹੀਏ। ਸੰਤ ਛੇਤੀ ਰਿਹਾਅ ਹੋ ਗਏ, ਫਿਰ ਮੋਰਚਾ ਲੱਗ ਗਿਆ। ਮੈਂ ਵੀ ਕੇਸ ਰੱਖ ਲਏ। ਹੁਣ ਛੋਟਾ ਕਹਿੰਦਾ ਕਿ ਆਪਣੇ 'ਚੋਂ ਇੱਕ ਜਣਾ ਪੱਕਾ ਸੰਤਾਂ ਕੋਲ਼ ਜਾਣਾ ਚਾਹੀਦੈ। ਫਿਰ ਉਹ ਆਪ ਪੱਕਾ ਈ ਸੰਤਾਂ ਕੋਲ਼ ਚਲਾ ਗਿਆ।

ਸਵਾਲ : ਫਿਰ ਤੁਸੀਂ ਉਹਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕੀਤੀ ?

ਜਵਾਬ : ਵਾਪਸ ਕੀ ਲਿਆਉਣਾ ਸੀ, ਉਹਦਾ ਕਿਸੇ ਵਾਰਦਾਤ 'ਚ ਨਾਂ ਆ ਗਿਆ ਤੇ ਦਿੱਲੀ ਦੀ ਪੁਲਿਸ ਨੇ ਸਾਡੇ ਘਰ ਛਾਪਾ ਮਾਰਿਆ। ਇਹ 1983 ਦੀ ਗੱਲ ਆ, ਅਸੀਂ ਭੱਜ ਗਏ। ਪਿਤਾ ਜੀ ਡਿੱਗ ਪਏ ਤੇ ਉਹਨਾਂ ਦੀ ਬਾਂਹ ਟੁੱਟਗੀ। ਓਦੋਂ ਬਚੇ ਤੇ ਫਿਰ ਪੰਜਾਬ ਪੁਲਿਸ ਪੈਣ ਲੱਗ ਪਈ, ਮਜਬੂਰ ਹੋ ਕੇ ਅਸੀਂ ਸਾਰਾ ਟੱਬਰ ਈ ਘਰ ਛੱਡ ਕੇ ਦਰਬਾਰ ਸਾਹਿਬ ਆ ਗਏ। ਸਰਾਂਅ 'ਚ 132 ਨੰਬਰ ਕਮਰੇ 'ਚ ਅਸੀਂ ਸਾਰਾ ਪਰਿਵਾਰ ਰਹਿਣ ਲੱਗ ਪਏ।

ਸਵਾਲ : ਫੇਰ ਓਥੇ ਕਦੋਂ ਤਕ ਰਹਿੰਦੇ ਰਹੇ ?

ਜਵਾਬ : ਬਾਕੀ ਸਾਰੇ ਓਥੇ ਹੀ ਰਹਿੰਦੇ ਰਹੇ, ਮੈਂ ਕਦੇ ਕਦਾਈਂ ਪਿੰਡ ਆ ਕੇ ਖੇਤ ਵੇਖ ਜਾਂਦਾ, ਕਦੇ ਪਿਤਾ ਜੀ ਆ ਜਾਂਦੇ। ਮਾਤਾ ਤੇ ਨਿੱਕੀਆਂ ਭੈਣਾਂ ਓਥੇ ਈ ਰਹੀਆਂ। ਓਥੇ ਰਹਿੰਦਿਆਂ ਈ ਦਰਬਾਰ ਸਾਹਿਬ ਤੇ ਹਮਲਾ ਹੋ ਗਿਆ।



ਸਵਾਲ : ਹਮਲੇ ਦੀ ਸ਼ੁਰੂਆਤ ਕਿਵੇਂ ਹੋਈ ?

ਜਵਾਬ : ਪਹਿਲੀ ਜੂਨ ਵਾਲ਼ੇ ਦਿਨ ਦੁਪਹਿਰੇ 12 ਵੱਜ ਕੇ 40 ਮਿੰਟ ਤੇ ਸੀ.ਆਰ.ਪੀ. ਨੇ ਗੋਲ਼ੀ ਚਲਾਉਣੀ ਸ਼ੁਰੂ ਕੀਤੀ। 6-7 ਘੰਟੇ ਲਗਾਤਾਰ ਗੋਲ਼ੀ ਚੱਲਦੀ ਰਹੀ। ਜਦੋਂ ਗੋਲ਼ੀ ਬੰਦ ਹੋਈ ਤਾਂ ਪਿਤਾ ਜੀ ਨੇ ਮੇਰੇ ਮਾਤਾ ਤੇ ਨਿੱਕੀਆਂ ਭੈਣਾਂ ਨੂੰ ਨਾਨਕੇ ਭੇਜ ਦਿੱਤਾ, ਅਸੀਂ ਓਥੇ ਰਹਿ ਪਏ। ਸਾਨੂੰ ਏਨਾ ਨ੍ਹੀਂ ਸੀ ਪਈ ਦਰਬਾਰ ਸਾਹਿਬ ਤੇ ਇਹ ਹਮਲਾ ਕਰ ਦੇਣਗੇ ।

ਸਵਾਲ : ਫੇਰ ਇਹ ਭੁਲੇਖਾ ਕਿਵੇਂ ਟੁੱਟਾ ?

ਜਵਾਬ : ਫਿਰ ਪਹਿਲਾਂ ਤਾਂ ਕਰਫ਼ਿਊ ਲੱਗਾ ਰਿਹਾ। ਫਿਰ ਗੁਰੂ ਪੰਚਮ ਪਾਤਸ਼ਾਹ ਦਾ ਸ਼ਹੀਦੀ ਪੁਰਬ ਆ ਗਿਆ, ਹਜ਼ਾਰਾਂ ਸੰਗਤਾਂ ਆ ਪਹੁੰਚੀਆਂ। ਵੈਸੇ ਛੋਟੇ (ਸੁਖਦੇਵ ਸਿੰਘ) ਨੇ ਸਾਨੂੰ ਕਹਿਤਾ ਸੀ ਪਈ ਧਿਆਨ ਨਾਲ਼ ਰਿਹੋ—ਕਦੇ ਵੀ ਕੁਝ ਹੋ ਸਕਦੈ। ਮੇਰੇ ਨਾਲ ਪਿੰਡ ਕਾਲੇਕੇ ਹਠਾੜ ਦੇ ਚਾਰ ਜਣੇ ਸੀ, ਥੋੜ੍ਹਾ ਚਿਰ ਪਹਿਲੋਂ ਆਏ ਸੀ, ਇੱਕ ਦੇਸਾ ਸਿੰਘ, ਇਹ ਮੋਨਾ ਸੀ, ਚੰਦਾ ਸਿੰਘ, ਕਾਰਜ ਸਿੰਘ, ਇਹ ਫ਼ੀਮ ਖਾਂਦਾ ਸੀ, ਤੇ ਚੌਥਾ ਬੰਤਾ ਸਿੰਘ। ਬੰਤਾ ਸਿੰਘ ਦੀ ਬਾਂਹ 'ਚ ਨੁਕਸ ਸੀ। ਇਹ ਸਾਰੇ ਅੰਮ੍ਰਿਤ ਛਕਣ ਆਏ ਸੀ।

ਤਿੰਨ ਜੂਨ ਰਾਤ ਅਸੀਂ, ਮੇਰੇ ਨਾਲ਼ ਇਹ ਚਾਰੇ ਜਣੇ, ਸਰੋਵਰ ਦੇ ਨਾਲ਼ ਉੱਪਰ ਜਿਹੜੀ ਬੰਨੀ ਹੁੰਦੀ ਆ, ਉਹਦੇ ਤੇ ਸੁੱਤੇ ਸੀ। ਸਵੇਰੇ 3 ਕੁ ਵਜੇ ਇੱਕ ਰੋਹਬ ਵਾਲ਼ੇ ਸਿੰਘ ਨੇ ਸਾਨੂੰ ਉਠਾਇਆ ਤੇ ਕਮਰਿਆਂ 'ਚ ਜਾਣ ਲਈ ਆਖਿਆ। ਉਸ ਸਿੰਘ ਨੇ ਚਿੱਟੀ ਕੇਸਕੀ ਬੰਨ੍ਹੀ ਸੀ ਤੇ ਮੋਢੇ ਤੇ ਕਾਰਬਾਈਨ ਪਾਈ ਸੀ ਛੇਕਾਂ ਵਾਲ਼ੀ। ਬਾਅਦ 'ਚ ਪਤਾ ਲੱਗਾ ਕਿ ਉਹ ਜਨਰਲ ਸੁਬੇਗ ਸਿੰਘ ਸੀ। ਉਹ ਸਾਨੂੰ ਉਠਾ ਕੇ ਅੱਗੇ ਜਾਣ, ਤੇ ਅਸੀਂ ਫੇਰ ਸੌਂ ਜੀਏ। ਦੋ ਵਾਰ ਇਉਂ ਹੋਇਆ ਤੇ ਫਿਰ ਤੀਜੀ ਵਾਰ ਉਹਨੇ ਸਖ਼ਤੀ ਨਾਲ਼

ਉਠਾਇਆ। ਅਸੀਂ ਉੱਠ ਪਏ ਕਿ ਮਨਾਂ—ਚਲੋ ਕਮਰਿਆਂ 'ਚ ਜਾ ਕੇ ਇਸ਼ਨਾਨ ਪਾਣੀ ਕਰੀਏ।

ਸਵਾਲ : ਫੇਰ ਕਮਰਿਆਂ ਤਕ ਪਹੁੰਚੇ ?

ਜਵਾਬ : ਕਮਰਿਆਂ ਤਕ ਪਹੁੰਚ ਗਏ। ਕਮਰੇ 'ਚੋਂ ਕਛਹਿਰਾ ਪਰਨਾ ਚੁੱਕ ਕੇ ਮੈਂ ਬਾਥਰੂਮਾਂ ਵੱਲ ਨੂੰ ਆਇਆ ਕਿ ਚੰਦਾ ਸਿੰਘ ਤੇ ਦੇਸਾ ਸਿੰਘ ਆਂਹਦੇ:- "ਆ ਤੈਨੂੰ ਕੁਛ ਵਿਖਾਈਏ।" ਮੈਂ ਵੇਖਿਆ, ਸਿੰਧੀ ਹੋਟਲ ਵਾਲ਼ੀ ਸਾਈਡ ਤੇ ਫ਼ੌਜੀ ਮੋਰਚੇ ਬਣਾਉਣ ਡਹੇ ਆ, ਰੇਤ ਦੀਆਂ ਬੋਰੀਆਂ ਰੱਖ ਰੱਖ ਕੇ। ਮੈਂ ਵਧੇਰੇ ਤਵੱਜੋਂ ਨਾ ਦਿੱਤੀ। ਟੌਇਲਟ ਜਾ ਕੇ ਆਏ ਈ ਸੀ ਕਿ ਬੰਬ ਚੱਲਿਆ, ਬੜਾ ਜ਼ਬਰਦਸਤ ਧਮਾਕਾ ਹੋਇਆ, ਫਿਰ ਨਾਲ਼ ਈ ਗੋਲ਼ੀ ਚੱਲਣੀ ਸ਼ੁਰੂ ਹੋ ਗਈ। ਅਸੀਂ ਭੱਜ ਕੇ ਸਰਾਂਅ 'ਚ ਆ ਵੜੇ। ਓਥੇ ਕਣਕ ਦੀਆਂ ਬੋਰੀਆਂ ਪਈਆਂ ਸੀ। ਓਥੇ ਫ਼ੈਡਰੇਸ਼ਨ ਦੇ ਹਰਮਿੰਦਰ ਸਿੰਘ ਸੰਧੂ, ਵਲਟੋਹਾ, ਮਹਿਤਾ, ਚਾਵਲਾ, ਸਾਰੇ ਜਣੇ ਸੀ। ਦੋ ਐਲ.ਐਮ.ਜੀ ਸੀਗੀਆਂ ਇਹਨਾਂ ਕੋਲ, ਬੜੀ ਗੋਲ਼ੀ ਚੱਲੀ। ਅਸੀਂ ਹੁਣ ਕਾਹਲ਼ੇ ਸੀ ਕਿ ਕਿਸੇ ਤਰੀਕੇ ਦਰਬਾਰ ਸਾਹਿਬ ਜਾਂ ਅਕਾਲ ਤਖ਼ਤ ਤੇ ਚਲੇ ਜਾਈਏ, ਸਾਨੂੰ ਅਜੇ ਵੀ ਨ੍ਹੀਂ ਸੀ ਲੱਗਦਾ ਕਿ ਫ਼ੌਜ ਦਰਬਾਰ ਸਾਹਿਬ ਦੇ ਅੰਦਰ ਵੜ ਆਊ।

ਸਵਾਲ : ਫਿਰ ਅੰਦਰ ਜਾ ਸਕੇ ?

ਜਵਾਬ : ਸਾਰਾ ਦਿਨ ਗੋਲ਼ੀ ਚੱਲਦੀ ਰਹੀ। ਰਾਤ ਨੂੰ ਕਿਸੇ ਨੇ ਇੱਕ ਸ਼ਟਰ ਖੋਲ੍ਹਿਆ ਤੇ ਫਿਰ ਮੈਂ, ਪਿਤਾ ਜੀ, ਦੇਸਾ ਸਿੰਘ, ਕਾਰਜ ਸਿੰਘ ਤੇ ਚੰਦਾ ਸਿੰਘ ਗੁਰੂ ਰਾਮਦਾਸ ਲੰਗਰ ਵੱਲ ਦੀ ਪਰਕਰਮਾ 'ਚ ਬਚਦੇ ਬਚਾਉਂਦੇ ਪਹੁੰਚ ਈ ਗਏ। ਗੋਲ਼ੀ ਚੱਲ ਰਹੀ ਸੀ। ਅਸੀਂ ਨੇੜ੍ਹੇ 'ਚ ਥਮ੍ਹਲਿਆਂ ਨਾਲ ਲੱਗ ਲੱਗ ਕੇ ਅੱਗੇ ਵਧੀ ਗਏ ਤੇ ਅਕਾਲ ਤਖ਼ਤ ਸਾਹਿਬ ਦੇ ਨਾਲ਼ ਕੜਾਹ ਪ੍ਰਸ਼ਾਦ ਵਾਲ਼ੇ ਕਮਰਿਆਂ ਨਾਲ਼ ਲੱਗਦੀ ਡਿਓੜ੍ਹੀ 'ਚ ਪਹੁੰਚ ਗਏ। ਓਥੇ ਸਿੰਘਾਂ ਦਾ ਮੋਰਚਾ ਸੀ ਤੇ ਮੇਰੀ ਓਥੇ ਰਹਿਣ ਕਰ ਕੇ ਉਹਨਾਂ ਨਾਲ਼ ਜਾਣ-ਪਛਾਣ ਸੀ। ਅਸੀਂ ਸੋਚਿਆ ਕਿ ਏਥੇ ਬਚੇ ਰਹਾਂਗੇ। ਅਸੀਂ ਓਥੇ ਰਹਿ ਪਏ।

ਸਵਾਲ : ਫਿਰ ਓਥੇ ਤੁਸੀਂ ਲੜਾਈ ਹੁੰਦੀ ਵੀ ਵੇਖੀ ?

ਜਵਾਬ:- ਹਾਂ ਓਥੇ ਤਾਂ ਅਕਾਲ ਤਖ਼ਤ ਸਾਹਿਬ ਹੋਣ ਕਰ ਕੇ ਉਹ ਲੜਾਈ ਦਾ ਮੁੱਖ ਟਾਰਗੇਟ ਸੀ, ਪਰ ਜੁਝਾਰੂ ਸਿੰਘਾਂ ਦੀ ਚੜ੍ਹਦੀ ਕਲਾ ਵੇਖੀ। ਓਥੇ ਸ਼ਹੀਦ ਭਾਈ ਗੋਪਾਲ ਸਿੰਘ ਮਹਿਤਾ, ਜਿਨ੍ਹਾਂ ਨੂੰ 78 ਦੇ ਸਾਕੇ 'ਚ ਗੋਲ਼ੀ ਲੱਗਣ ਕਰਕੇ 'ਸ਼ਹੀਦ' ਕਿਹਾ ਜਾਂਦਾ ਸੀ, ਉਹ, ਬਲਵਿੰਦਰ ਸਿੰਘ ਖੋਜਕੀਪੁਰ, ਉਹਨਾਂ ਦਾ ਰਿਸ਼ਤੇਦਾਰ ਬੂਆ ਸਿੰਘ ਮੱਲ੍ਹੀਆਂ, ਜਿਹੜਾ ਫ਼ੌਜ 'ਚੋਂ ਆਇਆ ਛੇ ਫੁੱਟ ਤੋਂ ਵੀ ਲੰਮਾ ਜਵਾਨ ਸੀ, ਉਹ ਆਂਹਦਾ:- "ਫ਼ੌਜ ਨੇ ਹੁਣ ਨ੍ਹੀਂ ਹਟਣਾ। ਇਹ ਜਿਵੇਂ ਹਮਲਾ ਕੀਤੈ ਇਹ ਹਟਦੇ ਨ੍ਹੀਂ ਹੁੰਦੇ।" ਉਹ ਮਖ਼ੌਲੀਆ ਵੀ ਬੜਾ ਸੀ, ਧਮਾਕਿਆਂ ਦੀ ਅਵਾਜ਼ ਸੁਣ ਕੇ ਦੱਸ ਦਿੰਦਾ ਸੀ ਕਿ ਹੁਣ ਫਲਾਣੀ ਗੰਨ ਚੱਲ ਰਹੀ ਆ, ਹੁਣ ਮਾਰਟਰ ਗੰਨ ਚੱਲ ਰਹੀ ਆ, ਹੁਣ ਐਂਟੀ ਟੈਂਕ ਗੰਨ

ਚੱਲ ਰਹੀ ਆ। ਉਹਨੇ ਹੀ ਦੱਸਿਆ, ਆਂਹਦਾ 'ਔਹ ਉਹਨਾਂ ਉਡਾ 'ਤੀ ਆ ਪਾਣੀ ਵਾਲ਼ੀ ਟੈਂਕੀ।'

ਸਵਾਲ: ਫਿਰ ਮੁਕਾਬਲੇ ਲਈ ਸਿੰਘ ਕੀ ਕਰਦੇ ਰਹੇ ?

ਭਾਈ ਬੂਆ ਸਿੰਘ ਮੱਲ੍ਹੀਆਂ (ਸ਼ਹੀਦ)

ਭਾਈ ਕਰਤਾਰ ਸਿੰਘ ਦੇ ਪਿਤਾ ਜੀ ਭਾਈ ਮਹਿੰਦਰ ਸਿੰਘ ਭੱਠਲ ਭਾਈਕੇ (ਸ਼ਹੀਦ)

ਜਵਾਬ : ਮੈਂ ਜਿਸ ਮੋਰਚੇ 'ਚ ਸਬੱਬੀ ਪਹੁੰਚ ਗਿਆ ਸੀ, ਓਥੇ ਮੈਂ ਸਿੰਘਾਂ ਨੂੰ ਲੜਦਿਆਂ ਵੇਖਿਆ। ਖੋਜਕੀਪੁਰ, ਬੂਆ ਸਿੰਘ ਤੇ ਗੋਪਾਲ ਸਿੰਘ, ਇਹ ਤਿੰਨ ਜਣੇ ਸੀ ਮੇਨ, ਇਹਨਾਂ ਨੇ ਇੱਕ ਚੁਬਾਰੇ ਦੀ ਨਿਸ਼ਾਨਦੇਹੀ ਕੀਤੀ ਕਿ ਫ਼ੌਜ ਓਥੋਂ ਬੜੀ ਗੋਲ਼ੀ ਚਲਾ ਰਹੀ ਆ। ਇਹ ਆਂਹਦੇ ਇਸ ਚੁਬਾਰੇ ਤੇ ਅਟੈਕ ਕਰੀਏ। ਇਹਨਾਂ ਨੇ ਆਪਣੀਆਂ ਐਲ.ਐਮ.ਜੀਆਂ ਮੋਰਚੇ ਚੋਂ ਬੋਰੀਆਂ ਦੇ ਵਿੱਚ ਦੀ ਬਾਹਰ ਕੱਢੀਆਂ। ਅਜੇ ਚਲਾਈਆਂ ਨ੍ਹੀਂ ਸੀ ਕਿ ਐਨ ਓਥੇ ਇੱਕ ਗੋਲ਼ਾ ਆ ਕੇ ਵੱਜਾ, ਇਹ ਸਾਰੇ ਪਿੱਛੇ ਡਿੱਗ ਪਏ, ਬੋਰੀਆਂ ਵੀ ਡਿੱਗ ਪਈਆਂ। ਬੂਆ ਸਿੰਘ ਆਂਹਦਾ 'ਫ਼ੌਜ ਨੇ ਟੈਲੀਸਕੋਪ ਨਾਲ਼ ਆਪਣੀਆਂ ਗੰਨਾਂ ਦੀਆਂ ਨਾਲ਼ਾਂ ਬਾਹਰ ਨਿਕਲ਼ੀਆਂ ਵੇਖ ਲਈਆਂ, ਤੇ ਫੇਰ ਓਥੇ ਗੋਲ਼ਾ ਮਾਰਿਐ।'

ਸਵਾਲ : ਫੇਰ ਮੋਰਚੇ ਦਾ ਕੀ ਬਣਿਆ ?

ਜਵਾਬ : ਮੋਰਚਾ ਨ੍ਹੀਂ ਉਹਨਾਂ ਛੱਡਿਆ, ਉਹ ਡਟੇ ਰਹੇ। ਮੇਰੇ ਪਿਤਾ ਜੀ ਵੀ ਫ਼ੌਜੀ ਸੀ, ਇਹਨਾਂ ਨੂੰ ਵੀ ਜੋਸ਼ ਆ ਗਿਆ, ਆਂਹਦੇ, ਲਿਆਓ ਮੈਨੂੰ ਵੀ ਕੁਝ ਦਿਓ। ਫਿਰ ਬੂਆ ਸਿੰਘ ਨੇ ਨੌਂ ਇੰਚੀ ਕੰਧ 'ਚ ਛੇਕ ਕਰ ਕੇ ਐਲ.ਐਮ.ਜੀ ਫ਼ੌਜ ਦੇ ਚੁਬਾਰੇ ਵੱਲ ਕੱਢੀ, ਵਾਕੀ ਟਾਕੀ ਕੋਲ਼ ਸੀ। ਓਧਰੋਂ ਅੱਗੇ ਸੁਖਦੇਵ ਹੋਰਾਂ ਕੋਲ਼ ਵੀ ਇੱਕ ਚੁਬਾਰਾ ਸੀ, ਉਹਨਾਂ ਕੋਲ਼ ਵੀ ਤਿੰਨ ਐਲ.ਐਮ.ਜੀਆਂ ਸੀ। ਇਹਨਾਂ ਦੋਹਾਂ ਮੋਰਚਿਆਂ ਤੋਂ ਇਹਨਾਂ ਨੇ ਐਲ.ਐਮ.ਜੀਆਂ ਨਾਲ਼ ਐਨੀ ਜ਼ਬਰਦਸਤ ਗੋਲ਼ੀ ਉਸ ਚੁਬਾਰੇ ਤੇ ਵਰ੍ਹਾਈ ਕਿ ਉਹਦੀ ਇੱਕ ਛੱਤ ਹੀ ਟੁੱਟ ਗਈ ਤੇ ਚੁਬਾਰਾ ਈ ਟੇਢਾ ਹੋ ਗਿਆ। ਸਿੰਘਾਂ ਨੇ ਫਿਰ ਜੈਕਾਰੇ ਛੱਡੇ। ਬੂਆ ਸਿੰਘ ਆਂਹਦਾ, "ਔਹ ਭੰਨ 'ਤਾ ਚੁਬਾਰਾ, ਹੁਣ ਏਥੋਂ ਨ੍ਹੀਂ ਕੋਈ ਸਿਰ ਚੁੱਕੂ।"

ਸਵਾਲ : ਫੇਰ ਤਾਂ ਤੁਸੀਂ ਲੜਾਈ ਦੇ ਹੋਰ ਵੀ ਦ੍ਰਿਸ਼ ਵੇਖੇ ਹੋਣਗੇ?

ਜਵਾਬ : ਓਥੇ ਤਾਂ ਸਾਰੀ ਲੜਾਈ ਵੇਖੀ, ਹੋਰ ਕਿਸੇ ਪਾਸੇ ਨਿਕਲ਼ ਨ੍ਹੀਂ ਸੀ ਸਕਦਾ, ਪਰ ਜੁਝਾਰੂ ਸਿੰਘ ਬੜੀ ਦਲੇਰੀ ਨਾਲ਼ ਮੁਕਾਬਲਾ ਕਰ ਰਹੇ ਸੀ। 5 ਜੂਨ ਸ਼ਾਮ 5 ਵਜੇ ਫ਼ਾਇਰਿੰਗ ਕੁਝ ਘੱਟ ਹੋਈ, ਮੈਂ ਸੋਚਿਆ ਕਿ ਹੁਣ ਸ਼ਾਇਦ ਲੜਾਈ ਬੰਦ ਹੋ ਜੂ, ਪਰ ਇਹ ਫੇਰ ਤੇਜ਼ ਹੋ ਗਈ। 5 ਜੂਨ ਦੀ ਰਾਤ ਨੂੰ ਭਾਈ ਅਮਰੀਕ ਸਿੰਘ ਸਾਡੇ ਮੋਰਚੇ ਤੇ ਆਏ, ਓਦੋਂ ਮੈਂ ਆਖ਼ਰੀ ਵਾਰ ਉਹਨਾਂ ਦੇ ਦਰਸ਼ਨ ਕੀਤੇ । ਉਹ ਮੋਰਚੇ ਵਾਲ਼ੇ ਸਿੰਘਾਂ ਨੂੰ ਆਂਹਦੇ ਕਿ

ਆਹ ਜਿਹੜੀ ਪਿਛਲੇ ਪਾਸੇ ਗਲ਼ੀ ਆ, ਇਹਦੇ ਰਾਹੀਂ ਇੱਕ ਫ਼ੌਜੀ ਵੀ ਅੰਦਰ ਨ੍ਹੀਂ ਆਉਣਾ ਚਾਹੀਦਾ, ਇਹ ਤੁਹਾਡੀ ਜ਼ਿੰਮੇਵਾਰੀ ਆ, ਤੁਸੀਂ ਸਿਰਫ਼ ਏਧਰ ਈ ਧਿਆਨ ਰੱਖਣਾ, ਹੋਰ ਕਿਸੇ ਪਾਸੇ ਨ੍ਹੀਂ। ਫ਼ੌਜ ਏਧਰ ਦੀ ਜੇ ਅੰਦਰ ਆਵੇ ਤਾਂ ਤੁਹਾਨੂੰ ਮਾਰ ਕੇ ਹੀ ਅੰਦਰ ਆਵੇ, ਜਿਊਂਦਿਆਂ ਦੇ ਨ੍ਹੀਂ। ਫੇਰ ਸਿੰਘਾਂ ਨੇ ਆਪਣੀਆਂ ਐਲ.ਐਮ.ਜੀਆਂ ਉਸ ਗਲ਼ੀ ਵੱਲ ਬੀੜ ਲਈਆਂ।

ਸ਼ਹੀਦ ਗੋਪਾਲ ਸਿੰਘ ਮੋਰਚੇ ਦਾ ਇੰਚਾਰਜ ਸੀ, ਬੂਆ ਸਿੰਘ, ਖੋਜਕੀਪੁਰ, ਇੱਕ ਸ਼ਹਿਰ ਦਾ ਸਿੰਘ ਸੀ ਤੇ ਛੇ ਫ਼ੌਜੀ ਸਿੰਘ ਸੀ ਜਿਨ੍ਹਾਂ ਕੋਲ਼ ਐਸ.ਐਲ.ਆਰਾਂ ਸੀ। ਕਾਰਜ ਸਿੰਘ ਮੈਨੂੰ ਆਖੀ ਜਾਵੇ ਕਿ ਆਪਾਂ ਏਥੋਂ ਨਿਕਲ਼ੀਏ। ਮੈਂ ਆਖਾਂ ਨਿਕਲ਼ ਕੇ ਹੁਣ ਕਿੱਧਰ ਨੂੰ ਜਾਣਾ ਈ ? ਫਿਰ ਉਹ ਕੱਲ੍ਹਾ ਹੀ ਨਿਕਲ਼ ਤੁਰਿਆ ਤੇ ਥੋੜ੍ਹਾ ਅੱਗੇ ਜਾ ਕੇ ਉਹਦੇ ਗੋਲ਼ੀਆਂ ਵੱਜੀਆਂ ਤੇ ਉਹ ਮਰ ਗਿਆ। ਕੋਈ ਰਾਹ ਹੀ ਨਊਂ ਸੀ। ਤਿੰਨ ਐਲ.ਐਮ.ਜੀਆਂ 'ਚੋਂ ਇੱਕ ਹੁਣ ਮੇਰੇ ਪਿਤਾ ਕੋਲ਼ ਸੀ, ਇੱਕ ਬੂਆ ਸਿੰਘ ਕੋਲ਼ ਤੇ ਇੱਕ ਸ਼ਹਿਰ ਵਾਲ਼ੇ ਸਿੰਘ ਕੋਲ਼। ਅੱਗੇ ਇੱਕ ਹੋਰ ਚੁਬਾਰਾ ਸੀ, ਓਥੇ ਫੂਲ ਮਹਿਰਾਜ ਵਾਲ਼ੇ ਸਿੰਘ ਸੀ, ਉਹਨਾਂ ਕੋਲ਼ ਵੀ ਤਿੰਨ ਐਲ.ਐਮ.ਜੀਆਂ ਸੀ, ਬਾਕੀ ਸਿੰਘਾਂ ਨੂੰ ਮੋਰਚਿਆਂ 'ਚ ਬਟਾਲਾ ਬੰਬ (ਦੇਸੀ) ਦਿੱਤੇ ਹੋਏ ਸੀ। ਬੰਬਾਂ ਦੀ ਬੜੀ ਅਜੀਬ ਜਿਹੀ ਅਵਾਜ਼ ਆਉਂਦੀ ਸੀ, ਗੋਲ਼ੀ ਤਾਂ ਮੀਂਹ ਵਾਂਗੂੰ ਵਰ੍ਹ ਰਹੀ ਸੀ, ਮੋਰਚਿਆਂ ਵਾਲ਼ੇ ਸਿੰਘ ਲੋੜ ਪੈਣ ਤੇ ਕਾਰਤੂਸਾਂ ਦੇ ਤੋੜੇ ਭਰ ਕੇ ਲਿਜਾਂਦੇ ਸੀ। ਮੈਂ ਓਥੇ ਰਹਿਣ ਕਰ ਕੇ ਸਾਰੇ ਸਿੰਘਾਂ ਨੂੰ ਜਾਣਦਾ ਸੀ। ਮੈਨੂੰ ਬੱਬਰਾਂ ਦਾ ਇੱਕ ਸਿੰਘ ਸ਼ੇਰ ਸਿੰਘ ਭਈਆ ਸਿੰਘ ਵੀ ਇੱਕ ਰੇੜ੍ਹੀ ਤੇ ਲੱਦ ਕੇ ਅਸਲਾ ਲਈ ਜਾਂਦਾ ਦਿਸਿਆ। ਇੱਕ ਸਿੰਘ ਰੇੜ੍ਹੀ ਖਿੱਚ ਰਿਹਾ ਸੀ ਤੇ ਉਹ ਪਿੱਛੋਂ ਧੱਕ ਰਿਹਾ ਸੀ। ਬੱਬਰ ਵੀ ਸੰਤਾਂ ਕੋਲ਼ੋਂ ਅਸਲਾ ਲੈ ਕੇ ਜਾਂਦੇ ਰਹੇ।

ਸਵਾਲ : ਤੁਹਾਡਾ ਛੋਟਾ ਭਰਾ ਫਿਰ ਤੁਹਾਨੂੰ ਮਿਲ਼ਿਆ ?

ਜਵਾਬ : ਇੱਥੇ ਮੋਰਚੇ ਤੇ ਹੀ ਮੈਨੂੰ ਮੇਰਾ ਛੋਟਾ ਭਰਾ ਸੁਖਦੇਵ ਆਖ਼ਰੀ ਵਾਰ ਮਿਲ਼ਿਆ। ਉਹ ਆਪਣੀ ਐਲ.ਐਮ.ਜੀ ਲੈ ਕੇ ਆਇਆ ਸੀ, ਉਹ ਬਿਲਕੁਲ ਸੜ ਗਈ ਸੀ। ਉਹ ਸ਼ਹੀਦ ਗੋਪਾਲ ਸਿੰਘ ਨੂੰ ਆਂਹਦਾ 'ਆਹ ਤੁਸੀਂ ਠੀਕ ਕਰ ਲਿਓ, ਮੈਨੂੰ ਦੂਜੀ ਐਲ.ਐਮ.ਜੀ ਦਿਓ', ਉਹ ਬਦਲਾਅ ਕੇ ਲੈ ਗਿਆ। ਏਥੋਂ ਮੈਨੂੰ ਮਹਿਸੂਸ ਹੋਇਆ ਕਿ ਉਹਨਾਂ ਦੇ ਮੋਰਚੇ ਤੇ ਇੱਥੋਂ ਨਾਲ਼ੋਂ ਵੀ ਵੱਧ ਟੱਕਰ ਆ, ਉਹ ਸੜੀ ਐਲ.ਐਮ.ਜੀ ਇਹਨਾਂ ਵੇਖੀ, ਪਰ ਠੀਕ ਨ੍ਹੀਂ ਹੋਈ। ਇੱਕ ਹੋਰ ਵੀ ਸੀਨ ਵੇਖਿਆ, ਅੱਧੀ ਰਾਤ ਨੂੰ ਮੋਰਚੇ ਵਾਲ਼ਾ ਇੱਕ ਜੁਝਾਰੂ ਸਿੰਘ ਆਂਹਦਾ:- "ਯਾਰ ਔਹ ਥਮ੍ਹਲੇ ਦੇ ਨਾਲ਼ ਫ਼ੌਜੀ ਖਲੋਤਾ ਲੱਗਦਾ।" ਨੇਰ੍ਹਾ ਬੜਾ ਸੀ, ਬੜਾ ਅੱਗੇ ਹੋ ਹੋ ਕੇ ਵੇਖਿਆ, ਮੈਂ ਵੀ ਵੇਖਿਆ, ਨਿਸ਼ਾਨ ਸਾਹਿਬ ਦੇ ਕੋਲ਼ ਜਿੱਥੇ ਬਰਾਂਡੇ 'ਚ ਹੁਕਮਨਾਮਾ ਲਿਖਿਆ ਹੁੰਦਾ, ਓਥੇ ਥਮ੍ਹਲੇ

ਦੇ ਨਾਲ਼ ਸੱਚਮੁੱਚ ਇੱਕ ਫ਼ੌਜੀ ਗੰਨ ਫੜ ਕੇ ਲੁਕ ਕੇ ਖਲੋਤਾ ਸੀ। ਹੱਥ 'ਚ ਗੰਨ ਸੀ ਪਰ ਗੁੱਛੂ-ਮੁੱਛੂ ਜਿਹਾ ਹੋਈ ਜਾਵੇ। ਸਾਰੇ ਹੈਰਾਨ ਹੋਏ ਕਿ ਇਹ ਕਿੱਧਰ ਦੀ ਆ ਗਿਐ ? ਫਿਰ ਬੂਆ ਸਿੰਘ ਨੇ ਐਲ.ਐਮ.ਜੀ ਓਧਰ ਨੂੰ ਕੀਤੀ, ਟਾਰਗੇਟ ਲੈ ਕੇ ਇਕਦਮ ਉਹਨੇ 'ਤੜ ਤੜ ਤੜ' ਕਰ ਕੇ ਏਨੀ ਗੋਲ਼ੀ ਚਲਾਈ ਕਿ ਕੁਝ ਥਮ੍ਹਲਾ ਵੀ ਝੜ ਗਿਆ ਤੇ ਨਾਲ਼ ਹੀ ਉਹ ਫ਼ੌਜੀ ਡਿੱਗ ਪਿਆ ਤੇ ਉਹਨੂੰ ਅੱਗ ਲੱਗ ਗਈ। ਬੂਆ ਸਿੰਘ ਆਂਹਦਾ:- "ਇਹ ਤਾਂ ਕਮਾਂਡੋ ਆ ਕਮਾਂਡੋ, ਇਹਦੀ ਵਰਦੀ ਨੂੰ ਅੱਗ ਤਾਂ ਲੱਗੀ ਆ ਪਈ ਇਹਨੇ ਬੁਲੇਟ ਪਰੂਫ਼ ਜੈਕਟ ਪਾਈ ਸੀ।"

ਸਵਾਲ : ਉਹ ਫ਼ੌਜੀ ਆਇਆ ਕਿੱਧਰ ਦੀ ਹੋਊ ?

ਜਵਾਬ : ਇੱਕ ਨ੍ਹੀਂ ਸੀ ਆਇਆ, ਸੈਂਕੜੇ ਹੀ ਆ ਗਏ ਸੀ। ਇਹ ਤਾਂ ਬਾਅਦ 'ਚ ਪਤਾ ਲੱਗਾ ਕਿ ਹੈਲੀਕਾਪਟਰਾਂ ਨਾਲ਼ ਵੀ ਓਥੇ ਲਾਹੇ ਸੀ ਤੇ ਸਰੋਵਰ ਦੇ ਵਿੱਚ ਦੀ ਵੀ ਆਏ ਸੀ। ਫੇਰ ਅੱਧੀ ਕੁ ਰਾਤ ਨੂੰ ਹੋਰ ਈ ਬੜੀਆਂ ਅਜੀਬ ਜਿਹੀਆਂ ਅਵਾਜ਼ਾਂ ਆਉਣ ਲੱਗ ਪਈਆਂ, ਹੁਣ ਟੈਂਕ ਅੰਦਰ ਆ ਗਏ ਸੀ, ਟੈਂਕਾਂ ਦੇ ਨਾਲ਼ ਨਾਲ਼ ਫ਼ੌਜ ਅੰਦਰ ਵੜੀ। ਬੂਆ ਸਿੰਘ ਨਾਲ਼ ਦਿਆਂ ਨੂੰ ਆਂਹਦਾ, "ਹੁਣ ਤਕੜੇ ਹੋ ਕੇ ਮੈਗਜ਼ੀਨ ਭਰੋ, ਹੁਣ ਸਾਨੂੰ ਅੰਦਰ ਵੱਲ ਵਧੇਰੇ ਧਿਆਨ ਦੇਣਾ ਪੈਣੈ।" ਗਲ਼ੀ ਵਿੱਚ ਦੀ ਤਾਂ ਉਹਨਾਂ ਨੇ ਇੱਕ ਫ਼ੌਜੀ ਨ੍ਹੀਂ ਸੀ ਅੰਦਰ ਵੜਨ ਦਿੱਤਾ, ਪਰ ਹੁਣ ਹੈਲੀਕਾਪਟਰਾਂ ਰਾਹੀਂ ਤੇ ਟੈਂਕਾਂ ਦੇ ਨਾਲ਼ ਪਰਕਰਮਾ 'ਚ ਫ਼ੌਜ ਵੜ ਆਈ ਸੀ, ਟੈਂਕਾਂ ਤੇ ਮਾਰਟਰ ਗੰਨਾਂ ਦੇ ਗੋਲ਼ੇ ਵੱਜਣ ਕਰ ਕੇ ਮਲਬਾ ਤੇ ਗਰਦ ਉੱਡਣ ਲੱਗ ਪਈ। ਫ਼ੌਜ ਨੇ ਆਉਂਦਿਆਂ ਹੀ ਪਤਾ ਨ੍ਹੀਂ ਕਿਹੜੀ ਜ਼ਹਿਰੀਲੀ ਗੈਸ ਛੱਡੀ, ਸਾਡੀਆਂ ਸਾਰਿਆਂ ਦੀਆਂ ਅੱਖਾਂ ਹੀ ਬਾਹਰ..., ਜ਼ਬਾਨਾਂ ਜੇ ਬਾਹਰ ਆਈਆਂ ਤਾਂ ਮੂੰਹ ਦੇ ਅੰਦਰ ਨਾ ਹੋਣ, ਪਤਾ ਨ੍ਹੀਂ ਕਿਹੜੀ ਗੈਸ ਸੀ, ਪਰ ਸਦਕੇ ਸਾਰੇ ਸਿੰਘਾਂ ਦੇ, ਕਿਸੇ ਨੇ ਪਰਵਾਹ ਨ੍ਹੀਂ ਕੀਤੀ। ਸਿੰਘਾਂ ਨੇ ਆਪਣੀਆਂ ਗੰਨਾਂ ਬਾਹਰ ਵੱਲੋਂ ਹਟਾ ਕੇ ਪਰਕਰਮਾ ਵੱਲ ਕਰ ਲਈਆਂ। ਬੂਆ ਸਿੰਘ ਹੋਰਾਂ ਨੇ ਐਲ.ਐਮ.ਜੀਆਂ ਨਾਲ਼ ਐਨੀ ਅੱਗ ਵਰ੍ਹਾਈ ਕਿ ਪੁੱਛੋ ਕੁਝ ਨਾ। ਫਿਰ ਸਿੰਘਾਂ ਨੇ ਇਕਦਮ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ। ਬੂਆ ਸਿੰਘ ਆਂਹਦਾ, 'ਵਿਛਾ ਤੇ ਸਾਰੇ ਈ,



ਹੁਣ ਨੀਂ ਕੋਈ ਸਿਰ ਚੁੱਕੂ'। ਮੈਂ ਬੜਾ ਹੈਰਾਨ ਹੋਇਆ ਕਿ ਮੈਨੂੰ ਤਾਂ ਧੂੰਏਂ ਤੇ ਗਰਦ ਉੱਡਦੀ 'ਚ ਕੁਝ ਨੀਂ ਸੀ ਦਿਸ ਰਿਹਾ, ਪਰ ਫ਼ੌਜੀਆਂ ਦੀਆਂ 'ਹਾਏ-ਹਾਏ, ਮਾਰ ਦੀਆ' ਕਰਦਿਆਂ ਦੀਆਂ ਅਵਾਜ਼ਾਂ ਜ਼ਰੂਰ ਸੁਣਦੀਆਂ ਸੀ ਤੇ ਸਿੰਘਾਂ ਦੇ ਜੈਕਾਰੇ। ਮੈਨੂੰ ਆਪਣੇ ਭਰਾ ਸੁਖਦੇਵ ਸਿੰਘ ਦੀ ਵੀ ਅਵਾਜ਼ ਸੁਣੀ, ਉੱਚੀ ਸਾਰੀ। ਉਹ ਕਹਿ ਰਿਹਾ ਸੀ:- "ਆਓ ਸਾਲ਼ਿਓ ਤੁਹਾਨੂੰ ਭਿੰਡਰਾਂਵਾਲ਼ਾ ਫੜਾਈਏ।" ਮੈਨੂੰ ਨਾ ਕੁਝ ਦਿਸ ਰਿਹਾ ਸੀ ਨਾ ਸਮਝ ਆ ਰਹੀ ਸੀ। ਉਹ ਤਾਂ ਜਦੋਂ 6 ਜੂਨ ਦਿਨ ਦਾ ਚੜ੍ਹਾਅ ਹੋਇਆ ਤਾਂ ਮੈਂ ਵੇਖਿਆ ਪਰਕਰਮਾ 'ਚ ਸੱਚੀਂ ਮੁੱਚੀ ਫ਼ੌਜੀਆਂ ਦੀ ਲਾਸ਼ ਤੇ ਲਾਸ਼ ਚੜ੍ਹੀ ਪਈ ਸੀ, ਪੌੜੀਆਂ 'ਚ ਵੀ ਫ਼ੌਜੀਆਂ ਦੀਆਂ ਲਾਸ਼ਾਂ ਖਿੱਲਰੀਆਂ ਪਈਆਂ ਸੀ ਮੂਧੇ ਮੂੰਹ ਡਿੱਗੇ, ਪਰ ਗੋਲ਼ੀ ਲਗਾਤਾਰ ਚੱਲੀ ਜਾ ਰਹੀ ਆ।

ਏਥੇ ਮੈਂ ਇੱਕ ਹੋਰ ਸੀਨ ਵੇਖਿਆ। ਅਕਾਲ ਤਖ਼ਤ ਦੇ ਸਾਮ੍ਹਣੇ ਫ਼ੌਜੀਆਂ ਦੀਆਂ ਲਾਸ਼ਾਂ ਦੇ ਢੇਰ 'ਚੋਂ ਇੱਕ ਫ਼ੌਜੀ ਥੋੜ੍ਹਾ ਥੋੜ੍ਹਾ ਹਿੱਲੇ ਤੇ ਸਿਰ 'ਤਾਂਹ ਚੁੱਕਣ ਦੀ ਕੋਸ਼ਿਸ਼ ਕਰੇ। ਸਾਡੇ ਨਾਲ਼ ਜਿਹੜੇ ਜੁਝਾਰੂ ਸਿੰਘ ਸੀ, ਉਹਨਾਂ ਦੀ ਉਹ ਰੇਂਜ 'ਚ ਨਾ ਆਵੇ। ਫਿਰ ਇੱਕ ਜਣੇ ਨੇ ਹੇਠਾਂ ਸਿੰਘਾਂ ਨੂੰ ਜਾ ਕੇ ਆਖਿਆ। ਉਹਨਾਂ 'ਚੋਂ ਭਾਈ ਰਸਾਲ ਸਿੰਘ ਐਸ.ਐਲ.ਆਰ ਲੈ ਕੇ ਅੱਗੇ ਗਿਆ। ਓਹਨੇ ਥੋੜ੍ਹਾ ਜਿਹਾ ਅੱਗੇ ਜਾ ਕੇ ਸ਼ਿਸਤ ਬੰਨ੍ਹ ਕੇ ਇਕਦਮ 'ਟਕ-ਟਕ-ਟਕ' ਕਰ ਕੇ ਗੋਲ਼ੀਆਂ ਮਾਰੀਆਂ ਤੇ ਉਹ ਫ਼ੌਜੀ ਓਥੇ ਈ ਟੇਢਾ ਹੋ ਗਿਆ। ਰਸਾਲ ਸਿੰਘ ਆਂਹਦਾ:- "ਲੈ ਹੁਣ ਨੀਂ ਇਹ ਉੱਠਦਾ।"

ਇੱਕ ਮੋਰਚੇ 'ਚ ਭਾਈ ਅਜੀਤ ਸਿੰਘ ਤੇ ਰਸਾਲ ਸਿੰਘ

ਸਵਾਲ : ਬਾਕੀ ਮੋਰਚਿਆਂ ਤੇ ਵੀ ਇਸੇ ਤਰ੍ਹਾਂ ਦਾ ਮਾਹੌਲ ਸੀ ?

ਜਵਾਬ : ਬਾਕੀ ਮੋਰਚਿਆਂ ਬਾਰੇ ਸਾਨੂੰ ਸਿੰਘਾਂ ਦੇ ਜੈਕਾਰਿਆਂ ਤੋਂ ਹੀ ਪਤਾ ਲੱਗਦਾ ਸੀ ਕਿ ਚੜ੍ਹਦੀ ਕਲਾ 'ਚ ਨੇ, ਬਾਕੀ ਉਹਨਾਂ ਨੇ ਜਿਊਂਦੇ ਜੀਅ ਕਿਸੇ ਫ਼ੌਜੀ ਨੂੰ ਅੰਦਰ ਨੀਂ ਵੜਨ ਦਿੱਤਾ। ਹਾਂ, ਮੋਰਚੇ 'ਚ ਹੀ ਅਸੀਂ ਰੇਡੀਓ ਤੋਂ ਅਸੀਂ ਬੀ.ਬੀ.ਸੀ ਤੋਂ ਖ਼ਬਰਾਂ ਸੁਣੀਆਂ, ਉਹ ਕਹਿੰਦੇ ਸੀ:- "ਇੰਡੀਆ ਕੀ ਪਾਕਿਸਤਾਨ ਕੇ ਸਾਥ ਲਗਤੀ ਸਰਹੱਦ ਪਰ ਅੰਮ੍ਰਿਤਸਰ ਮੇਂ ਭਾਰਤੀ ਫ਼ੌਜ ਔਰ ਸਿਖ ਅਲਾਹਿਦਗੀਪਸੰਦੋਂ ਕੇ ਬੀਚ ਭਾਰੀ ਲੜਾਈ ਚਲ ਰਹੀ ਹੈ। ਬੱਬਰ ਖ਼ਾਲਸਾ ਕੇ ਮੁਖਆਲਯ ਪਰ ਭਾਰਤੀ ਫ਼ੌਜ ਕਾ ਕਬਜ਼ਾ ਹੋ ਗਿਆ ਹੈ। ਗੁਰੂ ਰਾਮਦਾਸ ਲੰਗਰ ਪਰ ਭੀ ਫ਼ੌਜ ਕਾ ਕਬਜ਼ਾ ਹੋ ਗਿਆ ਹੈ। ਸੰਤ ਭਿੰਡਰਾਂਵਾਲ਼ੇ ਕੇ ਸਮਰਥਕ ਭਾਰੀ ਟੱਕਰ ਦੇ ਰਹੇ ਹੈਂ, ਪਰ ਫ਼ੌਜ ਤੇਜ਼ੀ ਸੇ ਪੇਸ਼ਕਦਮੀ ਕਰ ਰਹੀ ਹੈ। ਭਾਰਤੀ ਫ਼ੌਜ ਕੇ ਪ੍ਰਮੁਖ ਏ ਕੇ ਵੈਦਿਆ ਨੇ ਕਹਾ ਹੈ ਕਿ ਫ਼ੌਜ ਸ਼ੀਘਰ ਹੀ ਭਾਰੀ ਆਕਰਮਣ ਕਰਨੇ ਜਾ ਰਹੀ ਹੈ।" ਇਹ ਖ਼ਬਰਾਂ ਸੁਣ ਕੇ ਸਾਨੂੰ ਕਈ ਮੋਰਚਿਆਂ ਦੀ ਪੁਜ਼ੀਸ਼ਨ ਪਤਾ ਲੱਗੀ।

ਸਵਾਲ : ਫਿਰ ਓਥੋਂ ਨਿਕਲ਼ੇ ਕਿਵੇਂ ?

ਜਵਾਬ : 6 ਜੂਨ ਦੀ ਲੋਅ ਲੱਗਦਿਆਂ ਹੀ ਟੈਂਕ ਹੀ ਟੈਂਕ ਫ਼ੌਜ ਨੇ ਅੰਦਰ ਵਾੜ ਦਿੱਤੇ। ਟੈਂਕਾਂ ਦੇ ਗੋਲ਼ਿਆਂ ਦੇ ਅੱਗੇ ਹੁਣ ਗੋਲ਼ੀਆਂ ਨਾਲ਼ ਕੀ ਮੁਕਾਬਲਾ ਕੀਤਾ ਜਾ ਸਕਦਾ ਸੀ ? ਅਕਾਲ ਤਖ਼ਤ ਤੇ ਅੱਗ ਵਰ੍ਹ ਰਹੀ ਸੀ, ਅਸਮਾਨ 'ਚ ਹੈਲੀਕਾਪਟਰ ਗਿਰਝਾਂ ਵਾਂਗ ਉੱਡਦੇ ਫਿਰਦੇ ਸੀ। ਸਾਡੇ ਮੋਰਚੇ ਦੇ ਜੁਝਾਰੂ ਸਿੰਘਾਂ 'ਚ ਜਿਹੜਾ ਸ਼ਹਿਰ ਵਾਲ਼ਾ ਸਿੰਘ ਸੀ, ਉਹ ਪਹਿਲਾਂ ਹੀ ਜ਼ਖ਼ਮੀ ਸੀ, ਤੇ ਫਿਰ ਵੀ ਲੜ ਰਿਹਾ ਸੀ, ਉਹਦੇ ਬ੍ਰੱਸ਼ਟ ਵੱਜਾ ਤੇ ਉਹ ਸ਼ਹੀਦ ਹੋ ਗਿਆ। ਹੁਣ ਜਦੋਂ ਉਹ ਟੈਂਕਾਂ ਨਾਲ਼ ਸਿੱਧਾ ਮੋਰਚਿਆਂ ਨੂੰ ਨਿਸ਼ਾਨਾ ਬਣਾਉਣ ਲੱਗ ਪਏ ਤੇ ਬੂਆ ਸਿੰਘ ਆਂਹਦਾ:- "ਇਹ ਮੋਰਚਾ ਸੇਫ਼ ਨੀਂ ਰਿਹਾ, ਆਪਾਂ ਗਲ਼ੀ 'ਚ ਕੋਈ ਚੁਬਾਰਾ ਲੱਭ ਕੇ ਉਹਦੇ ਤੇ ਮੋਰਚਾ ਬਣਾਈਏ।" ਉਹ ਸਾਰੇ ਹਥਿਆਰ ਚੁੱਕ ਕੇ ਉਸ ਗਲ਼ੀ ਨੂੰ ਤੁਰ ਪਏ ਜਿਸ 'ਚ ਫ਼ੌਜ ਨੂੰ ਰੋਕਣ ਦੀ ਡਿਊਟੀ ਉਹਨਾਂ ਦੀ ਸੀ। ਮੈਂ ਵੀ ਉਹਨਾਂ ਨਾਲ਼ ਹੀ ਤੁਰ ਪਿਆ। ਉਹਨਾਂ ਦਾ ਸਮਾਨ ਕਿਹੜਾ ਘੱਟ ਸੀ !

ਸਵਾਲ : ਫਿਰ ਚੁਬਾਰਾ ਲੱਭਾ ?

ਜਵਾਬ : ਗਲ਼ੀ 'ਚ ਪਹਿਲਾਂ ਇੱਕ ਚੁਬਾਰੇ ਵਾਲ਼ਾ ਘਰ ਦਿਸਿਆ, ਉਹਨੂੰ ਜਿੰਦਰਾ ਵੱਜਾ ਸੀ। ਇੱਕ ਸਿੰਘ ਨੇ ਦਰਵਾਜ਼ੇ ਦੀ ਝੀਤ 'ਚ ਹੱਥ ਪਾ ਕੇ ਦਰਵਾਜ਼ਾ ਈ ਪਾੜ ਘੱਤਿਆ, ਅਸੀਂ ਸਾਰੇ ਅੰਦਰ ਵੜ ਗਏ। ਗਲ਼ੀ ਦਾ ਵੀ ਇਹ ਹਾਲ਼ ਸੀ ਕਿ ਇਕਸਾਰ ਗੋਲ਼ੀਆਂ ਵੱਜ ਵੱਜ ਕੇ ਘਰਾਂ ਦਾ ਮਲਬਾ ਡਿੱਗਦਾ ਜਾ ਰਿਹਾ ਸੀ। ਚੁਬਾਰੇ ਤੇ ਚੜ੍ਹ ਕੇ ਪਹਿਲਾਂ ਤਾਂ ਸਾਡੀ ਨਿਗ੍ਹਾ ਪਾਣੀ ਦੀ ਭਰੀ ਪਈ ਬਾਲ਼ਟੀ ਤੇ ਪਈ। ਇੱਕ ਤੇ ਅਸੀਂ ਕਈ ਦਿਨਾਂ ਦੇ ਤਿਹਾਏ ਸੀ, ਤੇ ਦੂਜਾ ਅੱਖਾਂ ਸੁੱਜੀਆਂ ਪਈਆਂ ਸੀ, ਜ਼ਹਿਰੀਲੀ ਗੈਸ ਦੇ ਅਸਰ ਤੇ ਉਨੀਂਦਰੇ ਕਰ ਕੇ, ਅਸੀਂ ਦੋ ਤਿੰਨ ਜਣੇ ਭੱਜ ਬਾਲ਼ਟੀ 'ਚੋਂ ਪਾਣੀ ਦੇ ਛਿੱਟੇ ਅੱਖਾਂ 'ਚ ਮਾਰਨ ਲੱਗ ਪਏ। ਸਾਡੇ 'ਚ ਜਿਹੜੇ ਫ਼ੌਜੀ ਸੀ, ਵਿੱਚੋਂ ਮੇਰੇ ਪਿਤਾ ਜੀ, ਉਹ ਆਂਹਦੇ:- "ਓਇ ਇਹ ਛਿੱਟੇ ਨਾ ਮਾਰੋ, ਕੋਈ ਪਤਾ ਨੀਂ ਫ਼ੌਜ ਨੇ ਕੁਝ ਮਿਲ਼ਾ ਕੇ

ਪਾਣੀ ਰੱਖਿਆ ਹੋਵੇ।" ਪਰ ਅਸੀਂ ਕਿੱਥੇ ਰੁਕ ਸਕਦੇ ਸੀ, ਅਸੀਂ ਪਾਣੀ ਪੀਤਾ ਵੀ।

ਸਵਾਲ : ਫਿਰ ਓਥੇ ਮੋਰਚਾ ਬਣਾਇਆ ?

ਜਵਾਬ : ਮੋਰਚਾ ਉਹਨਾਂ ਨੇ ਕਾਹਦਾ ਬਣਾਇਆ ? ਉਸੇ ਵੇਲ਼ੇ ਇੱਕ ਹੈਲੀਕਾਪਟਰ ਉੱਤੇ ਗੇੜੇ ਕੱਢਣ ਲੱਗ ਪਿਆ। ਬੂਆ ਸਿੰਘ ਆਂਹਦਾ 'ਛੇਤੀ ਨਿਕਲੋ। ਇਸ ਘਰ 'ਚ ਫ਼ੌਜ ਨੇ ਸਾਨੂੰ ਵੇਖ ਲਿਐ, ਹੁਣ ਏਥੇ ਬੰਬ ਸੁੱਟਣਗੇ।' ਅਸੀਂ ਸਾਰੇ ਕਾਹ਼ਲੀ ਕਾਹ਼ਲੀ ਹੇਠਾਂ ਉੱਤਰੇ ਤੇ ਗ਼ਲੀ 'ਚ ਜਾ ਨਿਕਲ਼ੇ, ਸਕਿੰਟਾਂ ਦਾ ਈ ਫ਼ਰਕ ਪਿਆ ਉਸ ਘਰ ਤੇ ਬੰਬ ਡਿੱਗਾ ਤੇ ਸਾਰਾ ਚੁਬਾਰਾ ਉੱਡ ਗਿਆ, ਗ਼ਲੀ 'ਚ ਮਲਬਾ ਡਿੱਗ ਪਿਆ। ਅਸੀਂ ਗ਼ਲੀ 'ਚੋਂ ਬਾਹਰ ਨਿਕਲ਼ ਕੇ ਇੱਕ ਪਾਸੇ ਨੂੰ ਤੁਰ ਪਏ। ਅੱਗੇ ਜਾ ਕੇ ਇੱਕ ਹੋਰ ਚੁਬਾਰੇ ਵਾਲ਼ਾ ਘਰ ਦਿਸਿਆ, ਉਹਨੂੰ ਵੀ ਮੋਟਾ ਜਿੰਦਰਾ ਲੱਗਾ ਸੀ। ਸਾਡੇ ਬੰਦਿਆਂ ਨੇ ਪਹਿਲੇ ਘਰ 'ਚੋਂ ਇੱਕ ਵੱਡਾ ਹਥੌੜਾ ਵਦਾਨ ਜਿਹਾ ਲੈ ਲਿਆ ਸੀ, ਉਹਦੇ ਨਾਲ਼ ਜਿੰਦਰਾ ਤੋੜਨ ਲੱਗੇ ਤੇ ਉਹਦਾ ਦਸਤਾ ਈ ਟੁੱਟ ਗਿਆ।

ਸਵਾਲ : ਫਿਰ ਜਿੰਦਰਾ ਕਿਵੇਂ ਤੋੜਿਆ ?

ਜਵਾਬ : ਜਿੰਦਰਾ ਨ੍ਹੀਂ ਤੋੜਿਆ। ਬੂਆ ਸਿੰਘ ਪਿਛਲੇ ਪਾਸੇ ਜਾ ਕੇ ਆਂਹਦਾ:- "ਓਇ ਐਧਰ ਦੀ ਆਓ।" ਅਸੀਂ ਪਿੱਛੇ ਗਏ, ਓਧਰ ਇੱਕ ਖੋਲ਼ਾ ਜਿਹਾ ਸੀ, ਅਸੀਂ ਉਹਦੇ ਤੇ ਚੜ੍ਹ ਕੇ ਸਿੱਧਾ ਈ ਚੁਬਾਰੇ 'ਚ ਉੱਤਰ ਗਏ। ਓਥੇ ਚੁਬਾਰੇ 'ਚ ਹੀ ਅਸੀਂ ਬਾਹਰ ਵੇਹੜੇ 'ਚ ਸੀ ਕਿ 250 ਕੁ ਸੌ ਮੀਟਰ ਪਰ੍ਹਾਂ ਇੱਕ ਹੋਰ ਮਕਾਨ ਦੀ ਛੱਤ ਤੇ ਇੱਕ ਮੋਨਾ ਜਿਹਾ ਬੰਦਾ, ਲੁੰਗੀ ਬੰਨ੍ਹੀ ਤੇ ਕੁੜਤਾ ਪਾਇਆ, ਉਹਨੇ ਹੱਥ 'ਚ ਰੁਮਾਲ ਫੜ ਕੇ ਹੱਥ 'ਤਾਂਹ ਕਰ ਕੇ ਹਿਲਾਇਆ। ਬੂਆ ਸਿੰਘ ਆਂਹਦਾ:- "ਓਇ ਮਸ਼ੀਨਗੰਨ ਫੜਾਓ।" ਮਸ਼ੀਨਗੰਨ ਲੈ ਕੇ ਬੂਆ ਸਿੰਘ ਨੇ ਉਹਦੇ ਵੱਲ ਕੀਤੀ ਤੇ ਸਿੱਧੀ ਚਲਾ ਦਿੱਤੀ, ਉਹ ਗੋਲ਼ੀ ਲੱਗਣ ਤੋਂ ਪਹਿਲਾਂ ਹੀ ਪਿੱਛੇ ਨੂੰ ਡਿੱਗ ਪਿਆ ਤੇ ਪਤਾ ਨ੍ਹੀਂ ਲੱਗਾ ਪਈ ਕਿੱਧਰ ਗਿਐ। ਬੂਆ ਸਿੰਘ ਆਂਹਦਾ:- "ਇਹ ਜ਼ਰੂਰ ਸੀ.ਆਈ.ਡੀ ਦਾ ਬੰਦਾ ਸੀ, ਹੈਲੀਕਾਪਟਰ ਨੂੰ ਇਸ਼ਾਰਾ ਕਰ ਕੇ ਸਾਡੇ ਬਾਰੇ ਦੱਸ ਰਿਹਾ ਸੀ।"

ਸਵਾਲ : ਫੇਰ ਫ਼ੌਜ ਨੂੰ ਪਤਾ ਲੱਗਾ ?

ਜਵਾਬ : ਸਾਨੂੰ ਤਾਂ ਥੋੜ੍ਹਾ ਹੀ ਪਤੈ, ਪਹਿਲਾਂ ਜਦੋਂ ਅਸੀਂ ਚੁਬਾਰੇ ਵਾਲ਼ੇ ਕੋਠੇ ਦੇ ਅੰਦਰ ਵੜੇ, ਓਥੇ ਇੱਕ ਟੇਬਲ ਲੱਗਾ ਸੀ, 20 ਕੁ ਰੋਟੀਆਂ ਪੱਕੀਆਂ ਪਈਆਂ ਤੈਹ ਲੱਗ ਕੇ। ਕੌਲੀਆਂ 'ਚ ਮੁਰੱਬਾ ਪਿਆ ਸੀ ਤੇ ਇੱਕ ਕੌਲੀ 'ਚ ਗੁੜ। ਨੁੱਕਰ 'ਚ ਪਾਣੀ ਦਾ ਟੱਬ ਭਰਿਆ ਪਿਆ ਸੀ ਤੇ ਟੂਟੀ ਚੱਲੀ ਜਾਂਦੀ ਸੀ। ਅਸੀਂ ਭੱਜ ਕੇ ਹੱਥ ਮੂੰਹ ਧੋਤਾ, ਪਾਣੀ ਪੀਤਾ ਤੇ ਰੋਟੀਆਂ ਦੁਆਲ਼ੇ ਹੋ ਗਏ। ਨਾਲ਼ ਦੇ ਫ਼ੌਜੀ ਸਿੰਘਾਂ ਨੇ ਫੇਰ ਰੋਕਿਆ, ਆਂਹਦੇ:- "ਯੁੱਧ ਨੀਤੀ ਨ੍ਹੀਂ ਆਂਹਦੀ ਪਈ ਐਸ ਤਰ੍ਹਾਂ ਪਈ ਰੋਟੀ ਖਾਧੀ ਜਾਵੇ, ਫ਼ੌਜ ਨੇ ਕੁਝ ਇਹਦੇ 'ਚ ਮਿਲਾਇਆ ਹੋ ਸਕਦੈ।" ਪਰ ਅਸੀਂ ਆਖਿਆ:- "ਇਹ ਤਾਂ ਕਿਸੇ ਨਿਹੰਗ ਸਿੰਘ ਦਾ ਚੁਬਾਰਾ ਲੱਗਦੈ।" ਓਥੇ ਇੱਕ ਚੋਲ਼ਾ ਕਿੱਲੀ ਨਾਲ਼ ਟੰਗਿਆ ਪਿਆ ਸੀ, ਤੇ ਅਸੀਂ ਰੋਟੀ ਖਾ ਗਏ। ਬੂਆ ਸਿੰਘ ਹੋਰੀਂ ਖਿੜਕੀਆਂ ਵੇਖ-ਵਾਖ ਕੇ ਇੱਕ ਥਾਂ ਦੀ ਚੋਣ ਕਰ ਕੇ ਆਂਹਦੇ:- "ਇੱਥੋਂ ਸਿੱਧੀ ਗੋਲ਼ੀ ਪਰਕਰਮਾ 'ਚ ਜਾਊ, ਜਿਹੜੀ ਫ਼ੌਜ ਪਰਕਰਮਾ 'ਚ ਵੜੀ ਆ, ਉਹਨੂੰ ਏਥੋਂ ਭੁੰਨਦੇ ਆਂ।"

ਸਵਾਲ : ਫਿਰ ਓਥੇ ਮੋਰਚਾ ਲਾਇਆ ?

ਜਵਾਬ : ਅਸੀਂ ਤਾਂ ਫਿਰ ਓਥੋਂ ਨਿਕਲ਼ ਆਏ। ਮੇਰੇ ਪਿਤਾ ਜੀ ਨੇ ਮੈਨੂੰ ਆਪਣੀ ਘੜੀ ਲਾਹ ਕੇ ਫੜਾ ਤੀ ਤੇ ਕਹਿੰਦੇ:- "ਤੁਸੀਂ ਏਥੇ ਕੀ ਕਰਨੈ ? ਜੇ ਨਿਕਲ ਸਕਦੇ ਓ ਨਿਕਲ਼ ਜੋ, ਅਸੀਂ ਤਾਂ ਹੁਣ ਏਥੇ ਈ ਸ਼ਹੀਦ ਹੋਵਾਂਗੇ, ਆਪਣਾ ਸਾਰਾ ਟੱਬਰ ਈ ਏਥੇ ਆ।" ਬੂਆ ਸਿੰਘ ਹੋਰੀਂ ਵੀ ਆਂਹਦੇ:- "ਤੁਸੀਂ ਨਿਕਲ਼ ਜੋ।" ਫਿਰ ਓਥੇ ਇੱਕ ਪੇਟੀ ਸੀ, ਇੱਕ ਕੁੰਡੇ ਨੂੰ ਜਿੰਦਰਾ ਵੱਜਾ ਸੀ, ਅਸੀਂ ਜਿੱਧਰ ਕੁੰਡੇ ਨੂੰ ਜਿੰਦਰਾ ਨਈਂ ਸੀ, ਓਧਰੋਂ ਚੁੱਕ ਕੇ ਪੇਟੀ ਦਾ ਢੱਕਣ ਈ ਦੂਹਰਾ ਕਰ ਘੱਤਿਆ। ਪੇਟੀ 'ਚੋਂ ਕੱਪੜੇ ਮਿਲ਼ ਗਏ, ਮੈਂ ਇੱਕ ਫਾਟ੍ਹਾਂ ਵਾਲ਼ਾ ਪਜਾਮਾ ਪਾ ਲਿਆ। ਦੇਸਾ ਸਿੰਘ ਤੇ ਚੰਦਾ ਸਿੰਘ ਦੇ ਵਾਲ਼ ਅਜੇ ਨਿੱਕੇ ਨਿੱਕੇ ਹੀ ਸੀ, ਉਹਨਾਂ ਨੇ ਪੱਗਾਂ ਲਾਹ ਕੇ ਬੋਦੇ ਜਿਹੇ ਪਿਛਾਂਹ ਖਿਲਾਰ ਲਏ । ਅਸੀਂ ਆਖ਼ਰੀ ਵਾਰ ਉਹਨਾਂ ਸਾਰੇ ਜੁਝਾਰੂ ਸਿੰਘਾਂ ਨੂੰ ਮਿਲ਼ੇ ਤੇ ਫ਼ਤਹਿ ਬੁਲਾ ਕੇ ਹੇਠਾਂ ਗ਼ਲੀ 'ਚ ਆਣ ਉੱਤਰੇ। ਆਪਣੇ ਪਿਤਾ ਨੂੰ ਵੀ ਮੈਂ ਆਖ਼ਰੀ ਵਾਰ ਓਥੇ ਹੀ ਵੇਖਿਆ ਸੀ।

ਸਵਾਲ : ਤੇ ਤੁਸੀਂ ਫ਼ੌਜ ਦੇ ਕਾਬੂ ਕਿਵੇਂ ਆਏ ?

ਜਵਾਬ: ਕਰਫਿਊ ਤਾਂ ਲੱਗਾ ਸੀ ਤੇ ਸਾਰੇ ਪਾਸੇ ਫ਼ੌਜ ਹੀ ਫ਼ੌਜ ਸੀ। ਅਸੀਂ ਤੁਰੇ ਗਏ। ਥੋੜ੍ਹਾ ਜਿਹਾ ਅੱਗੇ ਜਾ ਕੇ ਅਸੀਂ ਇੱਕ ਮੋੜ ਹੀ ਮੁੜੇ ਸੀ ਕਿ 4-5 ਫ਼ੌਜੀਆਂ ਨੇ ਸਾਨੂੰ ਵੇਖ ਲਿਆ। ਇੱਕ ਪੰਜਾਬੀ ਫ਼ੌਜੀ ਨੇ ਸਾਨੂੰ 'ਵਾਜ਼ ਮਾਰੀ, ਆਂਹਦਾ:- "ਆਜੋ ਆਜੋ ਕੌਣ ਜੇ।" ਮੈਂ ਨਾਲ਼ ਦਿਆਂ ਨੂੰ ਹੌਲ਼ੀ ਜਿਹੀ ਆਖ ਦਿੱਤਾ:- "ਇਹਨਾਂ ਨੂੰ ਆਖਣੈ ਸਾਡਾ ਘਰ ਸੜ ਗਿਐ, ਅਸੀਂ ਪਾਪੜਾਂ ਵਾਲ਼ੇ ਬਜ਼ਾਰ 'ਚੋਂ ਆਏ ਆਂ।" ਹੋਰ ਕੋਈ ਗੱਲ ਨ੍ਹੀਂ ਸੀ ਮਿਲ਼ਾਈ, ਪਰ ਪਤਾ ਥੋੜ੍ਹਾ ਸੀ ਕਿ ਉਹਨਾਂ ਨੇ ਕਿੰਨੇ ਤੇ ਕਿਸ ਤਰ੍ਹਾਂ ਦੇ ਸਵਾਲ ਪੁੱਛਣੇ ਆਂ ? ਉਹਨਾਂ ਨੇ ਸਾਨੂੰ ਤਿੰਨਾਂ ਨੂੰ ਅੱਡੋ ਅੱਡ ਕਰ ਲਿਆ ਤੇ ਕੁੱਟਣ ਲੱਗ ਪਏ। ਅਸੀਂ ਬਥੇਰਾ ਆਖਿਆ ਕਿ ਸਾਡੇ ਘਰ ਨੂੰ ਅੱਗ ਲੱਗ ਗਈ ਆ, ਪਰ ਉਹ ਆਖੀ ਜਾਣ ਤੁਸੀਂ ਤਾਂ ਗੋਲ਼ੀਆਂ ਚਲਾਉਂਦੇ ਆਏ ਜੇ। ਵਿੱਚ ਇੱਕ ਪੱਗ ਵਾਲ਼ਾ ਫ਼ੌਜੀ ਵੀ ਸੀ, ਉਹ ਕਹੇ ਇਹ ਮੁਸਲਮਾਨ ਨੇ, ਚੈੱਕ ਕਰੋ। ਸਾਨੂੰ ਨੰਗੇ ਕਰ ਲਿਆ, ਬਾਅਦ 'ਚ ਸਮਝ ਆਈ ਕਿ ਧਰਮ 'ਚ ਕੱਚੇ ਪਿੱਲੇ ਸਿੱਖ ਫ਼ੌਜੀਆਂ ਨੂੰ ਆਖਿਆ ਗਿਆ ਸੀ ਕਿ ਓਥੇ ਸਿੱਖਾਂ ਦਾ ਭੇਸ ਬਣਾ ਕੇ ਪਾਕਿਸਤਾਨ ਦੇ ਮੁਸਲਮਾਨਾਂ ਨੇ ਕਬਜ਼ਾ ਕੀਤਾ ਹੋਇਐ। ਸਾਡੇ ਕੱਪੜੇ ਲੁਹਾਉਣ ਤੋਂ ਬਾਅਦ ਉਹ ਚੰਦਾ ਸਿੰਘ ਨੂੰ ਆਖਣ ਲੱਗ ਪਏ ਕਿ ਤੇਰੀ ਤਾਂ ਸੁੰਨਤ ਹੋਈ ਆ, ਉਹਦੇ ਹੱਥ ਸੜਕ ਤੇ ਰਖਵਾ ਕੇ ਉੱਤੇ ਬੱਟ ਮਾਰਨ ਲੱਗ ਪਏ। ਮੈਂ ਆਖਿਆ:- "ਨਈਂ ਇਹ ਤਾਂ ਕਾਲੇਕੇ ਹਠਾੜ ਪਿੰਡ ਦਾ ਰਹਿਣ ਵਾਲ਼ੇ, ਇਹਦਾ ਨਾਂ ਚੰਦਾ ਸਿੰਘ ਆ।" ਉਹ ਸਾਨੂੰ ਵੀ ਕੁੱਟਣ ਲੱਗ ਪਏ। ਸੜਕ ਤੇ ਹੱਥ ਰਖਵਾ ਕੇ ਪੁੱਠੇ ਹੱਥਾਂ ਤੇ ਡਾਂਗਾਂ ਤੇ ਬੰਦੂਕਾਂ ਦੇ ਬੱਟ ਮਾਰਦੇ ਸੀ।

ਸਵਾਲ : ਓਥੇ ਹੋਰ ਕੋਈ ਅਫ਼ਸਰ ਨਈਂ ਸੀ ?

ਜਵਾਬ : ਨਈਂ, ਵੈਸੇ ਓਥੇ ਫ਼ੌਜੀ ਸੜਕ ਤੋਂ ਲੰਘ ਰਹੇ ਸੀ, ਸਾਡੇ ਵੱਲ ਕੋਈ ਧਿਆਨ ਨ੍ਹੀਂ ਸੀ ਦਿੰਦਾ। ਸ਼ਾਇਦ ਹਰ ਸੜਕ ਤੇ ਐਹੋ ਜਿਹਾ ਕੁਝ ਹੋ ਰਿਹਾ ਹੋਵੇ। ਏਥੇ ਅਸੀਂ ਅਜੀਬ ਜਿਹੇ ਹਥਿਆਰ ਵੇਖੇ, ਜਿਹੜੇ ਇੱਕ ਇੱਕ ਹਥਿਆਰ ਨੂੰ ਦੋ-ਦੋ ਫ਼ੌਜੀ ਚੁੱਕੀ ਜਾਂਦੇ ਸੀ। ਜਿਹੜੇ ਫ਼ੌਜੀ ਸਾਨੂੰ ਕੁੱਟਦੇ ਸੀ, ਉਹ ਲੰਘਦੇ ਫ਼ੌਜੀਆਂ ਨੂੰ ਵੀ ਅਵਾਜ਼ਾਂ ਮਾਰ ਮਾਰ ਕੇ ਸੱਦਣ ਤੇ ਆਖਣ:- "ਅਸੀਂ ਸ਼ਿਕਾਰ ਫੜੇ ਜੇ, ਮਾਰੋਗੇ ?" ਤੇ ਸਾਨੂੰ ਕੁੱਟੀ ਲਗਾਤਾਰ ਹੀ ਜਾਣ। ਇੱਕ ਪੱਗ ਵਾਲ਼ਾ ਫ਼ੌਜੀ ਮੇਰੇ ਖੱਬੇ ਮੋਢੇ ਨੂੰ ਟੋਹ ਕੇ ਆਖੀ ਜਾਵੇ:- "ਤੂੰ ਤਾਂ

ਮਸ਼ੀਨਗੰਨ ਚਲਾਉਂਦਾ ਆਇਐਂ।" ਮੇਰੇ ਮੂੰਹੋਂ ਨਿਕਲ਼ ਗਿਆ, 'ਸਾਬ੍ਹ ! ਮਸ਼ੀਨਗੰਨ ਏਥੋਂ ਚੱਲਦੀ ਆ ?' ਉਹ ਅੱਗੋਂ ਆਂਹਦਾ:- "ਅੱਛਾ ਤੈਨੂੰ ਪਤਾ ਖੱਬੇ ਪਾਸਿਓਂ ਨ੍ਹੀਂ, ਸੱਜੇ ਪਾਸਿਓਂ ਚੱਲਦੀ ਆ।" ਤੇ ਫਿਰ ਸਾਨੂੰ ਹੋਰ ਵਧੇਰੇ ਕੁੱਟਣ ਲੱਗ ਪਏ।

ਸਵਾਲ : ਕਿੰਨਾ ਕੁ ਚਿਰ ਕੁੱਟਦੇ ਰਹੇ ?

ਜਵਾਬ : ਵਾਹਵਾ ਚਿਰ ਕੁੱਟਦੇ ਰਹੇ। ਫਿਰ ਓਥੇ ਇੱਕ ਅਫ਼ਸਰ ਆ ਗਿਆ, ਉਹ ਆਂਹਦਾ:- "ਇਨਕੋ ਕਿਓਂ ਮਾਰ ਰਹੇ ਹੋ?" ਉਹ ਅੱਗੋਂ ਆਂਹਦੇ:- "ਇਨਸੇ ਹਥਿਆਰ ਪਕੜੇ ਹੈਂ।" ਅਫ਼ਸਰ ਅੱਗੋਂ ਕਹਿੰਦਾ:- "ਕਹਾਂ ਹੈ ਹਥਿਆਰ?" ਹੁਣ ਕੀ ਜਵਾਬ ਦੇਣ? ਉਹ ਅਫ਼ਸਰ ਸਮਝ ਗਿਆ, ਉਹ ਮੇਰਾ ਹੱਥ ਫੜ ਕੇ ਮੈਨੂੰ ਪਰ੍ਹਾਂ ਲੈ ਗਿਆ। ਉਹ ਮੈਨੂੰ ਆਖੇ ਕਿ ਤੂੰ ਮੈਨੂੰ ਸਹੀ ਸਹੀ ਦੱਸ ਦੇ, ਮੈਂ ਮੁਸਲਮਾਨ ਵਾਂ। ਮੈਂ ਆਖੀ ਜਾਵਾਂ ਸਾਡਾ ਘਰ ਸੜ ਗਿਆ। ਭਾਵੇਂ ਅਸੀਂ ਲੜਨ ਵਾਲ਼ਿਆਂ 'ਚੋਂ ਨਈਂ ਸੀ ਪਰ ਦਰਬਾਰ ਸਾਹਿਬ ਦੇ ਅੰਦਰੋਂ ਆਇਆ ਹਰ ਕੋਈ ਉਹਨਾਂ ਲਈ ਖ਼ਤਰਨਾਕ ਸੀ, ਭਾਵੇਂ ਉਹ ਬੱਚਾ ਹੀ ਹੋਵੇ। ਉਹ ਮੇਰੇ ਤੋਂ ਪੁੱਛਣ ਹੀ ਡਿਹਾ ਸੀ ਕਿ ਇੱਕ ਜ਼ਨਾਨੀ ਆ ਗਈ ਸਾੜ੍ਹੀ ਵਾਲ਼ੀ। ਉਹ ਮੇਰੇ ਵੱਲ ਵੇਖ ਕੇ ਰੌਲ਼ਾ ਪਾਉਣ ਲੱਗੀ:- "ਇਹਨਾਂ ਨਖੱਤਿਆਂ ਮੇਰਾ ਘਰ ਸਾੜ ਤਾ।" ਸ਼ਾਇਦ ਉਹ ਹਿੰਦੂ ਪਰਿਵਾਰ 'ਚੋਂ ਸੀ ਤੇ ਉਸ ਲੜਾਈ 'ਚ ਉਹਦੇ ਘਰ ਨੂੰ ਵੀ ਅੱਗ ਲੱਗ ਗਈ ਸੀ, ਉਸ ਅਫ਼ਸਰ ਨੇ ਉਹਦੇ ਲੱਤ ਮਾਰੀ ਤੇ ਆਂਹਦਾ:- "ਚੱਲ ਕੁੱਤੀ, ਇਨਹੋਂ ਨੇ ਤੇਰਾ ਘਰ ਜਲਾਇਆ ?" ਉਹ ਜ਼ਨਾਨੀ ਫਿਰ ਚਲੇ ਗਈ।

ਸਵਾਲ : ਫਿਰ ਉਸ ਅਫ਼ਸਰ ਨੇ ਬਚਾਅ ਕੀਤਾ ?

ਜਵਾਬ : ਨਈਂ, ਉਹ ਉਹਨਾਂ ਫ਼ੌਜੀਆਂ ਨੂੰ ਕਹਿ ਕੇ ਚਲਾ ਗਿਆ ਕਿ ਇਹਨਾਂ ਨੂੰ ਰੋਟੀ ਖੁਆਓ। ਉਹ ਇੱਕ ਟਿਫ਼ਨ ਜਿਹਾ ਲਿਆਏ। ਹੱਥਾਂ ਦੀਆਂ ਉਂਗਲ਼ਾਂ ਤਾਂ ਮਾਰ ਮਾਰ ਕੇ ਤਾਂ ਉਹਨਾਂ ਨੇ ਹੱਥ ਵਿੰਗੇ ਕਰ ਦਿੱਤੇ ਸੀ, ਰੋਟੀ ਵੀ ਨਾ ਤੋੜੀ ਜਾਵੇ, ਫਿਰ ਵੀ ਅਸੀਂ ਤਾਂ ਖਾ ਲਈ ਪਰ ਚੰਦਾ ਸਿੰਘ ਤੋਂ ਨਾ ਖਾਧੀ ਜਾਵੇ। ਉਹਨੂੰ ਮੈਂ ਖੁਆਈ। ਏਨੇ ਚਿਰ ਨੂੰ ਓਥੇ ਉਹੋ ਮੋਨਾ ਜਿਹਾ ਬੰਦਾ ਆ ਗਿਆ, ਜਿਨ੍ਹੇਂ ਇੱਕ ਚੁਬਾਰੇ ਤੋਂ ਰੁਮਾਲ ਹਿਲਾਇਆ ਸੀ ਤੇ ਜੀਹਦੇ ਤੇ ਬੂਆ ਸਿੰਘ ਨੇ ਗੋਲ਼ੀ ਵੀ ਚਲਾਈ ਸੀ। ਉਹਦੇ ਆਉਂਦਿਆਂ ਹੀ ਮੈਂ ਉਹਨੂੰ ਪਛਾਣ ਲਿਆ ਤੇ ਅਸੀਂ ਤਿੰਨਾਂ ਨੇ ਸੈਨਤਾਂ-ਸੈਨਤਾਂ 'ਚ ਈ ਇੱਕ ਦੂਜੇ ਨੂੰ ਦੱਸਿਆ। ਉਹ ਬੰਦਾ ਸਿੱਧਾ ਈ ਸਾਡੇ ਵੱਲ ਆਇਆ ਤੇ ਆ ਕੇ ਫ਼ੌਜੀਆਂ ਨੂੰ ਆਂਹਦਾ:- "ਓਇ ਆਹ ਕਿੱਥੋਂ ਫੜੇ ਜੇ ? ਇਹ ਤਾਂ ਮੈਨੂੰ ਮਾਰ ਦੇਣ ਲੱਗੇ ਸੀ, ਇਹਨਾਂ ਕੋਲ਼

ਤਾਂ ਹਥਿਆਰ ਬੜੇ ਸੀ।"

ਸਵਾਲ : ਉਹ ਫ਼ੌਜੀਆਂ ਨੂੰ ਜਾਣਦਾ ਸੀ ?

ਜਵਾਬ : ਹਾਂ ਚੰਗੀ ਤਰ੍ਹਾਂ, ਫ਼ੌਜੀ ਵੀ ਉਹਨੂੰ ਚੰਗੀ ਤਰ੍ਹਾਂ ਜਾਣਦੇ ਸੀ। ਅਸੀਂ ਬਥੇਰਾ ਆਖਿਆ ਕਿ'ਅਸੀਂ ਤਾਂ ਘਰ 'ਚ ਸੀ, ਸਾਡਾ ਘਰ ਸੜ ਗਿਆ', ਪਰ ਉਹਨਾਂ ਨੇ ਫੇਰ ਸਾਨੂੰ ਵੱਖ ਵੱਖ ਕਰ ਲਿਆ। ਚੰਦਾ ਸਿੰਘ ਥਿੜਕ ਗਿਆ, ਓਹਨੇ ਆਖ 'ਤਾ ਕਿ ਗੋਲ਼ੀ ਚਲਾਉਣ ਵਾਲ਼ੇ ਬੰਦੇ ਹੋਰ ਸੀਗੇ।

'ਉਹ ਕਿੱਥੇ ਗਏ?'

'ਇੱਕ ਚੁਬਾਰੇ 'ਚ।'

ਤੇ ਹੁਣ ਫ਼ੌਜੀਆਂ ਨੇ ਚੰਦਾ ਸਿੰਘ ਨੂੰ ਨਾਲ਼ ਤੋਰ ਲਿਆ, ਹੋਰ ਫ਼ੌਜ ਸੱਦ ਲਈ। ਮੈਂ ਹੌਲੀ ਜਿਹੀ ਚੰਦਾ ਸਿੰਘ ਨੂੰ ਆਖਿਆ:- "ਕੰਜਰਾ ਇਹਨਾਂ ਨੂੰ ਓਥੇ ਨਾ ਲੈ ਕੇ ਜਾਈਂ।" ਪਰ ਉਹ ਡਰਿਆ ਹੋਇਆ ਸੀ। ਫ਼ੌਜੀ ਉਹਨੂੰ ਨਾਲ਼ ਲੈ ਕੇ ਤੁਰ ਪਏ, ਪੰਜ ਕੁ ਮਿੰਟ 'ਚ ਹੀ ਉਹ ਸਾਰੇ ਉਹਨੂੰ ਵਾਪਸ ਲੈ ਆਏ। ਮੈਂ ਚੰਦਾ ਸਿੰਘ ਤੋਂ ਇਸ਼ਾਰੇ ਨਾਲ਼ ਪੁੱਛਿਆ ਕਿ ਕੀ ਬਣਿਆ ? ਚੰਦਾ ਸਿੰਘ ਆਂਹਦਾ:- "ਓਥੇ ਹੈਨੀ ਕੁਝ ਵੀ, ਨਾ ਕੋਈ ਚੁਬਾਰਾ ਤੇ ਨਾ ਸਿੰਘ।" ਮੈਨੂੰ ਇਕਦਮ ਝਟਕਾ ਜਿਹਾ ਲੱਗਾ, ਇਸ ਤਰ੍ਹਾਂ ਮੈਨੂੰ ਭਾਈ ਬੂਆ ਸਿੰਘ ਹੋਰਾਂ ਤੇ ਪਿਤਾ ਜੀ ਦੇ ਸ਼ਹੀਦ ਹੋ ਜਾਣ ਦੀ ਖ਼ਬਰ ਮਿਲ਼ੀ ਸੀ, ਲੱਗਦਾ ਸੀ ਕਿ ਸਾਡੇ ਓਥੋਂ ਨਿਕਲ਼ਣ ਤੋਂ ਥੋੜ੍ਹੇ ਚਿਰ ਬਾਅਦ ਹੀ ਫ਼ੌਜ ਨੇ ਉਹ ਚੁਬਾਰਾ ਉਡਾ ਦਿੱਤਾ ਸੀ।

ਸਵਾਲ : ਤੁਹਾਨੂੰ ਫਿਰ ਓਥੇ ਹੀ ਰੱਖਿਆ ?

ਜਵਾਬ : ਨਈਂ ਸਾਨੂੰ ਹੱਥ ਪਿੱਛੇ ਬੰਨ੍ਹ ਕੇ ਇੱਕ ਹੋਰ ਥਾਂ ਲੈ ਗਏ। ਓਥੇ ਇੱਕ ਬੜਾ ਹੱਟਾ ਕੱਟਾ ਗੰਜਾ ਜਿਹਾ ਫ਼ੌਜੀ ਅਫ਼ਸਰ ਬੈਠਾ ਸੀ। ਉਹਨੇ ਮੇਰੇ ਬੁੱਲ੍ਹਾਂ ਤੇ ਸੋਟੀ ਲਾਈ ਤੇ ਪੁੱਛਦਾ 'ਕਿਤਨੇ ਫ਼ੌਜੀ ਮਾਰੇ'? ਮੈਂ ਆਖਿਆ 'ਜਨਾਬ, ਅਸੀਂ ਕਾਹਦੇ ਫ਼ੌਜੀ ਮਾਰੇ ? ਸਾਡੇ ਤਾਂ ਘਰ ਸੜ ਗਏ ਤੇ ਸਾਨੂੰ ਬਜ਼ਾਰ 'ਚੋਂ ਫੜ ਲਿਆਏ ਆ'। ਇਹ ਸੁਣ ਕੇ ਓਹਨੇ ਮੈਨੂੰ ਪਾਸੇ ਕਰ ਦਿੱਤਾ ਤੇ ਫਿਰ ਨਾਲ਼ ਦਿਆਂ ਨੂੰ ਵੀ ਉਸੇ ਤਰ੍ਹਾਂ ਸੋਟੀ ਬੁੱਲ੍ਹਾਂ ਤੇ ਲਾ ਕੇ ਏਹੋ ਸਵਾਲ ਪੁੱਛਿਆ। ਓਥੇ ਸਾਨੂੰ ਬਿਠਾ 'ਤਾ, ਤਿੰਨ ਦਿਨਾਂ ਦਾ ਉਨੀਂਦਰਾ ਸੀ, ਨੀਂਦ ਆ ਗਈ। ਮੈਨੂੰ ਹੁੱਝ ਮਾਰ ਕੇ ਇੱਕ ਸਿੱਖ ਫ਼ੌਜੀ ਨੇ ਉਠਾਇਆ। ਸਿੱਖ ਫ਼ੌਜੀ ਵੇਖ ਕੇ

ਮੈਂ ਆਖਿਆ:- "ਭਰਾਵਾ ਸਾਨੂੰ ਬਚਾ।" ਉਹ ਆਂਹਦਾ:- "ਕਿਉਂ ਤੁਹਾਨੂੰ ਕੀ ਹੋਣ ਲੱਗੈ ?" ਮੈਂ ਆਖਿਆ:- "ਸਾਨੂੰ ਜੇਲ੍ਹ ਭੇਜ ਦਿਓ।" ਉਹ ਆਂਹਦਾ:- "ਜੇਲ੍ਹ 'ਚ ਤੁਹਾਨੂੰ ਕਾਹਤੋਂ ਭੇਜਣੈ ? ਤੁਸੀਂ ਕੁਝ ਕੀਤੈ ?"

ਸਵਾਲ : ਫੇਰ ਬਚਾਅ ਹੀ ਰਿਹਾ ?

ਜਵਾਬ : ਨਈਂ, ਬਚਾਅ ਕਾਹਦਾ ਰਿਹਾ ? ਥੋੜ੍ਹੇ ਚਿਰ ਬਾਅਦ ਸਾਨੂੰ ਇੱਕ ਬੱਸ 'ਚ ਚੜ੍ਹਾ ਲਿਆ। ਬੱਸ ਦੇ ਅੰਦਰ ਜਿਹੜੇ ਫ਼ੌਜੀ ਚੜ੍ਹੇ, ਉਹ ਸਾਨੂੰ ਰਫ਼ਲਾਂ ਦੀਆਂ ਬੈਰਲਾਂ ਤੇ ਠੁੱਡ ਮਾਰਦੇ ਗਏ ਸਾਰੇ ਰਾਹ। ਇੱਕ ਥਾਣੇ 'ਚ ਲੈ ਗਏ, ਥਾਣਾ ਵਾਹਵਾ ਵੱਡਾ ਸੀ, ਥਾਣੇ 'ਚ ਇੱਕ ਸਾਬਤ ਸੂਰਤ ਅਫ਼ਸਰ ਬੈਠਾ ਸੀ। ਸਾਨੂੰ ਉਮੀਦ ਜਾਗੀ ਕਿ ਇਹ ਸਾਨੂੰ ਬਚਾਊ। ਫ਼ੌਜ ਵਾਲ਼ੇ ਲੈ ਕੇ ਵੀ ਸਾਨੂੰ ਥਾਣੇ ਵਾਲ਼ਿਆਂ ਨੂੰ ਦੇਣ ਗਏ ਸੀ। ਪਰ ਉਹ ਜਿਹੜਾ ਪੁਲਿਸ ਵਾਲ਼ਾ ਸੀ, ਉਹ ਜਿਵੇਂ ਡਰਿਆ ਹੁੰਦੈ ਨਾ ਬੰਦਾ, ਉਹ ਆਪਣੀ ਵਫ਼ਾਦਾਰੀ ਜ੍ਹੀ ਵਿਖਾਉਣ ਲਈ ਫ਼ੌਜੀਆਂ ਕੋਲ਼ ਸਾਡੇ ਉਲ਼ਟ ਬੋਲੀ ਜਾਵੇ, ਅਖੇ 'ਸਾਬ੍ਹ ਇਹਨਾਂ ਨੂੰ ਰੱਖਿਆ ਕਿਉਂ ਹੋਇਐ ? ਗੋਲ਼ੀਆਂ ਮਾਰ ਕੇ ਸੁੱਟੋ ਕਿਤੇ'। ਓਥੇ ਦਰਬਾਰ ਸਾਹਿਬ ਦੀ ਫੋਟੋ ਲੱਗੀ ਸੀ, ਇੱਕ ਫ਼ੌਜੀ ਪੁੱਛਦਾ "ਯੇ ਹੈ ਹਰਿਮੰਦਰ ਸਾਹਿਬ?" ਉਹ ਅਫ਼ਸਰ ਕਹਿੰਦਾ – "ਹਾਂ ਐਹੋ ਹੀ ਆ ਜਿਹੜਾ ਇਹਨਾਂ ਨੇ ਢੁਹਾ 'ਤਾ।" ਉਹ ਸਾਨੂੰ ਵੀ ਆਖੇ:-"ਕਿਉਂ ਅੰਦਰ ਬਣ ਗਿਐ ਖ਼ਾਲਿਸਤਾਨ?" ਸਗੋਂ ਓਥੇ ਇੱਕ ਦਾੜ੍ਹੀ ਕੱਟੀ ਵਾਲ਼ਾ ਸਿਪਾਹੀ ਸਾਨੂੰ ਪਾਣੀ ਧਾਣੀ ਵੀ ਪਿਆਵੇ, ਨਾਲ਼ੇ ਪੁੱਛੇ:- 'ਸੱਟਾਂ ਤੁਹਾਡੇ ਲੱਗੀਐਂ, ਕੋਈ ਨਸ਼ਾ ਪੱਤਾ ਦਿਆਂ ?' ਅਸੀਂ ਆਖਿਆ:- "ਅਸੀਂ ਨਸ਼ੇ ਪੱਤੇ ਵਾਲ਼ੇ ਨਈਂ। ਤੁਸੀਂ ਵੈਸੇ ਏਨਾ ਕਰੋ ਕਿ ਸਾਨੂੰ ਹੁਣ ਐਥੇ ਹੀ ਰੱਖ ਲਵੋ।" ਉਹ ਸਿਪਾਹੀ ਆਂਹਦਾ:- "ਰੱਖ ਤਾਂ ਲੈਂਦੇ ਇੰਚਾਰਜ ਹੀ ਐਥੇ ਨ੍ਹੀਂ, ਨਈਂ ਤਾਂ ਰੱਖ ਲੈਣਾ ਸੀ। ਔਹ ਕੰਜਰ ਦਾ ਅਫ਼ਸਰ ਵੇਖੋ ਕੀ ਬਕਵਾਸ ਕਰਨ ਡਿਹਾ ਜੇ।" ਉਹ ਸਿਪਾਹੀ ਵੀ ਬਕਵਾਸ ਕਰਨ ਵਾਲ਼ੇ ਪੁਲਿਸ ਅਫ਼ਸਰ ਤੇ ਔਖਾ ਸੀ। ਫੇਰ ਉਹਨਾਂ ਨੇ ਸਾਨੂੰ ਓਥੋਂ ਫੇਰ ਬੱਸੇ ਚੜ੍ਹਾ ਲਿਆ ਤੇ ਕੋਤਵਾਲੀ ਲੈ ਗਏ।



ਸਵਾਲ : ਕੋਤਵਾਲੀ ਵਾਲ਼ਿਆਂ ਰੱਖ ਲਿਆ ?

ਜਵਾਬ : ਨਈਂ ਉਹਨਾਂ ਵੀ ਨ੍ਹੀਂ ਰੱਖਿਆ, ਪੁੱਛਦੇ ਇਹ ਕਿੱਥੋਂ ਫੜੇ ? ਫਿਰ ਆਂਹਦੇ ਇਹਨਾਂ ਨੂੰ ਘੰਟਾ ਘਰ ਲੈ ਜਾਓ। ਸਾਨੂੰ ਲੈ ਕੇ ਗਏ। ਬੜੀ ਹੈਰਾਨੀ ਹੋਈ ਕਿ ਰਾਹ 'ਚ ਸੜਕਾਂ ਤੇ ਫੁੱਟਪਾਥਾਂ ਤੇ ਵੀ ਫ਼ੌਜੀਆਂ ਦੀਆਂ ਲਾਸ਼ਾਂ ਪਈਆਂ ਸੀ, ਸ਼ਾਇਦ ਉਹ ਅੰਦਰੋਂ ਕੱਢ ਕੇ ਲਿਆਂਦੀਆਂ ਸੀ। ਜਿੱਧਰ ਵੇਖੋ ਫ਼ੌਜ ਈ ਫ਼ੌਜ ਦਿਸਦੀ ਸੀ। ਸਾਨੂੰ ਘੰਟਾ ਘਰ ਦੇ ਸਾਮ੍ਹਣੇ ਜਿੱਥੇ ਅੱਜ ਕੱਲ੍ਹ ਪਾਣੀ ਪਿਆਉਂਦੇ ਆ, ਓਥੇ ਲਿਆ ਬਿਠਾਇਆ। ਸਾਨੂੰ ਲੈ ਕੇ ਜਿਹੜੇ ਆਏ ਸੀ, ਉਹਨਾਂ ਦੇ ਪਤਾ ਨ੍ਹੀਂ ਦਿਮਾਗ 'ਚ ਕੀ ਆਇਆ, ਉਹਨਾਂ ਦਾ ਇੰਚਾਰਜ ਜਾਂਦਿਆਂ ਹੀ ਆਂਹਦਾ:- "ਆਹ ਫੜੋ ਬੰਦੇ ਗੋਲ਼ੀ ਚਲਾਉਂਦੇ ਫੜੇ ਆ।"

ਏਨੀ ਗੱਲ ਸੁਣ ਕੇ ਇੱਕ ਪੰਜਾਬੀ ਫ਼ੌਜੀ ਨੇ ਆਪਣੀ ਕਾਰਬਾਈਨ ਦਾ ਸਟੈਂਡ ਖੋਲ੍ਹ ਕੇ ਮੇਰੇ ਮੂੰਹ ਤੇ ਮਾਰਿਆ ਤੇ ਆਂਹਦਾ:- "ਭੈਣ...ਨੇ ਐਨੀ ਫ਼ੌਜ ਮਾਰ ਘੱਤੀ।" ਉਹ ਸਾਨੂੰ ਤਿੰਨਾਂ ਨੂੰ ਕੁੱਟਣ ਡਹਿ ਪਏ। ਸਾਡੇ ਤੋਂ ਥੋੜ੍ਹਾ ਜਿਹਾ ਪਰ੍ਹਾਂ ਭਾਈ ਬਲਬੀਰ ਸਿੰਘ ਭੂਰਿਆਂ ਵਾਲ਼ੇ ਨੂੰ ਵੀ ਕੁੱਟਣ ਡਹੇ ਸੀ। ਹੱਥ ਤਾਂ ਸਾਡੇ ਪਿੱਠਾਂ ਪਿੱਛੇ ਬੰਨ੍ਹੇ ਹੋਏ ਸੀ, ਉਸੇ ਤਰ੍ਹਾਂ ਮੋੜੀਆਂ ਹੋਈਆਂ ਬਾਹਵਾਂ ਤੋਂ ਫੜ ਕੇ ਧੂਹ ਕੇ ਉਹਨਾਂ ਨੇ ਸਾਨੂੰ ਬਲਬੀਰ ਸਿੰਘ ਦੇ ਉੱਤੇ ਲਿਜਾ ਸੁੱਟਿਆ।

ਸਵਾਲ : ਹਰੇਕ ਫੜੇ ਗਏ ਸਿੰਘ ਨਾਲ਼ ਇਹ ਕੁਝ ਹੋ ਰਿਹਾ ਸੀ ?

ਜਵਾਬ : ਹਾਂ, ਹਰੇਕ ਦੇ ਨਾਲ਼ ਹੀ। ਓਥੇ ਬੜਾ ਕੁਝ ਵੇਖਿਆ ਵੀ ਤੇ ਝੱਲਿਆ ਵੀ। ਸਾਡੇ 'ਚੋਂ



ਚੰਦਾ ਸਿੰਘ ਵਾਰ ਵਾਰ ਪਾਣੀ ਮੰਗੇ, ਤੇ ਫ਼ੌਜੀ ਅੱਗੋਂ ਗਾਲ਼ਾਂ ਕੱਢਣ। ਨਾਲ਼ੇ ਫ਼ੌਜੀ ਆਖਣ:- "ਤੁਮ ਕਹਿਤੇ ਥੇ ਹਰਿਆਣੇ ਕੋ ਪਾਨੀ ਨਹੀਂ ਦੇਨਾ, ਅਬ ਕਿਆ ਹੋ ਗਿਆ ? ਤੁਮ ਹਮ ਸੇ ਪਾਨੀ ਮਾਂਗ ਰਹੇ ਹੋ ? ਕਹਾਂ ਗਿਆ ਤੁਮਾਰ੍ਹਾ ਵੋਹ ਚਿੜੀ ਵਾਲ਼ਾ ? (ਗੁਰੂ ਗੋਬਿੰਦ ਸਿੰਘ ਜੀ ਬਾਰੇ ਆਖਣ) ਔਰ ਤੁਮਾਰਾ ਵੋਹ ਸਰ ਕਟਾ ਹੂਆ (ਬਾਬਾ ਦੀਪ ਸਿੰਘ) ਕਹਾਂ ਹੈ; ਅਬ ਉਸਕੋ ਬੁਲਾਓ – ਤੁਮ ਲੌਂਗੋਵਾਲ ਕੇ ਸੀਨੇ ਪੇ ਬੰਦੂਕ ਤਾਨ ਕੇ ਧਮਕਾਤੇ ਥੇ ?" ਇਸ ਤਰ੍ਹਾਂ ਦੀ ਉਹਨਾਂ ਦੀ ਬਕਵਾਸ ਸੁਣ-ਸੁਣ ਕੇ ਸਾਨੂੰ ਗੁੱਸਾ ਚੜ੍ਹੇ ਪਰ ਹੱਥ ਪਿੱਠ ਪਿੱਛੇ ਬੰਨ੍ਹੇ, ਸਿਰਾਂ 'ਚੋਂ ਲਹੂ ਚੋਅ ਚੋਅ ਕੇ ਵਾਲ਼ ਵੀ ਜੁੜੇ ਹੋਏ। ਫ਼ੌਜੀ ਬੀੜੀਆਂ ਪੀ-ਪੀ ਕੇ ਉਹਦੀ ਸਵਾਹ ਸਾਡੇ ਤੇ ਝਾੜੀ ਜਾਣ, ਪਰ ਅਸੀਂ ਕੁਝ ਵੀ

ਕਰਨ ਦੀ ਹਾਲਤ 'ਚ ਨਈਂ ਸੀ। ਸਾਡੇ ਤੋਂ ਥੋੜ੍ਹੀ ਦੂਰ ਭਾਈ ਸੁਜਾਨ ਸਿੰਘ ਮਨਾਵਾਂ ਨੂੰ ਬਿਠਾਇਆ ਹੋਇਆ ਸੀ, ਉਹ ਵੈਰਾਗ 'ਚ ਇਹੋ ਆਖੀ ਜਾਣ ਕਿ 'ਸਾਨੂੰ ਜਿਊਂਦਿਆਂ ਇਹਨਾਂ ਦੇ ਹੱਥ ਨ੍ਹੀਂ ਸੀ ਆਉਣਾ ਚਾਹੀਦਾ।' ਅਸੀਂ ਚੰਦਾ ਸਿੰਘ ਨੂੰ ਆਖਿਆ ਕਿ 'ਤੂੰ ਐਵੇਂ ਇਹਨਾਂ ਕੰਜਰਾਂ ਤੋਂ ਪਾਣੀ ਨਾ ਮੰਗ, ਇਹ ਕਿੰਨਾ ਬਕਵਾਸ ਕਰਦੇ ਆ ਅੱਗੋਂ।'

ਸਵਾਲ : ਫਿਰ ਪਾਣੀ ਕਿਸੇ ਨੇ ਨ੍ਹੀਂ ਪਿਆਇਆ ?

ਜਵਾਬ : ਪਾਣੀ ਤਾਂ ਕੀ ਪਿਆਉਣਾ ਸੀ, ਓਥੇ ਇੱਕ ਅਫ਼ਸਰ ਆਇਆ, ਓਹਨੇ ਬੀੜੀ ਲਾਈ, ਤੇ ਫਿਰ ਜਿਹੜੇ ਪਰ੍ਹਾਂ ਹੋਰ ਸਿੰਘ ਬਿਠਾਏ ਸੀ ਨਾ, ਉਹਨਾਂ ਨੂੰ ਆਂਹਦਾ, 'ਅਗਰ ਕਿਸੀ ਨੇ ਭਾਗਨੇ ਕੀ ਕੋਸ਼ਿਸ਼ ਕੀ, ਤੋ ਮਾਰ ਦੇਂਗੇ; ਆਪ ਕੋ ਪਤਾ ਹੈ ਕੇ ਯੇ ਚਾਰ ਲੋਗ ਤੁਮਸੇ ਹਮੇਸ਼ਾਂ ਕੇ ਲੀਏ ਬਿਛੜਨੇ ਵਾਲ਼ੇ ਹੈਂ।' ਏਨਾ ਕਹਿ ਕੇ ਓਹਨੇ ਸਾਡੇ ਚਾਰਾਂ ਵੱਲ ਇਸ਼ਾਰਾ ਕੀਤਾ। ਅਸੀਂ ਅਜੇ ਕੁਝ ਸਮਝੇ ਵੀ ਨ੍ਹੀਂ ਸੀ ਕਿ ਓਹਨੇ ਇੱਕ ਫ਼ੌਜੀ ਨੂੰ ਆਰਡਰ ਕੀਤਾ, ਤੇ ਸਾਡੇ ਚਾਰਾਂ ਵੱਲ ਇਸ਼ਾਰਾ ਕਰ ਕੇ ਆਂਹਦਾ 'ਇਨ ਚਾਰੋਂ ਕੋ ਸ਼ੂਟ ਕਰ ਦੋ'। ਏਨੀ ਕੁ ਗੱਲ ਕਰ ਕੇ ਉਹ ਕਿਸੇ ਹੋਰ ਪਾਸੇ ਚਲਾ ਗਿਆ, ਤੇ ਫ਼ੌਜੀ ਨੇ ਸਾਡੇ ਵੱਲ ਐਲ.ਐਮ.ਜੀ ਬੀੜ ਲਈ। ਚੰਦਾ ਸਿੰਘ ਰੋਣ ਲੱਗ ਪਿਆ, ਡਰ ਤਾਂ ਅਸੀਂ ਵੀ ਗਏ, ਪਰ ਅਸੀਂ ਆਖੀਏ ਕਿ ਹੁਣ ਆਖ਼ਰੀ ਸਮੇਂ ਬੱਸ 'ਵਾਹਿਗੁਰੂ-ਵਾਹਿਗੁਰੂ' ਕਰੋ। ਅਸੀਂ 'ਵਾਹਿਗੁਰੂ-ਵਾਹਿਗੁਰੂ' ਕਰਨ ਲੱਗੇ ਤੇ ਐਨ ਉਸੇ ਵੇ਼ਲੇ ਓਥੇ ਇੱਕ ਸਿੱਖ ਅਫ਼ਸਰ ਆ ਗਿਆ। ਉਹ ਸਿੱਖ ਅਫ਼ਸਰ ਆਣ ਕੇ ਆਂਹਦਾ:- "ਯੇ ਕਿਆ ਕਰ ਰਹੇ ਹੋ' ?" ਅੱਗੋਂ ਐਲ.ਐਮ.ਜੀ ਵਾਲ਼ਾ ਫ਼ੌਜੀ ਆਂਹਦਾ:- "ਸਰ ! ਇਨਕੋ ਸ਼ੂਟ ਕਰਨੇ ਲਗੇ ਥੇ।" ਸਿੱਖ ਅਫ਼ਸਰ ਆਂਹਦਾ:- "ਨਹੀਂ ਸ਼ੂਟ ਨਹੀਂ ਕਰਨਾ।" ਉਹਦੇ ਏਨਾ ਕਹਿੰਦਿਆਂ ਹੀ ਫ਼ੌਜੀ ਨੇ ਐਲ.ਐਮ.ਜੀ ਚੁੱਕ ਕੇ ਪਰ੍ਹਾਂ ਕਰ ਦਿੱਤੀ ਤੇ ਅਸੀਂ ਸੁਖ ਦਾ ਸਾਹ ਲਿਆ। ਪਰ ਉਹ ਸਿੱਖ ਅਫ਼ਸਰ ਫੇਰ ਕਿਸੇ ਪਾਸੇ ਚਲਿਆ ਗਿਆ ਤੇ ਓਧਰੋਂ ਫੇਰ ਉਹ ਬੀੜੀ ਪੀਣ ਵਾਲ਼ਾ ਅਫ਼ਸਰ ਆ ਗਿਆ ਜਿਹੜਾ ਸਾਨੂੰ ਸ਼ੂਟ ਕਰਨ ਦਾ ਆਰਡਰ ਦੇ ਕੇ ਗਿਆ ਸੀ। ਉਹ ਆ ਕੇ ਫ਼ੌਜੀ ਤੇ ਫੇਰ ਔਖਾ, ਆਂਹਦਾ:- "ਇਨ ਕੋ ਸ਼ੂਟ ਕਿਉਂ ਨਹੀਂ ਕੀਆ ?" ਉਹ ਫ਼ੌਜੀ ਕਹਿੰਦਾ:- "ਕੈਪਟਨ ਸਾਬ੍ਹ ਨੇ ਮਨ੍ਹਾ ਕਰ ਦੀਆ।" ਇਹ ਸੁਣ ਕੇ ਉਸ ਬੀੜੀ ਪੀਣ ਵਾਲ਼ੇ ਅਫ਼ਸਰ ਨੇ ਸਿੱਖ ਅਫ਼ਸਰ ਨੂੰ ਗਾਲ਼ ਕੱਢੀ ਤੇ ਆਂਹਦਾ:- "ਸ਼ੂਟ ਕਰੋ ਇਨ ਕੋ।" ਫ਼ੌਜੀ ਨੇ ਫੇਰ ਸਾਡੇ ਵੱਲ ਮਸ਼ੀਨਗੰਨ ਬੀੜ ਲਈ, ਅਸੀਂ ਫੇਰ 'ਵਾਹਿਗੁਰੂ-ਵਾਹਿਗੁਰੂ' ਕਰਨ ਲੱਗੇ, ਤੇ ਓਸੇ ਵੇ਼ਲੇ ਹੂਟਰ ਵੱਜਣ ਲੱਗ ਪਿਆ। ਉਹ ਸਾਰੇ ਫ਼ੌਜੀ ਇਕਦਮ ਸਿੱਧੇ ਹੋ ਕੇ ਖਲੋ ਗਏ। ਗੱਡੀ 'ਚੋਂ ਇੱਕ ਹਿੰਦੀ ਅਫ਼ਸਰ ਉੱਤਰਿਆ, ਓਹਨੇ ਸਾਡੇ ਵੱਲ ਮਸ਼ੀਨਗੰਨ ਬੀੜੀ ਵੇਖੀ ਤੇ ਸਿੱਧਾ ਸਾਡੇ ਵੱਲ ਆ ਗਿਆ, ਆ ਕੇ ਉਸ ਫ਼ੌਜੀ ਨੂੰ ਪੁੱਛਦਾ:- "ਕਿਆ ਕਰ ਰਹੇ ਥੇ ?" ਅੱਗੋਂ ਉਹ ਆਂਹਦਾ:- "ਸਰ ਇਨਕੋ ਸ਼ੂਟ ਕਰਨੇ ਲਗੇ ਥੇ।" ਉਹ



ਅਫ਼ਸਰ ਅੱਗੋਂ ਟੁੱਟ ਕੇ ਪੈ ਗਿਆ, ਆਂਹਦਾ: - "ਯੇ ਜੰਗੀ ਕੈਦੀ ਹੈਂ ਕਿਸੀ ਕੋ ਭੀ ਸ਼ੂਟ ਨਹੀਂ ਕਰਨਾ, ਮੇਰੀ ਬਾਤ ਸਮਝ ਮੇਂ ਆਈ ਕਿ ਨਹੀਂ ?" ਅੱਗੋਂ ਫ਼ੌਜੀ ਆਂਹਦਾ:- "ਯੈੱਸ ਸਰ।" ਤੇ ਓਹਨੇ ਫੇਰ ਐਲ.ਐਮ.ਜੀ ਚੁੱਕ ਦਿੱਤੀ।

ਸਵਾਲ : ਉਹ ਅਫ਼ਸਰ ਕੌਣ ਸੀ ?

ਜਵਾਬ : ਉਹ ਮੁਸਲਮਾਨ ਅਫ਼ਸਰ ਸੀ, ਓਹਨੇ ਆਪ ਸਾਨੂੰ ਦੱਸਿਆ । ਆਪਣਾ ਹਮਦਰਦ ਵੇਖ ਕੇ ਉਹਨੂੰ ਸਾਡੇ 'ਚੋਂ ਕਿਸੇ ਨੇ ਕਹਿ ਤਾ ਕਿ ਸਾਨੂੰ ਪਾਣੀ ਵੀ ਨਈਂ ਦੇ ਰਹੇ। ਉਹ ਅਫ਼ਸਰ ਆਂਹਦਾ:- "ਤੁਮ ਕਿਨ ਲੋਗੋਂ ਸੇ ਪਾਨੀ ਮਾਂਗ ਰਹੇ ਹੋ ? ਸਰਦਾਰ ਕਭੀ ਭੀਖ ਨਹੀਂ ਮਾਂਗਤਾ।" ਸਾਨੂੰ ਵਾਕਿਆ ਈ ਲੱਗਾ ਕਿ ਅਸੀਂ ਐਵੇਂ ਹੀ ਇਹਨਾਂ ਭਈਆਂ ਜਿਹਾਂ ਤੋਂ ਪਾਣੀ ਮੰਗ ਕੇ ਇਹਨਾਂ ਦੀਆਂ ਗੱਲਾਂ ਸੁਣੀ ਜਾਨੇ ਆਂ। ਫਿਰ ਉਹ ਥੋੜ੍ਹੇ ਚਿਰ ਬਾਅਦ ਆਂਹਦਾ:- "ਸਰਦਾਰੋ ਏਕ ਬਾਤ ਬਤਾਓ, ਸੰਤ ਭਿੰਡਰਾਂਵਾਲ਼ਾ ਕਹਾਂ ਹੈ ?"

ਸਵਾਲ : ਫਿਰ ਤੁਸੀਂ ਕੀ ਕਿਹਾ ?

ਜਵਾਬ : ਅਸੀਂ ਆਖਿਆ:- "ਸਾਨੂੰ ਕੁਝ ਨ੍ਹੀਂ ਪਤਾ।" ਉਹ ਆਂਹਦਾ:- "ਸਰਦਾਰੋ ਤੁਮ੍ਹਾਰੀ ਕੌਮ ਕੇ ਪਾਸ ਏਕ ਹੀ ਲੀਡਰ ਹੈ, ਅਗਰ ਤੁਮ੍ਹੇ ਪਤਾ ਹੈ ਤੋ ਮੁਝੇ ਬਤਾ ਦੋ, ਮੈਂ ਉਸੇ ਬਚਾ

ਲੂੰਗਾ, ਯੇ ਸਾ਼ਲੇ ਉਸ ਕੋ ਮਾਰ ਦੇਂਗੇ।" ਅਸੀਂ ਆਖਿਆ:- "ਸਾਨੂੰ ਕੋਈ ਪਤਾ ਨ੍ਹੀਂ।" ਫਿਰ ਓਹਨੇ ਸਾਡੇ ਸਾਰਿਆਂ ਦੇ ਨਾਂ ਲਿਖਣੇ ਸ਼ੁਰੂ ਕੀਤੇ। ਉਹ ਫ਼ੌਜੀਆਂ ਨੂੰ ਆਖੀ ਜਾਵੇ ਕਿ ਆਹ ਜਿੰਨੀ ਮੈਂ ਲਿਸਟ ਬਣਾ ਕੇ ਲੈ ਕੇ ਚੱਲਿਆਂ, ਇਹ ਸਾਰੇ ਬੰਦੇ ਮੈਨੂੰ ਜਿਊਂਦੇ ਚਾਹੀਦੇ ਆ। ਉਹ ਸਾਨੂੰ ਵੀ ਆਖੀ ਜਾਵੇ ਕਿ ਕੋਈ ਆਪਣਾ ਗ਼ਲਤ ਨਾਮ ਨਾ ਲਿਖਵਾ ਦਿਓ, ਅਸਲੀ ਨਾਂ ਲਿਖਵਾਇਓ। ਉਹ ਸਾਨੂੰ ਪਾਣੀ ਪਿਆਉਣ ਲਈ ਵੀ ਫ਼ੌਜੀਆਂ ਨੂੰ

ਆਖ ਗਿਆ, ਪਰ ਫ਼ੌਜੀ ਸਾਨੂੰ ਪਾਣੀ ਵੀ ਗੁੱਸੇ 'ਚ ਹੀ ਪਿਆਉਣ, ਸਾਡੇ ਤਾਂ ਹੱਥ ਸਾਰਿਆਂ ਦੇ ਪਿੱਠ ਪਿੱਛੇ ਬੰਨ੍ਹੇ ਸੀ, ਮੂੰਹ ਨੂੰ ਗਿਲਾਸ ਵੀ ਫ਼ੌਜੀਆਂ ਨੂੰ ਹੀ ਲਾਉਣਾ ਪੈਂਦਾ ਸੀ ਤੇ ਉਹਨਾਂ ਨੇ ਸਟੀਲ ਦੇ ਤਿੱਖੇ ਗਿਲਾਸ ਪਾਣੀ ਪਿਆਉਣ ਲੱਗਿਆਂ ਈ ਸਾਡੇ ਮੂੰਹਾਂ ਤੇ ਮਾਰ ਮਾਰ ਕੇ ਸਾਡੇ ਕਈਆਂ ਦੇ ਮੂੰਹ ਪਾੜ ਘੱਤੇ। ਪਰ ਉਸ ਮੁਸਲਮਾਨ ਅਫ਼ਸਰ ਕਰ ਕੇ ਅਸੀਂ ਕਈ ਜਣੇ ਬਚ ਗਏ। ਦੂਜੇ ਪਾਸੇ ਲਾਭ ਸਿੰਘ, ਜਰਨੈਲ ਸਿੰਘ ਬੂਹ ਤੇ ਖੋਜਕੀਪੁਰ ਹੋਰਾਂ ਨੂੰ ਵੀ ਓਸੇ ਨੇ ਹੀ ਬਚਾਇਆ ਸੀ ਤੇ ਉਹਨਾਂ ਨੂੰ ਦੱਸਿਆ ਵੀ ਸੀ ਕਿ ਮੈਂ ਇੱਕ ਮੁਸਲਮਾਨ ਹਾਂ। ਉਹਨਾਂ ਨੂੰ ਉਸ ਨੇ ਇਹ ਵੀ ਆਖਿਆ ਸੀ ਕਿ 'ਮਹਾਰਾਜਾ ਰਣਜੀਤ ਸਿੰਘ ਕੇ ਬਾਅਦ ਤੁਮ੍ਹੇਂ ਏਕ ਹੀ ਲੀਡਰ ਮਿਲ਼ਾ, ਵੋ ਸੰਤ ਭਿੰਡਰਾਂਵਾਲ਼ਾ'। ਉਹਨਾਂ ਨੂੰ ਤਾਂ ਪਾਣੀ ਵੀ ਇਸ ਅਫ਼ਸਰ ਨੇ ਖ਼ੁਦ ਹੀ ਮੂੰਹ ਨਾਲ਼ ਬੋਤਲਾਂ ਲਾ ਲਾ ਕੇ ਪਿਆਇਆ ਸੀ।

ਸਵਾਲ : ਉਸ ਤੋਂ ਬਾਅਦ ਕਿਸੇ ਨੇ ਮਾਰਨ ਦੀ ਕੋਸ਼ਿਸ਼ ਕੀਤੀ ?

ਜਵਾਬ : ਮਾਰਨ ਦੀ ਕੋਸ਼ਿਸ਼ ਤਾਂ ਨਈਂ ਕੀਤੀ, ਪਰ ਹੋਰ ਓਥੇ ਬੜਾ ਕੁਝ ਵੇਖਿਆ। ਅੰਦਰੋਂ ਲਿਆ ਲਿਆ ਕੇ ਸੰਗਤ 'ਚੋਂ ਸਾਰੇ ਜ਼ਖ਼ਮੀ ਓਥੇ ਬਿਠਾਏ, ਕਿਸੇ ਦੀ ਬਾਂਹ ਉੱਡੀ ਹੋਈ, ਕਿਸੇ ਦੀ ਲੱਤ, ਕਿਸੇ ਦਾ ਕੰਨ, ਪਰ ਕੋਈ ਵੀ 'ਹਾਏ' ਨ੍ਹੀਂ ਆਖ ਰਿਹਾ, ਸਾਰੇ ਚੁੱਪ ਚਾਪ ਬੈਠੇ। ਕੋਈ ਕਿਸੇ ਲਾਸ਼ ਤੇ ਹੀ ਝੁਕ ਕੇ ਬੈਠਾ ਐ। ਲਾਸ਼ਾਂ ਵੀ ਜ਼ਖ਼ਮੀਆਂ ਦੇ ਵਿੱਚ ਹੀ ਪਈਆਂ, ਬੜਾ ਕਹਿਰੀ ਦ੍ਰਿਸ਼ ਸੀ ਉਹ। ਆਮ ਬੀਬੀਆਂ ਤੇ ਬੱਚੇ ਵੀ ਜ਼ਖ਼ਮੀ।



ਸਿਰ ਉਤਾਂਹ ਵੀ ਨ੍ਹੀਂ ਚੁੱਕਣ ਦਿੰਦੇ, ਲਗਾਤਾਰ ਕੁੱਟੀ ਜਾ ਰਹੇ। ਇਕਦਮ ਚਿੜੀ ਚੂਕੀ, ਮੈਂ ਵੇਖਿਆ, ਦਿਨ ਚੜ੍ਹਿਆ ਪਿਆ, ਮੈਨੂੰ ਯਕੀਨ ਜਿਹਾ ਨਾ ਆਵੇ। ਹੁਣੇ ਤਾਂ ਕੁੱਟਣ

ਡਹੇ ਸੀ ਹੁਣੇ ਹੀ ਦਿਨ ਕਿਵੇਂ ਚੜ੍ਹ ਗਿਆ ? ਪਰ ਸੂਰਜ ਚੜ੍ਹਦਾ ਜਾਵੇ ਤੇ ਫ਼ੌਜੀ ਅੰਦਰੋਂ ਕਿਰਪਾਨਾਂ ਤੇ ਹਥਿਆਰ ਲਿਆ ਕੇ ਬਾਹਰ ਢੇਰ ਲਾਈ ਜਾਣ ਤੇ ਯਕੀਨ ਆਵੇ ਕਿ ਅਗਲਾ ਦਿਨ ਚੜ੍ਹ ਗਿਐ। ਅੰਦਰੋਂ ਲਾਸ਼ਾਂ ਲਿਆ ਕੇ ਟਰੱਕਾਂ 'ਚ ਲੱਦ ਰਹੇ ਸੀ, ਟਰੱਕ ਦੇ ਉੱਤੇ ਤਕ ਲਾਸ਼ਾਂ ਭਰਦੇ ਮੈਂ ਅੱਖੀਂ ਵੇਂਹਦਾ ਰਿਹਾ। ਜਿਹੜੀਆਂ ਫ਼ੌਜੀਆਂ ਦੀਆਂ ਲਾਸ਼ਾਂ ਸੀ, ਉਹਨਾਂ ਨੂੰ ਅੰਦਰੋਂ ਚਿੱਟੀਆਂ ਚਾਦਰਾਂ 'ਚ ਲਪੇਟ ਕੇ ਲਿਆਉਂਦੇ ਸੀ ਤੇ ਫ਼ੌਜੀ ਟਰੱਕ 'ਚ ਲੱਦ ਰਹੇ ਸੀ। ਸਾਡੇ ਹੱਥ ਪਿੱਠ ਪਿੱਛੇ ਬੰਨ੍ਹਿਆਂ ਨੂੰ 26 ਘੰਟੇ ਹੋ ਗਏ ਸੀ, ਹੁਣ 7 ਜੂਨ ਸਵੇਰ ਦੇ 10 ਵੱਜ ਗਏ ਸੀ। ਪਾਟੇ ਸਿਰ 'ਚੋਂ ਲਹੂ ਚੋਅ ਚੋਅ ਕੇ ਵਾਲ਼ ਜੁੜ ਗਏ ਸੀ। ਮੈਨੂੰ ਹੁਣ ਪਿਸ਼ਾਬ ਜ਼ੋਰ ਪਾ ਰਿਹਾ ਸੀ, ਸੋਚਣ ਡਿਹਾ ਸਾਂ ਕੀਹਨੂੰ ਆਖਾਂ ਕਿ ਇੱਕ ਸਿੱਖ ਫ਼ੌਜੀ ਮੇਰੇ ਕੋਲ਼ ਆ ਖਲੋਤਾ। ਮੈਨੂੰ ਪੁੱਛਦਾ:- "ਤੁਸੀਂ ਕਿੱਧਰ ਆਏ ਸੀ ?" ਮੈਂ ਆਖਿਆ:- "ਅਸੀਂ ਤਾਂ ਮੱਥਾ ਟੇਕਣ ਆਏ ਸੀ।" ਅੱਗੋਂ ਉਹ ਆਂਹਦਾ:- "ਯਾਰ ਜੀਹਨੂੰ ਪੁੱਛੀਏ, ਓਹੋ ਆਂਹਦਾ ਮੱਥਾ ਟੇਕਣ ਆਏ ਸਾਂ, ਫੇਰ ਐਨੀ ਫ਼ੌਜ ਕਿੰਨ੍ਹੇਂ ਮਾਰ ਘੱਤੀ ?" ਉਹ ਫੇਰ ਆਂਹਦਾ:- "1971 ਦੀ ਜੰਗ 'ਚ ਏਨੀ ਫ਼ੌਜ ਨ੍ਹੀਂ ਮਰੀ ਜਿੰਨੀ ਐਥੇ ਮਾਰੀ ਗਈ ਆ।" ਮੈਂ ਆਖਿਆ:- "ਭਰਾਵਾ ਜਿਨ੍ਹਾਂ ਨੇ ਫ਼ੌਜ ਮਾਰੀ ਆ ਉਹ ਤਾਂ ਆਪ ਵੀ ਮਾਰੇ ਗਏ ਆ, ਅਸੀਂ ਤਾਂ ਮੱਥਾ ਟੇਕਣ ਆਏ ਸੀ।"

ਸਵਾਲ : ਇਸ ਸਿੱਖ ਫ਼ੌਜੀ ਦਾ ਵਤੀਰਾ ਕਿਹੋ ਜਿਹਾ ਰਿਹਾ ?

ਜਵਾਬ : ਹਿੰਦੂ ਫ਼ੌਜੀਆਂ ਵਰਗਾ ਨਫ਼ਰਤ ਵਾਲ਼ਾ ਨਈਂ ਸੀ, ਪਰ ਉਹ ਹੈਰਾਨ ਜਿਹਾ ਹੋਇਆ ਪਿਆ ਸੀ, ਜਿਵੇਂ ਕੁਝ ਸਮਝ ਨਾ ਆ ਰਹੀ ਹੋਵੇ ਕਿ ਇਹ ਕੀ ਹੋ ਗਿਐ। ਮੈਂ ਕਈ ਫ਼ੌਜੀਆਂ ਨੂੰ ਪਿਸ਼ਾਬ ਕਰਵਾਉਣ ਲਈ ਆਖਿਆ, ਸਾਰੇ ਅੱਗੋਂ ਗਾਲ਼ਾਂ ਕੱਢਣ, ਫੇਰ ਏਹੋ ਸਰਦਾਰ ਫ਼ੌਜੀ ਆਂਹਦਾ:- "ਚੱਲ ਮੈਂ ਤੈਨੂੰ ਪਿਸ਼ਾਬ ਕਰਵਾ ਕੇ ਲਿਆਉਨੈਂ।" ਉਹ ਮੈਨੂੰ ਓਸੇ ਈ ਤਰ੍ਹਾਂ ਉਠਾ ਕੇ ਨਾਲ਼ ਲੈ ਕੇ ਤੁਰ ਪਿਆ, ਜਿੱਧਰ ਆਪਾਂ ਅਜਾਇਬ ਘਰ ਵੇਖ ਕੇ ਬਾਅਦ 'ਚ ਹੇਠਾਂ ਉੱਤਰਦੇ ਆਂ ਨਾ, ਓਧਰ ਨੂੰ। ਰਾਹ 'ਚ ਜਿਹੜੇ ਹਿੰਦੀ ਫ਼ੌਜੀ ਖਲੋਤੇ ਸੀ, ਉਹ ਮੈਨੂੰ ਵੀ ਗਾਲ਼ਾਂ ਕੱਢਣ ਤੇ ਉਸ ਸਿੱਖ ਫ਼ੌਜੀ ਨੂੰ ਵੀ ਬੁਰਾ ਭਲਾ ਕਹਿਣ ਕਿ ਇਹਨੂੰ ਲਈ ਫਿਰਦੈ, ਗੋਲ਼ੀ ਮਾਰ ਕੇ ਮਾਰ ਇਹਨੂੰ। ਉਸ ਸਿੱਖ ਫ਼ੌਜੀ ਨੇ ਕਿਸੇ ਦੀ ਪਰਵਾਹ ਨ੍ਹੀਂ ਕੀਤੀ ਤੇ ਮੈਨੂੰ ਪਰ੍ਹਾਂ ਸਾਈਡ ਤੇ ਲੈ ਗਿਆ ਤੇ ਓਥੇ ਜਾ ਕੇ ਓਹਨੇ ਮੇਰੇ ਹੱਥ ਖੋਲ੍ਹ ਦਿੱਤੇ। ਜਦੋਂ ਹੱਥ ਖੋਲ੍ਹੇ, ਤੇ ਲਗਾਤਾਰ 26 ਘੰਟੇ ਬੱਧੇ ਰਹਿਣ ਕਰ ਕੇ ਇਹ ਹਾਲਤ ਹੋਈ ਪਈ ਸੀ ਕਿ ਹੱਥ ਅੱਗੇ ਹੀ ਨਾ ਹੋਣ। ਚਲੋ ਪਿਸ਼ਾਬ ਤਾਂ ਮੈਂ ਕਰ ਲਿਆ, ਪਰ ਉਸ ਸਿੱਖ ਫ਼ੌਜੀ ਨੂੰ ਇੱਕ ਅਫ਼ਸਰ ਨੇ ਬੁਲਾ ਲਿਆ ਤੇ ਉਹ ਦੋ ਹੋਰ ਫ਼ੌਜੀਆਂ ਦੇ

ਹਵਾਲੇ ਮੈਨੂੰ ਕਰ ਗਿਆ; ਉਹ ਹਿੰਦੀ ਫ਼ੌਜੀ ਜਿਹੜੇ ਸੀ, ਉਹਨਾਂ ਨੇ ਮੇਰੀ ਘੜੀ ਲਾਹ ਲਈ, ਤੇ ਫੇਰ ਮੇਰੇ ਹੱਥ ਪਿੱਠ ਪਿੱਛੇ ਬੰਨ੍ਹ ਕੇ ਮੈਨੂੰ ਦੁਬਾਰਾ ਘੰਟਾ ਘਰ ਕੋਲ਼ ਛੱਡ ਗਏ। ਥੋੜ੍ਹੇ ਚਿਰ ਬਾਅਦ ਓਹੀ ਸਿੱਖ ਫ਼ੌਜੀ ਆ ਗਿਆ, ਮੈਨੂੰ ਆਂਹਦਾ 'ਕੁਛ ਬੋਲਦੇ ਤਾਂ ਨਹੀਂ ਸੀ' ? ਮੈਂ ਕਿਹਾ 'ਬੋਲੇ ਤਾਂ ਨ੍ਹੀਂ ਪਰ ਮੇਰੀ ਘੜੀ ਲਾਹ ਲੀ ਉਹਨਾਂ ਨੇ'। ਇਹ ਸੁਣ ਕੇ ਉਹ ਗੁੱਸੇ 'ਚ ਆ ਕੇ ਓਹਨਾਂ ਨੂੰ ਗਾਲ੍ਹਾਂ ਕੱਢਦਾ ਓਧਰ ਨੂੰ ਤੁਰ ਪਿਆ। ਮੈਨੂੰ ਭਾਵੇਂ ਦੁੱਖ ਸੀ ਕਿ ਉਹ ਘੜੀ ਪਿਤਾ ਜੀ ਨੇ ਆਖ਼ਰੀ ਮਿਲ਼ਣੀ ਵੇਲ਼ੇ ਦਿੱਤੀ ਸੀ, ਪਰ ਫਿਰ ਵੀ ਮੈਂ ਉਸ ਸਿੱਖ ਫ਼ੌਜੀ ਨੂੰ ਰੋਕਿਆ, ਮੈਂ ਆਖਿਆ:- "ਰਹਿਣ ਦਿਓ, ਐਵੇਂ ਤੁਸੀਂ ਕਾਹਤੋਂ ਲੜਾਈ ਲੈਣੀ ਆ ਇੱਕ ਘੜੀ ਦੇ ਪਿੱਛੇ।" ਅੱਗੋਂ ਉਹ ਆਂਹਦਾ:- "ਇਹਨਾਂ ਦੀ ਭੈਣ ਦੀ... ਇਹ ਕੌਣ ਹੁੰਦੇ ਆ ਘੜੀ ਲਾਹੁਣ ਵਾਲ਼ੇ !" ਤੇ ਉਹ ਸਿੱਖ ਫ਼ੌਜੀ ਕੱਲ੍ਹਾ ਈ ਓਹਨਾਂ ਹਿੰਦੀ ਫ਼ੌਜੀਆਂ ਦੇ ਗਲ਼ ਜਾ ਪਿਆ, ਲੜ ਝਗੜ ਕੇ ਘੜੀ ਲੈ ਆਇਆ। ਘੜੀ ਓਹਨੇ ਮੇਰੇ ਪਿੱਠ ਪਿੱਛੇ ਬੱਧੇ ਹੱਥਾਂ 'ਚ ਹੀ ਆ ਕੇ ਪਾ ਦਿੱਤੀ। ਤੇ ਫਿਰ ਓਥੇ ਖਲੋ ਕੇ ਉਹ ਸਿੱਖ ਫ਼ੌਜੀ ਉੱਚੀ ਉੱਚੀ ਰੋਇਆ – ਫਿਰ ਉਹ ਕਿੰਨਾ ਚਿਰ ਰੁਮਾਲ ਨਾਲ਼ ਅੱਖਾਂ ਪੂੰਝਦਾ ਰਿਹਾ।

ਸਵਾਲ : ਹੋਰ ਜਿਹੜੇ ਬੰਨ੍ਹ ਕੇ ਬਿਠਾਏ ਸੀ, ਸਾਰਿਆਂ ਦਾ ਏਹੋ ਹਾਲ਼ ਸੀ ?

ਜਵਾਬ : ਹਾਂ, ਸਾਰਿਆਂ ਦਾ ਬੜਾ ਬੁਰਾ ਹਾਲ ਸੀ, ਸਿਰ ਤੇ ਕਿਸੇ ਦੇ ਵੀ ਕੇਸਕੀ ਨਹੀਂ ਸੀ, ਜ਼ਖ਼ਮੀ ਸਾਰੇ ਈ। ਤੇ ਏਥੇ ਸਾਡੇ ਬੈਠਿਆਂ ਈ ਫ਼ੌਜੀ ਇੱਕ ਬਜ਼ੁਰਗ ਸਿੰਘ ਤੇ ਇੱਕ 24 ਕੁ ਸਾਲ ਦੇ ਸਿੱਖ ਨੌਜਵਾਨ ਨੂੰ ਇੱਕੋ ਹੀ ਹਥਕੜੀ 'ਚ ਬੰਨ੍ਹ ਕੇ ਲਿਆਏ ਤੇ ਲਿਆ ਕੇ ਸਾਡੇ ਕੋਲ਼ ਬਿਠਾ ਦਿੱਤਾ। ਬਜ਼ੁਰਗ ਦਾ ਵੈਸੇ ਹੀ ਉਮਰ ਦੇ ਹਿਸਾਬ ਨਾਲ਼ ਕੁੱਬ ਨਿਕਲ਼ਿਆ ਪਿਆ ਸੀ, ਤੇ ਫਿਰ ਵੀ ਉਹ ਜ਼ਖ਼ਮੀ ਸੀ । ਓਹਦੀਆਂ ਅੱਖਾਂ 'ਚ ਡੇਲੇ ਨਹੀਂ ਸੀ, ਜ਼ਖ਼ਮ ਹੀ ਦਿਸਣ ਡਹੇ ਸੀ। ਉਹ ਪੂਰਾ ਚੁੱਪ-ਚਾਪ, ਕੁਝ ਵੀ ਨ੍ਹੀਂ ਬੋਲ ਰਿਹਾ।

ਉਹਨਾਂ ਨੂੰ ਸਾਡੇ ਕੋਲ਼ ਬਿਠਾ ਕੇ ਜਦੋਂ ਚਲੇ ਗਏ ਤਾਂ ਅਸੀਂ ਨੌਜਵਾਨ ਨੂੰ ਪੁੱਛਿਆ ਕਿ 'ਤੁਹਾਨੂੰ ਕਿੱਥੋਂ ਲਿਆਏ ਆ'? ਉਹ ਮੁੰਡਾ ਆਂਹਦਾ:- "ਅਸੀਂ ਰਿਹਾਇਸ਼ੀ ਕਮਰੇ 'ਚ ਸੀ, ਰਾਤੀਂ ਪਾਣੀ ਪੀਣ ਹੇਠਾਂ ਉੱਤਰ ਆਏ, ਤੇ ਜਦੋਂ ਵਾਪਸ ਆ ਗਏ ਤਾਂ ਪੈਰਾਂ ਦੇ ਨਿਸ਼ਾਨ ਲੱਗ ਗਏ, ਉਹ ਨਿਸ਼ਾਨ ਵੇਖ ਕੇ ਇਹ ਸਾਨੂੰ ਘਰੋਂ ਫੜ ਲਿਆਏ ਤੇ ਕੁੱਟਦੇ ਮਾਰਦੇ ਏਥੇ ਲੈ ਆਏ ਆ...।" ਤੇ ਗੱਲਾਂ ਕਰਦੇ-ਕਰਦੇ ਉਸ ਨੌਜਵਾਨ ਦੀਆਂ ਅੱਖਾਂ ਇਕਦਮ ਚਿੱਟੀਆਂ ਹੋ ਗਈਆਂ ਤੇ ਉਹ ਓਥੇ ਹੀ ਡਿੱਗ ਕੇ ਚੜ੍ਹਾਈ ਕਰ ਗਿਆ। ਪਤਾ ਨ੍ਹੀਂ ਉਹਨੂੰ ਪਾਣੀ 'ਚ ਕੁਝ ਪਿਆ ਦਿੱਤਾ ਸੀ ਇਹਨਾਂ ਕਿ ਹੋਰ ਕੋਈ ਗੱਲ ਸੀ ? ਓਹਦਾ ਮੂੰਹ ਖੁੱਲ੍ਹਾ ਰਹਿ ਗਿਆ ਤੇ ਅੰਦਰੋਂ ਇਕਦਮ ਐਨੀ ਜ਼ਿਆਦਾ ਮੁਸ਼ਕ (ਬਦਬੂ) ਆਈ ਕਿ ਝੱਲੀ ਨਾ ਜਾਵੇ। ਫਿਰ ਇੱਕ ਫ਼ੌਜੀ ਨੇ ਰੁਮਾਲ ਚੌਹਰਾ ਕਰ ਕੇ ਭਿਓਂ ਕੇ ਉਹਦੇ ਮੂੰਹ 'ਚ ਤੁੰਨ ਦਿੱਤਾ ਤੇ ਮੁਸ਼ਕ ਘੱਟ ਹੋਈ। ਫਿਰ ਆਂਹਦੇ 'ਇਹਨੂੰ ਲਾਸ਼ਾਂ ਦੇ ਟਰੱਕ 'ਚ ਸੁੱਟੋ'। ਓਹਦੀ ਹਥਕੜੀ ਬਜ਼ੁਰਗ ਦੇ ਨਾਲ਼ ਸਾਂਝੀ ਸੀ, ਉਹ ਉਹਨਾਂ ਨੇ ਖੋਲ੍ਹਣ ਦੀ ਲੋੜ ਈ ਨ੍ਹੀਂ ਸਮਝੀ, ਲਾਸ਼ ਨੂੰ ਵੀ ਧੂਹੀ ਜਾਣ ਤੇ ਬਜ਼ੁਰਗ ਨੂੰ ਵੀ ਖਿੱਚੀ ਜਾਣ। ਬਜ਼ੁਰਗ ਚੁੱਪ-ਚਾਪ ਤੁਰਿਆ ਜਾ ਰਿਹੈ ਨਾਲ਼, ਨਾ 'ਹਾਏ' ਆਂਹਦਾ, ਨਾ 'ਪਾਣੀ' ਮੰਗਦਾ। ਟਰੱਕ ਕੋਲ਼ ਜਾ ਕੇ ਬਜ਼ੁਰਗ ਦੀ ਹਥਕੜੀ ਵੱਖ ਕਰਨ ਲੱਗੇ, ਇੱਕ ਫ਼ੌਜੀ ਆਂਹਦਾ :- "ਇਸ

ਕੋ ਭੀ ਫੇਂਕ ਦੋ ਸਾਥ ਹੀ।" ਤੇ ਉਹਨਾਂ ਨੇ ਉਸ ਸਿੱਖ ਗੱਭਰੂ ਦੀ ਲਾਸ਼ ਦੇ ਨਾਲ਼ ਹੀ ਉਹ ਜ਼ਖ਼ਮੀ ਬਜ਼ੁਰਗ ਵੀ ਨਾਲ਼ ਹੀ ਲਾਸ਼ਾਂ ਵਾਲ਼ੇ ਟਰੱਕ 'ਚ ਸੁੱਟ ਦਿੱਤਾ। ਏਦਾਂ ਦੀ ਓਥੇ ਕੋਈ ਇੱਕ ਘਟਨਾ ਥੋੜ੍ਹੀ ਹੋਈ !

ਸਵਾਲ : ਹੋਰ ਜੋ ਕੁਝ ਵੀ ਤੁਸੀਂ ਅੱਖੀਂ ਵੇਖਿਆ ?

ਜਵਾਬ : ਫੇਰ ਓਥੇ ਸ਼ਹਿਰ ਦੇ ਹਿੰਦੂ ਪੂੜੀਆਂ ਛੋਲੇ ਤੇ ਹੋਰ ਕਾਫ਼ੀ ਕੁਝ ਤਿਆਰ ਕਰ ਫ਼ੌਜੀਆਂ ਨੂੰ ਖੁਆਉਣ ਲਈ ਲਿਆਏ ਤੇ ਬੜੇ ਖ਼ੁਸ਼ ਸੀ। 7 ਜੂਨ ਦਾ ਦਿਨ ਸੀ, ਦੁਪਹਿਰੇ ਦੋ ਢਾਈ ਵਜੇ ਸਾਨੂੰ ਟਰੱਕਾਂ 'ਚ ਚੜ੍ਹਾਉਣ ਲੱਗ ਪਏ, ਸਾਨੂੰ ਪਹਿਲਾਂ ਤਾਂ ਅੱਡ ਰੱਖਦੇ ਸੀ, ਫਿਰ ਇੱਕ ਅਫ਼ਸਰ ਦੇ ਕਹਿਣ ਤੇ ਸਾਨੂੰ ਵੀ ਉਸੇ ਹੀ ਟਰੱਕ 'ਚ ਸੁੱਟ ਲਿਆ। ਸਾਡੇ ਉੱਤੇ ਹੀ ਫ਼ੌਜੀ ਖਲੋ ਗਏ। ਬੜੀ ਬੁਰੀ ਹਾਲਤ ਸੀ, ਦਰਬਾਰ ਸਾਹਿਬ ਤੋਂ ਰਾਮਤੀਰਥ ਰੋਡ ਫ਼ੌਜੀ ਛਾਉਣੀ ਤਕ



ਲਿਜਾਂਦਿਆਂ ਸਾਡੇ 'ਚੋਂ ਚਾਰ ਜਣੇ ਚੜ੍ਹਾਈ ਕਰ ਗਏ। ਸਾਨੂੰ ਜਦੋਂ ਓਥੇ ਜਾ ਕੇ ਲਾਹਿਆ ਤਾਂ ਉਹਨਾਂ ਦੀਆਂ ਲਾਸ਼ਾਂ ਹੀ ਲੱਥੀਆਂ। ਇੱਕ ਬਜ਼ੁਰਗ ਦੇ ਮੂੰਹ 'ਚ ਰੋਟੀ ਦੀ ਬੁਰਕੀ ਸੀ, ਉਹ ਉਸੇ ਤਰ੍ਹਾਂ ਹੀ ਚੜ੍ਹਾਈ ਕਰ ਗਿਆ।

ਸਵਾਲ : ਓਥੇ ਲਿਜਾ ਕੇ ਫਿਰ ਪੁੱਛਗਿੱਛ ਹੋਈ ?

ਜਵਾਬ : ਸਾਨੂੰ ਤਾਂ ਚਾਰ ਜਣਿਆਂ ਨੂੰ ਉਸੇ ਤਰ੍ਹਾਂ ਹੀ ਹੱਥ ਪਿੱਛੇ ਬੰਨ੍ਹ ਕੇ ਨੰਗੇ ਈ ਤਪਦੀ ਫ਼ਰਸ਼ ਤੇ ਜਾ ਸੁੱਟਿਆ ਤੇ ਕੁੱਟਣ ਡਹਿ ਪਏ। ਫ਼ਰਸ਼ ਭੱਠੀ ਵਾਂਗ ਤਪੀ ਪਈ ਸੀ। ਮੈਂ, ਚੰਦਾ ਸਿੰਘ ਤੇ ਬਲਬੀਰ ਸਿੰਘ ਤਾਂ ਉਸ ਹਾਲਤ 'ਚ ਵੀ ਏਧਰੋਂ ਓਧਰ ਲਿਟਦੇ ਰਹੇ, ਪਰ ਦੇਸਾ ਸਿੰਘ ਇੱਕ ਪਾਸੇ ਹੀ ਪਿਆ ਰਿਹਾ। ਇੱਕ ਪਾਸੇ ਪਏ ਰਹਿਣ ਕਰ ਕੇ ਉਸਦਾ ਮਾਸ ਝੁਲਸ ਕੇ ਫ਼ਰਸ਼ ਦੇ ਨਾਲ਼ ਜੁੜ ਗਿਆ। ਫਿਰ ਬੜੀ ਮੁਸ਼ਕਲ ਉਠਾਇਆ। ਜਦੋਂ ਕੁੱਟਦੇ ਹੰਭ ਗਏ ਤੇ ਸਾਨੂੰ ਪੌੜੀਆਂ ਚਾੜ੍ਹ ਕੇ ਉਤਾਂਹ ਲੈ ਗਏ। ਓਥੇ ਇੱਕ ਕਮਰੇ ਦਾ ਬੂਹਾ ਖੋਲ੍ਹਿਆ, ਉਹਦੇ 'ਚ ਪਹਿਲਾਂ ਹੀ ਭਾਈ ਜੋਗਿੰਦਰ ਸਿੰਘ ਰੋਡੇ, ਭਾਈ ਸੁਰਿੰਦਰ ਸਿੰਘ ਜੋਧਪੁਰੀ ਤੇ ਹੋਰ ਕਾਫ਼ੀ ਸਿੰਘ ਬਿਠਾਏ ਹੋਏ ਸੀ। ਸਾਰੇ ਹੀ ਬੁਰੀ ਤਰ੍ਹਾਂ ਜ਼ਖ਼ਮੀ, ਨੀਲ ਪਏ ਹੋਏ ਸਾਰਿਆਂ ਦੇ। ਸਾਨੂੰ ਕਮਰੇ ਦੇ ਬੂਹੇ 'ਚ ਖਲ੍ਹਾਰ ਕੇ ਪਿੱਛੋਂ ਲੱਤਾਂ ਮਾਰੀਆਂ ਤੇ ਅਸੀਂ ਮੂਧੇ ਮੂੰਹ ਕਮਰੇ 'ਚ ਜਾ ਡਿੱਗੇ, ਉਹਨਾਂ ਨੇ ਪਿੱਛੋਂ ਬੂਹਾ ਬੰਦ ਕਰ ਦਿੱਤਾ। ਕਿੰਨਾ ਚਿਰ ਅਸੀਂ ਉਸ ਹੀ ਤਰ੍ਹਾਂ ਪਏ ਰਹੇ, ਕੋਈ ਡਰਦਾ ਨਾ ਚੁੱਕੇ। ਫਿਰ ਅਸੀਂ ਆਖਿਆ:- "ਸਾਡੇ ਹੱਥ ਤਾਂ ਖੋਲ੍ਹ ਦਿਓ।" ਅਖ਼ੀਰ ਇੱਕ ਸ਼ਹਿਰੀ ਮੁੰਡਾ ਸੀ ਓਥੇ ਪ੍ਰਿਤਪਾਲ, ਓਹਨੇ ਉੱਠ ਕੇ ਸਾਡੇ ਹੱਥ ਖੋਲ੍ਹੇ ਤੇ ਆਂਹਦਾ 'ਵੇਖੀ ਜਾਊ ਜੋ ਹੋਊ'। ਫੇਰ ਉਸੇ ਸਿੰਘ ਨੇ ਓਥੇ ਪਈ ਝੱਜਰ 'ਚੋਂ ਸਾਨੂੰ ਪਾਣੀ ਪਿਆਇਆ। ਪਰ ਫਿਰ ਕਿਸੇ ਨ੍ਹੀਂ ਪੁੱਛਿਆ ਕਿ ਇਹਨਾਂ ਦੇ ਹੱਥ ਕੀਹਨੇ ਖੋਲ੍ਹੇ।

ਸਵਾਲ : ਏਥੇ ਵੀ ਤੁਹਾਡੀ ਪੁੱਛਗਿੱਛ ਹੋਈ ?

ਜਵਾਬ : ਏਥੇ ਪਹਿਲਾਂ ਸਾਨੂੰ ਥੋੜ੍ਹੇ ਥੋੜ੍ਹੇ ਦਾਲ ਚੌਲ਼ ਦੇਣੇ ਸ਼ੁਰੂ ਕੀਤੇ। 9 ਜੂਨ ਨੂੰ ਸਾਨੂੰ ਹੇਠਾਂ ਲਾਹ ਕੇ ਲਿਆਏ। ਇੱਕ ਸਿੱਖ ਅਫ਼ਸਰ ਬੈਠਾ ਸੀ। ਓਹਨੇ ਮੈਨੂੰ ਮੇਰਾ ਪਿੰਡ ਪੁੱਛਿਆ, ਮੈਂ ਦੱਸ ਦਿੱਤਾ। ਉਹ ਫ਼ੌਜੀਆਂ ਨੂੰ ਆਂਹਦਾ 'ਓਇ ਇਹਨਾਂ ਦੇ ਪੱਟੀ-ਪੁੱਟੀ ਤਾਂ ਕਰਵਾ ਦਿਓ'। ਮੇਰੇ ਸਿਰ 'ਚੋਂ ਲਹੂ ਵਗ ਵਗ ਕੇ ਵਾਲ਼ ਜੁੜੇ ਹੋਏ ਸੀ। ਉਹ ਮੈਨੂੰ ਲੈ ਗਏ ਤੇ ਥੋੜ੍ਹਾ ਜਿਹਾ ਜ਼ਖ਼ਮ ਸਾਫ਼ ਕਰ ਕੇ ਉੱਤੇ ਰੂੰਅ ਬੰਨ੍ਹ ਦਿੱਤਾ ਤੇ ਫਿਰ ਕਮਰੇ 'ਚ ਬੰਦ ਕਰ ਗਏ। ਅਸੀਂ ਪਿਸ਼ਾਬ ਕਰਨ ਵੀ ਜਾਣਾ ਹੁੰਦਾ ਤਾਂ ਸਾਨੂੰ ਆਂਹਦੇ ਹੱਥ ਖੜ੍ਹੇ ਕਰ ਕੇ ਜਾਓ। ਓਥੇ ਫਲੱਸ਼ਾਂ ਬੰਦ ਹੋਈਆਂ ਪਈਆਂ ਸੀ ਤੇ ਵਿੱਚ ਕਿੰਨਾ ਕਿੰਨਾ ਪਾਣੀ ਖਲੋਤਾ। ਪਾਣੀ 'ਚ ਪਖਾਨਾ ਓਦਾਂ ਈ ਤੈਰਦਾ ਫਿਰਦਾ ਤੇ ਉਹਦੇ ਵਿੱਚ ਹੀ ਸਾਨੂੰ ਟੌਇਲਟ ਬਿਠਾਉਂਦੇ ਤੇ ਬਾਹਰ ਖਲੋਤੇ ਫ਼ੌਜੀ ਫਿਰ ਵੀ ਸਾਡੇ ਵੱਲ ਸਿੱਧੀਆਂ ਗੰਨਾਂ ਤਾਣ ਕੇ ਰੱਖਦੇ। ਏਥੇ ਈ ਸਾਡੀ ਕਿਸੇ ਗੁਪਤ ਤਰੀਕੇ ਕੱਲ੍ਹੇ ਕੱਲ੍ਹੇ ਦੀ ਸ਼ਨਾਖਤ ਕਰਵਾ ਕੇ ਸਾਡੀਆਂ ਅੱਡੋ ਅੱਡ ਕੈਟਾਗਰੀਆਂ ਬਣਾਈਆਂ ਗਈਆਂ।

ਸਵਾਲ : ਹੋਰ ਕਿਹੜੇ ਕਿਹੜੇ ਸਿੰਘ ਏਥੇ ਨਾਲ਼ ਬੰਦ ਸੀ ?

ਜਵਾਬ : ਪਰਲੀ ਸਾਈਡ ਤੇ ਲਾਭ ਸਿੰਘ, ਜਰਨੈਲ ਸਿੰਘ ਬੂਹ, ਧੀਰਾ ਸਿੰਘ ਹੋਰੀਂ ਸੀ, ਇੱਕ ਪੁਰਾਣਾ ਬਜ਼ੁਰਗ ਬੱਬਰ ਅਕਾਲੀਆਂ 'ਚੋਂ ਬਾਬਾ ਸੁਖਰਾਮ ਸਿੰਘ ਪਿੰਡ ਸ਼ੇਰਪੁਰ ਸੱਧਾ ਜ਼ਿਲ੍ਹਾ ਕਪੂਰਥਲਾ ਦਾ ਸੀ, ਬੜਾ ਚੜ੍ਹਦੀ ਕਲਾ ਵਾਲ਼ਾ, ਪੁਰਾਤਨ ਗ੍ਰੰਥਾਂ 'ਚੋਂ ਚੜ੍ਹਦੀ ਕਲਾ ਵਾਲੀਆਂ ਪੰਕਤੀਆਂ ਸੁਣਾਉਂਦਾ ਰਹਿੰਦਾ। ਭਾਈ ਹਰਮਿੰਦਰ ਸਿੰਘ ਗਿੱਲ ਏਥੇ ਸੀ, ਉਹਨੂੰ ਅਜੇ ਦਾੜ੍ਹੀ ਨ੍ਹੀਂ ਸੀ ਆਈ, ਉਹਨੂੰ ਨਿਆਣਾ ਸਮਝ ਕੇ ਇੱਕ ਵਾਰ ਹਿੰਦੀ ਫ਼ੌਜੀ ਆਂਹਦੇ:- "ਸਫ਼ਾਈ ਕਰ ਵਿਹੜੇ ਦੀ।" ਗਿੱਲ ਆਂਹਦਾ:- "ਮੈਨੂੰ ਬੁਖ਼ਾਰ ਆ।" ਉਹ ਆਂਹਦੇ 'ਬਹਾਨੇ ਲਾਉਂਦੈ'। ਉਹਨੂੰ ਸੱਚੀਂ ਬੁਖ਼ਾਰ ਸੀ। ਅਸੀਂ ਦੋ ਜਣਿਆਂ ਆਖਿਆ ਅਸੀਂ ਸਫ਼ਾਈ ਕਰ ਦਿੰਦੇ ਆਂ। ਉਹ ਫ਼ੌਜੀ ਆਖਣ 'ਨਹੀਂ ਏਹਦੇ ਤੋਂ ਹੀ ਕਰਵਾਉਣੀ ਆਂ', ਫਿਰ ਹਰਮਿੰਦਰ ਸਿੰਘ ਗਿੱਲ ਵੀ ਅੱਗੋਂ ਅੜ ਗਿਆ, ਆਂਹਦਾ:- "ਜਾਓ ਮੈਂ ਨ੍ਹੀਂ ਕਰਦਾ, ਜਿਹੜੀ ਗੋਲ਼ੀ ਮਾਰਨੀ ਮਾਰ ਦਿਓ, ਭਾਵੇਂ ਸਿਰ ਲਾਹ ਦਿਓ।" ਰੌਲ਼ਾ ਪੈ ਗਿਆ। ਫਿਰ ਇੱਕ ਸਿੱਖ ਅਫ਼ਸਰ ਕੁਦਰਤੀ ਹੀ ਆ ਗਿਆ। ਸਿੰਘ ਸਾਰੇ ਗੁੱਸੇ 'ਚ, ਬਾਬਾ ਸੁਖਰਾਮ ਸਿੰਘ ਆਂਹਦਾ:- "ਇਹੋ ਜਿਹੇ ਭਈਏ ਸਾਡੇ ਖੇਤਾਂ 'ਚ ਪਨੀਰੀ ਪੁੱਟਦੇ ਆ। ਇਹ ਕੌਣ ਹੁੰਦੇ ਆ ਸਾਡੇ ਵੱਲ ਗੰਨਾਂ ਕਰ ਕੇ ਸਾਡੇ ਤੇ ਹੁਕਮ ਚਾੜ੍ਹਨ ਵਾਲ਼ੇ ?" ਉਸ ਸਿੱਖ ਅਫ਼ਸਰ ਨੇ ਉਹ ਹਿੰਦੀ ਫ਼ੌਜੀ ਹੀ ਓਥੋਂ ਬਦਲ ਦਿੱਤੇ ਤਾਂ ਸਿੰਘ ਸ਼ਾਂਤ ਹੋਏ।

ਹਰਮਿੰਦਰ ਸਿੰਘ ਗਿੱਲ (1984)

ਸਵਾਲ : ਏਥੇ ਇਸ ਤਰ੍ਹਾਂ ਕਿੰਨਾ ਚਿਰ ਰਹੇ ?

ਜਵਾਬ : ਏਥੇ ਪੂਰੇ 58 ਦਿਨ ਸਾਨੂੰ ਰੱਖਿਆ। ਏਥੇ ਹੀ ਅਸੀਂ

ਬੀ.ਬੀ.ਸੀ ਤੇ ਭਾਈ ਅਮਰੀਕ ਸਿੰਘ ਦੇ ਘਰ ਭੁਜੰਗੀ ਪੈਦਾ ਹੋਣ ਦੀ ਖ਼ਬਰ ਸੁਣੀ ਤੇ ਅਸੀਂ ਆਪੋ 'ਚ ਗੁੜ ਵੰਡਿਆ ਤੇ ਜੈਕਾਰੇ ਛੱਡੇ। 58 ਦਿਨ ਕੱਟ ਕੇ ਫਿਰ ਸਾਨੂੰ ਹੱਥ ਪਿੱਛੇ ਬੰਨ੍ਹ ਕੇ ਬੱਸਾਂ 'ਚ ਚੜ੍ਹਾ ਲਿਆ। ਬੱਸਾਂ ਨੂੰ ਅੰਦਰੋਂ ਲੌਕ ਲਾ ਲਏ, ਇਸ ਤਰ੍ਹਾਂ ਸਾਨੂੰ ਨਾਭੇ ਜੇਲ੍ਹ 'ਚ ਲੈ ਗਏ। ਨਾਭੇ ਜੇਲ੍ਹ 'ਚ ਲਿਜਾ ਕੇ ਸਾਨੂੰ ਚੱਕੀਆਂ 'ਚ ਬੰਦ ਕਰ ਦਿੱਤਾ ਤੇ ਫਿਰ ਕਈ ਕਈ ਪੁਲੰਦੇ ਜਿਹੇ ਦੇ ਦਿੱਤੇ। ਰੋਜ਼ ਸਾਡੇ ਵਿੱਚੋਂ ਕੁਝ ਜਣਿਆਂ ਨੂੰ ਕੱਢ ਕੇ ਲੈ ਜਾਂਦੇ ਤੇ ਐਡਵਾਈਜ਼ਰੀ ਬੋਰਡ ਦੇ ਅੱਗੇ ਪੇਸ਼ ਕਰਦੇ, ਸਾਡੇ ਤੇ ਐੱਨ.ਐੱਸ.ਏ (ਨੈਸ਼ਨਲ ਸਕਿਓਰਟੀ ਐਕਟ) ਲਾਉਣਾ ਸੀ। ਸਾਡਾ ਵਕੀਲ ਪੂਰਨ ਸਿੰਘ ਹੁੰਦਲ ਸੀ, ਓਹਨੇ ਸਾਨੂੰ ਜਿਵੇਂ ਸਮਝਾਇਆ ਸੀ ਅਸੀਂ ਓਸੇ ਤਰ੍ਹਾਂ ਆਖ ਦਿੱਤਾ ਕਿ 'ਸਾਨੂੰ 7 ਤਰੀਕ ਨੂੰ ਕਾਰ ਸੇਵਾ ਵਾਲ਼ੇ ਡੇਰੇ ਤੋਂ ਫੜਿਐ'। ਪਰ ਸਾਡੇ 'ਚੋਂ ਇੱਕ ਸਿੰਘ ਸੀ ਭਾਈ ਸ਼ੇਰ ਸਿੰਘ ਫੂਲ ਮਹਿਰਾਜ। ਉਹਨੂੰ ਜਦੋਂ ਐਡਵਾਈਜ਼ਰੀ ਬੋਰਡ ਨੇ ਪੁੱਛਿਆ ਕਿ ਤੁਹਾਨੂੰ ਕਿੱਥੋਂ ਫੜਿਐ ਤਾਂ ਉਹ ਪਟੱਕ ਦੇਣੇ ਆਂਹਦਾ:- "ਦਰਬਾਰ ਸਾਹਿਬ 'ਚੋਂ ।" ਉਹ ਪੁੱਛਦੇ:- "ਦਰਬਾਰ ਸਾਹਿਬ ਕੀ ਕਰਨ ਆਇਆ ਸੀ ?" ਅੱਗੋਂ ਆਂਹਦਾ:- "ਹਮਲਾ ਕਰਨ ਆਈ ਫ਼ੌਜ ਦੇ ਨਾਲ਼ ਲੜਾਈ ਕਰਨ ਆਏ ਸੀ।"

ਐਡਵੋਕੇਟ ਪੂਰਨ ਸਿੰਘ ਹੁੰਦਲ

ਏਨੀ ਗੱਲ ਸੁਣ ਕੇ ਸਾਰਿਆਂ ਦੇ ਮੂੰਹ ਖੁੱਲ੍ਹੇ ਰਹਿ ਗਏ। ਫਿਰ ਉਹਨਾਂ 'ਚੋਂ ਇੱਕ ਜਣਾ ਪੁੱਛਦਾ:- "ਕਿੰਨੀਆਂ ਗੋਲ਼ੀਆਂ ਚਲਾਈਆਂ ?" ਉਹ ਅੱਗੋਂ ਆਂਹਦਾ:- "ਮੈਂ 2300 ਗੋਲ਼ੀਆਂ ਚਲਾਈਆਂ।" ਇੱਕ ਜਣਾ ਹੋਰ ਪੁੱਛਦਾ:- "ਫ਼ੌਜੀ ਕਿੰਨੇ ਮਾਰੇ ?" ਉਹ ਅੱਗੋਂ ਆਂਹਦਾ:- "ਮੈਂ ਹਰ ਗੋਲ਼ੀ ਇੱਕ ਫ਼ੌਜੀ ਦੇ ਸਿਰ 'ਚ ਮਾਰੀ ਤੇ 2300 ਗੋਲ਼ੀਆਂ ਦੇ ਨਾਲ਼ 2300 ਫ਼ੌਜੀ ਕੱਲ੍ਹੇ ਨੇ ਹੀ ਮਾਰੇ ਆ।" ਏਨੀ ਗੱਲ ਸੁਣ ਕੇ ਓਹਨਾਂ ਸਾਰਿਆਂ ਦੇ ਪੈੱਨ ਓਥੇ ਹੀ ਰੁਕ ਗਏ ਤੇ ਉਹ ਆਂਹਦੇ, 'ਸਾਰਿਆਂ ਤੇ ਐੱਨ.ਐੱਸ.ਏ ਪੱਕੀ'। ਪੁਲਿਸ ਵਾਲ਼ੇ ਆਖਣ ਪਈ ਆਹ ਬਾਬੇ ਨੇ ਤੁਹਾਡੇ ਤੇ ਐੱਨ.ਐੱਸ.ਏ ਲੁਆ 'ਤੀ ਜੇ, ਪਰ ਸਾਨੂੰ ਪਤਾ ਸੀ ਲਾ ਤਾਂ ਇਹਨਾਂ ਨੇ ਵੈਸੇ ਵੀ ਦੇਣੀ ਸੀ।

ਸਵਾਲ : ਫੇਰ ਨਾਭੇ ਕਿੰਨਾ ਚਿਰ ਰਹੇ ?

ਜਵਾਬ : ਏਥੋਂ ਥੋੜ੍ਹੇ ਚਿਰ ਬਾਅਦ ਸਾਨੂੰ ਜੋਧਪੁਰ ਲੈ ਗਏ। ਸਾਡੇ ਚਿਹਰਿਆਂ ਤੇ ਕੋਟ ਵਰਗਾ ਮੋਟਾ ਕੱਪੜਾ ਪਾ ਕੇ ਹੱਥ ਪਿੱਛੇ ਕਰ ਕੇ ਹਥਕੜੀਆਂ ਲਾ ਕੇ ਸਾਨੂੰ ਬੱਸਾਂ 'ਚ ਪਹਿਲਾਂ ਪਟਿਆਲ਼ੇ ਲੈ ਕੇ ਗਏ, ਫਿਰ ਸਾਨੂੰ ਹਵਾਈ ਜਹਾਜ਼ਾਂ 'ਚ ਚੜ੍ਹਾ ਕੇ ਜੋਧਪੁਰ ਜੇਲ੍ਹ 'ਚ ਲੈ ਗਏ; ਓਥੇ ਚੱਕੀਆਂ ਦੇ ਅੰਦਰ ਵਾੜ ਕੇ ਸਾਡੀਆਂ ਹਥਕੜੀਆਂ ਖੋਲ੍ਹੀਆਂ ਤੇ ਨਕਾਬ ਲਾਹੇ।

ਸਵਾਲ : ਜੋਧਪੁਰ 'ਚ ਕਿਸ ਤਰ੍ਹਾਂ ਦਾ ਮਾਹੌਲ ਸੀ ?

ਲੇਖਕ ਨਾਲ ਗੱਲ ਬਾਤ ਕਰਦਿਆਂ ਭਾਈ ਕਰਤਾਰ ਸਿੰਘ

ਜਵਾਬ : ਓਥੇ ਬੈਰਕਾਂ 'ਚ ਗੋਡੇ ਗੋਡੇ ਰੇਤ ਚੜ੍ਹ ਜਾਣੀ, ਜੋ ਅਸੀਂ ਸਾਫ਼ ਕਰਦੇ ਰਹਿਣਾ। 24 ਘੰਟਿਆਂ 'ਚ ਇੱਕ ਜਣੇ ਨੂੰ ਸਿਰਫ਼ 22 ਲੀਟਰ ਪਾਣੀ ਦਿੰਦੇ, ਵਿੱਚੇ ਨ੍ਹਾਉਣਾ, ਵਿੱਚੇ ਹੀ ਪੀਣਾ। ਸਬਜ਼ੀਆਂ 'ਚੋਂ ਕਈ ਵਾਰ ਬੀੜੀਆਂ ਦੇ ਟੋਟੇ ਨਿਕਲਦੇ, ਮਿਰਚ ਐਨੀ ਤੇਜ਼ ਹੁੰਦੀ ਕਿ ਕਈਆਂ ਨੂੰ ਬਵਾਸੀਰ ਹੋ ਗਈ, ਮੈਨੂੰ ਵੀ ਓਦੋਂ ਦੀ ਬਵਾਸੀਰ ਦੀ ਸ਼ਿਕਾਇਤ ਹੈ। ਜਦੋਂ 29 ਅਪ੍ਰੈਲ 1986 ਨੂੰ ਪੰਥਕ ਕਮੇਟੀ ਨੇ ਖ਼ਾਲਿਸਤਾਨ ਦਾ ਐਲਾਨ ਕੀਤਾ ਤਾਂ 30 ਅਪ੍ਰੈਲ ਨੂੰ ਸਾਡੇ ਤੇ ਬਿਨਾਂ ਵਜ੍ਹਾ ਹੀ ਲਾਠੀਚਾਰਜ ਕਰ ਦਿੱਤਾ ਗਿਆ। ਇਸ ਤਰ੍ਹਾਂ ਦੇ ਹਾਲਾਤਾਂ 'ਚ ਹੀ ਰਹੇ ਜੋਧਪੁਰ ਜੇਲ੍ਹ 'ਚ ਵੀ। ਓਥੋਂ 6 ਮਾਰਚ 1989 ਨੂੰ ਸਾਡੀ ਰਿਹਾਈ ਹੋਈ।

ਸਵਾਲ : ਅੱਜ ਜੂਨ 1984 ਦੀਆਂ ਘਲੂਘਾਰੇ ਦੀਆਂ ਯਾਦਾਂ ਨੂੰ ਕਿਵੇਂ ਲੈਂਦੇ ਹੋ ?

ਜਵਾਬ : ਉਹ ਘਲੂਘਾਰਾ ਸਿੱਖ ਇਤਿਹਾਸ ਦਾ ਇੱਕ ਖ਼ਾਸ ਅਧਿਆਇ ਐ, ਜੀਹਦੇ ਤੋਂ ਸਾਡੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਗ਼ੁਲਾਮੀ ਦੇ ਲੱਛਣਾਂ ਤੋਂ ਜਾਣੂ ਹੋਣਾ ਐ ਤੇ ਅਜ਼ਾਦੀ ਦੀ ਕੀਮਤ ਦਾ ਅੰਦਾਜ਼ਾ ਲਾਉਣੈ। ਜਿਵੇਂ ਇਤਿਹਾਸ ਦੇ ਉਸ ਅਧਿਆਇ ਦਾ ਹਿੱਸਾ ਰਹੇ ਹਰ ਸਿੰਘ ਨੂੰ ਮਾਣ ਐ, ਸਾਨੂੰ ਵੀ ਓਹਦਾ ਹਿੱਸਾ ਰਹੇ ਹੋਣ ਦਾ ਮਾਣ ਐ। ਤੇ ਇਸ ਘਲੂਘਾਰੇ ਨੂੰ ਅਸੀਂ ਤਾਂ ਕੀ ਭੁੱਲਣੈ, ਸਿੱਖ ਕੌਮ ਵੀ ਰਹਿੰਦੀ ਦੁਨੀਆਂ ਤਕ ਨਈਂ ਭੁੱਲ ਸਕਦੀ। ********

ਅਣਖੀਲੇ ਜਰਨੈਲ ਦਾ ਜਾਂਬਾਜ਼ ਸਿਪਾਹੀ-ਜੂਨ 1984 ਦਾ ਸ਼ਹੀਦ

ਸ਼ਹੀਦ ਭਾਈ ਸਤਿੰਦਰਜੀਤ ਸਿੰਘ ਪੀ.ਟੀ.



ਸ਼ਹੀਦ ਭਾਈ ਸਤਿੰਦਰਜੀਤ ਸਿੰਘ ਪੀ.ਟੀ.

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸਿੱਖ ਕੌਮ ਨੂੰ ਇਹ ਦੇਣ ਹੈ ਕਿ ਉਹਨਾਂ ਨੇ ਕੌਮੀ ਵਿਰਾਸਤ ਨਾਲੋਂ ਟੁੱਟ ਚੁੱਕੀ ਕੌਮ ਨੂੰ ਮੁੜ ਉਸ ਦੀ ਮੂਲ ਵਿਰਾਸਤ ਨਾਲ ਜੋੜ ਕੇ ਇਤਿਹਾਸ ਦੀ ਹਾਣੀ ਬਣਾ ਦਿੱਤਾ। ਇਸ ਦੇ ਨਾਲ ਹੀ ਉਹਨਾਂ ਨੇ ਸਿੱਖ ਗੱਭਰੂਆਂ ਦੀ ਸੁੱਤੀ ਹੋਈ ਅੰਦਰੂਨੀ ਤਾਕਤ ਨੂੰ ਜਗਾਇਆ ਤੇ ਸਹੀ ਰਾਹ ਤੇ ਪਾਇਆ। ਹਜ਼ਾਰਾਂ ਹੀ ਕੌਮੀ ਪਰਵਾਨੇ ਉਹਨਾਂ ਦੇ ਨਾਲ ਜੁੜੇ ਅਤੇ ਉਹਨਾਂ ਨੇ ਆਪਣੇ ਜੰਗਜੂ ਕਾਰਨਾਮਿਆਂ ਨਾਲ ਜਿੱਥੇ ਜ਼ੁਲਮ ਵਿਰੁੱਧ ਕੌਮੀ ਸੰਘਰਸ਼ ਵਿੱਚ ਆਈ ਖੜੋਤ ਨੂੰ ਤੋੜਿਆ, ਓਥੇ ਆਪਣੇ ਆਪ ਨੂੰ ਇਤਿਹਾਸ ਦੇ ਪੰਨਿਆਂ ਵਿੱਚ ਸਥਾਪਤ ਕਰ ਲਿਆ। ਇਹਨਾਂ ਜਾਂਬਾਜ਼ ਨੌਜਵਾਨਾਂ ਵਿੱਚ ਇੱਕ ਨਾਮ ਹੈ, ਭਾਈ ਸਤਿੰਦਰਜੀਤ ਸਿੰਘ ਖ਼ਾਲਸਾ ਉਰਫ਼ ਪੀ.ਟੀ.।

ਤਿੰਨ ਭਰਾਵਾਂ ਤੋਂ ਛੋਟਾ ਤੇ ਇੱਕ ਭੈਣ ਤੋਂ ਵੱਡਾ ਸੀ ਸਤਿੰਦਰਜੀਤ ਸਿੰਘ। ਸੰਨ 1960 ਦੇ ਕਰੀਬ ਉਹ ਮਾਤਾ ਕਿਰਪਾਲ ਕੌਰ ਦੀ ਕੁੱਖੋਂ ਪਿਤਾ ਸ੍ਰ. ਸਰਦਾਰ ਸਿੰਘ ਦੇ ਗ੍ਰਹਿ, ਅੰਮ੍ਰਿਤਸਰ ਸ਼ਹਿਰ ਵਿੱਚ ਭਗਤਾਂਵਾਲਾ ਨੇੜੇ 'ਕੱਲੂ ਦਾ ਅਖਾੜਾ' ਦੇ ਨਾਂ ਨਾਲ ਜਾਣੇ ਜਾਂਦੇ ਮੁਹੱਲੇ ਵਿੱਚ ਪੈਦਾ ਹੋਇਆ। ਹਾਇਰ ਸੈਕੰਡਰੀ ਤਕ ਕੋਤਵਾਲੀ ਦੇ ਕੋਲ ਗੌਰਮਿੰਟ ਸੀਨੀ. ਸੈਕੰਡਰੀ ਸਕੂਲ ਵਿੱਚ ਪੜ੍ਹਿਆ ਤੇ ਫਿਰ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਦਾਖ਼ਲਾ ਲੈ ਲਿਆ। ਖ਼ਾਲਸਾ ਕਾਲਜ ਵਿੱਚ ਹੀ ਉਸ ਦਾ ਮੇਲ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਭਾਈ ਹਰਮਿੰਦਰ ਸਿੰਘ ਸੰਧੂ ਹੋਰਾਂ ਨਾਲ ਹੋ ਗਿਆ। ਇੱਥੋਂ ਹੀ ਸੰਤ ਭਿੰਡਰਾਂਵਾਲਿਆਂ ਦੇ ਨਾਲ ਮੇਲ-ਜੋਲ ਅਰੰਭ ਹੋਇਆ ਤੇ ਭਾਈ ਸਤਿੰਦਰਜੀਤ ਸਿੰਘ ਨੇ ਕੌਮੀ ਨਿਸ਼ਾਨੇ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ।

ਭਾਈ ਸਤਿੰਦਰਜੀਤ ਸਿੰਘ ਦੀ ਪਹਿਲੀ ਗ੍ਰਿਫ਼ਤਾਰੀ, ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਕੋਤਵਾਲੀ ਤਕ ਇੱਕ ਮਾਰਚ ਕੱਢਦੇ ਹੋਏ ਖ਼ਾਲਿਸਤਾਨ ਦੇ ਨਾਹਰੇ ਲਾਉਣ ਦੇ ਦੋਸ਼ ਵਿੱਚ ਹੋਈ। ਦੋ ਮਹੀਨੇ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਉਹਨਾਂ ਦੀ ਜ਼ਮਾਨਤ ਹੋਈ। ਉਹਨਾਂ ਦੇ ਨਾਲ ਚੱਕ ਮਿਸ਼ਰੀ ਖਾਂ ਦੇ ਬਜ਼ੁਰਗ ਪੰਥਕ ਵਰਕਰ ਸਨ।

ਭਾਈ ਸਤਿੰਦਰਜੀਤ ਸਿੰਘ ਪੀ.ਟੀ. ਦੇ ਪਿਤਾ ਸ੍ਰ. ਸਰਦਾਰ ਸਿੰਘ ਵੀ ਅਜ਼ਾਦੀ ਘੁਲਾਟੀਏ ਸਨ। ਉਹਨਾਂ ਨੇ 'ਭਾਰਤ ਛੱਡੋ ਅੰਦੋਲਨ' ਤੋਂ ਲੈ ਕੇ ਪੰਜਾਬੀ ਸੂਬੇ ਦੇ ਮੋਰਚੇ ਤਕ ਕਈ ਵਾਰ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਜੇਲ੍ਹ ਕੱਟੀ ਸੀ, ਉਹਨਾਂ ਨੇ ਸਤਿੰਦਰਜੀਤ ਸਿੰਘ ਨੂੰ ਕਿਹਾ :-

"ਮੇਰਾ ਤਜ਼ਰਬਾ ਹੈ, ਬਾਅਦ 'ਚ ਕੋਈ ਸਾਰ ਨ੍ਹੀਂ ਲੈਂਦਾ ਹੁੰਦਾ। ਇਸ ਲਈ ਤੂੰ ਅਜਿਹੇ ਸੰਘਰਸ਼ 'ਚ ਨਾ ਪੈ, ਵੈਸੇ ਰਾਜਨੀਤੀ 'ਚ ਆ ਜਾਣਾ ਠੀਕ ਹੈ।"

ਪਰ ਜਿਹੜੇ ਸੂਰਮੇ ਆਪਣੀ ਕੌਮ ਦੀ ਸਾਰ ਲੈਣ ਲਈ ਘਰੋਂ ਨਿਕਲ਼ਦੇ ਹਨ, ਉਹ ਬਦਲੇ ਵਿੱਚ ਕੌਮ ਤੋਂ ਕੋਈ ਝਾਕ ਨਹੀਂ ਰੱਖਿਆ ਕਰਦੇ। ਭਾਈ ਸਤਿੰਦਰਜੀਤ ਸਿੰਘ ਪੀ.ਟੀ. ਨੇ ਕੌਮੀ ਸੰਘਰਸ਼ ਨੂੰ ਅੱਗੇ ਤੋਰਨ ਲਈ 'ਇਨਕਲਾਬੀ ਸ਼ਹੀਦੀ ਦਲ' ਤਿਆਰ ਕੀਤਾ, ਅਤੇ 'ਸਿੱਖ ਇੱਕ ਵੱਖਰੀ ਕੌਮ' ਨਾਂ ਦਾ ਟ੍ਰੈਕਟ ਪ੍ਰਕਾਸ਼ਿਤ ਕੀਤਾ। ਪਰ ਬਾਅਦ ਵਿੱਚ ਇਹ ਸਾਰਾ ਜਥਾ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿੱਚ ਸ਼ਾਮਲ ਹੋ ਗਿਆ। ਭਾਈ ਸਤਿੰਦਰਜੀਤ ਸਿੰਘ ਨੂੰ ਫ਼ੈਡਰੇਸ਼ਨ ਦੀ ਅੰਮ੍ਰਿਤਸਰ ਸ਼ਹਿਰੀ ਯੂਨਿਟ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਬਾਅਦ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਹਰ ਅੰਦੋਲਨ ਤੇ ਹਰ ਐਕਸ਼ਨ ਵਿੱਚ ਭਾਈ ਸਤਿੰਦਰਜੀਤ ਸਿੰਘ ਮੋਹਰੀ ਰੋਲ਼ ਨਿਭਾਉਂਦਾ ਰਿਹਾ।

ਇੱਕ ਸਮਾਗਮ ਸਮੇਂ ਸੰਗਤ ਨੂੰ ਸੰਬੋਧਨ ਕਰਦੇ ਭਾਈ ਸਤਿੰਦਰਜੀਤ ਸਿੰਘਪੀ.ਟੀ., ਸਟੇਜ ਤੇ ਸੰਤ ਭਿੰਡਰਾਂਵਾਲ਼ੇ ਵੀ ਬਿਰਾਜਮਾਨ ਹਨ

ਨਰਕਧਾਰੀ ਟੋਲੇ ਵੱਲੋਂ ਸਰਕਾਰੀ ਸ਼ਹਿ ਤੇ ਚਲਾਈ ਗੋਲ਼ੀ ਨਾਲ਼ ਜਿਸ ਥਾਂ ਤੇ 13 ਸਿੰਘ ਸ਼ਹੀਦ ਹੋਏ, ਉਸ ਅਸਥਾਨ ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਫ਼ੈਡਰੇਸ਼ਨ ਵਰਕਰਾਂ ਨੇ ਇੱਕ ਤਿੱਖੇ ਸੰਘਰਸ਼ ਦੇ ਨਾਲ਼ ਕੀਤੀ ਸੀ, ਤੇ ਇਸ ਦੇ ਵਿੱਚ ਵੀ ਭਾਈ ਸਤਿੰਦਰਜੀਤ ਸਿੰਘ ਦਾ ਅਹਿਮ ਰੋਲ ਸੀ। ਅੰਮ੍ਰਿਤਸਰ ਤੋਂ ਲੈ ਕੇ ਮੇਰਠ ਤਕ ਦੇ ਹਰ ਅੰਦੋਲਨ 'ਚ ਭਾਈ ਸਤਿੰਦਰਜੀਤ ਸਿੰਘ ਪੀ.ਟੀ. ਨੇ ਪੂਰਾ ਹਿੱਸਾ ਲਿਆ। ਉਹਨਾਂ ਉੱਪਰ ਕਈ ਕੇਸ ਦਰਜ ਕੀਤੇ ਗਏ। ਉਸ ਸਮੇਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ 'ਸ਼ਮਸ਼ੀਰਿ-ਦਸਤ' ਨਾਂ ਦਾ ਮੈਗਜ਼ੀਨ ਹਰ ਮਹੀਨੇ ਕੱਢਿਆ ਜਾਂਦਾ ਸੀ। ਉਸ ਦੇ ਜੂਨ 1982 ਦੇ ਅੰਕ ਦੇ ਵਿੱਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ 6 ਉੱਘੇ ਕਾਰਕੁੰਨਾਂ ਉੱਪਰ ਹਕੂਮਤ ਵੱਲੋਂ ਕੇਸ ਦਰਜ ਕਰ ਕੇ ਉਹਨਾਂ ਨੂੰ ਜੇਲ੍ਹਾਂ 'ਚ ਬੰਦ ਕੀਤੇ ਜਾਣ ਦਾ ਵੇਰਵਾ ਦਿੱਤਾ ਗਿਆ ਸੀ। ਇਹ ਵੇਰਵਾ ਇਸ ਤਰ੍ਹਾਂ ਹੈ:-

ਸਿੱਖ ਕੌਮ ਦਾ ਭਵਿੱਖ- ਇਸ ਦਰਬਾਰਾ ਸਰਕਾਰ ਦੇ ਜ਼ੁਲਮ ਤੇ ਤਸ਼ੱਦਦ ਦਾ ਸ਼ਿਕਾਰ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਜੁਝਾਰੂ ਨੌਜਵਾਨ- ਅੱਜ ਸੈਂਟਰਲ ਜੇਲ੍ਹ ਅੰਮ੍ਰਿਤਸਰ ਤੇ ਪਟਿਆਲ਼ਾ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਹੈ:-

(1) ਸ੍ਰ. ਅਮਰਜੀਤ ਸਿੰਘ ਚਾਵਲਾ- ਜਨਰਲ ਸਕੱਤਰ ਏ.ਆਈ.ਐਸ.ਐਸ.ਐਫ਼. ਜ਼ਿਲ੍ਹਾ ਅੰਮ੍ਰਿਤਸਰ, ਜੋ 6 ਫ਼ਰਵਰੀ 1982 ਨੂੰ ਨਾਭਾ ਹੋਸਟਲ, ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਸ ਤੇ 6-7 ਝੂਠੇ ਕੇਸ ਪਾਏ ਗਏ ਹਨ। ਹੁਣ ਇਹ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿੱਚ ਹੈ।

(2) ਸ੍ਰ. ਸਤਿੰਦਰਜੀਤ ਸਿੰਘ ਪੀ.ਟੀ.- ਪ੍ਰਧਾਨ ਸਿਟੀ ਸਰਕਲ ਸ੍ਰੀ ਅੰਮ੍ਰਿਤਸਰ ਏ.ਆਈ.ਐਸ.ਐਸ.ਐਫ਼, ਜਿਸ ਨੂੰ ਅੰਮ੍ਰਿਤਸਰ ਵਿੱਚ ਪਿਛਲੇ ਸਮੇਂ ਦੌਰਾਨ ਹੋਏ ਬੰਬ ਧਮਾਕਿਆਂ ਦੇ ਝੂਠੇ ਕੇਸ ਪਾ ਕੇ ਗ੍ਰਿਫ਼ਤਾਰ ਕਰ ਲਿਆ। ਹੁਣ ਇਸ ਤੇ ਕੋਈ 10 ਕੇਸ ਹਨ। ਇਸ ਦੇ ਬਾਵਜੂਦ ਵੀ ਸਰਕਾਰ ਨੇ ਇਸ ਨੂੰ ਐਨ.ਐਸ.ਏ. ਦੇ ਅਧੀਨ ਇੱਕ ਸਾਲ ਲਈ ਨਜ਼ਰਬੰਦ ਕਰ ਦਿੱਤਾ ਹੈ। ਹੁਣ ਇਹ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿੱਚ ਹੈ।

(3) ਸ੍ਰ. ਹਰਮਿੰਦਰ ਸਿੰਘ ਸੰਧੂ- ਜਨਰਲ ਸਕੱਤਰ ਏ.ਆਈ.ਐਸ.ਐਸ.ਐਫ਼., ਜੋ 16 ਅਕਤੂਬਰ 1981 ਨੂੰ ਗ੍ਰਿਫ਼ਤਾਰ ਕੀਤਾ ਗਿਆ। 16 ਫ਼ਰਵਰੀ 1982 ਨੂੰ ਐਨ.ਐਸ.ਏ. ਅਧੀਨ ਇੱਕ ਸਾਲ ਲਈ ਨਜ਼ਰਬੰਦ ਕਰ ਦਿੱਤਾ ਗਿਆ। ਸ੍ਰ. ਸੰਧੂ ਤੇ ਅੰਮ੍ਰਿਤਸਰ ਪੁਲਿਸ ਨੇ ਕੋਈ 10 ਝੂਠੇ ਕੇਸ ਪਾਏ ਹਨ, ਜੋ ਹੁਣ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿੱਚ ਹੈ।

(4) ਸ੍ਰ. ਹਰਵਿੰਦਰ ਸਿੰਘ ਖ਼ਾਲਸਾ- ਸੀਨੀਅਰ ਮੀਤ ਪ੍ਰਧਾਨ ਏ.ਆਈ.ਐਸ.ਐਸ.ਐਫ਼., ਜੋ ਪਿਛਲੇ ਸਾਲ ਮੋਟਰਸਾਈਕਲ ਐਕਸੀਡੈਂਟ ਵਿੱਚ ਲੱਤ ਟੁੱਟ ਜਾਣ ਕਾਰਨ ਰਜਿੰਦਰਾ ਹਸਪਤਾਲ ਵਿੱਚ ਦਾਖ਼ਲ ਸੀ ਤੇ ਪਟਿਆਲ਼ਾ ਪੁਲਿਸ ਨੇ ਦੇਸ਼-ਧ੍ਰੋਹ ਦਾ ਕੇਸ ਪਾ ਕੇ ਉਸੇ ਹਾਲਤ ਵਿੱਚ ਹੀ ਗ੍ਰਿਫ਼ਤਾਰ ਕਰ ਲਿਆ, ਜੋ ਹੁਣ ਸੈਂਟਰਲ ਜੇਲ੍ਹ ਪਟਿਆਲ਼ਾ ਵਿੱਚ ਹੈ।

ਫ਼ੈਡਰੇਸ਼ਨ ਦੇ ਇੱਕ ਸਮਾਗਮ ਦੌਰਾਨ ਅਰਦਾਸ ਕਰਦੇ ਭਾਈ ਸਾਹਿਬ ਭਾਈ ਅਮਰੀਕ ਸਿੰਘ, ਫ਼ੈਡਰੇਸ਼ਨ ਕਾਰਕੁਨਾਂ ਵਿੱਚ ਭਾਈ ਸਤਿੰਦਰਜੀਤ ਸਿੰਘ ਪੀ.ਟੀ. (ਸਰਕਲ ਵਿੱਚ)

(5) ਸ੍ਰ. ਨਰਿੰਦਰ ਸਿੰਘ- ਮੈਂਬਰ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਇਸ ਨੂੰ ਕੇਵਲ ਫ਼ੈਡਰੇਸ਼ਨ ਦਾ ਮੈਂਬਰ ਹੋਣ ਦੇ ਨਾਤੇ ਗ੍ਰਿਫ਼ਤਾਰ ਕੀਤਾ ਗਿਆ। ਹੁਣ ਇਸ ਤੇ ਅਪ੍ਰੈਲ 23-24 ਨੂੰ ਐਨ.ਐਸ.ਏ. ਲਾ ਕੇ ਇੱਕ ਸਾਲ ਲਈ ਨਜ਼ਰਬੰਦ ਕਰ ਦਿੱਤਾ ਗਿਆ। ਹੁਣ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿੱਚ ਬੰਦ ਹੈ।

(6) ਸ੍ਰ. ਬੂਆ ਸਿੰਘ- ਮੈਂਬਰ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਇਸ ਨੂੰ ਵੀ ਫ਼ੈਡਰੇਸ਼ਨ ਦਾ ਮੈਂਬਰ ਹੋਣ ਕਰ ਕੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਲਗਾਤਾਰ ਇਸ ਤੇ 8-9 ਕੇਸ ਪਾ ਦਿੱਤੇ ਗਏ। ਹੁਣ ਇਸ ਤੇ 23-24 ਅਪ੍ਰੈਲ ਨੂੰ ਐਨ.ਐਸ.ਏ. ਲਾ ਕੇ ਇਸ ਨੂੰ ਵੀ ਇੱਕ ਸਾਲ ਲਈ ਨਜ਼ਰਬੰਦ ਕਰ ਦਿੱਤਾ ਗਿਆ ਹੈ। ਇਹ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿੱਚ ਬੰਦ ਹੈ।

(ਸ਼ਮਸ਼ੀਰਿ ਦਸਤ, ਜੂਨ 1982)

ਐਨ.ਐਸ.ਏ. (ਨੈਸ਼ਨਲ ਸਕਿਓਰਟੀ ਐਕਟ) ਤਹਿਤ ਲੰਮੀਆਂ ਜੇਲ੍ਹਾਂ ਅਤੇ ਤਸ਼ੱਦਦ ਇਹਨਾਂ ਨੌਜਵਾਨਾਂ ਨੂੰ ਆਪਣੇ ਇਰਾਦੇ ਤੋਂ ਡੁਲਾ ਨਾ ਸਕਿਆ। ਜੇਲ੍ਹ 'ਚੋਂ ਬਾਹਰ ਆਉਂਦਿਆਂ ਹੀ ਉਹਨਾਂ ਦੀਆਂ ਸਰਗਰਮੀਆਂ ਫਿਰ ਅਰੰਭ ਹੋ ਜਾਂਦੀਆਂ। ਕੋਈ ਵੀ ਵਾਰਦਾਤ ਹੁੰਦੀ ਤਾਂ ਪੁਲਿਸ

ਭਾਈ ਪੀ.ਟੀ. ਦੇ ਘਰ ਛਾਪਾ ਮਾਰ ਦਿੰਦੀ। ਭਗਤਾਂ ਵਾਲ਼ੇ ਕੱਲੂ ਦੇ ਅਖਾੜੇ 'ਚ ਜਦੋਂ ਪੁਲਿਸ ਆਉਂਦੀ ਦਿਸਦੀ ਤਾਂ ਹਰ ਇੱਕ ਨੂੰ ਪਤਾ ਹੀ ਹੁੰਦਾ ਸੀ ਕਿ ਇਹ ਪੀ.ਟੀ. ਦੇ ਘਰ ਹੀ ਆਈ ਹੈ।



ਸ੍ਰੀ ਹਰਿਮੰਦਰ ਸਾਹਿਬ ਪਰਕਰਮਾ ਵਿੱਚ ਸਾਥੀ ਸਿੰਘਾਂ ਨਾਲ ਭਾਈ ਸਤਿੰਦਰਜੀਤ ਸਿੰਘ ਪੀ.ਟੀ.

ਲਾਲ਼ਾ ਜਗਤ ਨਰਾਇਣ ਦਾ ਕਤਲ ਹੋਇਆ ਤਾਂ ਇਹ ਵਾਰਦਾਤ ਭਾਵੇਂ ਲੁਧਿਆਣੇ ਵਿੱਚ ਹੋਈ ਸੀ, ਪਰ ਖ਼ਬਰ ਸੁਣਦੇ ਸਾਰ ਹੀ ਭਾਈ ਪੀ.ਟੀ. ਜੋ ਆਪਣੇ ਘਰ ਵਿੱਚ ਸੀ, ਉੱਠ ਖਲੋਤੇ ਤੇ ਆਪਣੇ ਵੱਡੇ ਭਰਾ ਸ੍ਰ. ਹਰਚਰਨ ਸਿੰਘ ਨੂੰ ਕਹਿਣ ਲੱਗੇ:-

"ਹੁਣ ਪੁਲਿਸ ਆਪਣੇ ਘਰ ਆਉਣ ਵਾਲ਼ੀ ਹੀ ਹੋਣੀ ਐ... ਮੈਂ ਚੱਲਦੈਂ...।"

ਤੇ ਭਾਈ ਪੀ.ਟੀ. ਦੇ ਜਾਣ ਤੋਂ ਥੋੜ੍ਹਾ ਚਿਰ ਬਾਅਦ ਹੀ ਪੁਲਿਸ ਉਹਨਾਂ ਦੇ ਘਰ ਆ ਪਹੁੰਚੀ।

ਪੁਲਿਸ ਦੇ ਇਸ ਤਰ੍ਹਾਂ ਤੰਗ ਕਰਨ ਤੇ ਭਾਈ ਪੀ.ਟੀ. ਨੇ ਪੱਕੇ ਤੌਰ ਤੇ ਹੀ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਰਹਿਣਾ ਅਰੰਭ ਕਰ ਦਿੱਤਾ, ਇਸ ਦੇ ਬਾਵਜੂਦ ਵੀ ਭਾਈ ਪੀ.ਟੀ. ਦਾ ਨਾਂ ਕਈ ਵਾਰਦਾਤਾਂ ਨਾਲ਼ ਜੋੜਿਆ ਜਾਂਦਾ ਰਿਹਾ। ਇੱਕ ਵਾਰੀ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ. ਗੁਰਚਰਨ ਸਿੰਘ ਟੌਹੜਾ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੂੰ ਮਿਲ਼ ਕੇ ਕਿਹਾ ਕਿ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਨੇ ਕਈ ਵਾਰਦਾਤਾਂ 'ਚ ਸਤਿੰਦਰਜੀਤ ਸਿੰਘ ਪੀ.ਟੀ. ਦਾ ਨਾਂ ਲੈ ਕੇ ਸਾਨੂੰ ਕਿਹਾ ਹੈ ਕਿ ਉਹ ਦਰਬਾਰ ਸਾਹਿਬ ਕੰਪਲੈਕਸ ਵਿੱਚ ਰਹਿ ਰਿਹਾ ਹੈ। ਅੱਗੋਂ ਸੰਤ ਭਿੰਡਰਾਂਵਾਲ਼ਿਆਂ ਦਾ ਜਵਾਬ ਸੀ:-

"ਇਹ ਸਾਰਾ ਦਿਨ ਤਾਂ ਮੇਰੇ ਕੋਲ਼ ਰਹਿੰਦੈ... ਵਾਰਦਾਤ ਇਹ ਕਦੋਂ ਕਰ ਆਉਂਦੈ...?"

ਇਹਨੀਂ ਦਿਨੀਂ ਇੱਕ ਸਿੱਖ ਪਰਿਵਾਰ ਸੰਤਾਂ ਕੋਲ਼ ਆਇਆ ਤੇ ਉਹਨਾਂ ਨੇ ਆਪਣੀ ਲੜਕੀ ਦਾ ਰਿਸ਼ਤਾ ਸੰਤਾਂ ਦੇ ਨੇੜਲੇ ਕਿਸੇ ਸਿੰਘ ਨਾਲ਼ ਕਰਨ ਦੀ ਗੱਲ ਕਹੀ। ਉਹਨਾਂ ਦਾ ਕਹਿਣਾ ਸੀ ਕਿ ਲੜਕਾ ਚੰਗਾ ਜਰਨੈਲ ਹੋਵੇ। ਸੰਤ ਜਰਨੈਲ ਸਿੰਘ ਨੇ ਓਥੇ ਬੈਠੇ ਭਾਈ ਸਤਿੰਦਰਜੀਤ ਸਿੰਘ ਪੀ.ਟੀ. ਵੱਲ ਇਸ਼ਾਰਾ ਕੀਤਾ; ਪਰ ਭਾਈ ਪੀ.ਟੀ. ਨੇ ਸੰਘਰਸ਼ ਦੇ ਇਸ ਅਹਿਮ ਦੌਰ ਵਿੱਚ ਅਨੰਦ ਕਾਰਜ ਨਾ ਕਰਵਾਉਣ ਦਾ ਫ਼ੈਸਲਾ ਕਰ ਲਿਆ ਸੀ।

ਅਖ਼ੀਰ ਜਦੋਂ 1984 ਦੀ ਪਹਿਲੀ ਜੂਨ ਨੂੰ ਸੀ.ਆਰ.ਪੀ. ਨੇ 8 ਘੰਟੇ ਸ੍ਰੀ ਹਰਿਮੰਦਰ ਸਾਹਿਬ ਤੇ ਗੋਲ਼ੀ ਚਲਾਈ, ਅਤੇ ਪਿੱਛੋਂ ਕਮਾਂਡ ਮਿਲਟਰੀ ਨੇ ਸੰਭਾਲ਼ ਲਈ ਤਾਂ ਇਹ ਤਕਰੀਬਨ ਸਪਸ਼ਟ ਹੋ ਗਿਆ ਸੀ ਕਿ ਫ਼ੌਜ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕਰੇਗੀ। ਇਸ ਸਮੇਂ ਵੀ ਪਰਿਵਾਰਕ ਮੈਂਬਰ ਭਾਈ ਸਤਿੰਦਰਜੀਤ ਸਿੰਘ ਪੀ.ਟੀ. ਨੂੰ ਘਰ ਲਿਆਉਣ ਲਈ ਜ਼ੋਰ ਪਾਉਂਦੇ

ਰਹੇ, ਪਰ ਓਥੇ ਤਾਂ ਪਰਵਾਨਿਆਂ ਦੀ ਦਸ਼ਾ ਹੀ ਇਹ ਬਣ ਚੁੱਕੀ ਸੀ :

ਮਰਉ ਤ ਹਰਿ ਕੈ ਦੁਆਰ ॥

ਭਾਈ ਸਤਿੰਦਰਜੀਤ ਸਿੰਘ ਪੀ.ਟੀ. ਤੇ ਉਸ ਦੇ ਸਾਥੀ ਸਿੰਘਾਂ ਦਾ ਮੋਰਚਾ ਸਿੱਖ ਰੈਫ਼ਰੈਂਸ ਲਾਇਬਰੇਰੀ ਵਾਲ਼ੇ ਪਾਸੇ ਕਮਰਿਆਂ ਵਿੱਚ ਸੀ। ਉਹਨਾਂ ਦਾ ਵੱਡਾ ਭਰਾ ਸ੍ਰ. ਹਰਚਰਨ ਸਿੰਘ ਤੇ ਭਤੀਜਾ ਮਨਵਿੰਦਰ ਸਿੰਘ ਸਟੀਲ ਦੇ ਲੰਚ ਬਾਕਸ ਵਿੱਚ ਘਰੋਂ ਪ੍ਰਸ਼ਾਦਾ ਤਿਆਰ ਕਰ ਕੇ ਉਹਨਾਂ ਲਈ ਰੋਜ਼ਾਨਾ ਲੈ ਕੇ ਜਾਂਦੇ ਸਨ। ਹਮਲਾ ਹੋਣ ਤੋਂ ਪਹਿਲੀ ਰਾਤ, 3 ਜੂਨ 1984 ਨੂੰ ਵੀ ਇਹ ਦੋਵੇਂ ਰੋਟੀ ਲੈ ਕੇ ਗਏ ਹੋਏ ਸਨ। ਭਾਈ ਪੀ.ਟੀ. ਨੇ ਰੋਟੀ ਖਾ ਕੇ ਟਿਫ਼ਨ ਵਿਹਲਾ ਕਰ ਦਿੱਤਾ ਸੀ, ਪਰ ਉਹਨਾਂ ਦੇ ਭਰਾ ਅਤੇ ਭਤੀਜੇ ਦਾ ਅੱਜ ਓਥੋਂ ਉੱਠ ਕੇ ਵਾਪਸ ਆਉਣ ਨੂੰ ਦਿਲ ਨਹੀਂ ਸੀ ਕਰ ਰਿਹਾ। ਭਰਾ ਸ੍ਰ. ਹਰਚਰਨ ਸਿੰਘ ਕਹਿ ਰਹੇ ਸਨ:-

"ਸਤਿੰਦਰਜੀਤ ! ਮਿਲਟਰੀ ਬਹੁਤ ਆ ਗਈ ਐ...।"

ਭਾਈ ਸਤਿੰਦਰਜੀਤ ਸਿੰਘ ਦਾ ਜਵਾਬ ਸੀ:-

"ਕੋਈ ਨ੍ਹੀਂ ਫਿਰ ਕੀ ਹੋਇਐ...? ਅਸੀਂ ਗੁਰੂ ਰਾਮਦਾਸ ਪਾਤਸ਼ਾਹ ਦੀ ਗੋਦ 'ਚ ਬੈਠੇ ਆਂ...।"

ਭਾਈ ਸਤਿੰਦਰਜੀਤ ਸਿੰਘ ਪੀ.ਟੀ. ਨੂੰ ਸ਼ਾਇਦ ਹੋਣ ਵਾਲ਼ੇ ਹਮਲੇ ਦਾ ਆਭਾਸ ਸੀ, ਇਸ ਲਈ ਉਹ ਵਾਰ-ਵਾਰ ਆਪਣੇ ਭਰਾ ਅਤੇ ਭਤੀਜੇ ਨੂੰ ਵਾਪਸ ਘਰ ਜਾਣ ਲਈ ਕਹਿ ਰਹੇ ਸਨ, ਪਰ ਉਹਨਾਂ ਦੋਹਾਂ ਦਾ ਅੱਜ ਓਥੋਂ ਉੱਠਣ ਨੂੰ ਦਿਲ ਨਹੀਂ ਸੀ ਕਰ ਰਿਹਾ। ਅਖ਼ੀਰ ਜ਼ਿਆਦਾ ਜ਼ੋਰ ਪਾਏ ਜਾਣ ਤੇ ਭਰਾ ਸ੍ਰ. ਹਰਚਰਨ ਸਿੰਘ, ਰੋਟੀ ਵਾਲ਼ਾ ਖ਼ਾਲੀ ਹੋਇਆ ਡੱਬਾ ਲੈ ਕੇ ਘਰ ਨੂੰ ਤੁਰ ਪਏ। ਕੰਪਲੈਕਸ 'ਚੋਂ ਬਾਹਰ ਆਉਂਦਿਆਂ ਉਹਨਾਂ ਨੇ ਵੇਖਿਆ ਕਿ ਸਾਰੇ ਪਾਸੇ ਫ਼ੌਜ ਹੀ ਫ਼ੌਜ ਸੀ। ਸ੍ਰ. ਹਰਚਰਨ ਸਿੰਘ ਦਾ ਟਿਫ਼ਨ ਖੁਲ੍ਹਵਾ ਕੇ ਚੈੱਕ ਕੀਤਾ ਗਿਆ ਤੇ ਘਰ ਤਕ ਪਹੁੰਚਣ ਤਕ ਉਹਨਾਂ ਦੀ ਪੰਜ ਥਾਂਵਾਂ ਤੇ ਤਲਾਸ਼ੀ ਹੋਈ।

ਹੁਣ ਜਦੋਂ ਕਾਫ਼ੀ ਰਾਤ ਹੋ ਗਈ ਤਾਂ ਭਾਈ ਸਤਿੰਦਰਜੀਤ ਸਿੰਘ ਪੀ.ਟੀ. ਨੇ ਆਪਣੇ ਭਤੀਜੇ ਨੂੰ ਵੀ ਘਰ ਭੇਜ ਦਿੱਤਾ, ਤੇ ਨਾਲ਼ ਇੱਕ ਬਜ਼ੁਰਗ ਸਿੰਘ ਨੂੰ ਭੇਜਿਆ, ਜੋ ਕਿ ਛੱਤੀ ਖੂਹੀ ਚੌਕ ਤਕ ਉਸ ਨੂੰ ਛੱਡ ਕੇ ਵਾਪਸ ਚਲਾ ਗਿਆ।

ਅਗਲੇ ਦਿਨ 4 ਜੂਨ ਨੂੰ ਤੜਕੇ 4 ਵਜੇ ਫ਼ੌਜ ਨੇ ਗੋਲ਼ਾਬਾਰੀ ਅਰੰਭ ਕਰ ਕੇ ਹਮਲੇ ਦੀ ਸ਼ੁਰੂਆਤ ਕੀਤੀ। ਗੁਰੂ ਕੇ ਸਿਦਕੀ ਸਿੰਘਾਂ ਨੇ ਭਾਰਤੀ ਫ਼ੌਜ ਦਾ ਇਹ ਹਮਲਾ ਛਾਤੀਆਂ ਡਾਹ ਕੇ ਰੋਕਿਆ ਤੇ ਇੱਕ ਵਾਰ ਫਿਰ ਚਮਕੌਰ ਅਤੇ ਗੁਰਦਾਸ ਨੰਗਲ ਦੀ ਗੜ੍ਹੀ ਦਾ ਇਤਿਹਾਸ ਦੁਹਰਾ

ਦਿੱਤਾ।

ਸਿੱਖੀ ਸਿਦਕ ਨਾਲ਼ ਭਰਪੂਰ ਸਿੰਘਾਂ ਨੇ ਆਪਣੇ ਜੁਝਾਰੂ ਜਜ਼ਬੇ ਦੇ ਦਮ ਤੇ ਭਾਰਤੀ ਫ਼ੌਜ ਦਾ ਤਾਕਤਵਰ ਹੋਣ ਦਾ ਸਾਰਾ ਗ਼ਰੂਰ ਮਿੱਟੀ 'ਚ ਮਿਲਾ ਕੇ ਰੱਖ ਦਿੱਤਾ ਤੇ ਪਾਵਨ ਪਰਕਰਮਾ ਵਿੱਚ ਧਰੇ ਗਏ ਨਾਪਾਕ ਪੈਰ ਤੋੜ ਸੁੱਟੇ। ਪਰਕਰਮਾ ਫ਼ੌਜੀਆਂ ਦੀਆਂ ਲਾਸ਼ਾਂ ਨਾਲ਼ ਢੱਕ ਦਿੱਤੀ। ਪਰ ਚਾਰ ਚੁਫ਼ੇਰਿਓਂ ਘਿਰੇ ਹੋਏ ਗਿਣਤੀ ਦੇ ਭੁੱਖਣ ਭਾਣੇ ਸਿੰਘਾਂ ਕੋਲ਼ ਨਾ ਰੋਟੀ, ਨਾ ਪਾਣੀ, ਤੇ ਨਾ ਹੀ ਵਧੇਰੇ ਅਸਲਾ ਸੀ, ਜਦਕਿ ਭਾਰਤੀ ਫ਼ੌਜ ਨੂੰ ਲਗਾਤਾਰ ਪਿੱਛੋਂ ਸਪਲਾਈ ਮਿਲ ਰਹੀ ਸੀ। ਕੱਲ੍ਹੇ ਕੱਲ੍ਹੇ ਸਵਾ ਲੱਖ ਨਾਲ਼ ਜੂਝਣ ਦਾ ਇਤਿਹਾਸਕ ਕ੍ਰਿਸ਼ਮਾ ਦੁਹਰਾਉਂਦੇ ਹੋਏ ਜੁਝਾਰੂ ਸਿੰਘ ਇੱਕ ਇੱਕ ਕਰ ਕੇ ਸ਼ਹਾਦਤ ਦਾ ਜਾਮ ਪੀ ਗਏ। ਕਈ ਸਿੰਘ ਜ਼ਖ਼ਮੀ ਹੋਣ ਪਿੱਛੋਂ ਫ਼ੌਜ ਦੇ ਕਾਬੂ ਆ ਗਏ ਤੇ ਕਈ ਬਚ ਨਿਕਲ਼ਣ 'ਚ ਸਫਲ ਵੀ ਹੋ ਗਏ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਤੇ ਭਾਈ ਅਮਰੀਕ ਸਿੰਘ ਹੋਰੀਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਮ੍ਹਣੇ ਨਿਸ਼ਾਨ ਸਾਹਿਬਾਂ ਦੇ ਕੋਲ਼ ਭਾਰਤੀ ਫ਼ੌਜ ਨਾਲ਼ ਜੂਝਦੇ ਹੋਏ ਸ਼ਹੀਦ ਹੋਏ।

ਇਸ ਘਲੂਘਾਰੇ 'ਚ ਹੀ ਹੋਰ ਜੁਝਾਰੂ ਸਿੰਘਾਂ ਦੇ ਨਾਲ਼ ਰਣਤੱਤੇ ਵਿੱਚ ਸੂਰਮਗਤੀ ਦੇ ਜੌਹਰ ਵਿਖਾਉਂਦੇ ਹੋਏ ਭਾਈ ਸਤਿੰਦਰਜੀਤ ਸਿੰਘ ਪੀ.ਟੀ. ਸ਼ਹੀਦ ਹੋ ਗਏ।

ਇੱਕ ਸਾਥੀ ਸਿੰਘ ਦੇ ਦੱਸਣ ਮੁਤਾਬਿਕ ਭਾਈ ਸਤਿੰਦਰਜੀਤ ਸਿੰਘ ਪੀ.ਟੀ. ਜ਼ਖ਼ਮੀ ਹਾਲਤ ਵਿੱਚ ਫ਼ੌਜ ਦੇ ਕਾਬੂ ਆ ਗਏ ਸਨ, ਪਰ ਜਦੋਂ ਫ਼ੌਜੀਆਂ ਨੂੰ ਪਤਾ ਲੱਗਾ ਕਿ ਇਹ ਸੰਤ ਭਿੰਡਰਾਂਵਾਲ਼ਿਆਂ ਦਾ ਨੇੜਲਾ ਸਿੰਘ ਪੀ.ਟੀ. ਹੈ, ਤਾਂ ਉਹਨਾਂ ਨੇ ਉਸ ਸੂਰਮੇ ਦੇ ਮੂੰਹ ਵਿੱਚ ਬੈਰਲ ਵਾੜ ਕੇ ਗੋਲ਼ੀ ਮਾਰੀ।

ਇਸ ਤਰ੍ਹਾਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਤੇ ਉਹਨਾਂ ਦੇ ਜਾਂਬਾਜ਼ ਸਾਥੀ ਆਖ਼ਰੀ ਸਾਹ ਤੇ ਆਖ਼ਰੀ ਗੋਲ਼ੀ ਤਕ ਭਾਰਤੀ ਫ਼ੌਜ ਨਾਲ਼ ਜੂਝਦੇ ਹੋਏ ਸ਼ਹੀਦ ਹੋ ਗਏ ਤੇ ਕੌਮ ਨੂੰ ਇਹ ਡੂੰਘਾ ਅਹਿਸਾਸ ਕਰਵਾ ਗਏ ਕਿ ਸਿੱਖ ਕੌਮ ਭਾਰਤ 'ਚ ਗ਼ੁਲਾਮ ਹੈ, ਤੇ ਇੱਕ ਕੌਮੀ ਘਰ ਬਿਨਾਂ ਕੌਮ ਦਾ ਗੁਜ਼ਾਰਾ ਨਹੀਂ।

****

"ਸਿੰਘ ਮਰਨਾ ਮੰਗ ਕੇ ਘਰੋਂ ਤੁਰੇ ਸੀ"

ਭਾਈ ਅਵਤਾਰ ਸਿੰਘ ਖਾਲਸਾ ਵਰਪਾਲ ਨਾਲ਼ ਮੁਲਾਕਾਤ

ਭਾਈ ਅਵਤਾਰ ਸਿੰਘ ਖ਼ਾਲਸਾ ਪਿੰਡ ਵਰਪਾਲ ਵੀ ਉਹਨਾਂ ਸਿੰਘਾਂ ਦੇ ਵਿੱਚ ਸ਼ਾਮਲ ਹੈ, ਜਿਹੜੇ ਸ਼ਮ੍ਹਾ ਬਲਦੀ ਵੇਖ ਕੇ ਪਤੰਗਿਆਂ ਵਾਂਗ ਉੱਡ ਕੇ ਓਧਰ ਨੂੰ ਗਏ। ਹਰਿਮੰਦਰ ਸਾਹਿਬ ਤੇ ਹਮਲਾ ਹੋਣ ਸਮੇਂ ਜਦੋਂ ਆਮ ਲੋਕ ਓਥੋਂ ਨਿਕਲ਼ਣ ਦਾ ਯਤਨ ਕਰ ਰਹੇ ਸਨ, ਤਾਂ ਓਦੋਂ ਅੰਮ੍ਰਿਤਸਰ ਸ਼ਹਿਰ ਦੇ ਕੋਲ਼ ਹੀ ਪੈਂਦੇ ਪਿੰਡ ਵਰਪਾਲ ਵਿੱਚੋਂ ਸਿਰਲੱਥ ਸਿੰਘਾਂ ਦਾ ਇੱਕ ਜਥਾ, ਜਿਸ ਵਿੱਚ 15 ਗੁਰੂ ਕੇ ਲਾਲ ਸਨ, ਉਲ਼ਟਾ ਬੜੀ ਜੱਦੋਜਹਿਦ ਤੇ ਸੰਘਰਸ਼ ਦੇ ਨਾਲ਼ ਦਰਬਾਰ ਸਾਹਿਬ ਦੇ ਅੰਦਰ ਦਾਖ਼ਲ ਹੋਇਆ। ਮਨ ਵਿੱਚ ਚਾਅ ਸੀ ਸਿੱਖ ਧਰਮ ਦੇ ਲਈ ਜ਼ਾਲਮ ਭਾਰਤੀ ਫ਼ੌਜ ਨਾਲ਼ ਜੂਝਦੇ ਹੋਏ ਸ਼ਹੀਦ ਹੋਣ ਦਾ। ਇਸ ਸਿਰਲੱਥ ਜਥੇ ਦੇ ਵਿੱਚੋਂ 11 ਸਿੰਘ ਜੂਝਦੇ ਹੋਏ ਸ਼ਹੀਦ ਹੋਏ ਤੇ ਚਾਰ ਭਾਰਤੀ ਫ਼ੌਜ ਵੱਲੋਂ ਗ੍ਰਿਫ਼ਤਾਰ ਕੀਤੇ ਗਏ। ਗ੍ਰਿਫ਼ਤਾਰ ਕੀਤੇ ਗਏ ਸਿੰਘਾਂ ਦੇ ਵਿੱਚ ਭਾਈ ਅਵਤਾਰ ਸਿੰਘ ਖ਼ਾਲਸਾ ਵੀ ਇੱਕ ਹਨ। ਭਾਈ ਅਵਤਾਰ ਸਿੰਘ ਜੀ ਦਾ ਜਨਮ 15 ਮਈ 1956 ਦਾ ਹੈ। ਉਹਨਾਂ ਦੇ ਮਾਤਾ ਜੀ ਦਾ ਨਾਮ ਬੀਬੀ ਦਲੀਪ ਕੌਰ ਤੇ ਪਿਤਾ ਜੀ ਸ੍ਰ. ਪਾਲ ਸਿੰਘ ਹਨ। ਸੱਤ ਭੈਣ ਭਰਾਵਾਂ 'ਚੋਂ ਉਹ ਤੀਜੇ ਨੰਬਰ ਤੇ ਹਨ। ਉਹਨਾਂ ਨੇ ਮੈਟ੍ਰਿਕ ਤਕ ਪੜ੍ਹਾਈ ਪਿੰਡ ਵਰਪਾਲ 'ਚੋਂ ਹੀ ਕੀਤੀ। ਘਲੂਘਾਰੇ ਦਾ ਵੇਰਵਾ ਜਾਣਨ ਦੇ ਲਈ ਉਹਨਾਂ ਨਾਲ਼ ਕੀਤੀ ਗੱਲਬਾਤ ਪਾਠਕਾਂ ਲਈ ਪੇਸ਼ ਹੈ:-

ਸਵਾਲ : ਤੁਸੀਂ ਅੰਮ੍ਰਿਤ ਕਦੋਂ ਛਕਿਆ ?

ਜਵਾਬ : ਸਾਡੇ ਪਿੰਡ ਦਮਦਮੀ ਟਕਸਾਲ ਦੇ ਸੰਤ ਕਰਤਾਰ ਸਿੰਘ ਜੀ ਪ੍ਰਚਾਰ ਕਰਨ ਲਈ ਆਉਂਦੇ ਰਹਿੰਦੇ ਸੀ। ਪਿੰਡ ਦੇ ਕਈ ਸਿੰਘਾਂ ਦੀ ਉਹਨਾਂ ਨਾਲ ਨੇੜਤਾ ਸੀ, ਅੱਗੋਂ ਮੇਰੀ ਉਹਨਾਂ ਸਿੰਘਾਂ ਦੇ ਨਾਲ਼ ਨੇੜਤਾ ਸੀ, ਤਾਂ ਇਸ ਸੰਗਤ ਦੇ ਅਸਰ ਨਾਲ਼ ਮੈਂ ਸੰਨ 1976 'ਚ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਅਗਲੇ ਸਾਲ 1977 'ਚ ਮੇਰਾ ਅਨੰਦ ਕਾਰਜ ਵੀ ਅੰਮ੍ਰਿਤਧਾਰੀ ਪਰਿਵਾਰ 'ਚ ਹੋਇਆ। ਮੇਰੀ ਸਿੰਘਣੀ ਦਾ ਨਾਂ ਸੁਰਿੰਦਰ ਕੌਰ ਐ।

ਸਵਾਲ : ਫਿਰ ਸੰਤਾਂ ਦੇ ਨਾਲ਼ ਨੇੜਤਾ ਕਿਵੇਂ ਬਣੀ ?

ਜਵਾਬ : ਸੰਤ ਜਰਨੈਲ ਸਿੰਘ ਜੀ ਨੂੰ ਜਦੋਂ ਟਕਸਾਲ ਦੀ ਦਸਤਾਰ ਮਿਲ਼ੀ, ਤਾਂ ਉਸ ਤੋਂ ਬਾਅਦ

ਉਹ ਪ੍ਰਚਾਰ ਲਈ ਪਿੰਡਾਂ ਦਾ ਦੌਰਾ ਕਰਨ ਲੱਗੇ। ਇਸ ਦੌਰਾਨ ਉਹ ਵਰਪਾਲ ਪਿੰਡ ਵੀ ਪਹੁੰਚੇ ਤੇ ਸਾਡੇ ਘਰ ਵੀ ਆਏ। ਇਸ ਤਰ੍ਹਾਂ ਨੇੜਤਾ ਬਣ ਗਈ। ਜਦੋਂ ਵੀ ਸੰਤਾਂ ਦਾ ਜਥਾ ਕਿਤੇ ਨੇੜੇ ਦੇ ਪਿੰਡ ਜਾਂ ਤਰਨਤਾਰਨ ਆਉਂਦਾ, ਤਾਂ ਪਿੰਡ 'ਚੋਂ ਅਸੀਂ ਸਿੰਘ ਦੁੱਧ ਇਕੱਠਾ ਕਰ ਕੇ ਲੈ ਕੇ ਜਾਂਦੇ।

ਸਵਾਲ : ਸੰਨ 1978 ਦੇ ਸਾਕੇ ਦੇ ਘਟਨਾਕ੍ਰਮ 'ਚ ਤੁਸੀਂ ਕੀ ਕੁਝ ਵੇਖਿਆ ?

ਜਵਾਬ : ਮੈਂ ਤੇ ਮੇਰੀ ਸਿੰਘਣੀ ਗੁਰਦੁਆਰਾ ਬੀੜ ਸਾਹਿਬ ਝਬਾਲ 'ਚ ਮੱਥਾ ਟੇਕ ਕੇ ਵਾਪਸ ਆ ਰਹੇ ਸੀ, ਜਦੋਂ ਸਾਕਾ ਹੋਣ ਬਾਰੇ ਪਤਾ ਲੱਗਾ। ਫਿਰ ਕੁਝ ਦਿਨਾਂ ਬਾਅਦ ਸੰਤਾਂ ਨੇ

ਮੰਜੀ ਸਾਹਿਬ ਦੇ ਦੀਵਾਨ ਹਾਲ ਵਿਚ 15 ਹਜ਼ਾਰ ਸੰਗਤਾਂ ਦੇ ਇਕੱਠ ਵਿਚ ਨਕਲੀ ਨਿਰੰਕਾਰੀ ਭਵਨ ਦੇ ਮੁਆਇਨੇ ਲਈ ਪੰਜ ਪਿਆਰੇ ਭੇਜਣ ਦਾ ਫੈਸਲਾ ਹੋਇਆ। ਭਵਨ ਨੂੰ ਜਾਣ ਲਈ ਤਿਆਰ ਖੜੇ ਹਨ। ਪੰਜ ਪਿਆਰੇ (ਸਜਿਓਂ ਖੱਬੇ) ਬੀਰ ਬਿਕਰਮਜੀਤ ਸਿੰਘ, ਸੰਤ ਉੱਤਮ ਸਿੰਘ, ਸੰਤ ਕਰਨੈਲ ਸਿੰਘ, ਬਾਬਾ ਦਇਆ ਸਿੰਘ ਅਤੇ ਜਥੇਦਾਰ ਮੋਹਣ ਸਿੰਘ ਤੁੜ ...ਪੀ.।

ਨਿਰੰਕਾਰੀ ਭਵਨ ਬੰਦ ਕਰਵਾਉਣ ਲਈ ਮੰਜੀ ਸਾਹਿਬ 'ਚ ਪੰਥਕ ਇਕੱਠ ਸੱਦਿਆ। ਓਦੋਂ ਉਹਨਾਂ ਨੇ ਵਰਪਾਲ ਪਿੰਡ 'ਚ ਸੰਗਤਾਂ ਲਈ ਇੱਕ ਟਰੱਕ ਭੇਜਿਆ ਤੇ ਅਸੀਂ ਪਿੰਡ ਦੀ ਸੰਗਤ ਨਾਲ ਪਹੁੰਚੇ। ਓਦੋਂ ਪੁਲਿਸ ਨੇ ਆਪ ਹੀ ਭਵਨਾਂ ਨੂੰ ਤਾਲੇ ਲੁਆ ਦਿੱਤੇ ਤੇ ਪੰਜ ਸਿੰਘਾਂ ਨੂੰ ਬੰਦ ਹੋਏ ਭਵਨ ਵਿਖਾ ਦਿੱਤੇ। ਫਿਰ ਵੀ ਸੰਘਰਸ਼ ਚੱਲਦਾ ਰਿਹਾ।

ਸਵਾਲ : ਕੋਈ ਹੋਰ ਯਾਦਗਾਰੀ ਘਟਨਾ ?

ਜਵਾਬ : ਜਦੋਂ ਲਾਲਾ ਕਤਲ ਕੇਸ 'ਚ ਸੰਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਫਿਰ ਫ਼ਿਰੋਜ਼ਪੁਰ ਜੇਲ੍ਹ 'ਚੋਂ ਸੰਤਾਂ ਦੀ ਰਿਹਾਈ ਹੋਈ, ਸ਼ਾਮੀਂ ਛੇ ਸਾਢੇ ਛੇ ਵਜੇ, ਓਦੋਂ ਸੰਤਾਂ ਨੂੰ ਸੰਗਤਾਂ ਨੇ ਜਲੂਸ ਦੀ ਸ਼ਕਲ 'ਚ ਲਿਆਂਦਾ, ਜੀਹਦੇ 'ਚ ਅਸੀਂ ਵਰਪਾਲ ਪਿੰਡ ਤੋਂ 10-12 ਸਿੰਘ ਵੀ ਸ਼ਾਮਲ ਸੀ। ਓਦੋਂ ਸਿੱਧਾ ਸ੍ਰੀ ਹਰਿਮੰਦਰ ਸਾਹਿਬ ਆਏ ਤੇ ਅਗਲੇ ਦਿਨ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸੰਗਤਾਂ ਨੂੰ ਸੰਬੋਧਨ ਕੀਤਾ। ਫਿਰ ਜਦੋਂ ਧਰਮ ਯੁੱਧ

ਮੋਰਚਾ ਲੱਗਾ ਤਾਂ ਅਸੀਂ ਗ੍ਰਿਫ਼ਤਾਰੀ ਦੇਣ ਗਏ। ਡੀ.ਸੀ. ਦਫ਼ਤਰ ਦੇ ਅੱਗੇ ਜਾ ਕੇ 51 ਸਿੰਘ ਬੈਠੇ ਰਹੇ, ਸਾਨੂੰ ਗ੍ਰਿਫ਼ਤਾਰ ਨਹੀਂ ਕੀਤਾ। ਓਦੋਂ ਸਿੰਘ ਕੰਮ ਧੰਦਿਆਂ ਦੀ ਬਹੁਤੀ ਪਰਵਾਹ ਨ੍ਹੀਂ ਸੀ ਕਰਦੇ, ਧਰਮ ਯੁੱਧ ਦਾ ਜਜ਼ਬਾ ਬਹੁਤ ਹੁੰਦਾ ਸੀ। ਸੰਤਾਂ ਦੇ ਇੱਕ ਸੁਨੇਹੇ ਤੇ ਵਹੀਰਾਂ ਘੱਤ ਕੇ ਤੁਰ ਪੈਂਦੇ ਸੀ।

ਸਵਾਲ : ਸੰਤਾਂ ਦੇ ਕੋਲ਼ ਪੱਕੇ ਹੀ ਰਹਿਣ ਲੱਗੇ ਜਾਂ ਆਉਂਦੇ ਜਾਂਦੇ ਰਹੇ ?

ਜਵਾਬ : ਨਹੀਂ, ਪੱਕੇ ਤੌਰ ਤੇ ਸੰਤਾਂ ਕੋਲ਼ ਨਹੀਂ ਰਹੇ, ਆਉਂਦੇ ਜਾਂਦੇ ਰਹੇ। ਹਰ ਸ਼ੁੱਕਰਵਾਰ ਪਿੰਡ 'ਚੋਂ ਦੁੱਧ ਇਕੱਠਾ ਕਰ ਕੇ ਸੰਤਾਂ ਕੋਲ਼ ਲੈ ਕੇ ਜਾਣਾ ਹੁੰਦਾ ਸੀ। ਅਸੀਂ ਬਦਲ-ਬਦਲ 2-3 ਸਿੰਘ ਹਰ ਸ਼ੁੱਕਰਵਾਰ ਦੁੱਧ ਲੈ ਕੇ ਸੰਤਾਂ ਕੋਲ਼ ਜਾਂਦੇ। 40-50 ਕਿੱਲੋ ਦੁੱਧ ਹੁੰਦਾ। ਸੰਤ ਆਪਣੇ ਜਥੇ ਲਈ 4-5 ਕਿੱਲੋ ਰੱਖ ਲੈਂਦੇ ਤੇ ਬਾਕੀ ਗੁਰੂ ਰਾਮਦਾਸ ਲੰਗਰ 'ਚ ਪਾ ਆਉਂਦੇ।

ਸਵਾਲ : ਜੂਨ 1984 'ਚ ਜਦੋਂ ਭਾਰਤੀ ਫ਼ੌਜ ਦਾ ਹਮਲਾ ਹੋਇਆ, ਓਦੋਂ ਤੁਸੀਂ ਕਿੱਥੇ ਸੀ ?

ਜਵਾਬ : ਅਸੀਂ ਤਾਂ ਪਿੰਡ ਵਿੱਚ ਹੀ ਸੀਗੇ, ਪਰ ਸਾਡੇ ਨੇੜਲੇ ਦੋ ਤਿੰਨ ਸਿੰਘ ਅੰਦਰ ਸੀ, ਜਿਨ੍ਹਾਂ 'ਚ ਮੇਰਾ ਭਤੀਜਾ ਭਾਈ ਦੇਸਾ ਸਿੰਘ ਤੇ ਦਲਬੀਰ ਸਿੰਘ ਬਿੱਲਾ ਵਰਪਾਲ ਵੀ ਸੀ। ਜਦੋਂ ਪਹਿਲੀ ਜੂਨ ਨੂੰ ਸੀ. ਆਰ.ਪੀ. ਨੇ 7 ਘੰਟੇ ਗੋਲ਼ੀ ਚਲਾਈ, ਤਾਂ ਓਦੋਂ ਇਸ ਦਾ ਬਦਲਾ ਲੈਣ ਲਈ ਤਿੰਨ ਸਿੰਘ ਅੰਦਰੋਂ ਬਾਹਰ ਨਿਕਲ਼ੇ। ਇਹ ਤਿੰਨ ਸਿੰਘ ਸੀ, ਭਾਈ ਦਲਬੀਰ ਸਿੰਘ ਬਿੱਲਾ ਵਰਪਾਲ, ਮੇਰਾ ਭਤੀਜਾ ਦੇਸਾ ਸਿੰਘ ਤੇ ਸੁਖਦੇਵ ਸਿੰਘ ਢੋਟੀਆਂ। ਬਾਹਰ ਆ ਕੇ ਇਹਨਾਂ ਨੇ 4 ਬਾਹਮਣ ਜਿਹੜੇ ਸਿੱਖਾਂ ਦਾ ਵਿਰੋਧ ਕਰਦੇ ਰਹਿੰਦੇ ਸੀ, ਉਹ ਮਾਰ ਦਿੱਤੇ।

ਭਾਈ ਦਲਬੀਰ ਸਿੰਘ ਬਿੱਲਾ ਵਰਪਾਲ

ਸਵਾਲ : ਤੁਸੀਂ ਇਹਨਾਂ ਤਿੰਨਾਂ ਸਿੰਘਾਂ ਨੂੰ ਮਿਲ਼ੇ ?

ਜਵਾਬ : ਨਹੀਂ, ਉਹਨਾਂ ਨੇ ਤਿੰਨ ਤਰੀਕ ਨੂੰ ਹੀ ਐਕਸ਼ਨ ਕੀਤਾ ਤੇ ਤਿੰਨ ਤਰੀਕ ਨੂੰ ਅਸੀਂ ਪਿੰਡੋਂ ਤਿੰਨ ਸਿੰਘ ਸੰਤਾਂ ਨੂੰ ਮਿਲਣ ਲਈ ਹਰਿਮੰਦਰ ਸਾਹਿਬ ਚਲੇ ਗਏ। ਅਸੀਂ ਸਲਾਹ ਕੀਤੀ ਕਿ ਫ਼ੌਜ ਘੇਰਾਬੰਦੀ ਕਰ ਰਹੀ ਹੈ, ਸੰਤਾਂ ਤੋਂ ਇਜਾਜ਼ਤ ਲੈ ਕੇ ਅਸੀਂ ਵੀ ਧਰਮ ਦੇ ਲਈ



ਭਾਈ ਸ਼ਿੰਦਾ ਸਿੰਘ ਜੀ ਵਰਪਾਲ

ਸ਼ਹੀਦੀਆਂ ਪਾਉਣ ਲਈ ਉਹਨਾਂ ਦੇ ਕੋਲ਼ ਚਲੇ ਜਾਈਏ। ਅਸੀਂ ਤਿੰਨ ਸਿੰਘ ਪਹਿਲਾਂ ਪੁੱਛਣ ਲਈ ਗਏ ਸੀ। ਭਾਈ ਸ਼ਿੰਦਾ ਸਿੰਘ ਜੀ, ਭਾਈ ਕਰਮ ਸਿੰਘ ਤੇ ਦਾਸ (ਅਵਤਾਰ ਸਿੰਘ)।

ਸਵਾਲ : ਓਥੇ ਸੰਤਾਂ ਨੂੰ ਮਿਲ਼ੇ ?

ਜਵਾਬ : ਸੰਤ ਬਹੁਤ ਵਧੇਰੇ ਰੁੱਝੇ ਹੋਏ ਸੀ, ਅਸੀਂ ਭਾਈ ਸਾਹਿਬ ਭਾਈ ਅਮਰੀਕ ਸਿੰਘ ਨੂੰ ਮਿਲ਼ੇ। ਉਹਨਾਂ ਦਾ ਕਮਰਾ ਲੰਗਰ ਦੇ ਬਾਹਰਵਾਰ ਸੀ। ਅਸੀਂ ਭਾਈ ਸਾਹਿਬ ਨੂੰ ਆਪਣੇ ਪਿੰਡ ਦੇ ਸਾਰੇ ਸਿੰਘਾਂ ਦੀ ਰਾਏ ਦੱਸ ਕੇ ਹੁਕਮ ਮੰਗਿਆ। ਭਾਈ ਅਮਰੀਕ ਸਿੰਘ ਕਹਿੰਦੇ:- "ਆ ਜਾਇਓ, ਪਰ ਆਇਓ ਉਹ ਜਿਨ੍ਹਾਂ ਨੂੰ ਜਾਨ ਨ੍ਹੀਂ ਲੁੜੀਂਦੀ, ਐਵੇਂ ਕੋਈ ਮੇਲਾ ਵੇਖਣ ਵਾਂਗ ਨਾ ਆਵੇ ਤੇ ਨਾ ਹੀ ਇਹਨੂੰ ਕੋਈ ਖੇਡ ਸਮਝੇ, ਇੱਥੇ ਸ਼ਹੀਦੀਆਂ ਹੋਣੀਐਂ।"

ਸਵਾਲ : ਉਸ ਤੋਂ ਬਾਅਦ ਫਿਰ ਤੁਸੀਂ ਕਿੰਨੇ ਸਿੰਘ ਤਿਆਰ ਹੋਏ ?

ਜਵਾਬ : ਓਦੋਂ ਪਿੰਡ ਦੇ ਵਿੱਚ ਨਾ ਤਾਂ ਅਨਾਊਂਸਮੈਂਟ ਕਰ ਸਕਦੇ ਸੀ ਤੇ ਨਾ ਹੀ ਚੰਗੀ ਤਰ੍ਹਾਂ ਮੀਟਿੰਗ ਹੀ ਕਰ ਸਕਦੇ ਸੀ, ਕਿਉਂਕਿ ਸੀ.ਆਈ.ਡੀ. ਵਾਲ਼ੇ ਹਰਲ-ਹਰਲ ਕਰਦੇ ਫਿਰਦੇ ਸੀ। ਫਿਰ ਵੀ ਅਸੀਂ ਜਿੰਨੇ ਕੁ ਸਿੰਘਾਂ ਨੇ ਆਪੋ ਵਿੱਚ ਗੱਲ ਮਿਲ਼ਾਈ ਹੋਈ ਸੀ, ਉਹ ਮਾੜੇ ਮੋਟੇ ਇਸ਼ਾਰਿਆਂ ਨਾਲ਼ ਹੀ 'ਕੱਠੇ ਹੋ ਗਏ। ਕਈਆਂ ਨੇ ਤਾਂ ਘਰਾਂ 'ਚ ਕਹਿ ਦਿੱਤਾ ਕਿ ਸਾਡੀ ਉਡੀਕ ਨਾ ਰੱਖਿਓ, ਤੇ ਕਈ ਅਜਿਹੇ ਵੀ ਸੀ ਜਿਨ੍ਹਾਂ ਨੇ ਘਰਾਂ 'ਚ ਕੁਝ ਨ੍ਹੀਂ ਦੱਸਿਆ। ਜਿਵੇਂ ਸਾਡੇ ਪਿੰਡ ਦਾ ਮੁੰਡਾ ਦਿਲਬਾਗ ਸਿੰਘ ਸੀ, ਉਹਨੇ ਮੈਨੂੰ ਕਿਹਾ ਹੋਇਆ ਸੀ ਕਿ ਜਦੋਂ ਤੁਰਨਾ ਹੋਵੇ, ਮੈਨੂੰ ਥੋੜ੍ਹਾ ਜਿਹਾ ਇਸ਼ਾਰਾ ਕਰ ਦਿਓ। ਉਹਨੂੰ ਮੈਂ ਉਹਦੇ ਘਰ ਦੇ ਬਾਹਰ ਖਲੋ ਕੇ ਇਸ਼ਾਰਾ ਹੀ ਕੀਤਾ ਤੇ ਉਹ ਉਸੇ ਵੇਲ਼ੇ ਬਾਹਰ ਆ ਕੇ ਮੇਰੇ ਨਾਲ਼ ਤੁਰ ਪਿਆ। ਉਹ ਵੀ ਅੰਦਰ ਸ਼ਹੀਦ ਹੋਇਆ। ਹੁਣ ਵੀ ਉਹਦੇ ਪਰਿਵਾਰ ਵਾਲ਼ਿਆਂ ਨੂੰ ਉਹਦੇ ਬਾਰੇ ਪੁੱਛਿਆ ਜਾਵੇ, ਤਾਂ ਉਹ ਇਹੀ ਕਹਿੰਦੇ ਆ ਕਿ ਸਾਨੂੰ ਤਾਂ ਪਤਾ ਨ੍ਹੀਂ, ਆਹ ਜਥੇਦਾਰ ਨੇ ਆ ਕੇ ਕੋਈ ਇਸ਼ਾਰਾ ਕੀਤਾ ਸੀ ਤੇ ਉਹ ਚਲਾ ਗਿਆ। ਗੱਲ ਕੀ ਇਸ ਤਰ੍ਹਾਂ ਸਾਰੇ ਇੱਕ ਤਰ੍ਹਾਂ ਮਰਨਾ ਮੰਡ ਕੇ ਤੁਰ ਪਏ।

ਭਾਈ ਦਿਲਬਾਗ ਸਿੰਘ ਵਰਪਾਲ

ਸਵਾਲ : ਵਰਪਾਲ ਪਿੰਡ ਤੋਂ ਕੁੱਲ ਕਿੰਨੇ ਸਿੰਘ ਤੁਰੇ ?

ਜਵਾਬ : ਅਸੀਂ ਵਰਪਾਲ ਪਿੰਡ ਤੋਂ 15 ਸਿੰਘ ਤੁਰੇ। ਸਾਡਾ ਜਥੇਦਾਰ, ਜਥੇਦਾਰ ਸ਼ਿੰਦਾ ਸਿੰਘ ਸੀ। ਬਾਕੀ ਸਿੰਘਾਂ ਵਿੱਚ ਮੇਰੇ ਤੋਂ ਇਲਾਵਾ, ਭਾਈ ਅਮਰਜੀਤ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਅਮਰੀਕ ਸਿੰਘ, ਭਾਈ ਸਤਿਕਰਤਾਰ ਸਿੰਘ, ਭਾਈ ਰਵੇਲ ਸਿੰਘ, ਭਾਈ ਦਲੀਪ ਸਿੰਘ, ਭਾਈ ਕੁਲਵੰਤ ਸਿੰਘ, ਭਾਈ ਰਾਮ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਰਾਜ ਸਿੰਘ, ਭਾਈ ਕਰਮ ਸਿੰਘ ਤੇ ਭਾਈ ਗੁਰਮੇਲ ਸਿੰਘ ਸੀਗੇ। ਇਹਨਾਂ 'ਚੋਂ ਪਹਿਲੇ 11 ਸਿੰਘ ਸ਼ਹੀਦ ਹੋ ਗਏ ਤੇ 4 ਜਣੇ ਅਸੀਂ ਗ੍ਰਿਫ਼ਤਾਰ ਹੋ ਕੇ ਕੈਦ ਰਹੇ। ਅਸੀਂ ਸਾਰੇ ਘਰਾਂ 'ਚੋਂ ਆਪੋ-ਆਪਣਾ ਸਮਾਨ ਸੰਭਾਲ਼ ਆਏ ਸੀ ਤੇ ਘਰ ਵਾਲ਼ਿਆਂ ਨੂੰ ਕਹਿ ਦਿੱਤਾ ਹੋਇਆ ਸੀ ਕਿ ਸਾਡੀ ਉਡੀਕ ਨਾ ਰੱਖਿਓ।

ਸਵਾਲ : ਕਰਫ਼ਿਊ ਲੱਗ ਗਿਆ ਸੀ । ਤੁਸੀਂ ਹਰਿਮੰਦਰ ਸਾਹਿਬ ਕਿਵੇਂ ਪਹੁੰਚੇ ?

ਜਵਾਬ : ਅਸੀਂ ਪਹਿਲਾਂ ਤਾਂ ਇੱਕ ਟਾਂਗਾ ਕਰ ਕੇ ਗੁਰਦੁਆਰਾ ਸ਼ਹੀਦਾਂ ਤਕ ਪਹੁੰਚੇ। ਸਾਡੇ ਸਾਰਿਆਂ ਕੋਲ਼ ਕਿਰਪਾਨਾਂ ਸੀਗੀਆਂ ਤਿੰਨ-ਤਿੰਨ ਫੁੱਟੀਆਂ। ਫਿਰ ਵੀ ਅਸੀਂ ਦੁੱਧ ਵਾਲ਼ੀਆਂ ਡਰੰਮੀਆਂ ਸਿਰਾਂ ਤੇ ਰੱਖ ਲਈਆਂ ਤੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਤੁਰ ਪਏ। ਦੁੱਧ ਦਾ ਤਾਂ ਬਹਾਨਾ ਸੀ, ਅਸੀਂ ਅੰਦਰ ਸੰਤਾਂ ਕੋਲ਼ ਜਾਣਾ ਸੀ। ਗੁਰਦੁਆਰਾ ਸ਼ਹੀਦਾਂ ਤੋਂ ਜਿਹੜਾ ਬਜ਼ਾਰ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਜਾਂਦੈ, ਓਥੇ ਇੱਕ ਫ਼ੌਜ ਵਾਲ਼ਾ ਮਸ਼ੀਨਗੰਨ ਬੀੜ ਕੇ ਬੈਠਾ ਸੀ। ਉਹ ਕਹਿੰਦਾ 'ਤੁਸੀਂ ਅੱਗੇ ਨਈਂ ਜਾ

ਸਕਦੇ।' ਅਸੀਂ ਕਿਹਾ:- "ਅਸੀਂ ਤਾਂ ਅੰਦਰ ਜਾਣਾ ਐ।" ਉਹ ਕਹਿੰਦਾ:- "ਮੈਨੂੰ ਹੁਕਮ ਐ ਕਿ ਜਿਹੜਾ ਵੀ ਅੱਗੇ ਜਾਣ ਦੀ ਕੋਸ਼ਿਸ਼ ਕਰੇ, ਉਹਨੂੰ ਗੋਲ਼ੀ ਮਾਰ ਦਿਓ।" ਅਸੀਂ ਸਲਾਹ ਕੀਤੀ ਕਿ ਮਰਨਾ ਤਾਂ ਹੈ, ਪਰ ਲੜ ਕੇ, ਤੇ ਪਹਿਲਾਂ ਹਰਿਮੰਦਰ ਸਾਹਿਬ ਵੀ ਪਹੁੰਚਣੈ। ਅਸੀਂ ਸਲਾਹ ਕਰ ਕੇ ਗੁਰਦੁਆਰਾ ਬਿਬੇਕਸਰ ਸਾਹਿਬ 'ਚ ਜਾ ਬੈਠੇ। ਥੋੜ੍ਹੇ ਚਿਰ ਬਾਅਦ ਓਥੇ ਤਰਨਤਾਰਨ ਵੱਲੋਂ ਭਾਈ ਰਵੇਲ ਸਿੰਘ ਤੇ ਬਾਬਾ ਇੰਦਰ ਸਿੰਘ ਹੋਰਾਂ ਸਮੇਤ ਕਾਰ ਸੇਵਾ ਵਾਲ਼ੇ 5-7 ਸਿੰਘ ਵੀ ਆ ਪਹੁੰਚੇ। ਉਹ ਵੀ

ਹਰਿਮੰਦਰ ਸਾਹਿਬ ਦੇ ਅੰਦਰ ਜਾਣਾ ਚਾਹੁੰਦੇ ਸੀ। ਉਹਨਾਂ ਵਿੱਚ ਇੱਕ ਭਾਈ ਚਤਰ ਸਿੰਘ ਫ਼ੌਜੀ ਸੀ, ਜੀਹਦੇ ਕੋਲ਼ ਦੁਨਾਲ਼ੀ ਬੰਦੂਕ ਵੀ ਸੀ। ਓਥੇ ਫਿਰ ਪਹਿਲਾਂ ਤਾਂ ਅਸੀਂ ਸਲਾਹ ਕੀਤੀ ਕਿ ਜੇ ਅੰਦਰ ਨਹੀਂ ਜਾ ਸਕਦੇ ਤਾਂ ਫਿਰ ਬਾਹਰੋ-ਬਾਹਰ ਹੀ ਕੁਝ ਨਾ ਕੁਝ ਕਰੀਏ। ਚਾਟੀਵਿੰਡ ਨਹਿਰ ਤੇ ਸੀ.ਆਰ.ਪੀ. ਦੀ ਚੌਂਕੀ ਹੁੰਦੀ ਸੀ। ਅਸੀਂ ਸਲਾਹ ਕੀਤੀ ਕਿ ਜਾ ਕੇ ਚੌਂਕੀ ਤੇ ਹੀ ਹਮਲਾ ਕਰ ਦੀਏ।

ਸਵਾਲ : ਫਿਰ ਇਹ ਵਿਚਾਰ ਅੱਗੇ ਤੁਰੀ ?

ਜਵਾਬ : ਨਹੀਂ, ਭਾਈ ਚਤਰ ਸਿੰਘ ਫ਼ੌਜੀ ਕਹਿੰਦਾ:- "ਮੇਰੇ ਕੋਲ਼ ਤਾਂ ਦੁਨਾਲ਼ੀ ਆ, ਮੈਂ ਤਾਂ ਮੰਨ ਲਓ ਕੋਠੇ ਤੇ ਚੜ੍ਹ ਕੇ ਦੋ ਤਿੰਨ ਮਾਰ ਵੀ ਦੇਊਂ; ਪਰ ਤੁਹਾਡੇ ਕੋਲ਼ ਤਾਂ ਕਿਰਪਾਨਾਂ ਹੀ ਹੈਗੀਆਂ ਨੇ ਤੇ ਜਦੋਂ ਤਕ ਤੁਸੀਂ ਕਿਰਪਾਨਾਂ ਕੱਢਣੀਐਂ, ਉਹਨਾਂ ਨੇ ਤੁਹਾਨੂੰ ਭੁੰਨ ਸੁੱਟਣੈ।" ਇਸ ਤਰ੍ਹਾਂ ਅਜੇ ਸਾਡੀਆਂ ਇਹ ਸਲਾਹਾਂ ਚੱਲ ਹੀ ਰਹੀਆਂ ਸੀ ਕਿ ਏਨੇ ਚਿਰ ਨੂੰ ਕਰਫ਼ਿਊ 'ਚ 2 ਘੰਟੇ ਦੀ ਢਿੱਲ ਦਾ ਐਲਾਨ ਹੋ ਗਿਆ ਚਾਰ ਪੰਜ ਵਜੇ ਤਕ। ਇਹ ਕਰਫ਼ਿਊ 'ਚ ਢਿੱਲ ਅਸਲ 'ਚ ਉਹਨਾਂ ਨੇ ਅੰਦਰੋਂ ਲੋਕਾਂ ਨੂੰ ਬਾਹਰ ਕੱਢਣ ਲਈ ਦਿੱਤੀ ਸੀ, ਪਰ ਅਸੀਂ ਇਸ ਢਿੱਲ ਦੇ ਵਿੱਚ ਬਾਹਰੋਂ ਤੁਰ ਕੇ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਚਲੇ ਗਏ। ਜਾ ਕੇ ਭਾਈ ਅਮਰੀਕ ਸਿੰਘ ਜੀ ਨੂੰ ਕਿਹਾ ਕਿ ਅਸੀਂ ਆ ਗਏ ਹਾਂ, ਜਿੱਥੇ-ਜਿੱਥੇ ਡਿਊਟੀ ਲਾਉਣੀ ਆ, ਲਾ ਦਿਓ।

ਸਵਾਲ : ਫਿਰ ਡਿਊਟੀਆਂ ਕਿੱਥੇ ਲੱਗੀਆਂ ?

ਜਵਾਬ : ਓਦੋਂ ਸਿੰਘਾਂ ਨੂੰ ਸੂਹ ਮਿਲ਼ੀ ਸੀ ਕਿ ਫ਼ੌਜ ਨੇ ਅੱਜ (ਤਿੰਨ ਜੂਨ 1984) ਰਾਤ 10 ਕੁ ਵਜੇ ਹਮਲਾ ਕਰਨੈ। ਓਦੋਂ ਇਹ ਵਿਚਾਰ ਸੀ ਕਿ ਜਦੋਂ ਦਰਸ਼ਨਾਂ ਲਈ ਸੰਗਤ ਆਉਣੀ ਬੰਦ ਹੋ ਜਾਣੀ ਆ ਰਾਤ 10 ਵਜੇ, ਓਦੋਂ ਫ਼ੌਜ ਨੇ ਹਮਲਾ ਕਰ ਦੇਣਾ ਐ। ਫਿਰ ਸਾਡੇ ਜਥੇ ਵਿੱਚੋਂ ਮੇਰੀ, ਭਾਈ ਸਤਿਕਰਤਾਰ ਸਿੰਘ, ਭਾਈ ਬਲਵਿੰਦਰ ਸਿੰਘ ਤੇ ਭਾਈ ਅਮਰਜੀਤ ਸਿੰਘ ਜੀ ਦੀ ਮੰਜੀ ਸਾਹਿਬ ਦੀਵਾਨ ਹਾਲ ਤੋਂ ਪਰਕਰਮਾ ਵੱਲ ਨੂੰ ਜਾਂਦੇ ਰਾਹ ਤੇ, ਜਿੱਥੇ ਫੁੱਲਾਂ ਦਾ ਸਟਾਲ ਹੁੰਦਾ ਸੀ, ਓਥੇ ਡਿਊਟੀ ਲਾ ਦਿੱਤੀ ਕਿ ਜਦੋਂ ਫ਼ੌਜ ਇੱਧਰ ਦੀ ਅੰਦਰ ਆਉਣ ਲੱਗੇ, ਤਾਂ ਅੰਦਰ ਨ੍ਹੀਂ ਆਉਣ ਦੇਣੀ। ਸਾਡੇ ਨਾਲ਼ ਦੋ ਟਰੇਂਡ ਸਿੰਘ ਵੀ ਲਾ ਦਿੱਤੇ। ਅਸੀਂ ਸਾਰੀ ਰਾਤ ਪਹਿਰਾ ਦਿੰਦੇ ਰਹੇ, ਪਰ ਰਾਤ ਹਮਲਾ ਨਾ ਹੋਇਆ।



ਭਾਈ ਸਤਿਕਰਤਾਰ ਸਿੰਘ ਵਰਪਾਲ

ਸਵਾਲ : ਫਿਰ ਜਦੋਂ ਹਮਲਾ ਹੋਇਆ, ਤੁਸੀਂ ਓਥੇ ਹੀ ਸੀ ?

ਜਵਾਬ : ਨਹੀਂ, ਸਵੇਰੇ 4 ਵਜੇ ਜਦੋਂ ਸੰਗਤ ਫਿਰ

ਆਉਣੀ ਸ਼ੁਰੂ ਹੋ ਜਾਂਦੀ ਆ, ਅਸੀਂ ਕਿਹਾ ਹੁਣ ਅੱਜ ਇਹ ਹਮਲਾ ਨ੍ਹੀਂ ਕਰਦੇ। ਪਰ ਚਾਰ ਵੱਜ ਕੇ 45 ਮਿੰਟ ਤੇ ਫ਼ੌਜ ਨੇ ਇੱਕ ਗੋਲ਼ਾ ਸਿੱਧਾ ਅਕਾਲ ਤਖ਼ਤ ਤੇ ਮਾਰਿਆ। ਨਾਲ਼ ਹੀ ਗੋਲ਼ੀ ਚੱਲਣੀ ਸ਼ੁਰੂ ਹੋ ਗਈ। ਫਿਰ ਭਾਈ ਅਮਰੀਕ ਸਿੰਘ ਤੇ ਜਨਰਲ ਸੁਬੇਗ ਸਿੰਘ ਜੀ ਨੇ ਸਾਡੀ ਡਿਊਟੀ ਪਰਕਰਮਾ ਅੰਦਰ, ਝੂਠੇ ਬਜ਼ਾਰ ਵਾਲ਼ੇ ਪਾਸੇ ਲਾ ਦਿੱਤੀ 5-6 ਸਿੰਘਾਂ ਦੀ। ਉਧਰ ਬਜ਼ਾਰ 'ਚ ਪਰਲੇ ਪਾਸੇ ਇੱਕ ਤਿੰਨ ਮੰਜ਼ਲਾ ਚੁਬਾਰਾ ਸੀ। ਜਨਰਲ ਸੁਬੇਗ ਸਿੰਘ ਕਹਿੰਦੇ, 'ਫ਼ੌਜ ਇਸ ਚੁਬਾਰੇ ਤੇ ਮੋਰਚਾ ਬਣਾਉਣ ਲਈ ਜ਼ਰੂਰ ਕਬਜ਼ਾ ਕਰੂਗੀ', ਤੇ ਸਾਨੂੰ ਉਹਨਾਂ ਨੇ ਹਦਾਇਤ ਕਰ ਦਿੱਤੀ ਕਿ ਜਿਉਂ ਹੀ ਫ਼ੌਜ ਆਵੇ, ਉਹਦੇ ਤੇ ਗਰਨੇਡ ਸੁੱਟਣੇ ਆ। ਅਸੀਂ 'ਸਤਿਬਚਨ' ਕਹਿ ਕੇ ਮੋਰਚਾ ਸੰਭਾਲ਼ ਲਿਆ। ਪਰ ਉਧਰ ਕੋਈ ਫ਼ੌਜ ਵਾਲ਼ਾ ਨ੍ਹੀਂ ਆਇਆ। ਅਸੀਂ 5 ਜੂਨ ਸ਼ਾਮ ਤਕ ਇੱਥੇ ਹੀ ਰਹੇ।



ਸਵਾਲ : ਇਸ ਤੋਂ ਬਾਅਦ ਕਿਸ ਮੋਰਚੇ ਤੇ ਗਏ ?

ਜਵਾਬ : ਇਸ ਤੋਂ ਬਾਅਦ ਅਸੀਂ 5 ਜੂਨ ਸ਼ਾਮ ਨੂੰ ਚਾਰ-ਪੰਜ ਸਿੰਘ, ਜਿਨ੍ਹਾਂ 'ਚ ਸਾਡੇ ਪਿੰਡ ਦੇ ਭਾਈ ਸ਼ਿੰਦਾ ਸਿੰਘ ਜੀ ਵੀ ਸਨ ਤੇ ਮੈਂ ਵੀ, ਅਸੀਂ ਅਕਾਲ ਤਖ਼ਤ ਸਾਹਿਬ ਸੰਤਾਂ ਨੂੰ ਮਿਲ਼ਣ ਲਈ ਗੋਲ਼ੀਆਂ ਤੋਂ ਬਚਦੇ-ਬਚਾਉਂਦੇ ਗਏ। ਗੋਲ਼ੀ ਮੀਂਹ ਵਾਂਗ ਵਰ੍ਹ ਰਹੀ ਸੀ। ਜਦੋਂ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਹੁੰਚੇ ਤਾਂ ਸੰਤ ਵਿਚਕਾਰਲੀ ਮੰਜ਼ਲ, ਜਿੱਥੇ ਪ੍ਰਕਾਸ਼ ਹੁੰਦੈ, ਓਥੇ ਹੀ ਪਿਛਲੇ ਪਾਸੇ ਬੈਠੇ ਸੀ। ਗਿਆਨੀ ਪੂਰਨ ਸਿੰਘ ਸੰਤਾਂ ਦੇ ਕੋਲ਼ ਬੈਠਾ ਸੀ। ਪਾਣੀ, ਬੱਤੀ ਸਭ ਕੁਝ ਕੱਟਿਆ ਜਾ ਚੁੱਕਾ ਸੀ। ਸਭ ਨੂੰ ਮੌਤ ਸਾਮ੍ਹਣੇ ਦਿਸ ਰਹੀ ਸੀ ਤੇ ਨਿਕਲ਼ ਜਾਣ ਦੇ ਰਾਹ ਵੀ ਬਥੇਰੇ ਸੀ, ਪਰ ਕੋਈ ਨ੍ਹੀਂ ਸੀ ਜਾਣਾ ਚਾਹੁੰਦਾ। ਆਟਾ ਮੰਡੀ ਤੇ ਝੂਠਾ ਬਜ਼ਾਰ ਵਾਲ਼ੇ ਪਾਸੇ ਕੋਈ ਵੀ ਫ਼ੌਜ ਨਹੀਂ ਸੀ, ਉਧਰੋਂ ਦੀ ਕੋਈ ਵੀ ਸੌਖ ਨਾਲ਼ ਨਿਕਲ਼ ਸਕਦਾ ਸੀ, ਪਰ ਸਾਰੇ ਸਿੰਘ ਸ਼ਹੀਦੀਆਂ ਦੇਣ ਲਈ ਮੈਦਾਨ 'ਚ ਡਟੇ ਹੋਏ ਸੀ।

ਸਵਾਲ : ਸੰਤਾਂ ਦੇ ਨਾਲ਼ ਕੀ ਬਚਨ ਹੋਏ ?

ਜਵਾਬ : ਸੰਤਾਂ ਕੋਲ਼ ਜਿਹੜਾ ਵੀ ਆਉਂਦਾ ਸੀ, ਹਥਿਆਰ ਮੰਗਦਾ ਸੀ, ਤਾਂ ਸੰਤ ਉਹਨੂੰ ਹਥਿਆਰ ਦਿਵਾ ਰਹੇ ਸੀ, ਪਰ ਨਾਲ਼ ਹੀ ਇਹ ਸਖ਼ਤ ਹੁਕਮ ਕਰੀ ਜਾਂਦੇ ਸੀ ਕਿ ਐਵੇਂ ਫਾਲਤੂ ਗੋਲ਼ੀ ਨ੍ਹੀਂ ਚਲਾਉਣੀ, ਜਦੋਂ ਦੁਸ਼ਮਣ ਨਿਸ਼ਾਨੇ ਤੇ ਆਵੇ, ਓਦੋਂ ਹੀ ਗੋਲ਼ੀ ਚਲਾਉਣੀ ਐ। ਏਦਾਂ ਕਈ ਸਿੰਘਾਂ ਨੂੰ ਸੰਤਾਂ ਨੇ 303 ਦੀਆਂ ਰਾਈਫ਼ਲਾਂ ਤੇ ਸੌ-ਸੌ ਰੌਂਦ

ਸਾਡੇ ਸਾਮ੍ਹਣੇ ਦਿੱਤੇ। ਬੱਬਰਾਂ ਦੇ ਸਿੰਘ ਵੀ ਦੋ ਪੀਪਿਆਂ 'ਚ ਭਰਵਾ ਕੇ ਸੰਤਾਂ ਤੋਂ ਰੋਂਦ ਲੈ ਕੇ ਗਏ।

ਸਵਾਲ : ਫਿਰ ਤੁਹਾਡਾ ਮੋਰਚਾ ਕਿੱਥੇ ਲੱਗਾ ?

ਜਵਾਬ : ਅਸੀਂ ਅੱਧਾ ਪੌਣਾ ਘੰਟਾ ਸੰਤਾਂ ਦੇ ਕੋਲ਼ ਬੈਠੇ, ਫਿਰ ਅਕਾਲ ਤਖ਼ਤ ਸਾਹਿਬ ਦੇ ਸੱਜੇ ਹੱਥ ਜਿਹੜੀ ਲਾਲ ਡਿਓੜ੍ਹੀ ਆ, ਸਾਡੀ ਡਿਊਟੀ ਓਥੇ ਲਾ ਦਿੱਤੀ।

ਸਵਾਲ : ਜਿੱਥੇ ਭਾਈ ਜਰਨੈਲ ਸਿੰਘ ਬ੍ਰਹ ਹੋਰੀਂ ਸੀ ?

ਜਵਾਬ : ਨਹੀਂ, ਉਹ ਸ਼ਾਇਦ ਉੱਪਰਲੇ ਮੋਰਚੇ 'ਚ ਹੋਣਗੇ, ਪਰ ਸਾਡੀ ਡਿਊਟੀ ਹੇਠਲੇ ਕਮਰੇ ਵਾਲ਼ੇ ਮੋਰਚੇ ਵਿੱਚ ਸੀ, ਜਿੱਥੇ ਕੜਾਹ ਪ੍ਰਸ਼ਾਦਿ ਦੀਆਂ ਪਰਚੀਆਂ ਕੱਟੀਆਂ ਜਾਂਦੀਐਂ। ਇੱਥੇ ਭਾਈ ਗੋਪਾਲ ਸਿੰਘ ਮਹਿਤਾ ਦੀ ਅਗਵਾਈ ਵਿੱਚ 28-29 ਸਿੰਘ ਸਾਂ।

ਸਵਾਲ : ਫ਼ੌਜ ਅੰਦਰ ਤਕ ਕਦੋਂ ਪਹੁੰਚੀ ?

ਜਵਾਬ : ਫ਼ੌਜ ਕੋਸ਼ਿਸ਼ ਤਾਂ ਸ਼ੁਰੂ ਤੋਂ ਹੀ ਕਰ ਰਹੀ ਸੀ, ਕਦੇ ਕਮਾਂਡੋ ਬਾਹਰੋਂ ਭੇਜਣ ਦੀ ਕੋਸ਼ਿਸ਼ ਕਰਦੀ, ਕਦੇ ਹੈਲੀਕਾਪਟਰਾਂ ਰਾਹੀਂ ਅੰਦਰ ਤਕ ਆ ਵੀ ਵੜੇ, ਪਰ ਸਿੰਘਾਂ ਨੇ ਅੱਗੋਂ ਕੋਈ ਜਿਉਂਦਾ ਵਾਪਸ ਨ੍ਹੀਂ ਜਾਣ ਦਿੱਤਾ। 5 ਤਰੀਕ ਦੀ ਰਾਤ ਨੂੰ ਜਦੋਂ ਟੈਂਕ ਅੰਦਰ ਵਾੜੇ ਤਾਂ ਫਿਰ ਸਿੰਘ ਵੀ ਸ਼ਹੀਦ ਹੁੰਦੇ ਰਹੇ ਤੇ ਫ਼ੌਜੀ ਵੀ ਮਰ ਕੇ ਡਿੱਗਦੇ ਰਹੇ। ਬੜਾ ਗਹਿਗਚਵਾਂ ਮੁਕਾਬਲਾ ਹੋਇਆ। ਇਸ ਵਰ੍ਹਦੀ ਗੋਲ਼ੀ 'ਚ ਸਾਡੇ ਪਿੰਡ ਦੇ ਭਾਈ ਸ਼ਿੰਦਾ ਸਿੰਘ ਜੀ ਮੋਰਚਿਆਂ 'ਚ ਲੰਗਰ ਵਰਤਾਉਣ ਦੀ ਸੇਵਾ ਕਰਦੇ ਰਹੇ। ਭਾਈ ਸ਼ਿੰਦਾ ਸਿੰਘ ਜੀ ਮੋਰਚੇ 'ਚ ਲੜੇ ਨਹੀਂ, ਉਹਨਾਂ 'ਚ ਸੇਵਾ ਭਾਵਨਾ ਬਹੁਤ ਸੀ ਤੇ ਉਹ ਮੋਰਚਿਆਂ 'ਚ ਵਰ੍ਹਦੀ ਗੋਲ਼ੀ 'ਚ ਵੀ ਲੰਗਰ ਵਰਤਾਉਣ ਦੀ ਸੇਵਾ ਕਰਦੇ ਰਹੇ।



ਸਵਾਲ : ਇਸ ਮੋਰਚੇ 'ਚ ਕਦੋਂ ਤਕ ਰਹੇ ?

ਜਵਾਬ : 6 ਜੂਨ ਦੁਪਹਿਰੇ ਚਾਰ ਵਜੇ ਤਕ ਅਸੀਂ ਏਥੇ ਹੀ ਰਹੇ। ਪਹਿਲਾਂ ਸਾਡੇ ਪਿੰਡ ਦੇ ਭਾਈ ਸਤਿਕਰਤਾਰ ਸਿੰਘ ਦੀ ਰੀੜ੍ਹ ਦੀ ਹੱਡੀ ਤੇ ਗੋਲ਼ੀ ਵੱਜੀ ਤੇ ਉਹ ਓਥੇ ਤੜਫਦਾ ਰਿਹਾ। ਮੈਂ ਪਾਣੀ ਉਹਦੇ ਮੂੰਹ 'ਚ ਪਾਇਆ, ਤੇ ਥੋੜ੍ਹੇ ਚਿਰ ਬਾਅਦ ਸਾਨੂੰ ਲੱਗਾ ਕਿ ਉਹ ਟਿਕ ਗਿਐ। ਪਰ ਉਹ ਥੋੜ੍ਹੇ ਚਿਰ ਬਾਅਦ ਸ਼ਹੀਦ ਹੋ ਗਿਆ। ਇਸ ਤਰ੍ਹਾਂ ਸਿੰਘ ਸ਼ਹੀਦ ਹੁੰਦੇ ਰਹੇ। ਸਾਡੇ ਪਿੰਡ ਦੇ 6 ਸਿੰਘ ਏਥੇ ਹੀ ਸ਼ਹੀਦ ਹੋਏ। ਮੇਰੇ ਗੋਡੇ ਤੇ ਗੋਲ਼ੀ 6 ਜੂਨ ਦੁਪਹਿਰੇ 2 ਵਜੇ ਵੱਜੀ ਤੇ ਮੈਂ ਜ਼ਖ਼ਮੀ ਹਾਲਤ 'ਚ ਹੀ ਕਿੰਨਾ ਚਿਰ ਓਥੇ ਪਿਆ ਰਿਹਾ। ਫ਼ੌਜੀਆਂ ਨੇ ਪਹਿਲਾਂ ਜ਼ਹਿਰੀਲੀ ਗੈਸ ਅੰਦਰ ਮੋਰਚਿਆਂ 'ਚ ਸੁੱਟੀ ਸੀ, ਜੀਹਦੇ ਨਾਲ਼

ਅੱਖਾਂ ਲਾਲ ਹੋ ਗਈਆਂ ਸੀ। ਜਨਰਲ ਸੁਬੇਗ ਸਿੰਘ ਨੇ ਸਾਨੂੰ ਦੱਸਿਆ ਸੀ ਕਿ ਪਾਣੀ ਤੇ ਕੱਪੜਾ ਕੋਲ ਰੱਖਿਓ, ਉਹ ਭਿਓਂ ਕਿ ਅੱਖਾਂ ਤੇ ਫੇਰ ਲਿਆ ਕਰੋ। ਅਸੀਂ ਪਾਣੀ ਵਾਲ਼ਾ ਕੱਪੜਾ ਅੱਖਾਂ ਤੇ ਫੇਰ ਕੇ ਲੜਦੇ ਰਹੇ।

ਸਵਾਲ : ਫਿਰ ਗ੍ਰਿਫ਼ਤਾਰੀ ਕਿਵੇਂ ਹੋਈ ?

ਜਵਾਬ : ਪਹਿਲਾਂ ਇੱਕ ਵਾਰ ਫ਼ੌਜ ਨੇ ਬੜੀ ਹੈਂਕੜ ਜਿਹੀ ਦੇ ਨਾਲ ਅਨਾਊਂਸਮੈਂਟ ਕਰਵਾਈ ਕਿ 'ਹਮਨੇ ਲੜਾਈ ਜੀਤ ਲੀ ਹੈ, ਜੋ ਬਾਕੀ ਬਚੇ ਹੈਂ, ਵੋਹ ਹਾਥ ਖੜ੍ਹੇ ਕਰ ਦੇਂ।' ਇਹਦੇ ਜਵਾਬ 'ਚ ਸਿੰਘਾਂ ਨੇ ਇਕ ਵਾਰ ਫਿਰ ਬੜੀ ਜ਼ਬਰਦਸਤ ਗੋਲ਼ੀ ਚਲਾਈ। ਫਿਰ 4 ਕੁ ਵਜੇ ਅਨਾਊਂਸਮੈਂਟ ਕੀਤੀ ਗਈ, ਬੜੀ ਨਿਮਰਤਾ ਦੇ ਨਾਲ਼ ਕਿ 'ਹਿੰਦੁਸਤਾਨ ਕੀ ਫ਼ੌਜ ਪਾਬੰਦ ਹੈ ਕਿ ਜੋ ਲੋਗ ਅਪਨੇ ਆਪ ਕੋ ਹਮਾਰੇ ਹਵਾਲੇ ਕਰ ਦੇਂਗੇ, ਉਨ ਕੋ ਮਾਰਾ ਨਹੀਂ ਜਾਏਗਾ, ਗ੍ਰਿਫ਼ਤਾਰ ਕੀਆ ਜਾਏਗਾ।' ਇਹ ਅਨਾਊਂਸਮੈਂਟ ਸੁਣ ਕੇ ਮੇਰੇ ਨਾਲ਼ ਜਿਹੜੇ ਮੋਰਚੇ 'ਚ 2 ਸਿੰਘ ਬਚੇ ਸੀ, ਉਹਨਾਂ ਨੇ ਮੈਨੂੰ ਚੁੱਕ ਕੇ ਮੋਰਚੇ 'ਚੋਂ ਬਾਹਰ ਕੱਢਿਆ, ਕਿਉਂਕਿ ਮੈਂ ਵਾਹਵਾ ਸਮੇਂ ਤੋਂ ਜ਼ਖ਼ਮੀ ਹਾਲਤ 'ਚ ਪਿਆ ਸੀ, ਉਹਨਾਂ ਸੋਚਿਆ ਕਿ ਇਸ ਤਰ੍ਹਾਂ ਮੇਰਾ ਬਚਾਅ ਹੋ ਜਾਊਗਾ। ਪਰ ਸਾਡੇ ਮੋਰਚੇ 'ਚੋਂ ਬਾਹਰ ਨਿਕਲ਼ਦਿਆਂ ਹੀ ਭਾਰਤੀ ਫ਼ੌਜੀਆਂ ਨੇ ਸਾਨੂੰ ਘੇਰ ਲਿਆ ਤੇ ਹੱਥ ਬੰਨ੍ਹ ਲਏ। ਉਸੇ ਹੀ ਤਰ੍ਹਾਂ ਕੁੱਟਦੇ ਮਾਰਦੇ ਤੇ ਬੰਦੂਕਾਂ ਦੇ ਬੱਟ ਮਾਰਦੇ ਸਾਨੂੰ ਏਧਰ ਪਰਕਰਮਾ 'ਚ ਆਟਾ ਮੰਡੀ ਵਾਲ਼ੀ ਸਾਈਡ ਤੇ ਲੈ ਆਏ। ਓਥੇ ਹੋਰ ਵੀ ਬਹੁਤ ਸਿੰਘ ਸਿੰਘਣੀਆਂ ਤੇ ਬੱਚੇ ਬਾਹਾਂ ਬੰਨ੍ਹ ਕੇ ਬਿਠਾਏ ਹੋਏ ਸੀ। ਸਾਰਿਆਂ ਨੂੰ ਫ਼ੌਜ ਵਾਲ਼ੇ ਬੜਾ ਜ਼ਲੀਲ ਕਰ ਰਹੇ ਸੀ।



ਸਵਾਲ : ਤੁਹਾਡੇ ਨਾਲ਼ ਭਾਰਤੀ ਫ਼ੌਜ ਨੇ ਕਿਸ ਤਰ੍ਹਾਂ ਵਿਹਾਰ ਕੀਤਾ ?

ਜਵਾਬ : ਫ਼ੌਜ ਬਹੁਤ ਹੀ ਜ਼ਲੀਲ ਕਰ ਰਹੀ ਸੀ। ਪਹਿਲਾਂ ਤਾਂ ਸਾਡੀਆਂ ਲਾਈਨਾਂ ਲੁਆ ਕੇ ਟੈਂਕ ਉੱਪਰ ਚੜ੍ਹਾਉਣ ਲੱਗੇ। ਐਨ ਉਸੇ ਵੇਲ਼ੇ ਹੀ ਇੱਕ ਮੁਸਲਮਾਨ ਅਫ਼ਸਰ ਆ ਗਿਆ, ਉਸ ਨੇ ਕਿਹਾ ਕਿ ਇਹਨਾਂ ਨੂੰ ਮਾਰਨਾ ਨਹੀਂ। ਫਿਰ ਸਾਨੂੰ ਮਾਰਿਆ ਤਾਂ ਨਾ, ਪਰ ਜ਼ਲੀਲ ਬਹੁਤ ਕੀਤਾ। ਪਾਣੀ ਦੀ ਪਿਆਸ ਹਰ ਕਿਸੇ ਨੂੰ ਸੀ, ਪਰ ਫ਼ੌਜੀ ਪਾਣੀ ਕਿਸੇ ਨੂੰ ਨਹੀਂ ਸੀ ਦੇ ਰਹੇ। ਹਾਲਤ ਇਸ ਤਰ੍ਹਾਂ ਦੀ ਹੋ ਗਈ ਸੀ ਕਿ ਤੇੜ ਪਾਈਆਂ ਬਨੈਣਾਂ ਦੇ ਵਿੱਚੋਂ ਅਸੀਂ ਆਪਣਾ ਹੀ ਪਸੀਨਾ ਚੱਟ-ਚੱਟ ਕੇ ਪਿਆਸ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਸਾਂ। ਫਿਰ ਹਿੰਦੀ ਫ਼ੌਜੀਆਂ ਨੇ ਇੱਕ ਹੋਰ ਖੇਡ ਸ਼ੁਰੂ ਕਰ ਦਿੱਤੀ। ਟੈਂਕ ਦੀ

ਤੋਪ ਦੇ ਅਗਲੇ ਢੱਕਣ ਜਿਹੇ 'ਚ ਪਾਣੀ ਭਰ ਕੇ ਲਿਆਉਣ ਤੇ ਇੱਕ ਜਣੇ ਦੇ ਮੂੰਹ ਨੂੰ ਲਾ ਦੇਣ, ਜਦੋਂ ਉਹ ਪਾਣੀ ਪੀਣ ਲੱਗੇ ਤਾਂ ਦੂਜਾ ਜਣਾ ਠੁੱਡ ਮਾਰ ਕੇ ਰੋੜ੍ਹ ਦੇਵੇ। ਫਿਰ ਹੱਸਣ ਲੱਗ ਪੈਣ।

ਸਵਾਲ : ਇਸ ਹਾਲਤ 'ਚ ਤੁਹਾਨੂੰ ਕਿੰਨਾ ਕੁ ਚਿਰ ਪਰਕਰਮਾ 'ਚ ਬਿਠਾਈ ਰੱਖਿਆ ?

ਜਵਾਬ : 6 ਜੂਨ ਸ਼ਾਮ ਤੋਂ ਲੈ ਕੇ 7 ਜੂਨ ਸ਼ਾਮ ਤਕ ਅਸੀਂ ਏਥੇ ਪਰਕਰਮਾ ਦੇ ਵਿੱਚ ਹੀ ਰਹੇ। 7 ਜੂਨ ਨੂੰ ਵਾਹਵਾ ਦਿਨ ਚੜ੍ਹੇ ਆਟਾ ਮੰਡੀ ਵਾਲ਼ੀ ਸਾਈਡ ਤੋਂ ਲੋਕਲ ਹਿੰਦੂ ਨੱਚਦੇ ਟੱਪਦੇ, ਜੁੱਤੀਆਂ ਸਮੇਤ ਤੇ ਨੰਗੇ ਪੈਰੀਂ ਹਰਿਮੰਦਰ ਸਾਹਿਬ ਦੇ ਅੰਦਰ ਆਣ ਵੜੇ। ਉਹ ਫ਼ੌਜੀਆਂ ਦੇ ਲਈ ਖਾਣ-ਪੀਣ ਦਾ ਸਮਾਨ ਲੈ ਕੇ ਆਏ ਸੀ। ਉਹਨਾਂ ਨੇ ਟਰੇਆਂ ਦੇ ਵਿੱਚ ਲੱਡੂ, ਪੂੜੀਆਂ ਤਾਂ ਰੱਖੀਆਂ ਹੀ ਸੀ, ਨਾਲ਼ ਹੀ ਸਿਗਰਟਾਂ ਦੀਆਂ ਡੱਬੀਆਂ ਵੀ ਰੱਖੀਆਂ ਹੋਈਆਂ ਸੀ। ਹੱਦ ਤਾਂ ਓਦੋਂ ਹੋ ਗਈ, ਜਦੋਂ ਉਹ ਸਿਗਰਟਾਂ ਦੀਆਂ ਡੱਬੀਆਂ ਸਾਡੇ ਸਾਮ੍ਹਣੇ ਵੱਲ ਕਰਨ ਡਹਿ ਪਏ। ਅਸੀਂ ਸਾਰੇ ਭੁੱਖੇ ਤਿਹਾਏ ਬੱਧੇ ਹੋਏ ਸੀ, ਪਰ ਸਾਡਾ ਖ਼ੂਨ ਖੌਲ ਉੱਠਿਆ ਤੇ ਅਸੀਂ ਕਿਸੇ ਨੇ ਉਹਨਾਂ ਨੂੰ ਸਿਰ ਮਾਰਿਆ, ਕੋਈ ਉੱਠ ਖਲੋਤਾ ਤੇ ਇਸ ਤਰੀਕੇ ਕਿੰਨੇ ਹੀ ਜਣੇ ਬੱਧੇ ਹੋਏ ਵੀ ਉਹਨਾਂ ਦੇ ਗਲ਼ ਪੈਣ ਲਈ ਤਿਆਰ ਹੋ ਪਏ।

ਫਿਰ ਓਥੇ ਖਲੋਤੇ ਫ਼ੌਜੀ ਅਫ਼ਸਰ ਥੋੜ੍ਹਾ ਹਰਕਤ 'ਚ ਆਏ ਤੇ ਉਹਨਾਂ ਨੇ ਉਹਨਾਂ ਹਿੰਦੂਆਂ ਨੂੰ ਵਾਪਸ ਭੇਜ ਦਿੱਤਾ।

ਸਵਾਲ : ਫਿਰ 7 ਜੂਨ ਸ਼ਾਮ ਨੂੰ ਤੁਹਾਨੂੰ ਓਥੋਂ ਕਿੱਥੇ ਲੈ ਕੇ ਗਏ ?

ਜਵਾਬ : 7 ਜੂਨ ਸ਼ਾਮ ਨੂੰ ਸਾਨੂੰ ਉਸੇ ਹੀ ਤਰ੍ਹਾਂ ਹੱਥ ਬੱਧੇ ਹੋਏ, ਬੰਦੂਕ ਦੇ ਬੱਟ ਮਾਰਦੇ-ਮਾਰਦੇ ਘੰਟਾ ਘਰ ਵੱਲ ਨੂੰ ਲੈ ਕੇ ਤੁਰੇ। ਪਰਕਰਮਾ ਦੇ ਵਿੱਚ ਤਾਂ ਮੈਂ ਜ਼ਖ਼ਮੀ ਹਾਲਤ ਵਿੱਚ ਵੀ ਲੰਗੜਾਉਂਦਾ ਹੋਇਆ ਤੁਰਿਆ ਗਿਆ, ਪਰ ਜਦੋਂ ਘੰਟਾ ਘਰ ਦਰਵਾਜ਼ੇ ਤੇ ਪਹੁੰਚ ਕੇ ਪੌੜੀਆਂ ਚੜ੍ਹਨੀਆਂ ਸੀ, ਉਹ ਮੇਰੇ ਤੋਂ ਨਾ ਚੜ੍ਹੀਆਂ ਗਈਆਂ। ਫਿਰ ਏਥੇ ਮੇਰੇ ਨਾਲ਼ ਮੇਰੇ ਪਿੰਡ ਦਾ ਗੁਰਮੇਜ ਸਿੰਘ ਸੀ, ਇਹ ਸਾਡੇ ਤੋਂ ਦੋ-ਤਿੰਨ ਦਿਨ ਪਹਿਲਾਂ ਹੀ ਹਰਿਮੰਦਰ ਸਾਹਿਬ ਆ ਗਿਆ ਸੀ ਤੇ ਪਹਿਲਾਂ ਸਿੰਧੀ ਹੋਟਲ ਦੇ ਮੋਰਚੇ 'ਚ ਇਹਦੀ ਡਿਊਟੀ ਸੀ, ਇਸ ਨੇ ਮੈਨੂੰ ਚੁੱਕ ਕੇ ਪੌੜੀਆਂ ਚੜ੍ਹਾਈਆਂ। ਫੇਰ ਸਾਨੂੰ ਘੰਟਾ ਘਰ ਦੇ ਬਾਹਰਵਾਰ ਬਿਠਾ ਛੱਡਿਆ। ਫੇਰ ਗੱਡੀਆਂ 'ਚ ਬਿਠਾ ਕੇ ਫ਼ੌਜੀ ਕੈਂਪ 'ਚ ਲੈ ਗਏ। ਇਹ ਫ਼ੌਜੀ ਕੈਂਪ ਮਾਹਲ ਪਿੰਡ ਵਿੱਚ ਸੀ।

ਸਵਾਲ : ਰਾਹ 'ਚ ਤੁਹਾਨੂੰ ਵੀ ਇਲਾਕੇ ਦੇ ਹਿੰਦੂ ਗ਼ਲਤ ਬੋਲਦੇ ਰਹੇ ?

ਜਵਾਬ : ਨਹੀਂ, ਹੋਰ ਕਈ ਸਿੰਘਾਂ ਨੂੰ ਜਦੋਂ ਲਿਜਾਂਦੇ ਰਹੇ ਤਾਂ ਓਦੋਂ ਇਲਾਕੇ ਦੇ ਹਿੰਦੂ ਕਾਫ਼ੀ

ਗ਼ਲਤ ਬੋਲਦੇ ਰਹੇ, ਜੀਹਦਾ ਸਾਨੂੰ ਬਾਅਦ 'ਚ ਪਤਾ ਲੱਗਾ, ਪਰ ਜਦੋਂ ਸਾਨੂੰ ਲੈ ਕੇ ਗਏ, ਓਦੋਂ ਨ੍ਹੀਂ ਰਾਹ 'ਚ ਕੋਈ ਹਿੰਦੂ ਦਿਸਿਆ, ਸਭ ਬੂਹੇ ਬਾਰੀਆਂ ਵੀ ਬੰਦ ਸੀ। ਸ਼ਾਇਦ ਪਰਕਰਮਾ 'ਚ ਜਿਹੜੇ ਹਿੰਦੂ ਸਿਗਰੇਟਾਂ ਲੈ ਕੇ ਆਏ ਸੀ, ਉਹਨਾਂ ਨੂੰ ਥੋੜ੍ਹੇ ਕਰਾਰੇ ਹੱਥ ਵਿਖਾ ਦਿੱਤੇ ਸੀ, ਇਸ ਲਈ ਡਰ ਗਏ ਹੋਣੇ ਆ।

ਸਵਾਲ : ਫ਼ੌਜੀ ਕੈਂਪ 'ਚ ਹਾਲਾਤ ਕਿਸ ਤਰ੍ਹਾਂ ਦੇ ਸੀ ?

ਜਵਾਬ : ਓਥੇ ਨਿੱਕੇ-ਨਿੱਕੇ ਕਮਰਿਆਂ 'ਚ 50-50 ਸਿੰਘ ਬੰਦ ਕਰ ਦਿੱਤੇ, ਪਾਣੀ ਕਿਸੇ ਨੂੰ ਨਾ ਦੇਣ, ਅੱਤ ਦੀ ਗ਼ਰਮੀ। ਪਾਣੀ ਜੇ ਦੇਣ ਵੀ ਤਾਂ ਬੋਤਲ ਨਾਲ਼ ਜਾਂ ਪਾਈਪ ਨਾਲ਼ ਝਰਨੇ ਦੇ ਵਿੱਚ ਦੀ ਅੰਦਰ ਰੋੜ੍ਹਦੇ ਸੀ, ਉਸ ਤਰ੍ਹਾਂ ਜੇ ਕੋਈ ਪਾਣੀ ਨਾਲ਼ ਥੋੜ੍ਹਾ ਬਹੁਤਾ ਮੂੰਹ ਗਿੱਲਾ ਕਰ ਲੈਂਦਾ ਤਾਂ ਉਹਦੀ ਹਿੰਮਤ ਸੀ। 8 ਜੂਨ ਤਾਂ ਮੇਰੀ ਹਾਲਤ ਬੇਹੋਸ਼ੀ ਵਾਲ਼ੀ ਹੀ ਹੋ ਗਈ ਸੀ ਤੇ ਮੈਂ ਬੇਹੋਸ਼ੀ ਦੇ ਵਿੱਚ ਹੀ 'ਪਾਣੀ-ਪਾਣੀ' ਕਰ ਰਿਹਾ ਸੀ। ਮੇਰੇ ਇਸ ਤਰ੍ਹਾਂ ਪਾਣੀ ਮੰਗਣ ਤੋਂ ਤੈਸ਼ 'ਚ ਆ ਕੇ ਓਥੇ ਇੱਕ ਫ਼ੌਜੀ ਨੇ ਮੇਰੇ ਗੋਡੇ ਤੇ ਗੋਲ਼ੀ ਮਾਰੀ, ਤੇ ਮਾਰੀ ਵੀ ਓਥੇ, ਜਿੱਥੇ ਪਹਿਲਾਂ ਗੋਲ਼ੀ ਲੱਗੀ ਹੋਣ ਕਰ ਕੇ ਪੱਟੀ ਬੱਧੀ ਹੋਈ ਸੀ।

ਸਵਾਲ : ਇਸ ਤੋਂ ਬਾਅਦ ਕੀ ਹੋਇਆ ?

ਜਵਾਬ : ਫਿਰ ਸਾਡੇ ਪਿੰਡ ਦਾ ਸਿੰਘ ਗੁਰਮੇਜ ਜਿਹੜਾ ਮੇਰੇ ਨਾਲ਼ ਸੀ, ਉਹਨੇ ਉੱਚੀ-ਉੱਚੀ ਰੌਲ਼ਾ ਪਾਇਆ। ਉਹਨੇ ਆਖਿਆ ਕਿ ਇਹ ਪਹਿਲਾਂ ਹੀ ਜ਼ਖ਼ਮੀ ਐ, ਇਹਦਾ ਇਲਾਜ ਕਰਵਾਉਣ ਦੀ ਬਜਾਏ ਹੋਰ ਗੋਲ਼ੀਆਂ ਮਾਰ ਰਹੇ ਓ ? ਉਸ ਨੇ ਇਹ ਵੀ ਕਿਹਾ ਕਿ 'ਜਾਂ ਤਾਂ ਇਹਨੂੰ ਗੋਲ਼ੀ ਮਾਰ ਕੇ ਮਾਰ ਦਿਓ ਤੇ ਜਾਂ ਕਿਸੇ ਪਾਸੇ ਲਾਓ, ਇਹਦਾ ਇਲਾਜ ਕਰਵਾਓ।' ਫਿਰ ਕੁਦਰਤੀ ਹੀ ਓਥੇ ਇੱਕ ਚੰਗਾ ਅਫ਼ਸਰ ਸੀ, ਉਹ ਕਹਿੰਦਾ, 'ਇਹਨੂੰ ਹਸਪਤਾਲ ਛੱਡ ਕੇ ਆਓ।'

ਸਵਾਲ : ਫਿਰ ਕਿਹੜੇ ਹਸਪਤਾਲ ਲੈ ਕੇ ਗਏ ?

ਜਵਾਬ : ਇੱਕ ਗੱਡੀ 'ਚ ਪਾ ਕੇ ਗੁਰੂ ਤੇਗ਼ ਬਹਾਦਰ ਹਸਪਤਾਲ ਲੈ ਗਏ, ਓਥੇ ਵੀ ਗੱਡੀ ਧੁੱਪੇ ਖਲ੍ਹਾਰ ਦਿੱਤੀ ਤੇ ਮੈਨੂੰ ਗੱਡੀ ਦੇ ਵਿੱਚ ਹੀ ਛੱਡ ਕੇ ਆਪ ਅੰਦਰ ਚਲੇ ਗਏ। 3 ਘੰਟੇ ਮੈਨੂੰ ਧੁੱਪੇ ਉਸੇ ਹੀ ਗੱਡੀ ਦੇ ਵਿੱਚ ਰੱਖਿਆ। ਗੱਡੀ ਦਾ ਲੋਹਾ ਵੀ ਤਪਦਾ ਸੀ ਤੇ ਫ਼ੌਜੀ ਤਾਂ ਜਾਣ-ਬੁੱਝ ਕੇ ਤਸੀਹੇ ਦੇ ਰਹੇ ਸੀ। ਹਾਲਾਤ ਇਹ ਸੀ ਕਿ ਜੇ ਕੋਈ ਚੰਗਾ ਅਫ਼ਸਰ ਹਮਦਰਦੀ ਵੀ ਕਰਦਾ, ਤਾਂ ਵੀ ਜਿਹੜੇ ਸਿਪਾਹੀ ਸੀ, ਉਹ ਆਪਣੇ ਵੱਲੋਂ ਰੱਜ ਕੇ ਤੰਗ ਵੀ ਕਰਦੇ ਸੀ ਤੇ ਜ਼ਲੀਲ ਵੀ।

ਸਵਾਲ : ਫਿਰ ਜਦੋਂ ਹਸਪਤਾਲ ਦੇ ਅੰਦਰ ਲੈ ਕੇ ਗਏ, ਓਥੇ ਕੀ ਮਾਹੌਲ ਸੀ ?

ਜਵਾਬ : ਜਿੱਥੇ ਮੈਨੂੰ ਲੈ ਕੇ ਗਏ, ਓਥੇ ਦੋ ਢਾਈ ਸੌ ਸਿੰਘ ਦਾਖ਼ਲ ਸੀ। ਭਾਈ ਮਨਜੀਤ ਸਿੰਘ ਵੀ ਏਥੇ ਹੀ ਸੀ, ਹੋਰ ਵੀ ਕਈ ਸਿੰਘ ਸੀਗੇ, ਇੱਕ ਸਿੰਘ ਜੀਹਨੂੰ ਨਾਗਾ ਸਿੰਘ ਕਹਿੰਦੇ ਸੀ, ਇੱਕ ਸਿੰਘ ਸੀ ਕਾਲ਼ੀ ਕੰਬਲੀ ਵਾਲ਼ਾ। ਇਹ ਸਿੰਘ ਜਿਹੜਾ ਕਾਲ਼ੀ ਕੰਬਲੀ ਵਾਲ਼ਾ ਸੀ, ਇਹ ਹਸਪਤਾਲ ਦੇ ਵਿੱਚ ਜਪੁਜੀ ਸਾਹਿਬ ਦਾ ਪਾਠ ਉੱਚੀ-ਉੱਚੀ ਬੋਲ ਕੇ ਕਰਨ ਲੱਗ ਪਿਆ। ਹਿੰਦੀ ਫ਼ੌਜੀ ਉਹਨੂੰ ਦਬਕੇ ਮਾਰਨ ਲੱਗ ਪਏ ਕਿ ਮੂੰਹ 'ਚ ਪੜ੍ਹ। ਉਹ ਕਹਿੰਦਾ:- "ਨਹੀਂ ਮੈਂ ਸਾਰੇ ਸਿੰਘਾਂ ਨੂੰ ਪਾਠ ਸੁਣਾਉਣਾ ਐ।" ਫਿਰ ਫ਼ੌਜੀ ਉਹਨੂੰ ਸਾਡੇ ਸਾਮ੍ਹਣੇ ਫੜ ਕੇ ਲੈ ਗਏ ਤੇ ਹਸਪਤਾਲ ਦੇ ਬਾਹਰ ਟਾਹਲੀ ਨਾਲ਼ ਬੰਨ੍ਹ ਕੇ ਕੁੱਟਣ ਡਹਿ ਪਏ। ਉਹ ਸਿੰਘ ਵੀ ਅੱਗੋਂ ਜਵਾਬ ਦਿੰਦਾ ਰਿਹਾ ਤੇ ਫਿਰ ਫ਼ੌਜੀਆਂ ਨੇ ਉਸ ਨੂੰ ਓਥੇ ਹੀ

ਕੁੱਟ-ਕੁੱਟ ਕੇ ਸ਼ਹੀਦ ਕਰ ਦਿੱਤਾ। ਉਹਦੀ ਲਾਸ਼ ਕਿੱਥੇ ਖਪਾਈ, ਇਹ ਸਾਨੂੰ ਵੀ ਪਤਾ ਨ੍ਹੀਂ ਲੱਗਾ।

ਸਵਾਲ : ਹਸਪਤਾਲ ਦੇ ਸਟਾਫ਼ ਦਾ ਵਿਹਾਰ ਕਿਹੋ ਜਿਹਾ ਸੀ ?

ਜਵਾਬ : ਹਸਪਤਾਲ ਦਾ ਸਟਾਫ਼ ਬਹੁਤ ਹਮਦਰਦੀ ਨਾਲ਼ ਇਲਾਜ ਕਰ ਰਿਹਾ ਸੀ। ਓਥੋਂ ਦੀਆਂ ਨਰਸਾਂ ਨੇ ਸਾਡੀ ਬਹੁਤ ਸੇਵਾ ਕੀਤੀ। ਉਹ ਸਾਨੂੰ ਕੇਸੀਂ ਇਸ਼ਨਾਨ ਵੀ ਕਰਵਾਉਂਦੀਆਂ ਰਹੀਆਂ। ਦੋ ਭੈਣਾਂ ਨੇ ਮੇਰਾ ਸਿਰ ਸੱਤ ਵਾਰ ਸਾਬਣ ਲਾ ਕੇ ਨਿਖਾਰਿਆ। ਫ਼ੌਜੀ ਉਹਨਾਂ ਨੂੰ ਟੁੱਟ-ਟੁੱਟ ਕੇ ਪੈਣ, ਤੇ ਕਹਿਣ:- 'ਏਕ ਬਾਰ ਸਾਬਣ ਲਗਾ ਦੀਆ, ਬਸ ਬਹੁਤ ਹੈ,' ਪਰ ਉਹ ਬੀਬੀਆਂ ਅੱਗੋਂ ਕਹਿਣ ਕਿ ਜੇ ਅਸੀਂ ਕੇਸ ਧੋਣ ਲੱਗੀਐਂ ਤੇ ਫਿਰ ਨਿਖਾਰ ਕੇ ਹੀ ਹਟਾਂਗੀਆਂ। ਫ਼ੌਜੀ ਜਿਹੜੇ ਓਥੇ ਸੀ, ਉਹ ਸਿੰਘਾਂ ਦੇ ਪ੍ਰਤੀ ਉਹਨਾਂ ਭੈਣਾਂ ਦੀ ਸੇਵਾ ਭਾਵਨਾ ਤੋਂ ਬਹੁਤ ਖ਼ਫ਼ਾ ਹੋ ਕੇ ਦਬਕੇ ਮਾਰਦੇ ਸੀ, ਪਰ ਉਹ ਵੀ ਅੱਗੋਂ ਪੂਰਾ ਲੋਹਾ ਲੈਂਦੀਆਂ ਸੀ ਤੇ ਕਹਿੰਦੀਆਂ ਸੀ:- 'ਜੇ ਤੁਸੀਂ ਆਪਣੀ ਡਿਊਟੀ ਕਰ ਰਹੇ ਓ ਤਾਂ ਅਸੀਂ ਵੀ ਆਪਣੀ ਡਿਊਟੀ ਕਰ ਰਹੀਐਂ।'

ਸਵਾਲ : ਜਦੋਂ ਤਕ ਹਸਪਤਾਲ 'ਚ ਰਹੇ, ਫ਼ੌਜ ਨਾਲ਼ ਹੀ ਤਾਇਨਾਤ ਰਹੀ ?

ਜਵਾਬ : ਹਾਂ, ਇੱਕ-ਇੱਕ ਜ਼ਖ਼ਮੀ ਸਿੰਘ ਦੇ ਸਿਰ੍ਹਾਣੇ ਇੱਕ-ਇੱਕ ਫ਼ੌਜੀ ਖੜ੍ਹਾ ਕੀਤਾ ਸੀ। ਉਹ ਆਪਣੇ ਵੱਲੋਂ ਲਗਾਤਾਰ ਸਾਨੂੰ ਜ਼ਲੀਲ ਕਰਦੇ ਰਹੇ। ਜੇ ਓਥੇ ਸੌਂ ਜਾਣਾ ਤਾਂ ਉਹਨਾਂ ਆ ਕੇ ਬੰਦੂਕ ਦਾ ਬੱਟ ਮਾਰਨਾ ਤੇ ਕਹਿਣਾ- 'ਦੇਖੋ ! ਸਾਲਾ ਸੋ ਰਹਾ ਹੈ।' ਜੇ ਜਾਗਦੇ ਹੋਣਾ ਤੇ ਤਾਂ ਵੀ ਆ ਕੇ ਬੱਟ ਮਾਰਨਾ ਤੇ ਕਹਿਣਾ:- "ਦੇਖੋ ਸਾਲਾ ਦੇਖ ਰਹਾ ਹੈ।" ਗੱਲ ਕੀ, ਹਰ ਗੱਲ ਤੇ ਹੀ ਜ਼ਲੀਲ ਕਰ ਰਹੇ ਸੀ।

ਸਵਾਲ : ਇਸ ਦਾ ਕੋਈ ਪ੍ਰਤੀਕਰਮ ਹੋਇਆ?

ਜਵਾਬ : ਹਾਂ, ਫਿਰ ਇੱਕ ਵਾਰ ਕਈ ਫ਼ੌਜੀ ਅਫ਼ਸਰ ਹਸਪਤਾਲ 'ਚ ਆਏ। ਜਦੋਂ ਉਹ ਆ ਕੇ ਕੱਲ੍ਹੇ-ਕੱਲ੍ਹੇ ਤੋਂ ਸਵਾਲ ਪੁੱਛ ਰਹੇ ਸੀ ਤਾਂ ਇੱਕ ਸਿੰਘ ਨੇ ਅਫ਼ਸਰ ਦੇ ਪਿਸਟਲ ਨੂੰ ਹੱਥ ਪਾ ਲਿਆ। ਉਹ ਪਿਸਟਲ ਤਾਂ ਫ਼ੌਜੀਆਂ ਨੇ ਇਕਦਮ ਹੱਲਾ ਮਾਰ ਕੇ ਵਾਪਸ ਖੋਹ ਲਿਆ, ਤੇ ਫਿਰ ਸਿੰਘਾਂ ਨੂੰ ਬੱਟ ਮਾਰਨ ਲੱਗ ਪਏ। ਫਿਰ ਸਿੰਘਾਂ ਤੇ ਤਸ਼ੱਦਦ ਕੀਤਾ ਗਿਆ। ਇਸੇ ਤਰ੍ਹਾਂ ਦੋ ਸਿੰਘਾਂ ਨੇ ਬਾਥਰੂਮ ਵਿੱਚੋਂ ਖਿੜਕੀ ਵੱਲ ਦੀ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ, ਉਹ ਵੀ ਫੜੇ ਗਏ ਤੇ ਉਹਨਾਂ ਤੇ ਵੀ ਬਹੁਤ ਤਸ਼ੱਦਦ ਹੋਇਆ।

ਸਵਾਲ : ਤੁਹਾਡੇ ਪਰਿਵਾਰ ਵਾਲਿਆਂ ਨੂੰ ਤੁਹਾਡੇ ਹਸਪਤਾਲ 'ਚ ਹੋਣ ਦਾ ਕਿਵੇਂ ਪਤਾ ਲੱਗਾ ?

ਜਵਾਬ : ਸਾਡੇ ਪਿੰਡ ਦੀ ਨਰਸ ਸੀਗੀ ਹਸਪਤਾਲ ਵਿੱਚ, ਉਸ ਨੇ ਮੇਰੇ ਘਰ ਜਾ ਕੇ ਦੱਸ ਦਿੱਤਾ। ਮੇਰੀ ਸਿੰਘਣੀ ਬੱਚੇ ਨੂੰ ਲੈ ਕੇ ਹਸਪਤਾਲ ਪਤਾ ਕਰਨ ਆਈ। ਅੱਗੋਂ ਫ਼ੌਜੀ ਕਹਿਣ 'ਏਥੇ ਵਰਪਾਲ ਪਿੰਡ ਦਾ ਕੋਈ ਅਵਤਾਰ ਸਿੰਘ ਨਹੀਂ ਹੈਗਾ।' ਪਰ ਨਰਸ ਨੇ ਪੱਕਾ ਦੱਸਿਆ ਹੋਇਆ ਸੀ। ਮੇਰੀ ਸਿੰਘਣੀ ਬਾਹਰ ਵੀ ਬਹਿ ਗਈ। ਸੰਤਾਂ ਦੀਆਂ ਹਦਾਇਤਾਂ ਦੇ ਅਨੁਸਾਰ ਅਸੀਂ ਵੀ ਆਪਣੇ ਨਾਮ-ਪਤੇ ਗ਼ਲਤ ਦੱਸੇ ਹੋਏ ਸੀ। ਏਨੇ ਚਿਰ ਨੂੰ ਇੱਕ ਆਰਮੀ ਦਾ ਸਰਦਾਰ ਅਫ਼ਸਰ ਓਥੇ ਆਇਆ। ਮੇਰੀ ਸਿੰਘਣੀ ਬਾਹਰ ਬੈਠੀ ਸੀ। ਉਹ ਕਹਿੰਦਾ:- "ਆਹ ਬੀਬੀ ਕੌਣ ਆ?" ਫ਼ੌਜੀ ਕਹਿੰਦੇ, 'ਇਹ ਕਹਿੰਦੀ ਆ ਮੇਰਾ ਪਤੀ ਏਥੇ ਹੈ।' ਉਹ ਕਹਿੰਦਾ, 'ਇਹਨੂੰ ਅੰਦਰ ਜਾ ਕੇ ਵੇਖ ਲੈਣ ਦਿਓ।' ਫਿਰ ਮੇਰੀ ਸਿੰਘਣੀ ਵਾਰਡ ਦੇ ਅੰਦਰ ਆਈ। ਸਾਡੀ ਸਾਰਿਆਂ ਦੀ ਹਾਲਤ ਬਹੁਤ ਵਿਗੜੀ ਹੋਈ ਸੀ, ਮੈਂ ਤਾਂ ਸੁੱਤਾ ਹੋਇਆ ਸੀ, ਉਹ ਪਹਿਲਾਂ ਅੱਗੇ ਲੰਘ ਗਈ, ਤੇ ਜਦੋਂ ਓਧਰੋਂ ਵਾਪਸ ਆਈ ਤਾਂ ਫਿਰ ਉਹਨੇ ਮੈਨੂੰ ਪਛਾਣਿਆ। ਫਿਰ ਸਿੰਘਣੀ ਘਰੋਂ ਦੁੱਧ ਲੈ ਕੇ ਵੀ ਆਉਂਦੀ ਰਹੀ।

ਸਵਾਲ : ਹਸਪਤਾਲ 'ਚ ਕੋਈ ਹੋਰ ਘਟਨਾ ਵੀ ਵੇਖੀ ?

ਜਵਾਬ : ਹਾਂ, ਮਜੀਠਾ ਰੋਡ ਤੋਂ 5-7 ਸਿੰਘ ਰੋਜ਼ ਸਾਡੇ ਲਈ ਚਾਹ ਪਾਣੀ ਲੈ ਕੇ ਆਉਂਦੇ ਸੀ। ਇੱਕ ਦਿਨ ਉਹ ਆਏ ਨਾ। ਅਸੀਂ ਉਡੀਕ ਰਹੇ ਸੀ ਤੇ ਫ਼ੌਜੀ ਹੱਸਣ। ਫਿਰ ਇੱਕ ਫ਼ੌਜੀ ਕਹਿੰਦਾ:- "ਆਜ ਦੂਧ ਕਾ ਇੰਤਜ਼ਾਰ ਮਤ ਕਰੋ, ਜੋ ਦੂਧ ਲੇ ਕੇ ਆਤੇ ਥੇ, ਉਨ ਸਭੀ ਕੋ ਅਰੈਸਟ ਕਰ ਲੀਆ ਹੈ।" ਸੱਚਮੁੱਚ ਉਸ ਤੋਂ ਬਾਅਦ ਉਹ ਸਿੰਘ ਨਹੀਂ ਆਏ। ਪਤਾ ਨ੍ਹੀਂ ਉਹਨਾਂ ਨੂੰ ਗ੍ਰਿਫ਼ਤਾਰ ਹੀ ਕੀਤਾ ਸੀ ਜਾਂ ਕੋਈ ਹੋਰ ਭਾਣਾ ਵਰਤਿਆ। ਇਸੇ ਤਰ੍ਹਾਂ ਹਸਪਤਾਲ 'ਚ ਇੱਕ ਕਿਰਤੀ ਸਿੱਖ ਸੁਰਿੰਦਰ ਸਿੰਘ ਨੂੰ ਹਮਜਾ ਪਿੰਡ ਤੋਂ ਲਿਆਂਦਾ ਗਿਆ। ਉਹਦਾ ਕੇਸ ਇਹ ਸੀ ਕਿ ਉਹ ਟਮਾਟਰਾਂ ਦੀ ਟਰਾਲੀ ਲੈ ਕੇ ਜਾ ਰਿਹਾ ਸੀ ਕਿ ਪਿੱਛੋਂ ਫ਼ੌਜ ਦੀ ਜੀਪ ਰਾਹ ਮੰਗਣ ਲੱਗ ਪਈ। ਹੁਣ ਉਹ ਇਕਦਮ ਟਰਾਲੀ ਸਾਈਡ ਤੇ ਤਾਂ ਨਹੀਂ ਸੀ ਕਰ ਸਕਦਾ, ਉਹਨੂੰ ਥੋੜ੍ਹਾ ਟਾਈਮ ਲੱਗ ਗਿਆ ਤੇ ਏਹੀ ਉਹਦਾ ਗੁਨਾਹ ਬਣ ਗਿਆ। ਉਹਨੇ ਟਰਾਲੀ ਥੋੜ੍ਹੀ ਸਾਈਡ ਤੇ ਕੀਤੀ, ਤਾਂ ਫ਼ੌਜੀਆਂ ਨੇ ਗੱਡੀ ਟਰਾਲੀ ਦੇ ਅੱਗੇ ਲਾ ਲਈ। ਉਹ ਟਰਾਲੀ 'ਚੋਂ ਉੱਤਰਿਆ, ਡਰਿਆ ਹੋਇਆ ਸਗੋਂ ਫ਼ੌਜੀ ਅਫ਼ਸਰ ਦੇ ਪੈਰੀਂ ਹੱਥ ਲਾਉਣ ਲੱਗਾ, ਤੇ ਜਦੋਂ ਉਹ ਝੁਕਿਆ ਤਾਂ ਅਫ਼ਸਰ ਨੇ ਮੋਢੇ 'ਚ ਗੋਲ਼ੀ ਮਾਰ ਦਿੱਤੀ। ਫਿਰ ਉਹਨੂੰ ਹਸਪਤਾਲ 'ਚ ਲਿਆ ਕੇ ਸਾਡੇ



ਲੇਖਕ ਨਾਲ ਗੱਲ ਬਾਤ ਕਰਦਿਆਂ ਭਾਈ ਅਵਤਾਰ ਸਿੰਘ ਵਰਪਾਲ

ਨਾਲ਼ ਹੀ ਪਾ ਦਿੱਤਾ।

ਸਵਾਲ : ਇਹ ਘਟਨਾ ਜੂਨ ਮਹੀਨੇ ਤੋਂ ਬਾਅਦ ਦੀ ਹੋਣੀ ਐ, ਕਿਉਂਕਿ ਪਹਿਲਾਂ ਤਾਂ ਕਰਫ਼ਿਊ ਲੱਗਦੇ ਰਹੇ ਸੀ ?

ਜਵਾਬ : ਹਾਂ, ਬਾਅਦ ਦੀ ਸੀ, ਅਸੀਂ ਢਾਈ ਮਹੀਨੇ ਓਥੇ ਹਸਪਤਾਲ 'ਚ ਰਹੇ ਸੀ।

ਸਵਾਲ : ਪੁਲਿਸ ਅਫ਼ਸਰਾਂ ਨਾਲ਼ ਵੀ ਵਾਹ ਪਿਆ ?

ਜਵਾਬ : ਹਾਂ, ਪਰ ਪੁਲਿਸ ਵਾਲ਼ੇ ਸਾਡੇ ਨਾਲ਼ ਹਮਦਰਦੀ ਕਰਦੇ ਰਹੇ, ਸਾਡੀ ਮਦਦ ਵੀ ਕਰਦੇ ਰਹੇ। ਐਸ.ਐਸ.ਪੀ. ਛੀਨਾ ਨੇ ਅਖ਼ੀਰ ਤੇ ਜਦੋਂ ਹਸਪਤਾਲ 'ਚ ਮੈਂ, ਸੁਰਿੰਦਰ ਸਿੰਘ ਹਮਜਾ ਤੇ ਇੱਕ ਸੂਰਮਾ ਸਿੰਘ ਰਹਿ ਗਏ, ਓਦੋਂ ਆਇਆ ਤੇ ਕਹਿੰਦਾ ਕਿ ਤੁਹਾਡੇ ਘਰ ਦੇ ਆਏ ਹੋਣਗੇ, ਉਹਨਾਂ ਨੂੰ ਸੱਦੋ ਮੈਂ ਆਪਣੀ ਕਾਰਵਾਈ ਪਾਵਾਂ। ਉਹਨੇ ਆਪਣੀ ਕਾਰਵਾਈ ਪਾ ਦਿੱਤੀ, ਪਰ ਫੇਰ ਸਾਨੂੰ ਲੁਧਿਆਣੇ ਜੇਲ੍ਹ 'ਚ ਲੈ ਕੇ ਗਏ। ਓਥੇ ਇਨਕੁਆਰੀ ਕਰਦੇ ਰਹੇ। ਹੱਥਾਂ ਦੇ ਨਿਸ਼ਾਨ ਲੈਂਦੇ ਰਹੇ। ਉਹ ਇਹ ਵੀ ਜਾਂਚ ਕਰਦੇ ਸੀ ਕਿ ਹੱਥਾਂ ਨਾਲ ਰਫ਼ਲਾਂ ਫੜੀਆਂ ਕਿ ਨਹੀਂ। ਮੇਰੇ ਜ਼ਖ਼ਮੀ ਹੋਣ ਕਰ ਕੇ ਢਾਈ ਮਹੀਨੇ ਹਸਪਤਾਲ ਰਹਿਣ ਕਰ ਕੇ ਮੇਰਾ ਕੁਝ ਬਚਾਅ ਹੋ ਗਿਆ। ਫਿਰ ਸਾਨੂੰ ਗੁਮਟਾਲੇ ਜੇਲ੍ਹ ਭੇਜ ਦਿੱਤਾ, ਤਿੰਨ ਚਾਰ ਮਹੀਨਿਆਂ ਬਾਅਦ ਮੇਰੀ ਜ਼ਮਾਨਤ ਹੋ ਗਈ। ਪਰ ਫਿਰ ਵੀ ਇਲਾਕੇ 'ਚ ਕੋਈ ਵੀ ਵਾਰਦਾਤ ਹੋ ਜਾਂਦੀ ਤਾਂ ਪੁਲਿਸ ਤੇ ਸੀ.ਆਰ.ਪੀ. ਵਾਲ਼ੇ ਮੈਨੂੰ ਚੁੱਕ ਲੈਂਦੇ ਤਸ਼ੱਦਦ ਕੀਤਾ ਜਾਂਦਾ ਰਿਹਾ। ਸਾਡੇ ਪਿੰਡ ਦੇ ਜੁਝਾਰੂ ਦਲਬੀਰ ਸਿੰਘ ਬਿੱਲਾ ਵਰਪਾਲ ਕਰ ਕੇ ਵੀ ਮੇਰੇ ਤੇ ਤਸ਼ੱਦਦ ਕੀਤਾ ਜਾਂਦਾ ਰਿਹਾ।

****

"ਪਰਕਰਮਾ 'ਚ ਭਾਰਤੀ ਕਮਾਂਡੋ ਕਣਕ ਦੀਆਂ ਬੋਰੀਆਂ ਵਾਂਗ ਵਿਛੇ ਪਏ ਸੀ"

ਭਾਈ ਰਾਜ ਸਿੰਘ ਵਰਪਾਲ ਨਾਲ਼ ਮੁਲਾਕਾਤ

ਭਾਈ ਰਾਜ ਸਿੰਘ ਵਰਪਾਲ ਵੀ ਸਿਰਲੱਥ ਸਿੰਘਾਂ ਦੇ ਉਸ ਜਥੇ ਦਾ ਹਿੱਸਾ ਸਨ, ਜਿਹੜਾ ਮਿਤੀ 3 ਜੂਨ 1984 ਨੂੰ ਬਾਬਾ ਅਟੱਲ ਵਾਲ਼ੇ ਪਾਸਿਓਂ ਸੰਤਾਂ ਦਾ ਸਾਥ ਦੇਣ ਲਈ ਹਰਿਮੰਦਰ ਸਾਹਿਬ ਕੰਪਲੈਕਸ 'ਚ ਦਾਖ਼ਲ ਹੋ ਕੇ ਲੜਿਆ। ਭਾਈ ਰਾਜ ਸਿੰਘ ਜੀ ਦੀ ਡਿਊਟੀ ਵੱਖਰੇ ਮੋਰਚੇ ਵਿੱਚ ਸੀ, ਇਸ ਲਈ ਉਹਨਾਂ ਦੇ ਦੱਸੇ ਵੇਰਵੇ ਵੀ ਵੱਖਰੇ ਹਨ। ਭਾਈ ਰਾਜ ਸਿੰਘ ਦੇ ਮਾਤਾ ਜੀ ਦਾ ਨਾਮ ਬੀਬੀ ਗੋਪਾਲ ਕੌਰ ਤੇ ਪਿਤਾ ਜੀ ਦਾ ਨਾਮ ਸ੍ਰ. ਸਵਰਨ ਸਿੰਘ ਸੀ। ਚਾਰ ਭਰਾਵਾਂ ਤੇ ਤਿੰਨ ਭੈਣਾਂ 'ਚੋਂ ਭਾਈ ਰਾਜ ਸਿੰਘ ਸਭ ਤੋਂ ਵੱਡੇ ਹਨ। ਪੇਸ਼ ਹੈ ਉਹਨਾਂ ਦੇ ਨਾਲ਼ ਹੋਈ ਗੱਲਬਾਤ ਦੇ ਅੰਸ਼ :

ਸਵਾਲ : ਭਾਈ ਰਾਜ ਸਿੰਘ ਜੀ, ਤੁਸੀਂ ਟਕਸਾਲ ਨਾਲ਼ ਕਦੋਂ ਜੁੜੇ ?

ਜਵਾਬ : ਦਮਦਮੀ ਟਕਸਾਲ ਤੋਂ ਸੰਤ ਬਾਬਾ ਗੁਰਬਚਨ ਸਿੰਘ ਜੀ ਤੇ ਸੰਤ ਪਰਿਵਾਰ ਬਾਬਾ ਕਰਤਾਰ ਸਿੰਘ ਜੀ ਪਿੰਡ ਆਉਂਦੇ ਜਾਂਦੇ ਸੀ, ਸਾਡੇ ਪਰਿਵਾਰ ਦੀ ਸੰਤਾਂ ਨਾਲ਼ ਬਹੁਤ ਸਾਂਝ ਸੀ। ਜਦੋਂ ਮਹਿਤਾ ਚੌਕ 'ਚ ਸੰਤ ਕਰਤਾਰ ਸਿੰਘ ਜੀ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਉਸਾਰੀ ਸ਼ੁਰੂ ਕਰਵਾਈ, ਓਦੋਂ ਵੀ ਸਾਡਾ ਪਰਿਵਾਰ ਸੇਵਾ ਲਈ ਜਾਂਦਾ ਸੀ। ਓਥੋਂ ਮਹਾਂਪੁਰਸ਼ ਗੱਡੀ ਭੇਜ ਦਿੰਦੇ ਸੀ ਤੇ ਪਿੰਡ 'ਚੋਂ ਹੋਰ ਵੀ ਕਈ ਸਿੰਘ ਸੇਵਾ ਲਈ ਜਾਂਦੇ ਹੁੰਦੇ ਸੀ।

ਸਵਾਲ : ਇੱਕ 'ਕਿਰਤੀ' ਤੋਂ 'ਜੁਝਾਰੂ' ਬਣਨ ਦਾ ਸਫ਼ਰ ਕਿਸ ਤਰ੍ਹਾਂ ਦਾ ਸੀ ?

ਜਵਾਬ : ਸ਼ੁਰੂ ਤੋਂ ਹੀ ਮੈਨੂੰ ਜੰਗ 'ਚ ਜੂਝਣ ਦਾ ਚਾਅ ਸੀ। ਮੈਂ ਭਾਵੇਂ ਅੱਠ ਜਮਾਤਾਂ ਹੀ ਕੀਤੀਆਂ, ਪਰ ਮੇਰੇ ਪਿਤਾ ਜੀ ਫ਼ੌਜ ਦੇ ਵਿੱਚ ਸੀਗੇ, ਮੈਂ ਕਿਹਾ:- "ਮੈਂ ਵੀ ਫ਼ੌਜ ਦੇ ਵਿੱਚ ਹੀ ਜਾਣੈ।" ਇੱਕ ਪੁਲਿਸ ਅਫ਼ਸਰ ਦੇ ਨਾਲ਼ ਵਾਕਫ਼ੀ ਸੀ, ਪਹਿਲਾਂ ਮੈਂ ਪੀ.ਏ.ਪੀ. (ਪੰਜਾਬ ਆਰਮਡ ਪੁਲਿਸ) 'ਚ ਭਰਤੀ ਹੋਇਆ ਤੇ ਫਿਰ ਪੀ.ਏ.ਪੀ. ਤੋਂ ਬਾਅਦ ਬੀ.ਐਸ.ਐਫ਼ (ਬਾਰਡਰ ਸਕਿਓਰਟੀ ਫ਼ੋਰਸ) ਵਿੱਚ ਚਲਾ ਗਿਆ। 1971 ਦੀ ਲੜਾਈ 'ਚ ਮੈਂ ਹਿੱਸਾ ਲਿਆ ਤੇ ਫਿਰ ਉਸ ਤੋਂ ਬਾਅਦ ਮੈਂ ਘਰ ਆ ਗਿਆ। ਉਸ ਤੋਂ

ਬਾਅਦ ਫਿਰ ਸੰਨ 1972 'ਚ ਵਿਆਹ ਹੋ ਗਿਆ, ਦੋ ਲੜਕੇ ਤੇ ਦੋ ਲੜਕੀਆਂ ਹੋਈਆਂ, ਪਰਿਵਾਰਕ ਕਬੀਲਦਾਰੀ 'ਚ ਪੈ ਗਏ।

ਸਵਾਲ : ਸੰਤ ਜਰਨੈਲ ਸਿੰਘ ਜੀ ਨਾਲ਼ ਕਿਵੇਂ ਮੇਲ਼ ਹੋਇਆ ?

ਜਵਾਬ : ਮੈਨੂੰ ਸੰਨ 1983 'ਚ ਪਿੰਡ ਦਾ ਵੀਰ ਅਮਰਜੀਤ ਸਿੰਘ ਪ੍ਰੇਰ ਕੇ ਸੰਤਾਂ ਦੇ ਕੋਲ਼ ਲੈ ਗਿਆ। ਇੱਕ ਵਾਰ ਦਰਸ਼ਨ ਹੋਏ ਤੇ ਉਸ ਤੋਂ ਬਾਅਦ ਫਿਰ ਪੱਕਾ ਹੀ ਆਉਣਾ ਜਾਣਾ ਸ਼ੁਰੂ ਹੋ ਗਿਆ। ਸੰਤਾਂ ਦੇ ਜਥੇ ਲਈ ਦੁੱਧ ਲੈ ਕੇ ਜਾਣ ਦੀ ਸੇਵਾ 'ਚ ਵੀ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ।

ਸਵਾਲ : ਜਦੋਂ 1984 'ਚ ਭਾਰਤੀ ਫ਼ੌਜ ਨੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ ਤੇ ਉਸ ਵੇਲ਼ੇ ਤੁਹਾਡੇ ਜਥੇ ਦੇ ਪਿੰਡੋਂ ਤੁਰ ਕੇ ਹਰਿਮੰਦਰ ਸਾਹਿਬ ਕੰਪਲੈਕਸ 'ਚ ਪਹੁੰਚਣ ਬਾਰੇ ਤਾਂ ਭਾਈ ਅਵਤਾਰ ਸਿੰਘ ਖ਼ਾਲਸਾ ਨੇ ਦੱਸ ਹੀ ਦਿੱਤੈ, ਇਸ ਤੋਂ ਬਾਅਦ ਤੁਸੀਂ ਨਿੱਖੜ ਗਏ। ਤੁਹਾਡੀ ਡਿਊਟੀ ਕਿਸ ਜਗ੍ਹਾ ਤੇ ਲੱਗੀ ਸੀ ?

ਜਵਾਬ : ਸਾਡੀ 7-8 ਜਣਿਆਂ ਦੀ ਡਿਊਟੀ ਘੰਟਾ ਘਰ ਵਾਲ਼ੇ ਦਰਵਾਜ਼ੇ ਦੀ ਡਿਓੜ੍ਹੀ 'ਚ ਲੱਗੀ ਸੀ ਤੇ ਸਾਰੀ ਰਾਤ ਅਸੀਂ ਓਥੇ ਹੀ ਪਹਿਰਾ ਦਿੰਦੇ ਰਹੇ। ਉਸ ਰਾਤ ਨੂੰ ਹਮਲਾ ਹੋਣ ਦਾ ਅੰਦਾਜ਼ਾ ਸੀ, ਪਰ ਰਾਤ ਨੂੰ ਹਮਲਾ ਨ੍ਹੀਂ ਹੋਇਆ।

ਸਵਾਲ : ਜਦੋਂ ਰਾਤ ਲੰਘ ਗਈ, ਅੰਮ੍ਰਿਤ ਵੇਲ਼ਾ ਹੋ ਗਿਆ, ਫਿਰ ਤੁਸੀਂ ਕੀ ਪ੍ਰੋਗਰਾਮ ਬਣਾਇਆ?

ਜਵਾਬ : ਅਸੀਂ ਸਲਾਹ ਕੀਤੀ ਕਿ ਵਾਰੀ-ਵਾਰੀ ਸਰੋਵਰ 'ਚ ਇਸ਼ਨਾਨ ਕਰ ਕੇ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਆਈਏ। ਸਾਡੇ ਅੱਠ ਜਣਿਆਂ ਦੇ ਵਿੱਚੋਂ ਚਾਰ ਜਣੇ ਪਹਿਲਾਂ ਅੰਦਰ ਚਲੇ ਗਏ। ਉਹ ਆਪਣੇ ਹਥਿਆਰ ਵੀ ਸਾਨੂੰ ਸੰਭਾਲ਼ ਗਏ। ਅਸੀਂ ਚਾਰ ਜਣੇ, ਮੈਂ, ਸਾਡੇ ਪਿੰਡ ਦਾ ਅਮਰਜੀਤ ਸਿੰਘ ਤੇ ਦੋ ਸਿੰਘ ਬਾਹਰਲੇ ਸੀ। ਅਸੀਂ ਘੰਟਾ ਘਰ ਦੇ ਦਰਵਾਜ਼ੇ ਦੇ ਅੰਦਰਵਾਰ ਸਰੋਵਰ ਦੇ ਕੰਢੇ ਬੈਠੇ ਸੀ, ਜਦੋਂ ਪੂਰੇ 4.45 ਤੇ ਅੰਮ੍ਰਿਤ ਵੇਲ਼ੇ ਇਕਦਮ ਤੋਪ ਦਾ ਗੋਲ਼ਾ ਅਕਾਲ ਤਖ਼ਤ ਦੇ ਕੋਲ਼ ਆ ਕੇ ਡਿੱਗਾ, ਓਦੋਂ ਪਾਲਕੀ ਸਾਹਿਬ ਹਰਿਮੰਦਰ ਸਾਹਿਬ ਚਲੀ ਗਈ ਸੀ। ਫਿਰ ਦੂਜਾ ਗੋਲ਼ਾ ਅਕਾਲ ਤਖ਼ਤ ਤੇ ਵੱਜਾ। ਅਸੀਂ ਸਮਝ ਗਏ ਕਿ ਹਮਲਾ ਹੋ ਗਿਐ। ਅਸੀਂ ਸਲਾਹ ਕੀਤੀ ਕਿ ਹੁਣ ਪਹਿਲਾਂ ਅਕਾਲ ਤਖ਼ਤ ਸਾਹਿਬ ਤੇ ਜਾ ਕੇ ਸੰਤਾਂ ਤੋਂ ਅਗਲਾ ਹੁਕਮ ਪੁੱਛਿਆ ਜਾਵੇ। ਏਨੇ ਚਿਰ ਨੂੰ ਗੋਲ਼ੀ ਚੱਲਣੀ ਸ਼ੁਰੂ ਹੋ ਗਈ ਤੇ ਅਸੀਂ ਜਦੋਂ ਭੱਜ ਕੇ ਅਕਾਲ ਤਖ਼ਤ ਸਾਹਿਬ ਵੱਲ ਨੂੰ ਵਧੇ ਤਾਂ ਮੈਨੂੰ ਪਤਾ ਲੱਗਾ ਕਿ ਮੇਰੀ ਲੱਤ 'ਚੋਂ ਖ਼ੂਨ ਨਿਕਲ਼

ਰਿਹਾ ਐ। ਅਸਲ ਵਿੱਚ ਜਦੋਂ ਅਕਾਲ ਤਖ਼ਤ ਸਾਹਿਬ ਤੇ ਗੋਲ਼ਾ ਵੱਜਾ ਤਾਂ ਕੰਕਰਾਂ ਉੱਡੀਆਂ। ਉਹਨਾਂ ਕੰਕਰਾਂ ਦੇ ਵਿੱਚੋਂ ਹੀ ਕਈ ਮੇਰੀ ਲੱਤ ਤੇ ਆ ਕੇ ਵੱਜੀਆਂ ਸੀ।

ਸਵਾਲ : ਫਿਰ ਓਥੇ ਤੁਹਾਡੀ ਡਿਊਟੀ ਕਿੱਥੇ ਲੱਗੀ ?

ਜਵਾਬ : ਸਾਡੀ ਡਿਊਟੀ ਅਕਾਲ ਤਖ਼ਤ ਸਾਹਿਬ ਦੇ ਸੱਜੇ ਹੱਥ ਵਾਲ਼ੀ ਲਾਲ ਡਿਓੜ੍ਹੀ ਦੇ ਹੇਠਲੇ ਹਿੱਸੇ 'ਚ ਲੱਗੀ। ਓਥੇ ਸਾਡੇ ਪਿੰਡ ਦਾ ਅਮਰਜੀਤ ਸਿੰਘ ਮੇਰੇ ਨਾਲ਼ ਸੀ। ਬਿਜਲੀ ਕੱਟੀ ਗਈ ਸੀ, ਪਾਣੀ ਵੀ ਬੰਦ ਕਰ ਦਿੱਤਾ ਗਿਆ। ਅਸੀਂ ਮੋਰਚੇ ਸੰਭਾਲ਼ ਲਏ, ਪਰ ਅਮਰਜੀਤ ਸਿੰਘ ਕਹਿੰਦਾ, 'ਪਾਣੀ ਦਾ ਪ੍ਰਬੰਧ ਥੋੜ੍ਹਾ ਬਹੁਤਾ ਹੋਣਾ ਚਾਹੀਦੈ।' ਓਥੇ ਡਿਓੜ੍ਹੀ ਦੇ ਵਿੱਚ ਇੱਕ ਪਾਣੀ ਦੀ ਟੂਟੀ ਵਾਲ਼ਾ ਪਾਈਪ ਫਿੱਟ ਸੀ, ਉਸ ਪਾਈਪ ਦੇ ਵਿੱਚ ਪਾਣੀ ਕੁਝ ਜਮ੍ਹਾਂ ਸੀ, ਪਰ ਉਹ ਟੂਟੀ ਫ਼ੌਜੀਆਂ ਦੀ ਗੋਲ਼ੀਬਾਰੀ ਦੇ ਨਿਸ਼ਾਨੇ ਤੇ ਸੀ। ਮੈਂ ਉਹਨੂੰ ਰੋਕਿਆ, ਉਹ ਕਹਿੰਦਾ:- "ਨਹੀਂ ! ਮੈਂ ਪਾਣੀ ਲੈ ਕੇ ਹੀ ਆਉਣੈਂ।"



ਮੈਂ ਉਹਨੂੰ ਸਮਝਾਇਆ ਕਿ ਜੇ ਕੰਮ ਖ਼ਰਾਬ ਹੋ ਗਿਆ, ਉੱਪਰੋਂ ਗੋਲ਼ੀ ਆਈ ਤਾਂ ਤੂੰ ਇਕਦਮ ਪੌੜੀਆਂ 'ਚੋਂ ਰਿੜ੍ਹ ਕੇ ਹੇਠਾਂ ਨੂੰ ਆ ਜਾਈਂ। ਉਹਨੇ ਅਜੇ ਜਾ ਕੇ ਟੂਟੀ ਨੂੰ ਹੱਥ ਹੀ ਲਾਇਆ ਸੀ ਕਿ ਉੱਤੋਂ ਬਾਹਰਲੀਆਂ ਬਿਲਡਿੰਗਾਂ 'ਚ ਜਿਹੜੇ ਫ਼ੌਜੀਆਂ ਦੇ ਮੋਰਚੇ ਸੀ, ਉਹਨਾਂ ਨੇ ਦੂਰੋਂ ਵੇਖ ਕੇ ਬ੍ਰੱਸ਼ਟ ਮਾਰਿਆ। ਉਹ ਇਕਦਮ ਰਿੜ੍ਹ ਕੇ ਹੇਠਾਂ ਆ ਗਿਆ ਤੇ ਸਾਡੇ ਕੋਲ਼ ਪਹੁੰਚ ਗਿਆ; ਫਿਰ ਅਸੀਂ ਉਹ ਮੋਰਚਾ ਸੰਭਾਲ਼ ਕੇ ਲੜਦੇ ਰਹੇ।

ਸਵਾਲ : ਤੁਹਾਡੇ ਪਿੰਡ ਦੇ ਬਾਕੀ ਸਿੰਘ ਕਿੱਥੇ-ਕਿੱਥੇ ਸੀ ?

ਜਵਾਬ : ਸਾਨੂੰ ਕੋਈ ਨ੍ਹੀਂ ਸੀ ਪਤਾ, ਮੇਰੇ ਨਾਲ਼ ਸਿਰਫ਼ ਇੱਕ ਅਮਰਜੀਤ ਸਿੰਘ ਸੀ। 4 ਜੂਨ ਦੁਪਹਿਰੇ ਇੱਕ ਵਾਰ ਭਾਈ ਸ਼ਿੰਦਾ ਸਿੰਘ ਜੀ ਆਏ ਦਾਲ਼ ਪ੍ਰਸ਼ਾਦਾ ਲੈ ਕੇ; ਉਹ ਸਾਡੇ ਮੋਰਚੇ 'ਚ ਆਏ ਤੇ ਅਸੀਂ ਦੋ-ਦੋ ਪ੍ਰਸ਼ਾਦੇ ਉੱਤੇ ਦਾਲ਼ ਪਾ ਕੇ ਛਕੇ। ਤਿੰਨ ਜੂਨ ਦਾ ਖਾਧਾ ਕੁਝ ਨਹੀਂ ਸੀ। ਬਾਕੀ ਪ੍ਰਸ਼ਾਦੇ ਲੈ ਕੇ ਉਹ ਅਗਲੇ ਮੋਰਚੇ ਵੱਲ ਚਲੇ ਗਏ। ਭਾਈ ਸ਼ਿੰਦਾ ਸਿੰਘ ਜੀ ਇਸ ਤਰ੍ਹਾਂ ਹੀ ਸੇਵਾ ਕਰਦੇ ਰਹੇ, ਉਹਨਾਂ ਨੇ ਜੰਗ 'ਚ ਇਸ ਤਰ੍ਹਾਂ ਹੀ ਹਿੱਸਾ ਲਿਆ। ਉਹ ਬਹੁਤ ਹੀ ਸੇਵਾ ਭਾਵਨਾ ਵਾਲ਼ੇ ਸੀ। ਸੰਤਾਂ ਨਾਲ਼ ਉਹਨਾਂ ਦੀ ਬਹੁਤ ਹੀ ਨੇੜਤਾ ਸੀ। ਇੱਕ ਵਾਰ ਤਾਂ ਸੰਤਾਂ ਨੇ ਕਿਹਾ:- "ਸਮਾਂ ਔਖਾ ਆ ਰਿਹੈ ਸ਼ਿੰਦਾ ਸਿੰਹਾਂ, ਤੂੰ ਕੋਈ ਡੇਅਰੀ ਹੀ ਖੋਲ੍ਹ ਛੱਡ ਪਰਿਵਾਰ ਲਈ।" ਪਰ ਉਹ ਕਹਿੰਦਾ:- "ਨਹੀਂ ਸੰਤ ਜੀ, ਗੁਰੂ ਰਾਖਾ।"

ਸਵਾਲ : ਇਸ ਮੋਰਚੇ 'ਚ ਜੰਗ ਦੇ ਤੁਸੀਂ ਕਿੰਨੇ ਰੂਪ ਵੇਖੇ ?

ਦੇਸ਼ ਭਗਤ ਹੈ ਓਹੋ ਅਖਵਾ ਸਕਦਾ, ਜੀਹਦੀ ਧਰਮ ਲਈ ਖੌਲਦੀ ਰੱਤ ਹੋਵੇ ।
ਦੱਸੋ ਉਹਦਾ ਜਿਊਣ ਦਾ ਹੱਜ ਕਾਹਦਾ, ਜੀਹਦੀ ਗ਼ੈਰ ਦੇ ਹੱਥਾਂ ਵਿੱਚ ਪੱਤ ਹੋਵੇ ।

ਭਾਰਤੀ ਫ਼ੌਜ ਨੂੰ ਖ਼ਾਲਸਾਈ ਯੁੱਧ-ਕਲਾ ਦਾ ਲੋਹਾ ਮੰਨਵਾਉਣ ਵਾਲਾ ਜਰਨੈਲ

ਅਮਰ ਸ਼ਹੀਦ ਜਨਰਲ ਸੁਬੇਗ ਸਿੰਘ

ਜਵਾਬ : ਜਨਰਲ ਸੁਬੇਗ ਸਿੰਘ ਜੀ ਸਿੰਘਾਂ ਦੇ ਮੋਰਚਿਆਂ ਦੀ ਕਮਾਂਡ ਕਰ ਰਹੇ ਸੀ। ਉਹਨਾਂ ਨੇ ਭਾਰਤੀ ਫ਼ੌਜ ਨੂੰ ਧੋਖਾ ਦੇਣ ਲਈ ਫ਼ੌਜ ਦੀ ਵਰਦੀ ਪਾ ਲਈ ਤੇ ਇੱਧਰੋਂ-ਓਧਰ ਜਾ-ਜਾ ਕੇ ਸਾਰੇ ਮੋਰਚਿਆਂ ਦਾ ਪ੍ਰਬੰਧ ਵੇਖ ਰਹੇ ਸੀ। ਫਿਰ ਮੈਂ ਉਹਨਾਂ ਨੂੰ ਇੱਕ ਕੰਮ ਹੋਰ ਕਰਦਿਆਂ ਵੇਖਿਆ। ਅਕਾਲ ਤਖ਼ਤ ਸਾਹਿਬ ਦੇ ਹੇਠਾਂ ਜਿਹੜਾ ਭੋਰਾ ਸੀ, ਉਹਦੀ ਛੱਤ ਦਾ ਲੈਂਟਰ ਪਰਕਰਮਾ ਤੋਂ ਥੋੜ੍ਹਾ ਉੱਚਾ ਹੀ ਸੀ। ਜਨਰਲ ਸੁਬੇਗ ਸਿੰਘ ਨੇ ਸਾਡੇ ਵੇਂਹਦੇ-ਵੇਂਹਦੇ ਆਪ ਇੱਕ ਹਥੌੜਾ ਲਿਆ, ਇੱਕ ਛੈਣੀ ਲਈ, ਇੱਕ ਝੱਬਲ ਲਈ, ਤੇ ਉਸ ਭੋਰੇ ਦੀ ਪਰਕਰਮਾ ਵਾਲ਼ੇ ਪਾਸੇ ਦੀ ਫ਼ਰੰਟ ਵਾਲ਼ੀ ਕੰਧ ਨੂੰ, ਜਿੱਥੇ ਹੁਣ ਸ਼ਹੀਦੀ ਗੈਲਰੀ ਆ, ਤੇ ਜੀਹਦੇ ਅੱਗੇ ਢਾਡੀ ਲੱਗਦੇ ਹੁੰਦੇ ਆ, ਓਥੋਂ ਤੋੜ ਕੇ ਵਿੱਚ ਦੀ ਥਾਂ ਬਣਾਈ, ਤੇ ਫਿਰ ਅੰਦਰੋਂ ਓਥੇ ਇੱਕ ਐਲ.ਐਮ.ਜੀ (ਲਾਈਟ ਮਸ਼ੀਨਗੰਨ) ਫਿੱਟ ਕੀਤੀ। ਉਸ ਐਲ.ਐਮ.ਜੀ. ਤੇ ਭਾਈ ਲਾਭ ਸਿੰਘ ਪੰਜਵੜ ਦੀ ਡਿਊਟੀ ਲਾਈ, ਤੇ ਨਾਲ਼ ਭਾਈ ਸੁਬੇਗ ਸਿੰਘ ਫ਼ੌਜੀ ਸੀਗੇ, ਜਿਹੜੇ ਦੂਜੇ ਸੁਬੇਗ ਸਿੰਘ ਸੀ, ਜਨਰਲ ਸੁਬੇਗ ਸਿੰਘ ਨਈਂ। ਇਹ ਜਿਹੜਾ ਮੋਰਚਾ ਐਨ ਆਖ਼ਰੀ ਸਮੇਂ ਜਨਰਲ ਸੁਬੇਗ ਸਿੰਘ ਨੇ ਬਣਾਇਆ, ਇਹ ਬੜਾ ਕਾਮਯਾਬ ਰਿਹਾ। ਇਹਦੀ ਮਾਰ ਹੇਠ ਸਾਰੀ ਪਰਕਰਮਾ ਦਾ ਇਲਾਕਾ ਸੀ। ਜਦੋਂ ਇਸ ਪਰਕਰਮਾ ਰਾਹੀਂ ਭਾਰਤੀ ਫ਼ੌਜ ਅਕਾਲ ਤਖ਼ਤ ਸਾਹਿਬ ਵੱਲੋਂ ਵਧੀ ਤਾਂ ਏਥੋਂ ਸਿੰਘਾਂ ਦੀ ਇਸ ਐਲ.ਐਮ.ਜੀ. ਨੇ ਉਹਨਾਂ ਦੇ ਬੜੇ ਸੱਥਰ ਵਿਛਾਏ। ਫ਼ੌਜੀਆਂ ਨੂੰ ਪਤਾ ਹੀ ਨਈਂ ਸੀ ਲੱਗਦਾ ਕਿ ਗੋਲ਼ੀ ਆਉਂਦੀ ਕਿੱਥੋਂ ਆ। ਇਹਦੀ ਮਾਰ ਉਤਾਂਹ ਨੂੰ ਵੀ ਹੁੰਦੀ ਸੀ ਤੇ ਹੇਠਾਂ ਨੂੰ ਵੀ, ਜਿਹੜੇ ਫ਼ੌਜੀ ਕੂਹਣੀਆਂ ਦੇ ਸਹਾਰੇ ਰਿੜ੍ਹ ਕੇ ਅੱਗੇ ਨੂੰ ਵਧਦੇ ਸੀ, ਉਹ ਵੀ ਇਸ ਮਸ਼ੀਨਗੰਨ ਦੀ ਮਾਰ ਤੋਂ ਬਚ ਨਈਂ ਸੀ ਸਕਦੇ। ਹੋਰ ਸਿੰਘਾਂ ਨੂੰ ਵੀ ਜਨਰਲ ਸਾਬ੍ਹ ਨੇ ਹਰੇ ਰੰਗ ਦਾ ਕੱਪੜਾ ਫ਼ੌਜੀਆਂ ਵਰਗਾ ਦਿੱਤਾ ਸੀ, ਫ਼ੌਜ ਨੂੰ ਧੋਖਾ ਦੇਣ ਲਈ।

ਭਾਈ ਸੁਬੇਗ ਸਿੰਘ ਫ਼ੌਜੀ

ਭਾਈ ਲਾਭ ਸਿੰਘ ਪੰਜਵੜ੍ਹ

ਸਵਾਲ : ਤੁਸੀਂ ਅਖ਼ੀਰ ਤਕ ਇਸੇ ਹੀ ਮੋਰਚੇ ਵਿੱਚ ਰਹੇ ?

ਜਵਾਬ : ਨਈਂ, ਮੈਨੂੰ 5 ਜੂਨ ਦੀ ਸ਼ਾਮ ਨੂੰ ਸੰਤ ਜੀ (ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ) ਨੇ ਸੁਨੇਹਾ ਭੇਜ ਕੇ ਅਕਾਲ ਤਖ਼ਤ ਸਾਹਿਬ ਤੇ ਸੱਦਿਆ। ਅਮਰਜੀਤ ਸਿੰਘ ਵੀ ਮੇਰੇ ਨਾਲ਼ ਹੀ ਤੁਰ ਪਿਆ। ਅਸੀਂ ਜਦੋਂ ਸੰਤਾਂ ਦੇ ਕੋਲ਼ ਪਹੁੰਚੇ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਤੇ ਓਥੇ ਹੀ ਬੈਠੇ ਸੀ, ਜਿੱਥੇ ਮਹਾਰਾਜ ਦੇ

ਪ੍ਰਕਾਸ਼ ਦੇ ਅੱਗੇ ਸੰਗਤ ਬੈਠਦੀ ਆ। ਸ਼ਾਮ 4-5 ਵਜੇ ਦਾ ਸਮਾਂ ਸੀ। ਸੰਤ ਕਹਿੰਦੇ:- "ਅਕਾਲ ਤਖ਼ਤ ਦੇ ਨਾਲ਼ ਲੱਗਦੀ ਬਾਹਰ ਇੱਕ ਘਰ ਦੀ ਥੜ੍ਹਾ ਸਾਹਿਬ ਵਾਲ਼ੇ ਪਾਸੇ ਬਿਲਡਿੰਗ ਖ਼ਾਲੀ ਪਈ ਐ, ਜੀਹਦੇ ਨਾਲ਼ ਗਲ਼ੀ ਲੱਗਦੀ ਆ, ਤੁਸੀਂ 4 ਸਿੰਘ ਉਹਦੇ ਚੁਬਾਰੇ 'ਚ ਜਾ ਕੇ ਮੋਰਚਾ ਸੰਭਾਲ਼ੋ, ਕਿਉਂਕਿ ਫ਼ੌਜ ਓਧਰ ਦੀ ਵੀ ਹਮਲਾ ਕਰ ਸਕਦੀ ਐ।"

ਅਸੀਂ 'ਸਤਿਬਚਨ' ਕਿਹਾ ਤੇ ਉਹਨਾਂ ਨੇ ਮੇਰੇ ਤੇ ਅਮਰਜੀਤ ਤੋਂ ਇਲਾਵਾ ਸਾਨੂੰ ਦੋ ਸਿੰਘ ਹੋਰ ਦੇ ਦਿੱਤੇ। ਹਥਿਆਰ ਲੈ ਕੇ ਅਸੀਂ ਉਸ ਚੁਬਾਰੇ ਜਾ ਕੇ ਮੋਰਚਾ ਲਾ ਲਿਆ।

ਸਵਾਲ : ਫਿਰ ਉਸ ਗਲ਼ੀ ਵੱਲ ਦੀ ਫ਼ੌਜ ਨੇ ਹਮਲਾ ਕੀਤਾ ?

ਜਵਾਬ : ਫ਼ੌਜ ਓਧਰੋਂ ਆਉਂਦੀ ਤਾਂ ਰਹੀ ਤੇ ਅਸੀਂ ਡੱਕਦੇ ਵੀ ਰਹੇ, ਪਰ ਓਧਰੋਂ ਫ਼ੌਜ ਓਨੇ ਜ਼ਬਰਦਸਤ ਤਰੀਕੇ ਨਾਲ ਹਮਲਾ ਨਹੀਂ ਸੀ ਕਰ ਰਹੀ, ਜਿੰਨਾ ਘੰਟਾ ਘਰ ਵਾਲ਼ੇ ਦਰਵਾਜ਼ੇ ਦੇ ਪਾਸਿਓਂ। ਅੰਦਰ ਆਉਣ ਲਈ ਉਹਨਾਂ ਨੇ ਘੰਟਾ ਘਰ ਵਾਲ਼ਾ ਦਰਵਾਜ਼ਾ ਹੀ ਚੁਣਿਆ ਸੀ।

ਸਵਾਲ : ਤੁਹਾਡੇ ਮੋਰਚੇ 'ਚੋਂ ਤੁਹਾਨੂੰ ਅਕਾਲ ਤਖ਼ਤ ਸਾਹਿਬ ਦੇ ਹਾਲਾਤ ਪਤਾ ਲੱਗਦੇ ਸੀ ?

ਜਵਾਬ:- ਹਾਂ, ਓਥੋਂ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਲਾਲ ਡਿਓੜ੍ਹੀ ਦੇ ਮੋਰਚੇ ਵੀ ਦਿਸਦੇ ਸੀ ਤੇ ਸਾਰਾ ਵਿਹੜਾ ਵੀ।

ਸਵਾਲ : ਫਿਰ ਅਕਾਲ ਤਖ਼ਤ ਸਾਹਿਬ ਵਾਲ਼ੇ ਪਾਸੇ ਲੜਾਈ ਦੀ ਪੁਜ਼ੀਸ਼ਨ ਕਿਵੇਂ-ਕਿਵੇਂ ਬਦਲਦੀ ਰਹੀ ?

ਜਵਾਬ : ਪੰਜ ਜੂਨ ਦੀ ਰਾਤ ਨੂੰ ਵਾਰੀ-ਵਾਰੀ ਤਿੰਨ ਵਾਰ ਕਮਾਂਡੋ ਹਮਲਾ ਹੋਇਆ। ਰਾਤ ਨੌਂ ਵਜੇ ਪਹਿਲਾ ਕਮਾਂਡੋ ਹਮਲਾ ਹੋਇਆ ਤੇ ਕਮਾਂਡੋ ਪਰਕਰਮਾ 'ਚ ਆ ਗਏ। ਇਹ ਘੰਟਾ-ਘਰ ਵਾਲ਼ੀ ਬਾਹੀ ਉੱਤਰੇ। ਪਰ ਜਦੋਂ ਇਹ ਅਕਾਲ ਤਖ਼ਤ ਵੱਲ ਵਧੇ ਤਾਂ ਇੱਕ ਤਾਂ ਪਰਕਰਮਾ 'ਚ ਜਿਹੜੇ ਕਮਰਿਆਂ 'ਚ ਸਿੰਘ ਸੀ, ਉਹਨਾਂ ਨੇ ਵੀ ਬੜੇ ਫੁੰਡੇ, ਤੇ ਜਿਹੜੇ ਕਮਾਂਡੋ ਫੇਰ ਵੀ ਕਿਸੇ ਤਰ੍ਹਾਂ ਬਚ ਕੇ ਅੱਗੇ ਤਕ ਆ ਗਏ, ਉਹਨਾਂ ਦੇ ਅਕਾਲ ਤਖ਼ਤ ਸਾਹਿਬ ਦੇ ਮੋਰਚਿਆਂ 'ਚੋਂ ਤੇ ਲਾਲ ਡਿਓੜ੍ਹੀ 'ਚੋਂ ਸਿੰਘਾਂ ਨੇ ਆਹੂ ਲਾਹ ਦਿੱਤੇ।

ਜਿਹੜਾ ਜਨਰਲ ਸੁਬੇਗ ਸਿੰਘ ਹੋਰਾਂ ਨੇ ਅਕਾਲ ਤਖ਼ਤ ਸਾਹਿਬ ਦੇ ਭੋਰੇ 'ਚੋਂ ਗੁਪਤ ਮੋਰਚਾ ਬਣਾਇਆ ਸੀ, ਉਹ ਇਸ ਕਮਾਂਡੋ ਹਮਲੇ 'ਚ ਵੀ ਬੜਾ ਕੰਮ ਆਇਆ ਤੇ ਫ਼ੌਜੀ ਕਮਾਂਡੋ ਸਾਰੇ ਦੇ ਸਾਰੇ ਹੀ ਮਾਰੇ ਗਏ।

ਸਵਾਲ : ਪਹਿਲਾ ਕਮਾਂਡੋ ਹਮਲਾ ਨਾਕਾਮ ਹੋਣ ਤੋਂ ਬਾਅਦ ਭਾਰਤੀ ਫ਼ੌਜ ਨੇ ਫਿਰ ਕੀ ਕੀਤਾ ?

ਜਵਾਬ : ਫਿਰ ਰਾਤ 11-12 ਵਜੇ ਦੂਜਾ ਕਮਾਂਡੋ ਹਮਲਾ ਕੀਤਾ ਗਿਆ। ਇਹਦੇ ਨਾਲ਼ ਹੀ ਟੈਂਕ ਵੀ ਅੰਦਰ ਦਾਖ਼ਲ ਕਰ ਦਿੱਤੇ ਗਏ। ਟੈਂਕ ਵੀ ਗੋਲ਼ੇ ਮਾਰਨ ਲੱਗੇ ਤੇ ਕਮਾਂਡੋ ਵੀ ਅੱਗੇ ਵਧੇ, ਪਰ ਸਿੰਘਾਂ ਦੀ ਮੋਰਚਾਬੰਦੀ ਏਨੀ ਜ਼ਬਰਦਸਤ ਸੀ ਕਿ ਟੈਂਕਾਂ ਦਾ ਤਾਂ ਭਾਵੇਂ ਕੁਝ ਨੀਂ ਵਿਗੜਿਆ, ਪਰ ਦੂਜੇ ਦਸਤੇ ਦੇ ਕਮਾਂਡੋ ਵੀ ਫੇਰ ਸਾਰੇ ਦੇ ਸਾਰੇ ਸਿੰਘਾਂ ਨੇ ਮਾਰ ਘੱਤੇ। ਪਿੱਛੋਂ ਫ਼ੌਜ ਹੋਰ ਅੰਦਰ ਵੜਦੀ ਰਹੀ, ਮਰਦੀ ਵੀ ਰਹੀ ਤੇ ਬੜੀ ਗਹਿਗੱਚਵੀਂ ਲੜਾਈ 5 ਜੂਨ ਦੀ ਰਾਤ ਨੂੰ ਹੋਈ।

ਸਵਾਲ : ਇਸ ਤਰ੍ਹਾਂ ਲੜਾਈ ਸਾਰੀ ਰਾਤ ਬਿਨਾਂ ਰੁਕਿਆਂ ਹੀ ਚੱਲਦੀ ਰਹੀ ?

ਜਵਾਬ : ਹਾਂ, ਬਿਨਾਂ ਰੁਕਿਆਂ ਹੀ। ਸਮੇਂ ਦੇ ਨਾਲ਼ ਨਾਲ਼ ਸਗੋਂ ਹੋਰ ਤੇਜ਼ ਹੁੰਦੀ ਜਾਂਦੀ ਸੀ। ਫਿਰ 6 ਜੂਨ ਤੜਕੇ ਤੀਜਾ ਕਮਾਂਡੋ ਹਮਲਾ ਕੀਤਾ ਗਿਆ। ਇਸ ਦੇ ਨਾਲ਼ ਹੀ ਉਹਨਾਂ ਨੇ ਕੀ ਕੀਤਾ ਕਿ ਇੱਕ ਬਹੁਤ ਹੀ ਜ਼ਹਿਰੀਲੀ ਗੈਸ, ਜੀਹਦੀ ਅੰਤਰਰਾਸ਼ਟਰੀ ਤੌਰ ਤੇ ਕਿਸੇ ਵੀ ਮੁਲਕ ਦੀ ਫ਼ੌਜ ਵੱਲੋਂ, ਦੂਜੇ ਮੁਲਕ ਦੀ ਫ਼ੌਜ ਵਿਰੁੱਧ ਵਰਤੋਂ ਕਰਨ ਦੀ ਮਨਾਹੀ ਹੈ. ਉਸ ਗੈਸ ਦੀ ਵਰਤੋਂ (ਭਾਰਤੀ) ਫ਼ੌਜ ਨੇ ਸਿੱਖਾਂ ਦੇ ਖ਼ਿਲਾਫ਼ ਕੀਤੀ। ਜਦੋਂ ਉਸ ਜ਼ਹਿਰੀਲੀ ਗੈਸ ਦੇ ਗੋਲ਼ੇ ਸਾਡੇ ਮੋਰਚਿਆਂ 'ਚ ਸੁੱਟੇ ਗਏ ਤਾਂ ਉਹਦੇ ਨਾਲ਼ ਇੱਕ ਵਾਰੀ ਤਾਂ ਐਂ ਹੋਇਆ ਕਿ ਅੱਖਾਂ ਜਿਵੇਂ ਲਾਲ ਹੋ ਗਈਆਂ, ਸੁੱਜ ਗਈਆਂ ਤੇ ਸਾਹ ਲੈਣਾ ਵੀ ਔਖਾ ਹੋ ਗਿਆ। ਪਰ ਐਨ ਇਸੇ ਹੀ ਵੇਲ਼ੇ ਗੁਰੂ ਮਹਾਰਾਜ ਦੀ ਕਲਾ ਵਰਤਦੀ ਅਸੀਂ ਪ੍ਰਤੱਖ ਵੇਖੀ, ਐਨੀ ਗਰਮੀ ਤੇ ਹੁੰਮਸ 'ਚ ਅਚਾਨਕ ਠੰਢੀ ਹਵਾ ਦਾ ਬੁੱਲਾ ਆਇਆ, ਤੇ ਉਹ ਜ਼ਹਿਰੀਲੀ ਗੈਸ ਜਿਹੜੀ ਭਾਰਤੀ ਫ਼ੌਜ ਨੇ ਸਿੰਘਾਂ ਨੂੰ ਅੰਨ੍ਹੇ ਕਰਨ ਤੇ ਸਾਹ ਘੁੱਟਣ ਲਈ ਸੁੱਟੀ ਸੀ, ਉਸ ਦਾ ਰੁਖ਼ ਬਦਲ ਕੇ ਭਾਰਤੀ ਫ਼ੌਜ ਵੱਲ ਨੂੰ ਹੀ ਹੋ ਗਿਆ। ਸਿੰਘਾਂ ਨੇ ਇੱਕ ਵਾਰ ਫੇਰ ਜੈਕਾਰੇ ਛੱਡੇ ਤੇ ਇਹ ਤੀਜਾ ਕਮਾਂਡੋ ਦਸਤਾ ਵੀ ਸਿੰਘਾਂ ਨੇ ਪੂਰੇ ਦਾ ਪੂਰਾ ਹੀ ਖ਼ਤਮ ਕਰ ਦਿੱਤਾ। ਪਰਕਰਮਾ 'ਚ ਫ਼ੌਜੀਆਂ ਤੇ ਕਮਾਂਡੋਆਂ ਦੀਆਂ ਲਾਸ਼ਾਂ ਐਂ ਵਿਛੀਆਂ ਪਈਆਂ ਸੀ, ਜਿਵੇਂ ਮੰਡੀ 'ਚ ਕਣਕ ਦੀਆਂ ਬੋਰੀਆਂ ਵਿਛੀਆਂ ਹੁੰਦੀਐਂ। ਦੂਰ-ਦੂਰ ਤਕ ਫ਼ੌਜੀਆਂ ਦੀਆਂ ਵਰਦੀਆਂ ਤੇ ਕਮਾਂਡੋਆਂ ਦੀਆਂ ਨਿੱਕਰਾਂ ਵਾਲੀਆਂ ਲਾਸ਼ਾਂ ਹੀ ਦੀਹਦੀਆਂ ਸੀ। ਜ਼ਹਿਰੀਲੀ ਗੈਸ ਦੇ ਨਾਲ਼ ਅੱਖਾਂ ਇੱਕ ਵਾਰ

ਲਾਲ ਹੋ ਗਈਆਂ ਸੀ। ਜਨਰਲ ਸੁਬੇਗ ਸਿੰਘ ਨੇ ਪਹਿਲਾਂ ਹੀ ਸਿੰਘਾਂ ਨੂੰ ਦੱਸਿਆ ਹੋਇਆ ਸੀ ਕਿ ਭਾਰਤੀ ਫ਼ੌਜ ਜ਼ਹਿਰੀਲੀ ਗੈਸ ਵੀ ਵਰਤ ਸਕਦੀ ਐ, ਤੇ ਅਜਿਹੀ ਹਾਲਤ ਦੇ ਵਿੱਚ ਜਾਂ ਪਰਨਾ ਗਿੱਲਾ ਕਰ ਕੇ ਅੱਖਾਂ ਤੇ ਫੇਰਨਾ ਐ, ਤੇ ਜਾਂ ਫਿਰ ਹੱਥ 'ਚ ਗੰਢਾ ਭੰਨ ਕੇ, ਉਹਦੇ ਪਾਣੀ ਵਾਲ਼ੇ ਹੱਥ ਅੱਖਾਂ ਤੇ ਲਾਉਣੇ ਆ। ਸਾਡੇ ਕੋਲ਼ ਪਾਣੀ ਪਿਆ ਸੀ, ਅਸੀਂ ਉਹਦੇ 'ਚ ਪਰਨੇ ਭਿਓਂ ਕੇ ਅੱਖਾਂ ਤੇ ਫੇਰੇ ਤੇ ਇਸ ਨਾਲ਼ ਗੈਸ ਦੀ ਜਿਹੜੀ ਜਲਨ ਸੀ, ਉਹ ਘੱਟ ਹੋਈ। ਬਾਅਦ 'ਚ ਤਾਂ ਫਿਰ ਹਵਾ ਆਉਣ ਦੇ ਨਾਲ਼ ਜ਼ਹਿਰੀਲੀ ਗੈਸ ਦੇ ਧੂੰਏਂ ਦਾ ਰੁਖ਼ ਹੀ ਫ਼ੌਜੀਆਂ ਵੱਲ ਹੋ ਗਿਆ। ਫ਼ੌਜੀਆਂ ਵੱਲੋਂ ਸੁੱਟੀ ਹੋਈ ਗੈਸ ਨੇ ਫੇਰ ਫ਼ੌਜ ਦਾ ਹੀ ਬੁਰਾ ਹਾਲ ਕੀਤਾ ਤੇ ਸਿੰਘਾਂ ਨੇ ਪਰਕਰਮਾ ਉਹਨਾਂ ਦੀਆਂ ਲਾਸ਼ਾਂ ਨਾਲ਼ ਭਰ ਦਿੱਤੀ।

ਸਵਾਲ : ਟੈਂਕਾਂ ਦੇ ਮੁਕਾਬਲੇ ਦੀ ਵੀ ਕੋਈ ਰਣਨੀਤੀ ਸੀ ?

ਜਵਾਬ : ਟੈਂਕਾਂ ਦਾ ਮੁਕਾਬਲਾ ਕਰਨ ਵਾਲ਼ਾ ਕੋਈ ਹਥਿਆਰ ਹੀ ਅੰਦਰ ਨਈਂ ਸੀ, ਵੈਸੇ ਭਾਵੇਂ ਕਈ ਅਫ਼ਵਾਹਾਂ ਨੇ ਕਿ ਅੰਦਰ ਰਾਕੇਟ ਸੀਗੇ, ਪਰ ਅਸਲ 'ਚ ਅਜਿਹਾ ਕੁਝ ਨਈਂ ਸੀ। ਬਖਤਰਬੰਦ ਗੱਡੀਆਂ ਦਾ ਮੁਕਾਬਲਾ ਕਰਨ ਵਾਲ਼ੇ 2-4 ਗੋਲ਼ੇ ਜ਼ਰੂਰ ਸੀ ਜਨਰਲ ਸੁਬੇਗ ਸਿੰਘ ਹੋਰਾਂ ਦੇ ਕੋਲ਼, ਉਹ ਉਹਨਾਂ ਨੇ ਵਰਤੇ ਵੀ, ਪਰ ਟੈਂਕਾਂ ਨੂੰ ਤੋੜਨ ਵਾਲ਼ਾ ਕੋਈ ਹਥਿਆਰ ਨਈਂ ਸੀ ਅੰਦਰ।

ਸਵਾਲ : 6 ਜੂਨ ਦਾ ਦਿਨ ਚੜ੍ਹਨ ਤਕ ਲੜਾਈ ਦੀ ਕੀ ਪੁਜ਼ੀਸ਼ਨ ਸੀ ?

ਜਵਾਬ : ਸਿੰਘ ਤਾਂ ਪੂਰੀ ਚੜ੍ਹਦੀ ਕਲਾ ਨਾਲ ਸਿਰ ਤੇ ਖੱਫਣ ਬੰਨ੍ਹ ਕੇ ਲੜ ਰਹੇ ਸੀ, ਪਰ ਟੈਂਕਾਂ ਦੇ ਅੱਗੇ ਰਫ਼ਲਾਂ ਦੀ ਲੜਾਈ ਕਾਹਦੀ ਸੀ ? ਟੈਂਕਾਂ ਨੇ ਅੰਨ੍ਹੇਵਾਹ ਗੋਲ਼ੇ ਮਾਰਨੇ ਸ਼ੁਰੂ ਕਰ ਦਿੱਤੇ। ਦਰਸ਼ਨੀ ਡਿਓੜ੍ਹੀ ਅਤੇ ਅਕਾਲ ਤਖ਼ਤ ਸਾਹਿਬ ਦੀਆਂ ਇਮਾਰਤਾਂ ਦੀ ਬਹੁਤ ਵਧੇਰੇ ਤਬਾਹੀ ਹੋ ਰਹੀ ਸੀ। ਇਸ ਹਾਲਤ ਵਿੱਚ 6 ਜੂਨ ਨੂੰ ਸਵੇਰੇ 6 ਕੁ ਵਜੇ ਬਲਵਿੰਦਰ ਸਿੰਘ ਖੋਜਕੀਪੁਰ ਸਾਡੇ ਮੋਰਚੇ ਵਿੱਚ ਸੰਤਾਂ ਦਾ ਸੁਨੇਹਾ ਲੈ ਕੇ ਆਇਆ ਕਿ ਜਿਹੜਾ ਸਿੰਘ ਨਿਕਲ਼ ਸਕਦੈ, ਉਹ ਹੁਣ ਨਿਕਲ਼ ਜਾਵੇ।

ਸਵਾਲ : ਸੰਤਾਂ ਦਾ ਇਹ ਸੁਨੇਹਾ ਮਿਲ਼ਣ ਤੋਂ ਬਾਅਦ ਫਿਰ ਕੀ ਕੀਤਾ ?

ਜਵਾਬ : ਇਹ ਤਾਂ ਹੁਣ ਤਕ ਦਿਸਣ ਲੱਗ ਪਿਆ ਸੀ ਕਿ ਹੁਣ ਕੋਈ ਲੜਾਈ ਵਾਲ਼ੀ ਗੱਲ ਨਈਂ ਰਹਿ ਗਈ, ਨਿਕਲ਼ ਜਾਣਾ ਸਭ ਨੂੰ ਠੀਕ ਲੱਗਿਆ। ਸਾਡਾ ਤਾਂ ਮੋਰਚਾ ਵੀ ਕੰਪਲੈਕਸ ਤੋਂ ਬਾਹਰ ਇੱਕ ਘਰ ਦੇ ਚੁਬਾਰੇ 'ਚ ਸੀ। ਅਸੀਂ ਸਲਾਹ ਕੀਤੀ ਕਿ ਨਿਕਲ਼ ਜਾਈਏ। ਮੈਂ ਸੋਚਿਆ ਕਿ ਮੈਂ ਸਾਰੇ ਹਥਿਆਰ ਇੱਕ ਪੇਟੀ 'ਚ ਰੱਖ ਦਿਆਂ। ਮੈਂ ਸਾਰੇ ਹਥਿਆਰ 'ਕੱਠੇ ਕਰ ਕੇ ਪੇਟੀ 'ਚ ਰੱਖਣ ਲੱਗ ਪਿਆ ਤੇ ਨਾਲ਼ ਦੇ ਤਿੰਨੇ ਸਿੰਘ ਬਾਹਰ ਨਿਕਲ਼

ਗਏ। ਮੇਰੇ ਪਿੰਡ ਦਾ ਅਮਰਜੀਤ ਸਿੰਘ ਵੀ ਕਿਸੇ ਹੋਰ ਰਾਹ ਨੂੰ ਹੋ ਗਿਆ ਤੇ ਮੈਂ ਹੋਰ ਰਾਹ ਨੂੰ। ਮੈਂ ਥੋੜ੍ਹਾ ਅੱਗੇ ਗਿਆ ਤਾਂ ਮੈਨੂੰ ਫ਼ੌਜ ਨੇ ਘੇਰ ਲਿਆ।

ਸਵਾਲ : ਫ਼ੌਜ ਨੇ ਤੁਹਾਨੂੰ ਗ੍ਰਿਫ਼ਤਾਰ ਕਰ ਲਿਆ ?

ਜਵਾਬ : ਗ੍ਰਿਫ਼ਤਾਰ ਕੀ, ਉਹ ਤਾਂ ਫੜ-ਫੜ ਕੇ ਮਾਰਨ ਡਹੇ ਸੀ। ਇੱਕ ਸੂਬੇਦਾਰ ਸੀ, ਉਹਨੇ ਮੈਨੂੰ ਕੜੇ ਤੋਂ ਫੜ ਕੇ ਇੱਕ ਫ਼ੌਜੀ ਦੇ ਸਾਮ੍ਹਣੇ ਕਰ ਦਿੱਤਾ, ਕਹਿੰਦਾ:- "ਗੋਲ਼ੀ ਮਾਰੋ ਇਸ ਕੋ।" ਅੱਗੋਂ ਉਹ ਫ਼ੌਜੀ ਕੁਦਰਤੀ ਹੀ ਮੇਰੀ ਜਾਣ-ਪਛਾਣ ਵਾਲ਼ਾ ਸੀ, ਅਸੀਂ 'ਕੱਠਿਆਂ ਨੇ ਡਿਊਟੀ ਕੀਤੀ ਸੀ। ਉਸ ਨੇ ਆਪਣੀ ਰਫ਼ਲ ਮੇਰੇ ਤੇ ਤਾਣ ਕੇ ਉਹਨੂੰ ਬੁਲੇਟ ਮਾਰ ਲਿਆ, ਹੁਣ ਬਸ ਗੋਲ਼ੀ ਹੀ ਚਲਾਉਣੀ ਬਾਕੀ ਰਹਿੰਦੀ ਸੀ। ਐਨ ਏਨੇ ਚਿਰ ਨੂੰ ਦੂਜੇ ਪਾਸਿਓਂ ਕੁਝ ਲੋਕ ਆ ਗਏ ਤੇ ਸੂਬੇਦਾਰ ਆਪਣੇ ਨਾਲ਼ ਦੇ ਫ਼ੌਜੀਆਂ ਨੂੰ ਲੈ ਕੇ ਓਧਰ ਚਲਾ ਗਿਆ। ਜਿਹੜਾ ਫ਼ੌਜੀ ਮੈਨੂੰ ਗੋਲ਼ੀ ਮਾਰਨ ਲਈ ਬੰਦੂਕ ਦੀ ਸ਼ਿਸਤ ਬੰਨ੍ਹ ਕੇ ਖਲੋਤਾ ਸੀ, ਉਹਨੇ ਥੋੜ੍ਹਾ ਚਿਰ ਵੇਖਿਆ ਕਿ ਸੂਬੇਦਾਰ ਦੂਜੇ ਪਾਸੇ ਚਲਾ ਗਿਆ ਕਿ ਨਈਂ ? ਫਿਰ ਉਹਨੇ ਬੰਦੂਕ ਮੋਢੇ ਤੋਂ ਲਾਹ ਕੇ ਹੇਠਾਂ ਕਰ ਲਈ ਤੇ ਮੈਨੂੰ ਇੱਕ ਗਲ਼ੀ ਵੱਲ ਇਸ਼ਾਰਾ ਕਰ ਕੇ ਕਹਿੰਦਾ:- "ਇਧਰ ਸੇ ਨਿਕਲ਼ ਜਾਓ...।"



ਸਵਾਲ : ਤੁਸੀਂ ਓਧਰ ਦੀ ਨਿਕਲ਼ ਸਕੇ ਕਿ ਨਈਂ ?

ਜਵਾਬ : ਨਈਂ, ਓਧਰ ਨੂੰ ਗਿਆ ਤਾਂ ਓਧਰ ਪੁਲਿਸ ਖਲੋਤੀ ਸੀ। ਪੁਲਿਸ ਵਾਲ਼ਿਆਂ ਨੇ ਮੈਨੂੰ ਫੜ ਕੇ ਓਥੇ ਬਿਠਾ ਲਿਆ। ਹੋਰ ਵੀ ਓਥੇ ਕਈ ਜਣੇ ਫੜ ਕੇ ਬਿਠਾਏ ਸੀ। ਮੈਨੂੰ ਹਥਕੜੀ ਲਾ ਲਈ ਤੇ ਫਿਰ ਸਾਨੂੰ ਕੋਤਵਾਲੀ ਵੱਲ ਨੂੰ ਲੈ ਤੁਰੇ।

ਸਵਾਲ : ਓਥੋਂ ਲੈ ਕੇ ਕੋਤਵਾਲ਼ੀ ਤਕ ਦੇ ਕੀ ਹਾਲਾਤ ਸੀ ?

ਜਵਾਬ : ਸਾਨੂੰ ਤਾਂ ਹੱਥ ਪਿੱਛੇ ਕਰ ਕੇ ਹਥਕੜੀਆਂ ਲਾ ਕੇ ਲਿਜਾ ਰਹੇ ਸੀ, ਪੈਦਲ। ਰਾਹ 'ਚ ਹਿੰਦੂ ਪਰਿਵਾਰ ਕੋਠਿਆਂ ਤੇ ਚੜ੍ਹੇ ਹੋਏ ਸੀ, ਉਹ ਉੱਤੋਂ ਭੰਗੜੇ ਪਾਉਣ। ਕਈਆਂ ਨੇ ਸਾਡੇ ਤੇ ਛਿੱਤਰ ਸੁੱਟੇ, ਕਈਆਂ ਨੇ ਸਾਡੇ ਉੱਤੇ ਥੁੱਕਿਆ ਤੇ ਕਈ ਉੱਤੋਂ ਹੀ ਗਾਲ਼ਾਂ ਕੱਢਦੇ ਰਹੇ। ਇਸ ਤਰ੍ਹਾਂ ਹੀ ਫ਼ੌਜੀ ਸਾਨੂੰ ਕੋਤਵਾਲੀ ਲੈ ਗਏ।

ਸਵਾਲ : ਕੋਤਵਾਲੀ 'ਚ ਹਾਲਾਤ ਕੀ ਸੀ ?

ਜਵਾਬ : ਕੋਤਵਾਲੀ ਦੇ ਵਿੱਚ ਭਾਈ ਮਨਜੀਤ ਸਿੰਘ, ਹਰਮਿੰਦਰ ਸਿੰਘ ਗਿੱਲ ਤੇ ਲਾਭ ਸਿੰਘ ਵੀ ਸੀਗੇ। ਸਾਨੂੰ ਵੀ ਓਥੇ ਹਵਾਲਾਤ 'ਚ ਬੰਦ ਕਰ ਦਿੱਤਾ। ਇੱਕ ਹਵਾਲਾਤ 'ਚ ਸਾਰੇ ਹੀ ਜਿਵੇਂ ਤੂੜੇ ਹੋਏ ਸੀ, ਗਰਮੀ ਤੇ ਹੁੰਮਸ ਬਹੁਤ ਸੀ ਤੇ ਪਾਣੀ ਵੀ ਨਈਂ ਸੀ ਮਿਲ਼ ਰਿਹਾ।

ਸਵਾਲ : ਕੋਤਵਾਲੀ ਦੇ ਅੰਦਰ ਵੀ ਪਾਣੀ ਨਈਂ ਸੀ ਮਿਲਦਾ ?

ਜਵਾਬ : ਹਾਂ, ਕੋਤਵਾਲੀ ਦੇ ਅੰਦਰ ਵੀ ਪਾਣੀ ਨਈਂ ਸੀ ਮਿਲ਼ ਰਿਹਾ। ਸਿੱਖ ਪੁਲਿਸ ਵਾਲ਼ੇ ਭਾਵੇਂ

ਹਮਦਰਦੀ ਕਰਦੇ ਸੀ, ਪਰ ਪੁਲਿਸ ਤਾਂ ਬਿਲਕੁਲ ਨਿਹੱਥੀ ਕੀਤੀ ਹੋਈ ਸੀ, ਉਹਨਾਂ ਦੇ ਕੋਲ਼ ਡੰਡੇ ਤਕ ਵੀ ਨਹੀਂ ਸੀ ਰਹਿਣ ਦਿੱਤੇ। ਅਸੀਂ 'ਪਾਣੀ-ਪਾਣੀ' ਕਰ ਰਹੇ ਸੀ ਤੇ ਵਿਚਾਰੇ ਪੁਲਿਸ ਵਾਲ਼ੇ ਬੇਵੱਸ। ਦੋ ਪੁਲਿਸ ਵਾਲ਼ਿਆਂ ਨੂੰ ਮੈਂ ਦੂਰ ਖਲੋ ਕੇ ਸਾਡੇ ਵੱਲ ਵੇਖ ਕੇ ਰੋਂਦਿਆਂ ਵੇਖਿਐ। ਜੇ ਕੋਈ ਕੋਲ਼ ਵੀ ਆ ਜਾਂਦਾ ਤੇ ਕਹਿੰਦਾ:- "ਸਾਡੇ ਵੱਸ ਦੀ ਗੱਲ ਨਹੀਂ ਜੇ।" ਸਾਡਾ ਮੁੜ੍ਹਕਾ ਚੋਅ ਰਿਹਾ ਸੀ ਤੇ ਅਸੀਂ ਫ਼ਰਸ਼ ਦੀਆਂ ਵਿਰਲਾਂ 'ਚੋਂ ਆਪਣਾ ਹੀ ਮੁੜ੍ਹਕਾ ਚੱਟਦੇ ਰਹੇ।

ਸਵਾਲ : ਫਿਰ ਕੋਤਵਾਲੀ 'ਚ ਵੀ ਤਿਹਾਏ ਹੀ ਰਹੇ ?

ਜਵਾਬ : ਨਹੀਂ, ਫਿਰ ਦੋ ਪੁਲਿਸ ਵਾਲ਼ਿਆਂ ਨੇ ਸਲਾਹ ਕੀਤੀ ਕਿ ਵੇਖੀ ਜਾਊ ਜੋ ਹੋਊ, ਕੀ ਹੋ ਜਾਊਗਾ ? ਉਹਨਾਂ ਨੇ ਦੋ ਡੋਲ ਪਾਣੀ ਦੇ ਭਰ ਕੇ ਹਵਾਲਾਤ ਦੀਆਂ ਸੀਖਾਂ ਦੇ ਬਾਹਰਵਾਰ ਰੱਖ ਦਿੱਤੇ। ਫਿਰ ਅਸੀਂ ਵਾਰੀ-ਵਾਰੀ ਸੀਖਾਂ ਦੇ ਕੋਲ਼ ਹੋ ਕੇ ਹੱਥ ਬਾਹਰ ਕੱਢ ਕੇ ਚੂਲੀ-ਚੂਲੀ ਪਾਣੀ ਪੀਤਾ।



ਇੱਥੇ ਫਿਰ ਲਾਭ ਸਿੰਘ ਦੇ ਵਾਕਫ਼ ਦੋ ਪੁਲਿਸ ਵਾਲ਼ੇ ਵੀ ਉਸ ਨੂੰ ਮਿਲੇ, ਉਹ ਪਹਿਲਾਂ ਪੁਲਿਸ ਦੇ ਵਿੱਚ ਸਿਪਾਹੀ ਰਿਹਾ ਸੀ। ਸੀਖਾਂ ਦੇ ਕੋਲ਼ ਬਹਿ ਕੇ ਲਾਭ ਸਿੰਘ ਨੇ ਉਹਨਾਂ ਨਾਲ਼ ਗੱਲਬਾਤ ਕੀਤੀ। ਉਹ ਕਹਿੰਦੇ:- "ਸਾਡੇ ਲਾਇਕ ਕੋਈ ਸੇਵਾ ?" ਲਾਭ ਸਿੰਘ ਕਹਿੰਦਾ:- "ਮੈਨੂੰ ਜੇ ਏਥੋਂ ਬਾਹਰ ਕਢਵਾ ਸਕਦੇ ਓ ਤਾਂ ਕਢਵਾਓ।" ਉਹ ਕਹਿੰਦੇ:- "ਇਹ ਕੰਮ ਮੁਸ਼ਕਲ ਆ, ਇਹ ਨੀਂ ਹੋ ਸਕਦਾ।" ਲਾਭ ਸਿੰਘ ਕਹਿੰਦਾ:- "ਹੋਰ ਫਿਰ ਮੈਂ ਤੁਹਾਡੇ ਤੋਂ ਕੀ ਸੇਵਾ ਕਰਾਉਣੀ ਆ।"

ਸਵਾਲ : ਇਸ ਤੋਂ ਬਾਅਦ ਕੋਤਵਾਲੀ 'ਚ ਕਿੰਨਾ ਚਿਰ ਰਹੇ ?

ਜਵਾਬ : ਫਿਰ ਥੋੜ੍ਹੇ ਚਿਰ ਬਾਅਦ ਹੀ ਸਾਨੂੰ ਫ਼ੌਜੀ ਕੈਂਪ 'ਚ ਲੈ ਗਏ। ਓਥੇ ਨਿੱਕੇ ਜਿਹੇ ਕਮਰੇ 'ਚ ਸਾਨੂੰ 65 ਜਣਿਆਂ ਨੂੰ ਬੰਦ ਕਰ ਦਿੱਤਾ। ਪਾਣੀ ਬਿਲਕੁਲ ਨਾ ਦੇਣ। ਕਮਰਿਆਂ ਦੇ ਅੰਦਰੋਂ 'ਪਾਣੀ-ਪਾਣੀ' ਦੀ ਅਵਾਜ਼ ਸੁਣੇ। ਜਦੋਂ ਕਿਸੇ ਫ਼ੌਜੀ ਨੂੰ ਸਾਮ੍ਹਣੇ ਵੇਖ ਕੇ ਪਾਣੀ ਮੰਗਦੇ ਤਾਂ ਉਹ ਅੱਗੋਂ ਸੰਗੀਨ ਮਾਰਦੇ। ਇੱਕ ਦਿਨ ਇੱਕ ਸਰਦਾਰ ਸੂਬੇਦਾਰ ਨੂੰ ਬਾਹਰ ਵੇਖ ਕੇ ਸਾਰਿਆਂ ਨੇ 'ਪਾਣੀ-ਪਾਣੀ' ਦਾ ਰੌਲ਼ਾ ਪਾ ਦਿੱਤਾ। ਉਹ ਸਰਦਾਰ ਸੂਬੇਦਾਰ ਚੋਹਲਾ ਸਾਹਿਬ ਦਾ ਸੀ। ਉਹ ਹਿੰਦੀ ਫ਼ੌਜੀਆਂ ਨੂੰ ਕਹਿੰਦਾ:- "ਇਹਨਾਂ ਨੂੰ ਪਾਣੀ ਪਿਆਓ।"

ਸਵਾਲ : ਫੇਰ ਉਹਨਾਂ ਫ਼ੌਜੀਆਂ ਨੇ ਪਾਣੀ ਪਿਆਇਆ ?

ਜਵਾਬ : ਸੜੇ ਬਲੇ ਫ਼ੌਜੀ ਪਾਣੀ ਤਾਂ ਪਿਆਉਣ ਲੱਗ ਪਏ, ਪਰ ਬੜੀ ਕਹਿਰ ਭਰੀ ਨਿਗ੍ਹਾ ਨਾਲ਼ ਸਾਡੇ ਵੱਲ ਵੇਖਣ। ਉਹਨਾਂ ਨੇ ਪਹਿਲਾਂ ਸਾਡੇ ਕਮਰੇ ਵਾਲ਼ਿਆਂ ਨੂੰ ਕੱਢਿਆ ਤੇ ਦੋਵੇਂ ਪਾਸੇ ਮਸ਼ੀਨਗੰਨਾਂ ਬੀੜ ਕੇ ਬਹਿ ਗਏ। ਕਹਿੰਦੇ ਸਾਮ੍ਹਣੇ ਨਲਕੇ ਤੋਂ ਪਾਣੀ ਪੀ ਲਓ।

ਓਥੋਂ ਅਸੀਂ ਸਭ ਤੋਂ ਪਹਿਲਾਂ ਰੱਜ ਕੇ ਪਾਣੀ ਪੀਤਾ। ਫਿਰ ਸਾਨੂੰ ਕਮਰੇ 'ਚ ਵਾੜ ਦਿੱਤਾ ਤੇ ਦੂਜੇ ਕਮਰੇ ਵਾਲ਼ਿਆਂ ਨੂੰ ਕੱਢ ਲਿਆ। ਏਨੇ ਚਿਰ ਨੂੰ ਉਹ ਸਰਦਾਰ ਸੂਬੇਦਾਰ ਚਲਾ ਗਿਆ। ਫਿਰ ਉਸ ਦੇ ਜਾਣ ਤੋਂ ਬਾਅਦ ਅਸੀਂ ਓਥੇ ਵੀ ਇੱਕ ਸਾਕਾ ਵਰਤਦਾ ਵੇਖਿਆ। ਦੂਜੇ ਕਮਰੇ 'ਚੋਂ ਜਿਹੜੇ 65 ਜਣੇ ਬਾਹਰ ਪਾਣੀ ਪੀਣ ਲਈ ਕੱਢੇ ਸੀ, ਉਹਨਾਂ ਦੀ ਲਾਈਨ ਲੱਗੀ ਹੋਈ ਸੀ ਕਿ ਬਿਹਾਰੀ ਫ਼ੌਜੀਆਂ ਨੇ ਮਸ਼ੀਨਗੰਨ ਦਾ ਫ਼ਾਇਰ ਖੋਲ੍ਹ ਦਿੱਤਾ। ਉਹ ਸਾਰੇ 65 ਦੇ 65 ਸਿੰਘ ਮਿੰਟਾਂ 'ਚ ਹੀ ਮਾਰ ਘੱਤੇ। ਉਹਨਾਂ ਦੀਆਂ ਲਾਸ਼ਾਂ ਸਾਡੇ ਸਾਮ੍ਹਣੇ ਹੀ ਖਿੱਲਰੀਆਂ ਪਈਆਂ ਸੀ। ਭਾਰਤੀ ਫ਼ੌਜ ਦਾ ਇਹ ਨੀਚ ਕਾਰਾ ਵੇਖ ਕੇ ਅਸੀਂ ਸਾਰੇ ਸੁੰਨ ਹੋ ਗਏ। ਯਕੀਨ ਨਾ ਆਵੇ ਕਿ ਫ਼ੌਜੀ ਅਜਿਹਾ ਕਰ ਸਕਦੇ ਨੇ। ਫਿਰ ਸਾਡੇ ਵੇਂਹਦਿਆਂ ਹੀ ਵੇਂਹਦਿਆਂ ਸਾਰੀਆਂ ਲਾਸ਼ਾਂ ਧੂਹ-ਧੂਹ ਕੇ ਇੱਕ ਟਰੱਕ ਵਿੱਚ ਸੁੱਟ ਕੇ ਲੈ ਗਏ, ਪਤਾ ਨੀਂ ਉਹ ਲਾਸ਼ਾਂ ਉਹਨਾਂ ਨੇ ਕਿੱਥੇ ਸੁੱਟੀਆਂ। ਕਿਸੇ ਅਫ਼ਸਰ ਨੇ ਵੀ ਉਹਨਾਂ ਬਾਰੇ ਨੋਟਿਸ ਤਕ ਨਹੀਂ ਲਿਆ।

ਸਵਾਲ : ਇਸ ਤੋਂ ਬਾਅਦ ਰੋਟੀ ਪਾਣੀ ਕਦੋਂ ਮਿਲ਼ਣ ਲੱਗਾ ?

ਜਵਾਬ : ਪਾਣੀ ਜਦੋਂ ਦੇਣ ਲੱਗੇ ਤਾਂ ਓਦੋਂ ਵੀ ਕੀ ਕਰਦੇ ਕਿ ਬਾਹਰੋਂ ਰੋਸ਼ਨਦਾਨ ਦੇ ਅੰਦਰੋਂ ਪਾਣੀ ਵਾਲ਼ਾ ਪਾਈਪ ਲਾ ਕੇ ਪਾਣੀ ਛੱਡ ਦਿੰਦੇ ਕਿ ਪੀਵੀ ਜਾਓ। ਸ਼ਾਇਦ ਉਹ ਅੰਦਰ ਕਮਰੇ 'ਚ ਆਉਣੋਂ ਡਰਦੇ ਸੀ, ਪਰ ਇਸ ਤਰ੍ਹਾਂ ਵਾਰੀ-ਵਾਰੀ ਜਿੰਨਾ ਕੁ ਪਾਣੀ ਪੀਤਾ ਜਾਂਦਾ, ਪੀ ਲੈਂਦੇ। ਫਿਰ 9 ਜੂਨ ਨੂੰ ਰੋਟੀ ਦੇਣੀ ਸ਼ੁਰੂ ਕੀਤੀ।

ਸਵਾਲ : ਇਸ ਤਰ੍ਹਾਂ ਫ਼ੌਜੀ ਕੈਂਪ ਅੰਦਰ ਕਿੰਨੇ ਕੁ ਦਿਨ ਰਹੇ ?

ਜਵਾਬ : ਏਥੇ ਸਾਨੂੰ 7 ਕੁ ਦਿਨ ਰੱਖਿਆ। ਪਹਿਲਾਂ ਇੱਕ ਕਮਰੇ ਦੇ ਵਿੱਚ ਲਿਜਾਇਆ ਜਾਂਦਾ, ਜਿੱਥੇ ਜਾਲੀ ਦੇ ਪਿੱਛੇ ਕੋਈ ਮੁਖ਼ਬਰ ਸੀ, ਜੋ ਸਭ ਦੀ ਪਛਾਣ ਕਰਦਾ ਸੀ ਤੇ ਉਸ ਹਿਸਾਬ ਦੇ ਨਾਲ਼ ਕੈਟਾਗਰੀਆਂ ਬਣਾਈਆਂ ਜਾਂਦੀਆਂ ਸੀ। ਸਭ ਤੋਂ ਪਹਿਲਾਂ ਸਾਨੂੰ 13 ਜਣਿਆਂ ਨੂੰ ਕੱਢ ਕੇ ਗੱਡੀਆਂ 'ਚ ਬਿਠਾਇਆ ਗਿਆ। ਇਸ ਗਰੁੱਪ 'ਚ ਭਾਈ ਮਨਜੀਤ ਸਿੰਘ, ਹਰਮਿੰਦਰ ਸਿੰਘ ਗਿੱਲ, ਬਲਵਿੰਦਰ ਸਿੰਘ ਖੋਜਕੀਪੁਰ, ਮੇਜਰ ਸਿੰਘ ਉਬੋਕੇ ਦਾ ਭਰਾ ਦਵਿੰਦਰ ਸਿੰਘ ਵੀ ਸੀਗੇ। ਮੈਂ ਸੋਚਿਆ ਕਿ ਸਾਨੂੰ ਮਾਰਨ ਦੇ ਲਈ ਹੀ ਕੱਢਿਆ ਲੱਗਦੈ। ਸਾਨੂੰ ਇੱਕ ਬੱਸ 'ਚ ਹੱਥ ਪਿੱਠ ਪਿੱਛੇ ਬੰਨ੍ਹ ਕੇ, ਅੱਖਾਂ ਤੇ ਪੱਟੀਆਂ

ਬੰਨ੍ਹ ਕੇ ਬਿਠਾ ਲਿਆ। ਅੱਗੇ-ਪਿੱਛੇ ਤਾਂ ਫ਼ੌਜ ਦੀਆਂ ਦੋ-ਦੋ ਗੱਡੀਆਂ ਅਸੀਂ ਓਥੇ ਜਾ ਕੇ ਵੇਖੀਆਂ, ਜਦੋਂ ਸਾਨੂੰ ਪਤਾ ਲੱਗਾ ਕਿ ਸਾਨੂੰ ਨਾਭੇ ਜੇਲ੍ਹ ਵਿੱਚ ਲੈ ਕੇ ਆਏ ਆ।

ਲੇਖਕ ਨਾਲ ਗੱਲ ਬਾਤ ਕਰਦਿਆਂ ਭਾਈ ਰਾਜ ਸਿੰਘ ਵਰਪਾਲ

ਸਵਾਲ : ਜੇਲ੍ਹ ਦੇ ਅੰਦਰ ਕਿਸ ਹਾਲਤ 'ਚ ਰਹਿਣਾ ਪਿਆ ?

ਜਵਾਬ : ਅਸੀਂ ਸਾਰੇ ਸਿਰੋਂ ਨੰਗੇ ਸੀ, ਸਿਰਫ਼ ਤੇੜ ਕਛਹਿਰੇ ਸੀ, ਓਥੇ ਜਾ ਕੇ ਇੱਕ-ਇੱਕ ਚੱਕੀ 'ਚ ਇੱਕ-ਇੱਕ ਜਣੇ ਨੂੰ ਵਾੜ ਦਿੱਤਾ। ਓਥੇ ਕੋਈ ਚਾਦਰ ਨ੍ਹੀਂ; ਹੇਠਾਂ ਜ਼ਮੀਨ ਤੇ ਹੀ ਪੈ ਗਏ। ਕੀੜੀਆਂ ਹੀ ਕੀੜੀਆਂ। ਫਿਰ ਓਥੇ ਹੀ ਸਾਡੀ ਪੁੱਛਗਿੱਛ ਸ਼ੁਰੂ ਹੋ ਗਈ। ਕਦੇ ਕੋਈ ਏਜੰਸੀ, ਕਦੇ ਕੋਈ।

ਸਵਾਲ : ਟਾਰਚਰ ਵੀ ਕਰਦੇ ਸੀ ?

ਜਵਾਬ : ਹਾਂ, ਸਾਨੂੰ ਸਾਰਿਆਂ ਨੂੰ ਤਸੀਹੇ ਦਿੱਤੇ ਜਾਂਦੇ ਰਹੇ, ਪੁੱਛਗਿੱਛ ਕੀਤੀ ਜਾਂਦੀ ਰਹੀ।

ਸਵਾਲ : ਵਧੇਰੇ ਕੀ ਸਵਾਲ ਪੁੱਛਦੇ ਸੀ ?

ਜਵਾਬ : ਇਸ ਤਰ੍ਹਾਂ ਦੇ ਹੀ ਕਿ 'ਭਿੰਡਰਾਂਵਾਲ਼ੇ ਨਾਲ਼ ਕੀ ਸੰਬੰਧ ਸੀ', 'ਸਾਰਾ ਕੁਝ ਕਿਵੇਂ ਚੱਲਦਾ ਸੀ', 'ਕਿੰਨੇ ਬੰਦੇ ਮਾਰੇ।' ਬਾਕੀ ਉਹ ਰੰਗ-ਢੰਗ ਤੋਂ ਵੀ ਅੰਦਾਜ਼ਾ ਲਾਉਂਦੇ ਸੀ। ਜਾਣ-ਬੁੱਝ ਕੇ ਕੱਚ ਦੇ ਗਿਲਾਸ 'ਚ ਪਾਣੀ ਦਿੰਦੇ। ਜਿਹੜੇ ਸੰਤਾਂ ਦੇ ਨਾਲ਼ ਰਹੇ ਸੀ, ਉਹ ਕੱਚ ਦੇ ਗਿਲਾਸ 'ਚ ਪਾਣੀ ਨਹੀਂ ਸੀ ਪੀਂਦੇ, ਉਹ ਸਮਝ ਜਾਂਦੇ ਕਿ ਸੰਤਾਂ ਦੇ ਨਾਲ਼ ਰਿਹੈ। ਉਹ ਕੜੇ ਤੋਂ ਵੀ ਅੰਦਾਜ਼ਾ ਲਾਉਂਦੇ। ਪੁੱਛਗਿੱਛ ਕਰਨ ਵੇਲ਼ੇ ਵੀ ਆਪ ਅੰਦਰ ਕਮਰੇ 'ਚ ਬੈਠੇ ਹੁੰਦੇ ਤੇ ਸਾਨੂੰ ਬਾਹਰ ਧੁੱਪੇ ਖਲ੍ਹਾਰ ਕੇ ਰੱਖਦੇ। ਓਥੇ ਉਹਨਾਂ ਨੇ ਨਾ ਪੁੱਛਗਿੱਛ 'ਚ ਕੋਈ ਕਸਰ ਛੱਡੀ ਤੇ ਨਾ ਹੀ ਤਸੀਹੇ ਦੇਣ 'ਚ।

ਸਵਾਲ : ਇਹ ਪੁੱਛਗਿੱਛ ਕਿੰਨਾ ਚਿਰ ਚੱਲੀ ?

ਜਵਾਬ : ਜਦੋਂ ਤਕ ਸਾਡੇ ਤੇ ਐਨ.ਐਸ.ਏ. ਨਾ ਲੱਗ ਗਈ। ਸਾਡੇ ਤੇ ਐਨ.ਐਸ..ਏ (ਨੈਸ਼ਨਲ ਸਕਿਓਰਟੀ ਐਕਟ) ਲਾ ਦਿੱਤਾ, ਪਰ ਇਹਦੇ ਨਾਲ਼ ਸਾਡੀਆਂ ਮੁਲਾਕਾਤਾਂ ਵੀ ਖੁੱਲ੍ਹ ਗਈਆਂ ਤੇ ਘਰਦਿਆਂ ਨੂੰ ਸਾਡੇ ਜਿਊਂਦੇ ਹੋਣ ਦਾ ਪਤਾ ਲੱਗਾ। ਫੇਰ ਸਾਨੂੰ ਹਥਕੜੀਆਂ ਲਾ ਕੇ, ਅੱਖਾਂ ਬੰਨ੍ਹ ਕੇ ਹਵਾਈ ਜਹਾਜ਼ 'ਚ ਚੜ੍ਹਾਇਆ ਤੇ ਜੋਧਪੁਰ ਜੇਲ੍ਹ 'ਚ ਲੈ ਗਏ। ਓਥੋਂ ਪੌਣੇ ਪੰਜ ਸਾਲਾਂ ਬਾਅਦ ਬਾਹਰ ਆਏ।

****

"ਭਾਰਤੀ ਫ਼ੌਜ ਨਿਹੱਥੇ ਸਿੱਖਾਂ ਨੂੰ ਜ਼ਲੀਲ ਕਰ-ਕਰ ਕੇ ਮਾਰਦੀ ਰਹੀ"

ਭਾਈ ਸੰਤੋਖ ਸਿੰਘ ਰੱਬ ਜੀ ਦੇ ਨਾਲ਼ ਗੱਲਬਾਤ

ਭਾਈ ਸੰਤੋਖ ਸਿੰਘ ਰੱਬ ਜੀ ਦਮਦਮੀ ਟਕਸਾਲ ਅੰਦਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਭਾਈ ਸੰਤੋਖ ਸਿੰਘ ਰੱਬ ਜੀ ਨੇ ਘਲੂਘਾਰਾ ਜੂਨ 84 ਸਮੇਂ ਵਰ੍ਹਦੀਆਂ ਗੋਲ਼ੀਆਂ ਵਿੱਚ ਹਰਿਮੰਦਰ ਸਾਹਿਬ ਵਿੱਚ ਕੀਰਤਨ ਦੀ ਮਰਯਾਦਾ ਨਿਭਾਈ। ਪੇਸ਼ ਹੈ ਉਹਨਾਂ ਨਾਲ਼ ਕੀਤੀ ਗੱਲਬਾਤ :

ਸਵਾਲ : ਭਾਈ ਸੰਤੋਖ ਸਿੰਘ ਜੀ, ਸਭ ਤੋਂ ਪਹਿਲਾਂ ਆਪਣੇ ਬਾਰੇ ਦੱਸੋ ?

ਜਵਾਬ : ਮੇਰਾ ਪਿੰਡ ਨੈਣੇ ਕੋਟ, ਗੁਰਦਾਸਪੁਰ ਜ਼ਿਲ੍ਹੇ 'ਚ ਕਾਹਨੂੰਵਾਨ ਦੇ ਨੇੜੇ ਐ। ਮੇਰੇ ਪਿਤਾ ਜੀ ਦਾ ਨਾਮ ਸ੍ਰ. ਚਰਨ ਸਿੰਘ ਤੇ ਮਾਤਾ ਜੀ ਦਾ ਨਾਮ ਬੀਬੀ ਅਨੰਤ ਕੌਰ ਸੀ। ਛੇ ਭੈਣ-ਭਰਾਵਾਂ 'ਚੋਂ ਮੈਂ ਸਭ ਤੋਂ ਛੋਟਾ ਆਂ। ਮੇਰਾ ਜਨਮ 2 ਫ਼ਰਵਰੀ 1964 ਦਾ ਐ।

ਸਵਾਲ : ਤੁਸੀਂ ਟਕਸਾਲ ਨਾਲ਼ ਕਿਵੇਂ ਤੇ ਕਦੋਂ ਜੁੜੇ ?

ਜਵਾਬ : ਮੈਨੂੰ ਬਚਪਨ ਤੋਂ ਹੀ ਕੀਰਤਨ ਕਰਨ ਦਾ ਸ਼ੌਂਕ ਸੀ। ਘਰ ਦੇ ਨੇੜੇ ਗੁਰਦੁਆਰਾ ਸੀ, ਓਥੇ ਜਾ ਕੇ ਅਭਿਆਸ ਕਰਦੇ ਰਹਿਣਾ। ਫਿਰ ਲਾਗਲੇ ਪਿੰਡ ਲਾਧੂਪੁਰ 'ਚ ਭਾਈ ਸਵਿੰਦਰ ਸਿੰਘ, (ਜਿਹੜੇ ਬਾਅਦ 'ਚ ਪੰਥਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਬਣੇ) ਨੇ ਸੰਤ ਕਰਤਾਰ ਸਿੰਘ ਜੀ ਨੂੰ ਆਪਣੇ ਪਿੰਡ ਪ੍ਰਚਾਰ ਲਈ ਸੱਦਿਆ ਸੀ, ਅਸੀਂ ਓਥੇ ਸੰਤਾਂ ਦਾ ਪ੍ਰਚਾਰ ਸੁਣਨ ਲਈ ਗਏ। ਫਿਰ ਸਾਡੇ ਪਿੰਡ 'ਚ ਇੱਕ ਸਿੰਘ ਸੀ, ਜਿਨ੍ਹਾਂ ਨੂੰ ਸਾਰੇ ਸੰਤ ਜੋਗਿੰਦਰ ਸਿੰਘ ਸੱਦਦੇ ਸੀ, ਉਹ ਕਹਿੰਦੇ:- "ਜੇ ਕੀਰਤਨ ਸਿੱਖਣੈ ਤਾਂ ਮਹਿਤੇ ਛੱਡ ਆਵਾਂ ?" ਮੈਂ ਆਖਿਆ, "ਛੱਡ ਆਓ।" ਉਹ ਕਹਿੰਦੇ, "ਵੇਖ ਲਓ ਓਥੇ ਤੜਕੇ ਅੰਮ੍ਰਿਤ ਵੇਲ਼ੇ ਉਠਾ ਦਿੰਦੇ ਆ, ਟੋਕਰੀ ਵੀ ਢੋਣੀ ਪੈਂਦੀ ਆ।" ਮੈਂ ਕਿਹਾ, "ਕੋਈ ਗੱਲ ਨ੍ਹੀਂ ਪਹਿਲਾਂ ਦੁੱਖ , ਫਿਰ ਸੁਖ।" ਉਹ ਬੜੇ ਖ਼ੁਸ਼ ਹੋਏ ਤੇ ਫਿਰ ਮੇਰੇ ਪਰਿਵਾਰ ਨਾਲ਼ ਗੱਲ ਕਰ ਕੇ ਮੈਨੂੰ ਚੌਕ ਮਹਿਤਾ ਦਮਦਮੀ ਟਕਸਾਲ ਦੇ ਹੈੱਡਕੁਆਰਟਰ 'ਚ ਛੱਡ ਆਏ। ਇਹ ਸੰਨ 1975 ਦੀ ਗੱਲ ਆ ਤੇ ਮੇਰੀ ਉਮਰ ਓਦੋਂ ਸਾਰੀ 11 ਕੁ ਸਾਲ ਦੀ ਸੀ।

ਸਵਾਲ : ਤੁਸੀਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੂੰ ਓਥੇ ਟਕਸਾਲ ਦੇ

ਵਿਦਿਆਰਥੀ ਵਜੋਂ ਵੀ ਵੇਖਿਆ ?

ਜਵਾਬ : (ਸੰਤ) ਜਰਨੈਲ ਸਿੰਘ ਜੀ ਪਿੰਡ 'ਚ ਆਪਣੀ ਖੇਤੀ ਦਾ ਕੰਮ-ਕਾਰ ਵੀ ਵੇਖਦੇ ਸੀ ਤੇ ਫਿਰ ਓਥੋਂ ਕੰਮ ਨਿਬੇੜ ਕੇ ਮਹਿਤੇ ਆ ਜਾਂਦੇ ਤੇ ਮਹੀਨਾ ਦੋ ਮਹੀਨੇ ਰਹਿ ਜਾਂਦੇ। ਇਹ ਸਿਮਰਨ ਬਹੁਤ ਕਰਦੇ ਹੁੰਦੇ ਸੀ।

ਸਵਾਲ : ਜਦੋਂ ਤਕ ਸੰਤ ਜਰਨੈਲ ਸਿੰਘ ਜੀ ਨੂੰ ਦਸਤਾਰ ਨਹੀਂ ਸੀ ਮਿਲ਼ੀ, ਓਦੋਂ ਤਕ ਉਹਨਾਂ ਨੂੰ ਬਾਕੀ ਸਿੰਘ ਕੀ ਕਹਿ ਕੇ ਬੁਲਾਉਂਦੇ ਸੀ ?

ਜਵਾਬ : ਸਾਰੇ ਸਿੰਘ ਸੰਤਾਂ ਨੂੰ 'ਅਭਿਆਸੀ' ਕਹਿ ਕੇ ਬੁਲਾਉਂਦੇ ਹੁੰਦੇ ਸੀ, ਕਿਉਂਕਿ ਸੰਤ ਸਿਮਰਨ ਅਭਿਆਸ ਬਹੁਤ ਕਰਦੇ ਸੀ।

ਸਵਾਲ : ਜਥੇ 'ਚ ਤੁਹਾਨੂੰ 'ਰੱਬ ਜੀ' ਕਹਿ ਕੇ ਕਿਉਂ ਬੁਲਾਇਆ ਜਾਂਦਾ ਹੈ ?

ਜਵਾਬ : ਇਹ ਭਾਈ ਗੁਰਮੁਖ ਸਿੰਘ ਗੜਵਈ ਨੇ ਮੈਨੂੰ ਥੋੜ੍ਹਾ ਪਿਆਰ ਨਾਲ਼ ਕਹਿਣਾ ਸ਼ੁਰੂ ਕੀਤਾ। ਇੱਕ ਵਾਰ ਉਹ ਮੈਨੂੰ 'ਰੱਬ ਜੀ' ਕਹਿ ਕੇ ਬੁਲਾ ਰਹੇ ਸੀ ਤੇ ਸੰਤ ਕਰਤਾਰ ਸਿੰਘ ਜੀ ਨੇ ਸੁਣ ਲਿਆ। ਉਹ ਪੁੱਛਣ ਲੱਗੇ ਕਿ ਕੌਣ ਰੱਬ ਜੀ ? ਸਿੰਘਾਂ ਨੇ ਕਿਹਾ ਭਾਈ ਸੰਤੋਖ ਸਿੰਘ। ਫਿਰ ਸੰਤ ਕਰਤਾਰ ਸਿੰਘ ਜੀ ਹੱਸ ਪਏ ਤੇ ਉਸ ਦਿਨ ਤੋਂ ਬਾਅਦ ਉਹਨਾਂ ਨੇ ਵੀ ਮੈਨੂੰ 'ਰੱਬ ਜੀ' ਕਹਿਣਾ ਸ਼ੁਰੂ ਕਰ ਦਿੱਤਾ।

ਸਵਾਲ : ਜਦੋਂ ਸੰਤ ਜਰਨੈਲ ਸਿੰਘ ਜੀ ਟਕਸਾਲ ਦੇ ਮੁਖੀ ਬਣੇ, ਤਾਂ ਕੋਈ ਵਿਸ਼ੇਸ਼ ਯਾਦ ?

ਜਵਾਬ : ਸੰਤ ਜਰਨੈਲ ਸਿੰਘ ਜੀ ਜਦੋਂ ਮੁਖੀ ਬਣਨ ਤੋਂ ਬਾਅਦ ਯੂ.ਪੀ. ਦੌਰੇ ਤੇ ਗਏ ਤਾਂ ਮੈਂ ਨਾਲ਼ ਸੀ। ਓਥੇ ਉਹ ਇੱਕ ਫ਼ਾਰਮ ਤੇ ਵਿਹਲੇ ਸਮੇਂ ਟਹਿਲ ਰਹੇ ਸੀ ਤਾਂ ਮੈਂ ਉਹਨਾਂ ਦੇ ਕੋਲ਼ ਗਿਆ। ਮੈਂ ਕਿਹਾ:- "ਮਹਾਂਪੁਰਸ਼ੋ ! ਇੱਕ ਬੇਨਤੀ ਆ ਜੇ ਮੰਨੋਗੇ ਤਾਂ।" ਕਹਿੰਦੇ, "ਦੱਸ।" ਮੈਂ ਕਿਹਾ, "ਪਹਿਲਾਂ ਕਹੋ ਮੰਨੋਗੇ।" ਕਹਿੰਦੇ, "ਨਹੀਂ ਪਹਿਲੇ ਦੱਸ, ਤੈਨੂੰ ਪਤੈ ਮੈਂ ਜੋ ਕਹਿ ਦਿਆਂ ਉਹ ਕਰਦੈਂ।" ਮੈਂ ਹੱਥ ਜੋੜ ਕੇ ਕਿਹਾ, "ਸਾਰੇ ਜਥੇ ਨੂੰ ਕਹੋ ਕਿ ਮੈਨੂੰ ਭਾਈ ਸੰਤੋਖ ਸਿੰਘ ਹੀ ਕਹਿ ਕੇ ਬੁਲਾਇਆ ਕਰਨ, 'ਰੱਬ ਜੀ' ਨਾ ਕਿਹਾ ਕਰਨ।"



ਸਵਾਲ : ਫਿਰ ਸੰਤ ਜੀ ਕੀ ਕਹਿੰਦੇ ?

ਜਵਾਬ : ਸੰਤਾਂ ਨੇ ਮੇਰੀ ਬਾਂਹ ਫੜ ਕੇ ਝੰਜੋੜ ਕੇ ਕਿਹਾ:- "ਤੂੰ ਦੱਸ ਪਈ ਪਿਓ ਦੀ ਕੀਤੀ ਨੂੰ ਪੁੱਤ ਬਦਲ ਸਕਦੈ ? ਜੋ ਨਾਂ ਸੰਤ ਕਰਤਾਰ ਸਿੰਘ ਰੱਖ ਗਏ ਆ, ਨਾਂ ਤੇਰਾ ਓਹੋ ਚੱਲੂ, ਤੁਸੀਂ ਗੁਰਬਾਣੀ ਦਾ



ਕੀਰਤਨ ਕਰਦੇ ਓ, ਇਸ ਲਈ ਬਖ਼ਸ਼ਿਸ਼ ਹੋਈ ਆ।"

ਸਵਾਲ : ਫਿਰ ਜਥੇ 'ਚ ਤੁਹਾਡੀ ਸੇਵਾ ਕੀਰਤਨ ਦੀ ਹੀ ਰਹੀ ?

ਜਵਾਬ : ਹਾਂ, ਪਹਿਲਾਂ ਮੈਂ ਜਥੇ 'ਚ ਵੀ ਕੀਰਤਨ ਕਰਦਾ ਰਿਹਾ, ਤੇ ਫਿਰ ਤਖ਼ਤ ਸ੍ਰੀ ਪਟਨਾ ਸਾਹਿਬ 'ਚ ਮੈਨੂੰ ਕੀਰਤਨ ਦੀ ਡਿਊਟੀ ਮਿਲ਼ ਗਈ ਸੰਨ 1982 ਦੇ ਵਿੱਚ। ਮੈਂ ਸੰਤਾਂ ਤੋਂ ਜਾਣ ਦੀ ਆਗਿਆ ਮੰਗੀ, ਤਾਂ ਸੰਤ ਜੀ ਹੱਸ ਕੇ ਕਹਿੰਦੇ:- "ਤੂੰ ਜਾਣੈ ? ਠੀਕ ਆ ਜਿੱਥੇ ਮਰਜ਼ੀ ਜਾਹ, ਪਰ ਔਖੇ ਸਮੇਂ ਤੇ ਆਪਾਂ ਫੇਰ ਇਕੱਠੇ ਹੋ ਹੀ ਜਾਣੈ।" ਓਦੋਂ ਮੈਨੂੰ ਸੰਤਾਂ ਦੇ ਇਸ ਬਚਨ ਦੀ ਸਮਝ ਨਾ ਆਈ, ਪਰ ਬਾਅਦ 'ਚ ਜਦੋਂ ਇਹ ਬਚਨ ਪੂਰਾ ਹੋਇਆ ਫਿਰ ਪਤਾ ਲੱਗਾ।

ਸਵਾਲ : ਇਹ ਬਚਨ ਕਦੋਂ ਪੂਰਾ ਹੋਇਆ ?

ਜਵਾਬ : ਸੰਨ 1984 'ਚ ਪਟਨਾ ਸਾਹਿਬ ਤੋਂ ਪੰਜਾਬ 'ਚ ਕਣਕ ਦੀ ਉਗਰਾਹੀ ਕਰਨ ਲਈ ਸਿੰਘ ਆਏ ਸੀ। ਮੈਂ ਵੀ ਉਹਨਾਂ ਦੇ ਨਾਲ਼ ਹੀ ਪੰਜਾਬ ਮਿਲ਼ਣ-ਗਿਲ਼ਣ ਆ ਗਿਆ। ਓਥੋਂ ਕੁਝ ਦਿਨਾਂ ਦੀ ਛੁੱਟੀ ਲੈ ਲਈ। ਅਸੀਂ 19 ਮਈ 1984 ਨੂੰ ਓਥੋਂ ਚੱਲੇ। ਪੰਜਾਬ ਆ ਕੇ ਮੈਂ ਦੋ ਕੁ ਦਿਨ ਪਿੰਡ 'ਚ ਰਿਹਾ ਤੇ 28 ਮਈ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਜੋੜੇ ਜਮ੍ਹਾ ਕਰਵਾਏ ਹੀ ਸੀ ਕਿ ਘੰਟਾ ਘਰ ਵਾਲ਼ੇ ਪਾਸੇ ਪਰਕਰਮਾ 'ਚ ਸੰਤ ਜਰਨੈਲ ਸਿੰਘ ਜੀ ਨਾਲ਼ ਮੇਲ ਹੋ ਗਿਆ। ਮੈਨੂੰ ਵੇਖਦਿਆਂ ਹੀ ਹੱਸ ਪਏ, ਕਹਿੰਦੇ:- "ਆ ਗਿਐਂ ?" ਮੈਂ ਕਿਹਾ, "ਜੀ ਕੁਝ ਦਿਨਾਂ ਦੀ ਛੁੱਟੀ ਲੈ ਕੇ ਆਇਐਂ।" ਸੰਤ ਕਹਿੰਦੇ, "ਹੁਣ ਨੀਂ ਜਾਣਾ ਵਾਪਸੀ, ਹੁਣ ਏਥੇ ਈ ਰਹਿਣੈ।" ਮੈਂ ਕਿਹਾ, "ਸੰਤ ਜੀ, ਮੇਰੀ ਓਥੇ ਕੀਰਤਨ ਦੀ ਡਿਊਟੀ ਆ।" ਸੰਤ ਕਹਿੰਦੇ, "ਜੋ ਮਰਜ਼ੀ ਹੋਵੇ, ਹੁਣ ਤੂੰ ਏਥੇ ਈ ਰਹਿਣੈ।"

ਸਵਾਲ : ਫਿਰ ਤੁਸੀਂ ਕੀ ਕਿਹਾ ?

ਜਵਾਬ : ਫਿਰ ਮੈਂ ਕਿਹਾ, 'ਸਤਿਬਚਨ ਮਹਾਂਪੁਰਖੋ', ਤੇ ਫਿਰ ਮੈਂ ਓਥੇ ਹੀ ਪਰਕਰਮਾ 'ਚ ਇੱਕ ਕਮਰੇ 'ਚ ਆਸਣ ਜਮਾ ਲਏ।

ਸਵਾਲ : ਕਿਹੜੇ ਕਮਰੇ 'ਚ ?

ਜਵਾਬ : ਬ੍ਰਹਮ ਬੂਟਾ ਵਾਲ਼ੇ ਪਾਸੇ ਛਬੀਲ ਦੇ ਨੇੜੇ ਕਮਰਾ ਸੀ, ਉਹਦੇ 'ਚ ਭਾਈ ਦਲਬੀਰ ਸਿੰਘ ਅਭਿਆਸੀ ਤੇ ਭਾਈ ਸਵਰਨ ਸਿੰਘ ਰੋਡੇ ਵੀ ਰਹਿ ਰਹੇ ਸੀ। ਹੋਰ ਵੀ ਕਈ ਸਿੰਘ ਉਸ ਕਮਰੇ ਦੇ ਵਿੱਚ ਸੀ।

ਸਵਾਲ : ਫਿਰ ਹਮਲਾ ਹੋਣ ਵੇਲ਼ੇ ਤਕ ਓਥੇ ਹੀ ਰਹੇ ?

ਜਵਾਬ : ਹਾਂ, ਪਹਿਲਾਂ ਤਾਂ ਇੱਕ ਜੂਨ ਨੂੰ ਸੀ.ਆਰ.ਪੀ. ਨੇ ਗੋਲੀ ਚਲਾਈ 7-8 ਘੰਟੇ। ਫਿਰ ਦੋ ਕੁ ਦਿਨ ਸ਼ਾਂਤੀ ਰਹੀ। ਪਰ ਸੰਤਾਂ ਨੂੰ ਪਤਾ ਸੀ ਤੇ ਜਨ: ਸੁਬੇਗ ਸਿੰਘ ਹੋਰਾਂ ਨੂੰ ਵੀ ਪਤਾ ਸੀ ਕਿ ਹੁਣ ਫ਼ੌਜ ਨੇ ਹਮਲਾ ਕਰਨੈ। ਜਨ: ਸੁਬੇਗ ਸਿੰਘ ਹੋਰਾਂ ਨੇ ਤਿਆਰੀਆਂ ਹੋਰ ਤੇਜ਼ ਕਰ ਦਿੱਤੀਆਂ ਸੀ।

ਸਵਾਲ : ਫਿਰ ਫ਼ੌਜ ਦਾ ਹਮਲਾ ਕਦੋਂ ਸ਼ੁਰੂ ਹੋਇਆ ?

ਜਵਾਬ : ਚਾਰ ਜੂਨ ਨੂੰ ਅੰਮ੍ਰਿਤ ਵੇਲੇ ਮੈਂ ਇਸ਼ਨਾਨ ਪਾਣੀ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਤੁਰਿਆ ਜਾ ਰਿਹਾ ਸੀ ਪਰਕਰਮਾ 'ਚ, ਜਦੋਂ ਭਾਰਤੀ ਫ਼ੌਜ ਨੇ ਚਾਰ ਵੱਜ ਕੇ ਚਾਲੀ ਮਿੰਟ ਤੇ ਪਹਿਲਾ ਗੋਲ਼ਾ ਹਰਿਮੰਦਰ ਸਾਹਿਬ ਵੱਲ ਮਾਰਿਆ। ਇਕਦਮ ਸ਼ਰਧਾਲੂਆਂ 'ਚ ਭਾਜੜ ਪੈ ਗਈ। ਫਿਰ ਗੋਲ਼ੀ ਮੀਂਹ ਵਾਂਗ ਵਰ੍ਹਨ ਲੱਗ ਪਈ। ਮੈਂ ਮੱਥਾ ਟੇਕ ਕੇ ਵਾਪਸ ਕਮਰੇ 'ਚ ਪਹੁੰਚ ਗਿਆ, ਪਰ ਗੋਲ਼ੀ ਹੋਰ ਤੇਜ਼ ਹੁੰਦੀ ਗਈ।

ਸਵਾਲ : ਕਮਰੇ 'ਚ ਬਾਕੀ ਸਿੰਘਾਂ ਨੇ ਮੋਰਚਾ ਸੰਭਾਲ਼ਿਆ ?

ਜਵਾਬ : ਸਿੰਘਾਂ ਨੇ ਬੁੰਗਿਆਂ 'ਚ ਜਾ ਕੇ ਮੋਰਚਾ ਸੰਭਾਲ਼ਿਆ ਸੀ। ਓਦੋਂ ਤਕ ਫ਼ੌਜ ਹਰਿਮੰਦਰ ਸਾਹਿਬ ਦੇ ਅੰਦਰ ਦਾਖ਼ਲ ਨਈਂ ਸੀ ਹੋ ਸਕੀ।

ਸਵਾਲ : ਤੁਸੀਂ ਫਿਰ ਉਸ ਕਮਰੇ 'ਚ ਕਦੋਂ ਤਕ ਰਹੇ ?

ਜਵਾਬ : ਪਹਿਲਾ ਦਿਨ ਤੇ ਫਿਰ ਸਾਰੀ ਰਾਤ ਗੋਲ਼ੀ ਚੱਲਦੀ ਰਹੀ। ਅਗਲੇ ਦਿਨ ਪੰਜ ਜੂਨ ਨੂੰ ਵੀ ਗੋਲ਼ੀ ਲਗਾਤਾਰ ਚੱਲਦੀ ਰਹੀ। ਪੰਜ ਜੂਨ ਨੂੰ ਮੈਂ ਦੁਪਹਿਰੇ ਤਿੰਨ ਕੁ ਵਜੇ ਤਿਆਰ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਚੱਲ ਪਿਆ। ਗੋਲ਼ੀ ਮੀਂਹ ਵਾਂਗ ਵਰ੍ਹ ਰਹੀ ਸੀ। ਥਮ੍ਹਲਿਆਂ ਦੀ ਓਟ ਲੈ-ਲੈ ਕੇ ਹੌਲ਼ੀ-ਹੌਲ਼ੀ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਹੁੰਚ ਗਿਆ। ਅੰਦਰ ਮੋਰਚੇ ਤੇ ਬੈਠੇ ਸਿੰਘ ਇਕਦਮ ਚੁਕੰਨੇ ਹੋ ਗਏ। ਮੈਨੂੰ ਓਥੇ ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ ਮਿਲ਼ ਪਏ। ਉਹ ਮੇਰੇ ਨਾਲ਼ ਗੱਲਬਾਤ ਕਰਨ ਲੱਗ ਪਏ। ਉਹਨਾਂ ਨੇ ਮੇਰਾ ਪਟਨਾ ਸਾਹਿਬ ਦਾ ਆਈਡੈਂਟੀ ਕਾਰਡ ਵੇਖਿਆ ਤੇ ਕਹਿੰਦੇ:- "ਇਹਦੇ ਤੋਂ ਆਪਣੀ ਫ਼ੋਟੋ ਲਾਹ ਦੇਹ, ਕਾਰਡ ਆਪਣੇ ਕੋਲ ਰੱਖ, ਕਿਉਂਕਿ ਟਕਸਾਲੀ ਪਛਾਣ ਵਾਲ਼ੀ ਫ਼ੋਟੋ ਵੇਖ ਕੇ ਫ਼ੌਜ ਨੇ ਸਿੱਧੀ ਗੋਲ਼ੀ ਮਾਰਨੀ ਆ।" ਤੇ ਉਹਨਾਂ ਨੇ ਆਈ ਕਾਰਡ ਤੋਂ ਮੇਰੀ ਫ਼ੋਟੋ ਲਾਹ ਦਿੱਤੀ। ਏਨੇ ਚਿਰ ਨੂੰ ਅਕਾਲ ਤਖ਼ਤ ਸਾਹਿਬ ਦੀ ਹੇਠਲੀ ਮੰਜ਼ਲ ਵਿੱਚੋਂ ਸੰਤ ਜਰਨੈਲ ਸਿੰਘ ਜੀ ਅਚਾਨਕ ਹੀ ਕਿਸੇ ਕੰਮ ਉੱਪਰ ਆਏ। ਮੈਨੂੰ ਵੇਖ ਕੇ ਕਹਿੰਦੇ, 'ਤੂੰ ਕਿੱਧਰੋਂ ਆਇਐਂ ?' ਮੈਂ ਦੱਸਿਆ ਕਿ ਮੈਂ ਛਬੀਲ ਦੇ ਨੇੜੇ ਜਿਹੜਾ ਕਮਰਾ ਐ, ਓਥੇ ਸੀ। ਫਿਰ ਸੰਤ ਕਹਿੰਦੇ, 'ਜਾਹ ਭੱਜ ਕੇ ਦਰਬਾਰ ਸਾਹਿਬ



ਪਹੁੰਚ ਜਾਹ, ਓਥੇ ਹੋਰ ਸਿੰਘ ਵੀ ਹੈਗੇ ਆ, ਤੁਸੀਂ ਕੀਰਤਨ ਦੀ ਸੇਵਾ ਨਿਭਾਉਣੀ ਆ।'

ਸਵਾਲ : ਫਿਰ ਤੁਸੀਂ ਦਰਬਾਰ ਸਾਹਿਬ 'ਚ ਆ ਗਏ ?

ਜਵਾਬ : ਮੈਂ ਫਿਰ 'ਸਤਿਬਚਨ' ਕਹਿ ਕੇ ਵਰ੍ਹਦੀਆਂ ਗੋਲ਼ੀਆਂ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਰਿਮੰਦਰ ਸਾਹਿਬ ਵੱਲ ਆ ਗਿਆ। ਗੋਲ਼ੀ ਲਗਾਤਾਰ ਚੱਲ ਰਹੀ ਸੀ ਤੇ ਦਰਸ਼ਨੀ ਡਿਓੜ੍ਹੀ ਦੇ ਅੰਦਰਲੇ ਪਾਸੇ ਸ਼੍ਰੋਮਣੀ ਕਮੇਟੀ ਦੇ ਕਈ ਮੁਲਾਜ਼ਮ ਵੀ ਗੋਲ਼ੀ ਤੋਂ ਬਚਣ ਲਈ ਬੈਠੇ ਹੋਏ ਸੀ। ਮੈਂ ਜਦੋਂ ਹਰਿਮੰਦਰ ਸਾਹਿਬ ਵੱਲ ਜਾਣ ਲੱਗਾ ਤਾਂ ਇੱਕ ਮੁਲਾਜ਼ਮ ਮੈਨੂੰ ਕਹਿੰਦਾ, 'ਕਿੱਧਰ ਨੂੰ ?' ਮੈਂ ਕਿਹਾ "ਮੈਂ ਸ੍ਰੀ ਹਰਿਮੰਦਰ ਸਾਹਿਬ ਜਾਣੈ।" ਉਹ ਕਹਿੰਦਾ, 'ਫ਼ੌਜੀ ਤਾਂ ਸਿਰ ਨੀਂ ਚੁੱਕਣ ਦੇਣ ਡਹੇ, ਮੀਂਹ ਵਾਂਗ ਗੋਲ਼ੀ ਚਲਾਉਣ ਡਹੇ ਆ ਤੇ ਤੂੰ ਦਰਬਾਰ ਸਾਹਿਬ ਤਕ ਕਿਵੇਂ ਪਹੁੰਚ ਜਾਏਂਗਾ ?'

ਸਵਾਲ : ਫਿਰ ਤੁਸੀਂ ਕੀ ਕਿਹਾ ?

ਜਵਾਬ : ਮੈਂ ਕਿਹਾ 'ਮੈਨੂੰ ਮਹਾਂਪੁਰਖਾਂ ਦਾ ਹੁਕਮ ਆ, ਮੈਂ ਜਾਣਾ ਹੀ ਜਾਣੈ, ਜੋ ਮਰਜ਼ੀ ਹੋ ਜਾਏ।' ਫਿਰ ਇੱਕ ਹੋਰ ਕਮੇਟੀ ਦਾ ਮੁਲਾਜ਼ਮ ਕਹਿੰਦਾ, 'ਜਾਣ ਦੇਹ, ਜਾਣ ਦੇਹ, ਇਹ ਭਿੰਡਰਾਂਵਾਲ਼ਿਆਂ ਨੇ ਨ੍ਹੀਂ ਗੱਲ ਮੰਨਣੀ।' ਫਿਰ ਮੈਂ ਦਰਸ਼ਨੀ ਡਿਓੜ੍ਹੀ 'ਚ ਪਹਿਲਾਂ ਅਰਦਾਸ ਕੀਤੀ ਕਿ 'ਸੱਚੇ ਪਾਤਸ਼ਾਹ, ਜੇ ਗੋਲ਼ੀ ਵੱਜੇ ਤਾਂ ਛਾਤੀ ਤੇ ਵੱਜੇ।' ਫਿਰ ਮੈਂ ਭੱਜ ਕੇ ਸ੍ਰੀ ਹਰਿਮੰਦਰ ਸਾਹਿਬ ਵੱਲ ਗਿਆ। ਜਾ ਕੇ ਵੇਖਿਆ ਜਿਹੜਾ ਮੁੱਖ ਦਰਵਾਜ਼ਾ ਐ, ਉਹ ਬੰਦ ਐ, ਫਿਰ ਮੈਂ ਭੱਜ ਕੇ ਖੱਬੇ ਹੱਥ ਨੂੰ ਹੋਇਆ, ਉਹ ਦਰਵਾਜ਼ਾ, ਜਿੱਧਰ ਦੀ ਆਪਾਂ ਮੱਥਾ ਟੇਕ ਕੇ ਬਾਹਰ ਨਿਕਲਦੇ ਆਂ, ਓਧਰ ਨੂੰ...। ਉਹ ਦਰਵਾਜ਼ਾ ਵੀ ਬੰਦ ਸੀ। ਇਹਨਾਂ ਦੋਹਾਂ ਦਰਵਾਜ਼ਿਆਂ ਵੱਲ ਸਿੱਧੀਆਂ ਗੋਲ਼ੀਆਂ ਆਉਂਦੀਆਂ ਸੀ। ਫਿਰ ਮੈਂ ਪਿਛਲੇ ਪਾਸੇ ਹਰਿ ਕੀ ਪਉੜੀ ਵੱਲ ਨੂੰ ਹੋਇਆ। ਉਹ ਦਰਵਾਜ਼ਾ ਖੁੱਲ੍ਹਾ ਹੋਇਆ ਸੀ, ਕਿਉਂਕਿ ਓਧਰ ਓਹਲਾ ਹੋਣ ਕਰ ਕੇ ਸਿੱਧੀਆਂ ਗੋਲ਼ੀਆਂ ਤੋਂ ਬਚਾਅ ਸੀ। ਮੈਂ ਹਰਿਮੰਦਰ ਸਾਹਿਬ ਦੇ ਅੰਦਰ ਚਲਾ ਗਿਆ।

ਸਵਾਲ : ਅੰਦਰ ਕੌਣ ਕੌਣ ਸੀ ?

ਜਵਾਬ : ਅੰਦਰ ਕਾਫ਼ੀ ਸਿੰਘ ਸੀਗੇ, ਜਿੰਨ੍ਹਾਂ 'ਚ ਗ੍ਰੰਥੀ ਸਿੰਘ ਗਿਆਨੀ ਮੋਹਨ ਸਿੰਘ ਜੀ, ਗਿ. ਪੂਰਨ ਸਿੰਘ ਜੀ, ਹੈੱਡ ਰਾਗੀ ਭਾਈ ਹਰੀ ਸਿੰਘ ਕੀਰਤਨ ਕਰ ਰਹੇ ਸੀ, ਅਖੰਡ ਕੀਰਤਨੀ ਜਥੇ ਦੇ ਭਾਈ ਅਵਤਾਰ ਸਿੰਘ ਪਾਰੋਵਾਲ ਤੇ ਉਹਨਾਂ ਦੇ ਜਥੇ ਦਾ ਹੀ ਇੱਕ ਹੋਰ ਸਿੰਘ ਸੀ। ਟਕਸਾਲ ਦੇ ਭਾਈ ਰਾਮ ਸਿੰਘ ਰਾਗੀ ਵੀ ਅੰਦਰ ਹੀ ਸੀਗੇ। ਸੂਰਮਾ ਸਿੰਘ ਭਾਈ ਚਰਨਜੀਤ ਸਿੰਘ, ਭਾਈ ਜਸਵੰਤ ਸਿੰਘ ਜੰਮੂ ਤੇ ਹੋਰ ਕਈ ਸਿੰਘ ਸੀ। ਮੈਨੂੰ ਹੈੱਡ ਰਾਗੀ ਭਾਈ ਹਰੀ ਸਿੰਘ ਨੇ ਇਸ਼ਾਰਾ ਕੀਤਾ ਕਿ ਨਾਲ਼ ਸਾਈਡ ਤੇ ਕੀਰਤਨ



ਕਰਨ ਲਈ ਬੈਠ ਜਾਹ। ਮੈਂ ਇੱਕ ਸਿੰਘ ਤੋਂ ਹਜ਼ੂਰੀਆ ਲੈ ਕੇ ਸਾਈਡ ਤੇ ਕੀਰਤਨ ਕਰਨ ਲਈ ਬਹਿ ਗਿਆ।

ਸਵਾਲ : ਫਿਰ ਕੀਰਤਨ ਦੀ ਸੇਵਾ ਤੁਸੀਂ ਉਸੇ ਹੀ ਜਥੇ ਦੇ ਨਾਲ਼ ਨਿਭਾਈ ?

ਜਵਾਬ : ਨਈਂ। ਪੰਜ ਜੂਨ ਨੂੰ ਥੋੜ੍ਹੇ ਚਿਰ ਲਈ ਗੋਲ਼ੀ ਰੁਕੀ ਤੇ ਸ਼ਾਇਦ ਅਫ਼ਵਾਹ ਫੈਲ ਗਈ ਕਿ ਕਰਫ਼ਿਊ 'ਚ ਥੋੜ੍ਹੇ ਚਿਰ ਦੀ ਢਿੱਲ ਦਿੱਤੀ ਗਈ ਆ। ਇਹ ਸੁਣ ਕੇ ਭਾਈ ਹਰੀ ਸਿੰਘ ਹੋਰੀਂ ਡਿਊਟੀ ਛੱਡ ਕੇ ਚਲੇ ਗਏ। ਭਾਈ ਰਾਮ ਸਿੰਘ ਰਾਗੀ ਵੀ ਚਲੇ ਗਏ, ਅਸੀਂ ਕੀਰਤਨ ਕਰਦੇ ਰਹੇ। ਨਾਲ਼ ਅਖੰਡ ਕੀਰਤਨੀ ਜਥੇ ਦਾ ਸਿੰਘ ਸੀ। ਫਿਰ ਸ਼ਾਮ ਦੇ ਵੇਲ਼ੇ ਸੋਦਰੁ ਲਾਈ। ਗਿ. ਪੂਰਨ ਸਿੰਘ ਜੀ ਨੇ ਰਹਰਾਸਿ ਦਾ ਪਾਠ ਕੀਤਾ। ਫਿਰ ਰਵਾਇਤ ਅਨੁਸਾਰ ਸ਼ਬਦ ਪੜ੍ਹ ਕੇ ਮਹਾਰਾਜ ਦਾ ਸੁਖਆਸਣ ਕੀਤਾ। ਸਲਾਹ ਕੀਤੀ ਕਿ ਸੁਖਆਸਣ ਕਿੱਥੇ ਕਰੀਏ। ਫਿਰ ਹਰਿਮੰਦਰ ਸਾਹਿਬ ਦੀ ਉੱਪਰਲੀ ਮੰਜ਼ਲ ਦੇ ਵਿੱਚ ਹੀ ਜਿੱਥੇ ਵੱਡਾ ਸਰੂਪ ਪ੍ਰਕਾਸ਼ ਹੁੰਦੈ, ਓਥੇ ਹੀ ਸਰੂਪ ਟਿਕਾਅ ਆਏ।

ਸਵਾਲ : ਫਿਰ ਪੰਜ ਜੂਨ ਦੀ ਰਾਤ ਕਿਵੇਂ ਲੰਘੀ ?

ਜਵਾਬ : ਇਸ ਰਾਤ ਨੂੰ 11-12 ਵਜੇ ਟੈਂਕ ਪ੍ਰਕਰਮਾ ਦੇ ਅੰਦਰ ਦਾਖ਼ਲ ਹੋਏ। ਪਿੱਛੇ ਪਿੱਛੇ ਹੀ ਫ਼ੌਜ ਵੀ ਪਰਕਰਮਾ 'ਚ ਦਾਖ਼ਲ ਹੋਈ।

ਸਵਾਲ : ਅੰਦਰੋਂ ਸਿੰਘਾਂ ਦਾ ਪ੍ਰਤੀਕਰਮ ਕਿਹੋ ਜਿਹਾ ਸੀ ?

ਜਵਾਬ : ਸਾਨੂੰ ਤਾਂ ਪਹਿਲਾਂ ਗੋਲ਼ੀਆਂ ਤੇ ਗੋਲ਼ਿਆਂ ਦੀਆਂ ਅਵਾਜ਼ਾਂ ਸੁਣਦੀਆਂ ਰਹੀਆਂ, ਫਿਰ ਜਦੋਂ ਟੈਂਕ ਆਏ ਤਾਂ ਪਹਿਲਾਂ ਤਾਂ ਫ਼ੌਜੀਆਂ ਦੇ ਨਾਹਰੇ ਸੁਣਦੇ ਰਹੇ, ਫਿਰ ਉਹਨਾਂ ਦੀਆਂ ਚੀਕਾਂ ਵੀ ਸੁਣਨ ਲੱਗ ਪਈਆਂ ਹਿੰਦੀ 'ਚ, ਚਾਗਰਾਂ ਮਾਰ ਰਹੇ ਸੀ, 'ਹਾਏ ਮਾਰ ਦੀਆ।' ਫੇਰ ਕੋਈ ਹੋਰ ਅਵਾਜ਼ ਆਉਂਦੀ- 'ਆਗੇ ਬੜ੍ਹੋ, ਭਗਵਾਨ ਭਲੀ ਕਰੇਗਾ।'

ਅੱਗੋਂ ਇੱਕ ਹੋਰ ਅਵਾਜ਼ ਆਈ- 'ਅਰੇ ਭਗਵਾਨ ਕਿਆ ਖਾਕ ਭਲੀ ਕਰੇਗਾ ? ਭਗਵਾਨ ਕੇ ਘਰ ਕੋ ਤੋ ਤੋੜ ਰਹੇ ਹੈਂ...।' ਇਸ ਤਰ੍ਹਾਂ ਦੀਆਂ ਅਵਾਜ਼ਾਂ ਪੰਜ ਜੂਨ ਦੀ ਸਾਰੀ ਰਾਤ ਸਾਨੂੰ ਸੁਣਦੀਆਂ ਰਹੀਆਂ। ਜਦੋਂ ਕਦੇ ਫ਼ੌਜੀਆਂ ਦੀਆਂ 'ਹਾਏ ਮਾਰ ਦੀਆ' ਦੀਆਂ ਅਵਾਜ਼ਾਂ ਆਉਂਦੀਆਂ ਸੀ ਤਾਂ ਫਿਰ ਸਿੰਘਾਂ ਦੇ ਜੈਕਾਰੇ ਵੀ ਸੁਣਦੇ ਸੀ।

ਸਵਾਲ : ਇਹੋ ਜਿਹੇ ਮਾਹੌਲ ਤੇ ਵਰ੍ਹਦੀ ਅੱਗ 'ਚ ਤੁਸੀਂ ਅਗਲੇ ਦਿਨ ਹਰਿਮੰਦਰ ਸਾਹਿਬ ਦੀ ਮਰਯਾਦਾ ਨਿਭਾਈ ?

ਜਵਾਬ : ਹਾਂ, ਅਗਲੇ ਦਿਨ ਸਵੇਰੇ 4 ਵਜੇ ਪ੍ਰਕਾਸ਼ ਕੀਤਾ ਤੇ ਫਿਰ ਹੁਕਮਨਾਮਾ ਲੈ ਕੇ ਆਸਾ ਦੀ ਵਾਰ ਦਾ ਕੀਰਤਨ ਅਸੀਂ ਸ਼ੁਰੂ ਕਰ ਦਿੱਤਾ। ਮੇਰੇ ਨਾਲ਼ ਅਖੰਡ ਕੀਰਤਨੀ ਜਥੇ ਦਾ ਇੱਕ ਸਿੰਘ ਕੀਰਤਨ ਦੀ ਸੇਵਾ ਨਿਭਾ ਰਿਹਾ ਸੀ। ਭਾਈ ਅਵਤਾਰ ਸਿੰਘ ਪਾਰੋਵਾਲ ਕੋਲ਼ ਬੈਠੇ ਸੀ। ਨਾਲ਼ ਭਾਈ ਚਰਨਜੀਤ ਸਿੰਘ ਸੂਰਮਾ ਸਿੰਘ ਸੀ। ਇਸ ਵੇਲ਼ੇ ਬਾਹਰੋਂ ਇੱਕ ਗੋਲ਼ੀ ਆਈ ਤੇ ਭਾਈ ਅਵਤਾਰ ਸਿੰਘ ਪਾਰੋਵਾਲ ਦੇ ਪੱਟ 'ਚ ਵੱਜੀ। ਅੰਦਰ ਇੱਕ ਸਿੰਘ ਭਾਈ ਜਸਵੰਤ ਸਿੰਘ ਜੰਮੂ ਸੀ। ਉਹਦੇ ਕੋਲ਼ ਮਲ੍ਹਮ ਪੱਟੀ ਦਾ ਸਮਾਨ ਸੀ। ਉਹਨੇ ਭਾਈ ਪਾਰੋਵਾਲ ਦੀ ਪੱਟੀ ਕੀਤੀ, ਪਰ ਖ਼ੂਨ ਨ੍ਹੀਂ ਬੰਦ ਹੋਇਆ। ਫਿਰ ਭਾਈ ਅਵਤਾਰ ਸਿੰਘ ਉਸੇ ਤਰ੍ਹਾਂ ਨੁੱਚੜਦੇ ਖ਼ੂਨ 'ਚ ਬੈਠੇ ਰਹੇ।

ਭਾਈ ਅਵਤਾਰ ਸਿੰਘ ਪਾਰੋਵਾਲ

ਸਵਾਲ : ਅੰਦਰ ਪ੍ਰਸ਼ਾਦੇ ਪਾਣੀ ਦਾ ਕੋਈ ਪ੍ਰਬੰਧ ਹੈ ਸੀ ?

ਜਵਾਬ : ਪ੍ਰਸ਼ਾਦੇ ਦਾ ਕੋਈ ਪ੍ਰਬੰਧ ਨਈਂ ਸੀ। ਪ੍ਰਸ਼ਾਦਾ ਅਸੀਂ ਤਿੰਨ ਜੂਨ ਰਾਤ ਦਾ ਹੀ ਛਕਿਆ ਸੀ, ਫਿਰ ਅੱਠ ਜੂਨ ਤਕ ਪਾਣੀ ਤੇ ਹੀ ਰਹੇ। ਪਾਣੀ ਦੀ ਵੀ ਬਹੁਤ ਮੁਸ਼ਕਲ ਸੀ। ਜਦੋਂ ਟੈਂਕ ਅੰਦਰ ਆ ਗਏ ਤਾਂ ਫਿਰ ਹਰਿ ਕੀ ਪਉੜੀ ਵਾਲਾ ਪਾਸਾ ਵੀ ਸੇਫ਼ ਨਾ ਰਿਹਾ, ਓਧਰ ਵੀ ਗੋਲ਼ੀ ਵਰ੍ਹਨ ਲੱਗ ਪਈ ਤੇ ਫਿਰ ਸਰੋਵਰ ਚੋਂ ਪਾਣੀ ਲਿਆਉਣਾ ਵੀ ਮੁਸ਼ਕਲ ਹੋ ਗਿਆ। ਭਾਵ ਕਿ ਹਰਿਮੰਦਰ ਸਾਹਿਬ ਦੇ ਅੰਦਰੋਂ ਦਰਵਾਜ਼ੇ 'ਚੋਂ ਲੰਘ ਕੇ ਹਰਿ ਕੀ ਪਉੜੀ ਤਕ ਪਹੁੰਚਣਾ ਮੁਸ਼ਕਲ ਹੋ ਗਿਆ। ਫਿਰ ਸਾਰਿਆਂ ਨੇ ਇੱਕ ਸਕੀਮ ਸੋਚੀ ਕਿ ਹਰਿਮੰਦਰ ਸਾਹਿਬ ਦੀ ਉੱਪਰਲੀ ਮੰਜ਼ਲ ਤੋਂ ਹਰਿ ਕੀ ਪਉੜੀ ਵੱਲ ਪੌੜੀਆਂ ਉੱਤਰ ਕੇ ਸਰੋਵਰ 'ਚੋਂ ਜਲ਼ ਲਿਆਂਦਾ ਜਾ ਸਕਦੈ। ਓਥੇ ਪਿੰਡ ਮੜ੍ਹੀਆਂਵਾਲ ਤੋਂ ਭਾਈ ਜਸਵਿੰਦਰ ਸਿੰਘ ਸੀ। ਉਸ ਨੂੰ ਅਸੀਂ ਜਿੱਥੋਂ ਚੰਦੋਆ ਬੰਨ੍ਹਦੇ ਆ, ਓਥੋਂ ਦੀ ਹਰਿਮੰਦਰ ਸਾਹਿਬ ਦੀ ਉੱਪਰਲੀ ਮੰਜ਼ਲ ਤੇ ਚੜ੍ਹਾਇਆ। ਓਥੋਂ ਉਹ ਹਰਿ ਕੀ ਪਉੜੀ ਵੱਲ ਪੌੜੀਆਂ ਉੱਤਰ ਕੇ ਸਰੋਵਰ ਚੋਂ ਜਲ਼ ਦੀ ਬਾਲ਼ਟੀ ਭਰ ਕੇ, ਫਿਰ ਪੌੜੀਆਂ ਰਾਹੀਂ ਹਰਿਮੰਦਰ ਸਾਹਿਬ ਦੀ ਉੱਪਰਲੀ ਮੰਜ਼ਲ 'ਚ ਪਹੁੰਚਿਆ, ਫਿਰ ਓਥੋਂ ਉਹਨੇ ਪੱਗ ਦੇ ਨਾਲ਼ ਬੰਨ੍ਹ ਕੇ ਜਲ਼ ਦੀ ਬਾਲ਼ਟੀ ਹੇਠਾਂ ਲਮਕਾਈ। ਇਸ ਤਰ੍ਹਾਂ ਉਹਨੇ ਚਾਰ ਕੁ

ਬਾਲ਼ਟੀਆਂ ਲਿਆਂਦੀਆਂ ਤੇ ਫਿਰ ਕਹਿੰਦਾ, 'ਹੁਣ ਫ਼ੌਜ ਸਿੱਧੀ ਮੇਰੇ ਵੱਲ ਗੋਲ਼ੀ ਚਲਾਉਂਦੀ ਆ, ਹੁਣ ਮੁਸ਼ਕਲ ਹੋ ਗਿਆ।' ਫਿਰ ਸਾਰੇ ਸਿੰਘਾਂ ਨੇ ਕਿਹਾ ਕਿ 'ਚੱਲ ਰਹਿਣ ਦੇ, ਆ ਜਾ ਥੱਲੇ।' ਤੇ ਫਿਰ ਉਹਨੂੰ ਓਥੋਂ ਹੀ ਹੇਠਾਂ ਲਾਹ ਲਿਆ।

ਸਵਾਲ : ਇਸ ਤਰ੍ਹਾਂ ਹਰਿਮੰਦਰ ਸਾਹਿਬ 'ਚ ਕਦੋਂ ਤਕ ਰਹੇ ?

ਜਵਾਬ : ਛੇ ਜੂਨ ਨੂੰ ਦੁਪਹਿਰੇ ਚਾਰ ਕੁ ਵਜੇ ਮਿਲਟਰੀ ਵਾਲ਼ਿਆਂ ਨੇ ਅਨਾਊਂਸਮੈਂਟ ਕੀਤੀ ਕਿ ਹਰਿਮੰਦਰ ਸਾਹਿਬ ਦੇ ਅੰਦਰ ਵੀ ਜੋ ਲੋਕ ਨੇ, ਉਹ ਵੀ ਬਾਹਾਂ ਖੜ੍ਹੀਆਂ ਕਰ ਕੇ ਬਾਹਰ ਆ ਜਾਣ, ਜੇ ਨਹੀਂ ਆਉਂਦੇ ਤਾਂ ਅਸੀਂ ਹਰਿਮੰਦਰ ਸਾਹਿਬ ਉਡਾ ਦਿਆਂਗੇ।

ਸਵਾਲ : ਇਹ ਅਨਾਊਂਸਮੈਂਟ ਸੁਣ ਕੇ ਅੰਦਰਲੀ ਸੰਗਤ ਦਾ ਕੀ ਪ੍ਰਤੀਕਰਮ ਸੀ ?

ਜਵਾਬ : ਸਾਰਿਆਂ ਨੇ ਸਲਾਹ ਕੀਤੀ ਕਿ ਸਾਨੂੰ ਆਪਣੇ ਵੱਲੋਂ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ਜੋ ਵੀ ਕਰ ਸਕੀਏ, ਕਰਨਾ ਚਾਹੀਦੈ। ਫਿਰ ਸਾਰਿਆਂ ਸਲਾਹ ਕੀਤੀ ਕਿ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿ: ਮੋਹਨ ਸਿੰਘ ਤੇ ਗਿਆਨੀ ਪੂਰਨ ਸਿੰਘ ਅੰਦਰ ਰਹਿਣ, ਬਾਕੀ ਸਾਰੀ ਸੰਗਤ ਬਾਹਰ ਨਿਕਲ਼ ਜਾਵੇ। ਫਿਰ ਅਸੀਂ ਅੰਦਰਲੇ ਤਕਰੀਬਨ 22 ਸਿੰਘ ਹੱਥ ਖੜ੍ਹੇ ਕਰ ਕੇ ਬਾਹਰ ਨਿਕਲ਼ੇ। ਭਾਈ ਅਵਤਾਰ ਸਿੰਘ ਪਾਰੋਵਾਲ ਜ਼ਖ਼ਮੀ ਹਾਲਤ 'ਚ ਅੰਦਰ ਹੀ ਰਹਿ ਗਏ, ਕਿਉਂਕਿ ਉਹ ਬਾਹਰ ਆਉਣ ਦੀ ਹਾਲਤ ਵਿੱਚ ਨਹੀਂ ਸਨ। ਗਿਆਨੀ ਮੋਹਨ ਸਿੰਘ ਤੇ ਗਿਆਨੀ ਪੂਰਨ ਸਿੰਘ ਹੋਰਾਂ ਨੇ ਸਾਨੂੰ ਕਹਿ ਦਿੱਤਾ ਕਿ ਬਾਹਰ ਜਾ ਕੇ ਫ਼ੌਜੀਆਂ ਨੂੰ ਦੱਸ ਦੇਣਾ ਕਿ ਅੰਦਰ ਸਿੰਘ ਸਾਹਿਬ ਨੇ ਤੇ ਉਹ ਹੱਥ ਖੜ੍ਹੇ ਕਰ ਕੇ ਬਾਹਰ ਨਹੀਂ ਆ ਸਕਦੇ। ਅਸੀਂ ਜਦੋਂ ਹੱਥ ਖੜ੍ਹੇ ਕਰ ਕੇ ਬਾਹਰ ਨਿਕਲ਼ੇ ਤਾਂ ਫ਼ੌਜ ਲਾਈਨਾਂ ਲਾ ਕੇ ਪ੍ਰਸ਼ਾਦ ਵਾਲ਼ੀ ਥਾਂ ਤਕ ਖਲੋਤੀ ਸੀ।



ਸਵਾਲ : ਤੁਹਾਡੇ ਨਾਲ਼ ਫ਼ੌਜ ਨੇ ਕਿਸ ਤਰ੍ਹਾਂ ਦਾ ਸਲੂਕ ਕੀਤਾ ?

ਜਵਾਬ : ਭਾਰਤੀ ਫ਼ੌਜ ਨੇ ਸਾਡੇ ਨਾਲ਼ ਬਹੁਤ ਘਟੀਆ ਸਲੂਕ ਕੀਤਾ। ਸਾਰੀ ਸੰਗਤ ਦੇ ਨਾਲ਼ ਹੀ ਭਾਰਤੀ ਫ਼ੌਜ ਬਹੁਤ ਘਟੀਆ ਸਲੂਕ ਕਰ ਰਹੀ ਸੀ। ਸਾਨੂੰ ਜਾਂਦਿਆਂ ਹੀ ਕਹਿੰਦੇ ਕਿ ਸਾਰੇ ਧੌਣਾਂ ਹੇਠਾਂ ਕਰ ਕੇ ਰੱਖੋ, ਅਕਾਲ ਤਖ਼ਤ ਵੱਲ ਨੀਂ ਵੇਖਣਾ। ਫਿਰ ਵੀ ਸੰਗਤ ਵਿੱਚੋਂ ਇੱਕ ਦੋ ਜਣਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਵੇਖ ਲਿਆ, ਉਹਨਾਂ ਨੂੰ ਓਥੇ ਹੀ ਕੁੱਟਣ ਡਹਿ ਪਏ। ਬੰਦੂਕਾਂ ਦੇ ਬੱਟ ਮਾਰਦੇ, ਉਹਨਾਂ ਦੇ ਸਿਰਾਂ ਤੇ ਜਿਹੜੇ ਲੋਹੇ ਦੇ ਟੋਪ ਜਿਹੇ ਪਾਏ ਹੁੰਦੇ ਆ, ਉਹ ਲਾਹ ਕੇ ਮਾਰਦੇ। ਸਾਨੂੰ ਸਾਰਿਆਂ ਨੂੰ ਤੋਰ ਕੇ ਹੱਥ ਪਿੱਛੇ ਬੰਨ੍ਹ ਕੇ ਜਿੱਥੇ ਸ਼ਹੀਦ ਬਾਬਾ ਦੀਪ ਸਿੰਘ ਸ਼ਹੀਦ ਅਸਥਾਨ ਆ, ਓਥੇ ਲਿਆ ਬਿਠਾਇਆ, ਪਹਿਲਾਂ ਵੀ ਓਥੇ ਕਾਫ਼ੀ ਸੰਗਤ ਹੱਥ ਪਿੱਛੇ ਬੰਨ੍ਹ ਕੇ ਬਿਠਾਈ ਹੋਈ ਸੀ, ਸਭ ਨੂੰ ਹੀ ਭਾਰਤੀ ਫ਼ੌਜ ਜ਼ਲੀਲ ਕਰ

ਰਹੀ ਸੀ।

ਸਵਾਲ : ਕਿਵੇਂ ਜ਼ਲੀਲ ਕਰ ਰਹੀ ਸੀ ?

ਜਵਾਬ : ਭਾਰਤੀ ਫ਼ੌਜੀ ਕਦੇ ਕਹਿਣ:- 'ਅਭੀ ਤੁਮਾਰਾ ਖ਼ਾਲਿਸਤਾਨ ਬਨਾਤੇ ਹੈਂ।' ਕਦੇ ਟੈਂਕ ਉੱਪਰ ਚੜ੍ਹਾ ਦੇਣ ਦਾ ਡਰਾਵਾ ਦੇਣ, ਕਦੇ ਟੈਂਕ ਨੂੰ ਰੇਸ ਦੇ ਕੇ ਉਹਦਾ ਧੂੰਆਂ ਮੂੰਹਾਂ ਤੇ ਮਾਰਨ, ਜੇ ਕੋਈ ਪਾਣੀ ਮੰਗੇ ਤਾਂ ਪਾਣੀ ਨਾ ਦੇਣ। ਇਸ ਤਰੀਕੇ ਨਾਲ਼ ਹਰ ਸਿੱਖ ਨੂੰ ਜ਼ਲੀਲ ਕੀਤਾ ਜਾ ਰਿਹਾ ਸੀ। ਕਈ ਬਜ਼ੁਰਗ ਤਾਂ ਸਾਡੇ ਸਾਮ੍ਹਣੇ ਪਾਣੀ ਖੁਣੋਂ ਹੀ ਤੜਫ-ਤੜਫ ਕੇ ਦਮ ਤੋੜ ਗਏ।

ਸਵਾਲ : ਇਸ ਤਰ੍ਹਾਂ ਤੁਹਾਨੂੰ ਕਿੰਨਾ ਕੁ ਚਿਰ ਰੱਖਿਆ ?

ਜਵਾਬ : 24 ਘੰਟੇ ਸਾਨੂੰ ਇਸੇ ਹੀ ਹਾਲਤ 'ਚ ਰੱਖਿਆ। ਅਗਲੇ ਦਿਨ 7 ਜੂਨ ਨੂੰ ਦਿਨ ਦੇ 10-11 ਵਜੇ ਹਿੰਦੂਆਂ ਦਾ ਇੱਕ ਵੱਡਾ ਹਜੂਮ ਨੱਚਦਾ-ਟੱਪਦਾ ਤੇ ਲੱਡੂ ਵੰਡਦਾ ਹਰਿਮੰਦਰ ਸਾਹਿਬ ਦੀਆਂ ਪਰਕਰਮਾ 'ਚ ਆਣ ਵੜਿਆ। ਬੜੀ ਖ਼ੁਸ਼ੀ 'ਚ ਸਾਰੇ ਬਾਘੀਆਂ ਪਾਉਣ ਤੇ ਆਖੀ ਜਾਣ, 'ਅੱਤਵਾਦੀ ਮਾਰ ਦਿੱਤੇ, ਅੱਤਵਾਦੀ ਮਾਰ ਦਿੱਤੇ।' ਅਸੀਂ ਸਾਰੇ ਭਾਵੇਂ ਬੜੀ ਬੇਵੱਸੀ ਦੀ ਹਾਲਤ 'ਚ ਬੈਠੇ ਸੀ, ਪਰ ਇਹ ਸਭ ਕੁਝ ਵੇਖ ਕੇ ਸਾਡਾ ਖ਼ੂਨ ਖੌਲ ਉੱਠਿਆ। ਅਸੀਂ ਸਲਾਹ ਕੀਤੀ ਕਿ ਮਰੇ ਤਾਂ ਹੈਗੇ ਈ ਆਂ, ਇਹਨਾਂ ਨੂੰ ਇੱਕ-ਇੱਕ ਨੂੰ ਕਿਸੇ ਤਰ੍ਹਾਂ ਦਬੋਚ ਕੇ ਸਰੋਵਰ 'ਚ ਛਾਲਾਂ ਹੀ ਮਾਰ ਦਈਏ। ਸਲਾਹ ਕਰ ਕੇ ਅਸੀਂ ਜਦੋਂ ਇਕਦਮ ਉੱਠ ਖਲੋਤੇ ਤਾਂ ਸਾਰੇ ਫ਼ੌਜੀ ਇਕਦਮ ਚੁਕੰਨੇ ਹੋ ਗਏ ਤੇ ਗੰਨਾਂ ਸਾਡੇ ਵੱਲ ਸਿੱਧੀਆਂ ਕਰ ਲਈਆਂ। ਓਥੇ ਇੱਕ ਮੁਸਲਮਾਨ ਅਫ਼ਸਰ ਸੀ, ਉਹ ਸਾਨੂੰ ਕਹਿੰਦਾ, 'ਕਯਾ ਹੂਆ ?' ਅਸੀਂ ਕਿਹਾ, 'ਜਾਂ ਤਾਂ ਇਹਨਾਂ ਨੂੰ ਇੱਥੋਂ ਬਾਹਰ ਕੱਢ ਦਿਓ ਜਾਂ ਫਿਰ ਸਾਨੂੰ ਮਾਰ ਦਿਓ।' ਉਹ ਮੁਸਲਮਾਨ ਅਫ਼ਸਰ ਸਾਰੀ ਗੱਲ ਸਮਝ ਗਿਆ ਤੇ ਫਿਰ ਉਹ ਉਹਨਾਂ ਨੂੰ ਕਹਿੰਦਾ, 'ਗੈੱਟ ਆਊਟ, ਬਾਹਰ ਨਿਕਲ਼ ਜਾਓ ਯਹਾਂ ਸੇ...।' ਤੇ ਫਿਰ ਉਹ ਸਾਰੇ ਬਾਹਰ ਨਿਕਲ਼ ਗਏ ਤੇ ਅਸੀਂ ਪਰਕਰਮਾ 'ਚ ਬੈਠ ਗਏ। ਪਰ ਇਹਦੇ ਨਾਲ਼ ਜਿਹੜੇ ਆਮ ਫ਼ੌਜੀ ਓਥੇ ਖਲੋਤੇ ਸੀ, ਉਹ ਸਾਨੂੰ ਹੋਰ ਦੁਖੀ ਕਰਨ ਲੱਗ ਪਏ। 7 ਜੂਨ ਸ਼ਾਮ 4 ਵਜੇ ਐਸ.ਪੀ. ਸ੍ਰ. ਅਪਾਰ ਸਿੰਘ ਬਾਜਵਾ ਆਇਆ ਤੇ ਉਹਨੇ ਸਾਨੂੰ ਪਾਣੀ ਪਿਆਇਆ।



ਸਵਾਲ : ਫਿਰ ਉਸ ਤੋਂ ਬਾਅਦ ਹਾਲਾਤ ਕੁਝ ਬਦਲੇ ?

ਜਵਾਬ : ਨਹੀਂ, ਇਸ ਤਰ੍ਹਾਂ ਦੇ ਹਮਦਰਦ ਅਫ਼ਸਰ ਹਰ ਵੇਲ਼ੇ ਇੱਕ ਥਾਂ ਨਹੀਂ ਸੀ ਰਹਿੰਦੇ, ਅੱਗੋਂ ਪਿੱਛੋਂ ਭਾਰਤੀ ਫ਼ੌਜੀ ਬਹੁਤ ਹੀ ਜ਼ਾਲਮਾਂ ਵਾਲ਼ਾ ਵਿਹਾਰ ਕਰ ਰਹੇ ਸੀ। ਸਾਨੂੰ 7 ਜੂਨ

ਨੂੰ ਹੀ ਪਰਕਰਮਾ 'ਚੋਂ ਉਠਾ ਕੇ ਘੰਟਾ ਘਰ ਦੇ ਬਾਹਰਵਾਰ ਲਿਆ ਬਿਠਾਇਆ। ਉਥੇ ਪਾਣੀ ਵੀ ਨਹੀਂ ਸਨ ਦਿੰਦੇ। ਜੇ ਕੋਈ ਨੇੜਿਓਂ ਪਾਣੀ ਭਰ ਲਿਆਉਂਦਾ ਤੇ ਪੀਣ ਲੱਗਦਾ ਤਾਂ ਕੋਈ ਫ਼ੌਜੀ ਆ ਕੇ ਠੁੱਡ ਮਾਰ ਕੇ ਰੋੜ੍ਹ ਦਿੰਦਾ। ਨਾਲ਼ ਹੀ ਹਿੰਦੀ 'ਚ ਗਾਲ਼ਾਂ ਕੱਢਣ ਲੱਗ ਪੈਂਦੇ।

ਸਵਾਲ : ਕਿਸੇ ਨੇ ਵੀ ਇਹਨਾਂ ਭਾਰਤੀ ਫ਼ੌਜੀਆਂ ਦਾ ਵਿਰੋਧ ਨਾ ਕੀਤਾ ?

ਜਵਾਬ : ਇੱਕ ਮੁਸਲਮਾਨ ਅਫ਼ਸਰ ਹਮਦਰਦੀ ਵਿਖਾਉਂਦਾ ਸੀ। ਫਿਰ ਉਥੇ ਕੁਝ ਸਿੱਖ ਫ਼ੌਜੀ ਮੁੰਡੇ ਵੀ ਸੀ, ਪਹਿਲਾਂ ਤਾਂ ਉਹ ਚੁੱਪ ਕਰ ਕੇ ਵੇਂਹਦੇ ਰਹੇ, ਪਰ ਫਿਰ ਉਹ ਸਲਾਹ ਕਰ ਕੇ ਹਿੰਦੀ ਫ਼ੌਜੀਆਂ ਨਾਲ਼ ਬਹਿਸ ਕਰਨ ਲੱਗ ਪਏ। ਉਹਨਾਂ 'ਚੋਂ ਇੱਕ ਸਿੱਖ ਫ਼ੌਜੀ ਕਹਿੰਦਾ:- 'ਇਹ ਜਿਹੜੇ ਬੰਦੇ ਫੜੇ ਨੇ, ਇਹ ਕੋਈ ਪਾਕਿਸਤਾਨ ਦੇ ਤਾਂ ਨਹੀਂ; ਇਹਨਾਂ ਨੂੰ ਪਾਣੀ ਤਾਂ ਪਿਆਓ, ਇਹ ਤਾਂ ਜੰਗੀ ਕਨੂੰਨ ਵੀ ਨਹੀਂ ਕਹਿੰਦਾ ਕਿ ਕਿ ਪਾਣੀ ਵੀ ਨਾ ਪਿਆਓ।' ਫਿਰ ਸਿੱਖ ਫ਼ੌਜੀ ਆਪ ਪਾਣੀ ਪਿਆਉਣ ਲੱਗ ਪਏ।

ਸਵਾਲ : ਉਸ ਤੋਂ ਬਾਅਦ ਕਿੱਥੇ ਲੈ ਕੇ ਗਏ ?

ਜਵਾਬ : ਫਿਰ ਉਸੇ ਤਰ੍ਹਾਂ ਹੀ ਸਾਨੂੰ ਸਾਰਿਆਂ ਨੂੰ 50-50 ਕਰ ਕੇ ਗੱਡੀਆਂ 'ਚ ਬਿਠਾ ਕੇ ਲੈ ਤੁਰੇ।

ਸਵਾਲ : ਓਦੋਂ ਤਕ ਸੜਕਾਂ ਤੇ ਕਿੰਨੀ ਕੁ ਫ਼ੌਜ ਸੀ ?

ਜਵਾਬ : ਫ਼ੌਜ ਤਾਂ ਬਹੁਤ ਜ਼ਿਆਦਾ ਸੀ, ਕਰਫ਼ਿਊ ਵੀ ਲੱਗਾ ਹੋਇਆ ਸੀ; ਪਰ ਹਿੰਦੂਆਂ ਲਈ ਕੋਈ ਕਰਫ਼ਿਊ ਨਹੀਂ ਸੀ, ਉਹ ਸ਼ਰੇਆਮ ਸੜਕਾਂ ਤੇ ਤੁਰੇ ਫਿਰਦੇ ਸੀ ਤੇ ਭੰਗੜੇ ਪਾਉਂਦੇ ਫਿਰਦੇ ਸੀ। ਜਦੋਂ ਸਾਨੂੰ ਗੱਡੀਆਂ 'ਚ ਬਿਠਾ ਕੇ ਲੈ ਕੇ ਤੁਰੇ, ਤਾਂ ਆਲ਼ੇ-ਦੁਆਲ਼ੇ ਮਕਾਨਾਂ ਦੀਆਂ ਛੱਤਾਂ ਤੇ ਹਿੰਦੂ ਮਰਦ ਔਰਤਾਂ ਚੜ੍ਹੇ ਹੋਏ ਸੀ, ਜਿਵੇਂ ਕੋਈ ਤਮਾਸ਼ਾ ਵੇਖਣ ਲਈ ਚੜ੍ਹੇ ਹੋਣ। ਉਹਨਾਂ ਦੀਆਂ ਜ਼ਨਾਨੀਆਂ ਵੀ ਸਾਡੇ ਵੱਲ ਵੇਖ ਕੇ ਗਿੱਧਾ ਪਾਉਣ ਤੇ ਸਾਨੂੰ ਸੁਣਾ ਸੁਣਾ ਕੇ ਕਹਿਣ ਕਿ 'ਅੱਤਵਾਦੀ ਮਾਰ ਦਿੱਤੇ- ਅੱਤਵਾਦੀ ਮਾਰ ਦਿੱਤੇ...।' ਕਰਫ਼ਿਊ ਸਿਰਫ ਸਿੱਖਾਂ ਦੇ ਲਈ ਹੀ ਸੀ।

ਸਵਾਲ : ਕੈਂਪ 'ਚ ਲਿਜਾ ਕੇ ਭਾਰਤੀ ਫ਼ੌਜ ਨੇ ਕਿਵੇਂ ਪੁੱਛ-ਗਿੱਛ ਕੀਤੀ ?

ਜਵਾਬ : ਉਥੇ ਲਿਜਾ ਕੇ ਪਹਿਲਾਂ ਸਾਰਿਆਂ ਨੂੰ ਇੱਕ ਥਾਂ ਇਕੱਠੇ ਕਰ ਦਿੱਤਾ। ਸਾਰੇ 'ਪਾਣੀ ਪਾਣੀ' ਦਾ ਰੌਲ਼ਾ ਪਾਈ ਜਾਣ। ਇੱਕ ਸਿੱਖ ਫ਼ੌਜੀ ਦੂਜੇ ਪਾਸਿਓਂ ਦੀ ਘੁੰਮ ਕੇ ਆਇਆ, ਕਹਿੰਦਾ 'ਏਥੇ ਨਾ ਪਾਣੀ ਮੰਗੋ, ਤੁਹਾਨੂੰ ਕਮਰਿਆਂ 'ਚ ਭੇਜ ਕੇ ਫਿਰ ਪਾਣੀ ਦੇਣਗੇ।' ਪਰ ਜਦੋਂ ਕਮਰਿਆਂ 'ਚ ਵਾੜਿਆ, ਉਥੇ ਹਾਲਤ ਹੋਰ ਵੀ ਬੁਰੀ। ਨਿੱਕੇ-ਨਿੱਕੇ ਕਮਰੇ ਜਿਹੜੇ ਫ਼ੌਜ ਦਾ ਅਸਲਾ ਰੱਖਣ ਲਈ ਸੀ, ਉਹਨਾਂ 'ਚੋਂ ਬਰੂਦ ਦੀ ਸਮੈੱਲ

ਚੜ੍ਹੇ ਤੇ ਨਾਲ਼ ਹੁੰਮਸ ਤੇ ਗਰਮੀ, ਪਾਣੀ ਖੁਣੋਂ ਸਾਰੇ ਬੇਹੋਸ਼ ਹੋਣ ਲੱਗ ਪਏ। ਇੱਕ-ਇੱਕ ਕਮਰੇ 'ਚ 50-50 ਜਣੇ ਵਾੜ ਦਿੱਤੇ, ਜਿਨ੍ਹਾਂ ਚੋਂ 10-10 ਹੀ ਫਿਰ ਜਿਊਂਦੇ ਨਿਕਲ਼ੇ, ਬਾਕੀ ਗ਼ਰਮੀ ਤੇ ਪਿਆਸ ਨਾਲ਼ ਤੜਫ-ਤੜਫ ਕੇ ਮਰਦੇ ਗਏ। ਜਿਸ ਕਮਰੇ 'ਚ ਅਸੀਂ ਸੀ, ਉਹਦਾ ਕਿਸੇ ਤਰ੍ਹਾਂ ਆਪੇ ਹੀ ਬੂਹਾ ਖੁੱਲ੍ਹ ਗਿਆ। ਕੁਦਰਤੀ ਸਾਮ੍ਹਣੇ ਨਲ਼ਕਾ ਸੀ। ਅਸੀਂ ਸਾਰੇ ਭੱਜ ਕੇ ਨਲ਼ਕੇ ਨੂੰ ਜਾ ਚੰਬੜੇ। ਓਧਰੋਂ ਫ਼ੌਜੀ ਆ ਕੇ ਸਾਨੂੰ ਬੱਟ ਮਾਰੀ ਜਾਣ ਤੇ ਅਸੀਂ ਫਿਰ ਵੀ ਪਾਣੀ ਪੀਵੀ ਜਾਈਏ। ਕੱਪੜੇ ਸਿਰਫ਼ ਮੇਰੇ ਹੀ ਤੇੜ ਬਚੇ ਸੀ, ਮੈਂ ਉਹ ਵੀ ਚੰਗੀ ਤਰ੍ਹਾਂ ਭਿਓਂ ਲਏ। ਫਿਰ ਏਨੇ ਚਿਰ ਨੂੰ ਹੋਰ ਫ਼ੌਜੀ ਆ ਗਏ ਤੇ ਸਾਨੂੰ ਕੁੱਟਦੇ ਮਾਰਦੇ ਉਹਨਾਂ ਨੇ ਫੇਰ ਕਮਰੇ 'ਚ ਬੰਦ ਕਰ ਦਿੱਤਾ।

ਸਵਾਲ : ਤੁਸੀਂ ਦੱਸਿਆ ਐ ਕਿ ਇੱਕ-ਇੱਕ ਕਮਰੇ 'ਚ 50-50 ਬੰਦੇ ਬੰਦ ਕਰ ਦਿੱਤੇ ਜਿਨ੍ਹਾਂ ਚੋਂ ਸਿਰਫ਼ 10-10 ਹੀ ਜਿਊਂਦੇ ਬਚੇ। ਏਨੀਆਂ ਮੌਤਾਂ ਗਰਮੀ ਦੇ ਨਾਲ਼ ਹੀ ਹੋ ਜਾਣ ਤੇ ਭਾਰਤੀ ਫ਼ੌਜ ਦੇ ਅਫ਼ਸਰਾਂ ਵਿੱਚ ਚਰਚਾ ਨ੍ਹੀਂ ਹੋਈ ?

ਜਵਾਬ : ਚਰਚਾ ਕਾਹਦੀ ਹੋਣੀ ਸੀ ? ਅਸੀਂ ਜਿਹੜੇ ਬਚ ਗਏ ਸੀ, ਉਹ ਸਗੋਂ ਸਾਨੂੰ ਕੁੱਟਣ ਡਹਿ ਪਏ ਤੇ ਹਿੰਦੀ 'ਚ ਕਹਿਣ:- 'ਸਾਲੇ ਤੁਮ ਕਿਉਂ ਨਹੀਂ ਮਰੇ ? ਤੁਮ ਕੈਸੇ ਬਚ ਗਏ? ਤੁਮ ਹਾਰਡਕੋਰ ਆਤੰਕਵਾਦੀ ਹੋ ?'

ਸਵਾਲ : ਇਸ ਹਾਲਤ 'ਚ ਜਿਹੜੇ ਸਿੰਘ ਚੜ੍ਹਾਈ ਕਰ ਗਏ, ਉਹਨਾਂ ਵਿੱਚੋਂ ਕੋਈ ਵਿਸ਼ੇਸ਼ ਨਾਮ ਯਾਦ ਹੋਵੇ ?

ਜਵਾਬ : ਸੈਂਕੜੇ ਹੀ ਸਿੰਘ ਸੰਗਤਾਂ 'ਚੋਂ ਇਸ ਤਰ੍ਹਾਂ ਸਾਮ੍ਹਣੇ ਚੜ੍ਹਾਈ ਕਰ ਗਏ, ਬਹੁਤਿਆਂ ਨੂੰ ਅਸੀਂ ਜਾਣਦੇ ਨਹੀਂ ਸੀ, ਪਰ ਇਹਨਾਂ 'ਚ ਭਾਈ ਸੁਜਾਨ ਸਿੰਘ ਮਨਾਵਾਂ ਵੀ ਇੱਕ ਸੀਗੇ। ਉਹਨਾਂ ਨੂੰ ਪਹਿਲਾਂ ਹੀ ਹਾਰਟ ਦੀ ਪ੍ਰਾਬਲਮ ਸੀ, ਤੇ ਉਹ ਇਸ ਗ਼ਰਮੀ ਤੇ ਪਿਆਸ ਨਾਲ਼ ਹੀ ਚੜ੍ਹਾਈ ਕਰ ਗਏ।

ਸਵਾਲ : ਇਸ ਤੋਂ ਬਾਅਦ ਵੀ ਪਾਣੀ ਤੋਂ ਇਸੇ ਹੀ ਤਰ੍ਹਾਂ ਕਦੋਂ ਤਕ ਤੜਫਾਉਂਦੇ ਰਹੇ ?

ਜਵਾਬ : ਇੱਕ ਸਿੱਖ ਫ਼ੌਜੀ ਕਮਰੇ ਦੇ ਬਾਹਰਲੇ ਪਾਸਿਓਂ ਪਾਣੀ ਦੀ ਕੈਨੀ ਨੂੰ ਪਾਈਪ ਲਗਾ ਕੇ ਸਾਨੂੰ ਪਾਣੀ ਪਿਆਉਣ ਲੱਗਾ। ਇੱਕ ਜਣੇ ਨੂੰ ਪਿਆਇਆ, ਜਦੋਂ ਮੈਂ ਪੀਣ ਲੱਗਾ ਤਾਂ ਓਧਰੋਂ ਇੱਕ ਹਿੰਦੂ ਫ਼ੌਜੀ ਆ ਗਿਆ। ਉਹਨੇ ਬੰਦੂਕ ਦੇ ਅੱਗੇ ਜਿਹੜੀ ਤਿੱਖੀ ਸੰਗੀਨ ਲੱਗੀ ਹੁੰਦੀ



ਆ, ਉਹ ਸਿੱਧੀ ਮੇਰੀ ਅੱਖ ਵੱਲ ਮਾਰੀ, ਮੈਂ ਬੇਹੋਸ਼ ਹੋ ਕੇ ਪਿੱਛੇ ਨੂੰ ਡਿੱਗ ਪਿਆ। ਮੇਰੀ ਅੱਖ ਓਦੋਂ ਦੀ ਹੀ ਖ਼ਰਾਬ ਹੈ।

ਸਵਾਲ : ਇਸ ਤਰ੍ਹਾਂ ਪਾਣੀ ਖੁਣੋਂ ਤਿਹਾਏ ਰੱਖਣ ਪਿੱਛੇ ਭਾਰਤੀ ਫ਼ੌਜ ਦਾ ਮਕਸਦ ਸਿੱਖਾਂ ਨੂੰ ਜ਼ਲੀਲ ਕਰਨਾ ਜਾਪਦਾ ਸੀ ਕਿ ਤੜਫਾ-ਤੜਫਾ ਕੇ ਕਤਲ ਕਰਨਾ ?

ਜਵਾਬ : ਦੋਵੇਂ ਹੀ, ਕਿਉਂਕਿ ਜਦੋਂ ਅੰਦਰੋਂ ਕੋਈ ਤੜਫਦਾ, ਕੁਰਲਾਉਂਦਾ ਸੀ ਤਾਂ ਭਾਰਤੀ ਫ਼ੌਜੀ ਬਾਹਰੋਂ ਕਹਿੰਦੇ, 'ਅਭੀ ਤੁਮਾਰੀ ਅਵਾਜ਼ ਆਤੀ ਹੈ, ਅਭੀ ਤੁਮ ਮੇਂ ਜਾਨ ਹੈ...।'

ਸਵਾਲ : ਸਿੱਖਾਂ ਪ੍ਰਤੀ ਏਨੀ ਨਫ਼ਰਤ ਹਰੇਕ ਹੀ ਭਾਰਤੀ ਫ਼ੌਜੀ ਦੇ ਦਿਲ ਵਿੱਚ ਸੀ ?

ਜਵਾਬ : ਫ਼ੌਜ ਦੇ ਵਿੱਚ ਇੱਕ ਹਰਿਆਣੇ ਦਾ ਸੁਰਿੰਦਰ ਸਿਹੁੰ ਜਾਟ ਸੀ। ਉਹ ਕੈਂਪ 'ਚ ਇੱਕ ਦਿਨ ਸਾਨੂੰ ਕਹਿੰਦਾ:- "ਜਬ ਹਮ ਲੜਾਈ ਕੇ ਟਾਈਮ ਪੰਜਾਬ ਕੇ ਬਾਰਡਰ ਪੇ ਆਤੇ ਥੇ, ਤੋ ਹਮਾਰੀ ਖ਼ੂਬ ਸੇਵਾ ਹੋਤੀ ਥੀ, ਲੋਗ ਸਾਗ ਔਰ ਰੋਟੀ ਖਿਲਾਤੇ ਥੇ ਘੀ ਡਾਲ ਕੇ।" ਸਾਡੇ 'ਚੋਂ ਕਿਸੇ ਨੇ ਕਹਿ ਦਿੱਤਾ:- "ਆਪ ਜਬ ਅਬ ਭੀ ਆਏਂਗੇ ਤੋ ਫਿਰ ਵੈਸੇ ਹੀ ਸੇਵਾ ਹੋਗੀ...।" ਇਹ ਗੱਲ ਸੁਣ ਕੇ ਉਹ ਸ਼ਰਮਿੰਦਾ ਜਿਹਾ ਹੱਸਣ ਲੱਗ ਪਿਆ, ਫਿਰ ਕਹਿੰਦਾ:- "ਹਮਾਰੀ ਫ਼ੌਜ ਨੇ ਅਬ ਜੋ ਕੁਛ ਆਪ ਲੋਗੋਂ ਕੇ ਸਾਥ ਕੀਆ ਹੈ, ਅਬ ਤੋ ਆਪ ਹਮ ਲੋਗੋਂ ਕੋ ਗੰਨੇ ਕੇ ਖੇਤ ਮੇਂ ਜੋ ਦਵਾ ਡਾਲਤੇ ਹੋ, ਵੋ ਪਿਲਾਓਗੇ।" ਭਾਵ ਕਿ ਅੰਦਰੋਂ ਫ਼ੌਜੀਆਂ ਨੂੰ ਵੀ ਪਤਾ ਸੀ ਕਿ ਅਸੀਂ ਹੁਣ ਸਿੱਖਾਂ ਦੇ ਮਨਾਂ 'ਚ ਨਫ਼ਰਤ ਦੇ ਪਾਤਰ ਬਣ ਗਏ ਹਾਂ, ਤੇ ਸਾਡੀ ਫ਼ੌਜ ਨੇ ਸਿੱਖਾਂ ਨਾਲ਼ ਬਹੁਤ ਗ਼ਲਤ ਕੀਤੈ।

ਸਵਾਲ : ਫਿਰ ਰੋਟੀ ਪਾਣੀ ਕਦੋਂ ਮਿਲ਼ਿਆ ?

ਜਵਾਬ : 8 ਜੂਨ ਨੂੰ ਫਿਰ ਚਾਹ ਆਈ। ਮੈਂ ਤਾਂ ਚਾਹ ਪੀਂਦਾ ਨਹੀਂ ਸੀ, ਫਿਰ ਰੋਟੀਆਂ ਵੀ ਪਤਾ ਨੀਂ ਕਿੱਥੋਂ ਲਿਆਏ ਸੁੱਕੀਆਂ ਹੋਈਆਂ, ਉਹ ਵੀ ਕਿਸੇ ਨਾ ਖਾਧੀਆਂ। ਫਿਰ 9 ਜੂਨ ਨੂੰ ਚੌਲ਼ ਤੇ ਰੋਟੀਆਂ ਲਿਆਏ, ਉਹਨਾਂ 'ਚ ਕੀੜੇ ਤੁਰੇ ਫਿਰਨ। ਉਹ ਚੌਲ਼ ਖਾ ਕੇ ਸਭ ਨੂੰ ਉਲ਼ਟੀਆਂ ਲੱਗ ਗਈਆਂ। ਫਿਰ ਹੌਲ਼ੀ-ਹੌਲ਼ੀ ਹਲਕਾ-ਹਲਕਾ ਖਾਣਾ ਸ਼ੁਰੂ ਹੋਇਆ। ਫਿਰ ਸਾਡੇ ਤੋਂ ਵਾਹਵਾ ਚਿਰ ਇੱਥੇ ਪੁੱਛਗਿੱਛ ਕਰਦੇ ਰਹੇ। ਗੁਰਜੀਤ ਸਿੰਘ ਝੋਕ ਹਰੀਹਰ ਵੀ ਇੱਥੇ ਕੈਂਪ 'ਚ ਮਿਲ਼ਿਆ। ਉਹਨੇ ਕੇਸ ਕਟਾ ਕੇ ਭੇਸ ਬਦਲ ਲਿਆ ਸੀ, ਉਹ ਇੱਥੇ ਹੀ ਛੁੱਟ ਗਿਆ, ਉਸ ਨੇ ਮੈਨੂੰ ਦੱਸ ਦਿੱਤਾ ਕਿ ਸੰਤ ਸ਼ਹੀਦ ਹੋ ਗਏ ਨੇ। ਫਿਰ ਸਾਨੂੰ ਲੁਧਿਆਣੇ ਜੇਲ੍ਹ ਭੇਜਿਆ ਤੇ ਫਿਰ ਜੋਧਪੁਰ ਜੇਲ੍ਹ ਭੇਜ ਦਿੱਤਾ, ਜਿੱਥੋਂ ਪੰਜ ਕੁ ਸਾਲ ਬਾਅਦ ਅਸੀਂ ਰਿਹਾਅ ਹੋ ਕੇ ਆਏ।

ਸਵਾਲ : ਕੋਈ ਹੋਰ ਵਿਸ਼ੇਸ਼ ਗੱਲ ?

ਜਵਾਬ : ਇੱਕ ਗੱਲ ਮੈਂ ਕਹਿਣੀ ਚਾਹੁੰਨੈਂ, ਅੱਜ ਕੱਲ੍ਹ ਕਈ ਕਥਾਵਾਚਕ ਤੇ ਢਾਡੀ ਜਦੋਂ ਘਲੂਘਾਰਾ ਜੂਨ 1984 ਦੀ ਗੱਲ ਕਰਦੇ ਆ, ਤੇ ਖੋਜ ਕਰ ਕੇ ਨਈਂ ਬੋਲਦੇ; ਸੁਣੀਆਂ ਸੁਣਾਈਆਂ ਅਫ਼ਵਾਹਾਂ ਦੇ ਆਧਾਰ ਤੇ ਹੀ ਬੋਲ ਦਿੰਦੇ ਆ। ਇੱਕ ਕਥਾਵਾਚਕ ਨੇ ਆਪਣੀ ਵੀਡਿਓ ਸੀ.ਡੀ. 'ਚ ਇਹ ਕਹਿ ਦਿੱਤੈ ਕਿ ਹਰਿਮੰਦਰ ਸਾਹਿਬ 'ਚ ਕਈ ਦਿਨਾਂ ਤਕ ਮਰਯਾਦਾ ਹੀ ਨਈਂ ਨਿਭਾਈ ਜਾ ਸਕੀ। ਬੜੀ ਹੈਰਾਨੀ ਹੁੰਦੀ ਆ ਸੁਣ ਕੇ, ਅਜੇ ਤਾਂ ਅਸੀਂ ਜਿਊਂਦੇ ਜਾਗਦੇ ਬੈਠੇ ਆਂ ਤੇ ਇਹ ਲੋਕ ਐਵੇਂ ਥੋੜ੍ਹੀ ਬਹੁਤੀ ਖੋਜ ਵੀ ਨਈਂ ਕਰਦੇ ਤੇ ਜੋ ਮਰਜ਼ੀ ਬੋਲ ਦਿੰਦੇ ਆ। ਇੱਕ ਗੱਲ ਹੋਰ ਆ ਕਿ ਹਰਿਮੰਦਰ



ਲੇਖਕ ਨੂੰ ਘਲੂਘਾਰੇ ਬਾਰੇ ਦੱਸਦੇ ਹੋਏ ਭਾਈ ਸੰਤੋਖ ਸਿੰਘ ਰੱਬ ਜੀ

ਸਾਹਿਬ 'ਚ ਅੱਜ ਸਾਨੂੰ ਗੋਲ਼ ਦਸਤਾਰ ਬੰਨ੍ਹ ਕੇ ਕੀਰਤਨ ਨਈਂ ਕਰਨ ਦਿੰਦੇ। ਮੈਂ ਕਹਿਣਾ ਚਾਹੁੰਨੈਂ ਜਦੋਂ ਗੋਲ਼ੀ ਵਰ੍ਹਦੀ ਸੀ, ਓਦੋਂ ਅਸੀਂ ਗੋਲ਼ ਦਸਤਾਰਾਂ ਬੰਨ੍ਹ ਕੇ ਕੀਰਤਨ ਕੀਤਾ, ਤੇ ਹੁਣ ਸਾਨੂੰ ਕਿਉਂ ਨੀਂ ਕੀਰਤਨ ਕਰਨ ਦਿੰਦੇ ? ਬਾਕੀ ਅਖ਼ੀਰ ਤੇ ਇਹੀ ਕਹਿਣਾ ਚਾਹੁੰਨੈਂ ਕਿ ਘਲੂਘਾਰੇ ਬਾਰੇ ਜੋ ਵੀ ਬੋਲਿਆ ਜਾਵੇ, ਉਹ ਖੋਜ ਕਰ ਕੇ ਬੋਲਿਆ ਜਾਵੇ।

****

"ਪਰਕਰਮਾ 'ਚ ਫ਼ੌਜੀਆਂ ਦੀ ਲਾਸ਼ ਤੇ ਲਾਸ਼ ਚੜ੍ਹੀ ਪਈ ਸੀ"

ਬਾਈ ਜੋਗਿੰਦਰ ਸਿੰਘ ਰੋਡੇ ਨਾਲ਼ ਗੱਲਬਾਤ

ਬਾਈ ਜੋਗਿੰਦਰ ਸਿੰਘ ਰੋਡੇ ਨੂੰ ਮਾਣ ਹੈ ਕਿ ਉਸ ਨੇ ਵੀਹਵੀਂ ਸਦੀ ਦੇ ਮਹਾਨ ਸਿੱਖ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦਾ ਸਾਥ ਤਾਂ ਮਾਣਿਆ ਹੀ, ਇਸ ਦੇ ਨਾਲ਼ ਹੀ ਬਚਪਨ ਦੀ ਉਮਰੇ ਵੀ ਸੰਤਾਂ ਦੀ ਨੇੜਤਾ ਮਾਣੀ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਪਿੰਡ ਦੇ ਵਾਸੀ ਹੋਣ ਕਾਰਨ ਉਹਨਾਂ ਨੂੰ ਸੰਤਾਂ ਦੇ ਬਚਪਨ ਦੀਆਂ ਕਈ ਗੱਲਾਂ ਵੀ ਯਾਦ ਹਨ। ਫਿਰ ਉਹ ਸੰਤ ਭਿੰਡਰਾਂਵਾਲ਼ਿਆਂ ਵੱਲੋਂ ਅਰੰਭੇ ਧਰਮ ਯੁੱਧ 'ਚ ਇੱਕ ਸਿਪਾਹੀ ਵਜੋਂ ਵੀ ਸ਼ਾਮਲ ਹੋਏ। ਉਹ ਕਈ ਅਹਿਮ ਤੇ ਇਤਿਹਾਸਕ ਘਟਨਾਵਾਂ ਦੇ ਚਸ਼ਮਦੀਦ ਗਵਾਹ ਹਨ। ਬਾਈ ਜੀ ਦੀ ਮਾਤਾ ਦਾ ਨਾਂ ਬੀਬੀ ਸੰਤ ਕੌਰ ਸੀ ਤੇ ਪਿਤਾ ਸ੍ਰ. ਕਾਕਾ ਸਿੰਘ ਜੀ। ਸੱਤ ਭੈਣ ਭਰਾਵਾਂ 'ਚੋਂ ਬਾਈ ਜੀ ਤੀਜੇ ਨੰਬਰ ਤੇ ਹਨ। ਪੇਸ਼ ਹਨ ਉਹਨਾਂ ਦੇ ਨਾਲ਼ ਗੱਲਬਾਤ ਦੇ ਕੁਝ ਅੰਸ਼:-

ਸਵਾਲ : ਬਾਈ ਜੀ ਤੁਹਾਡੀ ਪੜ੍ਹਾਈ ?

ਜਵਾਬ : ਨਹੀਂ, ਪੜ੍ਹਾਈ ਮੈਂ ਕੋਈ ਨ੍ਹੀਂ ਕੀਤੀ।

ਸਵਾਲ : ਸੰਤ ਜਰਨੈਲ ਸਿੰਘ ਜੀ ਨਾਲ਼ ਕਦੋਂ ਤੋਂ ਜਾਣ ਪਛਾਣ ਸੀ ?

ਜਵਾਬ : ਸਾਡੇ ਪਿੰਡ ਦੇ ਹੋਣ ਕਰ ਕੇ ਵੈਸੇ ਤਾਂ ਉਹਨਾਂ ਦੇ ਦਰਸ਼ਨ ਅਸੀਂ ਨਿੱਕੇ ਹੁੰਦੇ ਹੀ ਕਰਦੇ ਰਹੇ ਆਂ, ਪਰ ਮੇਲ਼-ਜੋਲ਼ ਵਧੇਰੇ 1978 ਤੋਂ ਬਾਅਦ ਹੀ ਹੋਇਆ। ਓਦੋਂ ਕੋਈ ਸਮਝ ਨ੍ਹੀਂ ਸੀ ਹੁੰਦੀ। ਅਸੀਂ ਸਾਰੇ ਮੁੰਡਿਆਂ ਨੇ ਵਾਲ਼ ਕੱਟੇ ਹੁੰਦੇ ਸੀ, ਸ਼ਰਾਬ ਪੀਂਦੇ ਹੁੰਦੇ ਸੀ ਨਿੱਕੇ ਹੁੰਦੇ ਈ। ਸੰਤ ਜਦੋਂ ਪਿੰਡ ਆਉਂਦੇ ਤਾਂ ਮੂੰਹ 'ਚ ਪਾਠ ਕਰਦੇ ਰਹਿੰਦੇ। ਅਸੀਂ ਸਾਰੇ ਮੁੰਡਿਆਂ ਨੇ ਆਖਣਾ ਕਿ ਇਹ ਕੀ 'ਬੁੜ-ਬੁੜ' ਕਰਦਾ ਰਹਿੰਦੈ। ਸੰਤ ਸੁਣ ਵੀ ਲੈਂਦੇ ਤੇ ਅੱਗੋਂ ਕੁਝ ਨਾ ਬੋਲਦੇ, ਪਾਠ ਕਰਦੇ ਰਹਿੰਦੇ।

ਸਵਾਲ : 1978 'ਚ ਤੁਹਾਡੀ ਉਮਰ ਕਿੰਨੀ ਕੁ ਸੀ ?

ਜਵਾਬ : 1978 'ਚ ਮੇਰੀ ਉਮਰ ਸਾਰੀ 15 ਕੁ ਸਾਲ ਦੀ ਸੀ।

ਸਵਾਲ : 15 ਸਾਲ ਦੀ ਉਮਰ 'ਚ ਹੀ ਸ਼ਰਾਬ ਪੀਣ ਲੱਗ ਪਏ ?

ਜਵਾਬ : ਹਾਂ, ਸਾਰੀ ਮੰਡ੍ਹੀਰ ਹੀ ਇਸ ਤਰ੍ਹਾਂ ਦੀ ਸੀ, ਅਸਰ ਤਾਂ ਹੋਣਾ ਹੀ ਸੀ।

ਸਵਾਲ : ਫਿਰ ਜੀਵਨ 'ਚ ਪਲ਼ਟਾ ਕਿਵੇਂ ਆਇਆ ?

ਜਵਾਬ : 1979 ਵਿੱਚ ਸੰਤਾਂ ਨੇ ਪਿੰਡ ਦੇ ਇੱਕ ਸਿੰਘ ਭਾਈ ਭੋਲਾ ਸਿੰਘ ਨੂੰ ਕਿਹਾ ਸੀ ਕਿ ਕਣਕ ਦੀ ਉਗਰਾਹੀ ਕਰ ਕੇ ਕਣਕ ਚੌਕ ਮਹਿਤੇ ਲੈ ਕੇ ਆਵੇ। ਅਸੀਂ 40 ਮੁੰਡਿਆਂ ਨੇ ਕਣਕ ਦੀ ਉਗਰਾਹੀ ਕੀਤੀ ਤੇ ਫਿਰ ਸਾਰੇ ਜਣੇ ਹੀ ਕਣਕ ਚੌਕ ਮਹਿਤੇ ਛੱਡਣ ਗਏ। ਓਥੇ ਸੰਤ ਸਾਨੂੰ ਵੇਖ ਕੇ ਹੱਸਣ ਲੱਗ ਪਏ, ਕਹਿੰਦੇ, 'ਕਾਕਾ ਕਿਉਂ ਕੁਝ ਯਾਦ ਆਉਂਦੈ?' ਅਸੀਂ ਕਿਹਾ, 'ਹਾਂ ਜੀ ਸਾਰਾ ਕੁਝ ਯਾਦ ਆਉਂਦੈ।' ਸੰਤ ਕਹਿੰਦੇ 'ਭਲਾ ਕੀ?' ਅਸੀਂ ਕਿਹਾ, "ਤੁਸੀਂ ਪਾਠ ਕਰਦੇ ਹੁੰਦੇ ਸੀ ਤੇ ਅਸੀਂ ਕਹਿੰਦੇ ਸੀ ਬੁੜ-ਬੁੜ ਕਰੀ ਜਾਂਦੈ।" ਸੰਤ ਹੱਸ ਪਏ। ਫਿਰ ਵਾਹਵਾ ਚਿਰ ਸੰਤ ਗੱਲਾਂ ਕਰਦੇ ਰਹੇ। ਓਥੇ ਅਸੀਂ 40 ਮੁੰਡੇ ਸੰਤਾਂ ਦੇ ਕੋਲ਼ ਅੱਗੇ ਤੋਂ ਕੇਸ ਨਾ ਕਟਾਉਣ ਦਾ ਪ੍ਰਣ ਕਰ ਕੇ ਵਾਪਸ ਆਏ। ਉਸ ਤੋਂ ਬਾਅਦ ਫਿਰ ਕੇਸ ਨ੍ਹੀਂ ਕਟਾਏ।

ਸਵਾਲ : ਫਿਰ ਸੰਤਾਂ ਨਾਲ਼ ਧਰਮ ਯੁੱਧ 'ਚ ਕਦੋਂ ਰਲ਼ੇ ?

ਜਵਾਬ : ਸੰਨ 1979 'ਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਬਿਆਸ ਹਲਕੇ ਤੋਂ ਸੰਤਾਂ ਨੇ ਭਾਈ ਅਮਰੀਕ ਸਿੰਘ ਨੂੰ ਖਲ੍ਹਾਰਿਆ ਸੀ। ਸੰਤਾਂ ਨੇ ਭਾਈ ਜਗਜੀਤ ਸਿੰਘ ਰੋਡੇ ਦੇ ਰਾਹੀਂ ਪਿੰਡ ਸੁਨੇਹਾ ਘੱਲਿਆ ਕਿ ਨੌਜਵਾਨ 'ਕੱਠੇ ਹੋ ਕੇ ਮਹਿਤੇ ਆਓ। ਅਸੀਂ ਫਿਰ 40 ਜਣੇ ਓਹੀ ਕੱਠੇ ਹੋ ਕੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤੇ ਪਹੁੰਚ ਗਏ। ਸੰਤ ਕਹਿੰਦੇ, 'ਹਾਂ ਬਈ ਜਵਾਨੋ, ਤੁਹਾਨੂੰ ਕਿੱਥੇ ਭੇਜੀਏ ?' ਮੈਂ ਕਿਹਾ, 'ਜਿੱਥੇ ਹੋਰ ਕੋਈ ਨ੍ਹੀਂ ਜਾਂਦਾ, ਓਥੇ ਭੇਜ ਦਿਓ।' ਸੰਤਾਂ ਨੇ ਸਾਨੂੰ ਖਲਚੀਆਂ ਭੇਜ ਦਿੱਤਾ। ਓਥੇ ਗੁਰਦੁਆਰਾ ਸਾਹਿਬ 'ਚ ਅਸੀਂ ਗਏ। ਓਧਰੋਂ ਨਕਲੀ ਨਿਹੰਗ 'ਕਾਹਨਾ' ਉਮਰਾਨੰਗਲ ਦੇ ਹੱਕ 'ਚ ਪ੍ਰਚਾਰ ਕਰਦਾ ਫਿਰਦਾ ਸੀ; ਉਹ ਸਾਨੂੰ ਕਹਿੰਦਾ ਤੁਹਾਨੂੰ ਏਥੇ ਦਰੀ ਨ੍ਹੀਂ ਵਿਛਾਉਣ ਦੇਣੀ। ਮੈਂ ਕਿਹਾ, 'ਤੂੰ ਦਰੀ ਨੂੰ ਹੱਥ ਲਾ ਕੇ ਵਿਖਾ, ਫਿਰ ਤੈਨੂੰ ਦੱਸਦੇ ਆਂ...।' ਇਸ ਤਰ੍ਹਾਂ ਸਾਡੀ ਉਹਦੇ ਨਾਲ਼ ਤਕਰਾਰ ਹੋ ਪਈ। ਓਥੇ ਪੁਲਿਸ ਵਾਲ਼ੇ ਵੀ ਸੀਗੇ। ਇੱਕ ਪੰਜਾਬ ਪੁਲਿਸ ਦਾ ਅਫ਼ਸਰ ਚੰਗਾ ਸੀ, ਉਹ ਕਾਹਨੇ ਨੂੰ ਕਹਿੰਦਾ:- 'ਫਰਲ੍ਹੇ ਵਾਲ਼ਿਆ ਤੇਰੇ ਪੈਣੀਐਂ, ਇਹ ਮੁੰਡੇ ਭਲਮਾਣਸੀ ਨਾਲ਼ ਬੈਠੇ ਆ ਤੇ ਤੂੰ ਖਾਹਮਖਾਹ ਝਗੜਾ ਕਰਦੈਂ।' ਫਿਰ ਅਸੀਂ ਵਾਹਵਾ ਦਿਨ ਓਥੇ ਪ੍ਰਚਾਰ ਕਰਦੇ ਰਹੇ।

ਨਕਲੀ ਨਿਹੰਗ 'ਕਾਹਨਾ' ਇੰਦਰਾ ਗਾਂਧੀ ਨਾਲ਼

ਸਵਾਲ : ਫਿਰ ਸੰਤਾਂ ਨਾਲ਼ ਪੱਕੇ ਤੌਰ ਤੇ ਕਦੋਂ ਤੋਂ ਰਹਿਣ ਲੱਗੇ ?

ਜਵਾਬ : ਬੱਸ ਇਸ ਤਰ੍ਹਾਂ ਆਉਣਾ ਜਾਣਾ ਸ਼ੁਰੂ ਹੋ ਗਿਆ। ਫਿਰ ਸੰਤਾਂ ਨੇ ਉਸੇ ਸਾਲ ਹੀ 15 ਹਾੜ੍ਹ ਨੂੰ ਸੰਤ ਕਰਤਾਰ ਸਿੰਘ ਜੀ ਦੀ ਬਰਸੀ ਤੇ ਮਹਿਤੇ ਸੱਦਿਆ। ਅਸੀਂ ਸਾਰੇ ਮੇਲੇ ਤੇ ਹਾਜ਼ਰੀ ਭਰਨ ਗਏ। ਉਸ ਤੋਂ ਬਾਅਦ ਸੰਤ ਪਿੰਡਾਂ 'ਚ ਪ੍ਰਚਾਰ ਕਰਦੇ-ਕਰਦੇ ਆਪਣੇ ਪਿੰਡ ਰੋਡੇ ਵੀ ਆਏ। ਇੱਥੇ ਇੱਕ ਮਹੀਨਾ ਕਥਾ ਕੀਤੀ। ਓਥੇ ਹੀ ਅਸੀਂ ਅੰਮ੍ਰਿਤ ਛਕਿਆ। ਅੰਮ੍ਰਿਤ ਛਕਾਉਣ ਤੋਂ ਬਾਅਦ ਸੰਤਾਂ ਨੇ ਆਪਣਾ ਚੋਲ਼ਾ ਮੈਨੂੰ ਪੁਆ ਦਿੱਤਾ। ਫਿਰ ਓਥੋਂ ਸੰਤਾਂ ਦਾ ਜਥਾ ਅੱਗੇ ਸਾਬੋ ਕੀ ਤਲਵੰਡੀ ਨੂੰ ਤੁਰਿਆ ਤੇ ਅਸੀਂ 5 ਜਣੇ ਸੰਤਾਂ ਦੇ ਨਾਲ਼ ਹੀ ਤੁਰ ਪਏ। ਇਸ ਤਰ੍ਹਾਂ ਸੰਤਾਂ ਦੇ ਨਾਲ਼ ਹੀ ਪ੍ਰਚਾਰ ਦੌਰੇ ਤੇ ਸੀ ਕਿ ਦਿੱਲੀ 'ਚ ਨਰਕਧਾਰੀ ਦਾ ਕਤਲ ਹੋ ਗਿਆ। ਫਿਰ ਸੰਤਾਂ ਦੇ ਨਾਲ਼ ਮਹਿਤੇ ਆ ਗਏ। 4-5 ਦਿਨ ਚੌਕ ਮਹਿਤੇ ਰਹੇ, ਫਿਰ ਜਥੇਦਾਰ ਟੌਹੜਾ ਆ ਕੇ ਸੰਤਾਂ ਨੂੰ ਗੁਰੂ ਨਾਨਕ ਨਿਵਾਸ ਲੈ ਆਇਆ। ਅਸੀਂ ਵੀ ਨਾਲ਼ ਹੀ ਆ ਗਏ। ਓਥੇ ਥੋੜ੍ਹਾ ਚਿਰ ਰਹਿ ਕੇ ਫਿਰ ਪ੍ਰਚਾਰ ਦੇ ਪ੍ਰੋਗਰਾਮਾਂ 'ਚ ਰੁੱਝ ਗਏ।

ਸਵਾਲ : ਸੰਤਾਂ ਦੇ ਨਾਲ਼ ਰਹਿੰਦਿਆਂ ਹੋਰ ਕੋਈ ਘਟਨਾ ਯਾਦ ਹੋਵੇ ?

ਜਵਾਬ : ਜਦੋਂ ਲਾਲ਼ਾ ਜਗਤ ਨਰਾਇਣ ਮਰਿਐ, ਅਸੀਂ ਸੰਤਾਂ ਦੇ ਨਾਲ਼ ਹੀ ਸੀ ਚੰਦੋ ਕਲਾਂ ਹਰਿਆਣੇ ਦੇ ਵਿੱਚ। ਇੱਥੇ ਸੰਤਾਂ ਨੂੰ ਪੁਲਿਸ ਦੇ ਆਉਣ ਦਾ ਪਤਾ ਲੱਗਾ । ਭਾਈ ਸਵੰਤ ਸਿੰਘ ਚੰਦੋ ਕਲਾਂ ਆਇਆ ਸੀ ਇੱਕ ਕਾਰ ਦੇ ਵਿੱਚ, ਤੇ ਸੰਤ ਉਸੇ ਦੀ ਕਾਰ ਦੀ ਅਗਲੀ ਸੀਟ ਤੇ ਬਹਿ ਗਏ, ਅਸੀਂ ਪਿੱਛੇ ਟਰੱਕ 'ਚ 15-20 ਜਣੇ ਨਾਲ਼ ਤੁਰ ਪਏ। ਮੈਂ ਟਰੱਕ ਦੇ ਟੂਲ ਤੇ ਬੈਠਾ ਸੀ। ਅਸੀਂ ਰਾਤੋ-ਰਾਤ ਚੌਕ ਮਹਿਤੇ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਪਹੁੰਚ ਗਏ।



ਸਵਾਲ : ਫਿਰ ਜਦੋਂ ਲਾਲ਼ਾ ਕਤਲ ਕੇਸ 'ਚ ਸੰਤਾਂ ਨੇ ਗ੍ਰਿਫ਼ਤਾਰੀ ਦਿੱਤੀ, ਓਦੋਂ ਦੀ ਕੋਈ ਯਾਦ ?

ਜਵਾਬ : ਜਦੋਂ ਸੰਤ ਗ੍ਰਿਫ਼ਤਾਰੀ ਦੇਣ ਲਈ ਚੱਲੇ ਤਾਂ ਅਸੀਂ ਥੋੜ੍ਹੇ ਉਦਾਸ ਹੋ ਗਏ। ਸੰਤ ਕਹਿੰਦੇ, 'ਚੜ੍ਹਦੀ ਕਲਾ 'ਚ ਰਹਿਣੈ, ਜੇ ਮਨ ਕਦੀ ਓਦਰੇ ਤਾਂ ਗੁਰੂ ਪਾਤਸ਼ਾਹ ਅੱਗੇ ਅਰਦਾਸ ਕਰਨੀ ਆ, ਗੁਰੂ ਪਾਤਸ਼ਾਹ ਮਿਹਰ ਕਰਨਗੇ ਤੇ ਮੈਂ ਤੁਹਾਡੇ ਵਿੱਚ ਹੀ ਖਲੋਤਾ ਦਿਸੂੰਗਾ।' ਉਸ ਤੋਂ ਬਾਅਦ ਸੰਤਾਂ ਨੇ ਸਟੇਜ ਤੋਂ ਸਪੀਚ ਦੇਣ ਪਿੱਛੋਂ ਗ੍ਰਿਫ਼ਤਾਰੀ ਦੇ ਦਿੱਤੀ।

ਸਵਾਲ : ਤੁਹਾਡੀ ਰਿਹਾਇਸ਼ ਫਿਰ ਮਹਿਤੇ ਹੀ ਰਹੀ ?

ਜਵਾਬ : ਹਾਂ ਜੀ, ਪਹਿਲਾਂ ਓਥੇ 6 ਨੰਬਰ ਕਮਰੇ 'ਚ ਸੀ, ਫਿਰ ਗੇਟ ਅੰਦਰ ਵੜਦਿਆਂ ਹੀ ਖੱਬੇ ਹੱਥ ਦੂਜੇ ਕਮਰੇ 'ਚ ਕਰ ਲਈ।

ਸਵਾਲ : ਜੇਲ੍ਹ 'ਚੋਂ ਰਿਹਾਈ ਤੋਂ ਬਾਅਦ ਸੰਤ ਕਿੰਨਾ ਚਿਰ ਚੌਕ ਮਹਿਤਾ ਹੈੱਡਕੁਆਰਟਰ 'ਚ ਰਹੇ?

ਜਵਾਬ : ਇੱਕ ਦਿਨ ਵੀ ਨਈਂ, ਜੇਲ੍ਹ 'ਚੋਂ ਰਿਹਾਅ ਹੁੰਦਿਆਂ ਹੀ ਉਹਨਾਂ ਨੇ ਪਿੰਡਾਂ ਦਾ ਤੂਫ਼ਾਨੀ ਦੌਰਾ ਸ਼ੁਰੂ ਕਰ ਲਿਆ। ਫਿਰ ਅਸੀਂ ਵੀ ਉਹਨਾਂ ਦੇ ਨਾਲ਼ ਹੀ ਰਹਿੰਦੇ ਰਹੇ। ਫਿਰ ਉਸ ਤੋਂ ਬਾਅਦ ਦਰਬਾਰ ਸਾਹਿਬ ਕੰਪਲੈਕਸ ਅੰਮ੍ਰਿਤਸਰ ਗੁਰੂ ਨਾਨਕ ਨਿਵਾਸ 'ਚ ਆ ਗਏ, ਓਥੇ ਵੀ ਅਸੀਂ ਨਾਲ਼ ਹੀ ਰਹੇ। ਸਾਡਾ 7 ਨੰਬਰ ਕਮਰਾ ਸੀ ਤੇ ਸੰਤਾਂ ਦਾ 5 ਨੰਬਰ।

ਸਵਾਲ : ਸੰਘਰਸ਼ ਵਿੱਚ ਤੁਹਾਡੀ ਕੋਈ ਯਾਦਗਾਰੀ ਘਟਨਾ ?

ਜਵਾਬ : ਮਾਨਾਂਵਾਲ਼ਾ ਕਾਂਡ, ਜੀਹਦੇ 'ਚ ਪੁਲਿਸ ਨੇ ਸਾਡੇ ਤੇ ਘਾਤ ਲਾ ਕੇ ਗੋਲ਼ੀ ਚਲਾਈ।

ਸਵਾਲ : ਇਹ ਮਾਨਾਂਵਾਲ ਵਾਲ਼ੀ ਘਟਨਾ ਕਿਸ ਤਰ੍ਹਾਂ ਹੋਈ ?

ਜਵਾਬ : ਲੁਧਿਆਣੇ ਦੇ ਪੁਲਿਸ ਮੁਖੀ ਡੀ.ਆਰ. ਭੱਟੀ ਨੂੰ ਸੋਧਣ ਅਸੀਂ ਪੰਜ ਸਿੰਘ ਗਏ ਸੀ; ਮਾਨਾਂਵਾਲ਼ੇ ਕੋਲ਼ ਸਾਡੀ ਜੀਪ ਤੇ ਪੁਲਿਸ ਨੇ ਹਮਲਾ ਕੀਤਾ।

ਡੀ.ਆਰ. ਭੱਟੀ

ਮਾਨਾਂਵਾਲ਼ਾ ਕਾਂਡ 'ਚ ਜ਼ਖ਼ਮੀ ਭਾਈ ਅਨੋਖ ਸਿੰਘ ਉਬੋਕੇ

ਸਵਾਲ : ਪੰਜ ਸਿੰਘ ਕਿਹੜੇ-ਕਿਹੜੇ ਸੀ ?

ਜਵਾਬ : ਤਿੰਨ ਸਿੰਘ ਤਾਂ ਅਸੀਂ ਰੋਡੇ ਪਿੰਡ ਤੋਂ ਸੀ; ਇੱਕ ਮੈਂ, ਦੂਜਾ ਭਾਈ ਹਰਦੇਵ ਸਿੰਘ ਰੋਡੇ ਤੇ ਭਾਈ ਕੁੱਕੂ ਸਿੰਘ ਰੋਡੇ। ਦੂਜੇ ਦੋ ਸਿੰਘ ਸੀ ਭਾਈ ਅਨੋਖ ਸਿੰਘ ਉਬੋਕੇ ਤੇ ਭਾਈ ਗੁਰਮੁਖ ਸਿੰਘ ਭੂਰੇ।

ਸਵਾਲ : ਕਈ ਲੋਕ ਕਹਿੰਦੇ ਨੇ ਕਿ ਮਾਨਾਂਵਾਲ਼ਾ ਕਾਂਡ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਭਾਈ ਹਰਮਿੰਦਰ ਸਿੰਘ ਸੰਧੂ ਦੀ ਮੁਖ਼ਬਰੀ ਕਰ ਕੇ ਹੋਇਆ। ਕੀ ਇਹ ਠੀਕ ਐ ਕਿ ਭਾਈ ਹਰਮਿੰਦਰ ਸਿੰਘ ਸੰਧੂ ਨੇ ਮੁਖ਼ਬਰੀ ਕੀਤੀ ਸੀ ?

ਜਵਾਬ : ਇਹ ਬਿਲਕੁਲ ਝੂਠ ਐ। ਹਰਮਿੰਦਰ ਸਿੰਘ ਸੰਧੂ ਨੂੰ ਤਾਂ ਸਾਡੇ ਤੁਰਨ ਬਾਰੇ ਕੁਝ ਪਤਾ ਈ ਨਈਂ ਸੀ। ਇਹ ਤਾਂ ਸਿਰਫ਼ ਜਾਂ ਸੰਤਾਂ ਨੂੰ ਪਤਾ ਸੀ ਜਾਂ ਸਾਨੂੰ ਪੰਜਾਂ ਜਣਿਆਂ ਨੂੰ ਕਿ ਅਸੀਂ ਲੁਧਿਆਣੇ ਜਾਣੈ। ਦੂਜੀ ਗੱਲ ਜਿਸ ਦਿਨ ਸਾਡਾ ਤੁਰਨ ਦਾ ਪ੍ਰੋਗਰਾਮ ਸੀ, ਅਸੀਂ ਉਹ ਦਿਨ ਮਿਸ ਕਰ'ਤਾ; ਅਸੀਂ ਅਗਲੇ ਦਿਨ ਤੁਰੇ ਸੀ।

ਸਵਾਲ : ਫਿਰ ਪੁਲਿਸ ਨੂੰ ਕਿਵੇਂ ਖ਼ਬਰ ਮਿਲ਼ ਗਈ ?

ਜਵਾਬ : ਅਸੀਂ ਸਾਰੇ ਇਸ ਗੱਲ ਤੇ ਸਹਿਮਤ ਸੀ ਕਿ ਇਸ ਲਈ ਇੱਕ ਨਿਹੰਗ ਮੁਖੀ ਦੇ

ਗੜਵਈ ਨੇ ਮੁਖ਼ਬਰੀ ਕੀਤੀ ਐ, ਕਿਉਂਕਿ ਉਹਦੇ ਤੋਂ ਅਸੀਂ 20 ਗੋਲੀਆਂ ਵਾਲ਼ੀ ਸਟੇਨਗੰਨ ਲੈ ਕੇ ਚੱਲੇ ਸੀ ਤੇ ਸਾਡੇ ਅਗਲੀ ਤੜਕੇ ਤੁਰਨ ਬਾਰੇ ਸਿਰਫ਼ ਉਸੇ ਨੂੰ ਹੀ ਪਤਾ ਸੀ।

ਸਵਾਲ : ਮਾਨਾਂਵਾਲ਼ਾ 'ਚ ਪੁਲਿਸ ਨੇ ਹਮਲਾ ਕਿਸ ਤਰ੍ਹਾਂ ਕੀਤਾ ?

ਜਵਾਬ : ਮਾਨਾਂਵਾਲ਼ਾ ਜੀ.ਟੀ.ਰੋਡ ਦੇ ਉੱਤੇ ਪੁਲ਼ ਦੇ ਉੱਤੇ ਦੋ ਟਰੱਕ ਖੜ੍ਹੇ ਕੀਤੇ ਹੋਏ ਸੀ। ਪਹਿਲਾ ਟਰੱਕ ਸਿੱਧਾ ਖੜ੍ਹਾ ਕੀਤਾ ਸੀ ਤੇ ਦੂਜਾ ਟਰੱਕ ਟੇਢਾ ਖੜ੍ਹਾ ਕਰ ਕੇ ਸੜਕ ਰੋਕੀ ਹੋਈ ਸੀ। ਸਵੇਰੇ ਤੜਕੇ ਦਾ ਟਾਈਮ ਸੀ, ਚਾਰ ਵਜੇ ਤੋਂ ਪਹਿਲਾਂ ਦਾ। ਜਦੋਂ ਟਰੱਕ ਦੇ ਕੋਲ਼ੋਂ ਜੀਪ ਹੌਲ਼ੀ ਕਰ ਕੇ ਕੱਢਣ ਲੱਗੇ ਤਾਂ ਅੱਗੋਂ ਪੁਲਿਸ ਵਾਲ਼ਿਆਂ ਨੇ ਬ੍ਰੱਸ਼ਟ ਮਾਰਿਆ। ਭਾਈ ਹਰਦੇਵ ਸਿੰਘ ਰੋਡੇ ਡਰਾਈਵਰ ਦੇ ਨਾਲ਼ ਵਾਲ਼ੀ ਸੀਟ ਤੇ ਬੈਠਾ ਸੀ, ਉਹ ਮੌਕੇ ਤੇ ਹੀ ਸ਼ਹੀਦ ਹੋ ਗਿਆ। ਅਸਲ 'ਚ ਪੁਲਿਸ ਵਾਲ਼ਿਆਂ ਨੇ ਆਪਣੇ ਵੱਲੋਂ ਤਾਂ ਬ੍ਰੱਸ਼ਟ ਡਰਾਈਵਰ ਨੂੰ ਮਾਰਿਆ ਸੀ ਜੀਪ ਦੇ ਸੱਜੇ ਪਾਸੇ, ਪਰ ਹਨੇਰਾ ਹੋਣ ਕਰ ਕੇ ਉਹਨਾਂ ਨੂੰ ਪਤਾ ਨ੍ਹੀਂ ਲੱਗਾ ਕਿ ਜੀਪ ਦਾ ਸਟੇਅਰਿੰਗ ਖੱਬੇ ਪਾਸੇ ਸੀ ਤੇ ਜੀਪ ਨੂੰ ਭਾਈ ਗੁਰਮੁਖ ਸਿੰਘ ਭੂਰੇ ਚਲਾ ਰਿਹਾ ਸੀ। ਭਾਈ ਅਨੋਖ ਸਿੰਘ ਉਬੋਕੇ ਵੀ ਬਹੁਤ ਜ਼ਖ਼ਮੀ ਹੋ ਗਏ। ਸਿੰਘਾਂ ਨੇ ਵੀ ਅੱਗੋਂ ਗੋਲ਼ੀ ਚਲਾਈ ਤੇ ਓਥੇ ਐਸ.ਐਸ.ਪੀ. ਪਾਂਡੇ ਵੀ ਜ਼ਖ਼ਮੀ ਹੋ ਗਿਆ। ਜੀਪ ਦੇ ਖੱਬੇ ਪਾਸੇ ਦੇ ਦੋਵੇਂ ਟਾਇਰ ਉੱਡ ਗਏ, ਪਰ ਭਾਈ ਗੁਰਮੁਖ ਸਿੰਘ ਭੂਰੇ ਫਿਰ ਵੀ ਉਸੇ ਹੀ ਤਰ੍ਹਾਂ ਪੁਲਿਸ ਦੇ ਘੇਰੇ 'ਚੋਂ ਜੀਪ ਕੱਢ ਕੇ ਲੈ ਗਿਆ।

ਸਵਾਲ : ਪੁਲਿਸ ਵਾਲ਼ਿਆਂ ਨੇ ਪਿੱਛਾ ਕੀਤਾ ?

ਜਵਾਬ : ਨਹੀਂ, ਐਸ.ਐਸ.ਪੀ. ਪਾਂਡੇ ਦੇ ਗੋਲ਼ੀ ਵੱਜ ਜਾਣ ਕਰ ਕੇ ਪੁਲਿਸ ਵਾਲ਼ੇ ਡਰ ਗਏ ਸੀ, ਕੋਈ ਪਿੱਛੇ ਨ੍ਹੀਂ ਆਇਆ।

ਸਵਾਲ : ਫਿਰ ਵਾਪਸ ਅੰਮ੍ਰਿਤਸਰ ਕਿਵੇਂ ਪਹੁੰਚੇ ?

ਜਵਾਬ : ਜੰਡਿਆਲ਼ੇ ਤੋਂ ਤਰਨਤਾਰਨ ਨੂੰ ਜਾਂਦੀ ਰੋਡ ਤੇ ਇੱਕ ਪਿੰਡ 'ਚ ਇੱਕ ਜਾਣੂ ਸਿੰਘ ਭਾਈ ਜਰਨੈਲ ਸਿੰਘ ਦੋਧੀ ਦੇ ਘਰ ਜੀਪ ਖੜ੍ਹੀ ਕਰ ਦਿੱਤੀ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀ ਗੱਡੀ 'ਚ ਅਸੀਂ ਵਾਪਸ ਦਰਬਾਰ ਸਾਹਿਬ ਪਹੁੰਚੇ। ਬਾਅਦ 'ਚ ਓਥੇ ਜੀਪ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤੇ ਭਾਈ ਮੇਜਰ ਸਿੰਘ ਹੋਰੀਂ ਜਾ ਕੇ ਸਾੜ ਕੇ ਆਏ। ਫਿਰ ਭਾਈ ਹਰਦੇਵ ਸਿੰਘ ਰੋਡੇ ਦਾ ਸਰੀਰ ਸਸਕਾਰ ਕਰਨ ਲਈ ਪਿੰਡ ਰੋਡੇ ਭੇਜ ਦਿੱਤਾ ਤੇ ਭਾਈ ਅਨੋਖ ਸਿੰਘ ਉਬੋਕੇ ਦਾ ਇਲਾਜ ਅੰਮ੍ਰਿਤਸਰ ਹੀ ਹੋਇਆ।

ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤੇ ਭਾਈ ਮੇਜਰ ਸਿੰਘ

ਸਵਾਲ : ਜਦੋਂ ਭਾਰਤੀ ਫ਼ੌਜ ਦਾ ਹਮਲਾ ਹਰਿਮੰਦਰ ਸਾਹਿਬ ਤੇ ਹੋਇਆ, ਓਦੋਂ ਤੁਹਾਡਾ ਮੋਰਚਾ ਕਿੱਥੇ ਸੀ ?

ਜਵਾਬ : ਸਾਡਾ ਮੋਰਚਾ ਅਕਾਲ ਤਖ਼ਤ ਸਾਹਿਬ ਤੇ ਥੜ੍ਹਾ ਸਾਹਿਬ ਦੇ ਵਿਚਕਾਰ ਸੀ।

ਸਵਾਲ : ਲੜਾਈ ਸ਼ੁਰੂ ਹੋਣ ਤੋਂ ਬਾਅਦ ਵੀ ਸੰਤਾਂ ਨਾਲ਼ ਮੇਲ ਹੁੰਦਾ ਰਿਹਾ ?

ਜਵਾਬ : ਹਾਂ, ਮੇਲ ਹੁੰਦਾ ਰਿਹਾ; ਅਸੀਂ ਮਿਲ਼ਦੇ ਰਹੇ ਆਂ ਜਾ ਕੇ।

ਸਵਾਲ : ਸੰਤਾਂ ਦਾ ਕੋਈ ਖ਼ਾਸ ਬਚਨ ਜੋ ਤੁਹਾਡੇ ਨਾਲ਼ ਕੀਤਾ ਹੋਵੇ ?

ਜਵਾਬ : ਜਦੋਂ ਪਹਿਲੀ ਤਰੀਕ ਨੂੰ ਸੀ.ਆਰ.ਪੀ. ਨੇ ਗੋਲ਼ੀ ਚਲਾਈ ਆ, ਉਸ ਤੋਂ ਅਗਲੇ ਦਿਨ ਮੇਲ ਨ੍ਹੀਂ ਹੋਇਆ। ਤਿੰਨ ਤਰੀਕ ਨੂੰ ਸੰਤਾਂ ਨੇ ਕਿਹਾ ਕਿ ਇਹਨਾਂ ਨੇ ਪੂਰਾ ਘੇਰਾ ਪਾ ਲਿਐ, ਜੀਹਨੇ ਨਿਕਲ਼ਣੈ ਨਿਕਲ਼ ਜਾਵੇ, ਕੱਲ੍ਹ ਨ੍ਹੀਂ ਇਹਨਾਂ ਕਿਸੇ ਨੂੰ ਨਿਕਲ਼ਣ ਦੇਣਾ...। ਤੇ ਅਖ਼ੀਰ ਓਹੀ ਗੱਲ ਹੋਈ।

ਸਵਾਲ : ਤੁਹਾਡੇ ਮੋਰਚੇ ਤੇ ਜੰਗ ਦੀ ਪੁਜ਼ੀਸ਼ਨ ਕਿਵੇਂ ਰਹੀ ?

ਜਵਾਬ : ਸਾਡੇ ਤਕ ਤਾਂ ਫ਼ੌਜ 5 ਜੂਨ ਦੀ ਰਾਤ ਨੂੰ ਹੀ ਪਹੁੰਚ ਸਕੀ, ਜਦੋਂ ਅੰਦਰ ਟੈਂਕ ਆ ਗਏ। ਫਿਰ ਵੀ ਜਿਹੜੀ ਫ਼ੌਜ ਪਰਕਰਮਾ 'ਚ ਆਈ, ਉਹਦੇ ਸਿੰਘਾਂ ਨੇ ਬੜੇ ਆਹੂ ਲਾਹੇ।

ਸਵਾਲ : ਪਰਕਰਮਾ 'ਚ ਕਿੰਨੀ ਕੁ ਫ਼ੌਜ ਮਾਰੀ ਗਈ ?

ਜਵਾਬ : ਮੈਂ ਪਰਕਰਮਾ 'ਚ ਆਪਣੀ ਅੱਖੀਂ ਇੱਕ ਛਬੀਲ ਤੋਂ ਲੈ ਕੇ ਦੂਜੀ ਛਬੀਲ ਤਕ ਫ਼ੌਜੀਆਂ ਦੀ ਲਾਸ਼ ਤੇ ਲਾਸ਼ ਚੜ੍ਹੀ ਪਈ ਵੇਖੀ ਸੀ। ਸਿੰਘਾਂ ਨੇ ਮੋਰਚਿਆਂ 'ਚੋਂ ਭਾਰਤੀ ਫ਼ੌਜ ਦੇ ਬੜੇ ਸੱਥਰ ਵਿਛਾਏ।

ਸਵਾਲ : ਫ਼ੌਜ ਨੇ ਕਿੰਨੇ ਟੈਂਕ ਵਰਤੇ ?

ਜਵਾਬ : ਵੈਸੇ ਘੰਟਾ ਘਰ ਦੇ ਬਾਹਰ ਤਾਂ ਟੈਂਕ ਹੀ ਟੈਂਕ ਸੀਗੇ, ਪਰਕਰਮਾ ਦੇ ਅੰਦਰ 5 ਟੈਂਕ ਮੈਂ ਵੇਖੇ ਆ। ਤਿੰਨ ਟੈਂਕ ਤਾਂ ਦਰਸ਼ਨੀ ਡਿਓੜ੍ਹੀ ਦੇ ਅੱਗੇ ਤਕ ਆਏ ਹੋਏ ਸੀ ਤੇ ਓਥੋਂ ਅਕਾਲ ਤਖ਼ਤ ਸਾਹਿਬ ਤੇ ਗੋਲ਼ੇ ਮਾਰ ਰਹੇ ਸੀ।

ਸਵਾਲ : ਸੰਤਾਂ ਦੀ ਸ਼ਹੀਦੀ ਦੇ ਵੇਲ਼ੇ ਵੀ ਤੁਸੀਂ ਮੋਰਚੇ 'ਚ ਹੀ ਸੀ ?

ਘੰਟਾ ਘਰ ਦੇ ਬਾਹਰ ਦਿਸ ਰਹੇ ਟੈਂਕ

ਜਵਾਬ : ਸੰਤਾਂ ਦੀ ਸ਼ਹੀਦੀ ਦਾ ਸਾਰਾ ਵਾਕਿਆ ਅਸੀਂ ਅੱਖੀਂ ਵੇਖਿਆ। ਸੰਤ ਜਦੋਂ ਅਕਾਲ ਤਖ਼ਤ ਸਾਹਿਬ ਤੋਂ ਨਿਕਲ਼ੇ ਆ, ਤਾਂ ਨਾਲ਼ ਦੇ ਸਿੰਘਾਂ ਨੇ ਬੜੇ ਜੈਕਾਰੇ ਛੱਡੇ। ਮੀਂਹ ਵਾਂਗੂੰ ਗੋਲ਼ੀ ਵਰ੍ਹਦੀ ਸੀ, ਮਲਬਾ ਤੇ ਧੂੜ ਉੱਡ ਰਹੀ ਸੀ। ਕਈ ਸਿੰਘ ਤੇ ਬਾਹਰ ਨਿਕਲ਼ਦਿਆਂ ਹੀ ਗੋਲ਼ੀਆਂ ਵੱਜਣ ਨਾਲ਼ ਸ਼ਹੀਦ ਹੋ ਗਏ। ਸੰਤਾਂ ਨੇ ਦਰਸ਼ਨੀ ਡਿਓੜ੍ਹੀ ਦੇ ਅੱਗੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਫਿਰ ਨਿਸ਼ਾਨ ਸਾਹਿਬਾਂ ਵਾਲ਼ੇ

ਪਾਸੇ ਆਏ। ਫਿਰ ਉਹਨਾਂ ਦੇ ਉੱਤੇ ਟੈਂਕਾਂ ਤੋਂ ਫ਼ੌਜ ਨੇ ਗੋਲੀਆਂ ਦੀ ਵਾਛੜ ਕੀਤੀ ਤੇ ਸੰਤ ਓਥੇ ਸ਼ਹੀਦ ਹੋ ਕੇ ਡਿੱਗੇ ਆ।

ਸਵਾਲ : ਸੰਤਾਂ ਦੀ ਸ਼ਹੀਦੀ ਤੋਂ ਬਾਅਦ ਤੁਸੀਂ ਕੀ ਰਣਨੀਤੀ ਅਪਨਾਈ ?

ਜਵਾਬ : ਫਿਰ ਸਾਰੇ ਸਿੰਘਾਂ ਨੇ ਕਿਹਾ ਕਿ ਹੁਣ ਟੈਂਕਾਂ ਦੇ ਅੱਗੇ ਲੜਨ ਦਾ ਤਾਂ ਕੋਈ ਚਾਰਾ ਨ੍ਹੀਂ, ਹੁਣ ਇੱਥੋਂ ਬਾਹਰ ਨਿਕਲ਼ੀਏ। ਅਸੀਂ 5-6 ਸਿੰਘ, ਜਿਨ੍ਹਾਂ 'ਚ ਮੇਰੇ ਨਾਲ਼ ਰੋਡੇ ਪਿੰਡ ਦਾ ਭਾਈ ਪਰਸਾ ਸਿੰਘ ਸੀ ਤੇ ਇਸ ਤੋਂ ਇਲਾਵਾ ਭਾਈ ਪਾਲਾ ਸਿੰਘ, ਭਾਈ ਕਸ਼ਮੀਰ ਸਿੰਘ ਤੇ ਨਾਲ਼ ਇੱਕ ਹੋਰ ਸਿੰਘ ਜਿਨ੍ਹਾਂ ਸਾਰਿਆਂ ਦਾ ਪਿੰਡ ਚੱਬਾ, ਜ਼ੀਰੇ ਦੇ ਕੋਲ਼ ਪੈਂਦਾ ਐ, ਇਹ ਸਾਰੇ ਵੀ ਨਾਲ਼ ਸੀ, ਅਸੀਂ ਸਾਰੇ ਹਥਿਆਰਾਂ ਸਮੇਤ ਹੀ ਅਕਾਲ ਤਖ਼ਤ ਦੇ ਲਾਗੇ ਜਿਹੜਾ ਗੇਟ ਆ, ਜਿੱਧਰ ਹੁਣ ਯਾਦਗਾਰ ਬਣੀ ਆ, ਓਧਰ ਦੀ ਬਾਹਰ ਨਿਕਲ਼ ਗਏ। ਅੱਗੋਂ ਸਾਨੂੰ ਫ਼ੌਜ ਨੇ ਘੇਰ ਲਿਆ। ਓਥੇ ਇੱਕ ਮੁਸਲਮਾਨ ਅਫ਼ਸਰ ਕਹਿੰਦਾ, 'ਤੁਮ ਹਾਥ ਖੜ੍ਹੇ ਕਰ ਦੋ, ਮੈਂ ਤੁਮ੍ਹੇਂ ਕੁਛ ਨਹੀਂ ਹੋਨੇ ਦੂੰਗਾ।' ਸਾਡੇ ਹਥਿਆਰ ਤਾਂ ਵੈਸੇ ਵੀ ਹੁਣ ਖ਼ਾਲੀ ਸੀ, ਗੋਲ਼ੀ ਸਿੱਕਾ ਖ਼ਤਮ ਹੋ ਗਿਆ ਸੀ, ਉਹ ਹਥਿਆਰ ਉਹਨਾਂ ਨੂੰ ਫੜਾ ਦਿੱਤੇ।ਓਥੋਂ ਉਹ ਸਾਨੂੰ ਜਲ੍ਹਿਆਂ ਵਾਲ਼ੇ ਬਾਗ਼ ਵੱਲ ਦੀ ਧਰਮ ਸਿੰਘ ਮਾਰਕੀਟ ਚੌਕ ਤਕ ਲਿਆਏ। ਓਥੇ ਅੱਗੇ ਬਹੁਤ ਜ਼ਿਆਦਾ ਫ਼ੌਜ ਸੀ, ਉਹਨਾਂ ਨੇ ਸਾਨੂੰ ਗੱਡੀਆਂ 'ਚ ਬਿਠਾ ਲਿਆ।

ਸਵਾਲ : ਫਿਰ ਤੁਹਾਨੂੰ ਕਿੱਥੇ ਲੈ ਕੇ ਗਏ ?

ਲੇਖਕ ਨੂੰ ਘਲੂਘਾਰੇ ਬਾਰੇ ਦੱਸਦੇ ਹੋਏ ਬਾਈ ਜੋਗਿੰਦਰ ਸਿੰਘ ਰੋਡੇ

ਜਵਾਬ : ਪਹਿਲਾਂ ਤਾਂ ਕੋਤਵਾਲੀ 'ਚ ਲੈ ਕੇ ਗਏ; ਤੇ ਫਿਰ ਇੱਕ ਫ਼ੌਜੀ ਕੈਂਪ 'ਚ ਲੈ ਗਏ। ਓਥੇ ਸਾਨੂੰ ਤਸੀਹੇ ਦਿੰਦੇ ਰਹੇ।

ਸਵਾਲ : ਤਸੀਹੇ ਸਿਰਫ਼ ਗੁੱਸੇ ਤੇ ਖਿਝ ਵਿੱਚ ਹੀ ਦਿੰਦੇ ਸੀ ਕਿ ਕੁਝ ਪੁੱਛਗਿੱਛ ਵੀ ਕਰਦੇ ਸੀ ?

ਜਵਾਬ : ਵੈਸੇ ਹੀ ਤਸੀਹੇ ਦੇਈ ਜਾਂਦੇ ਸੀ, ਕਈ ਵਿੱਚੋਂ ਇਹ ਵੀ ਪੁੱਛਦੇ ਸੀ ਕਿ ਭਿੰਡਰਾਂਵਾਲਾ ਕਹਾਂ ਹੈ ? ਅਸੀਂ ਆਪਣੇ ਹਿਸਾਬ ਨਾਲ਼ ਜਵਾਬ ਦਿੰਦੇ ਰਹੇ।

ਸਵਾਲ : ਇਸ ਤਰ੍ਹਾਂ ਕੈਂਪ 'ਚ ਕਿੰਨਾ ਚਿਰ ਰੱਖਿਆ ਤੇ ਫਿਰ ਕਿਹੜੀ ਜੇਲ੍ਹ 'ਚ ਭੇਜਿਆ ?

ਜਵਾਬ : 15 ਕੁ ਦਿਨ ਕੈਂਪ 'ਚ ਰੱਖ ਕੇ ਫਿਰ ਸਾਨੂੰ ਅਜਮੇਰ ਜੇਲ੍ਹ 'ਚ ਭੇਜ ਦਿੱਤਾ। ਨੌਂ ਕੁ ਮਹੀਨੇ ਓਥੇ ਰੱਖ ਕੇ ਫਿਰ ਜੋਧਪੁਰ ਜੇਲ੍ਹ 'ਚ ਭੇਜ ਦਿੱਤਾ, ਅਸੀਂ ਪੌਣੇ ਕੁ ਪੰਜ ਸਾਲਾਂ ਬਾਅਦ ਰਿਹਾਅ ਹੋਏ।

****

"ਨਸ਼ੇ ਵਿੱਚ ਭਾਰਤੀ ਫ਼ੌਜੀ, ਸ਼ਰਧਾਲੂ ਬੀਬੀਆਂ ਨੂੰ ਧੂਹ ਧੂਹ ਕੇ ਕਮਰਿਆਂ 'ਚ ਲਿਜਾ ਰਹੇ ਸਨ"

ਸ਼੍ਰੋਮਣੀ ਕਮੇਟੀ ਮੁਲਾਜ਼ਮ ਭਾਈ ਛੋਟਾ ਸਿੰਘ ਨਾਲ਼ ਮੁਲਾਕਾਤ

'ਵੰਗਾਰ' ਦੇ ਦਫ਼ਤਰ ਵਿੱਚ ਭਾਈ ਛੋਟਾ ਸਿੰਘ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਇੱਕ ਕਿਤਾਬ 'ਸਿੱਖ ਨਸਲਕੁਸ਼ੀ 1984' ਵਿੱਚ ਪ੍ਰਕਾਸ਼ਿਤ ਛੋਟਾ ਸਿੰਘ ਦਾ ਨਿੱਕਾ ਜਿਹਾ ਬਿਆਨ ਬਹੁਤ ਹੀ ਸਨਸਨੀਖ਼ੇਜ਼ ਸੀ, ਜਿਸ ਨੂੰ ਅਸੀਂ 'ਵੰਗਾਰ' ਮੈਗਜ਼ੀਨ ਦੇ ਇੱਕ ਅੰਕ ਵਿੱਚ ਛਾਪਿਆ। ਪਰ ਮੇਰੇ ਮਨ ਵਿੱਚ ਛੋਟਾ ਸਿੰਘ ਨੂੰ ਮਿਲ਼ ਕੇ ਉਸ ਤੋਂ ਇਸ ਕਹਿਰ ਬਾਰੇ ਵਿਸਤਾਰ ਸਹਿਤ ਜਾਣਕਾਰੀ ਪ੍ਰਾਪਤ ਕਰਨ ਦੀ ਤੜਪ ਪੈਦਾ ਹੋ ਚੁੱਕੀ ਸੀ। ਲਿਖਤ ਵਿੱਚ ਉਸ ਨੇ ਆਪਣਾ ਪਿੰਡ ਸੰਗਤਪੁਰਾ, ਜ਼ਿਲ੍ਹਾ ਸੰਗਰੂਰ ਦੱਸਿਆ ਸੀ।

ਇਸ ਬਾਰੇ ਮੈਂ ਭਵਾਨੀਗੜ੍ਹ ਵਿੱਚ ਸੇਵਾ ਨਿਭਾਅ ਰਹੇ ਭਾਈ ਮਨਜੀਤ ਸਿੰਘ ਡੱਲਾ ਨਾਲ਼ ਗੱਲ ਕੀਤੀ, ਤਾਂ ਉਹ ਕਹਿਣ ਲੱਗੇ ਕਿ ਸੰਗਤਪੁਰਾ ਪਿੰਡ ਦੋ ਨੇ, ਇੱਕ ਭਵਾਨੀਗੜ੍ਹ ਕੋਲ਼ ਅਤੇ ਇੱਕ ਲਹਿਰਾਗਾਗਾ ਦੇ ਨੇੜੇ। ਭਾਈ ਮਨਜੀਤ ਸਿੰਘ ਇਸ ਮਕਸਦ ਲਈ ਪਹਿਲਾਂ ਭਵਾਨੀਗੜ੍ਹ ਨੇੜਲੇ ਪਿੰਡ ਸੰਗਤਪੁਰਾ ਗਏ। ਓਥੇ ਇਸ ਨਾਂ ਦਾ ਕੋਈ ਸਿੰਘ ਨਾ ਹੋਣ ਕਰ ਕੇ ਫਿਰ ਉਹ ਲਹਿਰਾਗਾਗਾ ਨੇੜੇ ਪਿੰਡ ਸੰਗਤਪੁਰਾ ਪਹੁੰਚੇ। ਪਿੰਡ 'ਚੋਂ ਪਤਾ ਕਰਨ ਤੋਂ ਬਾਅਦ ਉਹਨਾਂ ਨੇ ਓਥੋਂ ਹੀ ਫ਼ੋਨ ਕਰ ਕੇ ਦੱਸਿਆ ਕਿ ਇਹ ਭਾਈ ਛੋਟਾ ਸਿੰਘ ਇਸ ਸਮੇਂ ਵੀ ਸ਼੍ਰੋਮਣੀ ਕਮੇਟੀ 'ਚ ਨੌਕਰੀ ਕਰਦੇ ਹੋਏ ਸ੍ਰੀ ਹਰਿਮੰਦਰ ਸਾਹਿਬ 'ਚ ਹੀ ਸੇਵਾ ਨਿਭਾਅ ਰਹੇ ਹਨ। ਉਹਨਾਂ ਨੇ ਭਾਈ ਛੋਟਾ ਸਿੰਘ ਦਾ ਮੋਬਾਇਲ ਨੰਬਰ ਮੈਨੂੰ ਲਿਖਵਾ ਦਿੱਤਾ, ਜਿਸ ਨਾਲ਼ ਮੈਨੂੰ ਸੌਖ ਹੋ ਗਈ। ਫ਼ੋਨ ਤੇ ਸੰਪਰਕ ਕਰਨ ਤੋਂ ਬਾਅਦ ਭਾਈ ਛੋਟਾ ਸਿੰਘ 'ਵੰਗਾਰ' ਦੇ ਦਫ਼ਤਰ 'ਚ ਆ ਗਏ, ਜਿੱਥੇ ਉਹਨਾਂ ਨਾਲ਼ ਘਲੂਘਾਰੇ ਦੇ ਅੱਖੀਂ ਵੇਖੇ ਹਾਲਾਤਾਂ ਬਾਰੇ ਵਿਸਤਾਰ ਸਹਿਤ ਗੱਲਬਾਤ ਹੋਈ।

ਸਵਾਲ : ਜੂਨ 1984 'ਚ ਤੁਸੀਂ ਹਰਿਮੰਦਰ ਸਾਹਿਬ ਦਰਸ਼ਨ ਕਰਨ ਲਈ ਆਏ ਸੀ ਜਾਂ...?

ਜਵਾਬ : ਨਹੀਂ... ਮੈਂ ਡੇਲੀ ਵੇਜ਼ ਤੇ ਗੁਰੂ ਕੇ ਲੰਗਰ 'ਚ ਸੇਵਾ ਕਰਦਾ ਸੀ।

ਸਵਾਲ : ਤੇ ਰਿਹਾਇਸ਼ ਕਿੱਥੇ ਸੀ...?

ਜਵਾਬ : ਤੇਜਾ ਸਿੰਘ ਸਮੁੰਦਰੀ ਹਾਲ 'ਚ ਇੱਕ ਵੱਡਾ ਹਾਲ ਕਮਰਾ ਸੀ, ਜਿੱਥੇ ਅਸੀਂ 8-9 ਜਣੇ

ਰਹਿੰਦੇ ਸੀ, ਹੁਣ ਓਥੇ ਦਫ਼ਤਰ ਨੇ। ਇਸ ਕਮਰੇ 'ਚ ਸੰਤ ਲੌਂਗੋਵਾਲ਼ ਦੇ ਗੰਨਮੈਨ ਵੀ ਸੀਗੇ ਤੇ ਹੋਰ ਦਫ਼ਤਰ 'ਚ ਕੰਮ ਕਰਨ ਵਾਲ਼ੇ ਦੋ ਵੀਰ ਭਾਈ ਮੱਘਰ ਸਿੰਘ ਤੇ ਸੁਖਦੇਵ ਸਿੰਘ ਵੀ ਉਸੇ ਕਮਰੇ 'ਚ ਰਹਿੰਦੇ ਸੀ।

ਸਵਾਲ : ਤੇ ਤੁਹਾਡਾ ਪਰਿਵਾਰ...?

ਜਵਾਬ : ਅਸੀਂ ਸੱਤ ਭਰਾ ਵਾਂ। ਬਾਕੀ ਸਾਰੇ ਪਿੰਡ ਸੰਗਤਪੁਰਾ 'ਚ ਵਾਹੀ ਕਰਦੇ ਨੇ... ਮੈਂ ਵਿਆਹ ਨ੍ਹੀਂ ਕਰਵਾਇਆ, ਹੁਣ ਇੱਥੇ ਹੀ ਕੁਆਰਟਰ 'ਚ ਰਹਿੰਨੈਂ...।

ਸਵਾਲ : ਹਮਲੇ ਦੀ ਸ਼ੁਰੂਆਤ ਕਿਵੇਂ ਹੋਈ ਤੇ ਤੁਸੀਂ ਉਸ ਵੇਲ਼ੇ ਕਿੱਥੇ ਸੀ...?

ਜਵਾਬ : ਪਹਿਲੀ ਜੂਨ 1984 ਵਾਲ਼ੇ ਦਿਨ, ਦੁਪਹਿਰੇ ਇੱਕ-ਡੇਢ ਵਜੇ ਦਾ ਸਮਾਂ ਸੀ... ਮੈਂ ਲੰਗਰ 'ਚੋਂ ਦਾਲ਼ ਪ੍ਰਸ਼ਾਦਾ ਲੈਣ ਜਾ ਰਿਹਾ ਸੀ ਕਿ ਸੀ.ਆਰ.ਪੀ. ਨੇ ਗੋਲ਼ੀ ਚਲਾਉਣੀ ਸ਼ੁਰੂ ਕਰ ਦਿੱਤੀ। ਪਰ ਉਹ ਵਧੇਰੇ ਗੋਲ਼ੀਆਂ ਲੰਗਰ ਹਾਲ ਦੀ ਛੱਤ ਵੱਲ ਚਲਾ ਰਹੇ ਸੀ, ਜਿੱਥੇ ਸੰਤ ਭਿੰਡਰਾਂਵਾਲ਼ੇ ਬਹਿੰਦੇ ਹੁੰਦੇ ਸੀ।



ਸਵਾਲ : ਉਸ ਤੋਂ ਬਾਅਦ ਕੀ ਹੋਇਆ ?

ਜਵਾਬ : ਮੈਂ ਪ੍ਰਸ਼ਾਦਾ ਪਾਣੀ ਲੈ ਕੇ ਵਾਪਸ ਕਮਰੇ 'ਚ ਆ ਗਿਆ। ਕਮਰੇ 'ਚ ਅਸੀਂ ਸਾਰਿਆਂ ਨੇ ਬਹਿ ਕੇ ਪ੍ਰਸ਼ਾਦਾ ਛਕਿਆ। ਫਿਰ ਅਸੀਂ 2 ਤਰੀਕ ਤਕ ਕਮਰੇ 'ਚੋਂ ਬਾਹਰ ਨਈਂ ਨਿਕਲ਼ ਸਕੇ... ਕਰਫ਼ਿਊ ਲੱਗ ਗਿਆ।

ਸਵਾਲ : ਤੇ ਉਹ ਦੋ ਦਿਨ ਰੋਟੀ ਪਾਣੀ ਕਿਵੇਂ ਖਾਧਾ...?

ਜਵਾਬ : ਗੁਰੂ ਰਾਮਦਾਸ ਲੰਗਰ 'ਚ ਜਾ ਨ੍ਹੀਂ ਸਕੇ, ਪਰ ਪਿੱਛੋਂ ਬਾਗ਼ ਵਾਲ਼ੀ ਗਲ਼ੀ 'ਚੋਂ ਸਿੱਖ ਸੰਗਤਾਂ ਨੇ ਲੰਗਰ ਤਿਆਰ ਕਰ ਕੇ ਅੰਦਰ ਸਾਨੂੰ ਭੇਜਿਆ ਤੇ ਅਸੀਂ ਛਕਿਆ। ਸਾਰੇ ਸ਼ਹਿਰ 'ਚ ਵੀ ਕਰਫ਼ਿਊ ਲੱਗਾ ਰਿਹਾ।

ਸਵਾਲ : ਫਿਰ ਕਰਫ਼ਿਊ ਕਦੋਂ ਖੁੱਲ੍ਹਾ ?

ਜਵਾਬ : ਕਰਫ਼ਿਊ ਤਿੰਨ ਜੂਨ ਦੁਪਹਿਰ ਵੇਲ਼ੇ ਥੋੜ੍ਹਾ ਜਿਹਾ ਖੁੱਲ੍ਹਾ। ਗੁਰੂ ਅਰਜਨ ਪਾਤਸ਼ਾਹ ਦਾ ਸ਼ਹੀਦੀ ਗੁਰਪੁਰਬ ਸੀ। ਮੈਂ ਸੋਚਿਆ, ਚਲੋ ਗੁਰਦੁਆਰਾ ਸ਼ਹੀਦਾਂ ਵੀ ਮੱਥਾ ਟੇਕ ਆਈਏ। ਮੈਂ ਮੱਥਾ ਟੇਕ ਕੇ ਵਾਪਸ ਆਇਆ ਤੇ ਕਮਰੇ 'ਚ ਰਹਿੰਦੇ ਭਾਈ ਸੁਖਦੇਵ ਸਿੰਘ ਕਹਿੰਦੇ, 'ਕਿੱਥੇ ਗਿਆ ਸੀ ?' ਮੈਂ ਕਿਹਾ, 'ਗੁਰਦੁਆਰਾ ਸ਼ਹੀਦਾਂ ਤੋਂ ਮੱਥਾ ਟੇਕ ਕੇ ਆਇਐਂ।' ਉਹ ਕਹਿੰਦੇ, 'ਏਥੇ ਮੌਤ ਵਰ੍ਹਨ ਡਹੀ ਆ ਤੇ ਤੈਨੂੰ ਮੱਥਾ ਟੇਕਣ ਦੀ ਪਈ ਆ।' ਮੈਂ ਕਿਹਾ, 'ਜਦੋਂ ਆਉਣੀ ਐ, ਆ ਹੀ ਜਾਣੀ ਐ।' ਵੈਸੇ ਓਦੋਂ ਪਤਾ ਨ੍ਹੀਂ

ਸੀ ਕਿ ਐਨਾ ਕੁਝ ਹੋਣੈ।

ਸਵਾਲ : ਫਿਰ ਫ਼ੌਜ ਦਾ ਹਮਲਾ ਕਦੋਂ ਹੋਇਆ ?

ਜਵਾਬ : ਫਿਰ ਹਮਲਾ ਤਾਂ ਤਿੰਨ ਜੂਨ ਦੀ ਰਾਤ ਨੂੰ ਹੀ ਸ਼ੁਰੂ ਹੋ ਗਿਆ। ਬਿਜਲੀ ਪਾਣੀ ਸਾਰਾ ਕੁਝ ਬੰਦ, ਪਰ ਬਾਗ਼ ਵਾਲ਼ੀ ਗਲ਼ੀ 'ਚੋਂ ਸਿੱਖ ਸੰਗਤਾਂ ਵਰ੍ਹਦੀਆਂ ਗੋਲ਼ੀਆਂ 'ਚ ਅੰਦਰ ਪ੍ਰਸ਼ਾਦਾ ਪਾਣੀ ਤਿਆਰ ਕਰ ਕੇ ਭੇਜਦੀਆਂ ਰਹੀਆਂ।

ਸਵਾਲ : ਫਿਰ ਤੁਸੀਂ ਇਸ ਕਮਰੇ 'ਚੋਂ ਕਦੋਂ ਨਿਕਲ਼ੇ...?

ਜਵਾਬ:- 5 ਜੂਨ ਦੀ ਰਾਤ ਨੂੰ ਫ਼ੌਜ ਨੇ ਅਵਾਜ਼ ਦਿੱਤੀ ਕਿ ਸਾਰੇ ਬਾਹਰ ਆ ਜਾਓ... ਅਸੀਂ ਸਾਰੇ ਬਾਹਰ ਆ ਗਏ। ਉਹਨਾਂ ਨੂੰ ਪਤਾ ਸੀ ਕਿ ਇੱਥੇ ਕੋਈ ਸੰਤ ਭਿੰਡਰਾਂਵਾਲ਼ੇ ਦੇ ਸਿੰਘ ਨਈਂ ਨੇ।

ਸਵਾਲ : ਬਾਹਰ ਕਿਸ ਤਰ੍ਹਾਂ ਦੇ ਹਾਲਾਤ ਸੀ...?

ਜਵਾਬ : ਸੰਗਤਾਂ ਬੜੀ ਵੱਡੀ ਗਿਣਤੀ 'ਚ ਸੀਗੀਆਂ। ਬੱਚੇ ਪਾਣੀ ਖੁਣੋਂ ਵਿਲਕ ਵਿਲਕ ਕੇ ਮਰ ਰਹੇ ਸੀ। ਤੇਜਾ ਸਿੰਘ ਸਮੁੰਦਰੀ ਹਾਲ ਦੇ ਨਾਲ਼ ਜਿਹੜੀ ਗੁਰੂ ਰਾਮਦਾਸ ਸਰਾਂਅ ਦੀ ਕੰਧ ਸੀ, ਉਹ ਫ਼ੌਜ ਨੇ ਤੋੜ ਦਿੱਤੀ ਸੀ। ਸਾਨੂੰ ਉਹ ਉਸ ਟੁੱਟੀ ਕੰਧ ਵੱਲ ਦੀ ਗੁਰੂ ਰਾਮਦਾਸ ਸਰਾਂਅ ਦਾ ਜਿਹੜਾ ਆਰਜ਼ੀ ਲੰਗਰ ਆਏ ਗਏ ਲਈ ਹੁੰਦਾ ਸੀ, ਓਥੇ ਲੈ ਗਏ। ਸੰਗਰੂਰ ਜ਼ਿਲ੍ਹੇ 'ਚੋਂ ਮੋਰਚੇ 'ਚ ਗ੍ਰਿਫ਼ਤਾਰੀ ਦੇਣ ਲਈ ਭਾਈ ਨਛੱਤਰ ਸਿੰਘ ਭਲਵਾਨ ਦੀ ਅਗਵਾਈ 'ਚ ਜਥਾ ਆਇਆ ਸੀ, ਜਿਹਦੇ 'ਚ ਵਧੇਰੇ ਬੀਬੀਆਂ ਸੀ। ਉਸ ਜਥੇ 'ਚੋਂ ਬਹੁਤ ਸੰਗਤ ਸ਼ਹੀਦ ਹੋ ਗਈ।

ਸਵਾਲ : ਇਸ ਦੌਰਾਨ ਤੁਹਾਡੀ ਲੌਂਗੋਵਾਲ਼ ਹੋਰਾਂ ਨਾਲ਼ ਕੋਈ ਗੱਲ ਹੋਈ ?

ਜਵਾਬ : ਨਈਂ, ਉਹਨਾਂ ਨੂੰ ਤੇ ਬਲਵੰਤ ਸਿੰਘ ਰਾਮੂਵਾਲੀਆਂ ਦੋਹਾਂ ਨੂੰ ਫ਼ੌਜ ਪਹਿਲਾਂ ਲੈ ਗਈ ਸੀ। ਉਹਨਾਂ ਨਾਲ਼ ਸਾਡੀ ਕੋਈ ਗੱਲਬਾਤ ਨ੍ਹੀਂ ਹੋ ਸਕੀ।

ਸਵਾਲ: ਤੁਹਾਡੇ ਨਾਲ਼ ਫ਼ੌਜੀਆਂ ਦਾ ਵਿਹਾਰ ਕਿਹੋ ਜਿਹਾ ਸੀ ?

ਜਵਾਬ : ਫ਼ੌਜੀ ਸਾਰੀ ਸੰਗਤ ਨਾਲ਼ ਬਹੁਤ ਮਾੜਾ ਵਿਹਾਰ ਕਰ ਰਹੇ ਸੀ। ਸਾਡੇ ਕਕਾਰ ਲਾਹ ਕੇ ਓਥੇ ਚਿੱਕੜ 'ਚ ਸੁੱਟ ਦਿੱਤੇ ਤੇ ਗਾਲ਼ਾਂ ਕੱਢਦੇ ਰਹੇ। ਫਿਰ ਅਚਾਨਕ ਉੱਤੋਂ ਇੱਕ ਗਰਨੇਡ ਸੁੱਟਿਆ ਗਿਆ, ਤੇ ਫਿਰ ਫ਼ੌਜ ਨੇ ਅੰਨ੍ਹੇਵਾਹ ਗੋਲ਼ੀ ਚਲਾਈ। ਓਥੇ ਮੌਕੇ ਤੇ ਹੀ ਭਾਈ ਨਛੱਤਰ ਸਿੰਘ ਭਲਵਾਨ, ਭਾਈ ਬੱਗਾ ਸਿੰਘ ਤੇ ਗੁਰਚਰਨ ਸਿਹੁੰ ਸਕੱਤਰ ਮਾਰੇ ਗਏ। ਕਾਫ਼ੀ ਸੰਗਤ ਹੋਰ ਵੀ ਮਾਰੀ ਗਈ। ਮੇਰੇ ਚਿਹਰੇ ਦੇ ਸੱਜੇ ਪਾਸੇ ਬੰਬ ਦੇ ਛਰੇ ਵੱਜੇ। ਮੇਰਾ ਚਿਹਰਾ ਤੇ

ਸੱਜਾ ਮੋਢਾ ਜ਼ਖ਼ਮੀ ਹੋ ਗਏ।

ਸਵਾਲ : ਤੇ ਬੀਬੀਆਂ ਨਾਲ਼ ਫ਼ੌਜੀ ਕਿਵੇਂ ਪੇਸ਼ ਆ ਰਹੇ ਸੀ...?

ਜਵਾਬ : ਪਹਿਲਾਂ ਤਾਂ ਫ਼ੌਜ ਨੇ ਗੁਰੂ ਰਾਮਦਾਸ ਸਰਾਂਅ ਦੇ ਸਾਰੇ ਹੇਠਲੇ ਕਮਰਿਆਂ 'ਚੋਂ ਬਿਸਤਰੇ ਬਾਹਰ ਕੱਢ ਕੇ ਉਹਨਾਂ ਦਾ ਢੇਰ ਲਾਇਆ ਤੇ ਉਹਨਾਂ ਨੂੰ ਅੱਗ ਲਾ ਦਿੱਤੀ। ਪਾਣੀ ਤੇ ਬਿਜਲੀ ਨਾ ਹੋਣ ਕਰ ਕੇ ਭਾਵੇਂ ਸਾਰੀ ਸੰਗਤ ਦਾ ਬਹੁਤ ਬੁਰਾ ਹਾਲ ਸੀ, ਪਰ ਬਜ਼ੁਰਗ ਤੇ ਬੱਚੇ ਤਾਂ ਪਾਣੀ ਖੁਣੋਂ ਦਮ ਤੋੜਦੇ ਜਾ ਰਹੇ ਸੀ। ਇਸ ਵੇਲੇ ਮੈਂ ਆਪਣੀਆਂ ਅੱਖਾਂ ਸਾਮ੍ਹਣੇ ਬੜਾ ਭਿਆਨਕ ਦ੍ਰਿਸ਼ ਵੇਖਿਆ। ਫ਼ੌਜੀ ਬੀਬੀਆਂ ਤੋਂ ਨਿੱਕੇ ਨਿੱਕੇ ਬੱਚੇ ਖੋਹ ਕੇ ਉਹਨਾਂ ਨੂੰ ਅੱਗ 'ਚ ਸੁੱਟੀ ਜਾ ਰਹੇ ਸੀ।

ਸਵਾਲ : ਬੀਬੀਆਂ ਅੱਗੋਂ ਵਿਰੋਧ ਨਹੀਂ ਸੀ ਕਰਦੀਆਂ?

ਜਵਾਬ : ਬੀਬੀਆਂ ਬਹੁਤ ਵਿਰੋਧ ਕਰਦੀਆਂ ਸੀ, ਫਿਰ ਇੱਕ ਫ਼ੌਜੀ ਬੀਬੀ ਦੀਆਂ ਬਾਹਾਂ ਫੜਦਾ, ਤੇ ਦੂਜਾ ਬੱਚੇ ਨੂੰ ਖੋਹ ਕੇ ਅੱਗ 'ਚ ਸੁੱਟ ਦਿੰਦਾ। ਬੀਬੀਆਂ ਦੀਆਂ ਚੀਕਾਂ ਸੁਣੀਆਂ ਨਹੀਂ ਸੀ ਜਾ ਰਹੀਆਂ, ਫਿਰ ਵੀ ਇਸ ਹਾਲਤ 'ਚ ਹੀ ਫ਼ੌਜੀ ਉਹਨਾਂ ਬੀਬੀਆਂ ਨੂੰ ਪੌੜੀਆਂ 'ਚੋਂ ਦੀ ਧੂਹ ਧੂਹ ਕੇ ਗੁਰੂ ਰਾਮਦਾਸ ਸਰਾਂਅ ਦੇ ਉੱਪਰਲੀ ਮੰਜ਼ਲ ਦੇ ਕਮਰਿਆਂ 'ਚ ਲਿਜਾ ਰਹੇ ਸੀ... ਪਤਾ ਨ੍ਹੀਂ ਓਥੇ ਉਹਨਾਂ ਨਾਲ ਕੀ ਕੀਤਾ ਜਾ ਰਿਹਾ ਸੀ...।

ਸਵਾਲ : ਹੋਰ ਓਥੇ ਕੀ ਕੁਝ ਵੇਖਿਆ...?

ਜਵਾਬ : ਬਹੁਤ ਸੰਗਤ ਸ਼ਹੀਦ ਹੋਈ ਤੇ ਜ਼ਖ਼ਮੀ ਹੋਈ ਪਈ ਸੀ। ਸਾਡੇ ਪਿੰਡ ਦੀ ਬੀਬੀ ਮੁਖਤਿਆਰ ਕੌਰ ਦੀ ਅੱਡੀ ਹੀ ਉੱਡ ਗਈ ਸੀ, ਉਹ ਅਜੇ ਵੀ ਮੰਜੇ ਤੇ ਹੀ ਰਹਿੰਦੀ ਐ। ਚੀਮਾ ਪਿੰਡ ਦੀ ਬੜੀ ਸੰਗਤ ਸ਼ਹੀਦ ਹੋਈ।

ਸਵਾਲ : ਇਸ ਹਾਲਤ 'ਚ ਕਿੰਨਾ ਚਿਰ ਤੁਹਾਨੂੰ ਓਥੇ ਬਿਠਾਈ ਰੱਖਿਆ ?

ਜਵਾਬ : ਮੇਰੇ ਨਾਲ਼ ਦੇ ਸਾਥੀਆਂ ਭਾਈ ਸੁਖਦੇਵ ਸਿੰਘ ਤੇ ਮੱਘਰ ਸਿੰਘ ਹੋਰਾਂ ਨੇ ਪੱਗ ਪਾੜ ਕੇ ਮੇਰੇ ਜ਼ਖ਼ਮਾਂ ਤੇ ਬੱਧੀ। ਮੇਰੀ ਹਾਲਤ ਬਹੁਤ ਬੁਰੀ ਸੀ, ਮੈਂ ਓਥੇ ਲੰਮਾ ਪੈ ਗਿਆ ਤੇ ਓਥੇ ਹੀ ਬੇਹੋਸ਼ ਹੋ ਗਿਆ। ਮੈਨੂੰ ਬਾਅਦ 'ਚ ਜਦੋਂ ਹੋਸ਼ ਆਈ ਤਾਂ ਮੈਂ ਗੁਰੂ ਤੇਗ ਬਹਾਦਰ ਹਸਪਤਾਲ 'ਚ ਬੈੱਡ ਤੇ ਪਿਆ ਸੀ...।

ਸਵਾਲ : ਓਥੇ ਕਿਸ ਨੇ ਪਹੁੰਚਾਇਆ ?

ਜਵਾਬ : ਮੈਨੂੰ ਬਾਅਦ 'ਚ ਮੇਰੇ ਸਾਥੀਆਂ ਨੇ ਦੱਸਿਆ ਕਿ ਤੈਨੂੰ ਬੇਹੋਸ਼ ਹੋਏ ਨੂੰ ਚੁੱਕ ਕੇ ਫ਼ੌਜੀਆਂ

ਨੇ ਲਾਸ਼ਾਂ ਵਾਲ਼ੇ ਟਰੱਕ 'ਚ ਸੁੱਟ ਦਿੱਤਾ ਸੀ, ਉਹਨਾਂ ਦੱਸਿਆ ਕਿ ਅਸੀਂ ਰੌਲਾ ਪਾਇਆ ਕਿ ਇਹ ਜਿਊਂਦੈ, ਤਾਂ ਫਿਰ ਤੈਨੂੰ ਜ਼ਖ਼ਮੀਆਂ ਵਾਲ਼ੇ ਟਰੱਕ 'ਚ ਪਾਇਆ ਗਿਆ।



ਲੇਖਕ ਨੂੰ ਅੱਖੀਂ ਡਿੱਠੀ ਅਤੇ ਹੱਡੀਂ ਹੰਢਾਈ ਕੌਮੀ ਪੀੜ ਤੋਂ ਜਾਣੂ ਕਰਵਾਉਂਦੇ ਹੋਏ ਭਾਈ ਛੋਟਾ ਸਿੰਘ

ਸਵਾਲ : ਹਸਪਤਾਲ 'ਚ ਕੀ ਹਾਲਤ ਸੀ ?

ਜਵਾਬ : ਜਦੋਂ ਹੋਸ਼ ਆਈ ਤਾਂ ਸਾਰਾ ਹਾਲ ਜ਼ਖ਼ਮੀਆਂ ਨਾਲ਼ ਭਰਿਆ ਪਿਆ ਸੀ। ਇੱਕ ਫ਼ੌਜੀ ਹਥਿਆਰ ਲੈ ਕੇ ਹਰੇਕ ਬੈੱਡ ਦੇ ਸਿਰ੍ਹਾਣੇ ਤੇ ਇੱਕ ਪੈਰਾਂ ਵਾਲ਼ੇ ਪਾਸੇ ਖਲੋਤਾ ਹੋਇਆ ਸੀ। ਸਾਰੇ ਜ਼ਖ਼ਮੀ ਕਰਾਹੁੰਦੇ ਪਏ ਸੀ। ਜੇ ਕੋਈ ਪਾਣੀ ਮੰਗਦਾ ਤਾਂ ਫ਼ੌਜੀ ਕਹਿੰਦੇ:- ਅਬ ਭਿੰਡੀਵਾਲ਼ੇ (ਸੰਤ ਭਿੰਡਰਾਂਵਾਲ਼ੇ) ਕੋ ਬੁਲਾਓ... ਵਹੀ ਤੁਮ੍ਹੇਂ ਪਾਨੀ ਦੇਗਾ...।

ਸਵਾਲ : ਤੇ ਫਿਰ ਪਾਣੀ-ਧਾਣੀ ਕਿਵੇਂ ਪੀਂਦੇ ਰਹੇ...?

ਜਵਾਬ : ਹਸਪਤਾਲ ਦਾ ਸਟਾਫ਼ ਬੜਾ ਚੰਗਾ ਸੀ। ਖ਼ਾਸ ਤੌਰ ਤੇ ਨਰਸਾਂ ਬੜੀ ਦੇਖਭਾਲ ਕਰਦੀਆਂ ਰਹੀਆਂ। ਉਹ ਕਿਸੇ ਪਾਸਿਓਂ ਵੀ 'ਪਾਣੀ' ਦੀ ਅਵਾਜ਼ ਸੁਣਦੀਆਂ, ਉਸੇ ਵੇਲ਼ੇ ਪਹੁੰਚ ਕੇ ਪਾਣੀ ਪਿਆਉਂਦੀਆਂ। ਸਾਡੇ ਤੋਂ ਕੁਝ ਖਾਧਾ ਨ੍ਹੀਂ ਸੀ ਜਾਂਦਾ, ਪਰ ਇਸ ਹਾਲਤ ਵਿੱਚ ਵੀ ਉਹ ਨਰਸਾਂ ਦਲੀਆ ਬਣਾ ਕੇ ਚਮਚਿਆਂ ਨਾਲ਼ ਸਾਡੇ ਮੂੰਹਾਂ 'ਚ ਪਾਉਂਦੀਆਂ, ਜਿਵੇਂ ਕੋਈ ਮਾਂ ਆਪਣੇ ਬੱਚੇ ਨੂੰ ਖੁਆਉਂਦੀ ਐ, ਅਸੀਂ ਉਹਨਾਂ ਨਰਸ ਭੈਣਾਂ ਦਾ ਕਦੇ ਦੇਣ ਨ੍ਹੀਂ ਦੇ ਸਕਦੇ। ਉਹਨਾਂ ਦੇ ਮਨ 'ਚ ਬੜੀ ਹਮਦਰਦੀ ਸੀ ਤੇ ਉਹ ਖ਼ੁਦ ਦਰਦ ਮਹਿਸੂਸ ਕਰਦੀਆਂ ਸੀ।

ਸਵਾਲ : ਹਸਪਤਾਲ ਕਿੰਨਾ ਚਿਰ ਰਹੇ ?

ਜਵਾਬ : 15 ਕੁ ਦਿਨ ਇੱਥੇ ਹਸਪਤਾਲ ਰੱਖ ਕੇ ਸਾਨੂੰ ਸਾਰਿਆਂ ਨੂੰ ਅੰਮ੍ਰਿਤਸਰ ਜੇਲ੍ਹ 'ਚ ਭੇਜ ਦਿੱਤਾ। ਸੱਤ ਇਕਵੰਜਾ ਦਾ ਕੇਸ ਪਾਇਆ ਸੀ। ਜੇਲ੍ਹ ਦੇ ਹਸਪਤਾਲ 'ਚ ਵੀ ਸਾਡਾ ਇਲਾਜ ਚੱਲਦਾ ਰਿਹਾ। ਇੱਥੇ ਜਰਨੈਲ ਸਿੰਘ ਨਾਂ ਦਾ ਸੇਵਾਦਾਰ ਮੇਰੀ ਸੰਭਾਲ਼ ਕਰਦਾ ਰਿਹਾ। ਫਿਰ ਸ਼੍ਰੋਮਣੀ ਕਮੇਟੀ ਨੇ ਸਾਡੀਆਂ ਜ਼ਮਾਨਤਾਂ ਕਰਵਾਈਆਂ ਤੇ ਮੈਂ ਆਪਣੇ ਪਿੰਡ ਗਿਆ।

****

"ਭਾਰਤੀ ਫ਼ੌਜ ਜ਼ੁਲਮ ਕਰ ਰਹੀ ਸੀ ਤੇ ਊਧਮ ਸਿੰਘ ਦੇ ਵਾਰਸ ਬੇਵੱਸ ਸਨ"

ਸ੍ਰ. ਗੁਰਮੀਤ ਸਿੰਘ ਚੀਮਾ ਜੂਨ 1984 ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਚਾਰ ਸਕੱਤਰ ਅਤੇ ਸ਼੍ਰੋਮਣੀ ਕਮੇਟੀ ਦੇ ਰਸਾਲੇ 'ਗੁਰਦੁਆਰਾ ਗਜ਼ਟ' ਦੇ ਸਹਾਇਕ ਸੰਪਾਦਕ ਸਨ, ਉਹਨਾਂ ਨੇ ਆਪਣੀ ਹੱਡਬੀਤੀ ਸੁਰਜੀਤ ਜਲੰਧਰੀ ਨੂੰ ਜਿਵੇਂ ਸੁਣਾਈ, ਉਸ ਨੂੰ ਹੇਠਾਂ ਹੂ-ਬਹੂ ਛਾਪਿਆ ਜਾ ਰਿਹਾ ਹੈ- (ਲੇਖਕ)

"ਫ਼ੌਜ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਸਾਨੂੰ ਗੁਰੂ ਰਾਮਦਾਸ ਸਰਾਂਅ ਦੇ ਵਿਹੜੇ ਵਿੱਚ ਲਾਈਨਾਂ ਵਿੱਚ ਬੈਠਣ ਲਈ ਕਿਹਾ ਗਿਆ। ਤੇਜਾ ਸਿੰਘ ਸਮੁੰਦਰੀ ਹਾਲ ਵਾਲਾ ਜਥਾ ਹੁਣ ਪਹੁੰਚ ਚੁੱਕਾ ਸੀ। ਇੱਕ ਹਜ਼ਾਰ ਦੇ ਲਗਭਗ ਬੇਗੁਨਾਹ ਤੇ ਨਿਹੱਥੇ ਲੋਕ ਸਰਾਂਅ ਵਿੱਚ ਜਮ੍ਹਾਂ ਹੋ ਗਏ।ਕੋਈ ਸਾਢੇ ਚਾਰ ਦਾ ਵਕਤ ਹੋਵੇਗਾ। ਅਜੇ ਅਸੀਂ ਪੰਜ ਛੇ ਲਾਈਨਾਂ ਹੀ ਬਣਾਈਆਂ ਸਨ ਕਿ ਗੁਰੂ ਰਾਮਦਾਸ ਸਰਾਂਅ ਦੀ ਉੱਪਰਲੀ ਮੰਜ਼ਲ ਤੋਂ ਸਾਡੇ ਉੱਤੇ ਇੱਕ ਗਰਨੇਡ ਸੁੱਟਿਆ ਗਿਆ ਜੋ ਸਾਡੇ ਵਿੱਚ ਆ ਕੇ ਫਟਿਆ।

ਗਰਨੇਡ ਤੋਂ ਬਚਣ ਲਈ ਜਦੋਂ ਲੋਕ ਆਪ-ਮੁਹਾਰੇ ਉੱਠ ਕੇ ਭੱਜੇ ਤਾਂ ਫ਼ੌਜ ਨੇ ਅੰਨ੍ਹੇਵਾਹ ਗੋਲੀ ਚਲਾ ਕੇ ਦਾਣਿਆਂ ਵਾਗੂੰ ਭੁੰਨ ਸੁੱਟੇ। ਇਹਨਾਂ ਵਿੱਚ ਸਾਂਤਮਈ ਜਥੇ ਵਿੱਚ ਸ਼ਾਮਲ ਜ਼ਿਲ੍ਹਾ ਸੰਗਰੂਰ ਦੀਆਂ ਬੀਬੀਆਂ ਤੇ ਮਸੂਮ ਬੱਚਿਆਂ ਤੋਂ ਇਲਾਵਾ ਅਕਾਲੀ ਦਲ ਦੇ ਸਕੱਤਰ ਗੁਰਚਰਨ ਸਿੰਘ ਤੇ ਜ਼ਿਲ੍ਹਾ ਸੰਗਰੂਰ ਦੇ ਜਥੇਦਾਰ ਨਛੱਤਰ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਵੀ ਮਾਰੇ ਗਏ। ਇਸ ਗਰਨੇਡ ਬਾਰੇ ਬਹੁਤ ਸਾਰੇ ਅੰਦਾਜ਼ੇ ਲਾਏ ਜਾਂਦੇ ਹਨ।ਸਿਰਫ਼ ਫ਼ੌਜੀਆਂ ਨੇ ਹੀ ਕਿਹਾ ਕਿ ਅੱਤਵਾਦੀਆਂ ਨੇ ਸੁੱਟਿਆ ਹੈ। ਪਰ ਸਵਾਲ ਉੱਠਦਾ ਹੈ ਕਿ ਜੇ ਇਹ ਸਿੰਘਾਂ ਨੇ ਸੁੱਟਿਆ ਸੀ ਤਾਂ ਇਸ ਨਾਲ ਕੋਈ ਫ਼ੌਜੀ ਕਿਉਂ ਨਾ ਜ਼ਖ਼ਮੀ ਹੋਇਆ ? ਤੇ ਗਰਨੇਡ ਡਿੱਗਦੇ ਸਾਰ ਹੀ ਫ਼ੌਜੀਆਂ ਨੇ ਫ਼ਾਇਰਿੰਗ ਉੱਪਰ ਦੀ ਬਜਾਏ ਨਿਹੱਥੇ ਲੋਕਾਂ ਤੇ ਹੀ ਕਿਉਂ ਕੀਤੀ ?

ਇਸ ਤੋਂ ਬਾਅਦ ਸਾਨੂੰ ਗੁਰੂ ਰਾਮਦਾਸ ਸਰਾਂਅ ਦੇ ਕਮਰਿਆਂ ਤੇ ਬਰਾਡਿਆਂ ਵਿੱਚ ਬਿਠਾ ਕੇ ਸਖ਼ਤ ਪਹਿਰਾ ਲਾ ਦਿੱਤਾ ਗਿਆ। ਅਸੀਂ ਤੜਪਦੇ ਜ਼ਖ਼ਮੀਆਂ ਤੇ ਚਾਰ-ਚੁਫੇਰੇ ਖਿੱਲਰੀਆਂ ਮਨੁੱਖੀ ਲਾਸ਼ਾਂ ਵਿੱਚ ਬੈਠੇ ਸਾਂ। ਭਾਰਤ ਦੀ ਸੈਕੂਲਰ ਫ਼ੌਜ ਬੜੀ ਨਿਰਦੈਤਾ ਨਾਲ

ਬੇਗੁਨਾਹਾਂ ਦੇ ਖ਼ੂਨ ਦੀ ਹੋਲੀ ਖੇਡ ਰਹੀ ਸੀ।

ਸਾਡੀਆਂ ਅੱਖਾਂ ਦੇ ਸਾਮ੍ਹਣੇ ਲੋਕਾਂ ਨੂੰ ਹੱਥ ਖੜ੍ਹੇ ਕਰਵਾ ਕੇ ਭਜਾਇਆ ਤੇ ਪਿੱਛੋਂ ਗੋਲੀਆਂ ਮਾਰੀਆਂ ਗਈਆਂ। ਕੋਈ ਕਮਰਾ ਅਜਿਹਾ ਨਹੀਂ ਸੀ ਜਿੱਥੇ ਲਾਸ਼ਾਂ ਨਹੀਂ ਸਨ। ਇੱਥੇ ਭਾਰਤੀ ਫ਼ੌਜ, ਜਿਸ ਤੇ ਹਰ ਦੇਸ਼ਵਾਸੀ ਮਾਣ ਕਰਦਾ ਸੀ, ਦਾ ਇੱਕ ਨਵਾਂ ਤੇ ਫ਼ਿਰਕੂ ਰੂਪ ਵੇਖਣ ਨੂੰ ਮਿਲਿਆ। ਹਰ ਕਮਰੇ ਵਿੱਚ ਪਹਿਲਾਂ ਅੱਗ ਲਾਉਣ ਵਾਲਾ ਬੰਬ ਖਿੜਕੀ ਰਾਹੀਂ ਸੁੱਟਿਆ ਜਾਂਦਾ ਤੇ ਫਿਰ ਅੰਨ੍ਹੇਵਾਹ ਫ਼ਾਇਰਿੰਗ ਕੀਤੀ ਜਾਂਦੀ। ਸਿਰਫ਼ ਗੁਰੂ ਰਾਮਦਾਸ ਸਰਾਂਅ ਵਿੱਚ 800 ਤੋਂ ਵੱਧ ਲੋਕ ਮਾਰੇ ਗਏ। ਲੋਕਾਂ ਨੂੰ 4 ਜੂਨ ਤੋਂ ਬਾਅਦ ਪਾਣੀ ਨਾ ਮਿਲਿਆ, ਜਿਸ ਸਦਕਾ 5 ਨੰਬਰ ਹਾਲ ਵਿੱਚ, ਜਿੱਥੇ 35 ਆਦਮੀ ਸਨ, ਦੇ ਵਿੱਚੋਂ 31 ਪਿਆਸ ਨਾਲ ਤੜਫ਼-ਤੜਫ਼ ਕੇ ਮਰ ਗਏ। ਇਸ ਬਾਰੇ ਇਹਨਾਂ ਬਚੇ ਲੋਕਾਂ ਵਿੱਚੋਂ ਇੱਕ ਨੇ, ਜਿਸ ਦਾ ਵੱਡਾ ਭਰਾ ਮਰ ਗਿਆ ਸੀ, ਮੈਨੂੰ ਦੱਸਿਆ।

ਇਉਂ ਲੱਗਦਾ ਸੀ ਜਿਵੇਂ ਫ਼ੌਜੀਆਂ ਨੂੰ ਸਿੱਖਾਂ ਦੇ ਖ਼ਿਲਾਫ਼ ਭੜਕਾਇਆ ਗਿਆ ਹੋਵੇ। ਉਹ ਸਿੱਖ ਧਰਮ ਤੇ ਹਰਿਮੰਦਰ ਸਾਹਿਬ ਬਾਰੇ ਬੜੀਆਂ ਵਾਹਿਆਤ ਤੇ ਦਿਲ-ਸਾੜਵੀਆਂ ਗੱਲਾਂ ਕਰ ਰਹੇ ਸਨ। ਇਸ ਦੀਆਂ ਮਿਸਾਲਾਂ ਇਸ ਤਰ੍ਹਾਂ ਹਨ :

1. ਪਾਣੀ ਦੀ ਟੈਂਕੀ ਤਬਾਹ ਹੋ ਚੁੱਕੀ ਸੀ। ਹੈਂਡ-ਪੰਪ ਹੈ ਨਹੀਂ ਸਨ। ਲੋਕ ਪਾਣੀ ਤੋਂ ਪਿਆਸੇ ਮਰ ਰਹੇ ਸਨ। ਅਜੇਹੀ ਹਾਲਤ ਵਿੱਚ ਪਾਣੀ ਦੀਆਂ ਟੂਟੀਆਂ ਜਿੱਥੇ ਲੋਕ ਇਸ਼ਨਾਨ ਕਰਦੇ ਸਨ ਤੇ ਕੁਛ ਲੋਕ ਪੇਸ਼ਾਬ ਕਰਦੇ ਸਨ, ਦਾ ਪਾਣੀ ਗੰਦੀ ਨਾਲੀ ਤੋਂ ਉੱਛਲ ਕੇ ਇੱਕ ਛੱਪੜੀ ਦਾ ਰੂਪ ਧਾਰ ਚੁੱਕਾ ਸੀ। ਇਸ ਖੜ੍ਹੇ ਪਾਣੀ ਤੇ ਪੇਸ਼ਾਬ ਦੀ ਛਪੜੀ ਵਿੱਚ ਹੁਣ ਮਨੁੱਖੀ ਲਾਸ਼ਾਂ ਵੀ ਪਈਆਂ ਸਨ ਜਿਨ੍ਹਾਂ ਦਾ ਲਹੂ ਵੀ ਇਸ ਵਿੱਚ ਮਿਲ ਚੁੱਕਾ ਸੀ। ਸੱਚ ਜਾਣਿਓਂ, ਇਹ ਮਨੁੱਖੀ ਲਹੂ ਤੇ ਪਿਸ਼ਾਬ ਮਿਲਿਆ ਪਾਣੀ ਹੀ ਅਸੀਂ ਸਵੇਰੇ 4 ਵਜੇ ਤੋਂ ਲੈ ਕੇ 1-30 ਵਜੇ ਦੁਪਹਿਰ ਤਕ ਫ਼ੌਜੀਆਂ ਦੇ ਤਰਲੇ ਲੈ ਲੈ ਪੀਂਦੇ ਰਹੇ ਸਾਂ।
2. ਇੱਕ 65 ਕੁ ਸਾਲਾਂ ਦਾ ਸਿੱਖ ਬਜ਼ੁਰਗ ਪਾਣੀ ਲਈ ਤੜਫ ਰਿਹਾ ਸੀ। ਉਸ ਨੇ ਇੱਕ ਫ਼ੌਜੀ ਨੂੰ ਕਿਹਾ:- "ਸਾਹਿਬ ਏਕ ਘੁੱਟ ਪਾਣੀ ਲੇ ਲੂੰ ?"
ਅੱਗਿਓਂ ਉਹ ਫ਼ੌਜੀ ਹਲਕੇ ਕੁੱਤੇ ਵਾਂਗ ਬੋਲਿਆ:- "ਪਾਨੀ ਨਹੀਂ ਮਿਲੇਗਾ- ਸਾਲਾ ਅਬ ਪਾਨੀ ਮਾਂਗਤਾ ਹੈ- ਪਹਿਲੇ ਕਹਿਤੇ ਥੇ ਹਰਿਆਨੇ ਕੋ ਪਾਨੀ ਨਹੀਂ ਦੇਨਾ- ਰਾਜਸਥਾਨ ਕੋ ਪਾਨੀ ਨਹੀਂ ਦੇਨਾ, ਅਬ ਤੁਮ ਕੋ ਭੀ ਹਰਾਮਜ਼ਾਦੋ ! ਪੀਨੇ ਕੇ ਲੀਏ ਪਾਨੀ ਨਹੀਂ ਮਿਲੇਗਾ।"
3. ਇਸੇ ਤਰ੍ਹਾਂ ਜਦੋਂ ਜ਼ਿਲ੍ਹਾ ਅਕਾਲੀ ਜਥਾ ਸੰਗਰੂਰ ਦੇ ਪ੍ਰਧਾਨ ਜਥੇਦਾਰ ਨਛੱਤਰ ਸਿੰਘ

ਗੰਭੀਰ ਰੂਪ ਵਿੱਚ ਜ਼ਖਮੀ ਹੋ ਕੇ ਆਖਰੀ ਸਾਹਾਂ ਤੇ ਸਨ, ਤਾਂ ਉਹਨਾਂ ਦੀ ਬਜ਼ੁਰਗ ਮਾਂ ਉਹਨਾਂ ਦੇ ਮੂੰਹ ਵਿੱਚ ਪਾਣੀ ਪਾਉਣ ਲੱਗੀ। ਇੱਕ ਫ਼ੌਜੀ ਨੇ ਮਾਤਾ ਨੂੰ ਬੱਟ ਮਾਰ ਕੇ ਕਿਹਾ, "ਹਟ ਬੁੜ੍ਹੀਆ ! ਮੱਤ ਪਿਲਾ ਇਸ ਕੋ ਪਾਨੀ। ਮਰਨੇ ਦੋ ਸਾਲੇ ਕੋ।"

4. ਇੱਕ ਨੌਜਵਾਨ ਔਰਤ, ਜਿਸ ਦਾ ਪਤੀ ਗੁਰੂ ਰਾਮਦਾਸ ਸਰਾਂਅ ਦੀਆਂ ਟੂਟੀਆਂ ਕੋਲ਼ ਸ਼ਹੀਦ ਹੋਇਆ ਪਿਆ ਸੀ, ਨੇ ਆਪਣੇ ਮਰ ਚੁੱਕੇ ਦੋ ਸਾਲ ਦੇ ਬੱਚੇ ਨੂੰ ਆਪਣੇ ਪਤੀ ਦੀ ਹਿੱਕ ਤੇ ਲਿਟਾਇਆ ਤੇ ਡਲ੍ਹਕਦੀਆਂ ਅੱਖਾਂ ਨਾਲ਼ 'ਵਾਹਿਗੁਰੂ-ਵਾਹਿਗੁਰੂ' ਕਰਦੀ ਬਰਾਂਡੇ ਵਿੱਚ ਆ ਕੇ ਬੈਠ ਗਈ।

5. ਇੱਕ ਹੋਰ ਘਟਨਾ ਜੋ ਮੇਰੀਆਂ ਅੱਖਾਂ ਸਾਮ੍ਹਣੇ ਗੁਰੂ ਰਾਮਦਾਸ ਸਰਾਂਅ ਵਿੱਚ ਵਾਪਰੀ, ਉਸ ਨੇ ਮੈਨੂੰ ਧੁਰ ਅੰਦਰ ਹਿਲਾ ਕੇ ਰੱਖ ਦਿੱਤਾ।- 6 ਜੂਨ ਸਵੇਰੇ 6 ਵਜੇ ਦਾ ਵਕਤ ਹੋਵੇਗਾ। ਇੱਕ ਨੌਜਵਾਨ ਔਰਤ ਫ਼ੌਜੀ ਵਹਿਸ਼ੀਪੁਣੇ ਦਾ ਸ਼ਿਕਾਰ ਹੋ ਕੇ ਸ਼ਹੀਦ ਹੋ ਚੁੱਕੀ ਸੀ। ਉਸ ਦਾ ਡੇਢ ਕੁ ਸਾਲ ਦਾ ਬੱਚਾ ਉਸ ਦੀ ਛਾਤੀ ਤੇ ਪਿਆ ਸੀ। ਸ਼ਾਇਦ ਬੱਚਾ ਵੀ ਗੰਭੀਰ ਰੂਪ ਵਿੱਚ ਜ਼ਖਮੀ ਸੀ। ਫ਼ੌਜੀ ਲੰਘਣ ਲਈ ਰਸਤਾ ਬਣਾ ਰਹੇ ਹਨ ਤੇ ਲਾਸ਼ਾਂ ਇੱਕ ਪਾਸੇ ਇਕੱਠੀਆਂ ਕਰ ਰਹੇ ਸਨ। ਉਸ ਨੌਜਵਾਨ ਮੁਟਿਆਰ ਦੀ ਲਾਸ਼ ਜਦੋਂ ਇੱਕ ਫ਼ੌਜੀ ਨੇ ਲੱਤ ਤੋਂ ਫੜ ਕੇ ਘੜੀਸੀ ਤਾਂ ਬੱਚਾ ਇੱਕ ਪਾਸੇ ਰਿੜ੍ਹ ਗਿਆ। ਇੱਕ ਹੋਰ ਆਦਮੀ ਆਇਆ ਤੇ ਉਸ ਨੇ ਉਸ ਬੱਚੇ ਨੂੰ ਲੱਤ ਤੋਂ ਫੜ ਕੇ ਇੰਜ ਲਾਸ਼ਾਂ ਦੇ ਢੇਰ ਤੇ ਵਗਾਹ ਕੇ ਸੁੱਟਿਆ, ਜਿਵੇਂ ਬੱਚੇ ਮਰਿਆ ਹੋਇਆ ਚੂਹਾ ਰੂੜੀ ਦੇ ਢੇਰ ਤੇ ਸੁੱਟਦੇ ਹਨ। ਅਸੀਂ ਅਜ਼ਾਦ ਭਾਰਤ ਦੇ ਸ਼ਹਿਰੀ, ਊਧਮ ਸਿੰਘ ਤੇ ਭਗਤ ਸਿੰਘ ਦੇ ਵਾਰਸ, ਬੇਵੱਸ ਸਾਂ।"

****

"ਭਾਰਤੀ ਫ਼ੌਜ ਹਰ ਸਿੱਖ ਨੂੰ 'ਅੱਤਵਾਦੀ' ਮੰਨ ਕੇ ਮਾਰ ਰਹੀ ਸੀ"

ਸ਼ਾਂਤਮਈ ਜਥੇ ਦੇ ਨਾਲ਼ ਕੀ ਬੀਤੀ- ਬਾਬਾ ਅਮਰਜੀਤ ਸਿੰਘ ਦੀ ਜ਼ਬਾਨੀ

ਬਾਬਾ ਅਮਰਜੀਤ ਸਿੰਘ

ਬਾਬਾ ਅਮਰਜੀਤ ਸਿੰਘ ਕਿਲ੍ਹਾ ਹਕੀਮਾਂ, ਸ਼੍ਰੋਮਣੀ ਅਕਾਲੀ ਦਲ (ਅ) ਦੇ ਸੀਨੀਅਰ ਆਗੂ ਹਨ। ਉਹ ਸਰਦਾਰ ਸਿਮਰਨਜੀਤ ਸਿੰਘ ਮਾਨ ਦੇ ਬਹੁਤ ਕਦਰਦਾਨ ਹਨ। ਅਡਵਾਨੀ ਦੀ ਰਥ ਯਾਤਰਾ ਪੰਜਾਬ ਆਉਣ ਸਮੇਂ ਸ੍ਰ. ਮਾਨ ਦੀ ਵੰਗਾਰ ਤੇ ਬਾਬਾ ਅਮਰਜੀਤ ਸਿੰਘ ਨੇ ਆਪਣੇ ਸਾਥੀਆਂ ਨਾਲ਼ ਹਿੰਦੂ ਸਾਧੂਆਂ ਵਾਲ਼ਾ ਭੇਸ ਧਾਰ ਕੇ ਅਡਵਾਨੀ ਦੇ ਸਿਰ ਵਿੱਚ ਅੰਡੇ ਮਾਰੇ ਸਨ। ਉਹ ਬੜਾ ਰੌਚਕ ਕਿੱਸਾ ਹੈ। ਵਧੇਰੇ ਮਹੱਤਵਪੂਰਨ ਗੱਲ ਇਹ ਹੈ ਕਿ ਬਾਬਾ ਅਮਰਜੀਤ ਸਿੰਘ ਜੂਨ 1984 ਦੇ ਘਲੂਘਾਰੇ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਸਨ। ਓਦੋਂ ਇਹਨਾਂ ਦੀ ਉਮਰ 17 ਕੁ ਸਾਲ ਦੀ ਸੀ। ਹਰਿਮੰਦਰ ਸਾਹਿਬ ਤੇ ਭਾਰਤੀ ਹਮਲੇ ਦੇ ਅੱਖੀਂ ਡਿੱਠੇ ਅਤੇ ਹੱਡੀਂ ਹੰਢਾਏ ਸੱਚ ਦੀਆਂ ਝਲਕਾਂ ਵੇਖਣ ਲਈ ਅਸੀਂ ਉਹਨਾਂ ਦੇ 'ਵੰਗਾਰ' ਦੇ ਦਫ਼ਤਰ 'ਚ ਆਉਣ ਸਮੇਂ ਲੰਮੀ ਗੱਲਬਾਤ ਕੀਤੀ, ਜੋ ਕਿ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਹੈ :

ਸਵਾਲ : ਬਾਬਾ ਜੀ ! ਪਹਿਲਾਂ ਤਾਂ ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ ?

ਜਵਾਬ : ਮੇਰਾ ਪਿੰਡ ਕਿਲ੍ਹਾ ਹਕੀਮਾਂ ਸੰਗਰੂਰ ਜ਼ਿਲ੍ਹੇ 'ਚ ਪੈਂਦਾ ਐ... ਮੇਰੀ ਮਾਤਾ ਦਾ ਨਾਂ ਸਰਦਾਰਨੀ ਭਗਵੰਤ ਕੌਰ ਤੇ ਪਿਤਾ ਸੰਤ ਪ੍ਰਕਾਸ਼ ਸਿੰਘ ਜੀ ਸਨ, ਜੋ ਕਿ ਅਕਾਲੀ ਦਲ ਦੇ ਵਿੱਚ ਹੁੰਦੇ ਸੀ।

ਸਵਾਲ : ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਸਿਰਫ਼ ਮੱਥਾ ਟੇਕਣ ਹੀ ਆਏ ਸੀ ਜਾਂ... ?

ਜਵਾਬ : ਨਹੀਂ, ਅਸੀਂ ਪਹਿਲਾਂ ਵੀ ਰਹਿੰਦੇ ਰਹੇ ਸੀ... ਇੱਕ ਵਾਰ ਅਕਾਲੀ ਲੀਡਰ ਜਥੇ: ਭਰਪੂਰ ਸਿੰਘ ਧਨੌਲਾ ਸਾਨੂੰ ਪੰਜ ਮੁੰਡਿਆਂ ਨੂੰ, ਜਿਨ੍ਹਾਂ 'ਚ ਮੇਰੇ ਤੋਂ ਇਲਾਵਾ ਭਾਈ ਹਾਕਮ ਸਿੰਘ ਢਢੋਗਲ, ਭਾਈ ਦਰਸ਼ਨ ਸਿੰਘ ਢਢੋਗਲ ਤੇ ਢਢੋਗਲ ਪਿੰਡ ਦੇ ਹੀ ਭਾਈ ਹਾਕਮ ਸਿੰਘ ਤੇ ਦਰਸ਼ਨ ਸਿੰਘ (ਦੂਜੇ) ਸੀ, ਸੰਤ ਭਿੰਡਰਾਂਵਾਲਿਆਂ ਕੋਲ਼ੇ ਛੱਡ ਗਏ ਸੀ। ਜਥੇ: ਧਨੌਲਾ ਵੀ ਸੰਤਾਂ ਦਾ ਕਾਫ਼ੀ ਸਤਿਕਾਰ ਕਰਦੇ ਸੀ ਤੇ ਸੰਤਾਂ ਨੇ ਵੀ ਕਦੇ ਉਹਨਾਂ ਦਾ ਕਿਹਾ ਨਹੀਂ ਸੀ ਮੋੜਿਆ। ਜਨਵਰੀ 1983 ਤੋਂ ਅਸੀਂ ਓਥੇ ਰਹਿੰਦੇ ਰਹੇ। ਫਿਰ ਜਦੋਂ ਭਾਈ ਸੁਰਿੰਦਰ ਸਿੰਘ ਸੋਢੀ ਸ਼ਹੀਦ ਹੋਏ ਆ 14 ਅਪ੍ਰੈਲ 1984 ਨੂੰ, ਓਦੋਂ

'ਅਸੀਂ' ਵਾਪਸ ਚਲੇ ਗਏ। ਫਿਰ 3 ਜੂਨ 1984 ਨੂੰ ਸੰਗਰੂਰ ਤੋਂ ਜਥਾ ਗ੍ਰਿਫ਼ਤਾਰੀ ਦੇਣ ਲਈ ਆਇਆ, ਉਹਦੇ ਨਾਲ਼ ਅਸੀਂ ਅੰਮ੍ਰਿਤਸਰ ਆਏ।

ਸਵਾਲ : "ਜਥੇ 'ਚ ਕਿੰਨੇ ਸਿੰਘ-ਸਿੰਘਣੀਆਂ ਸੀ ?"

ਜਵਾਬ : ਗਿਣਤੀ ਤਾਂ ਮੈਨੂੰ ਪੂਰੀ ਨ੍ਹੀਂ ਪਤਾ, ਪਰ ਸਾਰਾ ਜਥਾ ਟਰੇਨ ਤੇ ਆਇਆ ਸੀ। ਇਸ ਜਥੇ ਦੇ ਲੀਡਰਾਂ 'ਚ ਸੀਗੇ- ਭਾਈ ਨਛੱਤਰ ਸਿੰਘ ਭਲਵਾਨ, ਜਿਹੜੇ ਸੰਗਰੂਰ ਦੇ ਜ਼ਿਲ੍ਹਾ ਜਥੇਦਾਰ ਸੀ... ਮੇਰੇ ਪਿਤਾ ਸੰਤ ਪ੍ਰਕਾਸ਼ ਸਿੰਘ, ਜਥੇਦਾਰ ਜੰਗ ਸਿੰਘ ਕਾਂਝਲਾ, ਭਾਈ ਗੁਰਦੇਵ ਸਿੰਘ ਬਾਲੀਆ ਕੱਟੂ, ਨੰਬਰਦਾਰ ਕਰਨੈਲ ਸਿੰਘ ਬੁਹਾਰਾ। ਜਥੇ ਦੇ ਵਿੱਚ 105 ਮੈਂਬਰ ਤਾਂ ਸਾਡੇ ਪਿੰਡ ਕਿਲ੍ਹਾ ਹਕੀਮਾਂ ਦੇ ਹੀ ਸੀਗੇ, ਜਿਨ੍ਹਾਂ 'ਚ ਮੇਰੀ ਭੈਣ ਕਰਮਜੀਤ ਕੌਰ ਤੇ ਸਾਡੇ ਪਿੰਡ ਦੀ ਇੱਕ ਬੀ.ਏ. ਪਾਸ ਕੁੜੀ ਸੁਖਵਿੰਦਰ ਕੌਰ, ਜੀਹਦਾ ਪਿਤਾ ਨੈਕਸਲਾਈਟਾਂ 'ਚ ਸ਼ਹੀਦ ਹੋਇਆ ਸੀ, ਉਹ ਵੀ ਸੀ... ਹੋਰ ਵੀ ਕਾਫ਼ੀ ਬੀਬੀਆਂ ਸੀਗੀਆਂ...।



ਭਾਈ ਨਛੱਤਰ ਸਿੰਘ ਭਲਵਾਨ

ਸਵਾਲ : ਅੰਮ੍ਰਿਤਸਰ ਦੇ ਹਾਲਾਤ ਕਿਵੇਂ ਸੀ...?

ਜਵਾਬ : ਅੰਮ੍ਰਿਤਸਰ ਅਸੀਂ ਦੁਪਹਿਰੇ 2½ ਵਜੇ ਟਰੇਨ ਤੋਂ ਉੱਤਰੇ, ਸਾਰਾ ਜਥਾ ਪੈਦਲ ਸ੍ਰੀ ਦਰਬਾਰ ਸਾਹਿਬ ਨੂੰ ਤੁਰ ਪਿਆ। ਹਾਲ ਗੇਟ ਤੇ ਸਾਡਾ ਜਥਾ ਪੁਲਸ ਨੇ ਰੋਕ ਲਿਆ... ਕਹਿੰਦੇ ਕਰਫ਼ਿਊ ਲੱਗਾ ਐ...। 2½ ਘੰਟੇ ਓਥੇ ਸਾਨੂੰ ਰੋਕੀ ਰੱਖਿਆ, ਫਿਰ ਕਹਿੰਦੇ ਦਰਬਾਰ ਸਾਹਿਬ ਤਕ ਚੁੱਪ ਕਰ ਕੇ ਜਾਇਓ, ਨਾਹਰੇਬਾਜ਼ੀ ਨ੍ਹੀਂ ਕਰਨੀ...। ਪਰ ਸਾਰਾ ਜਥਾ ਫਿਰ ਵੀ ਜੈਕਾਰੇ ਛੱਡਦਾ ਤੇ ਨਾਹਰੇ ਲਾਉਂਦਾ ਤੁਰਿਆ...।
ਕਿਹੜੇ ਨਾਹਰੇ ਲਾਉਂਦੇ ਸੀ ?

ਸਵਾਲ : ਨਾਹਰੇ ਸੀ:- "ਦੇਗ ਤੇਗ ਫ਼ਤਹਿ, ਪੰਥ ਕੀ ਜੀਤ", "ਰਾਜ ਕਰੇਗਾ ਖ਼ਾਲਸਾ" ਤੇ ਜਾਂ ਫਿਰ ਇੱਕ ਨਾਹਰਾ ਹੁੰਦਾ ਸੀ... "ਖਿੜਿਆ ਫੁੱਲ ਗੁਲਾਬ ਦਾ, ਚੰਡੀਗੜ੍ਹ ਪੰਜਾਬ ਦਾ...।"

ਜਵਾਬ : ਹਰਿਮੰਦਰ ਸਾਹਿਬ ਜਾ ਕੇ ਕਿਸ ਤਰ੍ਹਾਂ ਦਾ ਮਾਹੌਲ ਵੇਖਿਆ...?
ਮੱਥਾ ਟੇਕ ਕੇ ਫਿਰ ਰਿਹਾਇਸ਼ ਦਾ ਇੰਤਜ਼ਾਮ ਕੀਤਾ। ਸਾਡੇ ਜਥੇ 'ਚੋਂ ਸਾਡੇ ਪਿੰਡ ਦੇ ਸਾਰੇ ਬੰਦਿਆਂ ਨੂੰ ਗੁਰੂ ਰਾਮਦਾਸ ਸਰਾਂਅ ਦਾ 14 ਨੰਬਰ ਹਾਲ ਮਿਲਿਆ ਤੇ ਬੀਬੀਆਂ ਨੂੰ 5 ਨੰਬਰ ਹਾਲ ਮਿਲ ਗਿਆ... ਤੇ ਅਸੀਂ ਟਿਕ ਗਏ।

ਸਵਾਲ : ਫਿਰ ਜਦੋਂ ਫ਼ੌਜੀ ਹਮਲਾ ਹੋਇਆ...?

ਜਵਾਬ : ਫ਼ੌਜੀ ਹਮਲਾ ਤੜਕੇ ਪੌਣੇ ਕੁ ਪੰਜ ਵਜੇ ਹੋ ਗਿਆ... ਫਿਰ ਇਕਦਮ ਗੋਲ਼ੀਆਂ ਵੀ ਵਰ੍ਹਨ ਲੱਗ ਪੀਆਂ ਤੇ ਗੋਲ਼ੇ ਵੀ ਵਰ੍ਹਨ ਲੱਗ ਪਏ...। ਫਿਰ ਤਾਂ ਗੋਲ਼ੀ ਚੱਲਣੀ ਇੱਕ

ਸਕਿੰਟ ਲਈ ਵੀ ਬੰਦ ਨ੍ਹਾ ਹੋਇਆ... ਅਸੀਂ ਹਾਲ 'ਚ ਹੀ ਬੰਦ ਹੋ ਗਏ...।

ਸਵਾਲ : ਤੁਹਾਨੂੰ ਅੰਦਰ ਬੈਠਿਆਂ ਵਰ੍ਹਦੀ ਗੋਲ਼ੀ ਬਾਰੇ ਕਿਵੇਂ ਅੰਦਾਜ਼ਾ ਲੱਗਦਾ ਸੀ...?

ਜਵਾਬ : ਅਸਲ ਵਿੱਚ ਸਾਡਾ 14 ਨੰਬਰ ਹਾਲ ਤਾਂ ਸਿੱਧਾ ਗੋਲ਼ੀ ਦੀ ਮਾਰ ਹੇਠ ਆਇਆ ਹੋਇਆ ਸੀ। ਏਥੋਂ ਦੇ ਮੋਰਚੇ ਬੱਬਰਾਂ ਕੋਲ਼ੇ ਸੀਗੇ...। (4 ਜੂਨ ਨੂੰ) ਦੁਪਹਿਰੇ ਢਾਈ ਕੁ ਵਜੇ ਬੱਬਰਾਂ ਦੇ ਕਈ ਸ਼ਸਤਰਧਾਰੀ ਸਿੰਘ ਸਾਡੇ ਹਾਲ 'ਚ ਆਏ ਤੇ ਕਹਿੰਦੇ ਕਿ 'ਤੁਸੀਂ ਏਥੇ ਸੇਫ਼ ਨਈਂ ਜੇ...।' ਅਸੀਂ ਆਖਿਆ ਪਈ 'ਸਾਡੇ ਜਥੇ ਦੀਆਂ ਬੀਬੀਆਂ ਪੰਜ ਨੰਬਰ ਹਾਲ 'ਚ ਨੇ...' ਉਹ ਕਹਿੰਦੇ 'ਤੁਸੀਂ ਵੀ ਸਾਰੇ ਓਥੇ ਚਲੇ ਜੋ... ਉਹ ਹਾਲ ਸੇਫ਼ ਐ...' ਤੇ ਉਹਨਾਂ ਨੇ ਸਾਨੂੰ ਵੀ ਪੰਜ ਨੰਬਰ ਹਾਲ 'ਚ ਲਿਜਾ ਕੇ ਛੱਡ ਦਿੱਤਾ... ਇਹ ਹਾਲ ਸੱਚਮੁੱਚ ਹੀ ਗੋਲ਼ੀ ਦੀ ਸਿੱਧੀ ਮਾਰ 'ਚ ਨਈਂ ਸੀ...।

ਸਵਾਲ : ਇੱਥੇ ਕੋਈ ਵਿਸ਼ੇਸ਼ ਘਟਨਾ ਵੇਖੀ ?

ਜਵਾਬ : ਇੱਥੇ ਹਾਲ 'ਚ ਸਾਡੇ ਕੋਲ਼ ਭਾਊ ਸੁਖਦੇਵ ਸਿੰਘ ਬੱਬਰ ਆਏ... ਮੈਂ ਉਹਨਾਂ ਨੂੰ ਪਹਿਲਾਂ ਤੋਂ ਹੀ ਪਛਾਣਦਾ ਸੀ...। ਉਹ ਸਾਨੂੰ ਕਹਿੰਦੇ:- "ਜਿਹੜੇ ਬੰਦੇ ਨੂੰ ਤੁਸੀਂ ਜਾਣਦੇ ਨਈਂ, ਉਹਨੂੰ ਆਪਣੇ ਨਾਲ਼ ਇਸ ਹਾਲ 'ਚ ਨ੍ਹੀਂ ਵਾੜਨਾ, ਕਿਉਂਕਿ ਫ਼ੌਜ ਦੇ ਬੰਦੇ ਵੀ ਸੰਗਤਾਂ 'ਚ ਵੜੇ ਹੋਏ ਨੇ...।"
ਉਹਨਾਂ ਦੀ ਗੱਲ ਸੁਣ ਕੇ ਸਾਡਾ ਧਿਆਨ ਉਸ ਬੀਬੀ ਵੱਲ ਚਲਾ ਗਿਆ, ਜਿਹੜੀ ਧੱਕੇ ਨਾਲ਼ ਹੀ ਸਾਡੀਆਂ ਬੀਬੀਆਂ ਨੂੰ ਕਹਿ ਕੇ ਕਿ ਮੈਂ ਤੁਹਾਡੇ ਨਾਲ਼ ਹੀ ਰਹਿਣੈਂ... ਸਾਡੇ ਹਾਲ 'ਚ ਵੜੀ ਬੈਠੀ ਸੀ। ਅਸੀਂ ਉਹਦੇ ਬਾਰੇ ਭਾਈ ਸੁਖਦੇਵ ਸਿੰਘ ਬੱਬਰ ਨੂੰ ਦੱਸ ਦਿੱਤਾ। ਉਸ ਬੀਬੀ ਨੂੰ ਵੱਖਰਾ ਕਰ ਕੇ ਭਾਈ ਸਾਬ੍ਹ ਨੇ ਉਹਦਾ ਪਿੰਡ ਪੁੱਛਿਆ... ਉਹਨੇ ਦੋ ਤਿੰਨ ਸਵਾਲਾਂ ਦਾ ਸਹੀ ਜਵਾਬ ਨ੍ਹੀਂ ਦਿੱਤਾ।

ਭਾਈ ਸੁਖਦੇਵ ਸਿੰਘ ਬੱਬਰ

ਸਵਾਲ : ਫਿਰ ਭਾਈ ਸੁਖਦੇਵ ਸਿੰਘ ਬੱਬਰ ਨੇ ਕੀ ਕਿਹਾ...?

ਜਵਾਬ : ਉਹ ਉਸ ਬੀਬੀ ਨੂੰ ਬਾਹਰ ਆਉਣ ਲਈ ਕਹਿਣ ਲੱਗੇ, ਪਰ ਉਹ ਬੀਬੀ ਬਾਹਰ ਨਾ ਨਿਕਲ਼ੇ। ਫਿਰ ਦੋ ਬੀਬੀਆਂ ਦੀ ਡਿਊਟੀ ਲਾ ਕੇ ਉਹਨੂੰ ਖਿੱਚ ਕੇ ਬਾਹਰ ਕੱਢਿਆ...। ਬੀਬੀਆਂ ਨੂੰ ਓਹਦੀ ਤਲਾਸ਼ੀ ਲੈਣ ਲਈ ਆਖਿਆ ਤੇ ਉਹਦੇ ਕੋਲ਼ੋਂ ਕੋਈ ਨਿੱਕੀ ਵਾਇਰਲੈਸ ਨਿਕਲ਼ ਆਈ... ਫਿਰ ਜਦੋਂ ਸਖ਼ਤੀ ਨਾਲ਼ ਪੁੱਛਗਿੱਛ ਕੀਤੀ ਤਾਂ ਉਹ ਮੰਨ ਗਈ ਕਿ ਅਸੀਂ ਕਈ ਜਣੇ ਫ਼ੌਜ ਨੂੰ ਇਨਫ਼ਰਮੇਸ਼ਨ ਦੇ ਰਹੇ ਆਂ...। ਉਹਨੇ ਆਪਣੇ ਨਾਲ਼ ਇੱਕ ਹੋਰ ਬੰਦੇ ਬਾਰੇ ਵੀ ਦੱਸਿਆ... ਉਹ ਬਾਹਰ ਟੂਟੀਆਂ ਕੋਲ਼ੋਂ ਫੜਿਆ, ਉਹਨੇ ਕੇਸ ਵੀ ਰੱਖੇ ਸੀ, ਕਕਾਰ ਵੀ ਪਾਏ ਸੀ... ਪਰ ਜਦੋਂ ਬੋਲਦਾ ਸੀ ਤਾਂ ਪਤਾ ਲੱਗਦਾ ਸੀ ਕਿ ਉਹ ਇੱਕ ਭਈਆ ਐ, ਪੂਰੀ ਤਰ੍ਹਾਂ ਪੰਜਾਬੀ ਨ੍ਹੀਂ ਸੀ ਬੋਲ

ਸਕਦਾ, ਉਹਦੇ ਤੋਂ ਵੀ ਇੱਕ ਵਾਇਰਲੈਸ ਫੜੀ ਗਈ...।

ਸਵਾਲ : ਫਿਰ ਉਹਨਾਂ ਦਾ ਕੀ ਕੀਤਾ ?

ਜਵਾਬ : ਉਹਨਾਂ ਨੂੰ ਬੱਬਰ ਓਥੋਂ ਲੈ ਗਏ...। ਫਿਰ ਨ੍ਹੀਂ ਸਾਨੂੰ ਪਤਾ ਉਹਨਾਂ ਦਾ ਕੀ ਬਣਿਆ।

ਸਵਾਲ : ਇਸ ਤੋਂ ਬਾਅਦ ਤੁਸੀਂ ਇਹ ਸਾਰਾ ਸਮਾਂ ਪੰਜ ਨੰਬਰ ਹਾਲ 'ਚ ਹੀ ਰਹੇ ?

ਜਵਾਬ : ਨਹੀਂ ! ਚਾਰ ਜੂਨ ਦਾ ਸਾਰਾ ਦਿਨ ਤੇ ਸਾਰੀ ਰਾਤ, ਅਗਲੇ ਦਿਨ ਪੰਜ ਜੂਨ ਸ਼ਾਮ ਤਕ ਇਸੇ ਹੀ ਪੰਜ ਨੰਬਰ ਹਾਲ 'ਚ ਬੈਠੇ ਗੋਲ਼ੀਆਂ ਤੇ ਧਮਾਕਿਆਂ ਦੀਆਂ 'ਵਾਜ਼ਾਂ ਸੁਣਦੇ ਰਹੇ। ਪੰਜ ਜੂਨ ਸ਼ਾਮੀਂ ਪਾਣੀ ਦੀ ਟੈਂਕੀ ਤੋੜ ਦਿੱਤੀ ਗਈ ਤੇ ਪਾਣੀ ਬੰਦ ਹੋ ਗਿਆ। ਵੈਸੇ ਵੀ ਅਸੀਂ ਪੂਰਾ ਦਿਨ ਤਾਂ ਓਦਾਂ ਹੀ ਤਿਹਾਏ ਈ ਬੈਠੇ ਸੀ।

ਸਵਾਲ : ਤੁਹਾਨੂੰ ਕਿਸੇ ਨੇ ਇੱਥੋਂ ਸੁਰੱਖਿਅਤ ਕੱਢਣ ਦੀ ਕੋਸ਼ਿਸ਼ ਨ੍ਹੀਂ ਕੀਤੀ...?

ਜਵਾਬ : ਕੋਸ਼ਿਸ਼ ਤਾਂ ਕੀਹਨੇ ਕਰਨੀ ਸੀ, ਆਪਣੇ ਸਿੰਘ ਤਾਂ ਵੈਸੇ ਹੀ ਮੋਰਚਿਆਂ 'ਚ ਘਿਰੇ ਬੈਠੇ ਸੀ ਤੇ ਫ਼ੌਜ ਜਿਹੜੀ ਆ ਹਰ ਸਿੱਖ ਨੂੰ ਹੀ 'ਅੱਤਵਾਦੀ' ਕਹਿੰਦੀ ਸੀ। ਹਾਂ, ਪੰਜ ਜੂਨ ਦੀ ਰਾਤ ਨੂੰ ਇਹ ਵਿਚਾਰ ਬਣ ਗਿਆ ਕਿ ਤੇਜਾ ਸਿੰਘ ਸਮੁੰਦਰੀ ਹਾਲ 'ਚ ਅਕਾਲੀ ਦਲ ਦੀ ਲੀਡਰਸ਼ਿਪ ਹੁੰਦੀ ਐ... ਜੇ ਓਧਰ ਚਲੇ ਜਾਈਏ ਤੇ ਸ਼ਾਇਦ ਬਚਾਅ ਹੋ ਜਾਏ...। ਫਿਰ ਅਸੀਂ ਸਰਾਂਅ ਤੇ ਸਮੁੰਦਰੀ ਹਾਲ ਵਿਚਾਲ਼ੇ ਜਿਹੜੀ ਕੰਧ ਸੀ... ਉਹ ਤੋੜ ਕੇ ਸਮੁੰਦਰੀ ਹਾਲ 'ਚ ਚਲੇ ਗਏ...। ਓਥੇ ਤਕਰੀਬਨ ਸਾਰੀ ਰਾਤ ਖੁੱਲ੍ਹੇ ਹਾਲ 'ਚ ਬੈਠੇ ਰਹੇ।

ਸਵਾਲ : ਏਥੇ ਪਹਿਲਾਂ ਨਾਲ਼ੋਂ ਕੋਈ ਫ਼ਰਕ ਸੀ ?

ਜਵਾਬ : ਏਥੇ ਏਨਾ ਸੀ ਕਿ ਅਕਾਲੀ ਦਲ ਦੀ ਲੀਡਰਸ਼ਿਪ ਸਾਰੀ ਇਸ ਥਾਂ ਤੇ ਸੀ, ਜਿਸ ਕਰ ਕੇ ਕੁਝ ਹੌਸਲਾ ਸੀ... ਪਰ 6 ਜੂਨ ਦੇ ਤੜਕੇ ਢਾਈ ਕੁ ਵਜੇ ਪਤਾ ਨ੍ਹੀਂ ਕੀਹਨੇ ਰੌਲ਼ਾ ਪਾ ਦਿੱਤਾ ਪਈ ਜੇ ਜਾਨ ਬਚਾਉਣੀ ਐ ਤਾਂ ਗੁਰੂ ਰਾਮਦਾਸ ਸਰਾਂਅ 'ਚ ਜਾ ਕੇ ਗ੍ਰਿਫ਼ਤਾਰੀ ਦੇ ਦਿਓ... ਤੇ ਸਾਡੇ ਜਥੇ 'ਚੋਂ ਵੀ ਕਈ ਅੱਭੜਵਾਹੇ ਹੀ ਗੁਰੂ ਰਾਮਦਾਸ ਸਰਾਂਅ ਵੱਲ ਨੂੰ ਭੱਜ ਉੱਠੇ। ਮੈਂ ਵੀ ਮਗਰੇ ਹੀ ਭੱਜ ਉੱਠਿਆ। ਗੁਰੂ ਰਾਮਦਾਸ ਸਰਾਂਅ 'ਚ ਵੜਦਿਆਂ ਸਾਰ ਹੀ ਇਕਦਮ ਅੱਗੋਂ ਫ਼ੌਜ ਨੇ ਅੰਨ੍ਹੇਵਾਹ ਗੋਲ਼ੀ ਚਲਾ ਦਿੱਤੀ। ਸਾਡੇ ਜਥੇ ਦੇ ਕਾਫ਼ੀ ਲੋਕ ਓਥੇ ਮਾਰੇ ਗਏ। ਹਨੇਰੇ 'ਚ ਵੀ 10-12 ਲਾਸ਼ਾਂ ਤਾਂ ਮੈਂ ਖ਼ੁਦ ਵੇਖੀਐਂ।

ਜੂਨ 84 ਘਲੂਘਾਰੇ 'ਚ ਭਾਰਤੀ ਫ਼ੌਜ ਵੱਲੋਂ ਆਮ ਸੰਗਤਾਂ ਦੀ ਕੀਤੀ ਕਤਲੇਆਮ 'ਚ ਮਾਰੇ ਗਏ..

ਭਾਈ ਰਾਮ ਸਿੰਘ, ਕਿਲ੍ਹਾ ਹਕੀਮਾਂ (ਸੰਗਰੂਰ)



ਬੀਬੀ ਸੁਖਵਿੰਦਰ ਕੌਰ, ਕਿਲ੍ਹਾ ਹਕੀਮਾਂ (ਸੰਗਰੂਰ)



ਬੀਬੀ ਕਰਮਜੀਤ ਕੌਰ, ਕਿਲ੍ਹਾ ਹਕੀਮਾਂ (ਸੰਗਰੂਰ)
(ਬਾਬਾ ਅਮਰਜੀਤ ਸਿੰਘ ਦੀ ਭੈਣ)

ਮੇਰੀ ਭੈਣ ਕਰਮਜੀਤ ਕੌਰ ਤੇ ਸਾਡੇ ਪਿੰਡ ਦੀ ਕੁੜੀ ਸੁਖਵਿੰਦਰ ਕੌਰ ਵੀ ਓਥੇ ਹੀ ਮਾਰੀਆਂ ਗਈਆਂ। ਇਹ ਸਾਰਾ ਸੀਨ ਵੇਖ ਕੇ ਮੈਂ ਫੇਰ ਪਿਛਾਂਹ ਨੂੰ ਭੱਜ ਆਇਆ। ਮੈਨੂੰ ਪਤਾ ਨ੍ਹੀਂ ਕਿਸ ਕਿਸਮ ਦਾ ਦੌਰਾ ਜਿਹਾ ਪਿਆ, ਓਹੋ ਜਿਹਾ ਦੌਰਾ ਮੈਨੂੰ ਉਸ ਤੋਂ ਬਾਅਦ ਕਈ ਵਾਰ ਪਿਆ... ਹੁਣ ਵੀ ਪੈ ਜਾਂਦੈ...।

ਸਵਾਲ : ਹਰਿਮੰਦਰ ਸਾਹਿਬ ਤੇ ਇਸ ਭਾਰਤੀ ਹਮਲੇ ਦਾ ਭਾਵੇਂ ਹਰੇਕ ਦ੍ਰਿਸ਼ ਹੀ ਦਿਲ ਕੰਬਾਊ ਸੀ, ਫਿਰ ਵੀ ਕੋਈ ਖ਼ਾਸ ਦ੍ਰਿਸ਼ ਜਿਹੜਾ ਤੁਹਾਨੂੰ ਯਾਦ ਹੋਵੇ ?

ਜਵਾਬ : ਹਾਂ, ਇੱਕ ਐਸਾ ਸੀਨ ਮੈਂ ਵੇਖਿਆ ਜਿਹੜਾ ਬਹੁਤ ਹੀ ਭਿਆਨਕ ਸੀ। 6 ਜੂਨ ਸਵੇਰੇ ਸੱਤ ਕੁ ਵਜੇ, ਅਸੀਂ ਗੁਰੂ ਰਾਮਦਾਸ ਸਰਾਂਅ ਦੇ ਛੋਟੇ ਲੰਗਰ ਵਾਲ਼ੀ ਥਾਂ, ਜਿੱਥੇ ਗ੍ਰਿਫ਼ਤਾਰੀਆਂ ਦੇਣ ਵਾਲ਼ੇ ਜਥਿਆਂ ਲਈ ਲੰਗਰ ਤਿਆਰ ਹੁੰਦਾ ਸੀ, ਓਥੇ ਬਿਠਾਏ ਹੋਏ ਸੀ। ਇੱਕ 25 ਕੁ ਸਾਲਾਂ ਦੀ ਬੀਬੀ, ਜੀਹਦੇ ਕੁੱਛੜ ਨਿੱਕਾ ਜਿਹਾ ਸਾਲ ਕੁ ਦਾ ਨਿਆਣਾ ਸੀ, ਭੱਜ ਕੇ ਫ਼ੌਜੀਆਂ ਕੋਲ ਗਈ ਤੇ ਕਹਿੰਦੀ:- "ਮੈਂ ਪੰਡਤਾਂ ਦੇ ਪਰਿਵਾਰ 'ਚੋਂ ਆਂ... ਮੈਂ ਤਾਂ ਮੱਸਿਆ ਨ੍ਹਾਉਣ ਆਈ ਸੀ... ਏਥੇ ਘੇਰੀ ਗਈ... ਮੈਨੂੰ ਜਾਣ ਦਿਓ...।" ਤੇ ਫ਼ੌਜੀਆਂ ਨੇ ਜਿਹੜਾ ਕਹਿਰ ਓਥੇ ਮੇਰੇ ਵੇਂਹਦਿਆਂ ਢਾਹਿਆ... ਉਹ ਬੜਾ ਭਿਆਨਕ ਸੀ। ਇੱਕ ਫ਼ੌਜੀ ਨੇ ਉਸ ਬੀਬੀ ਦਾ ਸਾਲ ਕੁ ਦਾ ਬੱਚਾ ਉਹਦੇ ਹੱਥੋਂ ਫੜ ਲਿਆ... ਗੁਰੂ ਰਾਮਦਾਸ ਸਰਾਂਅ ਦੇ ਵਿਹੜੇ 'ਚ ਇਸ਼ਨਾਨ ਕਰਨ ਲਈ ਜਿਹੜੀ ਟੂਟੀਆਂ ਵਾਲ਼ੀ ਗੋਲ਼ ਜਿਹੀ ਕੰਧ ਆ... ਫ਼ੌਜੀ ਨੇ ਬੱਚੇ ਨੂੰ ਲੱਤੋਂ ਫੜ ਕੇ ਪੂਰੇ ਜ਼ੋਰ ਨਾਲ਼ ਘੁਮਾ ਕੇ ਉਸ ਕੰਧ ਨਾਲ ਬੱਚੇ ਦਾ ਸਿਰ ਮਾਰਿਆ... ਬੱਚੇ ਨੇ ਤਾਂ ਇੱਕ ਚੀਕ ਮਾਰੀ ਤੇ ਵਿਚਾਰਾ ਓਥੇ ਈ ਮਰ ਗਿਆ... ਪਰ ਉਸ ਬੀਬੀ ਦੀਆਂ ਚੀਕਾਂ ਸੁਣੀਆਂ ਨ੍ਹੀਂ ਸੀ ਜਾਂਦੀਆਂ...। ਫੇਰ ਓਥੇ ਸਾਡੇ ਸਾਮ੍ਹਣੇ ਈ ਫ਼ੌਜੀਆਂ ਨੇ ਉਸ ਬੀਬੀ ਨੂੰ ਵੀ ਗੋਲ਼ੀ ਮਾਰ ਦਿੱਤੀ ਤੇ ਉਹਦੀ ਲਾਸ਼ ਵੀ ਓਥੇ ਸਾਡੇ ਸਾਮ੍ਹਣੇ ਪਈ ਰਹੀ...।



ਗੁਰੂ ਰਾਮਦਾਸ ਸਰਾਂਅ ਤੇ ਕਾਬਜ਼ ਭਾਰਤੀ ਫ਼ੌਜ

ਸਵਾਲ : ਫ਼ੌਜੀਆਂ ਦੀ ਇਸ ਵਹਿਸ਼ਤ ਦੇ ਵਿੱਚੋਂ ਤੁਹਾਡਾ ਬਚਾਅ ਕਿਵੇਂ ਹੋਇਆ ?

ਜਵਾਬ : ਫ਼ੌਜ ਦੇ ਵੱਡੇ ਅਫ਼ਸਰ ਅਕਾਲੀ ਲੀਡਰਾਂ ਦੀ ਗੱਲ ਮੰਨ ਰਹੇ ਸੀ...। ਪਹਿਲਾਂ ਤਾਂ ਮੈਂ ਓਥੇ ਰਾਮੂਵਾਲੀਏ ਨੂੰ ਵੇਖਿਆ, ਉਹ ਇੱਕ ਫ਼ੌਜ ਦੇ ਅਫ਼ਸਰ ਨਾਲ਼ ਅੰਗਰੇਜ਼ੀ 'ਚ ਗੱਲ ਕਰ ਰਿਹਾ ਸੀ...। ਮੈਨੂੰ ਬਾਅਦ 'ਚ ਪਤਾ ਲੱਗਾ ਉਹ ਅਫ਼ਸਰ ਰਣਜੀਤ ਦਿਆਲ ਸੀ... ਉਹ ਫ਼ੌਜੀਆਂ ਨੂੰ ਕਹਿ ਗਿਆ... ਫਿਰ ਫ਼ੌਜੀ ਸਾਨੂੰ ਦੁਖੀ ਤਾਂ ਵਾਹਵਾ ਕਰਦੇ

ਰਹੇ... ਪਰ ਫਿਰ ਸਾਡੇ ਤੇ ਗੋਲ਼ੀ ਨੀਂ ਚਲਾਈ...।

ਸਵਾਲ : ਇੱਥੇ ਤੁਸੀਂ ਅਕਾਲੀ ਦਲ ਦੇ ਕਿਸੇ ਹੋਰ ਲੀਡਰ ਨੂੰ ਵੀ ਵੇਖਿਆ...?

ਜਵਾਬ : ਹਾਂ, ਏਥੇ ਅਸੀਂ ਜਥੇਦਾਰ ਟੌਹੜਾ ਨੂੰ ਵੇਖਿਆ... ਫ਼ੌਜ ਦੇ ਅਫ਼ਸਰਾਂ ਨੇ ਸ਼ਾਇਦ ਆਮ ਫ਼ੌਜੀਆਂ ਨੂੰ ਉਹਨਾਂ ਦੇ ਰੁਤਬੇ ਬਾਰੇ ਦੱਸ ਦਿੱਤਾ ਸੀ... ਇਸ ਕਰ ਕੇ ਉਹਨਾਂ ਨੇ ਕਈ ਲੋਕਾਂ ਨੂੰ ਬਚਾਇਆ। ਮੇਰੀਆਂ ਅੱਖਾਂ ਦੇ ਸਾਮ੍ਹਣੇ ਜਥੇਦਾਰ ਟੌਹੜਾ ਨੇ ਭਾਈ ਮਨਜੀਤ ਸਿੰਘ (ਭਰਾਤਾ ਸ਼ਹੀਦ ਭਾਈ ਅਮਰੀਕ ਸਿੰਘ) ਤੇ ਭਾਈ ਹਰਮਿੰਦਰ ਸਿੰਘ ਸੰਧੂ ਦੇ ਬਾਰੇ ਫ਼ੌਜੀਆਂ ਨੂੰ ਇਹ ਕਿਹਾ ਕਿ ਇਹ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਨੇ... ਫਿਰ ਉਹ ਸੇਫ਼ ਹੋ ਗਏ... ਓਦੋਂ ਸਕੱਤਰ ਭਾਨ ਸਿੰਘ ਵੀ ਉਹਨਾਂ ਦੇ ਨਾਲ਼ ਹੀ ਸੀ...।

ਸਵਾਲ : ਤੁਹਾਡੇ ਜਥੇ 'ਚੋਂ ਤੁਹਾਡੀ ਜਾਣ-ਪਛਾਣ ਵਾਲ਼ੇ ਕਿੰਨੇ ਮੈਂਬਰ ਸ਼ਹੀਦ ਹੋਏ?



ਜਵਾਬ : ਭਾਈ ਨਛੱਤਰ ਸਿੰਘ ਭਲਵਾਨ ਸ਼ਹੀਦ ਹੋ ਗਏ, ਮੇਰੀ ਭੈਣ ਕਰਮਜੀਤ ਕੌਰ ਤੇ ਪਿੰਡ ਦੀ ਲੜਕੀ ਸੁਖਵਿੰਦਰ ਕੌਰ ਸ਼ਹੀਦ ਹੋਈਆਂ, ਪੰਡਤਾਂ ਦੇ ਪਰਿਵਾਰ ਦੀ ਮਾਈ ਸੋਧਾਂ ਸ਼ਹੀਦ ਹੋਈ, ਲਿੱਦੜਾਂ ਪਿੰਡ ਦੀ ਮਾਤਾ ਗੁਰਦੇਵ ਕੌਰ ਸੀ, ਉਹ ਵੀ ਸ਼ਹੀਦ ਹੋ ਗਈ, ਬੋੜੇ ਪਿੰਡ ਤੋਂ ਭਾਈ ਦਰਸ਼ਨ ਸਿੰਘ ਸੀ, ਉਹ ਸ਼ਹੀਦ ਹੋ ਗਏ, ਭਾਈ ਰਾਮ ਸਿੰਘ ਕਿਲ੍ਹਾ ਹਕੀਮਾਂ ਸ਼ਹੀਦ ਹੋਏ, ਕਈ ਜਥੇ 'ਚੋਂ ਜੋਧਪੁਰ ਜੇਲ੍ਹ 'ਚ ਭੇਜ ਦਿੱਤੇ, ਜਿਹੜੇ ਅੰਮ੍ਰਿਤਸਰ ਹੀ ਪਹਿਲੀ ਵਾਰ ਆਏ ਸੀ, ਜਿਵੇਂ ਭਾਈ ਗੁਰਦੇਵ ਸਿੰਘ ਚਹਿਲ ਤੇ ਹਰਨੇਕ ਸਿੰਘ ਚਹਿਲ ਦੋਵੇਂ ਭਰਾ ਪਹਿਲੀ ਵਾਰ ਅੰਮ੍ਰਿਤਸਰ ਆਏ ਸੀ, ਉਹ ਜੋਧਪੁਰ ਜੇਲ੍ਹ 'ਚ ਭੇਜ ਦਿੱਤੇ, 5 ਸਾਲਾਂ ਬਾਅਦ ਆਏ। ਇਸੇ ਤਰ੍ਹਾਂ ਗੁਰਦੀਪ ਸਿੰਘ ਬੋੜਾ ਪਿੰਡ ਰਤੀਆ ਕੋਲ਼ ਸੀ, ਉਹ ਵੀ ਪਹਿਲੀ ਵਾਰ ਅੰਮ੍ਰਿਤਸਰ ਆਇਆ ਸੀ, ਉਹਨੂੰ ਵੀ ਪੰਜ ਸਾਲ ਜੋਧਪੁਰ ਜੇਲ੍ਹ 'ਚ ਰੱਖਿਆ, ਬਾਬਾ ਲੱਖਾ ਸਿੰਘ ਬੋੜਾ ਪਿੰਡ, ਮਨਜੀਤ ਸਿੰਘ ਪਿਓਂਦ ਕਲਾਂ ਜਾਖਲ ਕੋਲ਼, ਇਹ ਵੀ ਪੰਜ ਸਾਲ ਜੋਧਪੁਰ ਰਹੇ।

ਸਵਾਲ : ਤੁਹਾਨੂੰ ਕਿਵੇਂ ਗ੍ਰਿਫ਼ਤਾਰ ਕੀਤਾ ਗਿਆ?

ਜਵਾਬ : 6 ਜੂਨ ਨੂੰ ਸਾਨੂੰ ਗੱਡੀਆਂ 'ਚ ਚੜ੍ਹਾ ਕੇ ਇੱਕ ਸਕੂਲ 'ਚ ਬਣਾਏ ਕੈਂਪ 'ਚ ਲੈ ਗਏ। ਬਹੁਤ ਤਸ਼ੱਦਦ ਕੀਤਾ। ਪੁਲਿਸ ਤਾਂ ਜਦੋਂ ਤਸ਼ੱਦਦ ਕਰਦੀ ਆ ਤੇ ਕਿਸੇ ਤਰੀਕੇ ਨਾਲ਼ ਕਰਦੀ ਆ, ਉਹਨੂੰ ਤਸ਼ੱਦਦ ਕਰਨ ਦਾ ਤਰੀਕਾ ਆਉਂਦਾ ਹੁੰਦੈ... ਪਰ ਫ਼ੌਜ ਨੂੰ ਤਸ਼ੱਦਦ ਕਰਨਾ ਨ੍ਹੀਂ ਆਉਂਦਾ, ਮਾਰਨਾ ਹੀ ਆਉਂਦੈ... ਇਸ ਕਰ ਕੇ ਮੇਰੇ ਸਰੀਰ ਤੇ ਅਜੇ ਵੀ ਗੰਢਾਂ ਬਣੀਆਂ ਹੋਈਐਂ...। ਸਕੂਲ 'ਚ ਸਾਡੀ ਗੁਪਤ ਤਰੀਕੇ ਨਾਲ਼ ਸ਼ਨਾਖ਼ਤੀ ਪਰੇਡ ਵੀ ਹੋਈ... ਓਹਲੇ ਕੋਈ ਬੰਦਾ ਦੱਸਦਾ ਸੀ ਕਿ ਇਹ ਕੌਣ ਆ ਤੇ ਆਹ ਕੌਣ, ਉਸੇ ਹਿਸਾਬ ਨਾਲ਼ ਸਾਰਿਆਂ ਦੀਆਂ ਕੈਟਾਗਰੀਆਂ ਬਣਾਈਆਂ ਗਈਆਂ।

ਸਵਾਲ : ਤੁਸੀਂ ਕਿੰਨਾ ਚਿਰ ਕੈਦ 'ਚ ਰਹੇ?

'ਵੰਗਾਰ' ਦੇ ਦਫਤਰ ਵਿੱਚ ਬਾਬਾ ਅਮਰਜੀਤ ਸਿੰਘ ਤੇ ਜਥੇਦਾਰ ਰਣਜੀਤ ਸਿੰਘ ਸੰਘੇੜਾ

ਜਵਾਬ : ਮੈਨੂੰ ਤਾਂ 28 ਜੂਨ 1984 ਨੂੰ ਹੀ ਸੰਗਰੂਰ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ ਸੀ, ਪਰ ਸਰੀਰ ਤੇ ਰੂਹ ਤੇ ਲੱਗੇ ਜ਼ਖ਼ਮ ਅਜੇ ਤਕ ਤਾਜ਼ੇ ਨੇ...।

ਸਵਾਲ : ਅੱਜ ਉਸ ਘੱਲੂਘਾਰੇ ਨੂੰ ਯਾਦ ਕਰ ਕੇ ਕੀ ਮਹਿਸੂਸ ਕਰਦੇ ਓ?

ਜਵਾਬ : ਰਹਿੰਦੀ ਉਮਰ ਨ੍ਹੀਂ ਭੁੱਲ ਸਕਦੇ... ਜਦੋਂ ਅਡਵਾਨੀ ਦੇ ਸਿਰ 'ਚ ਅੰਡੇ ਮਾਰੇ, ਓਦੋਂ ਵੀ ਬਾਅਦ 'ਚ ਐਸ.ਐਸ.ਪੀ. ਮੈਨੂੰ ਪੁੱਛੇ ਤੂੰ ਇਹ ਕਿਉਂ ਕੀਤਾ? ਮੈਂ ਕਿਹਾ:- "ਅਡਵਾਨੀ ਨੇ ਆਪਣੀ ਕਿਤਾਬ 'ਚ ਲਿਖਿਆ ਕਿ ਹਰਿਮੰਦਰ ਸਾਹਿਬ ਉੱਤੇ ਹਮਲਾ ਮੈਂ ਕਰਵਾਇਆ ਸੀ, ਤਾਂ ਮੈਂ ਇਹਨੂੰ ਹਮਲੇ ਦਾ ਦੋਸ਼ੀ ਤੇ ਆਪਣੀ ਭੈਣ ਸਮੇਤ ਹਜ਼ਾਰਾਂ ਸਿੱਖਾਂ ਦਾ ਕਾਤਲ ਮੰਨਦੈਂ... ਇਸ ਕਰ ਕੇ ਮੈਂ ਅਜਿਹਾ ਕੀਤਾ।" ਦੂਜਾ, ਸੰਤ ਭਿੰਡਰਾਂਵਾਲ਼ਿਆਂ ਦੇ ਬੋਲ ਸਾਨੂੰ ਨ੍ਹੀਂ ਭੁੱਲਣੇ ਚਾਹੀਦੇ ਕਿ ਜਦੋਂ ਦਰਬਾਰ ਸਾਹਿਬ ਤੇ ਹਮਲਾ ਹੋਇਆ, ਖ਼ਾਲਿਸਤਾਨ ਦੀ ਨੀਂਹ ਰੱਖੀ ਜਾਊ...। ਨੀਂਹ ਰੱਖੀ ਗਈ... ਹੁਣ ਬਾਕੀ ਜ਼ਿੰਮੇਵਾਰੀ ਸਾਡੀ ਸਿੱਖ ਕੌਮ ਦੀ ਆ...। ਮੈਂ ਇੱਕ ਵਾਰ ਮਾਨ ਸਾਬ੍ਹ ਨਾਲ਼ ਕਸ਼ਮੀਰ ਗਿਆ, ਓਥੇ ਹੁਰੀਅਤ ਦੇ ਲੀਡਰ ਗਿਲਾਨੀ ਜੀ ਨੂੰ ਮਾਨ ਸਾਬ੍ਹ ਨੇ ਮੇਰੇ ਬਾਰੇ ਇਹ ਦੱਸਿਆ ਕਿ ਇਹ ਸੰਤ ਭਿੰਡਰਾਂਵਾਲ਼ਿਆਂ ਦੇ ਨਾਲ਼ ਰਹੇ ਆ। ਗਿਲਾਨੀ ਮੈਨੂੰ ਕਹਿੰਦਾ:- "ਜ਼ਿੰਦਗੀ ਮੇਂ ਕਭੀ ਐਸਾ ਕਾਮ ਮਤ ਕਰਨਾ ਕਿ ਬਹਿਸ਼ਤ ਮੇਂ ਬੈਠੇ ਸੰਤ ਜਰਨੈਲ ਸਿੰਘ ਜੀ ਕੇ ਦਿਲ ਕੋ ਠੇਸ ਲਗੇ ਕਿ ਅਮਰਜੀਤ ਸਿੰਘ ਨੇ ਯੇ ਕਿਆ ਕਰ ਦੀਆ!"

ਬੱਸ ਇਹ ਬੋਲ ਮੇਰੀ ਰੂਹ 'ਚ ਉੱਤਰ ਗਏ... ਤੇ ਮੈਂ ਤਾਂ ਨਾਲ਼ ਦੇ ਸਿੰਘਾਂ ਨੂੰ ਕਹਿੰਦਾ ਹੁੰਦੈਂ... ਪਈ ਜੇ ਮੈਂ ਜਿਉਂਦੇ ਜੀਅ ਕਦੇ ਮਾਨ ਸਾਬ੍ਹ ਨੂੰ ਛੱਡ ਜਾਵਾਂ ਜਾਂ ਸਿੱਧੀ ਜਿਹੀ ਗੱਲ ਸੰਤ ਭਿੰਡਰਾਂਵਾਲ਼ਿਆਂ ਦੇ ਸੰਘਰਸ਼ ਤੋਂ ਲਾਂਭੇ ਹੋ ਜਾਵਾਂ... ਤਾਂ ਫਿਰ ਮੇਰੇ ਸਰੀਰ 'ਚ ਕਿਰਮ ਪੈ ਜਾਣੇ ਚਾਹੀਦੇ ਐ...।

****

"ਸੰਤਾਂ ਦੀ ਸ਼ਹਾਦਤ ਦੇ ਪਲਾਂ ਦੀ ਯਾਦ ਨਹੀਂ ਭੁੱਲਦੀ"

ਭਾਈ ਮੁਖਤਿਆਰ ਸਿੰਘ ਮੁਖੀ ਨਾਲ਼ ਗੱਲਬਾਤ



ਭਾਈ ਮੁਖਤਿਆਰ ਸਿੰਘ ਮੁਖੀ ਉਹਨਾਂ ਸਿੰਘਾਂ ਵਿੱਚੋਂ ਹਨ, ਜਿਨ੍ਹਾਂ ਨੂੰ ਵੀਹਵੀਂ ਸਦੀ ਦੇ ਮਹਾਨ ਸਿੱਖ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਲਾਸਾਨੀ ਸ਼ਹਾਦਤ ਦੇ ਆਖ਼ਰੀ ਪਲਾਂ ਨੂੰ ਬਹੁਤ ਨੇੜੇ ਤੋਂ ਵੇਖਣ ਦਾ ਮੌਕਾ ਨਸੀਬ ਹੋਇਆ। ਭਾਈ ਮੁਖਤਿਆਰ ਸਿੰਘ ਮੁਖੀ ਉਸ ਮਹਾਨ ਜਰਨੈਲ ਦੀ ਸ਼ਹਾਦਤ ਦੇ ਹੀ ਨਹੀਂ, ਬਲਕਿ ਧਰਮ ਯੁੱਧ ਵਿਚਲੀਆਂ ਹੋਰ ਵੀ ਕਈ ਘਟਨਾਵਾਂ ਦੇ ਗਵਾਹ ਹਨ। ਪਟਿਆਲਾ ਜ਼ਿਲ੍ਹੇ ਦੀ ਨਾਭਾ ਤਹਿਸੀਲ ਅਧੀਨ ਪੈਂਦੇ ਪਿੰਡ ਟੋਡਰਵਾਲ ਵਿਖੇ ਮਾਤਾ ਗੁਰਦੇਵ ਕੌਰ ਦੀ ਕੁੱਖੋਂ, ਪਿਤਾ ਸ੍ਰ. ਭਾਗ ਸਿੰਘ ਜੀ ਦੇ ਗ੍ਰਹਿ ਵਿਖੇ ਜਨਮੇ ਭਾਈ ਮੁਖਤਿਆਰ ਸਿੰਘ ਮੁਖੀ 4 ਭਰਾਵਾਂ ਤੇ ਚਾਰ ਭੈਣਾਂ 'ਚੋਂ ਤੀਜੇ ਨੰਬਰ ਤੇ ਹਨ। ਘਲੂਘਾਰਾ ਜੂਨ 1984 ਵੇਲ਼ੇ ਉਹ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਬਹੁਤ ਨੇੜੇ ਸਨ। ਘਲੂਘਾਰੇ ਦਾ ਸਮੁੱਚਾ ਹਾਲ ਜਾਣਨ ਲਈ ਲੇਖਕ ਵੱਲੋਂ ਉਹਨਾਂ ਨਾਲ਼ ਲੰਮੀ ਗੱਲਬਾਤ ਕੀਤੀ ਗਈ, ਜੋ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਹੈ:-

ਸਵਾਲ : ਭਾਈ ਮੁਖਤਿਆਰ ਸਿੰਘ ਜੀ, ਤੁਸੀਂ ਅੰਮ੍ਰਿਤਪਾਨ ਕਿੰਨੀ ਉਮਰ 'ਚ ਕੀਤਾ ?

ਜਵਾਬ : ਮੇਰਾ ਬਚਪਨ ਤੋਂ ਹੀ ਗੁਰੂ ਘਰ ਨਾਲ਼ ਪ੍ਰੇਮ ਸੀ। ਘਰ ਦੇ ਨੇੜੇ ਹੀ ਗੁਰਦੁਆਰਾ ਸਾਹਿਬ ਸੀ, ਓਥੇ ਜਾ ਕੇ ਸੇਵਾ ਕਰਦੇ ਰਹਿਣਾ। ਓਥੇ ਭਾਈ ਅਮਰ ਸਿੰਘ ਨਿਹੰਗ ਸਿੰਘ ਹੁੰਦੇ ਸੀ, ਉਹ ਮੇਰੇ ਪਿਤਾ ਜੀ ਨੂੰ ਕਹਿੰਦੇ ਕਿ ਭੁਜੰਗੀ ਨੂੰ ਕਿਸੇ ਧਾਰਮਕ ਵਿਦਿਆਲੇ 'ਚ ਦਾਖ਼ਲ ਕਰਵਾ, ਇਹਦੀ ਲਗਨ ਐ। ਪਿਤਾ ਜੀ ਦੇ ਮਨ 'ਚ ਗੱਲ ਬਹਿ ਗਈ ਤੇ ਉਹਨਾਂ ਨੇ ਮੈਨੂੰ ਤੇ ਮੇਰੇ ਵੱਡੇ ਭਰਾ ਜਗਦੀਸ਼ ਸਿੰਘ ਨੂੰ ਭਾਈ ਜਸਵੰਤ ਸਿੰਘ ਜੀ ਕੁਲਾਰ ਪਿੰਡ ਵਾਲ਼ਿਆਂ ਦੇ ਕੋਲ਼ ਕੀਰਤਨ ਸਿੱਖਣ ਲਈ ਉਹਨਾਂ ਦੇ ਵਿਦਿਆਲੇ 'ਚ ਦਾਖ਼ਲ ਕਰਵਾ ਦਿੱਤਾ। ਉਹ ਮੁੱਲਾਂਪੁਰ ਦਾਖਾ 'ਚ ਵਿਦਿਆਲਾ ਚਲਾਉਂਦੇ ਸੀ। ਮੈਂ ਚੌਥੀ 'ਚ ਪੜ੍ਹਦਾ ਸੀ, ਓਦੋਂ ਤੋਂ ਸਕੂਲੀ ਪੜ੍ਹਾਈ ਬੰਦ ਹੋ ਗਈ, ਫਿਰ ਉਸ ਤੋਂ ਬਾਅਦ ਧਾਰਮਕ ਸਿਖਲਾਈ ਸ਼ੁਰੂ ਹੋ ਗਈ। ਫਿਰ ਉਸ ਵਿਦਿਆਲੇ 'ਚ ਅਸੀਂ ਤਬਲਾ ਤੇ ਕੀਰਤਨ ਦੀ ਸਿਖਲਾਈ ਲੈਣ ਲੱਗ ਪਏ। ਓਦੋਂ ਦਾ ਹੀ ਅੰਮ੍ਰਿਤ ਛਕਿਐ।

ਪੰਜ ਪਿਆਰਿਆਂ ਵਿੱਚ ਸੰਤ ਕਰਤਾਰ ਸਿੰਘ ਜੀ ਅਤੇ ਸੰਤ ਜਰਨੈਲ ਸਿੰਘ ਜੀ

ਸਵਾਲ : ਉਸ ਵਿਦਿਆਲੇ ਤੋਂ ਟਕਸਾਲ ਨਾਲ਼ ਸੰਬੰਧ ਕਿਵੇਂ ਜੁੜਿਆ ?

ਜਵਾਬ : ਭਾਈ ਜਸਵੰਤ ਸਿੰਘ ਹੋਰਾਂ ਦਾ ਮੇਲ ਮਿਲਾਪ ਸੰਤ ਗੁਰਬਚਨ ਸਿੰਘ ਭਿੰਡਰਾਂਵਾਲ਼ਿਆਂ ਨਾਲ਼ ਹੁੰਦਾ ਸੀ। ਸੰਨ 1971-72 ਦੇ ਵਿੱਚ ਸੰਤ ਕਰਤਾਰ ਸਿੰਘ ਜੀ ਨੇ ਟਕਸਾਲ ਦੇ ਕੁਝ ਸਿੰਘ ਕੀਰਤਨ ਸਿੱਖਣ ਲਈ ਭਾਈ ਜਸਵੰਤ ਸਿੰਘ ਕੋਲ਼ ਭੇਜੇ। ਇਹ ਸਿੰਘ ਸੀਗੇ ਭਾਈ ਸਵਰਨ ਸਿੰਘ, ਭਾਈ ਮਹਾਂ ਸਿੰਘ ਜੀ ਤੇ ਭਾਈ ਆਸਾ ਸਿੰਘ ਜੀ। ਓਦੋਂ ਮੇਰੀ ਉਮਰ 11 ਕੁ ਸਾਲ ਦੀ ਸੀ। ਬਾਅਦ 'ਚ ਸੰਨ 1973 ਵਿੱਚ ਭਾਈ ਜਸਵੰਤ ਸਿੰਘ ਜੀ ਆਪ ਹੀ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਚੌਕ ਮਹਿਤੇ ਆ ਗਏ ਤੇ ਅਸੀਂ ਸਾਰੇ ਵਿਦਿਆਰਥੀ ਵੀ ਉਹਨਾਂ ਦੇ ਨਾਲ਼ ਹੀ ਮਹਿਤਾ ਚੌਕ ਆ ਗਏ। ਹੋਰ ਜਥੇ 'ਚ ਕੀਰਤਨ ਕਰਨ ਵਾਲ਼ੇ ਸਿੰਘ ਭਾਈ ਰਾਮ ਸਿੰਘ ਰਾਗੀ, ਭਾਈ ਗੁਰਬਚਨ ਸਿੰਘ ਜੀ, ਤੇ ਭਾਈ ਸੁਰਜੀਤ ਸਿੰਘ ਜੀ ਸੀਗੇ, ਜਿਹੜੇ ਸ਼ਹੀਦ ਹੋ ਗਏ।

ਸਵਾਲ : ਓਦੋਂ ਸੰਤ ਜਰਨੈਲ ਸਿੰਘ ਜੀ ਵੀ ਇੱਕ ਵਿਦਿਆਰਥੀ ਦੇ ਤੌਰ ਤੇ ਜਥੇ 'ਚ ਰਹਿੰਦੇ ਸੀ?

ਜਵਾਬ : ਹਾਂ ਜੀ ਇਹ ਜਥੇ 'ਚ ਹੁੰਦੇ ਸੀ, ਤੇ ਕਾਫ਼ੀ ਸਮਾਂ ਪਿੰਡ ਵੀ ਰਹਿੰਦੇ ਤੇ ਫਿਰ ਜਥੇ 'ਚ ਵੀ ਆ ਜਾਂਦੇ। ਇਹ ਸਿਮਰਨ ਅਭਿਆਸ ਬਹੁਤ ਕਰਦੇ ਸੀ ਤੇ ਸੰਤ ਕਰਤਾਰ ਸਿੰਘ ਜੀ ਇਹਨਾਂ ਨੂੰ ਪਿੰਡਾਂ 'ਚ ਕਥਾ ਕਰਨ ਵੀ ਭੇਜਦੇ ਹੁੰਦੇ ਸੀ। ਪਿੰਡਾਂ 'ਚ ਅੰਮ੍ਰਿਤ ਸੰਚਾਰ ਦੀ ਡਿਊਟੀ ਵੀ (ਸੰਤ) ਜਰਨੈਲ ਸਿੰਘ ਜੀ ਦੀ ਲੱਗਦੀ ਹੁੰਦੀ ਸੀ; ਇਹ ਪੰਜ ਪਿਆਰਿਆਂ ਦੇ ਵਿੱਚ ਸੇਵਾ ਨਿਭਾਉਂਦੇ ਹੁੰਦੇ ਸੀ। ਵਧੇਰੇ ਸਮੇਂ ਇਹ ਸਿਮਰਨ ਕਰਦੇ ਰਹਿੰਦੇ ਜਾਂ ਗੁਰਬਾਣੀ ਪੜ੍ਹਦੇ ਰਹਿੰਦੇ ਸੀ, ਇਕਾਂਤ 'ਚ ਵਧੇਰੇ ਰਹਿੰਦੇ ਸੀ ਤੇ ਸਿੰਘਾਂ 'ਚ ਬਹੁਤ ਘੱਟ ਵਿਚਰਦੇ ਸੀਗੇ। ਇਹਦੇ ਨਾਲ਼ ਹੀ ਉਹ ਹਰ ਮਹੀਨੇ ਆਪ ਇੱਕ ਸਹਿਜ ਪਾਠ ਗੁਰੂ ਗ੍ਰੰਥ ਸਾਹਿਬ ਦਾ ਕਰਦੇ ਹੁੰਦੇ ਸੀ। ਜਪੁਜੀ ਸਾਹਿਬ ਦੇ ਪਾਠ ਵੱਧ ਤੋਂ ਵੱਧ ਕਰਦੇ ਰਹਿੰਦੇ।

ਸਵਾਲ : ਸੰਤ ਕਰਤਾਰ ਸਿੰਘ ਜੀ ਦੇ ਨਾਲ਼ ਕੋਈ ਵਿਸ਼ੇਸ਼ ਯਾਦਗਾਰੀ ਪਲ ?

ਜਵਾਬ : ਸੰਤ ਕਰਤਾਰ ਸਿੰਘ ਜੀ ਬਹੁਤ ਮਿਲਾਪੜੇ ਸੁਭਾਅ ਦੇ ਸੀ, ਪੰਥਕ ਏਕਤਾ ਲਈ ਉਹ ਵਿਸ਼ੇਸ਼ ਤੌਰ ਤੇ ਤਤਪਰ ਰਹਿੰਦੇ ਸੀ। ਅਖੰਡ ਕੀਰਤਨੀ ਜਥੇ ਦੇ ਨਾਲ਼ ਟਕਸਾਲ ਦੀ ਸਾਂਝ ਵਧਾਉਣ ਦੇ ਲਈ ਉਹਨਾਂ ਨੇ ਵਿਸ਼ੇਸ਼ ਤੌਰ ਤੇ ਯਤਨ ਕੀਤੇ। ਸੰਤ ਕਰਤਾਰ ਸਿੰਘ ਜੀ ਮਹਿਤੇ 'ਚ ਰੈਣ ਸਬਾਈ ਕੀਰਤਨ ਵੀ ਕਰਵਾਉਂਦੇ ਰਹੇ। ਅਖੰਡ ਕੀਰਤਨੀ ਜਥੇ ਦੇ ਸਿੰਘ, ਜਿਨ੍ਹਾਂ 'ਚ ਇੱਕ ਸਿੰਘ 'ਡਿਪਟੀ' ਕਰ ਕੇ ਪ੍ਰਸਿੱਧ ਸੀ, ਇੱਕ ਭਾਈ ਗੁਰਨਾਮ ਸਿੰਘ ਜੀ, ਭਾਈ ਬਲਿਆਲ ਜੀ, ਇਹਨਾਂ ਦਾ ਬਹੁਤ ਆਉਣ-ਜਾਣ ਸੀ। ਸੰਤ ਕਰਤਾਰ ਸਿੰਘ ਜੀ ਹੋਰਾਂ ਨੇ ਤਾਂ ਜਿਹੜੀ ਸਿੰਧੀ ਸੰਗਤ ਸੀ ਭਾਈ ਚੇਲਾ ਰਾਮ ਹੋਰੀਂ, ਉਹਨਾਂ ਨੂੰ ਵੀ ਪੰਥ ਦੀ ਮੁੱਖ ਧਾਰਾ ਦੇ ਨਾਲ਼ ਜੋੜਨ ਲਈ ਉਹਨਾਂ ਨਾਲ਼ ਨੇੜਤਾ ਬਣਾਈ ਸੀ। ਬੰਬਈ 'ਚ ਭਾਈ ਚੇਲਾ ਰਾਮ ਜੀ ਨੇ ਸੰਤ ਕਰਤਾਰ ਸਿੰਘ ਜੀ ਨੂੰ ਬੇਨਤੀ ਕੀਤੀ ਸੀ ਕਿ ਜਦੋਂ ਅਸੀਂ ਕੋਈ ਵਿਸ਼ੇਸ਼ ਪ੍ਰੋਗਰਾਮ ਕਰਾਂਗੇ, ਓਦੋਂ ਤੁਸੀਂ ਦਰਸ਼ਨ ਦੇਣੇ ਆਂ। ਸੰਤਾਂ ਨੇ ਹਾਂ ਕਰ ਦਿੱਤੀ ਸੀ, ਤੇ ਜਦੋਂ ਸੰਤਾਂ ਦਾ ਐਕਸੀਡੈਂਟ ਹੋਇਆ, ਓਦੋਂ ਜਥਾ ਸਿੰਧੀ ਸਿੱਖਾਂ ਦੇ ਸਮਾਗਮ 'ਚ ਸ਼ਾਮਲ ਹੋਣ ਲਈ ਸੋਲਨ ਨੂੰ ਜਾ ਰਿਹਾ ਸੀ।

ਸਵਾਲ : ਇਹ ਐਕਸੀਡੈਂਟ ਕਿਸ ਥਾਂ ਤੇ ਹੋਇਆ ?

ਜਵਾਬ : ਵਿੱਚੋਂ ਤਾਂ ਐਂ ਵੀ ਲੱਗਦੈ ਕਿ ਸੰਤ ਜੀ ਨੂੰ ਪਹਿਲਾਂ ਹੀ ਅਨੁਭਵ ਸੀ। ਓਦੋਂ ਸਾਰਾ ਜਥਾ ਮਲਸੀਹਾਂ ਦੇ ਵਿੱਚ ਸੀ ਸ੍ਰ. ਉੱਜਲ ਸਿੰਘ ਜੀ ਦੇ ਘਰੇ। ਸੰਤ ਜੀ ਨੇ ਸਾਡੇ ਸਾਮ੍ਹਣੇ ਬਾਬਾ ਠਾਕਰ ਸਿੰਘ ਜੀ ਨੂੰ ਬੁਲਾ ਕੇ ਬੇਨਤੀ ਕੀਤੀ ਕਿ ਤੁਸੀਂ ਮਹਿਤੇ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਸੰਭਾਲ਼ਣੀ ਆ। ਭਾਵੇਂ ਕਿ ਉਹਨਾਂ ਨੇ ਇਹ ਵੀ ਕਿਹਾ ਕਿ ਸਰਕਾਰ ਨੇ ਜਿਹੜੀ ਐਮਰਜੈਂਸੀ ਲਾਈ ਆ, ਇਹਦੇ ਵਿੱਚ ਇਹ ਮੈਨੂੰ ਗ੍ਰਿਫ਼ਤਾਰ ਕਰ ਸਕਦੀ ਐ, ਪਰ ਸਾਰੇ ਸਿੰਘ ਸੋਚਦੇ ਸੀ ਕਿ ਸੰਤਾਂ ਨੂੰ ਜਿਵੇਂ ਆਉਣ ਵਾਲ਼ੇ ਸਮੇਂ ਦਾ ਕੁਝ ਅਨੁਭਵ ਸੀ। ਭਾਈ ਦਲੀਪ ਸਿੰਘ ਰੋਡੇ ਜਥੇ ਦੀ ਜੀਪ ਚਲਾਉਂਦਾ ਸੀ, ਪਰ ਸਮਾਗਮ 'ਚ ਸ਼ਾਮਲ ਹੋਣ ਲਈ ਸਿੰਧੀਆਂ ਦੇ ਮੁਖੀ ਚੇਲਾ ਰਾਮ ਨੇ ਅੰਬੈਸਡਰ ਗੱਡੀ ਭੇਜੀ ਸੀ ਕਿ ਸੰਤ ਜੀ ਤੁਸੀਂ ਇਸ ਗੱਡੀ 'ਚ ਬਹਿ ਕੇ ਆਉਣੈ। ਸੰਤ ਉਸ ਦਿਨ ਤੁਰਨ ਲੱਗੇ ਕੱਲ੍ਹੇ-ਕੱਲ੍ਹੇ ਸਿੰਘ ਨੂੰ ਮਿਲ਼ੇ ਆ ਤੇ ਇਹ ਤੁਕ ਵੀ ਗੁਰਬਾਣੀ ਦੀ ਬੋਲੀ ਆ:

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥



ਭਾਈ ਗੁਰਮੁਖ ਸਿੰਘ ਗੜਵਈ



ਭਾਈ ਰਾਮ ਸਿੰਘ ਸੁਲਤਾਨਪੁਰ

ਭਾਈ ਰਛਪਾਲ ਸਿੰਘ ਪੀ.ਏ.

ਫੇਰ ਚੱਲ ਪਏ। ਸਭ ਤੋਂ ਅੱਗੇ ਅੰਬੈਸਡਰ ਕਾਰ ਸੀ ਜਿਹਦੇ 'ਚ ਸੰਤ ਆਪ ਡਰਾਈਵਰ ਦੇ ਨਾਲ਼ ਵਾਲ਼ੀ ਸੀਟ ਤੇ ਬੈਠੇ ਆ, ਤੇ ਪਿਛਲੀ ਸੀਟ ਤੇ ਤਿੰਨ ਸਿੰਘ ਨੇ ਭਾਈ ਗੁਰਮੁਖ ਸਿੰਘ ਗੜਵਈ, ਭਾਈ ਰਾਮ ਸਿੰਘ ਸੁਲਤਾਨਪੁਰ, ਤੇ ਭਾਈ ਰਛਪਾਲ ਸਿੰਘ (ਪੀ.ਏ)। ਇਸ ਗੱਡੀ ਦੇ ਪਿੱਛੇ ਜੀਪ ਸੀ ਤੇ ਜੀਪ ਦੇ ਪਿੱਛੇ ਮਿੰਨੀ ਬੱਸ। ਇਹ ਤਿੰਨ ਅਗਸਤ 1977 ਦੀ ਗੱਲ ਆ। ਮਾੜੀ ਮਾੜੀ ਕਿਣ-ਮਿਣ ਹੋ ਰਹੀ ਸੀ। ਫ਼ਿਲੌਰ ਦੇ ਕੋਲ਼ ਗੱਡੀ ਰੁਕਵਾ ਕੇ ਸੰਤ ਪਿਛਲੀ ਸੀਟ ਤੇ ਆ ਗਏ ਤੇ ਓਥੇ ਜਿਹੜਾ ਸਿੰਘ ਬੈਠਾ ਸੀ, ਉਹਨੂੰ ਮੂਹਰਲੀ ਸੀਟ ਤੇ ਭੇਜ ਦਿੱਤਾ। ਸਿੰਧੀਆਂ ਦਾ ਡਰਾਈਵਰ ਗੱਡੀ ਕਾਫ਼ੀ ਤੇਜ਼ ਚਲਾ ਰਿਹਾ ਸੀ। ਫ਼ਿਲੌਰ ਵਾਲ਼ਾ ਉੱਚਾ ਪੁਲ਼ ਲੰਘ ਗਏ ਤੇ ਫਿਰ ਲਾਡੋਵਾਲ ਦੇ ਕੋਲ਼ ਉਹਨੇ ਤੇਜ਼ ਜਾ ਰਹੀ ਗੱਡੀ ਦੀ ਇਕਦਮ ਬਰੇਕ ਮਾਰ ਦਿੱਤੀ। ਗੱਡੀ ਪੂਰੇ ਜ਼ੋਰ ਦੇ ਨਾਲ਼ ਸਲਿਪ ਹੋ ਕੇ ਘੁੰਮ ਗਈ। ਘੁੰਮਦੀ-ਘੁੰਮਦੀ ਗੱਡੀ ਸੜਕ ਤੋਂ ਲਹਿ ਗਈ ਤੇ ਤੂਤ ਦੇ ਰੁੱਖ 'ਚ ਉਹਦਾ ਪਿਛਲਾ ਪਾਸਾ ਜਿੱਥੇ ਸੰਤ ਜੀ ਬੈਠੇ ਸੀ, ਉਹ ਪੂਰੇ ਜ਼ੋਰ ਨਾਲ਼ ਵੱਜਾ। ਸੰਤ ਜੀ ਨੇ ਮੂੰਹ 'ਚੋਂ 'ਵਾਹਿਗੁਰੂ' ਸ਼ਬਦ ਹੀ ਉਚਾਰਿਆ ਐ। ਅਸੀਂ ਗੱਡੀਆਂ ਰੋਕ ਕੇ ਭੱਜ ਕੇ ਓਧਰ ਨੂੰ ਗਏ, ਵੇਖਿਆ ਕਿ ਸੰਤਾਂ ਦੇ ਸਿਰ ਦੇ ਪਿਛਲੇ ਹਿੱਸੇ 'ਚ ਬਹੁਤ ਸੱਟ ਲੱਗੀ ਆ ਤੇ ਪਸਲੀਆਂ ਦੇ ਵਿੱਚ ਵੀ ਸੱਟ ਆ। ਫਿਰ ਕਾਹਲ਼ੀ ਨਾਲ਼ ਸੰਤਾਂ ਨੂੰ ਲੁਧਿਆਣੇ ਹਸਪਤਾਲ ਲੈ ਗਏ।

ਸਵਾਲ : (ਸੰਤ) ਜਰਨੈਲ ਸਿੰਘ ਜੀ ਓਦੋਂ ਕਿੱਥੇ ਸਨ ?

ਜਵਾਬ : ਸੰਤ ਜਰਨੈਲ ਸਿੰਘ ਜੀ ਉਸ ਸਮੇਂ ਆਪਣੇ ਪਿੰਡ ਰੋਡੇ ਸੀਗੇ। ਦੱਸਦੇ ਨੇ ਕਿ ਉਹ ਓਦੋਂ ਖੇਤਾਂ 'ਚ ਹਲ ਵਾਹੁੰਦੇ ਪਏ ਸੀ, ਜਦੋਂ ਉਹਨਾਂ ਨੂੰ ਖ਼ਬਰ ਮਿਲ਼ੀ। ਉਸੇ ਵੇਲ਼ੇ ਹੀ ਓਥੋਂ ਚੱਲ ਪਏ। ਭਾਈ ਅਮਰੀਕ ਸਿੰਘ ਹੋਰੀਂ ਵੀ ਆਣ ਪਹੁੰਚੇ। ਭਾਈ ਤੇਜਵੰਤ ਸਿੰਘ ਨਾਰੰਗਵਾਲ ਦੀ ਕੋਠੀ ਸੀ ਰੇਲਵੇ ਸਟੇਸ਼ਨ ਦੇ ਕੋਲ, ਓਥੇ ਸ੍ਰੀ ਅਖੰਡ ਪਾਠ ਸਾਹਿਬ ਰੱਖ ਦਿੱਤਾ ਗਿਆ। ਹਸਪਤਾਲ ਵਿੱਚ ਸੰਤਾਂ ਨੂੰ ਡਾਕਟਰ ਕਹਿੰਦੇ ਕਿ ਕੰਨ ਦੇ ਕੋਲੋਂ ਵਾਲ਼ ਕੱਟਣੇ ਪੈਣੇ ਆ। ਸੰਤ ਕਹਿੰਦੇ:- "ਗਲ਼ ਕੱਟਿਆ ਜਾਊ, ਰੋਮ ਨ੍ਹੀਂ ਕਟਾਉਣੇ।" ਤੇ ਹਸਪਤਾਲ ਦੇ ਵਿੱਚ ਹੀ ਸੰਤ ਕਰਤਾਰ ਸਿੰਘ 16 ਅਗਸਤ 1977 ਨੂੰ ਅਕਾਲ ਚਲਾਣਾ ਕਰ ਗਏ।

ਸਵਾਲ : ਸੰਤ ਜਰਨੈਲ ਸਿੰਘ ਜੀ ਦੀ ਚੋਣ ਕਿਵੇਂ ਹੋਈ ?

ਜਵਾਬ : ਟਕਸਾਲ ਦਾ ਚੌਦ੍ਹਵਾਂ ਮੁਖੀ ਚੁਣਨ ਲਈ ਵਿਚਾਰ ਚੱਲੀ ਤਾਂ ਓਥੇ ਤਿੰਨ ਚਾਰ ਧੜੇ ਬਣ ਗਏ। ਦੌਧਰ ਪਿੰਡ ਤੋਂ ਇੱਕ ਜਥੇਦਾਰ ਜੀ ਸੀਗੇ, ਜਿਨ੍ਹਾਂ ਨੂੰ 'ਭਗਤ ਜੀ' ਕਹਿੰਦੇ ਸੀ, ਨਾਂ ਮੈਨੂੰ ਯਾਦ ਨਈਂ; ਉਹ ਸੰਤ ਬਾਬਾ ਗੁਰਬਚਨ ਸਿੰਘ ਹੋਰਾਂ ਦੇ ਨਾਲ਼ ਰਹੇ ਸੀ; ਕਈ ਸਿੰਘ ਉਹਨਾਂ ਨੂੰ ਮੁਖੀ ਬਣਾਉਣਾ ਚਾਹੁੰਦੇ ਸੀ। ਓਦੋਂ ਜਥੇਦਾਰ ਰਾਮ ਸਿੰਘ ਜੀ ਸੁਲਤਾਨਪੁਰ ਵਾਲ਼ੇ ਵੀ ਦੌਧਰ ਪਿੰਡ ਵਾਲ਼ਿਆਂ ਨੂੰ ਮੁਖੀ ਬਣਾਉਣਾ ਚਾਹੁੰਦੇ ਸੀ; ਬਾਬਾ ਪਰਮਜੀਤ ਸਿੰਘ ਮਾਹਿਲਪੁਰ ਵੀ ਦੌਧਰ ਵਾਲ਼ਿਆਂ ਦੇ ਹੱਕ 'ਚ ਸੀਗੇ। ਦੂਜੇ ਪਾਸੇ ਬਾਬਾ ਤਾਰਾ ਸਿੰਘ ਸਰਹਾਲੀ, ਬਾਬਾ ਦਇਆ ਸਿੰਘ ਜੀ ਤੇ ਬਾਬਾ ਉੱਤਮ ਸਿੰਘ ਜੀ, ਭਾਈ ਅਮਰੀਕ ਸਿੰਘ ਨੂੰ ਮੁਖੀ ਬਣਾਉਣ ਦੇ ਹੱਕ ਵਿੱਚ ਸੀਗੇ, ਜਦਕਿ ਬਾਬਾ ਠਾਕਰ ਸਿੰਘ ਜੀ ਤੇ ਜਥੇ ਦੇ ਹੋਰ ਕਈ ਸਿੰਘ ਸੰਤ ਜਰਨੈਲ ਸਿੰਘ ਨੂੰ ਦਸਤਾਰ ਦੇਣਾ ਚਾਹੁੰਦੇ ਸੀ। ਸੰਤ ਜਰਨੈਲ ਸਿੰਘ ਜੀ ਮੰਨਦੇ ਨਈਂ ਸੀ, ਜਦੋਂ ਬਾਬਾ ਠਾਕਰ ਸਿੰਘ ਹੋਰਾਂ ਨੇ

ਸੰਤ ਜਰਨੈਲ ਸਿੰਘ ਜੀ ਅਤੇ ਭਾਈ ਅਮਰੀਕ ਸਿੰਘ ਜੀ

ਬਹੁਤਾ ਜ਼ੋਰ ਪਾਇਆ ਤਾਂ ਸੰਤ ਜਰਨੈਲ ਸਿੰਘ ਕਹਿੰਦੇ ਕਿ ਜੇ ਭਾਈ ਅਮਰੀਕ ਸਿੰਘ ਸਹਿਮਤ ਹੋਵੇ ਤਾਂ ਹੀ ਮੈਂ ਇਹ ਸੇਵਾ ਸੰਭਾਲ਼ ਸਕਦੈਂ। ਫਿਰ ਬਾਬਾ ਠਾਕਰ ਸਿੰਘ ਜੀ ਨੇ ਭਾਈ ਅਮਰੀਕ ਸਿੰਘ ਜੀ ਨੂੰ ਓਥੇ ਸੱਦਿਆ। ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਜਿਹੜੀ ਦਰਸ਼ਨੀ ਡਿਓੜ੍ਹੀ ਐ, ਓਥੇ ਬੈਠੇ। ਓਥੇ ਫਿਰ ਸੰਤ ਜਰਨੈਲ ਸਿੰਘ ਜੀ ਦੇ ਨਾਂ ਦੀ ਸਹਿਮਤੀ ਹੋ ਗਈ। ਕੁਦਰਤੀ ਹੀ ਓਥੇ ਭਾਈ ਮਾਨ ਸਿੰਘ ਜੀ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸਿਰੋਪਾਓ ਲੈ ਕੇ ਆਏ ਸੀ, ਓਹੀ ਸਿਰੋਪਾਓ ਸੰਤ ਜਰਨੈਲ ਸਿੰਘ ਜੀ ਦੇ ਗਲ਼ 'ਚ ਪਾ ਦਿੱਤਾ ਗਿਆ।

ਸਵਾਲ : ਫਿਰ ਇਸ ਚੋਣ ਤੇ ਸਾਰੇ ਸਹਿਮਤ ਹੋ ਗਏ ?

ਜਵਾਬ : ਹਾਂ, ਜਿਹੜੇ ਨਹੀਂ ਹੋਏ ਸੀ, ਉਹ ਵੀ ਬਾਅਦ 'ਚ ਹੌਲੀ-ਹੌਲੀ ਸਹਿਮਤ ਹੋ ਗਏ। ਓਦੋਂ ਟਕਸਾਲ ਦਾ ਸਿੰਘ ਭਾਈ ਹਰਚਰਨ ਸਿੰਘ ਮੁਕਤਾ ਵੀ ਸ਼ੰਕਾ ਜਿਹਾ ਕਰੇ। ਉਹਨੇ ਕਈ ਸਿੰਘਾਂ ਨਾਲ਼ ਗੱਲ ਕਰ ਕੇ ਪੁੱਛਿਆ ਕਿ 'ਤੁਹਾਨੂੰ ਕੀ ਲੱਗਦੈ ਕਿ ਚੋਣ ਸਹੀ ਹੋਈ ਆ ?' ਫਿਰ ਆਪ ਹੀ ਉਹ ਆਪਣੇ ਮਨ ਦਾ ਸ਼ੰਕਾ ਨਵਿਰਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਦਾ ਮੁੱਖ ਵਾਕ ਲੈਣ ਚਲਾ ਗਿਆ। ਅੰਦਰ ਓਦੋਂ ਅਖੰਡ ਪਾਠ ਸਾਹਿਬ ਚੱਲ ਰਿਹਾ ਸੀ। ਉਹ ਮੱਥਾ ਟੇਕ ਕੇ ਜਦੋਂ ਅੱਗੇ ਹੋਇਆ ਤਾਂ ਤੁਕ ਆਈ:-

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥

ਤੇ ਭਾਈ ਹਰਚਰਨ ਸਿੰਘ ਮੁਕਤਾ 'ਵਾਹਿਗੁਰੂ-ਵਾਹਿਗੁਰੂ' ਕਰਦੇ ਬਾਹਰ ਆ ਗਏ। ਬਾਹਰ ਆ ਕੇ ਸਾਰੇ ਸਿੰਘਾਂ ਨੂੰ ਕਹਿੰਦੇ:- "ਕੋਈ ਵੀ ਸਿੰਘ ਸੰਸਾ ਨਾ ਕਰਿਓ, ਚੋਣ ਬਿਲਕੁਲ ਠੀਕ ਹੋਈ ਆ, ਪਾਤਸ਼ਾਹ ਨੇ ਹੁਕਮ ਬਖ਼ਸ਼ਿਸ਼ ਕਰ ਕੇ ਸ਼ੰਕਾ ਨਵਿਰਤ ਕੀਤਾ ਐ।"

ਸਵਾਲ : ਫਿਰ ਸੰਨ 1978 ਦੇ ਸਾਕੇ ਦੇ ਹਾਲਾਤ ਵੀ ਤੁਸੀਂ ਵੇਖੇ ?

ਜਵਾਬ : ਹਾਂ, ਜਦੋਂ ਨਰਕਧਾਰੀਆਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ 'ਚ ਆ ਕੇ ਜਲੂਸ ਕੱਢਿਆ ਤੇ ਫਿਰ ਆਪਣਾ ਪ੍ਰੋਗਰਾਮ ਬੀ ਬਲਾਕ 'ਚ ਰੱਖ ਲਿਆ, ਓਦੋਂ ਸੰਤਾਂ ਨੇ ਮੰਜੀ ਸਾਹਿਬ ਸਟੇਜ ਤੇ ਆ ਕੇ ਇਹ ਪ੍ਰੋਗਰਾਮ ਬੰਦ ਕਰਵਾਉਣ ਲਈ ਸਰਕਾਰ ਨੂੰ ਕਿਹਾ। ਸਰਕਾਰ ਵੱਲੋਂ ਓਥੇ ਜੀਵਨ ਸਿਹੁੰ ਉਮਰਾਨੰਗਲ ਬੈਠਾ ਸੀ। ਉਹ ਕਹਿੰਦਾ, 'ਸਰਕਾਰ

ਇਹ ਪ੍ਰੋਗਰਾਮ ਬੰਦ ਨ੍ਹੀਂ ਕਰਵਾ ਸਕਦੀ।' ਸੰਤ ਓਥੋਂ ਉੱਠ ਕੇ ਆ ਗਏ। ਪਿੱਛੋਂ ਉਮਰਾਨੰਗਲ ਕਹਿੰਦਾ, ਅਖੇ, 'ਸਾਧ ਸੰਗਤ ਜੀ, ਉਹ (ਨਰਕਧਾਰੀ) ਵੀ ਸੰਤ ਨੇ ਤੇ ਇਹ (ਸੰਤ ਭਿੰਡਰਾਂਵਾਲ਼ੇ) ਵੀ ਸੰਤ ਨੇ, ਇਹ ਬੱਸ ਈਰਖਾ ਦਾ ਮਸਲਾ ਐ, ਤੁਸੀਂ ਬੈਠੇ ਰਹੋ।' ਦੂਜੇ ਪਾਸੇ ਸੰਤ ਜੀ ਗੁਰੂ ਰਾਮਦਾਸ ਸਰਾਂਅ 'ਚ ਆ ਗਏ। ਏਥੇ ਭਾਈ ਅਮਰੀਕ ਸਿੰਘ ਤੇ ਭਾਈ ਰਛਪਾਲ ਸਿੰਘ ਹੋਰਾਂ ਦੇ ਨਾਲ਼ ਸਲਾਹ ਕੀਤੀ ਕਿ ਆਪਾਂ ਪ੍ਰੋਟੈਸਟ ਕਰੀਏ। ਸਿੰਘਾਂ ਨੇ ਸਲਾਹ ਕੀਤੀ ਕਿ ਇਸ ਲਈ ਅਖੰਡ ਕੀਰਤਨੀ ਜਥੇ ਨੂੰ ਵੀ ਸੁਨੇਹਾ ਭੇਜ ਦਿੱਤਾ ਜਾਵੇ। ਅਖੰਡ ਕੀਰਤਨੀ ਜਥੇ ਦਾ ਸਮਾਗਮ ਅਜੀਤ ਨਗਰ 'ਚ ਹੋ ਰਿਹਾ ਸੀ, ਓਥੇ ਸੁਨੇਹਾ ਭੇਜ ਦਿੱਤਾ, ਓਥੋਂ ਵੀ ਸਿੰਘ 'ਕੱਠੇ ਹੋ ਕੇ ਆ ਗਏ। ਸੰਤ ਜੀ ਖ਼ੁਦ ਅੱਗੇ ਲੱਗ ਕੇ ਜਾਣ ਲਈ ਤਿਆਰ ਹੋਏ, ਪਰ ਕਈ ਸਿੰਘਾਂ ਨੇ ਰੋਕ ਦਿੱਤਾ। ਅਖ਼ੀਰ ਅਖੰਡ ਕੀਰਤਨੀ ਜਥੇ ਦੇ ਭਾਈ ਫ਼ੌਜਾ ਸਿੰਘ ਜੀ ਤੇ ਦਮਦਮੀ ਟਕਸਾਲ ਵੱਲੋਂ ਭਾਈ ਰਣਬੀਰ ਸਿੰਘ ਫ਼ੌਜੀ ਦੀ ਅਗਵਾਈ 'ਚ ਸੰਗਤ ਤੁਰੀ। ਮੈਂ ਵੀ ਨਾਲ਼ ਸੀ। ਸੰਗਤ ਦੇ ਵਿੱਚ ਬੀਬੀਆਂ ਬੱਚੇ ਵੀ ਬਹੁਤ ਸੀ। ਕਈ ਤਾਂ ਨੰਗੇ ਪੈਰੀਂ ਹੀ ਤੁਰ ਪਏ, ਸਾਰੇ ਸ਼ਾਂਤਮਈ ਤਰੀਕੇ ਦੇ ਨਾਲ਼ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਤੁਰੇ ਜਾਂਦੇ ਸੀ। ਉੱਚੇ ਪੁਲ ਦੇ ਅੱਗੇ ਇੱਕ ਪਾਸੇ ਕੰਡਿਆਲ਼ੀ ਤਾਰ ਲਾਈ ਹੋਈ ਸੀ, ਤੇ ਦੂਜੇ ਪਾਸੇ ਟਰੱਕਾਂ ਦੀ ਲਾਈਨ ਲਾ ਕੇ ਰਾਹ ਰੋਕਿਆ ਹੋਇਆ ਸੀ। ਇਹ ਬਾਅਦ 'ਚ ਸਮਝ ਆਈ ਕਿ ਉਹਨਾਂ ਨੇ ਪ੍ਰਬੰਧ ਐਸ ਤਰ੍ਹਾਂ ਦਾ ਪਹਿਲਾਂ ਹੀ ਕੀਤਾ ਹੋਇਆ ਸੀ ਕਿ ਸੰਗਤ 'ਚੋਂ ਕੋਈ ਭੱਜ ਕੇ ਬਚ ਨਾ ਸਕੇ; ਇਸ ਲਈ ਇਹ ਸਾਰਾ ਕੁਝ ਪ੍ਰੀ-ਪਲੈਨ ਸੀ। ਇੱਥੇ ਅੱਗੇ ਸੰਗਤ ਨੂੰ ਡੀ.ਐਸ.ਪੀ ਜੋਸ਼ੀ ਨੇ ਰੋਕ ਲਿਆ; ਉਹ ਕਹਿੰਦਾ:- 'ਅੱਗੇ ਨ੍ਹੀਂ ਜਾਣਾ, ਏਥੇ ਹੀ ਦੱਸੋ ਜੋ ਮੰਗ ਆ।' ਸੰਗਤਾਂ ਨੇ ਕਿਹਾ ਕਿ ਸਟੇਜ ਤੇ ਹੁੰਦਾ ਕੂੜ ਪ੍ਰਚਾਰ ਬੰਦ ਕਰਵਾਓ। ਜੋਸ਼ੀ ਕਹਿੰਦਾ:- 'ਮੈਂ ਬੰਦ ਕਰਵਾ ਦਿੰਨੈਂ, ਤੁਸੀਂ ਏਥੇ ਹੀ ਰੁਕੋ।' ਪੁਲਿਸ ਨੇ ਫਟਾਫਟ ਅੱਗੇ ਬੈਰੀਅਰ ਲਾ ਕੇ ਅੱਗੇ ਜਾਣ ਦਾ ਰਾਹ ਵੀ ਬੰਦ ਕਰ ਦਿੱਤਾ। ਜੋਸ਼ੀ ਨੇ ਇੱਕ ਵਾਰ ਜਾ ਕੇ ਸਪੀਕਰ ਬੰਦ ਕਰਵਾ ਦਿੱਤੇ, ਪਰ ਫੇਰ ਪਤਾ ਨ੍ਹੀਂ ਪਿੱਛੋਂ ਕੀਹਦੀਆਂ ਹਦਾਇਤਾਂ ਆਈਆਂ, ਡੇਢ ਦੋ ਮਿੰਟ ਬਾਅਦ ਹੀ ਫਿਰ ਸਪੀਕਰ ਚਾਲੂ ਹੋ ਗਏ। ਹੁਣ ਸਿੱਖ ਸੰਗਤਾਂ ਦਾ ਅੱਗੇ ਜਾਣ ਦਾ ਰਾਹ ਬੰਦ ਸੀ, ਅਜੇ ਸਲਾਹ ਕਰ ਹੀ ਰਹੇ ਸੀ ਕਿ ਕੀ ਕਰੀਏ, ਐਨ ਉਸੇ ਵੇਲ਼ੇ ਹੀ ਸਿੱਖ ਸੰਗਤਾਂ ਤੇ ਗੋਲ਼ੀ ਚੱਲਣ ਲੱਗ ਪਈ। ਜਿਹੜੀ ਨਰਕਧਾਰੀਆਂ ਦੀ ਗੁੰਡਾ ਬ੍ਰਿਗੇਡ ਸੀ, ਉਹ ਸਿੱਖਾਂ ਤੇ ਗੋਲ਼ੀ ਚਲਾਉਣ ਦੇ ਨਾਲ਼-ਨਾਲ਼ ਤੇਜ਼ਾਬ ਦੀਆਂ ਬੋਤਲਾਂ ਵੀ ਸੁੱਟ ਰਹੀ ਸੀ ਤੇ ਤੀਰ ਵੀ ਚਲਾ ਰਹੀ ਸੀ। ਪੁਲਿਸ ਵੀ ਉਹਨਾਂ ਦੇ ਨਾਲ਼ ਸੀ, ਇੱਥੇ ਫਿਰ 13 ਸਿੰਘ ਸ਼ਹੀਦ ਹੋਏ ਤੇ 78 ਸਿੰਘ ਜ਼ਖ਼ਮੀ ਹੋਏ। ਸੰਤ ਕਰਤਾਰ ਸਿੰਘ ਜੀ

ਦੇ ਭਰਾਤਾ ਬਾਪੂ ਹਰਨਾਮ ਸਿੰਘ ਜੀ ਵੀ ਜ਼ਖ਼ਮੀ ਹੋਏ, ਉਹਨਾਂ ਬਾਰੇ ਤਾਂ ਪਹਿਲਾਂ ਇਹੀ ਸਮਝਿਆ ਗਿਆ ਕਿ ਉਹ ਸ਼ਹੀਦ ਹੋ ਗਏ ਨੇ, ਪਰ ਜਦੋਂ ਉਹਨਾਂ ਦੇ ਜਿਊਂਦੇ ਹੋਣ ਦਾ ਪਤਾ ਲੱਗਾ ਤਾਂ ਫਿਰ ਉਹਨਾਂ ਨੂੰ ਲਾਸ਼ਾਂ 'ਚੋਂ ਅਲਹਿਦਾ ਕਰ ਕੇ ਜ਼ਖ਼ਮੀਆਂ ਦੇ ਨਾਲ਼ ਹਸਪਤਾਲ ਭੇਜਿਆ ਗਿਆ।

ਸਵਾਲ : ਸਾਕੇ ਤੋਂ ਬਾਅਦ ਪੰਥਕ ਪ੍ਰਤੀਕਰਮ ਵੀ ਤੁਸੀਂ ਨੇੜੇ ਤੋਂ ਵੇਖਿਆ ਹੋਵੇਗਾ ?

ਜਵਾਬ : ਪੂਰੀ ਕੌਮ ਦੇ ਅੰਦਰ ਬੜਾ ਤਿੱਖਾ ਪ੍ਰੋਟੈਸਟ ਹੋਇਆ। ਥਾਂ-ਥਾਂ ਤੋਂ ਸੰਗਤਾਂ ਇਕੱਠੀਆਂ ਹੋ ਗਈਆਂ। ਅੰਮ੍ਰਿਤਸਰ 'ਚ ਬੜਾ ਭਾਰੀ ਇਕੱਠ ਹੋਇਆ। ਸ਼ਹੀਦ ਸਿੰਘਾਂ ਦੇ ਸਸਕਾਰ ਲਈ ਉਹਨਾਂ ਦੀਆਂ ਦੇਹਾਂ ਪਹਿਲਾਂ ਗੁਰਦੁਆਰਾ ਬਿਬੇਕਸਰ ਸਾਹਿਬ 'ਚ ਲੈ ਕੇ ਗਏ। ਜਦੋਂ ਪੰਥਕ ਕਾਫ਼ਲਾ ਸੁਲਤਾਨਵਿੰਡ ਗੇਟ ਤੇ ਪਹੁੰਚਿਆ, ਤਾਂ ਓਦੋਂ ਇੱਕ ਵਾਰ ਫੇਰ ਸਿੱਖ ਸੰਗਤਾਂ ਤੇ ਗੋਲ਼ੀ ਚੱਲੀ ਆ, ਜੀਹਦੇ 'ਚ ਇੱਕ ਸਿੰਘ ਸ਼ਹੀਦ ਹੋਇਆ, ਉਹਦਾ ਸਰੀਰ ਵੀ ਸਿੰਘ ਅੰਦਰ ਲੈ ਗਏ। ਹਾਂ, ਜਦੋਂ ਸ਼ਹੀਦ ਸਿੰਘਾਂ ਦੇ ਸਰੀਰ ਸੰਗਤਾਂ ਦੇ ਦਰਸ਼ਨ ਲਈ ਗੁਰੂ ਰਾਮਦਾਸ ਸਰਾਂਅ 'ਚ ਰੱਖੇ ਗਏ, ਤਾਂ ਓਦੋਂ ਕਈ ਸਿੰਘਾਂ ਨੇ ਪ੍ਰਣ ਕੀਤੇ ਕਿ ਅਸੀਂ ਬਦਲਾ ਲਵਾਂਗੇ, ਜਿਹੜੀ ਭਾਜੀ ਕੌਮ ਦੇ ਸਿਰ ਤੇ ਚਾੜ੍ਹੀ ਗਈ ਐ, ਉਹ ਮੋੜੀ ਜਾਵੇਗੀ।

ਸਵਾਲ : ਹੋਰ ਕਿਹੜੀ ਮੁੱਖ ਘਟਨਾ ਤੁਸੀਂ ਨੇੜਿਓਂ ਵੇਖੀ ?

ਜਵਾਬ : ਚੰਦੋ ਕਲਾਂ 'ਚ ਜਦੋਂ ਸੰਤਾਂ ਦਾ ਜਥਾ ਰੁਕਿਆ ਹੋਇਆ ਸੀ, ਮੈਂ ਵੀ ਓਦੋਂ ਨਾਲ਼ ਹੀ ਸੀ। ਰਤੀਆ ਬੋਲਾ ਪਿੰਡ 'ਚ ਕਥਾ ਕੀਰਤਨ ਕਰ ਕੇ ਚੰਦੋ ਕਲਾਂ 'ਚ ਆ ਕੇ ਰੁਕੇ ਸੀ। ਮੇਰੇ ਸਾਮ੍ਹਣੇ ਇੱਕ ਕਿਰਤੀ ਸਿੰਘ ਆਇਆ, ਕੱਪੜੇ ਉਹਦੇ ਗਾਰੇ ਨਾਲ਼ ਲਿੱਬੜੇ ਹੋਏ ਸੀ। ਅਸੀਂ ਟੋਭੇ ਦੇ ਕੋਲ਼ ਪਿੱਪਲ ਹੇਠਾਂ ਬੈਠੇ ਗੱਲਾਂ ਕਰ ਰਹੇ ਸੀ। ਸੰਤ ਜੀ ਦਾ ਉੱਪਰ ਚੁਬਾਰੇ 'ਚ ਆਸਣ ਸੀ। ਉਹ ਸਿੰਘ ਸਾਡੇ ਕੋਲ਼ ਆਇਆ, ਕਹਿੰਦਾ:- "ਮੈਂ ਸੰਤਾਂ ਨੂੰ ਮਿਲ਼ਣੈ।" ਉਸ ਨੂੰ ਪਰੇਸ਼ਾਨ ਵੇਖ ਕੇ ਅਸੀਂ ਉਹਨੂੰ ਸੰਤਾਂ ਦੇ ਕੋਲ਼ ਲੈ ਗਏ। ਉਸ ਨੇ ਕਿਹਾ:- "ਸੰਤ ਜੀ ! ਨਾਲ਼ ਦੇ ਪਿੰਡ 'ਚ ਪੁਲਿਸ ਬਹੁਤ ਆਈ ਐ, ਉਹ ਤੁਹਾਨੂੰ ਲੱਭ ਰਹੀ ਐ। ਉਹ ਐਥੇ ਵੀ ਆ ਜਾਣਗੇ।" ਇਹ ਸੁਣ ਕੇ ਸੰਤ ਕਹਿੰਦੇ:- "ਸਿੰਘਾ, ਤੇਰਾ ਧੰਨਵਾਦ ਕਿ ਤੂੰ ਦੱਸਣ ਆਇਐਂ।" ਫਿਰ ਸੰਤਾਂ ਨੇ ਸਾਰੇ ਸਿੰਘਾਂ ਨੂੰ 'ਕੱਠੇ ਕੀਤਾ ਤੇ ਕਹਿਣ ਲੱਗੇ, "ਸਿੰਘੋ, ਸਮਾਂ ਆ ਗਿਐ, ਦੋ-ਦੋ ਹੱਥ ਕਰ ਹੀ ਲਈਏ।" ਪਰ ਬਾਬਾ ਠਾਕਰ ਸਿੰਘ ਜੀ ਵੀ ਨਾਲ਼ ਹੀ ਸੀਗੇ। ਉਹ ਕਹਿੰਦੇ:- "ਜਰਨੈਲ ਸਿੰਹਾਂ, ਤੁਸੀਂ ਮਹਿਤੇ ਚਲੇ ਜਾਓ।" ਸੰਤ ਜੀ ਬਾਬਾ ਠਾਕਰ ਸਿੰਘ ਦਾ ਬਹੁਤ ਸਤਿਕਾਰ ਕਰਦੇ ਸੀ। ਉਹਨਾਂ ਨੇ 'ਸਤਿਬਚਨ' ਕਹਿ ਕੇ ਉਸੇ ਵੇਲ਼ੇ ਹੀ ਡਰਾਈਵਰ ਭਾਈ ਦਾਰਾ ਸਿੰਘ ਨੂੰ ਕਿਹਾ:- "ਦਾਰਾ ਸਿੰਘ !"

ਉਹ ਕਹਿੰਦਾ:- "ਹਾਂ ਜੀ ?"

ਸੰਤ ਕਹਿੰਦੇ:- "ਚੱਕ ਦੇ ਫੇਰ, ਟਰੱਕ ਦਾ ਗਵਰਨਰ



ਭਾਈ ਦਾਰਾ ਸਿੰਘ

ਖੋਲ੍ਹ ਦੇ।" ਅਸੀਂ ਸਾਰੇ ਪਿੱਛੇ ਟਰੱਕ 'ਚ ਬਹਿ ਗਏ। ਰਾਤ ਦਾ ਟਾਈਮ ਸੀ, ਅਸੀਂ 40 ਕੁ ਸਿੰਘ ਸੀ। ਸੰਤ ਅੱਗੇ ਕਾਰ ਵਿੱਚ ਤੇ ਅਸੀਂ ਸਾਰੇ ਪਿੱਛੇ ਟਰੱਕ ਵਿੱਚ। ਰਤੀਏ ਤੋਂ ਇੱਕ ਟੀ-ਪੁਆਇੰਟ ਆਉਂਦੈ, ਓਥੋਂ ਅਸੀਂ ਸੱਜੇ ਮੁੜੇ, ਤਾਂ ਅਸੀਂ ਖੱਬੇ ਪਾਸਿਓਂ ਆਉਂਦੀ ਪੁਲਿਸ ਦੀਆਂ ਗੱਡੀਆਂ ਚੰਦੋ ਕਲਾਂ ਵੱਲ ਨੂੰ ਮੁੜਦੀਆਂ ਵੇਖੀਆਂ। ਬਸ ਏਨਾ ਫ਼ਰਕ ਸੀ ਕਿ ਅਸੀਂ ਉਸ ਟੀ-ਪੁਆਇੰਟ ਤੋਂ ਸੱਜੇ ਮੁੜ ਗਏ ਤੇ ਉਹ ਖੱਬੇ ਪਾਸਿਓਂ ਉਧਰ ਨੂੰ ਮੁੜ ਗਏ, ਜਿੱਧਰੋਂ ਅਸੀਂ ਆ ਰਹੇ ਸੀ; ਹਨੇਰਾ ਸੀ ਤੇ ਗੱਡੀਆਂ ਦੀਆਂ ਲਾਈਟਾਂ ਜਗਦੀਆਂ ਸੀ, ਸਾਨੂੰ ਤਾਂ ਪਤਾ ਲੱਗ ਗਿਐ ਕਿ ਇਹ ਪੁਲਿਸ ਆ, ਪਰ ਉਹਨਾਂ ਨੂੰ ਨਈਂ ਸੀ ਪਤਾ ਕਿ ਇਹ ਕੋਲ਼ ਦੀ ਗੱਡੀਆਂ 'ਚ ਕੌਣ ਲੰਘ ਕੇ ਜਾ ਰਹੇ ਨੇ। ਸਾਨੂੰ ਪਿੱਛੇ ਬੈਠਿਆਂ ਨੂੰ ਇਹ ਨੀਂ ਪਤਾ ਕਿ ਕਿਹੜੇ ਰਾਹ ਵੱਲ ਦੀ ਆਏ। ਇੱਕ ਵਾਰ ਰਾਹ 'ਚ ਸ੍ਰ. ਤੇਜਵੰਤ ਸਿੰਘ ਗਰੇਵਾਲ ਦੇ ਘਰ ਰੁਕੇ; ਸੰਤਾਂ ਨੇ ਥੋੜ੍ਹਾ ਚਿਰ ਗੱਲਬਾਤ ਕੀਤੀ, ਤੇ ਫਿਰ ਤੁਰ ਪਏ। ਗੋਇੰਦਵਾਲ ਵੱਲ ਦੀ ਲੰਘੇ, ਉਧਰ ਖੱਡਾਂ ਕਾਫ਼ੀ ਸੀ ਰਸਤੇ 'ਚ, ਮੇਰੇ ਨਾਲ਼ ਸੱਜਣ ਸਿੰਘ ਨਾਂ ਦਾ ਸਿੰਘ ਬੈਠਾ ਸੀ, ਅਸੀਂ ਆਪੋ 'ਚ ਹੱਸੀਏ ਕਿ ਲੱਗਦੈ ਜੰਮੂ-ਕਸ਼ਮੀਰ ਵਾਲੇ ਪਾਸੇ ਆ ਗਏ ਆਂ। ਸਵੇਰੇ 4:15 ਵਜੇ ਤੜਕੇ ਅਸੀਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਪਹੁੰਚ ਗਏ। ਸਿੰਘਾਂ ਨੇ ਜੈਕਾਰੇ ਛੱਡੇ।

ਸਵਾਲ : ਇਸ ਘਟਨਾਕ੍ਰਮ ਤੋਂ ਬਾਅਦ ਸੰਤਾਂ ਨੇ 20 ਸਤੰਬਰ ਨੂੰ ਗ੍ਰਿਫ਼ਤਾਰੀ ਦਿੱਤੀ, ਇਹਦੇ ਬਾਰੇ ਤਾਂ ਕਾਫ਼ੀ ਸਿੰਘ ਦੱਸ ਚੁੱਕੇ ਨੇ, ਹੋਰ ਕੋਈ ਘਟਨਾ ਜੋ ਤੁਸਾਂ ਵੇਖੀ ਹੋਵੇ ?

ਜਵਾਬ : ਜਦੋਂ ਸੰਤਾਂ ਨੂੰ ਬੰਬੇ 'ਚ ਘੇਰਾ ਪਿਆ, ਓਦੋਂ ਵੀ ਮੈਂ ਨਾਲ਼ ਹੀ ਸੀ। ਇਹ 1982 ਦੀ ਗੱਲ ਆ। ਪੁਲਿਸ ਦੀ ਸਰਗਰਮੀ ਵੇਖ ਕੇ ਪਹਿਲਾਂ ਸੰਤਾਂ ਨੇ ਸਾਰੇ ਸਿੰਘਾਂ ਦੇ ਨਾਲ਼ ਸਲਾਹ ਕੀਤੀ ਕਿ ਕੀ ਕੀਤਾ ਜਾਵੇ। ਉਸ ਵੇਲ਼ੇ ਜਥੇਦਾਰ ਰਾਮ ਸਿੰਘ ਜੀ ਸੁਲਤਾਨਪੁਰ ਵਾਲੇ ਕਹਿੰਦੇ ਕਿ ਇੱਥੇ ਆਪਾਂ ਨੂੰ ਜਿਨ੍ਹਾਂ ਸਿੰਘਾਂ ਨੇ ਸੱਦਿਐ, ਉਹਨਾਂ ਨੇ ਸਾਰੇ ਪ੍ਰਬੰਧ ਲਈ ਲੱਖਾਂ ਰੁਪਏ ਖ਼ਰਚ ਕੀਤੇ ਆ, ਇਸ ਲਈ ਵਿੱਚੇ ਪ੍ਰੋਗਰਾਮ ਛੱਡ ਕੇ ਨੀਂ ਜਾਣਾ

ਚਾਹੀਦਾ। ਸੰਤ ਕਹਿੰਦੇ:- "ਜਿਵੇਂ ਸਿੰਘਾਂ ਦਾ ਹੁਕਮ।" ਪਰ ਤੀਜੇ ਦਿਨ ਜਦੋਂ ਪੁਲਿਸ ਨੇ ਸਿੱਧਾ ਹੀ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ, ਤਾਂ ਸਿੰਘਾਂ ਨੇ 'ਕੱਠੇ ਹੋ ਕੇ ਸੰਤਾਂ ਨੂੰ ਕਿਹਾ ਕਿ ਹੁਣ ਤੁਸੀਂ ਨਿਕਲ਼ ਜਾਓ। ਫਿਰ ਸੰਤ ਓਥੇ ਆਪਣੀ ਜਗ੍ਹਾ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਛੱਡ ਕੇ ਆਪ ਘੇਰੇ 'ਚੋਂ ਨਿਕਲ਼ ਗਏ। ਮੈਂ ਓਥੇ ਹੀ ਸਿੰਘਾਂ ਨਾਲ਼ ਰਿਹਾ। ਮੈਨੂੰ ਰਾਗੀ ਰਾਮ ਸਿੰਘ ਕਹਿੰਦਾ:- "ਚੱਲ ਹੇਠਾਂ ਫ਼ੋਨ ਸੁਣਨ ਚੱਲੀਏ।" ਪਤਾ ਨ੍ਹੀਂ ਸ਼ਾਇਦ ਉਹਦੀ ਸੰਤਾਂ ਨੇ ਡਿਊਟੀ ਲਾਈ ਸੀ। ਅਸੀਂ ਦਾਦਰ ਗੁਰਦੁਆਰੇ ਦੇ ਹੇਠਾਂ ਆਏ, ਓਥੇ ਪੁਲਿਸ ਦੀ ਇੱਕ ਗੱਡੀ ਖੜ੍ਹੀ ਸੀ, ਉਹਦੇ 'ਚ ਉਹ ਵਾਇਰਲੈਸ ਕਰ ਰਹੇ ਸੀ, ਮੈਂ ਆਪਣੇ ਕੰਨੀਂ ਸੁਣਿਆ, ਕੋਈ ਪੁੱਛ ਰਿਹਾ ਸੀ ਕਿ ਸੰਤ ਕਿੱਥੇ ਨੇ। ਉਹ ਦੱਸ ਰਹੇ ਸੀ ਕਿ ਸੰਤ ਉੱਪਰ ਨੇ। ਅੱਗੋਂ ਕੋਈ ਕਹਿ ਰਿਹੈ ਕਿ ਸੰਤ ਤਾਂ ਕੋਕਰੀ ਕਲਾਂ ਪਹੁੰਚ ਗਏ ਆ। ਫਿਰ ਮੈਨੂੰ ਭਾਈ ਰਾਮ ਸਿੰਘ ਨੇ ਦੱਸਿਆ ਕਿ ਸੰਤ ਤਾਂ ਅੰਮ੍ਰਿਤਸਰ ਪਹੁੰਚ ਗਏ ਆ। ਪੁਲਿਸ ਤੇ ਏਜੰਸੀਆਂ 'ਚ ਦੁਬਿਧਾ ਪੈ ਗਈ ਸੀ। ਫਿਰ ਜਦੋਂ ਪੁਲਿਸ ਨੇ ਗੁਰਦੁਆਰੇ ਦੀ ਤਲਾਸ਼ੀ ਲਈ, ਓਦੋਂ ਤਕ ਓਥੇ ਬੱਚੇ ਤੇ ਬਜ਼ੁਰਗ ਹੀ ਸੀਗੇ।

ਸਵਾਲ : ਹਕੂਮਤ ਦੇ ਜ਼ੁਲਮ ਵਿਰੁੱਧ ਸਿੰਘਾਂ ਦੇ ਸ਼ਸਤਰਧਾਰੀ ਹੋਣ ਤੇ ਦੁਸ਼ਟਾਂ ਨੂੰ ਸੋਧਣ ਦਾ ਸਾਰਾ ਦੌਰ ਤੁਸੀਂ ਵੇਖਿਆ ?

ਜਵਾਬ : ਹਾਂ, ਸਿੰਘ ਸਾਰੇ ਹੀ ਸ਼ਸਤਰਧਾਰੀ ਹੋ ਰਹੇ ਸੀ ਤੇ ਸਿਖਲਾਈ ਵੀ ਲੈ ਰਹੇ ਸੀ। ਸਾਨੂੰ ਸੰਤਾਂ ਨੇ ਗੁਰਬਾਣੀ ਕੀਰਤਨ ਵੱਲ ਹੀ ਧਿਆਨ ਲਾਉਣ ਲਈ ਕਿਹਾ ਸੀ। 29 ਮਾਰਚ 1982 ਨੂੰ ਮੇਰਾ ਅਨੰਦ ਕਾਰਜ ਹੋਇਆ, ਉਹਦੇ 'ਚ ਸਾਰੇ ਵਿਹਾਰ ਸੰਤਾਂ ਨੇ ਆਪਣੇ ਹੱਥੀਂ ਕੀਤੇ। ਸੰਤ ਲੌਂਗੋਵਾਲ਼ ਦੇ ਕਹਿਣ ਤੇ ਮੇਰੀ ਡਿਊਟੀ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ 'ਚ ਕੀਰਤਨ ਕਰਨ ਦੀ ਲੱਗ ਗਈ, ਫਿਰ ਭਾਈ ਮੁਸੀਬਤ ਸਿੰਘ ਸ਼ਹੀਦ ਦੇ ਭਰਾ ਸੁਰਿੰਦਰ ਸਿੰਘ (ਜੋਧਪੁਰੀ) ਨੇ ਸੰਤਾਂ ਨੂੰ ਕਿਹਾ ਕਿ ਮੈਨੂੰ ਸ੍ਰੀ ਹਰਿਮੰਦਰ ਸਾਹਿਬ 'ਚ ਡਿਊਟੀ ਦਿਵਾਓ। ਸੰਤ ਕਹਿੰਦੇ ਇਹ ਸ਼ਹੀਦ ਸਿੰਘ ਦਾ ਭਰਾ ਹੈ, ਸੰਤਾਂ ਨੇ ਸ੍ਰੀ

ਹਰਿਮੰਦਰ ਸਾਹਿਬ 'ਚ ਡਿਊਟੀ ਸੁਰਿੰਦਰ ਸਿੰਘ ਨੂੰ ਦਿਵਾ ਦਿੱਤੀ ਤੇ ਸਾਨੂੰ ਕਹਿੰਦੇ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੀਰਤਨ ਦੀ ਡਿਊਟੀ ਨਿਭਾਓ। ਅਸੀਂ ਤਿੰਨਾਂ ਸਿੰਘਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਅੰਮ੍ਰਿਤ ਵੇਲ਼ੇ ਤੇ ਸ਼ਾਮ ਦੇ ਟਾਈਮ ਕੀਰਤਨ ਦੀ ਡਿਊਟੀ ਨਿਭਾਉਣੀ ਸ਼ੁਰੂ ਕਰ ਦਿੱਤੀ।

ਸਵਾਲ :- 1984 ਦੇ ਜੂਨ ਮਹੀਨੇ ਤਕ ਤੁਸੀਂ ਸੰਤਾਂ ਦੇ ਨਾਲ਼ ਹੀ ਰਹੇ ?

ਜਵਾਬ : ਹਾਂ, ਅਸੀਂ ਅਖ਼ੀਰ ਤਕ ਸੰਤਾਂ ਦੇ ਨਾਲ਼ ਸੀ। ਮੇਰੀ ਰਿਹਾਇਸ਼ ਵੱਖਰੀ ਸੀ, ਮੇਰਾ ਪਰਿਵਾਰ ਵੀ ਨਾਲ਼ ਹੀ ਰਹਿੰਦਾ ਸੀ। 25 ਜਾਂ 26 ਮਈ ਦੀ ਗੱਲ ਆ, ਜਦੋਂ ਸੰਤਾਂ ਨੇ ਸਾਰੇ ਸਿੰਘਾਂ ਨੂੰ ਅਕਾਲ ਤਖ਼ਤ ਸਾਹਿਬ ਤੇ ਸੱਦਿਆ। ਸੰਤਾਂ ਦੇ ਚਿਹਰੇ ਤੇ ਗੰਭੀਰਤਾ ਵੀ ਸੀ ਤੇ ਜੋਸ਼ ਵੀ। ਸੰਤ ਕਹਿੰਦੇ, 'ਸਿੰਘੋ ਹਾਲਾਤ ਨਾਜ਼ਕ ਹੋ ਚੁੱਕੇ ਨੇ, ਜਿਹੜਾ ਸਿੰਘ ਜਾਣਾ ਚਾਹੁੰਦੈ, ਜਾ ਸਕਦੈ। ਜੇ ਕਿਤੇ ਅਕਾਲ ਪੁਰਖ ਨੇ ਸਮਾਂ ਬਖ਼ਸ਼ਿਸ਼ ਕੀਤਾ, ਤਾਂ ਫਿਰ ਮੈਂ ਰਾਜਨੀਤੀ ਦੀਆਂ ਗੱਲਾਂ ਵੀ ਕਰੂੰ, ਪਰ ਅੱਜ ਸਿਰਫ਼ ਸਾਮ੍ਹਣੇ ਤਿੰਨ ਗੱਲਾਂ ਨੇ:-

ਇੱਕ ਨੰਬਰ ਤੇ 'ਸ਼ਹੀਦੀ' ਐ, ਦੂਜੇ ਨੰਬਰ ਤੇ ਜੇਲ੍ਹ ਦੀਆਂ ਕਾਲ਼ ਕੋਠੜੀਆਂ ਨੇ, ਤੇ ਤੀਜੇ ਨੰਬਰ ਤੇ ਫਾਂਸੀ ਐ।

ਭਾਵ ਇਹ ਸੀ ਕਿ ਹਮਲਾ ਹੋਣਾ ਐ, ਇੱਥੇ ਗੋਲ਼ੀ ਲੱਗਣ ਤੇ ਸ਼ਹੀਦੀ ਹੋ ਸਕਦੀ ਐ, ਜੇ
ਫੜੇ ਗਏ ਤੇ ਜੇਲ੍ਹ ਦੀਆਂ ਕਾਲ਼ ਕੋਠੜੀਆਂ ਤੇ ਤੀਜੇ ਨੰਬਰ ਤੇ ਫਾਂਸੀ ਵੀ ਹੋ ਸਕਦੀ
ਐ। ਇਹ ਮਹਾਂਪੁਰਖਾਂ ਨੇ ਸਿੰਘਾਂ ਨਾਲ਼ ਕਰੜੇ ਸ਼ਬਦਾਂ 'ਚ ਗੱਲਾਂ ਕੀਤੀਆਂ ਨੇ। ਸਾਡੀ
ਡਿਊਟੀ ਸੀ, ਮੇਰੇ ਨਾਲ਼ ਭਾਈ ਗੁਰਸ਼ਰਨ ਸਿੰਘ ਉਰਫ਼ ਕਰਮ ਸਿੰਘ ਤੇ ਭਾਈ ਠਾਕਰ
ਸਿੰਘ ਜੀ, ਸਾਡੀ ਕੀਰਤਨ ਦੀ ਡਿਊਟੀ ਸੀ। ਓਦੋਂ ਮੇਰਾ ਭੁਜੰਗੀ 10-11 ਮਹੀਨਿਆਂ
ਦਾ ਸੀ। ਸੰਤਾਂ ਨੂੰ ਫ਼ੌਜੀ ਹਮਲੇ ਬਾਰੇ ਪਹਿਲਾਂ ਹੀ ਪਤਾ ਲੱਗ ਗਿਆ ਸੀ।

ਸਵਾਲ : ਫਿਰ ਜਦੋਂ ਹਮਲਾ ਹੋਇਆ, ਓਦੋਂ ਤੁਸੀਂ ਕਿਸ ਤਰ੍ਹਾਂ ਦੇ ਹਾਲਾਤ ਵੇਖੇ ?

ਜਵਾਬ : ਪਹਿਲੀ ਜੂਨ ਨੂੰ ਫਿਰ ਸੀ.ਆਰ.ਪੀ. ਨੇ ਗੋਲ਼ੀ ਚਲਾਈ, ਤੇ ਫਿਰ ਫ਼ੌਜ ਨੇ ਮੋਰਚੇ ਸੰਭਾਲ਼ ਲਏ। ਫਿਰ ਸੰਤਾਂ ਨੇ ਸਾਨੂੰ ਸਾਰੇ ਸਿੰਘਾਂ ਨੂੰ ਕਿਹਾ:- "ਤਿੰਨ ਜੂਨ ਨੂੰ ਤੁਸੀਂ ਸਿੰਘੋ 'ਕੱਠਿਆਂ ਰਹਿਣੈ ਤੇ ਪਰਕਰਮਾ 'ਚ ਆ ਜਾਣੈ ਸਾਰਿਆਂ ਨੇ, ਪਰਕਰਮਾ 'ਚ ਜਿਹੜੇ ਕਮਰੇ ਨੇ।" ਅਸੀਂ ਸਾਰੇ ਸਿੰਘ ਪਰਿਵਾਰਾਂ ਵਾਲ਼ੇ ਵੀ ਪਰਕਰਮਾ 'ਚ ਆ ਗਏ। ਸਿੰਘਣੀਆਂ ਵੀ ਪਰਕਰਮਾ 'ਚ ਆ ਗਈਆਂ, ਜਿਨ੍ਹਾਂ 'ਚ ਭਾਈ ਅਮਰੀਕ ਸਿੰਘ ਜੀ ਦੀ ਸਿੰਘਣੀ ਬੀਬੀ ਹਰਮੀਤ ਕੌਰ ਜੀ, ਭਾਈ ਦਿਆਲ ਸਿੰਘ ਦੀ ਸਿੰਘਣੀ, ਭਾਈ ਮੋਹਕਮ ਸਿੰਘ ਦੀ ਸਿੰਘਣੀ, ਭਾਈ ਸ਼ਾਮ ਸਿੰਘ ਦੀ ਸਿੰਘਣੀ, ਭਾਈ ਮਹਾਂ ਸਿੰਘ ਦੀ



ਘਲੂਘਾਰੇ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ

ਸਿੰਘਣੀ, ਦਾਸ ਦੀ ਸਿੰਘਣੀ, ਭਾਈ ਗੁਰਸ਼ਰਨ ਸਿੰਘ ਦੀ ਸਿੰਘਣੀ, ਇਹ ਸਾਰੀਆਂ ਬੀਬੀਆਂ ਇੱਕ ਥਾਂ ਇਕੱਠੀਆਂ ਹੋ ਗਈਆਂ। ਤੇ ਅਸੀਂ ਸਾਰੇ ਸਿੰਘ ਇਕੱਠੇ ਹੋ ਕੇ ਤਿੰਨ ਜੂਨ ਦੀ ਰਾਤ ਨੂੰ ਪਰਕਰਮਾ 'ਚ ਹੀ ਰਹੇ। ਪਰਕਰਮਾ 'ਚ ਅਜਾਇਬ ਘਰ ਵੱਲ ਨੂੰ ਜਾਂਦਿਆਂ 40 ਨੰਬਰ ਕਮਰਾ ਹੁੰਦਾ ਸੀ, ਓਥੇ ਭਾਈ ਦਲਬੀਰ ਸਿੰਘ ਅਭਿਆਸੀ ਹੁੰਦੇ ਸੀਗੇ, ਓਥੇ ਸਾਰੇ ਸਿੰਘ 'ਕੱਠੇ ਹੋ ਗਏ। ਸਾਡੇ ਕੀਰਤਨੀ ਜਥੇ 'ਚੋਂ ਭਾਈ ਠਾਕਰ ਸਿੰਘ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਰਹਿੰਦਾ ਸੀ, ਮੈਂ ਤੇ ਭਾਈ ਗੁਰਸ਼ਰਨ ਸਿੰਘ ਏਧਰ ਦੂਜੇ ਪਾਸੇ ਸੀਗੇ। ਅਸੀਂ ਸਾਰੀ ਰਾਤ ਪਰਕਰਮਾ 'ਚ ਪਹਿਰਾ ਦਿੰਦੇ ਰਹੇ, ਤੇ ਜਦੋਂ ਚਾਰ ਵੱਜ ਗਏ ਤੇ ਅਸੀਂ ਕਿਹਾ ਕਿ ਹੁਣ ਕੀਰਤਨ ਦੀ ਡਿਊਟੀ ਦਾ ਸਮਾਂ ਹੋ ਗਿਐ।

ਸਵਾਲ : ਕੀਰਤਨ ਕਿੰਨੇ ਵਜੇ ਸ਼ੁਰੂ ਕਰਦੇ ਸੀ ?

ਜਵਾਬ : ਚਾਰ ਵਜੇ ਅਸੀਂ ਤਿਆਰੀ ਕਰ ਕੇ ਪੌਣੇ ਪੰਜ ਵਜੇ ਕੀਰਤਨ ਅਰੰਭ ਕਰ ਦਿੰਦੇ ਸੀ, ਸ੍ਰੀ ਅਕਾਲ ਤਖ਼ਤ ਸਾਹਿਬ ਤੇ। ਅਸੀਂ ਕਿਹਾ ਕਿ ਹੁਣ ਕੀਰਤਨ ਦਾ ਟਾਈਮ ਹੋ ਗਿਐ, ਚਲੋ ਕੀਰਤਨ ਕਰੀਏ, ਜੋ ਗੁਰੂ ਮਹਾਰਾਜ ਦਾ ਹੁਕਮ ਹੋਊ, ਵੇਖੀ ਜਾਊ। ਮੈਂ ਤੇ ਗੁਰਸ਼ਰਨ ਸਿੰਘ ਸਰੋਵਰ ਤੇ ਇਸ਼ਨਾਨ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਚਲੇ ਗਏ। ਓਧਰੋਂ ਠਾਕਰ ਸਿੰਘ ਵੀ ਆ ਗਿਆ। ਗ਼ਰਮੀਆਂ 'ਚ ਕੀਰਤਨ ਬਾਹਰ ਤਖ਼ਤਪੋਸ਼ ਤੇ, ਜਿੱਥੇ ਢਾਡੀ ਵਾਰਾਂ ਗਾਉਂਦੇ ਨੇ, ਓਥੇ ਕਰਦੇ ਹੁੰਦੇ ਸੀ। ਜਨਰਲ ਸੁਬੇਗ ਸਿੰਘ ਜੀ ਹੋਰ ਤਿੰਨ ਚਾਰ ਸਿੰਘਾਂ ਦੇ ਨਾਲ਼ ਓਥੇ ਕੀਰਤਨ ਸੁਣਨ ਆ ਬੈਠੇ। ਜਨਰਲ ਸਾਬ੍ਹ ਦੇ ਹੱਥ 'ਚ ਗੰਨ ਫੜੀ ਹੋਈ ਸੀ। ਕੀਰਤਨ ਅਸੀਂ ਅਰੰਭ ਕਰ ਲਿਆ। ਪਹਿਲਾ ਛੱਕਾ ਅਜੇ ਲਾਇਆ ਹੀ ਸੀ, ਸਵੇਰ ਦੇ ਚਾਰ ਵੱਜ ਕੇ ਸ਼ਾਇਦ ਸੈਂਤੀ ਜਾਂ ਚਾਲ਼ੀ ਮਿੰਟ ਹੋਏ ਹੋਣਗੇ ਕਿ ਤੋਪ ਦਾ ਪਹਿਲਾ ਗੋਲ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕੋਲ਼ ਇੱਕ ਮੋਰਚਾ ਸੀ, ਓਥੇ ਆ ਕੇ ਵੱਜਾ। ਨਾਲ਼ ਈ ਦੂਜਾ ਬੰਬ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਵੱਜਿਆ। ਕੰਕਰਾਂ ਉੱਡ ਕੇ ਸਾਨੂੰ ਤੇ ਹੋਰ ਸਿੰਘਾਂ ਨੂੰ ਵੱਜੀਆਂ।

ਸਵਾਲ : ਇਸ ਪਿੱਛੋਂ ਸਿੰਘਾਂ ਦਾ ਪ੍ਰਤੀਕਰਮ ਕਿਸ ਤਰ੍ਹਾਂ ਦਾ ਸੀ ?

ਜਵਾਬ : ਇਸ ਦੇ ਨਾਲ਼ ਜਨਰਲ ਸੁਬੇਗ ਸਿੰਘ ਜੀ ਨੇ ਆਪਣੀ ਗੰਨ 'ਚੋਂ ਫ਼ਾਇਰ ਕੀਤਾ। ਇਹ ਸ਼ਾਇਦ ਕੋਈ 'ਕੋਡਵਰਡ' ਸੀ ਸਿੰਘਾਂ ਦੇ ਲਈ। ਇਸ ਦੇ ਨਾਲ਼ ਹੀ ਫਿਰ ਸਿੰਘਾਂ ਨੇ ਮੋਰਚੇ ਸੰਭਾਲ਼ ਕੇ ਜਵਾਬੀ ਫ਼ਾਇਰ ਖੋਲ੍ਹ ਦਿੱਤਾ। ਇਸ ਦੇ ਨਾਲ਼ ਹੀ ਸਾਨੂੰ ਕੀਰਤਨ ਬੰਦ ਕਰ ਕੇ ਅੰਦਰ ਜਾਣਾ ਪੈ ਗਿਆ।

ਸਵਾਲ : ਫਿਰ ਤੁਸੀਂ ਸੰਤਾਂ ਨੂੰ ਮਿਲੇ ?

ਜਵਾਬ : ਸੰਤ ਓਦੋਂ ਅਕਾਲ ਤਖ਼ਤ ਸਾਹਿਬ ਦੇ ਹੇਠਾਂ ਭੋਰੇ ਵਿੱਚ ਸੀਗੇ। ਉਹਨਾਂ ਨੂੰ ਸਿੰਘਾਂ ਨੇ ਜਾ ਜੇ ਕਿਹਾ ਕਿ ਸੰਤ ਜੀ ਅੱਜ ਕੀਰਤਨ ਨ੍ਹੀਂ ਹੋਇਆ। ਓਦੋਂ ਅੱਧਾ ਪੌਣਾ ਘੰਟਾ ਲੰਘ ਗਿਆ ਸੀ ਕੀਰਤਨ ਬੰਦ ਹੋਏ ਨੂੰ। ਸੰਤਾਂ ਨੇ ਓਥੇ ਭਾਈ ਠਾਕਰ ਸਿੰਘ ਜਿਹੜਾ ਨੇੜੇ ਹੀ ਸੀ, ਉਹਨੂੰ ਬੁਲਾਇਆ ਤੇ ਪੁੱਛਿਆ, "ਤੁਸੀਂ ਕੀਰਤਨ ਕਿਉਂ ਨ੍ਹੀਂ ਕਰ ਰਹੇ ?" ਉਹ ਕਹਿੰਦਾ:- "ਜੀ ਬਾਹਰ ਗੋਲ਼ੀ ਬਹੁਤ ਚੱਲ ਰਹੀ ਆ...।" ਸੰਤ ਕਹਿੰਦੇ:- "ਮੁਖੀ ਕਿੱਥੇ ਆ ?" ਉਹ ਕਹਿੰਦਾ, "ਜੀ ਏਥੇ ਹੀ ਉੱਪਰ ਆ।" ਸੰਤ ਕਹਿੰਦੇ:- "ਬੁਲਾਓ ਉਹਨੂੰ।" ਤੇ ਇਸ ਤਰ੍ਹਾਂ ਸੰਤਾਂ ਦੇ ਸੱਦਣ ਤੇ ਭਾਈ ਗੁਰਮੁਖ ਸਿੰਘ ਡਰਾਈਵਰ ਸੀ ਭੂਰੇ ਤੋਂ, ਉਹ ਮੈਨੂੰ ਸੱਦਣ ਆਇਆ। ਮੈਂ ਸੰਤਾਂ ਕੋਲ਼ ਗਿਆ। ਸੰਤ ਮੈਨੂੰ ਕਹਿੰਦੇ:- "ਭੁਜੰਗੀਆ, ਤੁਹਾਡਾ ਇਹ ਕੰਮ ਨ੍ਹੀਂ ਗਾ, ਜਿੰਨਾ ਚਿਰ ਸਰੀਰ 'ਚ ਪ੍ਰਾਣ ਨੇ, ਤੁਸੀਂ ਕੀਰਤਨ ਕਰਨੈ, ਮਰਯਾਦਾ ਨ੍ਹੀਂ ਛੱਡਣੀ, ਦੋਵੇਂ ਟਾਈਮ ਕੀਰਤਨ ਕਰਨੈ...।" ਮੈਂ ਕਿਹਾ:- "ਬਾਹਰ ਗੋਲ਼ੀ ਬਹੁਤ ਚੱਲ ਰਹੀ ਐ।" ਸੰਤ ਕਹਿੰਦੇ:- "ਅੰਦਰ ਲਾ ਲਓ ਬਹਿ ਕੇ 'ਆਸਾ ਦੀ ਵਾਰ'।" ਅਸੀਂ ਫਿਰ ਅੰਦਰ ਬਹਿ ਕੇ ਤਿੰਨਾਂ ਸਿੰਘਾਂ ਨੇ ਵਰ੍ਹਦੀ ਗੋਲ਼ੀ 'ਚ ਆਸਾ ਦੀ ਵਾਰ ਦਾ ਕੀਰਤਨ ਕੀਤਾ, ਸੰਪੂਰਨ ਆਸਾ ਦੀ ਵਾਰ ਦਾ। ਭਾਈ ਪ੍ਰੀਤਮ ਸਿੰਘ ਜੀ ਓਦੋਂ ਹੈੱਡ ਗਰੰਥੀ ਹੁੰਦੇ ਸੀ, ਭਾਈ ਭਗਵਾਨ ਸਿੰਘ ਸਹਾਇਕ ਗਰੰਥੀ ਹੁੰਦੇ ਸੀ। ਦੋ ਚਾਰ ਸਿੰਘ ਹੋਰ ਸੀ। ਅਸੀਂ ਕੀਰਤਨ ਕਰ ਕੇ, ਅਰਦਾਸ ਕਰ ਕੇ ਮਹਾਰਾਜ ਦੇ ਸੁਖਆਸਣ ਕਰ ਦਿੱਤੇ, ਉਸ ਵੇਲ਼ੇ ਬਾਹਰ ਪੂਰੇ ਜ਼ੋਰ ਦੇ ਨਾਲ਼ ਗੋਲ਼ੀ ਚੱਲ ਰਹੀ ਸੀ।

ਸਵਾਲ : ਫਿਰ ਚਾਰ ਜੂਨ ਦਾ ਸਾਰਾ ਦਿਨ ਕਿਵੇਂ ਲੰਘਿਆ ?

ਜਵਾਬ : ਮਰਯਾਦਾ ਨਿਭਾ ਕੇ ਅਸੀਂ ਸੰਤਾਂ ਦੇ ਕੋਲ਼ ਚਲੇ ਗਏ। ਸੰਤਾਂ ਕੋਲ਼ ਜਿਹੜਾ ਵੀ ਸਿੰਘ ਆਉਂਦਾ ਸੀ, ਸੰਤ ਉਹਨੂੰ ਕਹਿੰਦੇ, "ਸਿੰਘੋ ਆਪੋ-ਆਪਣੇ ਮੋਰਚੇ 'ਚ ਕਾਇਮ ਰਹੋ, ਚੜ੍ਹਦੀ ਕਲਾ 'ਚ ਉਹਨਾਂ (ਹਮਲਾਵਾਰਾਂ) ਨੂੰ ਜਵਾਬ ਦਿਓ ਤੇ ਗੋਲ਼ੀ ਓਦੋਂ ਹੀ ਚਲਾਉਣੀ ਆ, ਜਦੋਂ ਤੁਹਾਡੀ ਮਾਰ 'ਚ ਦੁਸ਼ਮਣ ਆਉਂਦੈ। ਗੋਲ਼ੀ ਸਿੱਕਾ ਅਜਾਈਂ ਹੀ

ਖ਼ਰਾਬ ਨ੍ਹੀਂ ਕਰਨਾ।" ਜਨਰਲ ਸੁਬੇਗ ਸਿੰਘ ਵੀ ਹਰੇਕ ਸਿੰਘ ਨੂੰ ਏਹੋ ਗੱਲ ਹੀ ਕਹਿੰਦੇ ਸੀ ਕਿ ਜਿੰਨਾ-ਜਿੰਨਾ ਕਿਸੇ ਨੂੰ ਅਸਲਾ ਚਾਹੀਦੈ ਲੈ ਜਾਓ, ਪਰ ਅਜਾਈਂ ਨ੍ਹੀਂ ਚਲਾਉਣਾ। ਅਸੀਂ ਸੰਤਾਂ ਦੇ ਕੋ਼ਲ ਹੀ ਰਹੇ।

ਸਵਾਲ : ਕਿਹੜੇ-ਕਿਹੜੇ ਸਿੰਘ ਦੀ ਡਿਊਟੀ ਓਥੇ ਕਿੱਥੇ-ਕਿੱਥੇ ਸੀ, ਇਹਦੇ ਬਾਰੇ ਤੁਹਾਨੂੰ ਪਤੈ?

ਜਵਾਬ : ਭਾਈ ਤਰਲੋਚਨ ਸਿੰਘ ਫ਼ੌਜੀ ਸੀਗਾ ਲੱਧੂਵਾ਼ਲਾ, ਓਹਦੀ ਡਿਊਟੀ ਵਾਇਰਲੈਸ ਤੇ ਲਾ'ਤੀ, ਵਾਕੀ ਟਾਕੀ ਤੇ। ਹੋਰ ਕਈ ਸਿੰਘ ਜਿਵੇਂ ਭਾਈ ਰਛਪਾਲ ਸਿੰਘ, ਭਾਈ ਦਾਰਾ ਸਿੰਘ, ਭਾਈ ਜੋਗਿੰਦਰ ਸਿੰਘ, ਭਾਈ ਦਲਬੀਰ ਸਿੰਘ ਅਭਿਆਸੀ, ਭਾਈ ਸਵਰਨ ਸਿੰਘ ਰੋਡੇ, ਭਾਈ ਦਿਆਲ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ, ਇਹਨਾਂ ਦੀ ਡਿਊਟੀ ਦੁਖਭੰਜਨੀ ਬੇਰੀ ਵੱਲ ਸੀ। ਭਾਈ ਅਭਿਆਸੀ ਹੋਰਾਂ ਦੀ ਡਿਊਟੀ ਰਾਮਗੜ੍ਹੀਆ ਬੁੰਗਿਆਂ 'ਚ ਸੀ। ਭਾਈ ਗੁਰਮੁਖ ਸਿੰਘ ਡਰਾਈਵਰ ਜਿਹੜਾ ਸੀ, ਇਹ ਸਾਰੇ ਹੀ ਮੋਰਚਿਆਂ 'ਚ ਆਉਂਦਾ ਜਾਂਦਾ ਸੀ। ਇਹ ਵਧੇਰੇ ਜਨਰਲ ਸੁਬੇਗ ਸਿੰਘ ਹੋਰਾਂ ਦੇ ਨਾ਼ਲ ਹੀ ਸਾਰੇ ਪਾਸੇ ਆ ਜਾ ਰਿਹਾ ਸੀ।


ਭਾਈ ਤਰਲੋਚਨ ਸਿੰਘ ਫ਼ੌਜੀ ਲੱਧੂਵਾ਼ਲਾ (ਸ਼ਹੀਦ)

ਸਵਾਲ : ਅਜਿਹੇ ਹਾਲਾਤ 'ਚ ਤੁਸੀਂ ਕੀਰਤਨ ਦੀ ਮਰਯਾਦਾ ਨਿਭਾਉਂਦੇ ਸੀ ?

ਜਵਾਬ : ਹਾਂ, ਅਸੀਂ 4 ਜੂਨ ਸ਼ਾਮ ਨੂੰ ਫੇਰ ਕੀਰਤਨ ਕੀਤਾ। ਗਿਆਨੀ ਪ੍ਰੀਤਮ ਸਿੰਘ ਜੀ ਨੇ ਰਹਰਾਸਿ ਦਾ ਪਾਠ ਕੀਤਾ। ਫਿਰ ਅਰਦਾਸ ਕਰ ਕੇ, ਸਾਰੀ ਮਰਯਾਦਾ ਨਿਭਾ ਕੇ ਅਸੀਂ ਫਿਰ ਸੰਤਾਂ ਦੇ ਕੋ਼ਲ ਚਲੇ ਗਏ। ਸੰਤਾਂ ਦਾ ਹੁਕਮ ਸੀ ਕਿ ਸਾਰੀ ਮਰਯਾਦਾ ਨਿਭਾ ਕੇ ਤੁਸੀਂ ਮੇਰੇ ਕੋ਼ਲ ਆ ਜਾਇਆ ਕਰਨੈ। 4 ਜੂਨ ਦੀ ਸਾਰੀ ਰਾਤ ਗੋ਼ਲੀ ਚੱਲਦੀ ਰਹੀ।

ਸਵਾਲ : ਫਿਰ ਪੰਜ ਜੂਨ ਨੂੰ ਸਵੇਰੇ ਕੀ ਹਾਲਾਤ ਸੀ ?

ਜਵਾਬ : 5 ਜੂਨ ਨੂੰ ਅੰਮ੍ਰਿਤ ਵੇ਼ਲੇ ਅਸੀਂ ਫੇਰ ਆਸਾ ਦੀ ਵਾਰ ਦਾ ਕੀਰਤਨ ਕੀਤਾ ਤੇ ਫੇਰ ਸਾਰੀ ਮਰਯਾਦਾ ਨਿਭਾ ਕੇ ਅਸੀਂ ਸੰਤਾਂ ਦੇ ਕੋ਼ਲ ਆ ਗਏ। ਇਹ ਸਾਰਾ ਦਿਨ ਵੀ ਪੂਰਾ ਗਹਿ-ਗੱਚਵਾਂ ਮੁਕਾਬਲਾ ਚੱਲਦਾ ਰਿਹਾ। ਅਸੀਂ ਅਕਾਲ ਤਖ਼ਤ ਸਾਹਿਬ ਤੋਂ ਵੇਖਿਆ, ਪਾਣੀ ਵਾ਼ਲੀ ਟੈਂਕੀ ਤੋੜ ਦਿੱਤੀ ਗਈ। ਬੁੰਗਿਆਂ ਤੇ ਗੋ਼ਲੇ ਮਾਰ-ਮਾਰ ਕੇ ਬੁੰਗੇ ਤਬਾਹ ਕਰ ਦਿੱਤੇ ਗਏ ਸੀ। ਗੁੰਬਦਾਂ ਤੇ ਤੋਪਾਂ ਦੇ ਗੋ਼ਲੇ ਮਾਰ ਰਹੇ ਸੀ।

ਸਵਾਲ : ਇਸ ਸਮੇਂ ਦੌਰਾਨ ਸੰਤਾਂ ਨਾ਼ਲ ਕਿਸ ਤਰ੍ਹਾਂ ਦੇ ਬਚਨ ਬਿਲਾਸ ਹੁੰਦੇ ਰਹੇ ?

ਜਵਾਬ : ਪੰਜ ਜੂਨ ਦੀ ਮਰਯਾਦਾ ਨਿਭਾਉਣ ਤੋਂ ਬਾਅਦ ਜਦੋਂ ਅਸੀਂ ਸੰਤਾਂ ਦੇ ਕੋ਼ਲ ਗਏ, ਉਸ ਤੋਂ ਕੁਝ ਚਿਰ ਬਾਅਦ ਸੰਤਾਂ ਨੇ ਸਿੰਘਾਂ ਨਾ਼ਲ ਵਿਚਾਰ-ਵਟਾਂਦਰਾ ਕੀਤਾ। ਓਦੋਂ ਸੰਤ ਜੀ ਨੇ ਮੇਰੇ ਸਾਮ੍ਹਣੇ ਭਾਈ ਤਰਲੋਚਨ ਸਿੰਘ ਲੱਧੂਵਾ਼ਲਾ ਨੂੰ ਜੀਹਦੀ ਡਿਊਟੀ ਵਾਇਰਲੈਸ ਤੇ ਸੀਗੀ, ਤੇ ਉਹ ਫ਼ੌਜ ਦੀ ਸਾਰੀ ਸਰਗ਼ਰਮੀ ਤੇ ਨਜ਼ਰ ਰੱਖ ਰਿਹਾ ਸੀ, ਉਸ ਨੂੰ

ਪੁੱਛਿਆ, ਕਹਿੰਦੇ:- "ਤਰਲੋਚਨ ਸਿੰਹਾਂ ਆਪਾਂ ਨੂੰ ਕਿੰਨਾ ਘੇਰਾ ਐ ?" ਅੱਗੋਂ ਤਰਲੋਚਨ ਸਿੰਘ ਕਹਿੰਦਾ:- "ਆਪਾਂ ਨੂੰ ਡੇਢ ਲੱਖ ਤੋਂ ਉੱਪਰ (ਫ਼ੌਜ ਦਾ) ਘੇਰਾ ਐ...।" ਕਹਿੰਦਾ, "ਫ਼ੌਜ ਬਬੀਨੇ ਤੋਂ ਵੀ ਆਈ ਐ।"



ਸਵਾਲ : ਫੇਰ ਸੰਤਾਂ ਨੇ ਕੀ ਕਿਹਾ ?

ਜਵਾਬ : ਸੰਤ ਕਹਿੰਦੇ:- 'ਤਰਲੋਚਨ ਸਿੰਹਾਂ, ਜੇ ਸਾਰਾ ਹਿੰਦੁਸਤਾਨ ਵੀ ਚੜ੍ਹ ਕੇ ਆ ਜਾਏ, ਆਪਾਂ ਨੂੰ ਫੜਨਾ ਚਾਹੇ ਤੇ ਫੜ ਨ੍ਹੀਂ ਸਕਦੇ, ਪਰ ਆਪਾਂ ਹੁਣ ਏਥੋਂ ਜਾਣਾ ਨਈਂ।' ਇਹ ਸੰਤਾਂ ਨੇ ਮੇਰੇ ਸਾਮ੍ਹਣੇ ਕਿਹਾ। ਉਸ ਤੋਂ ਬਾਅਦ ਇੱਕ ਸਿੰਘ, ਮੈਨੂੰ ਉਹਦਾ ਨਾਂ ਯਾਦ ਨਈਂ, ਚਿਹਰਾ ਯਾਦ ਆ, ਉਹ ਦੁੱਧ ਲੈ ਕੇ ਆਇਆ ਸੰਤਾਂ ਲਈ, ਓਦੋਂ ਢਾਈ ਤਿੰਨ ਵਜੇ (ਪੰਜ ਜੂਨ ਦੁਪਹਿਰੇ) ਦਾ ਟਾਈਮ ਸੀ। ਉਹ ਥੋੜ੍ਹਾ ਜਿਹਾ ਦੁੱਧ ਉਹਨੇ ਸੰਤਾਂ ਨੂੰ ਛਕਾਇਆ। ਭੁੱਜੇ ਛੋਲੇ ਸੀਗੇ ਸਾਰੇ ਸਿੰਘਾਂ ਕੋ਼ਲੇ, ਤੇ ਗੰਢੇ ਦਿੱਤੇ ਹੋਏ ਸੀ ਜਨਰਲ ਸੁਬੇਗ ਸਿੰਘ ਨੇ ਕਿ ਫ਼ੌਜ ਜ਼ਹਿਰੀਲੀ ਗੈਸ ਛੱਡ ਸਕਦੀ ਐ, ਜਦੋਂ ਮਹਿਸੂਸ ਹੋਵੇ ਅੱਖਾਂ ਨੂੰ ਤਾਂ ਗੰਢਾ ਥੋੜ੍ਹਾ ਮਸਲ ਕੇ ਉਹਨੂੰ ਅੱਖਾਂ ਤੇ ਮਲ ਲੈਣਾ ਐ। ਉਹਨੂੰ ਸੁੰਘ ਵੀ ਲੈਣਾ ਐ। ਜਦੋਂ ਫ਼ੌਜ ਨੇ ਜ਼ਹਿਰੀਲੀ ਗੈਸ ਛੱਡੀ ਤਾਂ ਇਹ ਤਰੀਕਾ ਵਰਤ ਕੇ ਸਿੰਘਾਂ ਨੇ ਜ਼ਹਿਰੀਲੀ ਗੈਸ ਤੋਂ ਆਪਣਾ ਬਚਾਅ ਕੀਤਾ।

ਸਵਾਲ : ਸੰਤਾਂ ਦੇ ਓਥੋਂ ਨਿਕ਼ਲ ਜਾਣ ਬਾਰੇ ਵੀ ਕੋਈ ਵਿਚਾਰ ਹੋਈ ?

ਜਵਾਬ : ਪੰਜ ਤਰੀਕ ਨੂੰ ਮੈਂ ਸੰਤਾਂ ਦੇ ਕੋ਼ਲ ਹੀ ਸੀਗਾ, ਸੰਤ ਲੰਮੇ ਪਏ ਸੀ ਤੇ ਮੈਂ ਸੇਵਾ ਕਰ ਰਿਹਾ ਸੀ, ਜਦੋਂ ਕੁਝ ਸਿੰਘਾਂ ਨੇ ਦੂਰ ਖ਼ਲੋ ਕੇ ਆਪੋ ਵਿੱਚ ਮਤਾ ਪਕਾਇਆ, ਜਿਨ੍ਹਾਂ ਵਿੱਚ ਭਾਈ ਅਮਰੀਕ ਸਿੰਘ, ਭਾਈ ਤਰਲੋਚਨ ਸਿੰਘ, ਭਾਈ ਦਾਰਾ ਸਿੰਘ, ਭਾਈ ਗੁਰਮੁਖ ਸਿੰਘ ਗੜਵਈ ਤੇ ਭਾਈ ਸੁਜਾਨ ਸਿੰਘ ਮਨਾਵਾਂ ਸੀਗੇ, ਇਹਨਾਂ ਨੇ ਪਤਾ ਨਈਂ ਕੀ ਗੁਰਮਤਾ ਕੀਤਾ ਤੇ ਇਹ ਸੰਤਾਂ ਦੇ ਕੋ਼ਲ ਆਏ ਕੋਈ ਗੱਲ ਕਹਿਣ ਲਈ। ਜਦੋਂ ਇਹ ਆਏ ਹੀ ਸੀ, ਤਾਂ ਸੰਤ ਕਹਿਣ ਲੱਗੇ:- "ਸਿੰਘੋ, ਮੇਰੀ ਇੱਕ ਗੱਲ ਸੁਣ ਲਓ। ਬਾਕੀ ਮੈਨੂੰ ਜੋ ਮਰਜ਼ੀ ਹੁਕਮ ਕਰਿਓ, ਪਰ ਏਥੋਂ ਜਾਣ ਬਾਰੇ ਨਾ ਕਿਹੋ।" ਉਹ ਸਿੰਘ ਚੁੱਪ ਕਰ ਗਏ, ਫਿਰ ਅੱਗੋਂ ਕੁਝ ਨ੍ਹੀਂ ਬੋਲੇ। ਫਿਰ ਇਹ ਪੰਜੇ ਸਿੰਘ ਆਪਸ 'ਚ ਗੱਲਬਾਤ ਕਰਨ ਲੱਗ ਪਏ।

ਸਵਾਲ : ਇਸ ਤੋਂ ਬਾਅਦ ਉਹਨਾਂ ਸਿੰਘਾਂ ਨੇ ਕੋਈ ਹੋਰ ਗੱਲਬਾਤ ਕੀਤੀ ?

ਜਵਾਬ : ਅਜੇ ਉਹ ਸਲਾਹ ਹੀ ਕਰ ਰਹੇ ਸੀ ਕਿ ਬੜਾ ਵੱਡਾ ਧਮਾਕਾ ਹੋਇਆ। ਅਕਾਲ ਤਖ਼ਤ

ਸਾਹਿਬ ਦੇ ਬੈਕ ਸਾਈਡ ਤੇ ਇੱਕ ਟੈਂਕ ਦਾ ਗੋਲ਼ਾ ਵੱਜਿਆ ਤੇ ਉੱਤੋਂ ਕਾਫ਼ੀ ਮਲਬਾ ਖੂਹ ਦੇ ਵਿੱਚ ਡਿੱਗਾ। ਉਹ ਖੂਹ ਅੱਧਾ ਅੰਦਰਲੇ ਪਾਸੇ ਸੀ ਤੇ ਅੱਧਾ ਬਾਹਰਲੇ ਪਾਸੇ, ਹੁਣ ਤਾਂ ਸਾਰਾ ਹੀ ਅੰਦਰ ਕਰ ਦਿੱਤੈ, ਓਦੋਂ ਅੱਧਾ ਅੰਦਰ ਹੁੰਦਾ ਸੀ ਤੇ ਅੱਧਾ ਬਾਹਰ। ਉਹਦੇ ਨਾਲ਼ ਐਨਾ ਧਮਾਕਾ ਹੋਇਆ ਕਿ ਮੈਨੂੰ ਲੱਗਾ ਕਿ ਮਲਬਾ ਆਪਣੇ ਉੱਤੇ ਡਿੱਗਣ ਲੱਗਾ ਐ। ਮੇਰੇ ਮਨ 'ਚ ਇਕਦਮ ਆਇਆ ਕਿ ਮਲਬਾ ਸੰਤਾਂ ਉੱਤੇ ਨਾ ਡਿੱਗ ਪਵੇ, ਤੇ ਮੈਂ ਕਾਹਲ਼ੀ ਨਾਲ਼ ਆਪਣੇ ਆਪ ਨੂੰ ਸੰਤਾਂ ਦੇ ਉੱਤੇ ਸੁੱਟ ਲਿਆ ਕਿ ਸੰਤਾਂ ਨੂੰ ਕੁਝ ਨਾ ਹੋਵੇ। ਸੰਤਾਂ ਨੇ ਆਪਣਾ ਪੈਰ ਲਾ ਕੇ ਮੈਨੂੰ ਥੋੜ੍ਹਾ ਜਿਹਾ ਹਲੂਣਿਆ ਤੇ ਕਹਿੰਦੇ:-

"ਕੰਜਰਾ ਡਰ ਗਿਐਂ ?"

ਇਹ ਸ਼ਬਦ ਸੰਤਾਂ ਨੇ ਵਰਤੇ ਕਿ 'ਕੰਜਰਾ ਡਰ ਗਿਐਂ ?'

ਸਵਾਲ : ਫੇਰ ਤੁਸੀਂ ਕੀ ਕਿਹਾ ?

ਜਵਾਬ : ਮੈਂ ਹੱਥ ਜੋੜ ਕੇ ਕਿਹਾ:- "ਸੰਤ ਜੀ ਮੈਂ ਇਸ ਲਈ ਉੱਪਰ ਨੂੰ ਹੋਇਐਂ ਕਿ ਤੁਹਾਡੇ ਸਰੀਰ ਨੂੰ ਕੁਝ ਨਾ ਹੋਵੇ।" ਉਸ ਵੇਲ਼ੇ ਸੰਤ ਮੈਨੂੰ ਕਹਿੰਦੇ:- "ਮੁਖੀ ! ਇਹ ਸਾਧ ਦੀ ਭੂਰੀ ਤੇ ਹੀ ਇਕੱਠ ਆ, ਇਹ ਭੂਰੀ ਲਾਹ ਦੇਣੀ ਐ ਹੁਣ ਏਥੇ ਹੀ...।"

ਮੈਂ ਸੁਣ ਕੇ ਚੁੱਪ ਕਰ ਗਿਆ, ਕਿਉਂਕਿ ਓਦੋਂ ਨਾ ਤਾਂ ਮੇਰੇ 'ਚ ਏਨੀ ਮੱਤ ਸੀ ਕਿ ਸੰਤਾਂ ਨੂੰ ਕੁਝ ਕਹਿ ਸਕਦਾ, ਪਰ ਜਿਨ੍ਹਾਂ ਸਿੰਘਾਂ ਨੇ ਮਤਾ ਪਕਾਇਆ ਸੀ ਕਿ ਸੰਤ ਨਿਕਲ਼ ਜਾਣ, ਉਹਨਾਂ 'ਚੋਂ ਕਿਸੇ ਨੇ ਸੰਤਾਂ ਨੂੰ ਇੱਕ ਵਾਰ ਨਿਕਲ਼ ਜਾਣ ਦੇ ਬਾਰੇ ਬੇਨਤੀ ਕੀਤੀ। ਸੰਤ ਕਹਿੰਦੇ:- "ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਨਾ ਸਹਾਰਦੇ ਹੋਏ ਬਾਬਾ ਦੀਪ ਸਿੰਘ ਜੀ ਨੇ ਏਥੇ ਸੀਸ ਦਿੱਤੈ, ਦੂਜੇ ਮੁਖੀ ਵੀ ਸ਼ਹੀਦ ਹੋਏ ਨੇ... ਤੇ ਮੈਂ ਕਿਹੜਾ ਮੂੰਹ ਲੈ ਕੇ ਏਥੋਂ ਜਾਊਂਗਾ ? ਹੁਣ ਇਸ ਗੱਲ ਨੂੰ ਨਾ ਵਿਚਾਰਿਆ ਜਾਵੇ, ਮੈਂ ਤਾਂ ਮਹਾਰਾਜ ਦੇ ਚਰਨਾਂ 'ਚ ਏਹੀ ਅਰਦਾਸ ਕਰਦੈਂ ਕਿ ਮੈਨੂੰ ਸ਼ਹਾਦਤ ਦਾ ਬਲ ਬਖਸ਼ੇ।"

ਇਹ ਸ਼ਬਦ ਸੰਤਾਂ ਨੇ ਓਥੇ ਵਰਤੇ ਆ।

ਸਵਾਲ : ਇਹ ਕਿੰਨੇ ਕੁ ਵਜੇ ਦੀ ਗੱਲ ਸੀ ?

ਜਵਾਬ : ਇਹ ਪੰਜ ਜੂਨ ਦੀ ਸ਼ਾਮ ਦਾ ਕੀਰਤਨ ਕਰਨ ਤੋਂ ਪਹਿਲਾਂ ਦੀ ਗੱਲ ਐ।

ਸਵਾਲ : ਪੰਜ ਜੂਨ ਸ਼ਾਮ ਨੂੰ ਫੇਰ ਕੀਰਤਨ ਕੀਤਾ ?

ਜਵਾਬ : ਹਾਂ, ਪੰਜ ਜੂਨ ਨੂੰ ਸ਼ਾਮ ਨੂੰ ਕੀਰਤਨ ਤੇ ਰਹਰਾਸਿ ਸਾਹਿਬ ਕੀਤੀ ਤੇ ਪੂਰੀ ਮਰਯਾਦਾ ਨਿਭਾਈ। ਪੰਜ ਜੂਨ ਦੀ ਸ਼ਾਮ ਤਕ ਪੂਰੀ ਮਰਯਾਦਾ ਓਥੇ ਨਿਭਾਈ ਐ।

ਸਵਾਲ : ਪੰਜ ਜੂਨ ਦੀ ਰਾਤ ਨੂੰ ਜੰਗ ਦੇ ਹਾਲਾਤ ਕਿਸ ਤਰ੍ਹਾਂ ਦੇ ਸਨ ?

ਜਵਾਬ : ਪੰਜ ਜੂਨ ਰਾਤ ਨੂੰ ਸਾਢੇ ਬਾਰਾਂ ਪੌਣੇ ਇੱਕ ਵਜੇ ਦਾ ਟਾਈਮ ਹੋਣੈਂ, ਓਦੋਂ ਤਕ ਟੈਂਕ ਅੰਦਰ ਆ

ਚੁੱਕੇ ਸੀ, ਜਦੋਂ ਜਨਰਲ ਸੁਬੇਗ ਸਿੰਘ ਜੀ ਨੂੰ ਜ਼ਖ਼ਮੀ ਹਾਲਤ 'ਚ ਸਿੰਘ ਲੈ ਕੇ ਆਏ ਆ ਸੰਤਾਂ ਕੋਲ਼, ਉਹਨਾਂ ਨੂੰ ਬ੍ਰੱਸ਼ਟ ਵੱਜ ਗਿਆ ਸੀ। ਲਾਈਟ ਤਾਂ ਹੈ ਨ੍ਹੀਂ ਸੀ, ਅੰਦਾਜ਼ਾ ਹੀ ਆ, ਤੇ ਬ੍ਰੱਸ਼ਟ ਉਹਨਾਂ ਨੂੰ ਵੱਜਾ ਸੀ, ਜਿੱਥੇ ਪਹਿਲਾਂ ਹੁਕਮਨਾਮਾ ਲਿਖਿਆ ਹੁੰਦਾ ਸੀ। ਹੁਣ ਤਾਂ ਜਗ੍ਹਾ ਬਦਲ ਦਿੱਤੀ ਆ, ਪਹਿਲਾਂ ਝੰਡੇ ਬੁੰਗਿਆਂ ਦੇ ਕੋਲ਼ ਲਿਖਿਆ ਹੁੰਦਾ ਸੀ, ਓਥੇ ਇੱਕ ਕਮਰਾ ਹੁੰਦਾ ਸੀ, ਓਥੇ ਕਈ ਕਮਾਂਡੋ ਲੁਕੇ ਹੋਏ ਸੀ।

ਸਵਾਲ : ਅੰਦਰ ਤਕ ਕਮਾਂਡੋ ਕਦੋਂ ਤਕ ਪਹੁੰਚ ਗਏ ਸੀ ?

ਜਵਾਬ : ਪੰਜ ਜੂਨ ਰਾਤ ਨੌਂ ਦਸ ਵਜੇ ਤਕ ਫ਼ੌਜ ਨੇ ਬਾਹਰਲੇ ਪਾਸੇ ਕਾਫ਼ੀ ਮੋਰਚੇ ਕਵਰ ਕਰ ਲਏ ਸੀ ਤੇ ਜਿਵੇਂ-ਜਿਵੇਂ ਅਗਲੇ ਮੋਰਚੇ ਤਬਾਹ ਹੁੰਦੇ ਜਾ ਰਹੇ ਸੀ, ਸਿੰਘ ਅੰਦਰਲੇ ਪਾਸੇ ਇਕੱਠੇ ਹੁੰਦੇ ਜਾ ਰਹੇ ਸੀ। ਕਈ ਕਮਾਂਡੋ ਹਮਲੇ ਹੋਏ, ਜਿਨ੍ਹਾਂ 'ਚੋਂ ਬਹੁਤੇ ਕਮਾਂਡੋ ਸਿੰਘਾਂ ਨੇ ਮਾਰ ਵੀ ਦਿੱਤੇ ਸੀ। ਇਸ ਦੌਰਾਨ ਅਗਲੇ ਮੋਰਚਿਆਂ 'ਚੋਂ ਭਾਈ ਜਸਵਿੰਦਰ ਸਿੰਘ ਡਰੋਲੀ, ਭਾਈ ਗੁਰਪ੍ਰੀਤ ਸਿੰਘ ਗੋਗੀ ਜੋ ਫ਼ਿਰੋਜ਼ਪੁਰ ਵਾਲ਼ੇ ਪਾਸਿਓਂ ਸੀ, ਇਹ ਵੀ ਅਗਲੇ ਮੋਰਚੇ ਤਬਾਹ ਹੋਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਹੁੰਚ ਗਏ ਸੀ। ਹੋਰ ਵੀ ਕਈ ਸਿੰਘ ਅਗਲੇ ਮੋਰਚੇ ਤਬਾਹ ਹੋਣ ਤੋਂ ਬਾਅਦ ਅੰਦਰ ਪਰਕਰਮਾ 'ਚ ਜਿੱਥੇ-ਜਿੱਥੇ ਪਹੁੰਚ ਸਕੇ, ਓਥੇ ਪਹੁੰਚ ਕੇ ਮੋਰਚੇ ਸੰਭਾਲ਼ ਚੁੱਕੇ ਸੀ।

ਸਵਾਲ : ਜਨਰਲ ਸੁਬੇਗ ਸਿੰਘ ਹੋਰਾਂ ਨੂੰ ਗੋਲ਼ੀ ਲੱਗਣ ਤੋਂ ਸੰਤਾਂ ਤਕ ਪਹੁੰਚਣ ਬਾਰੇ ਕੋਈ ਹੋਰ ਜਾਣਕਾਰੀ ਹੈ ?

ਜਵਾਬ : ਜਨਰਲ ਸੁਬੇਗ ਸਿੰਘ ਨੂੰ ਜਦੋਂ ਗੋਲ਼ੀ ਵੱਜੀ, ਤਾਂ ਉਹਨਾਂ ਨੇ ਸਿੰਘਾਂ ਨੂੰ ਅਵਾਜ਼ ਮਾਰੀ। ਇੱਕ ਸਿੰਘ ਨੂੰ 'ਫ਼ੌਜੀ' ਕਹਿ ਕੇ ਵੀ ਅਵਾਜ਼ ਮਾਰੀ। ਏਨਾ ਪਤਾ ਲੱਗਾ ਕਿ ਭਾਈ ਬਖ਼ਸ਼ੀਸ਼ ਸਿੰਘ, ਪਤਾ ਨ੍ਹੀਂ ਉਹ ਕਿੱਥੋਂ ਦਾ ਸੀ, ਉਹਨੇ ਪਹਿਲਾਂ ਜਨਰਲ ਸੁਬੇਗ ਸਿੰਘ ਨੂੰ ਸੰਭਾਲਿਆ, ਤੇ ਪਿੱਠ ਤੇ ਚੁੱਕ ਕੇ ਲੈ ਆਇਆ। ਉਸ ਸਿੰਘ ਨੇ ਇਹ ਵੀ ਦੱਸਿਆ ਕਿ ਮੈਂ ਜਨਰਲ ਸਾਬ੍ਹ ਨੂੰ ਕਿਹਾ ਕਿ ਆਪਣਾ ਹਥਿਆਰ ਮੈਨੂੰ ਫੜਾ ਦਿਓ, ਤਾਂ ਜਨਰਲ ਸਾਬ੍ਹ ਨੇ ਜ਼ਖ਼ਮੀ ਹਾਲਤ 'ਚ ਵੀ ਆਪਣਾ ਹਥਿਆਰ ਨ੍ਹੀਂ ਛੱਡਿਆ, ਹਥਿਆਰ ਉਸੇ ਤਰ੍ਹਾਂ ਹੀ ਨਾਲ਼ ਲੈ ਕੇ ਸੰਤਾਂ ਦੇ ਕੋਲ਼ੇ ਪਹੁੰਚੇ ਆ।

ਸਵਾਲ : ਉਹਨਾਂ ਦੇ ਸੰਤਾਂ ਨਾਲ਼ ਕੋਈ ਆਖ਼ਰੀ ਬਚਨ ਹੋਏ ?

ਜਵਾਬ : ਹਾਂ, ਜਨਰਲ ਸੁਬੇਗ ਸਿੰਘ ਨੇ ਸੰਤਾਂ ਨੂੰ ਕਿਹਾ:- "ਬਾਬਾ ਜੀ ਮੈਂ ਤੁਹਾਡੇ ਕਹੇ ਅਨੁਸਾਰ ਫ਼ਰਜ਼ ਨਿਭਾ ਆਇਐਂ ਤੇ ਆਪਣਾ ਹਥਿਆਰ ਵੀ ਨਈਂ ਛੱਡ ਕੇ ਆਇਆ।" ਸੰਤਾਂ ਨੇ ਸਿੰਘਾਂ ਨੂੰ ਕਿਹਾ ਕਿ ਜਨਰਲ ਸਾਬ੍ਹ ਨੂੰ ਲੰਮੇ ਪਾ ਦਿਓ। ਸਿੰਘਾਂ ਨੇ ਉਹਨਾਂ ਨੂੰ ਲੰਮੇ ਪਾ ਦਿੱਤਾ ਤੇ ਉਹਨਾਂ ਦਾ ਘੋਰੜੂ ਵੱਜਣ ਲੱਗ ਪਿਆ। ਸੰਤਾਂ ਨੇ ਓਥੇ ਕਿਹਾ:- "ਜਨਰਲ ਸਾਬ੍ਹ ! ਸਮਾਂ ਥੋੜ੍ਹਾ ਜਿਹਾ ਅੱਗੇ ਪਿੱਛੇ ਹੋ ਸਕਦੈ, (ਅਸੀਂ ਵੀ) ਤੁਹਾਡੇ ਮਗਰੇ ਹੀ ਆਏ।" ਥੋੜ੍ਹੇ ਚਿਰ ਬਾਅਦ



ਜਨਰਲ ਸੁਬੇਗ ਸਿੰਘ

ਜਨਰਲ ਸੁਬੇਗ ਸਿੰਘ ਚਲਾਣਾ ਕਰ ਗਏ। ਫਿਰ ਸੰਤਾਂ ਨੇ ਓਥੇ ਜਿਹੜੇ ਸਿੰਘ ਸੀ, ਉਹਨਾਂ ਨੂੰ ਕਿਹਾ:- "ਸਿੰਘੋ ਵੇਖੋ, ਜਿਸ ਦੇਸ਼ ਦੇ ਲਈ ਜਨਰਲ ਸੁਬੇਗ ਸਿੰਘ ਹੋਰੀਂ ਲੜਦੇ ਮਰਦੇ ਰਹੇ, ਅੱਜ ਉਸੇ ਦੇਸ਼ ਦੇ ਰਾਖਿਆਂ ਹੱਥੋਂ ਉਹਨਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ ਐ।"

ਸਵਾਲ : ਓਦੋਂ ਕਿਹੜੇ-ਕਿਹੜੇ ਸਿੰਘ ਅਕਾਲ ਤਖ਼ਤ ਸਾਹਿਬ ਤੇ ਸੀਗੇ ?

ਜਵਾਬ : ਭਾਈ ਅਮਰੀਕ ਸਿੰਘ, ਭਾਈ ਅਨੋਖ ਸਿੰਘ ਉਬੋਕੇ, ਭਾਈ ਲਾਭ ਸਿੰਘ ਪੰਜਵੜ, ਭਾਈ ਅਜਾਇਬ ਸਿੰਘ ਮਹਿਤਾ, ਬਾਪੂ ਜਗੀਰ ਸਿੰਘ (ਸੰਤਾਂ ਦੇ ਵੱਡੇ ਭਰਾ), ਭਾਈ ਹਰਚਰਨ ਸਿੰਘ ਮੁਕਤਾ, ਭਾਈ ਗੁਰਮੁਖ ਸਿੰਘ ਗੜਵਈ, ਭਾਈ ਗੁਰਮੁਖ ਸਿੰਘ ਡਰਾਈਵਰ ਭੂਰੇ ਪਿੰਡ ਵਾਲ਼ਾ, ਭਾਈ ਕਾਬਲ ਸਿੰਘ (ਨਰਕਧਾਰੀ ਕਾਂਡ), ਭਾਈ ਜੋਗਿੰਦਰ ਸਿੰਘ, ਭਾਈ ਪਰਸਾ ਸਿੰਘ, ਭਾਈ ਗੁਰਜੀਤ ਸਿੰਘ ਝੋਕ ਹਰੀਹਰ, ਭਾਈ ਦਾਰਾ ਸਿੰਘ, ਭਾਈ ਤਰਲੋਚਨ ਸਿੰਘ ਲੱਧੂਵਾਲ਼ਾ, ਭਾਈ ਰਣਧੀਰ ਸਿੰਘ (ਸ਼ਹੀਦ ਭਾਈ ਰਣਬੀਰ ਸਿੰਘ ਫ਼ੌਜੀ ਦਾ ਭਰਾ), ਭਾਈ ਰਾਮ ਸਿੰਘ ਜਿਸ ਨੂੰ 'ਬੋਲ਼ਾ' ਕਹਿੰਦੇ ਸੀ, ਰਾਗੀ ਭਾਈ ਉੱਤਮ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਜਸਵੰਤ ਸਿੰਘ, (ਇਹਦੇ ਦੋਵੇਂ ਭਰਾ ਸ਼ਹੀਦ ਹੋ ਗਏ) ਭਾਈ ਸੁਬੇਗ ਸਿੰਘ ਫ਼ੌਜੀ, ਭਾਈ ਗੁਰਪ੍ਰੀਤ ਸਿੰਘ, ਭਾਈ ਜਸਵਿੰਦਰ ਸਿੰਘ ਡਰੋਲੀ, ਭਾਈ ਗੁਲਜ਼ਾਰ ਸਿੰਘ ਫ਼ੌਜੀ, ਭਾਈ ਗੋਪਾਲ ਸਿੰਘ ਸ਼ਹੀਦ, ਬਾਕੀ ਨਾਮ ਯਾਦ ਨਹੀਂ, ਪਰ ਅਸੀਂ ਸਾਰੇ ਉਸ ਵੇਲ਼ੇ 60-70 ਸਿੰਘ ਸੀਗੇ।


ਭਾਈ ਅਜਾਇਬ ਸਿੰਘ ਮਹਿਤਾ (ਸ਼ਹੀਦ)

ਸਵਾਲ : ਇਹ ਸਾਰੇ ਸਿੰਘ ਭੋਰੇ 'ਚ ਸੀਗੇ ?

ਜਵਾਬ : ਨਹੀਂ, ਉੱਪਰਲੇ ਪਾਸੇ ਮੋਰਚਿਆਂ 'ਚ ਸਾਈਡਾਂ ਤੇ ਅਤੇ ਛੱਜਿਆਂ 'ਚ ਸੀਗੇ। ਭੋਰੇ ਦੇ ਵਿੱਚ ਤਾਂ ਪਹਿਲਾਂ ਸਿਰਫ਼ ਅਸੀਂ ਕੁਝ ਸਿੰਘ ਹੀ ਸੀਗੇ ਸੰਤਾਂ ਦੇ ਨਾਲ਼, ਜਿਨ੍ਹਾਂ 'ਚ ਭਾਈ ਅਮਰੀਕ ਸਿੰਘ, ਭਾਈ ਗੁਰਮੁਖ ਸਿੰਘ ਗੜਵਈ, ਭਾਈ ਠਾਕਰ ਸਿੰਘ, ਭਾਈ ਗੁਰਸ਼ਰਨ ਸਿੰਘ, ਦਾਸ, ਭਾਈ ਦਾਰਾ ਸਿੰਘ, ਭਾਈ ਤਰਲੋਚਨ ਸਿੰਘ, ਬਸ ਏਨੇ ਕੁ ਸਿੰਘ ਸੀਗੇ ਹੇਠਾਂ ਭੋਰੇ 'ਚ, ਬਾਕੀ ਸਿੰਘ ਆਉਂਦੇ ਜਾਂਦੇ ਸੀ, ਆ ਜਾਂਦੇ ਸੀ, ਚਲੇ ਜਾਂਦੇ ਸੀ।

ਸਵਾਲ : ਇਸ ਸਮੇਂ ਦੀ ਕੋਈ ਵਿਸ਼ੇਸ਼ ਘਟਨਾ ?

ਜਵਾਬ : ਇਸ ਵੇਲ਼ੇ ਸੰਤਾਂ ਨੇ ਭਾਈ ਗੁਰਮੁਖ ਸਿੰਘ ਡਰਾਈਵਰ ਨੂੰ ਭੇਜਿਆ ਕਿ ਜਾਹ ਹੁਣੇ ਈ ਦਲਬੀਰ ਸਿੰਘ ਅਭਿਆਸੀ ਨੂੰ ਬੁਲਾ ਕੇ ਲਿਆ। ਉਹ ਬੁਲਾਉਣ ਗਿਆ, ਬਾਅਦ 'ਚ ਅਸੀਂ ਸੇਵਾ 'ਚ ਰੁੱਝ ਗਏ, ਫਿਰ ਭਾਈ ਗੁਰਮੁਖ ਸਿੰਘ ਨੇ ਜੋਧਪੁਰ ਜੇਲ੍ਹ 'ਚ ਮੈਨੂੰ ਦੱਸਿਆ, ਉਹ ਕਹਿੰਦਾ ਜਦੋਂ ਮੈਂ ਸੰਤਾਂ ਦਾ ਸੁਨੇਹਾ ਲੈ ਕੇ ਭਾਈ ਦਲਬੀਰ ਸਿੰਘ

ਅਭਿਆਸੀ ਦੇ ਕੋਲ਼ ਗਿਆ ਪੰਜ ਜੂਨ ਨੂੰ, ਤੇ ਜਾ ਕੇ ਕਿਹਾ ਕਿ ਤੈਨੂੰ ਸੰਤ ਜੀ ਅਕਾਲ ਤਖ਼ਤ ਸਾਹਿਬ ਤੇ ਬੁਲਾ ਰਹੇ ਆ; ਤੇ ਅੱਗੋਂ ਦਲਬੀਰ ਸਿੰਘ (ਜਿਹੜਾ ਮੋਰਚੇ 'ਚ ਸੀ) ਕਹਿੰਦਾ; ਤੂੰ ਸੰਤਾਂ ਨੂੰ ਜਾ ਕੇ ਬੱਸ ਐਨਾ ਹੀ ਕਹਿ ਦੇਈਂ:-

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥

ਇਹ ਗੱਲ ਗੁਰਮੁਖ ਸਿੰਘ ਨੇ ਸਾਨੂੰ ਜੋਧਪੁਰ ਜੇਲ੍ਹ ਦੇ ਵਿੱਚ ਦੱਸੀ ਸੀ। ਓਦੋਂ ਸਾਨੂੰ ਪਤਾ ਲੱਗਾ ਕਿ ਸੰਤ ਜੀ ਭਾਈ ਦਲਬੀਰ ਸਿੰਘ ਨੂੰ ਸ਼ਾਇਦ ਦਸਤਾਰ ਦੇਣੀ ਚਾਹੁੰਦੇ ਸੀ।

ਸਵਾਲ : ਇਹ ਤੁਹਾਡਾ ਅੰਦਾਜ਼ਾ ਹੈ ਜਾਂ ਪੱਕਾ ਪਤਾ ?

ਜਵਾਬ : ਜਿਵੇਂ ਦਸਤਾਰ ਮਿਲਣ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਜੀ ਦਾ ਜਥੇ ਦੇ ਵਿੱਚ ਸਤਿਕਾਰ ਹੁੰਦਾ ਸੀ, ਉਸੇ ਹੀ ਤਰ੍ਹਾਂ ਭਾਈ ਦਲਬੀਰ ਸਿੰਘ ਦਾ ਜਥੇ 'ਚ ਬਹੁਤ ਸਤਿਕਾਰ ਸੀ। ਉਹ ਵੀ ਸੰਤਾਂ ਵਾਂਗ ਅਭਿਆਸ ਬਹੁਤ ਕਰਦਾ ਸੀ, ਬਾਣੀ ਬਹੁਤ ਪੜ੍ਹਦਾ ਸੀ। ਤੇਜ਼ ਤਰਾਰ ਵੀ ਬਹੁਤ ਸੀ, ਤੇਜ਼ ਦਿਮਾਗ ਵਾਲ਼ਾ ਵੀ ਸੀ। ਕਈ ਵਾਰੀ ਸੰਤ ਜਦੋਂ ਕਹਿੰਦੇ ਸੀ ਕਿ ਅਗਲਾ ਟਕਸਾਲ ਦਾ ਮੁਖੀ ਜਦੋਂ ਆਊਗਾ ਤਾਂ ਤੁਸੀਂ ਮੈਨੂੰ ਭੁੱਲ ਜਾਓਗੇ, ਓਦੋਂ ਵੀ ਸਾਨੂੰ ਲੱਗਦਾ ਸੀ ਕਿ ਜਿਵੇਂ ਸੰਤ ਭਾਈ ਦਲਬੀਰ ਸਿੰਘ ਅਭਿਆਸੀ ਵੱਲ ਇਸ਼ਾਰਾ ਕਰਦੇ ਆ। ਬਾਕੀ ਪੱਕੀ ਗੱਲ ਤਾਂ ਜਾਂ ਸੰਤ ਜਾਣਦੇ ਸੀ, ਜਾਂ ਦਲਬੀਰ ਸਿੰਘ ਤੇ ਜਾਂ ਫਿਰ ਪ੍ਰਮਾਤਮਾ।

ਸਵਾਲ : ਸੰਤਾਂ ਦੀ ਸ਼ਹੀਦੀ ਬਾਰੇ ਵੀ ਸਾਰਾ ਘਟਨਾਕ੍ਰਮ ਤੁਸੀਂ ਵੇਖਿਆ ?

ਜਵਾਬ : ਹਾਂ ਜੀ, 6 ਜੂਨ ਦਾ ਦਿਨ ਚੜ੍ਹਿਆ, ਸਵੇਰੇ ਸਾਢੇ ਪੰਜ ਛੇ ਵਜੇ ਦਾ ਸਮਾਂ ਸੀ, ਜਦੋਂ ਚਾਨਣ ਹੋ ਗਿਆ, ਸੰਤ ਉੱਪਰ ਆਏ। ਅਕਾਲ ਤਖ਼ਤ ਸਾਹਿਬ ਦੇ ਸੱਜੇ ਹੱਥ ਜਿਹੜੀ ਰਿਹਾਇਸ਼ ਸੀ, ਓਥੇ ਬਾਥਰੂਮ ਸੀਗੇ, ਓਥੇ ਸੰਤਾਂ ਨੇ ਕਿਰਿਆ ਸੋਧੀ। ਫਿਰ ਜਦੋਂ ਭਾਈ ਗੁਰਮੁਖ ਸਿੰਘ ਗੜਵਈ ਉਹਨਾਂ ਦੇ ਹੱਥ ਧੁਆਉਣ ਲੱਗਾ, ਇਸ਼ਨਾਨ ਤਾਂ ਉਸ ਵੇਲ਼ੇ ਕੀ ਹੋਣਾ ਸੀ, ਪੰਜ ਇਸ਼ਨਾਨ ਕਰ ਕੇ ਸੰਤ ਕਹਿੰਦੇ:- "ਖ਼ਬਰਾਂ ਸੁਣੋ ! ਕਰਫ਼ਿਊ ਕਦੋਂ ਤਕ ਆ ?" ਉਸ ਵੇਲ਼ੇ ਸਵੇਰੇ ਛੇ ਵੱਜ ਕੇ ਪੰਜ ਮਿੰਟ ਤੇ ਖ਼ਬਰਾਂ ਆਉਂਦੀਆਂ ਹੁੰਦੀਆਂ ਸੀ ਉਰਦੂ ਦੀਆਂ, ਸ਼ਾਇਦ ਅੱਜ ਵੀ ਆਉਂਦੀਆਂ ਹੋਣ। ਉਹ ਖ਼ਬਰਾਂ ਸੁਣੀਆਂ, ਉਹਨਾਂ ਵਿੱਚ ਦੱਸਿਆ ਗਿਆ ਕਿ ਜਿਹੜਾ ਕਰਫ਼ਿਊ ਐ, ਪਹਿਲਾਂ ਛੇ ਵਜੇ ਤਕ ਸੀ, ਹੁਣ ਨੌਂ ਵਜੇ ਤਕ ਵਧਾ ਦਿੱਤਾ ਗਿਆ ਐ। (ਇੱਥੋਂ ਸ਼ਾਇਦ ਸੰਤ ਪਤਾ ਲਾ ਰਹੇ ਸੀ ਕਿ ਫ਼ੌਜੀ ਕਮਾਂਡਰ ਇਸ ਜੰਗ ਦੇ ਕਿੰਨਾ ਕੁ ਚਿਰ ਹੋਰ ਚੱਲਣ ਦਾ ਅੰਦਾਜ਼ਾ ਲਾ ਰਹੇ ਹਨ।)

ਸਵਾਲ: ਫਿਰ ਸੰਤਾਂ ਦਾ ਕੀ ਕਹਿਣਾ ਸੀ ?

ਜਵਾਬ : ਸੰਤ ਕਹਿੰਦੇ:- "ਕੋਈ ਨ੍ਹੀਂ ਚੱਲੋ ਫਿਰ ਆਪਾਂ ਵੀ ਨੌਂ ਵਜੇ ਹੀ ਨਿਕਲ਼ਾਂਗੇ ਬਾਹਰ...।" ਤੇ ਫਿਰ ਸੰਤ ਭੋਰੇ 'ਚ ਚਲੇ ਗਏ।

ਸਵਾਲ : ਤੇ ਬਾਕੀ ਦੇ ਸਿੰਘ ਮੋਰਚਿਆਂ 'ਚ ਅਜੇ ਵੀ ਲੜ ਰਹੇ ਸੀ ?

ਜਵਾਬ : ਹਾਂ, ਉੱਪਰਲੀ ਮੰਜ਼ਲ ਦਾ ਬਹੁਤ ਨੁਕਸਾਨ ਹੋ ਗਿਆ ਸੀ ਤੇ ਉੱਪਰਲੇ ਮੋਰਚੇ ਤਬਾਹ ਹੋ ਜਾਣ ਤੋਂ ਬਾਅਦ, ਉੱਪਰਲੇ ਸਿੰਘ ਵੀ ਹੇਠਾਂ (ਮੁੱਖ ਅਸਥਾਨ ਵਾਲ਼ੀ ਮੰਜ਼ਲ ਤੇ) ਆ ਗਏ ਸੀ ਤੇ ਬੜੀ ਦਲੇਰੀ ਨਾਲ਼ ਮੁਕਾਬਲਾ ਕਰ ਰਹੇ ਸੀ। ਮੌਤ ਸਾਮ੍ਹਣੇ ਦਿਸ ਰਹੀ ਸੀ

ਤੇ ਸਿੰਘ ਜਿਵੇਂ ਮੌਤ ਨੂੰ ਮਖੌਲਾਂ ਕਰੀਦੀਐਂ ਨਾ, ਇਸ ਤਰੀਕੇ ਨਾਲ਼ ਹਾਸਾ-ਠੱਠਾ ਕਰ ਕੇ ਮੋਰਚਿਆਂ 'ਚ ਲੜ ਰਹੇ ਸੀ।

ਸਵਾਲ : ਕਿਸ ਤਰ੍ਹਾਂ ਦੇ ਮਖੌਲ ?

ਜਵਾਬ : ਸੰਤਾਂ ਦੇ ਵੱਡੇ ਭਰਾਤਾ ਭਾਈ ਜਗੀਰ ਸਿੰਘ ਜੀ, ਉਹਨਾਂ ਨੇ ਨਵਾਂ ਚੋਲਾ ਕੱਢ ਕੇ ਪਾਇਆ, ਤੇ ਨਵਾਂ ਗਾਤਰਾ ਪਾਇਆ ਪੁਰਾਣਾ ਬਦਲ ਕੇ। ਮੈਂ ਸੋਚਿਆ ਕਿ ਹੁਣ ਘੜੀ ਪਲ ਦਾ ਭਰੋਸਾ ਨ੍ਹੀਂ ਕਦੋਂ ਸ਼ਹੀਦੀ ਹੋ ਜਾਣੀ ਆ, ਤੇ ਬਾਪੂ ਨਵਾਂ ਚੋਲਾ ਪਾ ਰਿਹੈ। ਮੈਂ ਕਿਹਾ:- "ਬਾਪੂ ਇਹ ਕੀ ਕਰ ਰਿਹੈਂ ?" ਅੱਗੋਂ ਬਾਪੂ ਜਗੀਰ ਸਿੰਘ ਨੇ ਜੋ ਸ਼ਬਦ ਕਹੇ, ਉਹ ਮੈਂ ਹੂ-ਬਹੂ ਦੱਸਦੈਂ। ਉਹ ਕਹਿੰਦੇ:- "ਮੁਖੀ ਤੈਨੂੰ ਨ੍ਹੀਂ ਪਤਾ ?" ਮੈਂ ਕਿਹਾ:- "ਨਹੀਂ।" ਕਹਿੰਦੇ:- "ਹੈ ਤਾਂ ਮੈਂ ਸੰਤਾਂ ਤੋਂ ਵੱਡਾ, ਪਰ ਮੈਂ ਸੰਤਾਂ ਦਾ ਸਰਬਾਲ੍ਹਾ ਬਣਨੈਂ, ਸੰਤਾਂ ਨੇ ਲਾੜੀ ਮੌਤ ਨੂੰ ਵਿਆਹੁਣਾ, ਤੇ ਮੈਂ ਸਰਬਾਲ੍ਹਾ ਬਣਨੈਂ।" ਇਸੇ ਹੀ ਤਰ੍ਹਾਂ ਭਾਈ ਹਰਚਰਨ ਸਿੰਘ ਮੁਕਤਾ ਸੀ, ਉਹਨੇ ਬਾਲ਼ਟੀ ਮੂਧੀ ਕਰ ਕੇ ਆਪਣੇ ਸਿਰ ਤੇ ਪਾ ਲਈ। ਮੈਂ ਕਿਹਾ:- "ਮੁਕਤਾ ਜੀ ਤੁਸੀਂ ਸਿਰ ਤੇ ਬਾਲ਼ਟੀ ਕਾਹਤੋਂ ਪਾ ਲਈ ਆ ?" ਉਹ ਕਹਿੰਦਾ:- "ਜਦੋਂ ਆਪਣੇ ਗੋਲ਼ੀਆਂ ਵੱਜਣੀਐਂ, ਉਹ ਬਾਕੀ ਸਾਰੇ ਸਰੀਰ ਤੇ ਤਾਂ ਵੱਜਣਗੀਆਂ, ਪਰ ਚਿਹਰੇ ਤੇ (ਬਾਲ਼ਟੀ ਹੋਣ ਕਾਰਨ) ਤਿਲਕ ਜਾਣਗੀਆਂ, ਤੇ ਇਸ ਤਰ੍ਹਾਂ ਚਿਹਰਾ ਬਚ ਜਾਊ। ਫਿਰ ਕੋਈ ਵੀ ਵੇਖ ਕੇ ਹੀ ਪਛਾਣ ਜਾਊ ਕਿ ਆਹ ਪਿਐ ਮੁਕਤਾ...।" ਤੇ ਉਹ ਹੱਸਣ ਲੱਗ ਪਿਆ। ਇਸ ਤਰ੍ਹਾਂ ਹੀ ਮੌਤ ਨੂੰ ਮਖੌਲਾਂ ਕਰਦੇ ਸੀ ਸਿੰਘ। ਮੌਤ ਦਾ ਕੋਈ ਭੈ ਨਹੀਂ ਸੀ ਉਸ ਵੇਲ਼ੇ ਸਿੰਘਾਂ 'ਚ।


ਭਾਈ ਜਗੀਰ ਸਿੰਘ ਜੀ (ਸ਼ਹੀਦ)

ਸਵਾਲ : ਫਿਰ ਤੁਸੀਂ ਉੱਪਰ ਹੀ ਰਹੇ ਕਿ ਹੇਠਾਂ ਭੋਰੇ 'ਚ ਗਏ ?

ਜਵਾਬ : ਨਹੀਂ, ਭਾਈ ਹਰਚਰਨ ਸਿੰਘ ਮੁਕਤੇ ਦੇ ਨਾਲ਼ ਗੱਲ ਕਰ ਕੇ ਮੈਂ ਹੇਠਾਂ ਆ ਗਿਆ ਸੰਤਾਂ ਦੇ ਕੋਲ਼ੇ। ਜਦੋਂ ਮੈਂ ਹੇਠਾਂ ਆਇਆ, ਓਦੋਂ ਹੋਰ ਵੀ ਕਈ ਸਿੰਘ ਹੇਠਾਂ ਆਏ ਹੋਏ ਸੀਗੇ ਤੇ ਸੰਤ ਜੀ ਕਹਿ ਰਹੇ ਸੀ:- "ਸਿੰਘੋ ਜੀਹਦੇ ਕੋਲ਼ੋਂ ਨਿਕਲ਼ਿਆ ਜਾਂਦਾ ਨਿਕਲ਼ ਜਾਓ...।" ਸਪੈਸ਼ਲ ਇਹ ਵੀ ਕਿਹਾ ਕਿ ਜਿਨ੍ਹਾਂ ਸਿੰਘਾਂ ਤੇ (ਪੁਲਿਸ ਵੱਲੋਂ) ਕੇਸ (ਰਜਿਸਟਰਡ) ਨਹੀਂ, ਉਹ ਨਿਕਲ਼ ਜਾਓ। ਕਈ ਸਿੰਘਾਂ ਨੂੰ ਨਾਂ ਲੈ-ਲੈ

ਭਾਈ ਹਰਚਰਨ ਸਿੰਘ ਮੁਕਤਾ

ਕੇ ਪੁੱਛਿਆ। ਮੈਨੂੰ ਵੀ ਕਹਿੰਦੇ:- "ਮੁਖੀ ਤੇਰੇ ਤੇ ਕੋਈ ਕੇਸ ਤਾਂ ਨਹੀਂ... ?" ਮੈਂ ਕਿਹਾ:- "ਨਹੀਂ ਜੀ ਮੇਰੇ ਤੇ ਕੋਈ ਕੇਸ ਤਾਂ ਨਹੀਂ ਹੈਗਾ।" ਕਹਿੰਦੇ:- "ਫਿਰ ਕੋਸ਼ਿਸ਼ ਕਰੋ ਨਿਕਲ਼ਣ ਦੀ...।" ਵੈਸੇ ਸਾਰੇ ਸਿੰਘਾਂ ਦੇ ਮਨ 'ਚ ਏਹੀ ਸੀ ਕਿ ਸੰਤਾਂ ਦੇ ਨਾਲ਼ ਹੀ ਸ਼ਹੀਦ ਹੋਣੈ।

ਸਵਾਲ : ਫਿਰ ਇਸ ਤੋਂ ਬਾਅਦ ਕੀ ਹੋਇਆ ?

ਜਵਾਬ : ਸਿੰਘ ਕਾਫ਼ੀ ਹੇਠਾਂ ਬੈਠੇ ਸੀ, ਇਹ ਗੱਲਾਂ-ਬਾਤਾਂ ਚੱਲ ਹੀ ਰਹੀਆਂ ਸੀ ਕਿ ਉੱਪਰੋਂ ਭਾਈ ਗੁਰਮੁਖ ਸਿੰਘ ਗੜਵਈ ਆਇਆ, ਉਹ ਆ ਕੇ ਕਹਿੰਦਾ:- "ਸੰਤ ਜੀ ! (ਪੁਰਾਤਨ) ਸ਼ਸਤਰਾਂ ਵਾਲ਼ੀ ਪਾਲਕੀ (ਫ਼ੌਜ ਨੇ) ਉਡਾ'ਤੀ ਟੈਂਕ ਦੇ ਗੋਲ਼ੇ ਦੇ ਨਾਲ਼।" ਬਸ ਏਨੀ ਗੱਲ ਕਹਿਣ ਦੀ ਦੇਰ ਸੀ ਕਿ ਸੰਤ ਇਕਦਮ ਬੀਰ ਰਸ 'ਚ ਆ ਗਏ; ਕਹਿੰਦੇ:- "ਅੱਛਾ ! ਚੱਲੋ ਫਿਰ ਹੁਣ ਚੱਲੀਏ।" ਸਾਰੇ ਸਿੰਘਾਂ ਨੇ ਆਪੋ-ਆਪਣੀਆਂ ਗੰਨਾਂ ਲੈ ਲਈਆਂ। ਸੰਤਾਂ ਨੇ ਕਮਰਕੱਸਾ ਕੀਤਾ, ਦੋ ਮੈਗਜ਼ੀਨ ਉਹਦੇ ਵਿੱਚ ਟੰਗ ਲਏ, ਰਿਵਾਲਵਰ ਉਹਨਾਂ ਦੇ ਪਾਇਆ ਹੋਇਆ ਸੀਗਾ ਤੇ ਸ੍ਰੀ ਸਾਹਿਬ ਸੀ ਵੱਡੀ, ਤੇ ਤੀਰ ਨਹੀਂ ਸੀ ਕੋਲ਼ੇ, ਇਹ ਸ਼ਸਤਰਾਂ 'ਚ ਰੱਖ ਦਿੱਤੇ ਗਏ ਸੀਗੇ। ਚਿੱਟਾ ਕਮਰਕੱਸਾ ਸੀਗਾ, ਨੀਲੀ ਦਸਤਾਰ ਬੱਧੀ ਸੀ। ਇੱਕ (ਤੀਜਾ) ਮੈਗਜ਼ੀਨ ਉਹਨਾਂ ਨੇ ਜਿਹੜੀ ਉਹਨਾਂ ਦੇ ਕੋਲ਼ ਗੰਨ ਸੀ, ਉਹਦੇ ਨਾਲ਼ ਫਿੱਟ ਕਰ ਲਿਆ; ਤੇ ਫਿਰ ਕਹਿੰਦੇ:- "ਚੱਲੋ ਸਿੰਘੋ ! ਸ਼ਹਾਦਤ ਦੇ ਜਾਮ ਪੀਈਏ...।"

ਸਵਾਲ : ਓਦੋਂ ਕਿੰਨਾ ਕੁ ਟਾਈਮ ਸੀ ?

ਜਵਾਬ : ਸਾਢੇ ਕੁ ਅੱਠ ਵਜੇ, ਜਾਂ ਅੱਠ ਪੈਂਤੀ ਜਾਂ ਚਾਲ਼ੀ, ਏਨਾ ਕੁ ਟਾਈਮ ਸੀ। ਸਾਰੇ ਸਿੰਘ ਇਕਦਮ ਉੱਠ ਪਏ, ਜਗ੍ਹਾ ਥੋੜ੍ਹੀ ਸੀ, ਭਾਈ ਅਮਰੀਕ ਸਿੰਘ ਜੀ ਕਹਿੰਦੇ:- "ਬਾਬਾ ਜੀ ਸਰੀਰਾਂ ਦਾ ਕੀ ਬਣੂੰ ?" ਸੰਤ ਕਹਿੰਦੇ:- "ਸਰੀਰਾਂ ਦਾ ਨ੍ਹੀਂ ਮੋਹ ਕਰਦੇ ਹੁੰਦੇ ਸਿੰਘ...।" ਇਸ ਵੇਲ਼ੇ ਭਾਈ ਕਾਬਲ ਸਿੰਘ ਨੂੰ ਸੰਤ ਕਹਿੰਦੇ:- "ਕਾਬਲ ਸਿੰਹਾਂ, ਅਗਾਂਹ ਜਾ ਕੇ ਮੇਰੇ ਤੋਂ ਸੋਨਾ ਨਾ ਮੰਗ ਲਈਂ, (ਨਰਕਧਾਰੀ ਨੂੰ ਸੋਧਣ ਵਾਲ਼ਿਆਂ ਨੂੰ ਸੰਤਾਂ ਨੇ ਸੋਨੇ ਨਾਲ਼ ਤੋਲਣ ਦਾ ਐਲਾਨ ਕੀਤਾ ਹੋਇਆ ਸੀ।) ਸੰਤ ਕਹਿੰਦੇ:- "ਸੋਨੇ ਨਾਲ਼ ਤੋਲਣਾ ਸੀਗਾ, ਪਰ ਮਹਾਰਾਜ ਨੇ ਸਮਾਂ ਨ੍ਹੀਂ ਦਿੱਤਾ ਆਪਾਂ ਨੂੰ...।" ਕਾਬਲ ਸਿੰਘ ਕਹਿੰਦਾ:- "ਸੰਤ ਜੀ ਹੋਰ ਕੁਝ ਨ੍ਹੀਂ ਚਾਹੀਦਾ, ਬਸ ਆਪਣੇ ਨਾਲ਼ ਹੀ ਰੱਖਿਓ।" ਸੰਤ ਗਲ਼ਵੱਕੜੀ 'ਚ ਲੈ ਕੇ ਕਹਿੰਦੇ:- "ਚੱਲ ਫਿਰ ਇਕੱਠੇ ਹੀ ਚੱਲਾਂਗੇ...।"

ਸਵਾਲ : ਸ਼ਹਾਦਤ ਤੋਂ ਪਹਿਲਾਂ ਸੰਤਾਂ ਨੇ ਹੋਰ ਕੀ ਬਚਨ ਕੀਤੇ ?

ਜਵਾਬ : ਸੰਤਾਂ ਨੇ ਅਰਦਾਸ ਕੀਤੀ:- "ਗੁਰੂ ਹਰਿਗੋਬਿੰਦ ਸੱਚੇ ਪਾਤਸ਼ਾਹ ! ਤੁਹਾਡੇ ਚਰਨਾਂ ਵਿੱਚ ਬੇਨਤੀ ਹੈ, ਤੁਹਾਡਾ ਇਹ ਅਸਥਾਨ ਜਿਹੜਾ ਦੁਸ਼ਮਣ ਦੀ ਫ਼ੌਜ ਢਾਹ ਰਹੀ ਐ, ਇਹ ਤਾਂ ਕੌਮ ਨੇ ਹੀਰੇ ਜਵਾਹਰਾਤ ਜੜ ਕੇ ਬਣਾ ਲੈਣਾ, ਜਿਹੜੇ ਦੁਸ਼ਟ ਤੁਹਾਡੇ ਅਸਥਾਨ ਦੀ ਬੇਅਦਬੀ

ਭਾਈ ਕਾਬਲ ਸਿੰਘ (ਸ਼ਹੀਦ)

ਕਰ ਰਹੇ ਨੇ, ਸਾਨੂੰ ਇਹਨਾਂ ਦੇ ਨਾਲ ਜੂਝਣ ਦਾ ਤੇ ਸ਼ਹਾਦਤ ਪਾਉਣ ਦਾ ਬਲ ਬਖਸ਼ੋ, ਤੇ ਕਿਰਪਾਲਤਾ ਕਰੋ, ਮੈਂ ਓਨਾ ਚਿਰ ਵਾਰ-ਵਾਰ ਜਨਮ ਲਵਾਂ, ਜਿੰਨਾ ਚਿਰ ਕੌਮ ਦਾ ਘਰ ਨਹੀਂ ਬਣਦਾ।" ਏਨੀ ਅਰਦਾਸ ਕਰ ਕੇ ਸੰਤ ਕਹਿੰਦੇ:- "ਚਲੋ ਸਿੰਘੋ ਚੱਲੀਏ।"

ਸਵਾਲ : ਬਾਹਰ ਕਿਹੜੇ ਰਸਤੇ ਵੱਲ ਦੀ ਨਿਕਲ਼ੇ ?

ਜਵਾਬ : ਬਾਹਰ ਨਿਕਲ਼ਣ ਵਾਲ਼ੇ ਸਿਰਫ਼ ਦੋ ਰਸਤੇ ਸੀਗੇ। ਇੱਕ ਰਸਤਾ ਇਮਲੀ ਸਾਹਿਬ ਵਾਲ਼ੇ ਪਾਸੇ ਸੀਗਾ, ਉਹ ਰਸਤਾ ਮਲਬਾ ਡਿੱਗ-ਡਿੱਗ ਕੇ ਬਲਾਕ ਹੋ ਗਿਆ ਸੀ, ਖ਼ਤਮ ਹੋ ਗਿਆ ਸੀ; ਤੇ ਥੜ੍ਹਾ ਸਾਹਿਬ ਵਾਲ਼ੇ ਪਾਸੇ ਦਾ ਰਸਤਾ ਸੀਗਾ ਜਿਹੜਾ ਉੱਪਰੋਂ ਹੇਠਾਂ ਪਰਕਰਮਾ ਨੂੰ ਆਉਂਦਾ ਸੀਗਾ। ਜਿੱਥੇ ਹੁਣ ਆਪਾਂ ਪ੍ਰਸ਼ਾਦ ਲੈਨੇ ਆਂ ਅਕਾਲ ਤਖ਼ਤ ਸਾਹਿਬ ਤੇ ਮੱਥਾ ਟੇਕ ਕੇ, ਇਹ ਰਸਤਾ ਓਦੋਂ ਨਹੀਂ ਸੀ ਹੁੰਦਾ, ਇੱਥੇ ਕੰਧ ਹੁੰਦੀ ਸੀ। ਉਹਦੇ ਨਾਲ਼ ਹੀ ਪੌੜੀਆਂ ਹੇਠਾਂ ਉੱਤਰਦੀਆਂ ਸੀ। ਉਹਨਾਂ ਪੌੜੀਆਂ 'ਚ ਅਸੀਂ ਆ ਗਏ। ਓਦੋਂ ਤਕ ਇੱਕ ਟੈਂਕ ਅਕਾਲ ਤਖ਼ਤ ਸਾਹਿਬ ਦੇ ਸਾਮ੍ਹਣੇ ਆ ਚੁੱਕਾ ਸੀ ਤੇ ਗੋਲ਼ਾਬਾਰੀ ਸਿੱਧੀ ਅਕਾਲ ਤਖ਼ਤ ਸਾਹਿਬ ਤੇ ਕਰ ਰਿਹਾ ਸੀਗਾ। ਮਿਲਟਰੀ ਚਾਰ-ਚੁਫ਼ੇਰੇ ਫ਼ੈਲੀ ਹੋਈ ਸੀ।

ਸਵਾਲ : ਸਭ ਤੋਂ ਪਹਿਲਾਂ ਕੌਣ ਉੱਤਰਿਆ ?

ਜਵਾਬ : ਸੰਤਾਂ ਦੇ ਅੱਗੇ ਭਾਈ ਪ੍ਰੀਤਾ (ਪ੍ਰੀਤਮ ਸਿੰਘ ਫੱਤੂਢੀਂਗਾ) ਭਾਈ ਗੁਰਮੁਖ ਸਿੰਘ ਗੜਵਈ, ਭਾਈ ਰਾਮ ਸਿੰਘ ਬੋਲਾ, ਬਾਪੂ ਜਗੀਰ ਸਿੰਘ, ਭਾਈ ਅਜਾਇਬ ਸਿੰਘ ਮਹਿਤਾ, ਭਾਈ ਗੁਰਨਾਮ ਸਿੰਘ, ਭਾਈ ਉੱਤਮ ਸਿੰਘ, ਇਹ ਸੰਤਾਂ ਦੇ ਅੱਗੇ ਸੀਗੇ। ਨਾਲ਼ ਈ ਭਾਈ ਅਮਰੀਕ ਸਿੰਘ ਸੀਗੇ। ਅਸੀਂ ਪਿੱਛੇ ਸੀ ਪਰ ਨਾਲ਼-ਨਾਲ਼ ਜਾ ਰਹੇ ਸੀ, ਭਾਈ ਗੁਰਮੁਖ ਸਿੰਘ ਡਰਾਈਵਰ ਤੇ ਮੈਂ ਪਿੱਛੇ ਸੀਗੇ। ਫਿਰ ਜਿਹੜਾ ਟੈਂਕ ਸੀਗਾ, ਇਹ ਜਿੱਥੋਂ ਅਸੀਂ ਨਿਕਲ਼ ਰਹੇ ਸੀਗੇ, ਉਥੇ ਉਹਨਾਂ ਨੇ ਗੋਲ਼ਾ ਮਾਰਿਆ, ਮੇਰੀਆਂ ਅੱਖਾਂ ਦੇ ਸਾਮ੍ਹਣੇ ਭਾਈ ਗੁਰਨਾਮ ਸਿੰਘ ਤੇ ਭਾਈ ਉੱਤਮ ਸਿੰਘ ਏਵੇਂ ਉੱਡ ਗਏ ਜਿਵੇਂ ਰੂੰ ਉੱਡ ਜਾਂਦੀ ਐ। ਇਹ ਦੋਵੇਂ ਸਾਡੇ ਤੋਂ ਮੂਹਰੇ ਸੀਗੇ। ਸੰਤ ਪਹਿਲਾਂ ਅੱਗੇ ਨਿਕਲ਼ ਚੁੱਕੇ ਸੀ। ਭਾਈ ਗੁਰਮੁਖ ਸਿੰਘ ਡਰਾਈਵਰ ਨੇ ਮੈਨੂੰ ਫੜ ਕੇ ਉਥੇ ਨਾਲ਼ ਇੱਕ ਕਮਰਾ

ਭਾਈ ਪ੍ਰੀਤਮ ਸਿੰਘ ਫੱਤੂਢੀਂਗਾ (ਸ਼ਹੀਦ)

ਸੀਗਾ, ਓਧਰ ਨੂੰ ਖਿੱਚ ਲਿਆ ਕਿ ਟੈਂਕ ਦੇ ਗੋਲ਼ੇ ਦਾ ਨਿਸ਼ਾਨਾ ਬਣਨ ਦੀ ਬਜਾਏ ਏਥੇ ਮੋਰਚਾ ਲਾ ਲਈਏ। ਓਥੋਂ ਸਾਨੂੰ ਲੜਾਈ ਦਾ ਸਾਰਾ ਦ੍ਰਿਸ਼ ਦਿਸ ਰਿਹਾ ਸੀ। ਸੰਤਾਂ ਨੂੰ ਬ੍ਰੱਸ਼ਟ ਨਿਸ਼ਾਨ ਸਾਹਿਬ ਤੋਂ ਦਰਸ਼ਨੀ ਡਿਓੜ੍ਹੀ ਦੇ ਵਿਚਾਲੇ ਲੱਗਾ ਤੇ ਸੰਤ ਜਦੋਂ ਡਿੱਗੇ, ਓਦੋਂ ਉਹਨਾਂ ਦਾ ਸਿਰ ਹਰਿਮੰਦਰ ਸਾਹਿਬ ਦੀ ਦੀ ਦਰਸ਼ਨੀ ਡਿਓੜ੍ਹੀ ਵੱਲ ਸੀ। ਭਾਈ ਅਮਰੀਕ ਸਿੰਘ ਹੋਰਾਂ ਨੂੰ ਗੋਲ਼ੀ ਲੱਗ ਗਈ ਸੀ ਤੇ ਉਹ ਓਥੇ ਨਾਲ਼ ਹੀ ਜਿੱਥੇ ਛਬੀਲ ਹੁੰਦੀ ਸੀ, ਹੁਣ ਨੀਂ ਹੈਗੀ, ਥੜ੍ਹਾ ਸਾਹਿਬ ਤੇ ਜਾਂਦਿਆਂ, ਉਸ ਛਬੀਲ ਦੇ ਨੇੜੇ ਭਾਈ ਅਮਰੀਕ ਸਿੰਘ ਜੀ ਵੀ ਸ਼ਹੀਦ ਹੋ ਗਏ। ਓਥੇ ਬਾਕੀ ਸਿੰਘਾਂ ਨੇ ਸੰਤਾਂ ਦੀ ਹਦਾਇਤ ਅਨੁਸਾਰ ਓਥੋਂ ਨਿਕਲ਼ਣ ਬਾਰੇ ਵਿਚਾਰ ਕੀਤੀ।

ਸਵਾਲ : ਫਿਰ ਕਿੱਧਰ ਦੀ ਨਿਕਲ਼ੇ ?

ਜਵਾਬ : ਕਈ ਸਿੰਘ ਰਾਗੀਆਂ ਦੇ ਕਮਰਿਆਂ ਵੱਲ ਚਲੇ ਗਏ, ਓਥੇ ਉਹਨਾਂ ਨੂੰ ਕੱਪੜੇ ਤੇ ਜੋੜੇ ਮਿਲ਼ ਗਏ, ਉਹ ਪਾ ਕੇ ਨਿਕਲ਼ ਗਏ; ਭਾਈ ਅਨੋਖ ਸਿੰਘ ਉਬੋਕੇ, ਭਾਈ ਲਾਭ ਸਿੰਘ ਹੋਰੀਂ 30-35 ਸਿੰਘ ਵਿਚਾਰ ਕਰਨ ਲੱਗੇ ਕਿ ਕਾਠੀਆਂ ਵਾਲ਼ੇ ਬਜ਼ਾਰ ਵੱਲ ਦੀ ਨਿਕਲ਼ੀਏ। ਇਹ ਮੈਨੂੰ ਕਹਿੰਦੇ:- "ਮੁਖੀ ਤੂੰ ਲਾਡੀ ਦੇ ਘਰ ਵੇਖ ਕੇ ਆ ਕਿਵੇਂ ਆ।" ਲਾਡੀ ਸਿੰਘਾਂ ਦੀ ਜਾਣ-ਪਛਾਣ ਵਾਲ਼ਾ ਨੌਜਵਾਨ ਸੀ। ਮੈਂ ਬਾਬਾ ਗੁਰਬਖ਼ਸ਼ ਸਿੰਘ ਦੀ ਯਾਦਗਾਰ ਵਾਲ਼ੇ ਪਾਸਿਓਂ ਕੰਧ ਤੇ ਚੜ੍ਹ ਕੇ ਭੂਠਾ ਬਜ਼ਾਰ ਵਾਲ਼ੇ ਪਾਸੇ, ਇੱਕ ਕੋਠੇ ਤੋਂ ਦੂਜੇ ਕੋਠੇ ਤੇ ਛਾਲ ਮਾਰੀ, ਤੇ ਉਸ ਛੱਤ ਉੱਤੇ ਡਿੱਗ ਪਿਆ। ਉਹਨਾਂ ਘਰਾਂ ਦੇ ਚੁਬਾਰਿਆਂ ਤੇ ਵੀ ਫ਼ੌਜ ਸੀਗੀ, ਉਹਨਾਂ ਨੇ ਮੇਰੇ ਵੱਲ ਬ੍ਰੱਸ਼ਟ ਮਾਰਿਆ। ਗੋਲ਼ੀਆਂ ਮੇਰੇ ਨਾਲ਼ ਦੀ ਲੰਘ ਗਈਆਂ, ਮੈਂ ਓਥੋਂ ਰਿੜ੍ਹਦਾ-ਰਿੜ੍ਹਦਾ ਹੀ ਓਥੇ ਹੇਠਾਂ ਇੱਕ ਰੋਸ਼ਨਦਾਨ ਸੀ, ਉਸ ਰੋਸ਼ਨਦਾਨ 'ਚ ਛਾਲ ਮਾਰ ਦਿੱਤੀ। ਓਥੇ ਖੂਹੀ ਸੀ, ਮੈਂ ਓਥੇ ਜਾ ਡਿੱਗਿਆ, ਪਰ ਮੇਰਾ ਹੱਥ ਪੈ ਗਿਆ ਭੌਣੀ ਨੂੰ। ਫਿਰ ਮੈਂ ਓਥੇ 5-7 ਮਿੰਟ ਹੀ ਬੈਠਾ ਹੋਊਂਗਾ ਕਿ ਏਥੇ ਬਾਕੀ ਦੇ ਸਿੰਘ ਵੀ 'ਕੱਠੇ ਹੋ ਗਏ, ਬਲਵਿੰਦਰ ਸਿੰਘ ਖੋਜਕੀਪੁਰ, ਲਾਭ ਸਿੰਘ, ਅਨੋਖ ਸਿੰਘ, ਗੁਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਸੁਰਜੀਤ ਸਿੰਘ ਬੰਬੇ ਦਾ ਹੁੰਦਾ ਸੀ, ਉਹਨੂੰ 'ਬੰਬਾ-ਬੰਬਾ' ਕਹਿੰਦੇ ਸੀ, ਉਹਨੂੰ ਓਥੇ ਗੋਲ਼ੀ ਵੱਜ ਗਈ, ਉਹ ਓਥੇ ਹੀ ਸ਼ਹੀਦ ਹੋ ਗਿਆ। ਬਾਕੀ ਸਿੰਘ ਇੱਕ ਹੋਰ ਪਾਸੇ ਤੋਂ ਨਿਕਲ਼ ਗਏ ਤੇ ਮੈਂ ਹੋਰ ਰਾਹ ਪੈ ਗਿਆ।



ਭਾਈ ਲਾਭ ਸਿੰਘ ਅਤੇ ਭਾਈ ਅਨੋਖ ਸਿੰਘ ਉਬੋਕੇ

ਸਵਾਲ : ਤੁਸੀਂ ਫਿਰ ਕਿੱਧਰ ਨੂੰ ਗਏ ?

ਜਵਾਬ : ਮੈਂ ਬਾਹਰ ਇੱਕ ਬਜ਼ਾਰ ਖ਼ਾਲੀ ਵੇਖ ਕੇ ਓਧਰ ਨੂੰ ਪੈ ਗਿਆ, ਪਰ ਮਿਲਟਰੀ ਵਾਲ਼ੇ

ਕੰਧਾਂ ਨਾਲ਼ ਲੱਗੇ ਹੋਏ ਸੀ। ਉਹਨਾਂ ਨੇ ਇਕਦਮ ਮੇਰੇ ਵੱਲ ਫ਼ਾਇਰ ਕੀਤਾ ਤੇ ਕਹਿੰਦੇ:- "ਅਰੇ ਰੁਕ, ਰੁਕ-ਰੁਕ।" ਮੈਂ ਰੁਕ ਗਿਆ। ਉਹ ਕਹਿੰਦੇ:- "ਯੇ ਭਿੰਡਰਾਂਵਾਲ਼ੇ ਕਾ ਬੰਦਾ ਹੈ, ਮਾਰ ਦੋ ਗੋਲ਼ੀ...।" ਉਹਨਾਂ 'ਚੋਂ ਇੱਕ ਜਣਾ ਮੈਨੂੰ ਗੋਲ਼ੀ ਮਾਰਨ ਲੱਗਾ, ਉਹਨੇ ਆਪਣੀ ਗੰਨ ਨੂੰ ਬੁਲੇਟ ਮਾਰ ਲਿਆ, ਤੇ ਐਨ ਉਸੇ ਵੇਲ਼ੇ ਹੀ ਇੱਕ ਬੀ.ਐਸ.ਐਫ਼ ਦਾ ਸਿੱਖ ਅਫ਼ਸਰ ਆ ਗਿਆ। ਉਹ ਕਹਿੰਦਾ:- "ਰੁਕੋ, ਰੁਕੋ...।" ਉਹਨੇ ਹੱਥ ਦਾ ਇਸ਼ਾਰਾ ਕੀਤਾ ਤੇ ਜਿਹੜਾ ਫ਼ੌਜੀ ਮੇਰੇ ਗੋਲ਼ੀ ਮਾਰਨ ਲੱਗਾ ਸੀ, ਉਹ ਰੁਕ ਗਿਆ। ਫਿਰ ਉਹ ਅਫ਼ਸਰ ਮੈਨੂੰ ਕਹਿੰਦਾ:- "ਕਿੱਥੋਂ ਆਇਐਂ ਤੂੰ ਬਈ ਓਇ ?"

ਮੈਂ ਕਿਹਾ:- "ਜੀ ਮੈਂ ਤਾਂ ਮੁਲਾਜ਼ਮ ਆਂ ਸ਼੍ਰੋਮਣੀ ਕਮੇਟੀ ਦਾ, ਮੈਂ ਤਾਂ ਆਪਣੇ ਘਰ 'ਚੋਂ ਆਇਐਂ, ਮੇਰਾ ਪਰਿਵਾਰ ਮੇਰੇ ਬੱਚੇ ਨਿੱਖੜ ਗਏ ਨੇ...।"

ਉਹ ਮੇਰੀ ਬੋਲੀ ਦੇ ਹਿਸਾਬ ਨਾਲ ਪੁੱਛਣ ਲੱਗਾ, ਕਹਿੰਦਾ:- "ਤੇਰਾ ਇਲਾਕਾ ਕਿਹੜੈ ਭਲਾ ?"

ਮੈਂ ਕਿਹਾ:- "ਜੀ ਮੇਰਾ ਇਲਾਕਾ ਨਾਭਾ ਪਟਿਆਲ਼ਾ।" ਕਹਿੰਦਾ:- "ਕਿਹੜਾ ਪਿੰਡ ਐ ?" ਮੈਂ ਕਿਹਾ:- "ਜੀ ਟੋਡਰਵਾਲ।" ਕਹਿੰਦਾ:- "ਜਾਣਦੈਂ ਓਥੇ ਕਿਸੇ ਨੂੰ ?" ਮੈਂ ਕਿਹਾ:- "ਜਾਣਦਾਂ ਮੈਂ ਸਾਰੇ ਪਿੰਡ ਨੂੰ...।" ਕਹਿੰਦਾ:- "ਸਰਪੰਚ ਕੌਣ ਆ ਓਥੇ...?" ਮੈਂ ਕਿਹਾ:- "ਮਹਿੰਦਰ ਸਿੰਘ।" ਕਹਿੰਦਾ:- "ਨੰਬਰਦਾਰ (ਕੌਣ ਆ ਓਥੇ) ?" ਮੈਂ ਕਿਹਾ:- "ਜੀ ਦਲੀਪ ਸਿੰਘ।" ਉਹ ਕਹਿੰਦਾ:- "ਫਿਰ ਘਬਰਾ ਨਾ ਤੂੰ... ਦਲੀਪ ਸਿੰਘ ਦਾ ਮੈਂ ਰਿਸ਼ਤੇਦਾਰ ਆਂ...।

ਸਵਾਲ : ਫੇਰ ਓਥੋਂ ਕੈਦ 'ਚ ਕਿਵੇਂ ਪੈ ਗਏ ?

ਜਵਾਬ : ਉਹ ਅਫ਼ਸਰ ਮੈਨੂੰ ਕਹਿੰਦਾ:- "ਏਥੇ ਬਹਿ ਜਾ...।" ਓਥੇ ਦੁਕਾਨ ਜਿਹੀ ਦੇ ਬਾਹਰ ਮੈਨੂੰ ਬਿਠਾ ਦਿੱਤਾ। ਥੋੜ੍ਹੇ ਕੁ ਚਿਰ ਬਾਅਦ ਹੋਰ ਸਾਰੇ ਸਿੰਘ, ਤੇ ਨਾਲ ਬੀਬੀਆਂ ਬੱਚਿਆਂ ਨੂੰ ਫ਼ੌਜ ਵਾਲ਼ੇ ਬੱਟ ਮਾਰਦੇ-ਮਾਰਦੇ ਲਿਆ ਰਹੇ ਮੈਂ ਵੇਖੇ। ਚੀਕ-ਚਿਹਾੜਾ ਪੈ ਰਿਹਾ ਸੀ। ਫਿਰ ਉਹਨਾਂ ਸਾਰਿਆਂ ਨੂੰ ਵੀ ਓਥੇ ਬਿਠਾ ਦਿੱਤਾ। ਫਿਰ ਓਥੇ ਇੱਕ ਮਿਲਟਰੀ ਦਾ ਅਫ਼ਸਰ ਆਇਆ, ਉਹ ਫ਼ੌਜੀਆਂ ਨੂੰ ਕਹਿੰਦਾ:- "ਜਿਹੜਾ ਬੰਦਾ ਅੰਦਰੋਂ ਆਉਂਦਾ ਫੜਿਆ ਜਾਂਦੈ, ਉਹਨੂੰ ਮਿਲਟਰੀ ਦੇ ਕੈਂਪਾਂ ਵਿੱਚ ਜਾਂ ਫਿਰ ਕੋਤਵਾਲੀ 'ਚ ਲੈ ਕੇ ਜਾਓ, ਛੱਡਿਓ ਨਾ।" ਫਿਰ ਜਿਹੜੇ ਅਫ਼ਸਰ ਨੇ ਮੈਨੂੰ ਬਚਾਇਆ ਸੀ, ਉਹ ਕਹਿੰਦਾ:- "ਤੁਹਾਨੂੰ ਕੋਤਵਾਲੀ 'ਚੋਂ ਛੱਡ ਦੇਣਗੇ, ਮੈਂ ਤੁਹਾਨੂੰ ਓਥੇ ਭੇਜ ਦਿੰਨੈਂ... ਮੇਰੀ ਡਿਊਟੀ ਆ, ਮੈਂ ਤੁਹਾਨੂੰ ਏਥੋਂ ਛੱਡ ਨ੍ਹੀਂ ਸਕਦਾ।" ਮੈਂ ਕਿਹਾ:- "ਚਲੋ ਕੋਈ ਗੱਲ ਨ੍ਹੀਂ...।"

ਸਵਾਲ : ਤੁਹਾਡਾ ਪਰਿਵਾਰ ਕਿੱਥੇ ਰਿਹਾ ?

ਜਵਾਬ : ਭਾਈ ਮੋਹਕਮ ਸਿੰਘ ਹੋਰੀਂ ਪਰਕਰਮਾ ਵਿਚਲੀਆਂ ਸਾਰੀਆਂ ਬੀਬੀਆਂ ਨੂੰ ਗਿਆਨੀ ਪੂਰਨ ਸਿੰਘ ਦੀ ਰਿਹਾਇਸ਼ ਵੱਲ ਲੈ ਗਏ ਸੀ, ਜਿਸ ਕਰ ਕੇ ਉਹਨਾਂ ਦਾ ਬਚਾਅ ਹੋ ਗਿਆ।

ਸਵਾਲ : ਫਿਰ ਤੁਹਾਨੂੰ ਓਥੇ ਬਜ਼ਾਰ 'ਚ ਕਿੰਨਾ ਚਿਰ ਬਿਠਾਈ ਰੱਖਿਆ ?

ਜਵਾਬ : ਫਿਰ ਸਾਨੂੰ ਉਹਨਾਂ ਨੇ ਗ੍ਰਿਫ਼ਤਾਰ ਕਰ ਲਿਆ। ਪਾਣੀ ਦੀ ਪਿਆਸ ਸਾਰਿਆਂ ਨੂੰ ਲੱਗੀ ਸੀ। ਜਦੋਂ ਤਕ ਅਕਾਲ ਤਖ਼ਤ ਸਾਹਿਬ ਤੇ ਰਹੇ ਸੀ, ਭੁੱਖ ਤੇਹ ਦਾ ਪਤਾ ਹੀ ਨ੍ਹੀਂ ਸੀ ਲੱਗਾ, ਪਰ ਹੁਣ ਪਿਆਸ ਲੱਗੀ ਸੀ। ਓਥੇ ਇਲਾਕੇ ਦੇ ਹਿੰਦੂ 'ਕੱਠੇ ਹੋ ਕੇ ਫ਼ੌਜੀਆਂ ਨੂੰ ਪੂੜੀਆਂ, ਛੋਲੇ, ਕੜਾਹ ਤੇ ਲੱਡੂ ਖੁਆ ਰਹੇ ਸੀ, ਤੇ ਬੰਨ੍ਹ ਕੇ ਬਿਠਾਏ ਸਿੱਖਾਂ 'ਚੋਂ ਜੇ ਕੋਈ ਪਾਣੀ ਵੀ ਮੰਗਦਾ ਸੀ ਤਾਂ ਉਹਨੂੰ ਗਾਲ਼ਾਂ ਕੱਢਦੇ ਸੀਗੇ। ਫਿਰ ਓਥੇ ਇੱਕ ਸਰਦਾਰ, ਜਿਹੜਾ ਸਰਕਾਰੀ ਮੁਲਾਜ਼ਮ ਸੀ ਸ਼ਾਇਦ, ਉਹਦੀ ਅੱਧੀ ਦਾੜ੍ਹੀ ਬੱਧੀ ਸੀ ਤੇ ਅੱਧੀ ਖੁੱਲ੍ਹੀ ਸੀ, ਬਨੈਣ ਉਹਨੇ ਪਾਈ ਹੋਈ ਸੀ, ਉਹਦੇ ਹੱਥ 'ਚ ਪਾਣੀ ਦੀ ਬਾਲ਼ਟੀ ਫੜੀ ਹੋਈ ਸੀ, ਉਹ ਆਇਆ। ਉਸ ਸਿੱਖ ਅਫ਼ਸਰ ਨੇ ਉਹਨੂੰ ਕਿਹਾ ਕਿ ਸਾਰਿਆਂ ਨੂੰ ਪਾਣੀ ਪਿਆ ਦੇਹ। ਉਸ ਬੰਦੇ ਨੇ ਸਾਨੂੰ ਪਾਣੀ ਪਿਆਇਆ। ਉਹ ਨਾਲ਼ੇ ਰੋ ਰਿਹਾ ਸੀ ਤੇ ਨਾਲ਼ੇ ਸਾਨੂੰ ਪਾਣੀ ਪਿਆ ਰਿਹਾ ਸੀ। ਮੈਂ ਉਹਦੇ ਮੂੰਹ 'ਚੋਂ ਸਿਰਫ਼ ਏਹੀ ਸੁਣ ਸਕਿਆ:- "ਉੱਠੋ ਸਿੰਘੋ ! ਪਾਣੀ ਪੀ ਲਓ... ਆਪਾਂ ਤਾਂ ਹੁਣ ਖ਼ਤਮ ਆਂ...।" ...ਫੇਰ ਥੋੜ੍ਹੇ ਚਿਰ ਬਾਅਦ ਸਾਨੂੰ ਕੋਤਵਾਲੀ ਭੇਜ ਦਿੱਤਾ।

ਸਵਾਲ : ਕੋਤਵਾਲੀ 'ਚ ਤੁਹਾਡੇ ਨਾਲ ਹੋਰ ਕੀਹਨੂੰ-ਕੀਹਨੂੰ ਭੇਜਿਆ ?

ਜਵਾਬ : ਕਾਫ਼ੀ ਸਿੰਘ ਸੀਗੇ, ਇਹਨਾਂ ਦੇ ਵਿੱਚ ਲਾਭ ਸਿੰਘ ਤੇ ਅਨੋਖ ਸਿੰਘ ਉਬੋਕੇ ਵੀ ਸੀਗੇ। ਕੋਤਵਾਲੀ ਦੇ ਵਿੱਚ 6 ਜੂਨ ਸ਼ਾਮ ਦੇ ਪੰਜ-ਛੇ ਵਜੇ ਐਸ.ਪੀ. ਅਪਾਰ ਸਿੰਘ ਬਾਜਵਾ ਆਇਆ। ਉਹ ਲਾਭ ਸਿੰਘ ਨੂੰ ਜਾਣਦਾ ਸੀ। ਉਹਦੇ ਨਾਲ਼ ਇੱਕ ਹੌਲਦਾਰ ਸੀ, ਜੀਹਦਾ ਨਾਂ ਸਕੱਤਰ ਸਿੰਘ ਸੀ। ਉਹਨੂੰ ਮੈਂ ਜਾਣਦਾ ਸੀ। ਭਾਈ ਗੁਰਸ਼ਰਨ ਸਿੰਘ ਦੇ ਕਿਸੇ ਰਿਸ਼ਤੇਦਾਰ ਦੇ ਘਰ 'ਚ ਉਹ ਕਿਰਾਏਦਾਰ ਸੀਗਾ। ਭਾਈ ਗੁਰਸ਼ਰਨ ਸਿੰਘ ਦੇ ਪਰਿਵਾਰ ਨੇ ਉਹਨੂੰ ਕਿਹਾ ਸੀ ਕਿ ਪਤਾ ਕਰ ਕੇ ਦੱਸ ਗੁਰਸ਼ਰਨ ਸਿੰਘ ਕਿੱਥੇ ਆ। ਅਪਾਰ ਸਿੰਘ ਨੇ ਲਾਭ ਸਿੰਘ ਤੇ ਅਨੋਖ ਸਿੰਘ ਦੇ ਨਾਲ਼ ਗੱਲ ਕੀਤੀ। ਉਹਨੇ ਕਿਹਾ:- "ਸੰਤਾਂ ਦਾ ਸਰੀਰ ਮਿਲ਼ ਗਿਐ, ਸੰਤ ਸ਼ਹਾਦਤ ਦਾ ਜਾਮ ਪੀ ਗਏ ਆ...।" ਉਹਨੇ ਨਾਲ਼ ਇਹ ਗੱਲ ਵੀ ਕਹੀ, ਕਹਿੰਦਾ:- "ਤੁਹਾਨੂੰ ਕੋਈ ਕੁਝ ਕਹੀ ਜਾਵੇ, (ਪਰ) ਸੰਤ ਸ਼ਹੀਦ ਹੋ ਗਏ ਆ।" ਏਨੀ ਗੱਲ ਕਹਿ ਕੇ ਉਹ ਚਲਾ ਗਿਆ। ਫੇਰ ਸਾਨੂੰ ਕੈਂਪਾਂ 'ਚ ਲੈ ਗਏ। ਓਥੇ ਸਕਰੀਨਿੰਗ ਹੋਈ, ਸ਼ਨਾਖਤ ਕੱਲ੍ਹੇ-ਕੱਲ੍ਹੇ ਦੀ ਹੋਈ। ਸਾਨੂੰ ਇੱਕ ਸਕੂਲ ਦੇ ਕਮਰੇ 'ਚ ਢਾਈ ਸੌ ਬੰਦੇ ਨੂੰ ਤਾੜ ਦਿੱਤਾ ਗਿਆ। ਓਥੇ ਇਹ ਵੀ ਅਫ਼ਵਾਹ ਸੀ ਕਿ ਜਿਹੜੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਨੇ, ਉਹਨਾਂ ਨੂੰ ਛੱਡਿਆ ਜਾ ਰਿਹੈ, ਤੇ ਭਾਨ ਸਿੰਘ ਤੇ ਅਬਿਨਾਸ਼ੀ ਸਿੰਘ ਛੁਡਾ ਰਹੇ ਨੇ। ਮੈਂ ਵੀ ਸ਼੍ਰੋਮਣੀ ਕਮੇਟੀ ਮੁਲਾਜ਼ਮ ਹੀ ਸੀਗਾ। ਮੈਨੂੰ ਸਾਰੇ ਕਹਿਣ ਕਿ ਮੁਖੀ ਤੂੰ ਛੁੱਟ ਜਾਣਾ ਐ, ਸਾਡੇ ਘਰੀਂ ਵੀ ਸੁਨੇਹਾ ਦੇ ਦਈਂ, ਕਿ ਆਹ ਹਾਲਾਤ ਆ...।"

ਸਵਾਲ : ਫੇਰ ਤੁਹਾਨੂੰ ਛੱਡਣ ਬਾਰੇ ਗੱਲ ਚੱਲੀ ?

ਜਵਾਬ : ਜਦੋਂ ਕੱਲ੍ਹੇ-ਕੱਲ੍ਹੇ ਦੀ ਸਕਰੀਨਿੰਗ ਹੋਈ, ਤਾਂ ਮੈਨੂੰ ਢਾਈ ਸੌ ਸਿੰਘਾਂ 'ਚੋਂ ਇਕੱਲੇ ਨੂੰ ਹੀ ਪਾਸੇ ਬਿਠਾ ਲਿਆ। ਮੈਂ ਸੋਚਿਆ, ਸ਼ਾਇਦ ਮੈਨੂੰ ਛੱਡਣੈ, ਇਸ ਲਈ ਮੈਨੂੰ ਵੱਖ ਕੀਤੈ। ਪਰ ਥੋੜ੍ਹੇ ਚਿਰ ਬਾਅਦ 10-15 ਮਿਲਟਰੀ ਵਾਲ਼ੇ ਆਏ, ਮੈਨੂੰ ਉਠਾਇਆ ਤੇ ਗੰਨਾਂ ਮੇਰੇ ਸਰੀਰ ਦੇ ਨਾਲ਼ ਲਾ ਲਈਆਂ, ਤੇ ਲੈ ਤੁਰੇ। ਦੋ ਤਿੰਨ ਅੱਗੇ, ਦੋ ਤਿੰਨ ਪਿੱਛੇ, ਬਾਕੀ ਸਾਈਡਾਂ ਤੇ। ਮੈਂ ਸੋਚਿਆ ਕਿ ਇਹ ਛੱਡਣ ਲਈ ਤਾਂ ਨਹੀਂ ਲਿਜਾ ਰਹੇ ਲੱਗਦੇ। ਜਦੋਂ ਅੱਗੇ ਗਏ, ਸਾਰੇ ਸਿੰਘ ਓਥੇ ਬਿਠਾਏ ਹੋਏ ਸੀ, ਜਿਨ੍ਹਾਂ 'ਚ ਹਰਚਰਨ ਸਿੰਘ, ਕੁਲਦੀਪ ਸਿੰਘ, ਸੁਰਿੰਦਰ ਸਿੰਘ (ਜੋਧਪੁਰੀ) ਕਸ਼ਮੀਰ ਸਿੰਘ, ਦਲਬੀਰ ਸਿੰਘ, ਹਰਮਿੰਦਰ ਸਿੰਘ ਸੰਧੂ, ਮਹਿਤਾ, ਚਾਵਲਾ, ਸਾਰੇ ਕੁੱਲ 17 ਬੰਦੇ ਸੀ ਓਥੇ। ਜਿਹੜੇ 17 ਬੰਦੇ ਪਹਿਲਾਂ ਜੋਧਪੁਰ ਭੇਜੇ, ਉਹਨਾਂ 'ਚ ਵਿਰਸਾ ਸਿੰਘ, ਮਹਿਤਾ, ਚਾਵਲਾ, ਭੁਪਿੰਦਰ ਸਿੰਘ ਭੂਪੀ ਹੋਰੀਂ ਸੀ, ਸਾਨੂੰ 17 ਜਣਿਆਂ ਨੂੰ ਜੋਧਪੁਰ ਜੇਲ੍ਹ 'ਚ ਭੇਜਿਆ। ਸਾਡੀਆਂ ਅੱਖਾਂ ਬੱਧੀਆਂ ਹੋਈਆਂ ਸੀ ਤੇ ਸਾਨੂੰ ਗਾਲ੍ਹਾਂ ਕੱਢ ਰਹੇ ਸੀ। ਇੱਕ ਸਿੱਖ ਅਫ਼ਸਰ ਹਦਾਇਤਾਂ ਦੇ ਰਿਹਾ ਸੀ ਫ਼ੌਜੀਆਂ ਨੂੰ, ਕਹਿੰਦਾ:- "ਸਾਲ਼ਿਓ ! ਇਹਨਾਂ ਦੀਆਂ ਅੱਖਾਂ 'ਚ ਕੈਮਰੇ ਲੱਗੇ ਹੋਏ ਨੇ, ਜੀਹਨੂੰ ਇੱਕ ਵਾਰ ਵੇਖ ਲੈਂਦੇ ਨੇ, ਭੁੱਲਦੇ ਨਹੀਂ; ਅੱਖਾਂ ਚੰਗੀ ਤਰ੍ਹਾਂ ਬੰਨ੍ਹੋਂ ਇਹਨਾਂ ਦੀਆਂ।" ਇਸ ਤਰ੍ਹਾਂ ਅੱਖਾਂ ਤੇ ਪੱਟੀਆਂ, ਹੱਥਾਂ ਪਿੱਛੇ ਹਥਕੜੀਆਂ, ਸਾਨੂੰ ਏਅਰਪੋਰਟ ਤੇ ਲਿਆਏ, ਜਹਾਜ਼ 'ਚ ਚੜ੍ਹਾਇਆ। ਜਹਾਜ਼ 'ਚ ਸਾਰਿਆਂ ਨੂੰ ਭੁੰਜੇ ਹੀ ਬਿਠਾਇਆ ਤੇ ਫਿਰ ਪਹਿਲਾਂ ਅਜਮੇਰ, ਫਿਰ ਜੋਧਪੁਰ ਲੈ ਗਏ। ਅੱਖਾਂ ਓਥੇ ਜੇਲ੍ਹ ਦੀ ਡਿਓੜ੍ਹੀ 'ਚ ਜਾ ਕੇ ਖੋਲ੍ਹੀਆਂ।

ਸਵਾਲ : ਜੋਧਪੁਰ ਜੇਲ੍ਹ ਦੀ ਕੋਈ ਖ਼ਾਸ ਯਾਦ ?

ਜਵਾਬ : ਓਥੇ ਹਰਮਿੰਦਰ ਸਿੰਘ ਸੰਧੂ ਸਾਡੇ ਨਾਲ਼ ਸੀਗਾ, ਕਾਫ਼ੀ ਸੁਲ਼ਝਿਆ ਹੋਇਆ ਸਿੰਘ ਸੀ। ਇਹ ਕਹਿੰਦਾ ਔਖਾ ਸਮਾਂ ਐ, ਪਤਾ ਨ੍ਹੀਂ ਕਦੋਂ ਤਕ ਏਥੇ ਰਹਿਣਾ ਪੈਣਾ ਐਂ। ਮੈਨੂੰ ਕਹਿੰਦਾ:- "ਮੁਖੀ, ਏਥੇ ਵੇਹਲੇ ਬਹਿਣ ਨਾਲ਼ੋਂ ਪੜ੍ਹਾਈ ਕਰੋ ਵੱਧ ਤੋਂ ਵੱਧ, ਕੌਮ ਨੂੰ ਇਹ ਵੀ ਲੋੜ ਆ।" ਫਿਰ ਓਥੇ ਹਰਮਿੰਦਰ ਸਿੰਘ ਸੰਧੂ ਦੀ ਪ੍ਰੇਰਨਾ ਦੇ ਨਾਲ਼ ਹੀ ਜੇਲ੍ਹ 'ਚ ਮੈਂ ਬੁੱਧੀਮਾਨੀ, ਗਿਆਨੀ ਤੇ ਬੀ.ਏ. ਤਕ ਪੜ੍ਹਾਈ ਕੀਤੀ। ਸੰਨ 1989 'ਚ ਸਾਡੀਆਂ ਰਿਹਾਈਆਂ ਹੋਈਆਂ।


ਭਾਈ ਹਰਮਿੰਦਰ ਸਿੰਘ ਸੰਧੂ

ਸਵਾਲ : ਸੰਤਾਂ ਦੀ ਸ਼ਹੀਦੀ ਬਾਰੇ ਤੁਸੀਂ ਸਭ ਨੂੰ ਦੱਸਦੇ ਰਹੇ?

ਜਵਾਬ : ਹਾਂ, ਸੰਤਾਂ ਦੀ ਸ਼ਹੀਦੀ ਦੇ ਬਾਰੇ ਮੈਂ ਲਗਾਤਾਰ ਸਭ ਨੂੰ ਦੱਸਦਾ ਰਿਹੈਂ, ਮੈਨੂੰ ਕਈਆਂ ਨੇ ਧਮਕਾਇਆ ਵੀ, ਬਾਬਾ ਠਾਕਰ ਸਿੰਘ ਜੀ ਕੋਲ਼ ਸ਼ਿਕਾਇਤਾਂ ਵੀ ਕੀਤੀਆਂ, ਪਰ ਬਾਬਾ ਠਾਕਰ ਸਿੰਘ ਹੋਰਾਂ ਮੈਥੋਂ ਕਦੇ ਜਵਾਬਤਲਬੀ ਨਹੀਂ ਕੀਤੀ, ਮੈਨੂੰ ਪਿਆਰ ਕਰਦੇ ਰਹੇ ਤੇ ਕਈ ਵਾਰ ਮੈਨੂੰ ਸਿਰੋਪਾ ਵੀ ਦਿੱਤਾ। ਅੱਜ ਸੰਤਾਂ ਦੀ ਸ਼ਹੀਦੀ ਨੂੰ ਪ੍ਰਵਾਨ ਕੀਤਾ ਗਿਐ, ਇਹ ਤਸੱਲੀ ਵਾਲ਼ੀ ਗੱਲ ਐ।

****

"1984 ਦਾ ਸਾਕਾ 1947 ਤੋਂ ਵੀ ਵੱਡਾ"

ਦਾਰਜੀ ਕੁਲਵੰਤ ਸਿੰਘ ਸਾਰਚੂਰ ਨਾਲ਼ ਵਿਸ਼ੇਸ਼ ਮੁਲਾਕਾਤ


ਦਾਰਜੀ ਕੁਲਵੰਤ ਸਿੰਘ ਸਾਰਚੂਰ

ਜਿਨ੍ਹਾਂ ਪਾਠਕਾਂ ਨੇ 'ਬਿਖੜਾ ਪੈਂਡਾ' ਕਿਤਾਬ ਪੜ੍ਹੀ ਹੈ, ਉਹਨਾਂ ਲਈ ਸੰਦੀਪ ਕੌਰ ਦੇ ਪਿਤਾ ਸ੍ਰ. ਕੁਲਵੰਤ ਸਿੰਘ 'ਦਾਰਜੀ' ਦਾ ਨਾਮ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਕਈ ਪਾਠਕਾਂ ਦੀ ਲੰਮੇ ਸਮੇਂ ਤੋਂ ਇਹ ਇੱਛਾ ਹੈ ਕਿ 'ਦਾਰਜੀ' ਬਾਰੇ ਹੋਰ ਵਧੇਰੇ ਜਾਣਕਾਰੀ ਦਿੱਤੀ ਜਾਵੇ, ਕਿਉਂਕਿ ਉਹਨਾਂ ਦਾ ਰੋਲ਼ ਬਹੁਤ ਹੀ ਉਤਸ਼ਾਹ ਵਧਾਊ ਰਿਹਾ ਹੈ। ਦਾਰਜੀ ਸੰਨ 1947 ਦੀ ਭਾਰਤ-ਪਾਕਿ ਵੰਡ ਦੇ ਗਵਾਹ ਵੀ ਹਨ ਅਤੇ ਕਿਸਾਨ ਅੰਦੋਲਨ ਨਾਲ਼ ਵੀ ਜੁੜੇ ਰਹੇ ਹਨ ਤੇ ਇਸ 'ਚ ਉਹਨਾਂ ਨੇ ਕਈ ਜੇਲ੍ਹਾਂ ਵੀ ਕੱਟੀਆਂ ਹਨ। ਉਹਨਾਂ ਦੇ ਇਸ ਸੰਘਰਸ਼ਸ਼ੀਲ ਜੀਵਨ ਵਿੱਚੋਂ ਸਿੱਖਾਂ ਵੱਲੋਂ 1947 ਤੋਂ ਲੈ ਕੇ ਝੱਲੇ ਗਏ ਦੁੱਖ ਮੁਸੀਬਤਾਂ ਦਾ ਪਤਾ ਲੱਗ ਜਾਂਦਾ ਹੈ, ਜਿਸ ਤੇ ਚਾਨਣਾ ਪਾਉਣ ਦੇ ਲਈ ਲੇਖਕ ਵੱਲੋਂ ਉਹਨਾਂ ਨਾਲ਼ ਵਿਸ਼ੇਸ਼ ਗੱਲਬਾਤ ਕੀਤੀ ਗਈ, ਜੋ ਕਿ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਹੈ।

ਸਵਾਲ : ਦਾਰਜੀ ! ਪਾਕਿਸਤਾਨ 'ਚ ਤੁਹਾਡਾ ਪਿੰਡ ਕਿਹੜਾ ਸੀ ਤੇ ਓਥੇ ਕਿੰਨੀ ਜ਼ਮੀਨ ਸੀ ?

ਜਵਾਬ : ਓਥੇ ਜ਼ਿਲ੍ਹਾ ਸ਼ੇਖੂਪੁਰਾ 'ਚ ਚੱਕ ਨੰ. 83 'ਚ ਪਿੰਡ ਡੱਲਾ ਜਰਮੀਆ ਸੀ ਤੇ ਓਥੇ ਸਾਡੀ ਜ਼ਮੀਨ ਪੌਣਾ ਮੁਰੱਬਾ ਸੀ। ਇਸ ਤੋਂ ਇਲਾਵਾ ਗੁਰਦਾਸਪੁਰ 'ਚ ਸਾਧਾਂਵਾਲ਼ੀ ਪਿੰਡ 'ਚ ਸਾਢੇ ਸੱਤ ਕਿੱਲੇ ਜ਼ਮੀਨ ਵੱਖਰੀ ਸੀ।

ਸਵਾਲ : ਇੱਕ ਮੁਰੱਬੇ 'ਚ ਕਿੰਨੀ ਜ਼ਮੀਨ ਹੁੰਦੀ ਹੈ ?

ਜਵਾਬ : ਇੱਕ ਮੁਰੱਬੇ 'ਚ 25 ਕਿੱਲੇ ਜ਼ਮੀਨ ਹੁੰਦੀ ਸੀ।

ਸਵਾਲ : ਉਦੋਂ ਤੁਹਾਡੀ ਉਮਰ...?

ਜਵਾਬ : ਮੇਰੀ ਉਮਰ ਉਦੋਂ ਨੌਂ ਕੁ ਸਾਲ ਦੀ ਸੀ ਤੇ ਮੈਂ ਪੰਜਵੀਂ ਜਮਾਤ 'ਚ ਪੜ੍ਹਦਾ ਸੀ। ਓਥੇ ਖ਼ਾਲਸਾ ਹਾਈ ਸਕੂਲ ਸੀ ਕੁਟੀਆ ਬਾਬਾ ਚੇਤਨ ਦਾਸ 'ਚ। ਇਹ ਚਾਰ ਪੰਜ ਪਿੰਡਾਂ ਨੂੰ ਸਾਂਝਾ ਇੱਕ ਸਕੂਲ ਲੱਗਦਾ ਸੀ, ਜਿਹੜਾ ਸਿੱਖਾਂ ਨੇ ਬਣਾਇਆ ਸੀ।

ਸਵਾਲ : ਫਿਰ ਵੰਡ ਵੇਲ਼ੇ ਦੇ ਹਾਲਾਤ ਕਿਵੇਂ ਬਣੇ ਤੇ ਓਥੋਂ ਕਿਵੇਂ ਨਿਕਲ਼ੇ...?

ਜਵਾਬ : ਰਾਵਲਪਿੰਡੀ 'ਚ ਤਾਂ ਪਹਿਲਾਂ ਹੀ ਸਿੱਖਾਂ ਦੀ ਬਹੁਤ ਕਤਲੇਆਮ ਹੋਈ ਸੀ। ਸਾਡੇ

ਇਲਾਕੇ 'ਚ ਭਲੇਰ ਪਿੰਡ 'ਚ ਸਿੱਖ ਫ਼ੌਜੀਆਂ ਦੀ ਗਿਣਤੀ ਵਾਹਵਾ ਸੀ। ਉਹਨਾਂ ਨੇ ਓਥੇ ਮੋਰਚਾ ਬਣਾਇਆ ਸੀ। ਇੱਕ ਢਾਬਾਂ ਪਿੰਡ ਸੀ, ਓਥੇ ਵੀ ਕਾਫ਼ੀ ਸਿੱਖ ਫ਼ੌਜੀ ਸੀਗੇ। ਦੰਗਾਕਾਰੀ ਹਮਲੇ ਤਾਂ ਕਰਦੇ ਰਹੇ, ਪਰ ਸਿੱਖ ਫ਼ੌਜੀਆਂ ਦੇ ਉਹ ਮੋਰਚੇ ਬੜੇ ਪੱਕੇ ਸੀ। ਲੜਾਈ ਹੁੰਦੀ ਰਹੀ। ਪਰ ਸਿੱਖਾਂ ਦੀ ਹੈਗੀ ਤੇ ਘੱਟਗਿਣਤੀ ਸੀ। ਇੱਕ ਵਾਰ ਰਾਤ ਨੂੰ ਜਿਹੜੇ ਮੋਹਰੀ ਫ਼ੌਜੀ ਸੀ, ਉਹ ਪਿੰਡਾਂ ਦੇ ਵਿੱਚ ਸਿੱਖਾਂ ਦੇ ਘਰ ਘਰ ਗਏ, ਉਹਨਾਂ ਆਖਿਆ ਕਿ ਹੁਣ ਸਾਨੂੰ ਇੱਥੋਂ ਨਿਕ਼ਲਣਾ ਤਾਂ ਪੈਣਾ ਹੀ ਐ... ਇਹ ਇਲਾਕਾ ਪਾਕਿਸਤਾਨ 'ਚ ਆ ਗਿਐ... ਇਸ ਲਈ ਨੇੜੇ ਜਿਹੜਾ ਵੀ ਕੈਂਪ (ਸ਼ਰਨਾਰਥੀ ਕੈਂਪ) ਹੈ, ਓਥੇ ਚਲੇ ਜਾਣਾ ਚਾਹੀਦੈ। ਸਲਾਹ ਹੋਈ ਕਿ ਨਨਕਾਣਾ ਸਾਹਿਬ ਕੈਂਪ 'ਚ ਚਲੇ ਜਾਈਏ। ਸਾਰਿਆਂ ਸਿੱਖ ਪਰਿਵਾਰਾਂ ਨੂੰ ਆਖਿਆ ਗਿਆ ਕਿ ਸਿਰਫ਼ ਜ਼ਰੂਰੀ ਚੀਜ਼ਾਂ ਹੀ ਨਾ਼ਲ ਲਓ, ਆਟਾ, ਬਿਸਤਰੇ, ਕੱਪੜੇ ਜਿਹੜੀਆਂ ਚੀਜ਼ਾਂ ਜ਼ਰੂਰੀ ਸੀ, ਉਹ ਲੈ ਕੇ ਬਾਕੀ ਸਾਰਾ ਕੁਝ ਓਥੇ ਹੀ ਛੱਡ ਕੇ ਜਾਣਾ ਸੀ। ਅਸੀਂ ਨਿਆਣੇ ਸੀ, ਫਿਰ ਵੀ ਗ਼ੁੱਸਾ ਸੀ ਕਿ ਅਸੀਂ ਆਪਣਾ ਸਾਰਾ ਸਮਾਨ ਏਥੇ ਹੀ ਛੱਡ ਕੇ ਚਲੇ ਜਾਣੈ ? ਕਈ ਵਾਰ ਗ਼ੁੱਸੇ 'ਚ ਆਪ ਹੀ ਸਮਾਨ ਭੰਨੀ ਜਾਣਾ ਪਈ ਇਹ ਜੇ ਸਾਡਾ ਨ੍ਹੀਂ ਰਹਿਣਾ ਤਾਂ ਕਿਸੇ ਹੋਰ ਦੇ ਕੰਮ ਵੀ ਨਾ ਆਵੇ।

ਸਵਾਲ : ਇਹੋ ਜਿਹੇ ਮਾਹੌਲ 'ਚ ਕੁਝ ਹੋਰ ਘਟਨਾਵਾਂ ਜੋ ਲਿਖਣ ਯੋਗ ਹੋਣ...।

ਜਵਾਬ : ਕਈ ਕੁੜੀਆਂ ਦੀ ਮੰਗਣੀ ਹੋਈ ਪਈ ਸੀ, ਵਿਆਹ 'ਚ ਅਜੇ ਸਮਾਂ ਰਹਿੰਦਾ ਸੀ। ਵੱਢ-ਫੱਟ ਸ਼ੁਰੂ ਹੋ ਗਈ ਤੇ ਧੀਆਂ ਵਾ਼ਲੇ ਆਪਣੀਆਂ ਧੀਆਂ ਨੂੰ ਉਹਨਾਂ ਦੇ ਸਹੁਰੇ ਛੱਡ ਕੇ ਜਾਣ ਲੱਗ ਪਏ ਪਈ ਤੁਸੀਂ ਆਪਣੀ ਅਮਾਨਤ ਸੰਭਾ਼ਲੋ। ਇੱਕ ਥਾਂ ਤੇ ਕੀ ਹੋਇਆ ਕਿ ਸਹੁਰੇ ਘਰ ਵਾ਼ਲਿਆਂ ਨੇ ਜਵਾਬ ਦੇ ਦਿੱਤਾ ਕਿ ਅਜੇ ਵਿਆਹ ਤਾਂ ਹੋਇਆ ਨ੍ਹੀਂ, ਤੇ ਅਸੀਂ ਐਦਾਂ ਕਿਵੇਂ ਰੱਖ ਲੀਏ ? ਓਥੇ ਤਲਖ-ਕਲਾਮੀ ਹੋ ਗਈ ਤੇ ਧੀਆਂ ਦਾ ਜਿਹੜਾ ਪਿਓ ਸੀ, ਉਹਨੇ ਗ਼ੁੱਸੇ 'ਚ ਆ ਕੇ ਆਪਣੀਆਂ ਦੋਵੇਂ ਕੁੜੀਆਂ ਓਥੇ ਖੇਤ 'ਚ ਹੀ ਵੱਢ ਘੱਤੀਆਂ। ਜਾਨ ਤੋਂ ਵਧੇਰੇ ਫ਼ਿਕਰ ਸਾਰਿਆਂ ਨੂੰ ਪਰਿਵਾਰ ਦੀ ਇੱਜ਼ਤ ਬਚਾਉਣ ਦਾ ਹੁੰਦਾ ਸੀ।

ਸਵਾਲ : ਫਿਰ ਪਿੰਡੋਂ ਕਿਵੇਂ ਨਿਕ਼ਲੇ...?

ਜਵਾਬ : ਸਾਡੇ ਪਿੰਡ ਦਾ ਚੌਂਕੀਦਾਰ ਮੁਸਲਮਾਨ ਸੀ। ਬੜਾ ਚੰਗਾ ਬੰਦਾ ਸੀ। ਉਹ ਸਾਡੇ ਕਾਫ਼ਲੇ ਦਾ ਰਾਹ ਦਸੇਰਾ ਬਣਿਆ ਪਈ ਰਾਹ 'ਚ ਕਿਤੇ ਕਾਫ਼ਲੇ ਤੇ ਹਮਲਾ ਨਾ ਹੋਵੇ। ਗੱਡਿਆਂ ਦਾ ਕਾਫ਼ਲਾ ਸੀ। ਸਾਰੀ ਰਾਤ ਤੁਰਦੇ ਤੇ ਸਵੇਰੇ ਇੱਕ ਨਹਿਰ ਪਾਰ ਕਰ ਕੇ ਉਹਦੇ ਕੰਢੇ ਪੜਾਅ ਕਰ ਲਿਆ। ਨਨਕਾਣਾ ਸਾਹਿਬ ਅਜੇ ਦੂਰ ਸੀ। ਓਥੇ ਸ਼ਰਾਰਤੀ ਮੁੰਡਿਆਂ ਨੇ ਕੁਝ ਪਟਾਕੇ ਚਲਾ ਦਿੱਤੇ ਤੇ ਸਾਰੇ ਇਕਦਮ ਭਾਜੜ ਪੈ ਗਈ ਪਈ ਹਮਲਾ ਹੋ ਗਿਆ। ਓਥੋਂ ਉਸੇ ਹੀ ਤਰ੍ਹਾਂ ਨੰਗੇ ਪੈਰੀਂ ਫੇਰ ਉੱਠ ਤੁਰੇ। ਰਾਹ ਬੜਾ ਔਖਾ ਸੀ ਤੇ ਨਨਕਾਣਾ ਸਾਹਿਬ ਤਕ ਉਸੇ ਤਰ੍ਹਾਂ ਨੰਗੇ ਪੈਰੀਂ ਹੀ ਤੁਰ ਕੇ ਪਹੁੰਚੇ। ਓਥੇ ਸਾਡੇ ਰਿਸ਼ਤੇਦਾਰ ਸੀ, ਸਾਨੂੰ ਉਹਨਾਂ ਨੇ ਟਰੱਕਾਂ ਵਾ਼ਲੇ ਕਾਫ਼ਲੇ ਨਾ਼ਲ ਭੇਜ ਦਿੱਤਾ। ਇਹ ਕਾਫ਼ਲਾ ਰਾਹ 'ਚ ਇੱਕ ਥਾਂ ਸਿਰਫ਼ ਲਾਹੌਰ ਰੁਕਿਆ, ਓਥੇ ਆਪਣੀ ਫ਼ੌਜ ਦੇ ਜਵਾਨ ਆ਼ਲੇ-ਦੁਆ਼ਲੇ ਮੋਟਰਸਾਈਕਲਾਂ ਤੇ ਗਸ਼ਤ ਕਰਦੇ ਰਹੇ, ਪਹਿਰਾ ਦਿੰਦੇ ਰਹੇ... ਫਿਰ ਇਹ ਕਾਫ਼ਲਾ ਅੰਮ੍ਰਿਤਸਰ ਆ ਗਿਆ। ਸਭ ਤੋਂ ਪਹਿਲਾਂ ਅਸੀਂ ਆਪਣੇ ਪਿੰਡ ਸਾਧਾਂਵਾ਼ਲੀ, ਜਿੱਥੇ


1947 ਦੀ ਵੰਡ ਸਮੇਂ ਘਰ-ਘਾਟ ਛੱਡ ਕੇ ਨਿਕਲਦੇ ਲੋਕਾਂ ਦਾ ਕਾਫ਼ਲਾ

ਸਾਡੀ ਜ਼ਮੀਨ ਸੀ, ਓਥੇ ਆਏ। ਫਿਰ ਸਾਨੂੰ ਜ਼ਮੀਨਾਂ ਅਲਾਟ ਹੋਈਆਂ। ਪਹਿਲਾਂ ਸਾਨੂੰ ਪਿੰਡ ਕਾਸ਼ਤੀਵਾ਼ਲ 'ਚ ਜ਼ਮੀਨ ਅਲਾਟ ਹੋਈ, ਪਰ ਓਥੇ ਕੁਝ ਲੋਕਾਂ ਨੇ ਇਤਰਾਜ਼ ਕੀਤਾ ਕਿ ਅਸੀਂ ਏਥੇ ਆ ਕੇ ਵੱਸੇ ਆਂ ਤੇ ਇੱਥੇ ਦੀਆਂ ਜ਼ਮੀਨਾਂ ਸਾਨੂੰ ਮਿ਼ਲਣੀਆਂ ਚਾਹੀਦੀਐਂ। ਫਿਰ ਉਹ ਕੈਂਸਲ ਕਰ ਕੇ ਸਾਰਚੂਰ ਪਿੰਡ 'ਚ ਸਾਨੂੰ ਪਾਕਿਸਤਾਨ ਦੀ ਜ਼ਮੀਨ ਵੰਡੇ 16 ਕਿੱਲੇ ਜ਼ਮੀਨ ਮਿ਼ਲੀ।

ਸਵਾਲ : ਜ਼ਮੀਨ ਤੋਂ ਸਵਾਲ ਹੁਣ ਇੱਥੇ ਕਿਸਾਨੀ ਮਸਲਿਆਂ ਬਾਰੇ ਪੈਦਾ ਹੁੰਦਾ ਹੈ। 1947 ਤੋਂ ਬਾਅਦ ਪੰਜਾਬ ਦੀ ਸਿੱਖ ਕਿਸਾਨੀ ਨੂੰ ਵਾਰ-ਵਾਰ ਸੰਘਰਸ਼ ਕਰਨ ਲਈ ਮਜਬੂਰ ਕਿਉਂ ਹੋਣਾ ਪਿਆ, ਕਿਉਂਕਿ ਤੁਸੀਂ ਖ਼ੁਦ ਕਿਸਾਨ ਸੰਘਰਸ਼ ਦੇ ਵਿੱਚ ਜੇਲ੍ਹਾਂ ਕੱਟਦੇ ਰਹੇ ਹੋ...?

ਜਵਾਬ : 1947 ਤੋਂ ਬਾਅਦ ਵਿੱਚ ਤਾਂ ਜਿਹੜੀ ਵੀ ਹਕੂਮਤ ਬਣੀ, ਉਹਦਾ ਟੀਚਾ ਹੀ ਰਿਹੈ ਕਿ ਸਿੱਖਾਂ ਨੂੰ ਕਮਜ਼ੋਰ ਕੀਤਾ ਜਾਵੇ। ਕੱਲ੍ਹੇ ਕਿਸਾਨਾਂ ਦੇ ਮੁੱਦੇ ਹੀ ਨਈਂ ਸੀ, ਧਾਰਮਕ ਮੁੱਦੇ ਵੀ ਸੀ, ਪੰਜਾਬੀ ਸੂਬੇ ਲਈ ਵੀ ਲੰਮਾ ਸੰਘਰਸ਼ ਕਰਨਾ ਪਿਆ।

ਸਵਾਲ : ਪੰਜਾਬੀ ਸੂਬੇ ਦੇ ਸੰਘਰਸ਼ ਬਾਰੇ ਤੁਹਾਡਾ ਕੋਈ ਨਿੱਜੀ ਤਜਰਬਾ...?

ਜਵਾਬ : 1956 'ਚ ਜਦੋਂ ਮੇਰੀ ਉਮਰ 18 ਕੁ ਸਾਲ ਦੀ ਸੀ, ਮੈਂ ਪੰਜਾਬੀ ਸੂਬੇ ਦੇ ਮੋਰਚੇ 'ਚ ਹਿੱਸਾ ਲੈਣ ਲਈ ਸ੍ਰੀ ਦਰਬਾਰ ਸਾਹਿਬ ਚਲਾ ਗਿਆ... ਪਰ ਓਥੋਂ ਪਿੱਛੋਂ ਘਰ ਦੇ ਆ ਕੇ ਮੈਨੂੰ ਵਾਪਸ ਮੋੜ ਲਿਆਏ ਕਿ ਅਜੇ ਤੇਰੀ ਉਮਰ ਛੋਟੀ ਐ। ਵੈਸੇ ਪਿੰਡਾਂ ਵਿੱਚੋਂ ਬਹੁਤ ਜਥੇ ਜਾਂਦੇ ਰਹੇ। ਪੰਜਾਬੀ ਸੂਬਾ ਵੀ 1966 'ਚ ਲਾਲ ਬਹਾਦਰ ਸ਼ਾਸਤਰੀ ਨੇ ਬਣਾਇਆ, ਜਦੋਂ ਪਾਕਿਸਤਾਨ ਨਾ਼ਲ ਹੋਈ 1965 ਦੀ ਜੰਗ 'ਚ ਸਿੱਖ ਫ਼ੌਜੀਆਂ ਦੀ ਬਹਾਦਰੀ ਵੇਖੀ। ਫਿਰ ਇਸ ਸੂਬੇ ਨੂੰ ਮੁਕੰਮਲ ਕਰਵਾਉਣ ਲਈ ਸੰਘਰਸ਼ ਚੱਲਦਾ ਰਿਹਾ।

ਸਵਾਲ : ਤੁਸੀਂ ਕਿਨ੍ਹਾਂ ਮਸਲਿਆਂ ਨੂੰ ਲੈ ਕੇ ਕਿਸਾਨੀ ਸੰਘਰਸ਼ 'ਚ ਗ੍ਰਿਫ਼ਤਾਰੀਆਂ ਦਿੰਦੇ ਰਹੇ ?

ਜਵਾਬ : ਖਾਦਾਂ ਤੇ ਹੋਰ ਚੀਜ਼ਾਂ ਦੇ ਭਾਅ ਵੱਧ ਤੋਂ ਵੱਧ ਤੇ ਦੂਜੇ ਪਾਸੇ ਕਣਕ ਤੇ ਝੋਨੇ ਦੇ ਭਾਅ ਬਹੁਤ ਘੱਟ ਦਿੰਦੇ ਸੀ, ਗੰਨਾ ਤਾਂ ਚੁੱਕਦੇ ਹੀ ਨਹੀਂ ਸੀ, ਗੰਨਾ ਰੁਲਦਾ ਸੀ। ਇਸ ਲਈ ਗ੍ਰਿਫ਼ਤਾਰੀਆਂ ਦਿੰਦੇ ਰਹੇ... ਸਾਨੂੰ ਦਿੱਲੀ ਤਿਹਾੜ ਜੇਲ੍ਹ 'ਚ ਵੀ ਰੱਖਿਆ ਗਿਆ। ਇੱਕ ਵਾਰ ਜਦੋਂ ਆਪਣੇ ਪਿੰਡ ਦੇ ਵੱਲੋਂ ਮੈਂ ਗ੍ਰਿਫ਼ਤਾਰੀ ਲਈ ਗਿਆ। ਗ੍ਰਿਫ਼ਤਾਰ ਹੋਇਆ ਤਾਂ ਪਿੱਛੋਂ ਪਿੰਡ ਵਾਲ਼ਿਆਂ ਮਿਲ਼ ਕੇ ਮੇਰੀ ਫ਼ਸਲ ਨੂੰ ਸੰਭਾਲ਼ਿਆ, ਵਾਢੀ ਵੀ ਆਪ ਕੀਤੀ ਤੇ ਮੰਡੀ ਵੀ ਆਪ ਹੀ ਪਹੁੰਚਾਈ। ਏਨਾ ਭਾਈਚਾਰਾ ਹੁੰਦਾ ਸੀ ਓਦੋਂ ਪਿੰਡਾਂ 'ਚ। ਸੰਘਰਸ਼ ਚੱਲਦੇ ਰਹੇ। ਹੁਣ ਵੀ ਕਿਸਾਨਾਂ ਬਾਰੇ ਓਹੀ ਪਾਲਿਸੀਆਂ ਹੀ ਚੱਲੀਆਂ ਆਉਂਦੀਐਂ...।

ਸਵਾਲ: ਪੰਜਾਬ 'ਚ ਖਾੜਕੂ ਲਹਿਰ ਨੂੰ ਦਬਾਉਣ ਲਈ ਸਰਕਾਰ ਨੇ ਜਦੋਂ ਪੁਲਿਸ ਫ਼ੋਰਸਾਂ ਨੂੰ ਹਰ ਤਰ੍ਹਾਂ ਦੀ ਖੁੱਲ੍ਹ ਦੇ ਦਿੱਤੀ... ਮਨੁੱਖੀ ਹੱਕਾਂ ਦੀ ਉਲੰਘਣਾ ਦੇ ਉਸ ਦੌਰ ਵਿੱਚ ਸਿੱਖ ਕਿਸਾਨਾਂ ਨੂੰ ਕਿਸ ਤਰ੍ਹਾਂ ਦੀਆਂ ਖ਼ਾਸ ਮੁਸ਼ਕਲਾਂ ਆਉਂਦੀਆਂ ਰਹੀਆਂ ?

ਜਵਾਬ : ਪੁਲਿਸ ਵਾਲ਼ੇ ਜਦੋਂ ਪਿੰਡਾਂ 'ਚ ਘੇਰਾ ਪਾਉਂਦੇ ਤਾਂ ਕਈ ਕਈ ਕਿੱਲੇ ਖੇਤ ਬੁਲੇਟ ਪਰੂਫ਼ ਟਰੈਕਟਰਾਂ ਨਾਲ਼ ਵਿਛਾ ਦੇਣੇ, ਫ਼ਸਲਾਂ ਤਬਾਹ ਕਰ ਦੇਣੀਆਂ। ਕਈ ਪੁਲਿਸ ਪਾਰਟੀਆਂ ਨੂੰ ਜਦੋਂ ਖ਼ਤਰਾ ਹੁੰਦਾ ਪਈ ਸੜਕ ਦੇ ਰਾਹ ਕਿਤੇ ਬਰੂਦੀ ਸੁਰੰਗ ਲੱਗੀ ਹੋ ਸਕਦੀ ਐ, ਉਹਨਾਂ ਨੇ ਕਾਫ਼ਲਾ ਖੇਤਾਂ ਦੇ ਵਿੱਚ ਦੀ ਕੱਢ ਲੈਣਾ। ਇਸ ਤਰ੍ਹਾਂ ਫ਼ਸਲਾਂ ਦਾ ਪੁਲਿਸ ਬਹੁਤ ਨੁਕਸਾਨ ਕਰਦੀ ਰਹੀ।


ਪੰਜਾਬ ਪੁਲਿਸ ਵੱਲੋਂ ਵਰਤੇ ਜਾਂਦੇ ਰਹੇ ਬੁਲੇਟ ਪਰੂਫ ਟਰੈਕਟਰ

ਸਵਾਲ : ਪੁਲਿਸ ਨਾਲ਼ ਤੁਹਾਡਾ ਸਿੱਧਾ ਵਾਹ ਪੈਣ ਦਾ ਵਰਤਾਰਾ ਕਿਸ ਤਰ੍ਹਾਂ ਦਾ ਸੀ...?

ਜਵਾਬ : ਅਸੀਂ ਤਾਂ ਇਸ ਸੰਘਰਸ਼ 'ਚ ਹਿੱਸਾ ਲੈਣ ਬਾਰੇ ਨਹੀਂ ਸੀ ਸੋਚਿਆ, ਪਰ ਜਦੋਂ ਸੰਦੀਪ ਇਸ ਲਹਿਰ 'ਚ ਸ਼ਾਮਲ ਹੋ ਗਈ ਤਾਂ ਫਿਰ ਤਾਂ ਪੁਲਿਸ ਸਾਡੇ ਘਰ ਨਿੱਤ ਦਿਨ ਛਾਪੇ ਮਾਰਨ ਲੱਗ ਪਈ। ਅਖ਼ੀਰ ਅਸੀਂ ਸਾਰੇ ਟੱਬਰ ਨੇ ਰਾਤ ਨੂੰ ਘਰੋਂ ਬਾਹਰ ਸੌਣਾ ਸ਼ੁਰੂ ਕਰ ਦਿੱਤਾ। ਮੇਰੇ ਮਾਤਾ ਜੀ ਬਹੁਤ ਬਜ਼ੁਰਗ ਸਨ, ਚੱਲ ਫਿਰ ਵੀ ਨਹੀਂ ਸੀ ਸਕਦੇ, ਉਹਨਾਂ ਦੀ ਉਸ ਹਾਲਤ ਵਿੱਚ ਹੀ ਮੰਜੀ ਚੁੱਕ ਕੇ ਨਾਲ਼ ਲਿਜਾਇਆ ਕਰਨੀ... ਫਿਰ ਉਹਨਾਂ ਨੇ ਕਿਹਾ ਕਿ ਮੈਨੂੰ ਤੁਸੀਂ ਏਥੇ ਹੀ ਛੱਡ ਜਾਇਆ ਕਰੋ। ਫਿਰ ਉਹਨਾਂ ਦੀ ਮੰਜੀ ਘਰ 'ਚ ਹੀ ਰਹਿਣ ਦਿੰਦੇ, ਉਹਨਾਂ ਨੂੰ ਰਾਤ ਆ ਕੇ ਵੇਖਣਾ, ਕਿਉਂਕਿ ਉਹਨਾਂ ਦੀ ਸਿਹਤ ਢਿੱਲੀ ਰਹਿੰਦੀ ਸੀ। ਇਸ ਤਰ੍ਹਾਂ ਮੈਨੂੰ ਕਈ ਵਾਰ ਪੁਲਿਸ ਨੇ ਲੈ ਜਾਣਾ, ਕਈ ਵਾਰ ਬਿੱਟੂ (ਪੁੱਤਰ) ਨੂੰ ਵੀ ਪੁਲਿਸ ਲੈ ਕੇ ਗਈ।

ਸਵਾਲ : ਇਸ ਤੋਂ ਬਾਅਦ ਫਿਰ ਜਦੋਂ ਸੰਦੀਪ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ, ਓਦੋਂ ਬਾਅਦ ਜੇਲ੍ਹਾਂ ਤੇ ਕਚਹਿਰੀਆਂ ਦੇ ਚੱਕਰ ਤੇ ਚੱਕਰ ਲੱਗਦੇ ਰਹੇ...?

ਜਵਾਬ : ਪਹਿਲਾਂ ਤਾਂ ਪਤਾ ਹੀ ਨ੍ਹੀਂ ਸੀ ਕਿ ਗ੍ਰਿਫ਼ਤਾਰ ਕਰ ਕੇ ਕਿੱਥੇ ਲੈ ਗਏ। ਪੇਸ਼ ਵੀ ਕਰ'ਤਾ,

ਤਾਂ ਵੀ ਪਹਿਲਾਂ ਅੰਮ੍ਰਿਤਸਰ ਲੈ ਗਏ, ਫਿਰ ਗੁਰਦਾਸਪੁਰ, ਫੇਰ ਅੰਮ੍ਰਿਤਸਰ ਲੈ ਆਏ... ਅਸੀਂ ਸਾਰੇ ਥਾਂਵਾਂ ਤੇ ਘੁੰਮਦੇ ਰਹੇ। ਕਦੀ ਚੰਡੀਗੜ੍ਹ ਗਏ। 12-13 ਦਿਨਾਂ ਬਾਅਦ ਸੰਗਰੂਰ ਜੇਲ੍ਹ 'ਚ ਜਾ ਕੇ ਮੁਲਾਕਾਤ ਹੋਈ। ਪਹਿਲਾਂ 4-5 ਕੇਸ ਪਾਏ ਸੀ, ਉਹਨਾਂ ਦੀਆਂ ਜ਼ਮਾਨਤਾਂ ਮਨਜ਼ੂਰ ਕਰਵਾਈਆਂ, ਉਹ ਜ਼ਮਾਨਤਾਂ ਅਜੇ ਭਰਵਾਈਆਂ ਨਹੀਂ ਸੀ ਕਿ ਉਹਨਾਂ ਨੇ ਰਿਮਾਂਡ ਤੇ ਲਿਜਾ ਕੇ 3-4 ਕੇਸ ਹੋਰ ਪਾ ਦਿੱਤੇ। ਫਿਰ ਸਾਨੂੰ ਵਕੀਲਾਂ ਨੇ ਕਿਹਾ ਕਿ ਐਹਨਾਂ ਨੇ ਕੁੜੀ ਨੂੰ ਬਾਹਰ ਨ੍ਹੀਂ ਨਿਕਲ਼ਣ ਦੇਣਾ... ਇੱਕ ਕੇਸ 'ਚੋਂ ਜ਼ਮਾਨਤ ਕਰਵਾਓਗੇ ਤੇ ਇਹ ਦੋ ਹੋਰ ਪਾ ਦੇਣਗੇ। ਬਿਹਤਰ ਏਹੋ ਹੀ ਐ ਕਿ ਜ਼ਮਾਨਤਾਂ ਕਰਵਾਓ ਹੀ ਨਾ...। ਦਸੰਬਰ 1992 'ਚ ਧਰਮ ਸਿੰਘ ਸ਼ਹੀਦ ਹੋ ਗਏ। ਇਸ ਦੁੱਖ ਦੀ ਘੜੀ 'ਚ ਸੰਦੀਪ ਦਾ ਰਿਮਾਂਡ ਲੈ ਗਏ। ਬਿੱਟੂ (ਲੜਕੇ) ਨੂੰ ਵੀ ਪੁਲਿਸ ਲੈ ਗਈ। ਏਦਾਂ ਦੇ ਜ਼ੁਲਮ ਬਹੁਤ ਹੋਏ। ਫਿਰ 4 ਸਾਲ ਬਾਅਦ ਸੰਦੀਪ ਨੂੰ ਜੇਲ੍ਹ 'ਚੋਂ ਬਾਹਰ ਕਢਵਾਇਆ। ਵੈਸੇ ਤਾਂ ਨਾ 1947 ਭੁੱਲ ਸਕਦੀ ਐ ਤੇ ਨਾ ਹੀ 1984, ਪਰ 1984 'ਚ ਤੇ ਉਸ ਤੋਂ ਬਾਅਦ ਜਿਹੜੇ ਜ਼ੁਲਮ ਸਿੱਖਾਂ ਤੇ ਹੋਏ ਉਹਨਾਂ ਨੇ ਮੁਗ਼ਲਾਂ ਨੂੰ ਵੀ ਮਾਤ ਪਾ ਦਿੱਤੀ, 1947 ਦਾ ਦੁਖਾਂਤ ਤਾਂ ਇਹਦੇ ਅੱਗੇ ਕੁਝ ਵੀ ਨਹੀਂ।

4 ਸਾਲ ਦੀ ਪੈਰਵੀ ਪਿੱਛੋਂ ਸੰਨ 1996 ਵਿੱਚ ਸੰਦੀਪ ਕੌਰ ਦੀ ਸੰਗਰੂਰ ਜੇਲ੍ਹ 'ਚੋਂ ਰਿਹਾਈ ਤੋਂ ਬਾਅਦ ਉਸ ਨਾਲ਼ ਦਾਰਜੀ ਸ. ਕੁਲਵੰਤ ਸਿੰਘ ਜੀ ਤੇ ਮਾਤਾ ਜਸਬੀਰ ਕੌਰ ਜੀ

'ਵੰਗਾਰ' ਦੇ ਦਫ਼ਤਰ ਵਿੱਚ ਦਾਰਜੀ ਨਾਲ਼ ਗੱਲਬਾਤ ਕਰਦਿਆਂ ਲੇਖਕ

****

"ਹਰਿਮੰਦਰ ਸਾਹਿਬ ਕੰਪਲੈਕਸ 'ਚੋਂ ਉੱਠਦਾ ਧੂੰਆਂ ਦੂਰ ਦੂਰ ਤਕ ਦਿਸ ਰਿਹਾ ਸੀ"

ਮਾਤਾ ਜਸਬੀਰ ਕੌਰ ਨਾਲ਼ ਮੁਲਾਕਾਤ

ਜਿਨ੍ਹਾਂ ਪਾਠਕਾਂ ਨੇ 'ਬਿਖੜਾ ਪੈਂਡਾ' ਕਿਤਾਬ ਪੜ੍ਹੀ ਹੈ, ਉਹਨਾਂ ਲਈ ਸੰਦੀਪ ਕੌਰ ਦੇ 'ਬੀਜੀ' ਮਾਤਾ ਜਸਬੀਰ ਕੌਰ ਜਾਣ-ਪਛਾਣ ਦੇ ਮੁਥਾਜ ਨਹੀਂ। ਪਾਠਕਾਂ ਨੇ ਇਹ ਤਾਂ ਵਿਸਤਾਰ ਨਾਲ਼ ਪੜ੍ਹਿਆ ਹੈ ਕਿ ਸੰਦੀਪ ਕੌਰ ਓਦੋਂ 12 ਕੁ ਸਾਲ ਦੀ ਉਮਰ ਵਿੱਚ ਹੀ ਸ੍ਰੀ ਹਰਿਮੰਦਰ ਸਾਹਿਬ ਤੇ ਫ਼ੌਜੀ ਹਮਲੇ ਦੇ ਵਿਰੋਧ 'ਚ ਅੰਮ੍ਰਿਤਸਰ ਨੂੰ ਤੁਰੇ ਕਾਫ਼ਲੇ 'ਚ ਰਲ਼ ਗਈ ਸੀ, ਪਰ ਬੀਜੀ ਜਸਬੀਰ ਕੌਰ ਜੀ ਇਸ ਤੋਂ ਪਹਿਲਾਂ ਹੀ ਹਰਿਮੰਦਰ ਸਾਹਿਬ ਤੇ ਹਮਲੇ ਦੀ ਖ਼ਬਰ ਸੁਣਦਿਆਂ ਹੀ ਪੰਜ ਬੀਬੀਆਂ ਦਾ ਜਥਾ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਵੱਲ ਤੁਰ ਪਏ ਸਨ। ਜਦੋਂ ਸਿੱਖੀ ਦੇ ਕੇਂਦਰ ਤੇ ਗੋਲ਼ੀਆਂ ਦਾ ਮੀਂਹ ਵਰ੍ਹ ਰਿਹਾ ਸੀ, ਤਾਂ ਓਦੋਂ ਕਰਫ਼ਿਊ ਅਤੇ ਫ਼ੌਜੀ ਸੰਗੀਨਾਂ ਵਿੱਚ ਚਾਰ ਚੁਫ਼ੇਰਿਓਂ ਘਿਰੇ ਹੋਏ ਨਿਹੱਥੇ ਸਿੱਖ ਅਵਾਮ ਦੀ ਬੇਚੈਨੀ ਅਤੇ ਬੇਵੱਸੀ ਤੇ ਝਾਤ ਪਾਉਣ ਲਈ ਲੇਖਕ ਨੇ ਬੀਜੀ ਜਸਬੀਰ ਕੌਰ ਜੀ ਨਾਲ਼ ਸੰਖੇਪ ਗੱਲਬਾਤ ਕੀਤੀ, ਜੋ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਹੈ:-

ਸਵਾਲ : ਬੀਜੀ ਸਭ ਤੋਂ ਪਹਿਲਾਂ ਇਹ ਦੱਸੋ ਕਿ ਤੁਹਾਡਾ ਧਰਮ ਯੁੱਧ ਮੋਰਚੇ 'ਚ ਗ੍ਰਿਫ਼ਤਾਰੀਆਂ ਦੇਣ ਦਾ ਸਿਲਸਿਲਾ ਕਦੋਂ ਤੋਂ ਸ਼ੁਰੂ ਹੋਇਆ...?

ਜਵਾਬ : ਮੋਰਚਾ ਵਾਹਵਾ ਲੰਮਾ ਚੱਲਿਆ। ਪਹਿਲਾਂ ਤੁਹਾਡੇ ਦਾਰਜੀ (ਸ੍ਰ. ਕੁਲਵੰਤ ਸਿੰਘ) ਗ੍ਰਿਫ਼ਤਾਰੀਆਂ ਦਿੰਦੇ ਹੁੰਦੇ ਸੀ, ਕਿਸਾਨ ਯੂਨੀਅਨ ਦੇ ਮੋਰਚੇ 'ਚ ਇਹ ਤਿਹਾੜ ਜੇਲ੍ਹ 'ਚ ਵੀ ਰਹੇ ਸੀ। ਧਰਮ ਯੁੱਧ ਮੋਰਚੇ 'ਚ ਸੰਨ 1982 'ਚ ਹੀ ਮੈਂ ਪਹਿਲੀ ਵਾਰ ਬੀਬੀਆਂ ਦੇ ਜਥੇ 'ਚ ਗ੍ਰਿਫ਼ਤਾਰੀ ਦਿੱਤੀ। ਜੇਲ੍ਹਾਂ ਭਰੀਆਂ ਹੁੰਦੀਆਂ ਸੀ। ਸਾਨੂੰ ਇੱਕ ਦਿਨ ਅੰਮ੍ਰਿਤਸਰ ਜੇਲ੍ਹ 'ਚ ਰੱਖਿਆ ਤੇ ਫਿਰ ਛੱਡ ਦਿੱਤਾ। ਫਿਰ ਗ੍ਰਿਫ਼ਤਾਰੀਆਂ ਦੇਣ ਦਾ ਰੁਝਾਨ ਚੱਲ ਪਿਆ। ਫਿਰ ਸਾਡੇ ਇਲਾਕੇ ਦੇ ਲੀਡਰ ਸ੍ਰ. ਮਹਿੰਦਰ ਸਿੰਘ ਸਰੂਪਵਾਲੀ ਨੇ ਮੈਨੂੰ ਬੀਬੀਆਂ ਦੇ ਜਥੇ 'ਚੋਂ ਜਥੇਦਾਰਨੀ ਬਣਾ ਦਿੱਤਾ ਤੇ ਜ਼ਿੰਮੇਵਾਰੀ ਹੋਰ ਵਧ ਗਈ।

ਸਵਾਲ : ਗ੍ਰਿਫ਼ਤਾਰੀਆਂ ਦੇਣ ਵੇਲ਼ੇ ਪਿੱਛੋਂ ਬੱਚੇ ਇਕੱਲੇ ਘਰੇ ਰਹਿ ਜਾਂਦੇ...?

ਜਵਾਬ : ਕਈ ਵਾਰ ਰਹਿ ਪੈਂਦੇ, ਕਈ ਵਾਰ ਨਿੱਕੇ ਬੱਚੇ ਵੀ ਨਾਲ਼ ਲੈ ਜਾਂਦੀਆਂ। ਸੰਦੀਪ ਨੇ ਵੀ ਕਈ ਵਾਰ ਸਾਡੇ ਨਾਲ਼ ਗ੍ਰਿਫ਼ਤਾਰੀ ਦੇ ਕੇ ਧਰਮ ਯੁੱਧ ਮੋਰਚੇ 'ਚ ਜੇਲ੍ਹ ਕੱਟੀ ਸੀ।

ਸਵਾਲ : ਸੰਤ ਭਿੰਡਰਾਂਵਾਲ਼ਿਆਂ ਨਾਲ਼ ਕਦੇ ਮੁਲਾਕਾਤ ਹੋਈ...?

ਧਰਮ ਯੁੱਧ ਮੋਰਚੇ ਸਮੇਂ ਬੀਬੀਆਂ ਦਾ ਇੱਕ ਜਥਾ

ਜਵਾਬ : ਉਹਨਾਂ ਨਾਲ ਆਹਮੋ-ਸਾਹਮਣੇ ਬਹਿ ਕੇ ਤਾਂ ਕਦੇ ਗੱਲ ਨੀਂ ਹੋਈ, ਪਰ ਉਹਨਾਂ ਦੇ ਦਰਸ਼ਨ ਹਰ ਵਾਰ ਹੁੰਦੇ ਸੀ। ਉਹਨਾਂ ਦੇ ਮੰਜੀ ਸਾਹਿਬ ਦੀਵਾਨ ਹਾਲ 'ਚ ਵਿਚਾਰ ਸੁਣਦੇ। ਓਥੋਂ ਸਟੇਜ ਤੋਂ ਦੱਸਦੇ ਸੀ ਕਿ ਫਲਾਣੇ ਇਲਾਕੇ ਦਾ ਬੀਬੀਆਂ ਦਾ ਜਥਾ ਐਸ ਬੀਬੀ ਦੀ ਅਗਵਾਈ 'ਚ ਗ੍ਰਿਫ਼ਤਾਰੀ ਦੇਣ ਜਾ ਰਿਹੈ। ਜਥਿਆਂ ਨੂੰ ਕਈ ਵਾਰੀ ਸੰਤ ਲੌਂਗੋਵਾਲ਼ ਤੇ ਕਈ ਵਾਰ ਸੰਤ ਭਿੰਡਰਾਂਵਾਲ਼ੇ ਤੋਰਦੇ ਹੁੰਦੇ ਸੀ। ਸਟੇਜ ਤੋਂ ਬੋਲਣ ਦਾ ਸਮਾਂ ਵੀ ਦਿੰਦੇ, ਮੈਂ ਤਾਂ ਸਿਰਫ਼ ਫ਼ਤਹਿ ਹੀ ਬੁਲਾਉਂਦੀ ਸੀ। ਓਦੋਂ ਦਰਬਾਰ ਸਾਹਿਬ 'ਚ ਕੇਸਰੀ ਦਸਤਾਰਾਂ ਦਾ ਹੜ੍ਹ ਆਇਆ ਹੁੰਦਾ ਸੀ।

ਸਵਾਲ : ਗ੍ਰਿਫ਼ਤਾਰੀ ਦੇਣ ਤੋਂ ਬਾਅਦ ਕਿਹੜੀ ਜੇਲ੍ਹ 'ਚ ਰੱਖਦੇ ਸੀ?

ਜਵਾਬ : ਗ੍ਰਿਫ਼ਤਾਰੀ ਦੇਣ ਵੇਲ਼ੇ ਕਈ ਥਾਂਵਾਂ ਤੋਂ ਜਥੇ ਆਏ ਹੁੰਦੇ ਸੀ। ਸਾਰੇ ਕੱਠੇ ਹੋ ਕੇ ਗ੍ਰਿਫ਼ਤਾਰੀ ਦਿੰਦੇ ਸੀ। ਨਾਹਰੇ ਲਾਉਂਦੇ ਸ੍ਰੀ ਦਰਬਾਰ ਸਾਹਿਬ ਤੋਂ ਕੋਤਵਾਲ਼ੀ ਆਉਂਦੇ। ਅੱਗੋਂ ਕੋਤਵਾਲ਼ੀ ਪੁਲਿਸ ਵਾਲ਼ਿਆਂ ਨੇ ਬੱਸਾਂ ਖਲ੍ਹਾਰੀਆਂ ਹੁੰਦੀਆਂ, ਉਹਦੇ 'ਚ ਚੜ੍ਹਾ ਕੇ ਲੁਧਿਆਣੇ ਜੇਲ੍ਹ ਲੈ ਜਾਂਦੇ। ਪਹਿਲਾਂ ਤਾਂ 8 ਦਿਨ ਰੱਖਦੇ ਹੁੰਦੇ ਸੀ, ਫਿਰ ਜੇਲ੍ਹਾਂ ਭਰ ਗਈਆਂ ਤੇ ਫਿਰ ਜਥੇ ਨੂੰ ਇੱਕ ਦਿਨ ਜੇਲ੍ਹ 'ਚ ਰੱਖ ਕੇ ਛੱਡਣ ਲੱਗ ਪਏ।

ਸਵਾਲ : ਗ੍ਰਿਫ਼ਤਾਰੀਆਂ ਦੇਣ ਵੇਲ਼ੇ ਨਾਹਰੇ ਕਿਹੜੇ ਲਾਉਂਦੇ ਸੀ...?

ਜਵਾਬ : ਨਾਹਰੇ ਲਾਉਂਦੇ ਸੀ:- 'ਰਾਜ ਕਰੇਗਾ ਖ਼ਾਲਸਾ-ਪੰਥ ਕੀ ਜੀਤ'। ਕਈ ਵਾਰੀ ਮੁੰਡੇ ਇਹ ਵੀ ਨਾਹਰਾ ਲਾਉਂਦੇ ਹੁੰਦੇ ਸੀ- "ਹਿੱਕ ਤੇ ਗੋਡਾ ਰੱਖ ਦਿਆਂਗੇ, ਇੰਦਰਾ ਗਾਂਧੀ ਨੂੰ ਚੱਕ ਦਿਆਂਗੇ"।

ਸਵਾਲ : ਜਦੋਂ ਹਮਲਾ ਹੋਣ ਦਾ ਪਤਾ ਲੱਗਾ, ਤੁਸੀਂ ਉਸੇ ਵੇਲ਼ੇ ਹੀ ਅੰਮ੍ਰਿਤਸਰ ਨੂੰ ਤੁਰ ਪਏ?

ਜਵਾਬ : ਪਹਿਲਾਂ ਇੱਕ ਜੂਨ ਨੂੰ ਜਦੋਂ ਸੀ.ਆਰ.ਪੀ. ਨੇ ਗੋਲ਼ੀ ਚਲਾਈ, ਓਦੋਂ ਅਸੀਂ ਗ੍ਰਿਫ਼ਤਾਰੀ ਦੇਣ ਆਈਆਂ ਸੀ। ਓਦੋਂ ਇੱਕ ਦਿਨ ਜੇਲ੍ਹ 'ਚ ਰੱਖ ਕੇ ਸਾਨੂੰ ਛੱਡ ਦਿੱਤਾ। ਸਾਨੂੰ ਨੀਂ ਸੀ ਅੰਦਾਜ਼ਾ ਕਿ ਹੁਣ ਹਮਲਾ ਹੋ ਜਾਣੈ... ਅਸੀਂ ਪਿੰਡ ਵਾਪਸ ਆ ਗਈਆਂ। ਦਰਬਾਰ ਸਾਹਿਬ ਸਾਡੇ ਪਿੰਡ ਦੇ ਵਿੱਚੋਂ ਬਾਪੂ ਸੁਰਜੀਤ ਸਿੰਘ ਹੋਰਾਂ ਦਾ ਪ੍ਰਾਹੁਣਾ ਮੈਨੂੰ ਓਥੇ ਮਿਲ਼ ਪਿਆ, ਮੈਂ ਉਹਨੂੰ ਕਿਹਾ ਕਿ ਪਿੰਡ ਨੂੰ ਸਾਡੇ ਨਾਲ਼ ਹੀ ਚੱਲ ਪਵੇ, ਪਰ ਉਹ ਕਹਿੰਦਾ ਮੈਂ ਬਾਅਦ 'ਚ ਆਊਂ। ਪਿੱਛੋਂ ਹਮਲਾ ਹੋ ਗਿਆ ਤੇ ਉਹ ਵੀ ਵਿੱਚੇ ਹੀ ਸ਼ਹੀਦ ਹੋ ਗਿਆ...।

ਸਵਾਲ : ਫਿਰ ਜਦੋਂ ਹਮਲੇ ਦਾ ਪਤਾ ਲੱਗਾ, ਓਦੋਂ ਕੌਣ ਕੌਣ ਤੁਰਿਆ...?

ਜਵਾਬ : 4 ਜੂਨ ਨੂੰ ਤੜਕੇ ਹਮਲਾ ਹੋ ਗਿਆ ਤੇ ਖ਼ਬਰ ਫੈਲ ਗਈ। ਸੰਤ ਭਿੰਡਰਾਂਵਾਲ਼ੇ ਤਾਂ ਸਟੇਜ ਤੋਂ ਕਹਿੰਦੇ ਹੁੰਦੇ ਸੀ ਕਿ ਫ਼ੌਜ ਨੇ ਹਮਲਾ ਕਰਨਾ ਵਾ। ਉਹ ਕਹਿੰਦੇ ਸੀ ਜਦੋਂ ਵੀ

ਤੁਹਾਨੂੰ ਹਮਲਾ ਹੋਣ ਦਾ ਪਤਾ ਲੱਗੇ, ਤੁਸੀਂ ਅੰਮ੍ਰਿਤਸਰ ਨੂੰ ਤੁਰ ਪੈਣਾ ਐ। ਅਸੀਂ 5 ਬੀਬੀਆਂ ਨੇ ਮਰਜੀਵੜਿਆਂ 'ਚ ਨਾਂ ਲਿਖਵਾਏ ਹੋਏ ਸੀ, ਇਸ ਲਈ ਅਸੀਂ ਪੰਜ ਜਣੀਆਂ ਉਸੇ ਵੇਲ਼ੇ ਤੁਰ ਪਈਆਂ। ਅਸੀਂ ਪਿੰਡ ਦੇ ਗੁਰਦੁਆਰੇ 'ਚ ਅਰਦਾਸ ਕਰ ਕੇ ਤੁਰੀਆਂ। ਮੇਰੇ ਨਾਲ਼ ਵਾਲ਼ੀਆਂ ਬੀਬੀਆਂ ਦੇ ਨਾਂ, ਇੱਕ ਦਾ ਨਾਂ ਬੀਬੀ ਬਲਵੰਤ ਕੌਰ, ਇੱਕ ਬੀਬੀ ਕੁਲਵੰਤ ਕੌਰ, ਇੱਕ ਬੀਬੀ ਮੁਲਾਇਮ ਕੌਰ, ਇੱਕ ਨੂੰ ਬੀਬੀ ਅਕਾਲਣ ਹੀ ਕਹਿੰਦੇ ਸੀ...।

ਸਵਾਲ : ਇਹ ਰਵਾਨਗੀ ਪਹਿਲਾਂ ਨਾਲ਼ੋਂ ਵੱਖਰੀ ਸੀ...?

ਜਵਾਬ : ਹਾਂ, ਹੁਣ ਤਾਂ ਫ਼ੌਜ ਸਾਰੇ ਪਾਸੇ ਲੱਗੀ ਸੀ ਤੇ ਪਤਾ ਨ੍ਹੀਂ ਸੀ ਕੀ ਹੋ ਜਾਣੈ। ਮਾਂ ਜੀ (ਸੰਦੀਪ ਕੌਰ ਦੇ ਦਾਦੀ ਜੀ) ਤਾਂ ਭਾਵੁਕ ਹੋ ਗਏ ਤੇ ਰੋਣ ਲੱਗ ਪਏ, ਕਹਿੰਦੇ ਕਿ ਓਥੇ ਪਤਾ ਨ੍ਹੀਂ ਕੀ ਬਣਨੈਂ... ਪਿੱਛੋਂ ਨਿਆਣੇ ਕਿਵੇਂ ਸਾਂਭਣੇ ਆਂ ? ਪਰ ਅਸੀਂ ਤਾਂ ਪ੍ਰਣ ਕੀਤਾ ਸੀ ਇਸ ਲਈ ਜਾਣਾ ਹੀ ਸੀ, ਅਸੀਂ ਬੱਚਿਆਂ ਨੂੰ ਦੱਸੇ ਬਿਨਾਂ ਹੀ ਤੁਰ ਪਈਆਂ। ਮੈਨੂੰ ਇਹ ਸੀ ਕਿ ਜੇ ਸੰਦੀਪ ਨੂੰ ਪਤਾ ਲੱਗ ਗਿਆ, ਉਹਨੇ ਨਾਲ਼ ਆਉਣ ਦੀ ਜ਼ਿਦ ਕਰਨੀ ਆ। ਇਸ ਲਈ ਘਰ 'ਚ ਕਿਸੇ ਬੱਚੇ ਨੂੰ ਪਤਾ ਨ੍ਹੀਂ ਲੱਗਣ ਦਿੱਤਾ।

ਸਵਾਲ : ਤੁਹਾਨੂੰ ਫ਼ੌਜ ਨੇ ਕਿੱਥੇ ਰੋਕਿਆ ?

ਜਵਾਬ : ਫ਼ੌਜ ਤੇ ਸਾਰੀਆਂ ਸੜਕਾਂ ਤੇ ਲੱਗੀ ਸੀ, ਪਰ ਅਸੀਂ ਤਾਂ ਡਾਂਡੇ-ਮੀਂਡੇ ਹੀ ਤੁਰੀਆਂ ਗਈਆਂ। ਖੇਤਾਂ ਵਿੱਚ ਦੀ, ਖਾਲ਼ ਲੰਘ ਕੇ ਵੱਟੋ ਵੱਟੀ ਅਸੀਂ ਤੁਰੀਆਂ ਗਈਆਂ ਤੇ ਇਸ ਤਰ੍ਹਾਂ ਮਜੀਠਾ ਲੰਘ ਕੇ ਅੰਮ੍ਰਿਤਸਰ ਬਾਈਪਾਸ ਤਕ ਜਾ ਪਹੁੰਚੀਆਂ। ਹੁਣ ਇੱਥੋਂ ਅੱਗੇ ਸੜਕ ਦਾ ਹੀ ਰਾਹ ਸੀ ਤੇ ਏਥੇ ਸਾਨੂੰ ਫ਼ੌਜ ਨੇ ਰੋਕ ਲਿਆ। ਏਥੋਂ ਸਾਨੂੰ ਉਹਨਾਂ ਅੱਗੇ ਨ੍ਹੀਂ ਜਾਣ ਦਿੱਤਾ। ਪਹਿਲਾਂ ਤਾਂ ਸਮਝਾਉਂਦੇ ਰਹੇ ਪਈ ਏਥੋਂ ਮੁੜ ਜਾਓ, ਅੱਗੇ ਗੋਲ਼ੀ ਚੱਲੂਗੀ ਤੇ ਮਾਰੀਆਂ ਜਾਓਗੀਆਂ, ਜਾਂ ਆਂਹਦੇ ਜੇ ਅਸੀਂ ਏਥੋਂ ਲੰਘਾ ਵੀ ਦਿੱਤਾ ਤਾਂ ਓਥੇ ਗੁਰਦੁਆਰਾ ਸਤਵੀਂ ਪਾਤਸ਼ਾਹੀ ਮਜੀਠਾ ਰੋਡ ਤੇ ਤੁਹਾਨੂੰ ਫੇਰ ਰੋਕ ਲੈਣਾ ਐ, ਓਥੇ ਤਾਂ ਦੁਨੀਆ ਪਹਿਲਾਂ ਹੀ ਬੜੀ ਅੰਦਰੀਂ ਤਾੜੀ ਹੋਈ ਆ, ਓਥੇ ਸਾਹ ਲੈਣਾ ਵੀ ਔਖੈ...। ਜਦੋਂ ਅਸੀਂ ਵਾਪਸ ਨਾ ਮੁੜੀਆਂ ਤਾਂ ਸਾਨੂੰ ਓਥੇ ਸੜਕ ਦੇ ਕੋਲ਼ ਜਿੱਥੇ ਕੁ ਨਾਲ਼ਾ ਵਗਦੈ, ਓਥੇ ਇੱਕ ਮਕਾਨ ਸੀ, ਉਹਦੇ 'ਚ ਇੱਕ ਕੱਲ੍ਹੀ ਬੀਬੀ ਸੀ, ਸਾਨੂੰ ਓਥੇ



ਨਜ਼ਰਬੰਦ ਕਰ ਦਿੱਤਾ।

ਸਵਾਲ : ਓਥੇ ਗੋਲ਼ੀ ਦੀ ਅਵਾਜ਼ ਸੁਣਦੀ ਸੀ...?

ਜਵਾਬ : ਵੱਡੇ ਵੱਡੇ ਗੋਲ਼ਿਆਂ ਦੀ ਅਵਾਜ਼ ਸੁਣਦੀ ਸੀ, ਬੜਾ ਕਹਿਰ ਹੋ ਰਿਹਾ ਸੀ... ਓਥੋਂ ਹਰਿਮੰਦਰ ਸਾਹਿਬ ਕੰਪਲੈਕਸ 'ਚੋਂ ਜਿਹੜਾ ਧੂੰਆਂ ਨਿਕਲ਼ ਰਿਹਾ ਸੀ, ਉਹ ਸਾਰਾ ਸਾਫ਼ ਦਿਸਦਾ ਸੀ। ਜਿੱਥੇ ਸਾਨੂੰ ਰੱਖਿਆ ਸੀ, ਓਥੇ ਖੇਤਾਂ ਤੋਂ ਪਿਛਲੇ ਪਾਸੇ ਪਿੰਡ ਸੀ। ਉਹਨਾਂ ਪਿੰਡ ਵਾਲ਼ਿਆਂ ਨੂੰ ਜਦੋਂ ਪਤਾ ਲੱਗਾ ਤਾਂ ਉਹ ਰੋਟੀ-ਪਾਣੀ-ਚਾਹ ਲੈ ਕੇ ਆਉਣ ਲੱਗ ਪਏ। ਜਿੰਨੇ ਦਿਨ ਅਸੀਂ ਓਥੇ ਰਹੀਆਂ, ਪਿੰਡ ਵਾਲ਼ੇ ਹੀ ਰੋਟੀ ਪਾਣੀ ਲੈ ਕੇ ਆਉਂਦੇ ਰਹੇ। ਪਰ ਇਹੋ ਜਿਹੇ ਟਾਇਮ ਰੋਟੀ ਖਾਣੀ ਥੋੜ੍ਹਾ ਸੁੱਝਦੀ ਸੀ !

ਸਵਾਲ : ਓਥੇ ਕੋਈ ਅਜਿਹਾ ਦ੍ਰਿਸ਼ ਵੇਖਿਆ, ਜਿਹੜਾ ਭੁੱਲਣ ਵਾਲ਼ਾ ਨਾ ਹੋਵੇ...?

ਜਵਾਬ : ਹਾਂ ! ਓਥੇ ਸਾਮ੍ਹਣੇ ਸੜਕ ਤੇ ਇੱਕ ਭਾਈ ਘੋੜਾ ਰੇੜ੍ਹਾ ਲੈ ਕੇ ਲੰਘਿਆ। ਰੇੜ੍ਹੇ ਤੇ ਤਿੰਨ ਲਾਸ਼ਾਂ ਪਈਆਂ ਸੀ, ਤੇ ਲਾਸ਼ਾਂ ਦੇ ਉੱਤੇ ਕੱਪੜਾ ਪਾਇਆ ਹੋਇਆ ਸੀ। ਉਹ ਰੇੜ੍ਹੇ ਵਾਲ਼ਾ ਭਾਈ ਬੜਾ ਘਬਰਾਇਆ ਹੋਇਆ ਸੀ। ਥੋੜ੍ਹਾ ਅਗਾਂਹ ਓਥੇ ਸੜਕ ਤੇ ਹਦਵਾਣੇ ਪਏ ਸੀ, ਉਸ ਭਾਈ ਨੇ ਓਥੇ ਰੇੜ੍ਹਾ ਖਲ੍ਹਾਰ ਕੇ ਹਦਵਾਣਾ ਤੋੜਿਆ, ਪਾਣੀ ਪੀਤਾ ਤੇ ਹਦਵਾਣਾ ਖਾ ਕੇ ਫਿਰ ਤੁਰ ਪਿਆ। ਜਾਪਦਾ ਸੀ ਪਤਾ ਨ੍ਹੀਂ ਕਿੰਨੇ ਚਿਰ ਦਾ ਭੁੱਖਾ ਤਿਹਾਇਆ ਸੀ।

ਸਵਾਲ : ਉਸ ਥਾਂ ਤੁਸੀਂ ਕਿੰਨਾ ਚਿਰ ਰਹੇ ?

ਜਵਾਬ : ਕਰੀਬ ਇੱਕ ਹਫ਼ਤਾ ਓਥੇ ਰਹੇ, ਫਿਰ ਕਰਫ਼ਿਊ ਹਟਿਆ, ਤੇ ਅਸੀਂ ਫੇਰ ਡਾਂਡੇ-ਮੀਂਡੇ ਪਿੰਡ ਨੂੰ ਤੁਰ ਪਈਆਂ। ਜਿਹੜੇ ਵੀ ਪਿੰਡ 'ਚੋਂ ਲੰਘੀਏ, ਲੋਕੀਂ ਭੱਜੇ ਆਉਣ... ਸਾਡੇ ਕੇਸਰੀ ਪਰਨੇ ਲਏ ਹੋਏ ਸੀ ਤੇ ਹਰ ਕਿਸੇ ਨੂੰ ਪਤਾ ਲੱਗ ਜਾਂਦਾ ਸੀ ਕਿ ਅਸੀਂ ਜਥੇ ਦੀਆਂ ਬੀਬੀਆਂ...। ਲੋਕੀਂ ਲੱਸੀ, ਰੋਟੀ ਲੈ ਕੇ ਆਉਂਦੇ ਤੇ ਹੱਥ ਜੋੜ ਕੇ ਖਲੋ ਜਾਂਦੇ, ਪੁੱਛੀ ਜਾਂਦੇ:- "ਬੀਬੀ ਜੀ ਦੱਸੋ ਓਥੋਂ ਦਾ ਕੀ ਹਾਲ ਆ ?" ਸਾਨੂੰ ਜਿੰਨਾ ਕੁ ਪਤਾ ਸੀ,

ਘਲੂਘਾਰੇ ਦੇ ਦਿਨਾਂ ਦੀ ਦਾਸਤਾਂ ਲੇਖਕ ਨੂੰ ਸੁਣਾਉਂਦੇ ਹੋਏ ਮਾਤਾ ਜਸਬੀਰ ਕੌਰ ਜੀ

ਓਨਾ ਕੁ ਦੱਸੀ ਜਾਂਦੀਆਂ...।

ਸਵਾਲ : ਪਿੰਡ ਵਾਪਸ ਜਾ ਕੇ ਕੀ ਹਾਲਾਤ ਵੇਖੇ...?

ਜਵਾਬ : ਸਾਡੇ ਪਿੱਛੋਂ ਪਿੰਡ ਦੇ ਲੋਕ ਵੀ ਜਥਾ ਬਣਾ ਕੇ ਅੰਮ੍ਰਿਤਸਰ ਨੂੰ ਤੁਰ ਪਏ ਸੀ, ਉਹਨਾਂ ਨੂੰ ਮਜੀਠਾ ਦੇ ਅੰਮ੍ਰਿਤਸਰ ਬਾਈਪਾਸ ਤੋਂ ਤਿੰਨ ਕਿੱਲੋਮੀਟਰ ਦੂਰੋਂ ਹੀ ਵਾਪਸ ਮੋੜ ਦਿੱਤਾ ਸੀ। ਪਿੰਡ ਜਾ ਕੇ ਹੀ ਮੈਨੂੰ ਪਤਾ ਲੱਗਾ ਕਿ ਸੰਦੀਪ ਵੀ ਜਥੇ ਦੇ ਨਾਲ਼ ਤੁਰ ਪਈ ਸੀ, ਮਸਾਂ ਮੋੜ ਕੇ ਲਿਆਂਦੀ, ਪਰ ਤੁਹਾਡੇ ਦਾਰਜੀ (ਸ੍ਰ. ਕੁਲਵੰਤ ਸਿੰਘ) ਨੇ ਸਾਰਿਆਂ ਨੂੰ ਕਿਹਾ ਸੀ ਕਿ ਸੰਦੀਪ ਨੂੰ ਕਿਸੇ ਨੇ ਕੁਝ ਪੁੱਛਣਾ ਨਈਂ। ਉਸ ਟਾਇਮ ਲੋਕੀਂ ਰੇਡੀਓ ਲਾ ਕੇ ਬੀ.ਬੀ.ਸੀ. ਦੀਆਂ ਖ਼ਬਰਾਂ ਸੁਣਦੇ ਹੁੰਦੇ ਸੀ। ਸਾਰਾ ਸਾਰਾ ਦਿਨ ਰੇਡੀਓ ਦੁਆਲ਼ੇ ਹੋ ਕੇ ਖ਼ਬਰਾਂ ਦੀ ਉਡੀਕ ਕਰਦੇ ਰਹਿੰਦੇ। ਤਰ੍ਹਾਂ ਤਰ੍ਹਾਂ ਦੀਆਂ ਅਫ਼ਵਾਹਾਂ ਵੀ ਫੈਲ ਰਹੀਆਂ ਸੀ। ਕਈ ਥਾਂਵਾਂ ਤੋਂ ਖ਼ਬਰਾਂ ਆ ਰਹੀਆਂ ਸੀ ਕਿ ਫ਼ੌਜ ਵਾਲ਼ਿਆਂ ਨੇ ਗੋਲ਼ੀ ਚਲਾ ਕੇ ਦੋ ਟਰਾਲੀਆਂ ਭਰੀਆਂ ਸੰਗਤ ਸ਼ਹੀਦ ਕਰ ਦਿੱਤੀ ਆ।

ਸਵਾਲ : ਇਸ ਘਲੂਘਾਰੇ ਬਾਰੇ ਆਮ ਪੰਥਕ ਵਰਕਰ ਅਕਾਲੀ ਲੀਡਰਾਂ ਬਾਰੇ ਕੀ ਸੋਚਦੇ ਸੀ?

ਜਵਾਬ : ਸੋਚਦੇ ਸੀ ਕਿ ਲੌਂਗੋਵਾਲ਼ ਤਾਂ ਸਿੱਧਾ ਹੈ, ਪਰ ਅਕਾਲੀ ਲੀਡਰ ਤਾਂ ਸਿਰ ਤੇ ਹੱਥ ਰੱਖ ਕੇ ਨਿਕਲ਼ ਗਏ... ਸੰਤ ਭਿੰਡਰਾਂਵਾਲ਼ੇ ਨ੍ਹੀਂ ਨਿਕਲ਼ੇ... ਉਹਨਾਂ ਨੂੰ ਤਾਂ ਘੇਰ ਕੇ ਮਾਰਿਆ। ਔਂਤਰੇ ਅਕਾਲੀ ਇੱਕ ਪਾਸੇ ਹੋ ਗਏ ਤੇ ਉਹਨਾਂ ਨੂੰ (ਸੰਤ ਭਿੰਡਰਾਂਵਾਲ਼ਿਆਂ) ਕੱਲ੍ਹਿਆਂ ਰਹਿਣ'ਤਾ... ਜੇ ਅਕਾਲੀ ਉਹਨਾਂ ਦੀ ਮਦਦ ਕਰਦੇ ਤਾਂ ਹਮਲਾ ਨ੍ਹੀਂ ਸੀ ਹੋਣਾ...। ਪਰ ਸ਼ਾਬਾਸ਼ੇ, ਸੰਤ ਭਿੰਡਰਾਂਵਾਲ਼ਿਆਂ ਦੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਤੇ ਉਹਨਾਂ ਦੇ ਨਾਲ਼ ਵਾਲ਼ੇ ਸਾਰੇ ਸਿੰਘਾਂ ਦੇ... ਉਹ ਬੜੀ ਬਹਾਦਰੀ ਨਾਲ਼ ਲੜੇ... ਉਹਨਾਂ ਦਾ ਦੇਣ ਨ੍ਹੀਂ ਦਿੱਤਾ ਜਾ ਸਕਦਾ...।

****

ਕੌਮੀ ਜਰਨੈਲ ਦਾ ਅੰਤਮ ਸਸਕਾਰ

ਸੰਤ ਭਿੰਡਰਾਂਵਾਲ਼ਿਆਂ ਦੇ ਅੰਤਿਮ ਦਰਸ਼ਨ

"ਤੁਸੀਂ ਹੁਣ ਫੇਰ ਬਾਹਰ ਨੂੰ ਤੁਰ ਪਏ, ਹੁਣ ਕਿੱਧਰ ਚੱਲੇ ਓ...?" ਚਿੰਤਾ ਤੇ ਤੌਖਲੇ 'ਚ ਡੁੱਬਿਆ ਇਹ ਸਵਾਲ ਇੱਕ ਪਤਨੀ ਨੇ 7 ਜੂਨ 1984 ਨੂੰ ਆਪਣੇ ਪਤੀ ਨੂੰ ਕੀਤਾ ਸੀ।"

"ਮੈਂ ਆਉਨੈਂ...।" ਕਹਿ ਕੇ ਸ੍ਰ. ਬੁੱਧ ਸਿੰਘ ਨੇ ਸਿਰ ਦੇ ਵਾਲ਼ ਖਿਲਾਰ ਲਏ ਸੀ।

"ਫੇਰ ਵਾਲ਼ ਖਿਲਾਰ ਲਏ... ? ਇਹ ਵਾਰ-ਵਾਰ ਵਾਲ਼ ਖਿਲਾਰ ਕੇ ਕਿੱਧਰ ਨੂੰ ਜਾਨੇ ਓਂ... ? ਬਾਹਰ ਅੱਗ ਵਰ੍ਹਨ ਡਹੀ ਆ...।" ਪਤਨੀ ਫੇਰ ਬੋਲ ਪਈ।

"ਲਾਸ਼ਾਂ ਫੇਰ ਲੈ ਕੇ ਆਏ ਆ... ਮੈਂ ਸੰਤਾਂ ਬਾਰੇ ਕੋਈ ਪਤਾ ਲਵਾਂ...।" ਕਹਿ ਕੇ ਸ੍ਰ. ਬੁੱਧ ਸਿੰਘ ਬੂਹਿਓਂ ਬਾਹਰ ਹੋ ਗਿਆ ਸੀ। ਉਸ ਦੀ ਪਤਨੀ ਬੀਬੀ ਪ੍ਰਕਾਸ਼ ਕੌਰ ਤੇ 4 ਨਿੱਕੇ-ਨਿੱਕੇ ਬੱਚੇ ਸਹਿਮੇ ਖਲੋਤੇ ਸਨ, ਪਤਾ ਨਹੀਂ ਕੀ ਭਾਣਾ ਵਰਤਣ ਵਾਲ਼ਾ ਹੈ।

ਬੀਬੀ ਪ੍ਰਕਾਸ਼ ਕੌਰ ਨੇ ਗ਼ਲਤ ਨਹੀਂ ਸੀ ਆਖਿਆ, ਬਾਹਰ ਸੱਚਮੁੱਚ ਅੱਗ ਵਰ੍ਹ ਰਹੀ ਸੀ। ਅੰਮ੍ਰਿਤਸਰ ਦੇ ਚੱਪੇ-ਚੱਪੇ ਤੇ ਫ਼ੌਜ ਲੱਗੀ ਹੋਈ ਸੀ ਤੇ ਕਰਫ਼ਿਊ ਹੋਰ ਅੱਗੇ ਵਧਾ ਦਿੱਤਾ ਗਿਆ ਸੀ। ਹਰਿਮੰਦਰ ਸਾਹਿਬ ਵਾਲ਼ੇ ਪਾਸਿਓਂ ਆ ਰਹੀਆਂ ਗੋਲ਼ੀਬਾਰੀ ਦੀਆਂ ਕੰਨ ਪਾੜਵੀਆਂ ਅਵਾਜ਼ਾਂ ਤਾਂ ਬੇਸ਼ੱਕ ਥੰਮ੍ਹ ਗਈਆਂ ਸਨ, ਪਰ ਧੂੰਆਂ ਅਜੇ ਵੀ ਉੱਠ ਰਿਹਾ ਸੀ ਤੇ ਟਾਂਵੀਂ-ਟਾਂਵੀਂ ਗੋਲ਼ੀ ਚੱਲਣ ਦੀ ਅਵਾਜ਼ ਅਜੇ ਵੀ ਆਉਂਦੀ ਸੀ। ਕਈ ਵਾਰ ਇੱਕੋ ਸਾਹ 'ਤੜ-ਤੜ' ਕਰ ਕੇ ਗੋਲ਼ੀ ਚੱਲਦੀ ਸੀ।

ਅੰਮ੍ਰਿਤਸਰ ਗੁਰਦੁਆਰਾ ਸ਼ਹੀਦਾਂ ਦੇ ਨੇੜੇ ਪੈਂਦੇ ਸ਼ਮਸ਼ਾਨ ਘਾਟ ਦੇ ਨੇੜੇ-ਤੇੜੇ ਭਾਵੇਂ ਫ਼ੌਜ ਦਾ ਏਨਾ ਸਖ਼ਤ ਪਹਿਰਾ ਨਹੀਂ ਸੀ, ਪਰ ਸ੍ਰ. ਬੁੱਧ ਸਿੰਘ ਦੀ ਬੇਚੈਨੀ ਦੀ ਥਾਹ ਪਾਉਣੀ ਉਸ ਦੀ ਪਤਨੀ ਤੇ ਬੱਚਿਆਂ ਲਈ ਮੁਸ਼ਕਲ ਸੀ। ਕਾਰ ਸੇਵਾ ਵਾਲ਼ੇ ਬਾਬਾ ਖੜਕ ਸਿੰਘ ਜੀ ਦੇ ਨਾਲ਼ ਨੇੜਤਾ ਰੱਖਣ ਵਾਲ਼ਾ ਤੇ ਸੇਵਾ ਕਰਨ ਵਾਲ਼ਾ ਕਿਰਤੀ ਸਿੱਖ ਭਾਈ ਬੁੱਧ ਸਿੰਘ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੂੰ ਰੂਹ ਦੀਆਂ ਡੂੰਘਿਆਈਆਂ 'ਚੋਂ ਪਿਆਰ ਕਰਦਾ ਸੀ। ਉਹ ਚੰਗੀ ਤਰ੍ਹਾਂ ਸਮਝਦਾ ਸੀ ਕਿ ਦਿੱਲੀਓਂ ਅੰਮ੍ਰਿਤਸਰ ਤੇ ਚੜ੍ਹ ਕੇ ਆਈ ਭਾਰਤੀ ਫ਼ੌਜ, ਸੰਤ ਜਰਨੈਲ ਸਿੰਘ

ਨੂੰ ਖ਼ਤਮ ਕਰਨ ਲਈ ਹੀ ਆਈ ਹੈ। ਉਹ ਇਹ ਵੀ ਜਾਣਦਾ ਸੀ ਕਿ ਸੰਤ ਜਰਨੈਲ ਸਿੰਘ ਮੈਦਾਨ ਛੱਡ ਕੇ ਨਹੀਂ ਨਿਕਲਣਗੇ, ਤੇ ਇਸ ਦਾ ਜੋ ਨਤੀਜਾ ਅਖ਼ੀਰ ਨਿਕਲਣਾ ਸੀ, ਉਸ ਦੀ ਝਲਕ ਵੇਖਣ ਲਈ ਉਹ ਕਰਫ਼ਿਊ ਅਤੇ ਫ਼ੌਜ ਦੀ ਪਰਵਾਹ ਨਾ ਕਰਦਾ ਹੋਇਆ, ਵਾਰ-ਵਾਰ ਕਛਹਿਰੇ ਬਨੈਣ ਵਿੱਚ ਹੀ ਕੇਸ ਖਿਲਾਰ ਕੇ (ਕਮਲਾ ਜਿਹਾ ਬਣ ਕੇ) ਘਰੋਂ ਬਾਹਰ ਨਿਕਲ ਜਾਂਦਾ ਸੀ।

ਬੀਬੀ ਪ੍ਰਕਾਸ਼ ਕੌਰ ਦੀ ਬੇਚੈਨੀ ਹੋਰ ਵੀ ਵਧਣ ਲੱਗੀ। ਉਸ ਕੋਲ਼ੋਂ ਰਿਹਾ ਨਾ ਗਿਆ ਤਾਂ ਉਹ ਕੋਠੇ ਤੇ ਚੜ੍ਹ ਗਈ। ਉਸ ਦੇ ਆਂਢ-ਗੁਆਂਢ ਦੇ ਹੋਰ ਪਰਿਵਾਰ ਵੀ ਕੋਠਿਆਂ ਤੇ ਚੜ੍ਹੇ ਹੋਏ ਸਨ। ਬੀਬੀ ਪ੍ਰਕਾਸ਼ ਕੌਰ ਵੀ ਉਹਨਾਂ ਦੇ ਨਾਲ਼ ਜਾ ਖਲੋਤੀ। ਇੱਥੋਂ ਛੱਤਾਂ ਤੋਂ ਸ਼ਮਸ਼ਾਨ ਘਾਟ ਦਾ ਅੰਦਰਲਾ ਦ੍ਰਿਸ਼ ਪੂਰੀ ਤਰ੍ਹਾਂ ਦਿਸਦਾ ਸੀ।

ਟਰੱਕਾਂ ਦੇ ਵਿੱਚੋਂ ਲਾਸ਼ਾਂ ਬੋਰੀਆਂ ਵਾਂਗ ਉਤਾਰੀਆਂ ਜਾ ਰਹੀਆਂ ਸੀ। ਇਹ ਫ਼ੌਜ ਵੱਲੋਂ ਕੀਤੀ ਗਈ ਵਹਿਸ਼ੀ ਕਤਲੇਆਮ 'ਚ ਮਾਰੇ ਗਏ ਸਿੱਖ ਸ਼ਰਧਾਲੂਆਂ ਦੀਆਂ ਲਾਸ਼ਾਂ ਸਨ। ਕੁਝ ਜੁਝਾਰੂ ਸਿੰਘਾਂ ਦੀਆਂ ਲਾਸ਼ਾਂ ਵੀ ਇਹਨਾਂ ਵਿੱਚ ਹੋਣਗੀਆਂ, ਪਰ ਵੱਡੀ ਗਿਣਤੀ ਵਿੱਚ ਮੱਥਾ ਟੇਕਣ

ਆਈਆਂ ਸੰਗਤਾਂ ਦੀ ਸੀ। ਇਹ ਲਾਸ਼ਾਂ ਢੋਣ ਦੇ ਲਈ ਭਾਰਤੀ ਫ਼ੌਜ ਨੇ ਇੱਕ ਸਫ਼ਾਈ ਦਾ ਕੰਮ ਕਰਨ ਵਾਲ਼ੇ ਵਰਗ ਦੇ ਲੋਕਾਂ ਨੂੰ ਇਕੱਠੇ ਕੀਤਾ ਸੀ ਤੇ ਉਹਨਾਂ ਨੂੰ ਕਿਹਾ ਗਿਆ ਸੀ ਕਿ ਲਾਸ਼ਾਂ ਨੂੰ ਢੋਣ ਦੇ ਬਦਲੇ ਉਹਨਾਂ ਨੂੰ ਲਾਸ਼ਾਂ ਦੇ ਉੱਪਰੋਂ ਸੋਨੇ-ਚਾਂਦੀ ਦੇ ਗਹਿਣੇ ਲਾਹ ਲੈਣ ਦੀ ਪੂਰੀ ਖੁੱਲ੍ਹ ਹੈ। ਲਾਸ਼ਾਂ ਦੇ ਢੇਰਾਂ ਦਾ ਪੈਟਰੋਲ ਪਾ ਕੇ ਸਮੂਹਿਕ ਸਸਕਾਰ ਕੀਤਾ ਜਾ ਰਿਹਾ ਸੀ।

ਬੌਂਦਲੇ ਹੋਏ ਕੁਝ ਪੁਲਿਸ ਤੇ ਸੀ.ਆਰ.ਪੀ. ਵਾਲ਼ਿਆਂ ਦੀ ਨਜ਼ਰ ਕੋਠਿਆਂ ਤੇ ਖਲੋਤੇ ਲੋਕਾਂ ਵੱਲ ਗਈ ਤਾਂ ਦੋ ਸੀ.ਆਰ.ਪੀ. ਵਾਲ਼ਿਆਂ ਨੇ ਗੰਨਾਂ ਉੱਪਰ ਵੱਲ ਸਿੱਧੀਆਂ ਕਰ ਕੇ ਗੋਲ਼ੀ ਮਾਰਨ ਦਾ ਡਰਾਵਾ ਦਿੰਦੇ ਹੋਏ ਇਸ਼ਾਰੇ ਨਾਲ਼ ਸਭ ਨੂੰ ਹੇਠਾਂ ਉੱਤਰ ਜਾਣ ਲਈ ਕਿਹਾ।

ਡਰਦੇ ਮਾਰੇ ਸਾਰੇ ਹੀ ਲੋਕ ਫਟਾਫਟ ਪੌੜੀਆਂ ਉੱਤਰ ਕੇ ਆਪੋ-ਆਪਣੇ ਘਰਾਂ 'ਚ ਜਾ

ਵੜੇ। ਬੀਬੀ ਪ੍ਰਕਾਸ਼ ਕੌਰ ਵੀ ਹੇਠਾਂ ਉੱਤਰ ਆਈ। ਹੁਣ ਜਿਹੜਾ ਦ੍ਰਿਸ਼ ਉਹ ਵੇਖ ਕੇ ਆਈ ਸੀ, ਉਸ ਨਾਲ਼ ਉਸ ਦੀ ਬੇਚੈਨੀ ਹੋਰ ਵਧ ਗਈ ਸੀ। ਉਸ ਦੀ ਘਬਰਾਹਟ ਵੀ ਹੋਰ ਵਧ ਚੁੱਕੀ ਸੀ। ਉਹ ਸੋਚ ਰਹੀ ਸੀ ਕਿ ਸੀ.ਆਰ.ਪੀ. ਵਾਲ਼ੇ ਸਾਨੂੰ ਕੋਠਿਆਂ ਤੇ ਖਲੋਤਿਆਂ ਨੂੰ ਗੋਲ਼ੀ ਮਾਰਨ ਦਾ ਡਰਾਵਾ ਦੇ ਰਹੇ ਸਨ ਤੇ ਉਹ (ਸ੍ਰ. ਬੁੱਧ ਸਿੰਘ) ਤਾਂ ਬਾਹਰ ਗਏ ਹੋਏ ਨੇ।

ਬੱਚਿਆਂ ਨੂੰ ਇਕੱਲਿਆਂ ਛੱਡ ਕੇ ਉਹ ਪਤੀ ਨੂੰ ਲੱਭਣ ਵੀ ਨਹੀਂ ਸੀ ਜਾ ਸਕਦੀ, ਕਰਫ਼ਿਊ ਹੋਣ ਕਾਰਨ ਆਂਢ-ਗੁਆਂਢ 'ਚੋਂ ਵੀ ਮਦਦ ਲੈਣੀ ਅਸੰਭਵ ਸੀ। ਉਡੀਕ ਦਾ ਇੱਕ-ਇੱਕ ਪਲ ਸਦੀਆਂ ਜਿੰਨਾ ਲੰਮਾ ਬਣਦਾ ਜਾ ਰਿਹਾ ਸੀ।

ਪਰ ਅਖ਼ੀਰ ਬੀਬੀ ਪ੍ਰਕਾਸ਼ ਕੌਰ ਦੇ ਓਦੋਂ ਸਾਹ 'ਚ ਸਾਹ ਆਇਆ, ਜਦੋਂ ਉਸਦਾ ਪਤੀ ਉਸੇ ਹੀ ਹਾਲਤ 'ਚ ਘਰ ਪਰਤ ਆਇਆ; ਜਿਵੇਂ ਉਹ ਘਰੋਂ ਗਿਆ ਸੀ।

“ਤੁਸੀਂ ਆ ਗਏ... ਠੀਕ ਠਾਕ ਓ...?” ਖੁਸ਼ੀ ਦੇ ਵਿੱਚ ਪ੍ਰਕਾਸ਼ ਕੌਰ ਬੋਲੀ, ਪਰ ਸ੍ਰ. ਬੁੱਧ ਸਿੰਘ ਉਦਾਸ ਸੀ।

“ਕੀ ਹੋਇਐ...?” ਧੜਕਦੇ ਦਿਲ ਨਾਲ਼ ਬੀਬੀ ਪ੍ਰਕਾਸ਼ ਕੌਰ ਨੇ ਪੁੱਛਿਆ।

“ਪ੍ਰਕਾਸ਼, ਮੈਂ ਸੰਤਾਂ ਦਾ ਸਸਕਾਰ ਕਰ ਕੇ ਆਇਐਂ... ਅਜੇ ਮੈਂ ਹੋਰ ਕੋਈ ਗੱਲ ਨ੍ਹੀਂ ਕਰਨੀ...।” ਕਹਿ ਕੇ ਸ੍ਰ. ਬੁੱਧ ਸਿੰਘ ਅੰਦਰ ਚਲਾ ਗਿਆ ਤੇ ਉਸੇ ਹੀ ਹਾਲਤ ਵਿੱਚ ਲੰਮਾ ਪੈ ਗਿਆ।

ਬੀਬੀ ਪ੍ਰਕਾਸ਼ ਕੌਰ ਬੁੱਤ ਬਣ ਕੇ ਓਥੇ ਹੀ ਖਲੋਤੀ ਰਹਿ ਗਈ ਸੀ।

ਸ੍ਰ. ਬੁੱਧ ਸਿੰਘ

ਤੇ ਫਿਰ ਹੌਲ਼ੀ-ਹੌਲ਼ੀ ਸ੍ਰ. ਬੁੱਧ ਸਿੰਘ ਨਾਰਮਲ ਹੋਇਆ। ਉਸ ਨੇ ਦੱਸਿਆ ਕਿ ਉਹ ਕਮਲਾ ਜਿਹਾ ਬਣ ਕੇ ਸ਼ਮਸ਼ਾਨ ਘਾਟ 'ਚ ਸਾੜੀਆਂ ਜਾ ਰਹੀਆਂ ਲਾਸ਼ਾਂ ਦਾ ਦ੍ਰਿਸ਼ ਵੇਖ ਰਿਹਾ ਸੀ, ਜਦੋਂ ਇੱਕ ਵੱਖਰੀ ਗੱਡੀ 'ਚ ਪੁਲਿਸ ਵੱਲੋਂ ਸੰਤ ਭਿੰਡਰਾਂਵਾਲ਼ਿਆਂ ਦੀ ਮਿਰਤਕ ਦੇਹ ਲਿਆਂਦੀ ਗਈ। ਇੱਕ ਪੁਲਿਸ ਅਫ਼ਸਰ (ਸ੍ਰ. ਅਪਾਰ ਸਿੰਘ ਬਾਜਵਾ) ਸਤਿਕਾਰ ਸਹਿਤ ਸੰਤਾਂ ਦਾ ਸਸਕਾਰ ਕਰਨ ਲਈ ਦੇਸੀ ਘਿਓ ਸਮੇਤ ਹੋਰ ਸਮੁੱਚੀ ਸਮੱਗਰੀ ਲੈ ਕੇ ਅਇਆ ਸੀ।

ਖ਼ਤਰੇ ਦੀ ਪਰਵਾਹ ਨਾ ਕਰਦਾ ਹੋਇਆ ਬੁੱਧ ਸਿੰਘ ਸੰਤਾਂ ਦੇ ਅੰਤਮ ਦਰਸ਼ਨ ਕਰਨ ਲਈ ਅੱਗੇ ਹੋਇਆ, ਤਾਂ ਉਸ ਪੁਲਿਸ ਅਫ਼ਸਰ ਨੇ (ਸ਼ਾਇਦ ਸ੍ਰ. ਬੁੱਧ ਸਿੰਘ ਦੀ ਅੰਦਰਲੀ ਵੇਦਨਾ ਨੂੰ ਜਾਣ ਕੇ) ਓਥੇ ਸ਼ਮਸ਼ਾਨ ਘਾਟ ਦੇ ਵਿੱਚ ਤਾਇਨਾਤ ਭਈਏ ਦੇ ਨਾਲ਼ ਲੱਗ ਕੇ ਬੁੱਧ ਸਿੰਘ ਨੂੰ ਸਸਕਾਰ ਦੀਆਂ ਰਸਮਾਂ ਪੂਰੀਆਂ ਕਰਨ ਲਈ ਕਹਿ ਦਿੱਤਾ। ਅਰਦਾਸ ਵੀ ਹੋਈ ਤੇ ਗੁਰਬਾਣੀ ਦਾ ਪਾਠ ਵੀ ਕੀਤਾ ਗਿਆ।

ਹੁਣ ਬੁੱਧ ਸਿੰਘ ਦੇ ਦਿਲ ਅੰਦਰੋਂ 'ਬੇਚੈਨੀ' ਉੱਡ ਗਈ ਸੀ ਤੇ ਉਸ ਦੀ ਥਾਂ ਡੂੰਘੀ

'ਉਦਾਸੀ' ਨੇ ਲੈ ਲਈ ਸੀ, ਪਰ ਇਹ ਪਲ ਤਾਂ ਸਮੁੱਚੀ ਸਿੱਖ ਕੌਮ ਦੇ ਲਈ ਉਦਾਸੀ ਦੇ ਪਲ ਸਨ। ਕੌਮ ਦੀ ਜੁਝਾਰੂਧਾਰਾ ਨੇ ਅਗਲੇ ਸੰਘਰਸ਼ ਦਾ ਆਗਾਜ਼ ਕਰ ਕੇ ਕੌਮ ਨੂੰ ਇਸ ਡੂੰਘੀ ਉਦਾਸੀ 'ਚੋਂ ਬਾਹਰ ਕੱਢਿਆ ਸੀ।

ਸ੍ਰ. ਬੁੱਧ ਸਿੰਘ ਦਾ ਪਰਿਵਾਰ ਵੀ ਜੁਝਾਰੂ ਲਹਿਰ ਦੌਰਾਨ ਕਈ ਵਾਰ ਪੁਲਿਸ ਦੇ ਜਬਰ ਦਾ ਸ਼ਿਕਾਰ ਬਣਿਆ; ਪਰ ਸੰਤਾਂ ਦੇ ਸਸਕਾਰ ਲਈ ਉਸ ਵੱਲੋਂ ਨਿਭਾਈ ਗਈ ਭੂਮਿਕਾ ਸੱਚਮੁੱਚ ਮਾਣ ਕਰਨਯੋਗ ਸੀ। ਉਸ ਦੀ ਇਸ ਸੇਵਾ ਦੇ ਕਾਰਨ ਹੀ ਜੂਨ 2004 ਵਿੱਚ ਦਮਦਮੀ ਟਕਸਾਲ ਵੱਲੋਂ ਉਸ ਨੂੰ ਚੌਕ ਮਹਿਤਾ ਵਿਖੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਦਮਦਮੀ ਟਕਸਾਲ ਵੱਲੋਂ ਭਾਈ ਬੁੱਧ ਸਿੰਘ ਨੂੰ ਦਿੱਤਾ ਗਿਆ ਸਨਮਾਨ ਚਿੰਨ ਵਿਖਾਉਂਦੇ ਹੋਏ ਉਹਨਾਂ ਦੀ ਧਰਮ ਪਤਨੀ ਬੀਬੀ ਪ੍ਰਕਾਸ਼ ਕੌਰ

ਇਹ ਸਨਮਾਨ ਹਾਸਲ ਹੋਣ ਤੋਂ 3 ਕੁ ਸਾਲ ਬਾਅਦ ਸ੍ਰ. ਬੁੱਧ ਸਿੰਘ ਦਾ ਦੇਹਾਂਤ ਹੋ ਗਿਆ, ਉਸ ਦੀ ਪਤਨੀ ਤੇ ਬਾਕੀ ਪਰਿਵਾਰ ਅਜੇ ਵੀ ਗੁਰਦੁਆਰੇ ਸ਼ਹੀਦਾਂ ਨੇੜੇ ਪੈਂਦੇ ਸ਼ਮਸ਼ਾਨ ਘਾਟ ਦੇ ਨੇੜੇ, ਜਿਸ



ਸੰਤ ਭਿੰਡਰਾਂਵਾਲ਼ਿਆਂ ਦੇ ਸਸਕਾਰ ਬਾਰੇ ਲੇਖਕ ਨੂੰ ਦੱਸਦੇ ਹੋਏ ਬੀਬੀ ਪ੍ਰਕਾਸ਼ ਕੌਰ

ਇਲਾਕੇ ਨੂੰ 'ਰਾਂਝੇ ਦੀ ਹਵੇਲੀ' ਕਿਹਾ ਜਾਂਦਾ ਹੈ, ਵਿਖੇ ਰਹਿੰਦਾ ਹੈ। ਸ੍ਰ. ਬੁੱਧ ਸਿੰਘ ਦੀ ਇੱਛਾ ਸੀ ਕਿ ਜਿਸ ਥਾਂ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦਾ ਸਸਕਾਰ ਹੋਇਆ, ਉਸ ਥਾਂ ਤੇ ਹੋਰ ਕਿਸੇ ਦਾ ਸਸਕਾਰ ਨਾ ਕੀਤਾ ਜਾਵੇ ਤੇ ਉਹ ਥਾਂ ਕੌਮੀ ਯਾਦਗਾਰ ਵਜੋਂ ਸੰਭਾਲ਼ ਲਈ ਜਾਵੇ। ਇਹ ਥਾਂ ਸ੍ਰੋਮਣੀ ਕਮੇਟੀ ਦੀ ਮਲਕੀਅਤ ਹੋਣ ਕਾਰਨ ਅਜਿਹਾ ਕਰਨਾ ਮੁਸ਼ਕਲ ਵੀ ਨਹੀਂ ਸੀ, ਪਰ ਅਜਿਹਾ ਨਾ ਕੀਤਾ ਗਿਆ।

****

ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ ॥

ਇੰਦਰਾ ਗਾਂਧੀ ਨੂੰ ਭੁਲੇਖਾ ਸੀ ਕਿ ਹਰਿਮੰਦਰ ਸਾਹਿਬ ਤੇ ਵਹਿਸ਼ੀ ਫ਼ੌਜੀ ਹਮਲੇ ਤੋਂ ਬਾਅਦ ਸਿੱਖ ਕੌਮ ਡਰ ਜਾਵੇਗੀ ਤੇ ਆਪਣੇ ਹੱਕ ਮੰਗਣ ਦੀ ਜ਼ਿਦ ਨੂੰ ਛੱਡ ਕੇ, ਇੱਕ 'ਗ਼ੁਲਾਮ ਕੌਮ' ਵਜੋਂ ਆਪਣੀ ਹੋਣੀ ਨੂੰ ਪ੍ਰਵਾਨ ਕਰ ਲਵੇਗੀ। ਉਸ ਨੂੰ ਇਹ ਭੁਲੇਖਾ ਸ਼ਾਇਦ ਉਸ ਵੱਲੋਂ 1975 ਵਿੱਚ ਲਾਈ ਗਈ ਐਮਰਜੈਂਸੀ ਦੇ ਤਜਰਬੇ ਵਿੱਚੋਂ ਪੈਦਾ ਹੋਇਆ ਸੀ। ਉਸ ਨੇ ਜਦੋਂ ਐਮਰਜੈਂਸੀ ਲਾਈ ਸੀ ਤਾਂ ਦੇਸ਼ ਦੇ ਸਮੁੱਚੇ ਅਪੋਜੀਸ਼ਨ ਲੀਡਰ ਤੇ ਪਾਰਟੀਆਂ ਏਨੀਆਂ ਡਰ ਗਈਆਂ, ਅਖ਼ਬਾਰਾਂ ਦੇ ਮਾਲਕ ਏਨੇ ਡਰ ਗਏ ਕਿ ਇੱਕ ਵਿਦਵਾਨ ਵੱਲੋਂ ਉਹਨਾਂ ਨੂੰ ਇਹ ਕਹਿ ਕੇ ਟਕੋਰ ਲਾਉਣੀ ਪਈ ਸੀ:-

"ਉਨਹੋਂ ਨੇ ਆਪ ਕੋ ਝੁਕਨੇ ਕੇ ਲੀਏ ਹੀ ਕਹਾ ਥਾ, ਆਪ ਤੋ ਲੇਟ ਹੀ ਗਏ...।"

ਸ਼ਾਇਦ ਉਹ ਸਿੱਖਾਂ ਤੋਂ ਵੀ ਸ਼ਾਇਦ ਇਸ ਤਰ੍ਹਾਂ ਚੁਫਾਲ ਲੇਟ ਜਾਣ ਦੀ ਉਮੀਦ ਲਾਈ ਬੈਠੀ ਸੀ, ਪਰ ਸਿੱਖ ਕੌਮ ਉਸ ਗੁਰੂ ਦੀ ਉੱਮਤ ਹੈ, ਜਿਸ ਦਾ ਨਿਰਣਾ ਹੈ:-

ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥

ਹਰਿਮੰਦਰ ਸਾਹਿਬ ਤੇ ਹੋਏ ਹਮਲੇ ਦੀ ਖ਼ਬਰ ਮਿਲ਼ਦਿਆਂ ਹੀ ਪਿੰਡਾਂ 'ਚੋਂ ਸਿੱਖ

ਸੰਗਤਾਂ ਨੇ ਅੰਮ੍ਰਿਤਸਰ ਵੱਲ ਨੂੰ ਵਹੀਰਾਂ ਘੱਤ ਦਿੱਤੀਆਂ, ਕਈ ਥਾਂਵਾਂ ਤੇ ਫ਼ੌਜ ਦੀ ਫ਼ਾਇਰਿੰਗ ਨਾ਼ਲ ਸ਼ਹੀਦੀਆਂ ਹੋਈਆਂ, ਤੇ ਕਈ ਥਾਂਵਾਂ ਤੇ ਸਿੰਘਾਂ ਨੇ ਸੰਗਤ ਨੂੰ ਇਹ ਕਹਿ ਕੇ ਰੋਕ ਲਿਆ ਕਿ ਨਿਹੱਥੇ ਨਿਸ਼ਾਨਾ ਬਣਨ ਦੀ ਬਜਾਏ ਜੂਝ ਕੇ ਮਰਨ ਲਈ ਕੁਝ ਕਰੀਏ।

ਸਿੱਖ ਫ਼ੌਜੀਆਂ ਨੇ ਰਾਮਗੜ੍ਹ (ਬਿਹਾਰ) ਗੰਗਾਨਗਰ (ਰਾਜਸਥਾਨ) ਅਤੇ ਹੋਰ ਕਈ ਥਾਂਵਾਂ ਤੋਂ ਬਗਾਵਤ ਕਰ ਦਿੱਤੀ ਤੇ ਸ੍ਰੀ ਅੰਮ੍ਰਿਤਸਰ ਨੂੰ ਚੱਲ ਪਏ। ਭਾਵੇਂ ਕਿ ਇਹ ਬਗਾਵਤ ਵੀ

ਦਬਾ ਦਿੱਤੀ ਗਈ, ਪਰ ਇਸ ਨੇ ਦਿੱਲੀ ਦੇ ਤਖ਼ਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਪੰਜਾਬ ਅੰਦਰ ਫ਼ੌਜ ਦੀ ਮੌਜੂਦਗੀ ਵਿੱਚ ਸਿੱਖ ਨੌਜਵਾਨਾਂ ਨੇ ਦੋ ਵਾਰ ਭਾਖੜਾ ਨਹਿਰ ਤੋੜ ਦਿੱਤੀ। ਦਿੱਲੀ ਸਮੇਤ ਵੱਖ-ਵੱਖ ਸ਼ਹਿਰਾਂ 'ਚ ਸਿੱਖਾਂ ਨੇ ਪ੍ਰੋਟੈਸਟ ਕਰ ਕੇ ਇੰਦਰਾ ਗਾਂਧੀ ਦੀਆਂ ਫ਼ੋਟੋਆਂ ਅਤੇ ਪੁਤਲੇ ਸਾੜੇ ਤੇ ਵਿਦੇਸ਼ਾਂ 'ਚ ਭਾਰਤੀ ਅੰਬੈਸੀਆਂ ਤੇ ਹਮਲੇ ਕੀਤੇ।

ਇਸ ਦੇ ਨਾਲ਼ ਹੀ ਵੱਡੀ ਗਿਣਤੀ ਵਿੱਚ ਸਿੱਖ ਗੱਭਰੂ ਆਪਣੇ ਸਿਰਾਂ ਤੇ ਖੱਫਣ ਬੰਨ੍ਹ ਕੇ ਘਰਾਂ 'ਚੋਂ ਨਿਕਲ਼ ਤੁਰੇ ਅਤੇ ਉਹਨਾਂ ਨੇ ਹਿੰਦੁਸਤਾਨ ਦੇ ਵਿਰੁੱਧ ਸਿੱਖ ਕੌਮ ਵੱਲੋਂ ਜੰਗ ਦਾ ਬਿਗਲ ਵਜਾ ਦਿੱਤਾ। ਥੋੜ੍ਹੇ ਹੀ ਸਮੇਂ ਦੇ ਅੰਦਰ ਸਿੱਖ ਕੌਮ ਦੇ ਦੋਖੀ ਚੁਣ-ਚੁਣ ਕੇ ਸੋਧੇ ਜਾਣ ਲੱਗ ਪਏ। ਇੱਥੋਂ ਤਕ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਭਾਈ ਕੇਹਰ ਸਿੰਘ, ਭਾਈ ਬੇਅੰਤ ਸਿੰਘ ਅਤੇ ਭਾਈ ਸਤਵੰਤ ਸਿੰਘ ਨੇ ਉਸਦੇ ਮਜਬੂਤ ਕਿਲ੍ਹੇ ਅੰਦਰ ਹੀ ਗੋ਼ਲੀਆਂ ਨਾ਼ਲ ਅਗਲੇ ਜਹਾਨ ਤੋਰ ਦਿੱਤਾ। ਕੁਝ ਸਮੇਂ ਬਾਅਦ ਕੌਮ ਦੇ ਹੀਰਿਆਂ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਇੰਦਰਾ ਦੇ ਸੈਨਾਪਤੀ ਜਨਰਲ ਵੈਦਿਆ ਨੂੰ ਵੀ ਪੂਨੇ ਵਿੱਚ ਪਹੁੰਚ ਕੇ ਗੋ਼ਲੀਆਂ ਨਾ਼ਲ ਭੁੰਨ ਸੁੱਟਿਆ।

ਇਸ ਪੰਥਕ ਰੋਸ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ, ਹਿੰਦੁਸਤਾਨ ਅੰਦਰ ਸਿੱਖਾਂ ਦੇ ਗ਼ੁਲਾਮ ਹੋਣ ਦਾ ਐਲਾਨ ਕਰ ਕੇ, ਸਿੱਖਾਂ ਦੇ ਆਪਣੇ ਵੱਖਰੇ ਕੌਮੀ ਘਰ 'ਖ਼ਾਲਿਸਤਾਨ' ਦੇ ਲਈ ਸੰਘਰਸ਼ ਦੀ ਅਰੰਭਤਾ, ਜੋ ਸੰਘਰਸ਼ ਕਈ ਪੜਾਵਾਂ 'ਚੋਂ ਲੰਘਦਾ ਹੋਇਆ ਅਜੇ ਵੀ ਨਿਰੰਤਰ ਜਾਰੀ ਹੈ। ਇਸ ਸੰਘਰਸ਼ ਨੂੰ ਨਿਸ਼ਾਨੇ ਤੋਂ ਥਿੜਕਾਉਣ ਲਈ ਭਾਰਤੀ ਹਕੂਮਤ ਅਤੇ ਉਸਦੇ ਜ਼ਰਖ਼ਰੀਦ ਕਈ ਤਰ੍ਹਾਂ ਦੀਆਂ ਕਮਜ਼ੋਰ ਜਿਹੀਆਂ ਦਲੀਲਾਂ ਦਿੰਦੇ ਰਹਿੰਦੇ ਹਨ, ਜਿਨ੍ਹਾਂ ਦਾ ਜਵਾਬ ਵੀ ਅੱਗੇ ਦਿੱਤਾ ਜਾ ਰਿਹਾ ਹੈ।

****

ਰੋ ਬੇਅੰਤ ਨੇ ਸਜਦੇ ਕੀਤੇ ਘਾਇਲ ਬੇਰੀਆਂ ਥੱਲੇ; ਕਾਹਨੂੰਵਾਨ ਦੇ ਫੇਰ ਅਲੰਬੇ ਸੀਸ ਨਿਮਾਣੇ ਝੱਲੇ
ਵਿਸ਼ ਰਿੜਕਦੀ ਜੀਭ ਨੇ ਘੇਰੇ, ਕੌਮ ਦੇ ਭੋਲ਼ੇ ਨੀਂਗਰ; ਕਹਿੰਦਾ ਤੀਰ ਮੁਰੀਦ ਨੂੰ ਬਖ਼ਸ਼ੇ, ਨਾਲ਼ ਮੇਰੇ ਜੋ ਚੱਲੇ।

ਹਰਿਮੰਦਰ ਸਾਹਿਬ 'ਤੇ ਹਮਲੇ ਦੀ ਦੋਸ਼ੀ ਇੰਦਰਾ ਨੂੰ ਸੋਧਣ ਵਾਲ਼ਾ ਸੂਰਮਾ
ਸ਼ਹੀਦ ਭਾਈ ਬੇਅੰਤ ਸਿੰਘ

ਜਦੋਂ ਜਦੋਂ ਵੀ ਕੋਈ ਪਾਪ ਦੀ ਜੰਞ, ਸਾਡੇ ਪਾਵਨ ਹਰਿਮੰਦਰ ਨੂੰ ਘੇਰਦੀ ਰਹੀ
ਬੁਲਾਕਾ ਸਿੰਘ ਦੀ ਰੂਹ ਤਦ ਦਰਦ ਵਿੰਨ੍ਹੀਂ, ਕੁਝ ਕਰਨ ਲਈ ਸਾਨੂੰ ਪ੍ਰੇਰਦੀ ਰਹੀ

ਭਾਈ ਬੇਅੰਤ ਸਿੰਘ ਨੂੰ ਹਰਿਮੰਦਰ ਸਾਹਿਬ 'ਤੇ ਹਮਲੇ ਦੀ ਦੋਸ਼ੀ ਇੰਦਰਾ ਨੂੰ ਸੋਧਣ ਲਈ ਪ੍ਰੇਰਨ ਵਾਲ਼ੇ ਗੁਰਸਿੱਖ

ਅਮਰ ਸ਼ਹੀਦ ਭਾਈ ਕਿਹਰ ਸਿੰਘ ਜੀ

ਹੋਣੀ ਜਿਨ੍ਹਾਂ ਨੂੰ ਸਿਹਰੇ-ਬੰਨ੍ਹੇ, ਮੌਤ ਜਿਨ੍ਹਾਂ ਦੀਆਂ ਘੋੜੀਆਂ ਗਾਏ
ਅਤਿ ਸੁੰਦਰ ਮੁਟਿਆਰ ਸ਼ਹੀਦੀ, ਵਿਆਹੁਣ ਤੁਰੇ ਦਸਮੇਸ਼ ਦੇ ਜਾਏ।

ਦਰਬਾਰ ਸਾਹਿਬ 'ਤੇ ਹਮਲੇ ਦੀ ਦੋਸ਼ੀ ਇੰਦਰਾ ਗਾਂਧੀ ਨੂੰ ਸੋਧ ਕੇ ਘੋੜੀ ਚੜ੍ਹਨ ਦੀ ਉਮਰੇ ਫਾਂਸੀ ਚੜ੍ਹਨ ਵਾਲ਼ਾ ਸੂਰਮਾ

ਅਮਰ ਸ਼ਹੀਦ ਭਾਈ ਸਤਵੰਤ ਸਿੰਘ

ਸੁਣੋ ਹਾਕਮੋ! ਭੁੱਲ ਗਏ ਜਾਪਦੇ ਹੋ, ਅਸੀਂ ਭਾਜੀਆਂ ਮੋੜਨਾ ਜਾਣਦੇ ਹਾਂ
ਲੱਖ ਵਾਰ ਹਰਿਮੰਦਰ ਨੂੰ ਪਾਓ ਘੇਰੇ, ਅਸੀਂ ਘੇਰੇ ਵੀ ਤੋੜਨਾ ਜਾਣਦੇ ਹਾਂ
ਤੁਸੀਂ ਰਣ 'ਚੋਂ ਦੌੜਨਾ ਜਾਣਦੇ ਹੋ, ਅਸੀਂ ਰਣ ਵਿੱਚ ਜੁਝਣਾ ਜਾਣਦੇ ਹਾਂ
ਅਸੀਂ ਆਪਣੇ ਪੰਥ ਦੇ ਦੁਸ਼ਮਣਾਂ ਨੂੰ, ਨਿੰਬੂ ਵਾਂਗ ਨਿਚੋੜਨਾ ਜਾਣਦੇ ਹਾਂ।



ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਵਾਲ਼ੇ ਫ਼ੌਜੀ ਕਮਾਂਡਰ ਜਨਰਲ ਵੈਦਿਆ ਨੂੰ ਪੂਨਾ ਜਾ ਕੇ ਸੋਧਣ ਵਾਲ਼ੇ ਸੂਰੇ
ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ

.....ਤੇ ਭਾਰਤ ਦੇਸ਼ ਸਿੱਖਾਂ ਲਈ ਬੇਗ਼ਾਨਾ ਹੋ ਗਿਆ

ਇਹ ਇਬਾਰਤ ਭਾਰਤੀ ਸਟੇਟ ਦੇ ਹੁਕਮਾਂ ਤਹਿਤ ਭਾਰਤੀ ਫ਼ੌਜ ਨੇ ਸੰਗੀਨਾਂ ਦੀ ਨੋਕ ਨਾਲ਼ ਸਿੱਖ ਕੌਮ ਦੇ ਪਿੰਡੇ ਤੇ ਲਿਖੀ ਹੈ । ਪਰ ਅੱਜ ਓਹੀ ਭਾਰਤੀ ਸਟੇਟ ਹਰ ਹਰਬਾ ਵਰਤ ਕੇ ਇਹ ਯਤਨ ਕਰ ਰਹੀ ਹੈ ਕਿ ਸਿੱਖ ਕੌਮ ਖ਼ੁਦ ਹੀ ਇਸ ਪ੍ਰਤੱਖ ਹਕੀਕਤ ਤੋਂ ਮੁਨਕਰ ਹੋ ਜਾਵੇ । ਤੇ ਮੁਨਕਰ ਹੋਣ ਦਾ ਅਰਥ ਹੈ, ਸਿੱਖ ਕੌਮ ਇੱਕ ਦੁਰਕਾਰੀ ਹੋਈ ਹੋਂਦ ਦੀ ਮੋਹਰ ਆਪਣੇ ਮੱਥੇ ਤੇ ਲਵਾ ਕੇ ਹਿੰਦੂ ਸਮਾਜ ਦੀ ਬੰਧੂਆ ਗ਼ੁਲਾਮੀ ਨੂੰ 'ਹੋਣੀ' ਮੰਨ ਕੇ ਹੰਢਾਉਣਾ ਸਿੱਖ ਲਵੇ; ਪਰ ਜਦੋਂ ਤਕ ਇਸ ਧਰਤੀ ਤੇ ਇਲਾਹੀ ਗੁਰਬਾਣੀ ਵਿਚਲੇ 'ਕੋਊ ਹਰਿ ਸਮਾਨਿ ਨਹੀ ਰਾਜਾ' ਦੇ ਸਿਧਾਂਤ ਦੀ ਅਵਾਜ਼ ਇੱਕ ਝੰਡੇ ਵਾਂਗ ਲਹਿਰਾ ਰਹੀ ਹੈ ਤੇ ਇਸ ਸਿਧਾਂਤ ਦੇ ਆਸ਼ਕਾਂ ਦੀਆਂ ਛਾਤੀਆਂ 'ਚ ਧੜਕਣ ਜਿਊਂਦੀ ਹੈ, ਓਦੋਂ ਤਕ ਸਿੱਖ ਪੰਥ ਦੀ ਅਜ਼ਾਦ ਹਸਤੀ ਨੂੰ ਕਿਸੇ ਵੀ ਗ਼ਰਕੀ ਹੋਈ 'ਮੁੱਖ-ਧਾਰਾ' ਦੇ ਦਾਇਰੇ 'ਚ ਬੰਨ੍ਹ ਕੇ ਰੱਖਣ ਦੇ ਸਮੁੱਚੇ ਯਤਨ ਇੱਕ ਭਰਮ ਤੋਂ ਵੱਧ ਕੁਝ ਅਰਥ ਨਹੀਂ ਰੱਖਦੇ।

ਪਰ ਭਾਰਤੀ ਸਟੇਟ ਨੂੰ ਆਪਣੇ ਸਮੁੱਚੇ ਸਿੱਖ ਵਿਰੋਧੀ ਕੋਝੇ ਯਤਨਾਂ ਦਾ ਮੋਹਰਾ ਬਣਾਉਣ ਲਈ ਅਜਿਹੇ ਵਿਕਾਊ ਅਤੇ ਬੇਗ਼ੈਰਤ ਸਿਰਾਂ ਦਾ ਤਕੜਾ ਝੁੰਡ ਉਪਲਬਧ ਹੈ, ਜੋ ਖ਼ੁਦ ਨੂੰ 'ਸਿੱਖ' ਅਖਵਾ ਕੇ ਵੀ ਗ਼ੁਲਾਮੀ ਦੀ ਜੂਠੀ ਚੂਰੀ 'ਚ ਚੁੰਝ ਮਾਰਦੇ ਰਹਿਣ ਨੂੰ ਹੀ ਦੁਨੀਆ ਦਾ ਸਭ ਤੋਂ ਫ਼ਾਇਦੇਮੰਦ ਸੌਦਾ ਸਮਝਦੇ ਹਨ ਤੇ ਇਸ ਵੱਟੇ ਆਪਣੀ ਜ਼ਮੀਰ ਤੋਂ ਲੈ ਕੇ ਕੁਝ ਵੀ ਵੇਚ ਦੇਣ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦੇ ਹਨ। ਅਜਿਹੇ ਲੋਕ ਸਿੱਖ ਕੌਮ ਦੀ ਅਜ਼ਾਦੀ ਦੀ



ਹਰ ਇੱਕ ਉਮੰਗ ਨੂੰ 'ਸ਼ਰਾਰਤੀ ਅਨਸਰਾਂ ਦੀ ਨਾਹਰੇਬਾਜ਼ੀ' ਕਹਿ ਕੇ ਆਪਣੀ ਨਿਪੁੰਸਕ ਸੋਚ ਨੂੰ 'ਸਮਝਦਾਰੀ' ਬਣਾ ਕੇ ਪ੍ਰਚਾਰਨ ਲਈ ਤਤਪਰ ਰਹਿੰਦੇ ਹਨ। ਅੰਗਰੇਜ਼ ਦੀ ਗ਼ੁਲਾਮੀ ਵੇਲੇ ਵੀ ਅਜਿਹੇ ਜ਼ਮੀਰ-ਫ਼ਰੋਸ਼ ਲੋਕਾਂ ਦੀ ਕੋਈ ਘਾਟ ਨਹੀਂ ਸੀ ਤੇ ਹੁਣ ਦੇ ਮਨਿਸਟਰੀ ਦੇ ਛਣਕਣਿਆਂ ਵਾਂਗ ਉਹਨਾਂ ਲੋਕਾਂ ਨੂੰ ਵੀ ਜਗੀਰਦਾਰੀਆਂ ਤੇ ਜ਼ੈਲਦਾਰੀਆਂ ਦੇ ਬੜੇ ਛਣਕਣੇ ਮਿਲੇ ਹੋਏ ਸਨ, ਉਹ ਸਰਮਾਏਦਾਰ ਮੰਨੇ ਜਾਂਦੇ ਸਨ, ਸਮਝਦਾਰ ਪ੍ਰਚਾਰੇ ਜਾਂਦੇ ਤੇ ਅਜ਼ਾਦੀ ਦੇ ਆਸ਼ਕਾਂ ਨੂੰ 'ਸਿਰਫ਼ਿਰੇ' ਕਹਿ ਕੇ ਨਕਾਰਦੇ ਸਨ, ਪਰ ਅੱਜ ਇਤਿਹਾਸ ਦੇ ਪੰਨਿਆਂ ਵਿੱਚ ਉਹ 'ਸਮਝਦਾਰ ਲੋਕ' ਕਿੱਥੇ ਹਨ ?

ਅਜਿਹੇ ਗ਼ੁਲਾਮ ਬਿਰਤੀ ਲੋਕਾਂ ਨੂੰ ਇਹ ਗੱਲ ਸਮਝਾਉਣ ਲਈ ਆਮ ਸਿੱਖ ਸੰਗਤਾਂ ਨੂੰ ਵੀ ਮੋਰਚਾ ਸੰਭਾਲ਼ਨਾ ਪਵੇਗਾ ਕਿ ਭਾਰਤ ਤੋਂ ਵੱਖਰਾ ਹੋਣ ਦੀ ਸੋਚ ਕਿਸੇ ਸਿਰਫ਼ਿਰੇ ਸਿੱਖ ਦੀ ਨਹੀਂ, ਬਲਕਿ ਜੂਨ 1984 ਵਿੱਚ ਭਾਰਤੀ ਫ਼ੌਜ ਦੇ ਟੈਂਕਾਂ ਨੇ ਪੰਜਾਬ ਨੂੰ ਇੱਕ ਦੁਸ਼ਮਣ ਦੇਸ਼ ਦੀ ਧਰਤੀ ਵਾਂਗ ਲਿਤਾੜਿਆ ਸੀ ਅਤੇ ਸਿਫ਼ਤੀ ਦੇ ਘਰ ਹਰਿਮੰਦਰ ਸਾਹਿਬ ਉੱਤੇ ਆਪਣੀ ਪੰਜ ਸਦੀਆਂ ਦੀ ਨਫ਼ਰਤ ਵਿੱਚ ਗੁੰਨ੍ਹ ਕੇ ਬਰੂਦ ਦੇ ਗੋਲ਼ੇ ਵਰ੍ਹਾਏ ਸਨ। ਇਹ ਇਤਿਹਾਸ ਦੀ ਛਾਤੀ ਤੇ ਬਰੂਦ ਨਾਲ਼ ਲਿਖੀ ਹਕੀਕਤ ਹੈ। ਅਜਿਹੀਆਂ ਹਕੀਕਤਾਂ ਨਾ ਤਾਂ ਝੁਠਲਾਈਆਂ ਜਾ ਸਕਦੀਆਂ ਹਨ ਤੇ ਨਾ ਹੀ ਬਦਲੀਆਂ ਜਾ ਸਕਦੀਆਂ ਹਨ। ਇਹਨਾਂ ਨੂੰ ਬਦਲਣ ਦਾ ਯਤਨ ਕਰਨ ਵਾਲ਼ੀਆਂ ਤਾਕਤਾਂ ਦਾ ਇੱਕ ਸਮੇਂ ਉਸ ਤਰ੍ਹਾਂ ਦਾ ਹਸ਼ਰ ਹੋਣਾ ਪਹਿਲਾਂ ਹੀ ਤੈਅ ਹੁੰਦਾ ਹੈ, ਜਿਵੇਂ ਆਪਣੇ ਆਪ ਨੂੰ ਕੁਝ ਵਧੇਰੇ ਹੀ ਤਾਕਤਵਰ ਸਮਝ ਕੇ ਵਗਦੇ ਦਰਿਆਵਾਂ ਦੇ ਵਹਿਣ ਵਾਪਸ ਪਿੱਛੇ ਮੋੜਨ ਦਾ ਯਤਨ ਕਰਨ ਵਾਲ਼ੇ ਲੋਕਾਂ ਦਾ ਹਸ਼ਰ ਹੁੰਦਾ ਹੈ।



ਅਸੀਂ ਆਪਣੇ ਪਿੜ ਅੰਦਰਲੇ ਅਜਿਹੇ ਆਪਣੇ ਵੀਰਾਂ ਦੀਆਂ ਕਥਨੀਆਂ ਤੋਂ ਵੀ ਪੂਰੀ ਤਰ੍ਹਾਂ ਸੁਚੇਤ ਰਹਿਣਾ ਹੈ, ਜਿਹੜੇ ਨਿੱਕੇ ਨਿੱਕੇ ਮਸਲਿਆਂ ਤੇ ਬਿਆਨ ਦਿੰਦੇ ਰਹਿੰਦੇ ਹਨ ਕਿ 'ਜੇਕਰ ਫਲਾਣਾ ਕੰਮ ਹੋਇਆ ਤਾਂ ਸਿੱਖਾਂ ਲਈ ਦੇਸ਼ ਬੇਗ਼ਾਨਾ ਹੋ ਜਾਵੇਗਾ', 'ਜੇਕਰ ਢਿਮਕੀ ਗੱਲ ਹੋਈ ਤਾਂ ਸਿੱਖ ਮੁੱਖ ਧਾਰਾ ਤੋਂ ਦੂਰ ਹੋ ਜਾਣਗੇ।' ਅਜਿਹੇ ਵੀਰਾਂ ਨੂੰ ਵੀ ਸਮਝਾ ਦਿੱਤਾ ਜਾਵੇ ਕਿ ਸਿੱਖਾਂ ਲਈ ਇਹ ਦੇਸ਼ ਬੇਗ਼ਾਨਾ ਹੀ ਹੈ, ਤੇ ਇਹ ਓਦੋਂ ਹੀ ਬੇਗ਼ਾਨਾ ਹੋ ਗਿਆ ਸੀ, ਜਦੋਂ ਪਹਿਲੀ ਜੂਨ 1984 ਨੂੰ ਭਾਰਤੀ ਫ਼ੋਰਸਾਂ ਦੇ ਮੋਰਚੇ 'ਚੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਸ਼ਿਸਤ ਬੰਨ੍ਹ ਕੇ ਪਹਿਲੀ ਗੋਲ਼ੀ ਚਲਾਈ ਗਈ ਸੀ। ਇਸ ਬਾਰੇ ਭੰਬਲ਼ਭੂਸੇ ਨਹੀਂ ਪਾਏ ਜਾਣੇ ਚਾਹੀਦੇ ਤੇ ਵਿਚਾਰ ਦਾ ਨੁਕਤਾ ਸਿਰਫ਼ ਇਹ ਹੋਣਾ ਚਾਹੀਦਾ ਹੈ ਕਿ ਅਜ਼ਾਦੀ ਦਾ ਹੱਕ ਹਾਸਲ ਕਰਨ ਲਈ ਸਿੱਖਾਂ ਨੂੰ ਕਿਸ ਹੱਦ ਤਕ ਜਾਣਾ ਪਵੇਗਾ। ਜਾਂ ਭਾਰਤੀ ਸਟੇਟ ਇਸ ਲਈ ਸਿੱਖਾਂ ਨੂੰ ਕਿਸ ਹੱਦ ਤਕ ਜਾਣ ਲਈ ਮਜਬੂਰ ਕਰਨਾ ਚਾਹੁੰਦੀ ਹੈ ?

****

ਚਿੰਤਨ ਤੇ ਭਵਿੱਖ ਦਾ ਪੈਂਡਾ

ਜੇਕਰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲ਼ੇ ਇਹ ਜੰਗ ਨਾ ਲੜਦੇ ਤਾਂ ਸਿੱਖ ਇਤਿਹਾਸ ਕਲੰਕਿਤ ਹੋ ਜਾਂਦਾ

ਕਿਸੇ ਵੀ ਵਰਤਮਾਨ ਦੀ ਹਿੱਕ ਉੱਪਰ ਘਟੀ ਕੋਈ ਵੀ ਮਹੱਤਵਪੂਰਨ ਘਟਨਾ ਜੇਕਰ ਇਤਿਹਾਸ ਦੀ ਬੁਨਿਆਦ ਬਣਦੀ ਹੈ ਤਾਂ ਇਤਿਹਾਸ ਦੇ ਸੁਨਹਿਰੀ ਪੰਨੇ ਕਿਸੇ ਵੀ ਕੌਮ ਦੇ ਸੁਨਹਿਰੀ ਭਵਿੱਖ ਦੀ ਬੁਨਿਆਦ ਬਣ ਜਾਂਦੇ ਹਨ; ਪਰ ਉਸ ਕੌਮ ਦੇ ਰਹਿਨੁਮਾਵਾਂ ਨੂੰ ਏਨਾ ਕੁ ਸੁਚੇਤ ਜ਼ਰੂਰ ਰਹਿਣਾ ਪੈਂਦਾ ਹੈ ਕਿ ਤਲਵਾਰ ਦੀ ਧਾਰ 'ਤੇ ਤੁਰ ਕੇ ਉਸ ਕੌਮ ਦੇ ਸਿਰਜੇ ਗਏ ਸੁਨਹਿਰੀ ਇਤਿਹਾਸ ਨੂੰ ਦੋਖੀ ਤਾਕਤਾਂ ਕਲਮ ਦੇ ਜ਼ੋਰ ਨਾਲ਼ ਹੀ ਇਤਿਹਾਸ ਦਾ ਕਾਲ਼ਾ ਦੌਰ ਨਾ ਗਰਦਾਨ ਦੇਣ। ਜਿਹੜੀਆਂ ਕੌਮਾਂ ਇਸ ਮਹੱਤਵਪੂਰਨ ਨੁਕਤੇ 'ਤੇ ਅਵੇਸਲੀਆਂ ਰਹਿ ਜਾਣ, ਉਹਨਾਂ ਦੀ ਜਿੱਤ ਵੀ ਹਾਰ ਵਿੱਚ ਬਦਲ ਜਾਂਦੀ ਹੈ। ਉਹਨਾਂ ਨਾਲ਼ ਇਹ ਭਾਣਾ ਪ੍ਰਤੱਖ ਰੂਪ ਵਿੱਚ ਵਰਤਦਾ ਹੈ ਕਿ 'ਤਲਵਾਰ ਦਾ ਵਾਰ ਝੱਲ ਗਈ ਪਰ ਕਲਮ ਨਾਲ਼ ਝਟਕਾ ਦਿੱਤੀ ਗਈ।'

ਸਿੱਖਾਂ ਦੀ 'ਇਤਿਹਾਸ ਸਿਰਜਣ ਦੀ ਸ਼ਕਤੀ' ਅਤੇ ਉਸ 'ਇਤਿਹਾਸ ਨੂੰ ਸਹੀ ਸੰਦਰਭ ਵਿੱਚ ਲਿਖਣ ਦੀ ਅਣਗਹਿਲੀ' ਵਾਲ਼ੀ ਹਕੀਕਤ ਸਿੱਖ ਕੌਮ ਨੂੰ ਅਜਿਹੀਆਂ ਬਦਨਸੀਬ ਕੌਮਾਂ ਦੀ ਕਤਾਰ ਵਿੱਚ ਖੜ੍ਹਾ ਕਰਦੀ ਹੈ। ਭਾਵੇਂ ਕਿ ਸਿੱਖਾਂ ਨੇ ਆਪਣੇ ਜਨਮ ਤੋਂ ਲੈ ਕੇ ਹੀ ਸਮੇਂ ਸਮੇਂ ਦੀਆਂ ਮਾਣਮੱਤੀਆਂ ਹਕੂਮਤਾਂ ਦੀਆਂ ਤਲਵਾਰਾਂ ਦੇ ਵਾਰ ਆਪਣੀ ਧੌਣ ਸਿੱਧੀ ਰੱਖ ਕੇ ਉਸ 'ਤੇ ਝੱਲੇ ਹਨ ਅਤੇ ਆਪਣੇ ਲਹੂ ਨਾਲ਼ ਇੱਕ ਸੁਨਹਿਰੀ ਇਤਿਹਾਸ ਸਿਰਜ ਕੇ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਨਿਵੇਕਲਾ ਸਥਾਨ ਹਾਸਲ ਕੀਤਾ ਹੈ, ਪਰ ਇੱਥੇ ਹੀ ਇਤਿਹਾਸ ਦਾ ਇਹ ਇੱਕ ਦੁਖਾਂਤ ਵੀ ਹੈ ਕਿ ਇਸ ਸੁਨਹਿਰੀ ਇਤਿਹਾਸ ਦੇ ਸਿਰਜਕ ਸਿੱਖ, ਦੁਸ਼ਮਣ ਦੀਆਂ ਸਿਆਹ ਕਾਲ਼ਖ ਉਗਲ਼ਦੀਆਂ ਕਲਮਾਂ ਤੋਂ ਆਪਣੇ ਇਤਿਹਾਸ ਦੀ ਰਾਖੀ ਕਰਨੋਂ ਨਾਕਾਮ ਰਹੇ ਹਨ।

ਅਠ੍ਹਾਰਵੀਂ ਸਦੀ ਦੇ ਸਿੱਖ ਇਤਿਹਾਸ ਦਾ ਮੁਕੰਮਲ ਗ਼ੈਰ-ਸਿੱਖਾਂ ਵੱਲੋਂ ਲਿਖਿਆ ਜਾਣਾ ਇੱਕ ਸਿੱਖ ਦੁਖਾਂਤ ਤਾਂ ਸੀ, ਪਰ ਗ਼ੈਰ-ਸਿੱਖਾਂ ਦੇ ਲਿਖੇ ਇਤਿਹਾਸ ਵਿੱਚੋਂ ਵੀ ਸਿੱਖ ਜੀਵਨ ਦੇ ਉਜਲੇ ਪੱਖਾਂ ਦੇ ਦਰਸ਼ਨ ਹੋ ਜਾਣਾ ਇੱਕ ਮਾਣਯੋਗ ਪੱਖ ਵੀ ਹੋ ਨਿੱਬੜਿਆ, ਜਿਸ ਨੇ ਸਿੱਖਾਂ ਦੇ ਉੱਚ ਆਚਰਨ ਸੰਬੰਧੀ ਕਿਸੇ ਗਵਾਹੀ ਦੀ ਲੋੜ ਹੀ ਨਹੀਂ ਰਹਿਣ ਦਿੱਤੀ। ਪਰ ਉਸ ਤੋਂ ਬਾਅਦ, ਖ਼ਾਸ ਤੌਰ 'ਤੇ ਵੀਹਵੀਂ ਸਦੀ ਵਿੱਚ ਸਿੱਖਾਂ ਦਾ ਵਾਹ ਬਹੁਤ ਹੀ ਕੁਟਿਲ ਵੈਰੀ ਨਾਲ਼ ਪਿਆ, ਜਿਸ ਨੇ ਸਿੱਖਾਂ ਦੇ ਇਤਿਹਾਸ 'ਤੇ ਕਾਲ਼ਖ ਮਲ਼ਦਿਆਂ 'ਜ਼ਮੀਰ' ਨਾਂ ਦੀ ਸ਼ੈਅ ਦੇ ਰੂ-ਬਰੂ ਹੋਣਾ ਵੀ

ਜ਼ਰੂਰੀ ਨਹੀਂ ਸਮਝਿਆ।

ਸਿੱਖ ਮਾਨਸਿਕਤਾ ਅੰਦਰ ਆਪਣੇ ਪਾਵਨ ਗੁਰਧਾਮਾਂ ਪ੍ਰਤੀ ਅਥਾਹ ਸ਼ਰਧਾ ਹੈ। ਇਹੀ ਅਥਾਹ ਸ਼ਰਧਾ ਹੀ ਸੀ ਜਿਸਨੇ ਸਮੇਂ-ਸਮੇਂ 'ਤੇ ਸਿੱਖ ਗੁਰਧਾਮਾਂ 'ਤੇ ਹਮਲਾਵਰ ਹੋਣ ਵਾਲ਼ੀਆਂ ਤਾਕਤਾਂ ਵਿਰੁੱਧ ਸਿੱਖ ਰੋਹ ਦੀ ਅੱਗ ਨੂੰ ਭੜਕਾਇਆ ਅਤੇ ਫਿਰ ਸਿੱਖ ਸੰਘਰਸ਼ ਦਾ ਹੜ੍ਹ ਉਸ ਹਕੂਮਤ ਦੇ ਤਖਤੋ-ਤਾਜ ਨੂੰ ਜੜ੍ਹਾਂ ਤੋਂ ਉਖਾੜ ਕੇ ਲੈ ਗਿਆ। ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉੱਪਰ ਹੋਏ ਭਾਰਤੀ ਫ਼ੌਜੀ ਹਮਲੇ ਪਿੱਛੋਂ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਬਿਪਰਾਂ ਨੇ ਵੀ ਸਿੱਖ ਰੋਹ ਦੇ ਹੜ੍ਹ ਨੂੰ ਦਿੱਲੀ ਤਖ਼ਤ ਵੱਲੋਂ ਹਟਾ ਕੇ ਸੰਤ ਜਰਨੈਲ ਸਿੰਘ ਜੀ ਦੀ ਸਖ਼ਸ਼ੀਅਤ ਵੱਲ ਮੋੜਨ ਲਈ ਹਰ ਇੱਕ ਹਰਬਾ ਵਰਤਿਆ। ਇਸ ਲਈ ਹਰ ਇੱਕ ਘਟੀਆ ਤੋਂ ਘਟੀਆ ਹਥਕੰਡਾ ਵੀ ਵਰਤਿਆ ਗਿਆ ਤੇ ਨਿਕੰਮੀ ਤੋਂ ਨਿਕੰਮੀ ਦਲੀਲ ਵੀ ਦਿੱਤੀ ਗਈ। ਜਿਵੇਂ ਇਹ ਦਲੀਲ ਦਿੱਤੀ ਜਾਂਦੀ ਰਹੀ ਕਿ 'ਦਰਬਾਰ ਸਾਹਿਬ ਉੱਪਰ ਹਮਲਾ ਤਾਂ ਓਥੋਂ ਦੀ ਪਵਿੱਤਰਤਾ ਬਹਾਲ ਕਰਨ ਲਈ ਕੀਤਾ ਗਿਆ ਸੀ, ਜਿਸ ਦੀ ਪਵਿੱਤਰਤਾ ਅੱਤਵਾਦੀਆਂ (ਸਿੱਖ ਜੁਝਾਰੂ ਸੂਰਮਿਆਂ) ਨੇ ਖ਼ਤਰੇ ਵਿੱਚ ਪਾ ਦਿੱਤੀ ਸੀ।'

ਜਦੋਂ ਸਿੱਖ ਮਾਨਸਿਕਤਾ ਨੇ ਇਸ ਹਾਸੋਹੀਣੀ ਦਲੀਲ ਨੂੰ ਹਵਾ ਵਿੱਚ ਫੁਟਬਾਲ ਵਾਂਗ ਠੁੱਡ ਮਾਰ ਕੇ ਵਾਪਸ ਉਸ ਦੇ ਖੇਮੇ ਵਿੱਚ ਭੇਜ ਦਿੱਤਾ ਤਾਂ ਫਿਰ ਇਹ ਸਿੱਧ ਕਰਨ ਦੇ ਉਚੇਚੇ ਯਤਨ ਕੀਤੇ ਗਏ ਕਿ ਦਰਬਾਰ ਸਾਹਿਬ ਦੇ ਅੰਦਰੋਂ ਕਈ ਤਰ੍ਹਾਂ ਦੇ ਨਸ਼ੀਲੇ ਪਦਾਰਥ ਮਿਲ਼ੇ ਹਨ ਤੇ ਕਈ ਗਰਭਵਤੀ ਲੜਕੀਆਂ ਵੀ ਮਿਲ਼ੀਆਂ ਹਨ। ਪਰ ਹਕੀਕਤ ਤੋਂ ਜਾਣੂ ਸਿੱਖ ਮਾਨਸਿਕਤਾ ਨੇ ਇਸ



ਝੂਠ ਨੂੰ ਵੀ ਪ੍ਰਵਾਨ ਕਰਨੋਂ ਨਾਂਹ ਕਰ ਦਿੱਤੀ।
ਝੂਠ ਨੂੰ ਵੀ ਪ੍ਰਵਾਨ ਕਰਨੋਂ ਨਾਂਹ ਕਰ ਦਿੱਤੀ। ਇੱਥੇ ਆ ਕੇ ਬ੍ਰਾਹਮਣ ਦੇ ਸ਼ਾਤਰ ਦਿਮਾਗ ਨੇ ਸਿੱਖ ਰੋਹ ਦੇ ਹੜ੍ਹ ਨੂੰ ਪਿਛਲੇ ਪੈਰੀਂ

ਇੱਥੇ ਆ ਕੇ ਬ੍ਰਾਹਮਣ ਦੇ ਸ਼ਾਤਰ ਦਿਮਾਗ ਨੇ ਸਿੱਖ ਰੋਹ ਦੇ ਹੜ੍ਹ ਨੂੰ ਪਿਛਲੇ ਪੈਰੀਂ ਮੋੜਨ ਹਿਤ ਇੱਕ ਨਵੀਂ ਦਲੀਲ ਦੀ ਖੋਜ ਕੀਤੀ। ਇਸ ਦਲੀਲ ਦਾ ਅਸਤਰ ਚਲਾਉਣ ਲਈ
ਮੋੜਨ ਹਿਤ ਇੱਕ ਨਵੀਂ ਦਲੀਲ ਦੀ ਖੋਜ ਕੀਤੀ। ਇਸ ਦਲੀਲ ਦਾ ਅਸਤਰ ਚਲਾਉਣ ਲਈ ਉਸ ਨੂੰ ਕੁਝ ਅਜਿਹੇ ਚਿਹਰਿਆਂ ਦੀ ਲੋੜ ਸੀ, ਜੋ ਵੇਖਣ ਨੂੰ ਸਿੱਖ ਜਾਪਦੇ ਹੋਣ। ਭੇਖੀ ਸਿੱਖਾਂ ਦੀ
ਉਸ ਨੂੰ ਕੁਝ ਅਜਿਹੇ ਚਿਹਰਿਆਂ ਦੀ ਲੋੜ ਸੀ, ਜੋ ਵੇਖਣ ਨੂੰ ਸਿੱਖ ਜਾਪਦੇ ਹੋਣ। ਭੇਖੀ ਸਿੱਖਾਂ ਦੀ ਮੰਡੀ 'ਚੋਂ ਉਸ ਨੂੰ ਅਜਿਹੇ ਚਿਹਰੇ ਮੁਹਰੇ ਮੁੱਲ ਖ਼ਰੀਦਣ ਵਿੱਚ ਨਾ ਹੀ ਪਹਿਲਾਂ ਕਦੇ ਤੋਟ ਆਈ
ਮੰਡੀ 'ਚੋਂ ਉਸ ਨੂੰ ਅਜਿਹੇ ਚਿਹਰੇ ਮੁਹਰੇ ਮੁੱਲ ਖ਼ਰੀਦਣ ਵਿੱਚ ਨਾ ਹੀ ਪਹਿਲਾਂ ਕਦੇ ਤੋਟ ਆਈ ਸੀ ਤੇ ਨਾ ਹੀ ਹੁਣ ਆਈ। ਸੌਦੇਬਾਜ਼ੀ ਪਿੱਛੋਂ ਕੁਝ ਸਿੱਖ ਚਿਹਰੇ ਖ਼ਰੀਦ ਲਏ ਗਏ ਅਤੇ ਸਿੱਖ ਕੌਮ
ਸੀ ਤੇ ਨਾ ਹੀ ਹੁਣ ਆਈ। ਸੌਦੇਬਾਜ਼ੀ ਪਿੱਛੋਂ ਕੁਝ ਸਿੱਖ ਚਿਹਰੇ ਖ਼ਰੀਦ ਲਏ ਗਏ ਅਤੇ ਸਿੱਖ ਕੌਮ ਦੀਆਂ ਸਫ਼ਾਂ ਅੰਦਰ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਅੰਦਰ ਜੂਝਣ ਵਾਲ਼ੇ ਸੰਤ ਜਰਨੈਲ ਸਿੰਘ
ਦੀਆਂ ਸਫ਼ਾਂ ਅੰਦਰ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਅੰਦਰ ਜੂਝਣ ਵਾਲ਼ੇ ਸੰਤ ਜਰਨੈਲ ਸਿੰਘ ਤੇ ਹੋਰ ਸਿੱਖ ਜੁਝਾਰੂਆਂ ਵਿਰੁੱਧ ਇਸ ਸਾਜ਼ਿਸ਼ੀ ਦਲੀਲ ਦਾ ਛਿੜਕਾਅ ਕੀਤਾ ਜਾਣ ਲੱਗਾ, ਅਖੇ
ਤੇ ਹੋਰ ਸਿੱਖ ਜੁਝਾਰੂਆਂ ਵਿਰੁੱਧ ਇਸ ਸਾਜ਼ਿਸ਼ੀ ਦਲੀਲ ਦਾ ਛਿੜਕਾਅ ਕੀਤਾ ਜਾਣ ਲੱਗਾ, ਅਖੇ "ਸਿੱਖ ਜੁਝਾਰੂਆਂ ਦਾ ਜੂਝਣਾ ਤਾਂ ਠੀਕ ਹੋ ਸਕਦਾ ਹੈ, ਪਰ ਸ੍ਰੀ ਦਰਬਾਰ ਸਾਹਿਬ ਦੀ ਵਰਤੋਂ
"ਸਿੱਖ ਜੁਝਾਰੂਆਂ ਦਾ ਜੂਝਣਾ ਤਾਂ ਠੀਕ ਹੋ ਸਕਦਾ ਹੈ, ਪਰ ਸ੍ਰੀ ਦਰਬਾਰ ਸਾਹਿਬ ਦੀ ਵਰਤੋਂ ਇੱਕ ਕਿਲ੍ਹੇ ਵਾਂਗ ਕਰਨੀ ਮੂਲੋਂ ਹੀ ਗ਼ਲਤ ਸੀ।"
ਇੱਕ ਕਿਲ੍ਹੇ ਵਾਂਗ ਕਰਨੀ ਮੂਲੋਂ ਹੀ ਗ਼ਲਤ ਸੀ।"

ਇਸ ਉਪਰੋਕਤ ਦਲੀਲ ਨੂੰ ਵਜ਼ਨਦਾਰ ਬਣਾਉਣ ਲਈ ਇੱਕ ਇਤਿਹਾਸਕ ਹਵਾਲਾ
ਇਸ ਉਪਰੋਕਤ ਦਲੀਲ ਨੂੰ ਵਜ਼ਨਦਾਰ ਬਣਾਉਣ ਲਈ ਇੱਕ ਇਤਿਹਾਸਕ ਹਵਾਲਾ ਵੀ ਨਾਲ਼ ਦਿੱਤਾ ਜਾਣ ਲੱਗਾ। ਅਖੇ: "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਸਿੱਖਾਂ ਨੂੰ ਜਬਰ ਜ਼ੁਲਮ ਵਿਰੁੱਧ ਸ਼ਸਤਰਧਾਰੀ ਕੀਤਾ ਸੀ, ਪਰ ਜਦੋਂ ਮੁਗ਼ਲ ਫ਼ੌਜਾਂ ਦੇ ਹਮਲਾਵਰ ਹੋ ਕੇ ਆਉਣ ਦਾ ਪਤਾ ਲੱਗਾ ਤਾਂ ਉਹਨਾਂ ਨੇ ਦਰਬਾਰ ਸਾਹਿਬ ਤੋਂ ਬਾਹਰ ਆ ਕੇ ਦੂਰ ਇੱਕ ਮੈਦਾਨ ਵਿੱਚ ਯੁੱਧ ਲੜਨ ਨੂੰ ਤਰਜੀਹ ਦਿੱਤੀ ਸੀ ਅਤੇ ਦਰਬਾਰ ਸਾਹਿਬ ਜਾਂ ਅਕਾਲ਼ ਤਖ਼ਤ ਨੂੰ ਕਿਲ੍ਹੇ ਵਜੋਂ ਨਹੀਂ ਸੀ ਵਰਤਿਆ।"

ਗੁਰੂ ਹਰਿਗੋਬਿੰਦ ਸਾਹਿਬ-ਇੱਕ ਜੰਗ ਦਾ ਚਿੱਤਰ



ਸ਼ਾਤਰ ਬਾਹਮਣ ਜਾਣਦਾ ਸੀ ਕਿ ਗੁਰਧਾਮਾਂ ਪ੍ਰਤੀ ਸ਼ਰਧਾ ਨਾਲ਼ ਭਰਪੂਰ ਸਿੱਖ ਮਾਨਸਿਕਤਾ ਉੱਪਰ ਇਹ ਦਲੀਲ ਜ਼ਰੂਰ ਘਾਤਕ ਅਸਰ ਕਰੇਗੀ। ਬੇਸ਼ੱਕ ਇਹ 'ਦਲੀਲੀ-ਅਸਤਰ' ਬਿਪਰ ਦੀ ਇੱਛਾ ਅਨੁਸਾਰ ਸਿੱਟੇ ਕੱਢਣ ਵਿੱਚ ਨਾਕਾਮ ਰਿਹਾ, ਪਰ ਜਾਪਦਾ ਹੈ ਕਿ ਸਿੱਖਾਂ ਨੇ ਇਸ ਘਾਤਕ ਅਸਤਰ ਨੂੰ ਨਕਾਰਾ ਸਮਝ ਕੇ ਹੀ ਇਸ ਨੂੰ ਨਸ਼ਟ ਕਰਨ ਵਿੱਚ ਰੁਚੀ ਨਹੀਂ ਵਿਖਾਈ ਜੋ ਕਿ ਭਵਿੱਖ ਵਿੱਚ ਜ਼ਰੂਰ ਘਾਤਕ ਹੋ ਸਕਦਾ ਹੈ। ਇਸ ਲਈ ਸਿੱਖ ਸਿਧਾਂਤ ਦੇ ਮੱਦੇਨਜ਼ਰ ਇਸ ਦਲੀਲ ਦੀ ਚੀਰਫਾੜ ਕਰਨੀ ਜ਼ਰੂਰੀ ਹੋ ਜਾਂਦੀ ਹੈ।

ਸਭ ਤੋਂ ਪਹਿਲਾਂ ਇਹ ਸਪਸ਼ਟ ਹੋ ਜਾਣਾ ਬਹੁਤ ਜ਼ਰੂਰੀ ਹੈ ਕਿ ਮੁਗ਼ਲ ਫ਼ੌਜਾਂ ਦੀ ਚੜ੍ਹਾਈ ਦੀ ਖ਼ਬਰ ਸੁਣ ਕੇ ਗੁਰੂ ਸਾਹਿਬ ਦਾ ਦਰਬਾਰ ਸਾਹਿਬ 'ਚੋਂ ਬਾਹਰ ਨਿਕਲ਼ ਕੇ ਇੱਕ ਵਧੀਆ ਮੈਦਾਨ ਨੂੰ ਲੜਾਈ ਲਈ ਚੁਣਨ ਦਾ ਕਾਰਨ ਰਣਨੀਤਿਕ ਸੀ ਨਾ ਕਿ ਜੰਗ ਕਾਰਨ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਅਤੇ ਹੋਂਦ ਖ਼ਤਰੇ ਵਿੱਚ ਪੈ ਜਾਣ ਦਾ ਖ਼ਦਸ਼ਾ। ਜਿਹੜੇ ਲੋਕ

ਇਹ ਦਲੀਲ ਦਿੰਦੇ ਹਨ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਨੇ ਲੜਾਈ ਦਾ ਮੈਦਾਨ ਕੋਈ ਹੋਰ ਚੁਣਿਆ ਸੀ, ਉਹਨਾਂ ਲੋਕਾਂ ਨੂੰ ਅਸਲ ਵਿੱਚ ਇਹ ਪਤਾ ਹੀ ਨਹੀਂ ਕਿ ਦਰਬਾਰ ਸਾਹਿਬ ਜਾਂ ਹੋਰ ਸਿੱਖ ਗੁਰਧਾਮਾਂ ਦੀ 'ਪਵਿੱਤਰਤਾ ਦਾ ਮੂਲ ਆਧਾਰ' ਕੀ ਹੈ। ਜੇਕਰ ਕਿਸੇ ਸ਼ਰਧਾਵਾਨ ਸਿੱਖ ਤੋਂ ਪੁੱਛਿਆ ਜਾਵੇ ਕਿ 'ਗੁਰਧਾਮ ਤੇਰੇ ਲਈ ਕਿਉਂ ਪਵਿੱਤਰ ਹਨ?' ਤਾਂ ਉਹ ਤੁਰੰਤ ਜਵਾਬ ਦੇਵੇਗਾ:

"ਮੇਰੇ ਸਤਿਗੁਰੂ ਨਾਲ਼ ਸੰਬੰਧਿਤ ਹੋਣ ਕਰਕੇ।"

ਇਸ ਵਿੱਚ ਕੋਈ ਦੋ ਰਾਵਾਂ ਵੀ ਨਹੀਂ ਹਨ ਕਿ ਹਰ ਇੱਕ ਗੁਰਧਾਮ ਪ੍ਰਤੀ ਸਿੱਖ ਸ਼ਰਧਾ ਦਾ ਮੂਲ ਆਧਾਰ ਇਹੀ ਹੈ ਕਿ ਉਹ ਸਿੱਖਾਂ ਦੇ 'ਗੁਰੂ' ਦਾ 'ਧਾਮ' ਹੈ, ਉਸ ਦਾ ਸੰਬੰਧ ਸਿੱਖਾਂ ਦੇ ਗੁਰੂ ਨਾਲ਼ ਹੈ। ਸਿੱਖ ਗੁਰੂ ਸਾਹਿਬ ਦੇ ਬਿਰਾਜਮਾਨ ਹੋਣ ਨਾਲ਼ ਹੀ ਸਿੱਖਾਂ ਲਈ ਉਹ ਥਾਂ 'ਸੁਹਾਵਾ' ਬਣ ਜਾਂਦਾ ਹੈ:

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮ ਰਾਜੇ ॥

(ਗੁਰੂ ਗਰੰਥ ਸਾਹਿਬ)

ਪਰ ਸਵਾਲ ਇਹ ਹੈ ਕਿ ਸਿੱਖਾਂ ਦਾ ਉਹ ਮਹਾਨ 'ਗੁਰੂ' ਜਿਸ ਦੇ ਕਾਰਨ ਗੁਰਧਾਮਾਂ ਦੀ ਹੋਂਦ ਬਣੀ, ਉਹ 'ਗੁਰੂ' ਖ਼ੁਦ ਸ਼ਸਤਰ ਧਾਰਨ ਕਰ ਕੇ ਅਪਵਿੱਤਰ ਨਹੀਂ ਹੁੰਦਾ, ਸ਼ਸਤਰ ਚੁੱਕ ਕੇ ਧਰਮ ਯੁੱਧ ਲੜਨ ਲੱਗਿਆਂ ਅਪਵਿੱਤਰ ਨਹੀਂ ਹੁੰਦਾ, ਤਾਂ ਫਿਰ ਉਸ ਗੁਰੂ ਦੀ ਸੇਧ 'ਤੇ ਤੁਰਦਿਆਂ ਜੇਕਰ ਉਸ ਦੇ ਸਿੱਖ, ਉਸ ਦੇ ਇੱਕ 'ਧਾਮ' ਅੰਦਰ ਇੱਕ 'ਧਰਮ ਯੁੱਧ' ਲੜਦੇ ਹਨ ਤਾਂ ਉਹ ਗੁਰਧਾਮ ਨੂੰ ਅਪਵਿੱਤਰ ਕਰਨ ਦੇ ਦੋਸ਼ੀ ਕਿਵੇਂ ਬਣ ਜਾਂਦੇ ਹਨ? ਤੇ ਧਰਮ ਯੁੱਧ ਵੀ ਅਜਿਹਾ ਜਿਸ ਦੇ ਵਿੱਚ ਉਹ ਖ਼ੁਦ ਹਮਲਾਵਰ ਨਹੀਂ ਹੋਏ ਬਲਕਿ ਹਮਲਾਵਰਾਂ ਦਾ ਟਾਕਰਾ ਕਰਦੇ ਹੋਏ ਸ਼ਹਾਦਤ ਦੇ ਜਾਮ ਪੀ ਗਏ।

ਸੋ ਪਹਿਲੀ ਗੱਲ ਇਹ ਕਿ ਸਿੱਖ ਸਿਧਾਂਤ ਦੇ ਰਚਨਹਾਰ ਸਿੱਖ 'ਸਤਿਗੁਰੂ' ਸਿੱਖਾਂ ਲਈ ਹਰ ਇੱਕ ਧਰਮ ਯੁੱਧ ਵਿੱਚ ਖ਼ੁਦ ਇੱਕ ਆਦਰਸ਼ ਹਨ, ਜੋ ਇਤਿਹਾਸ ਦੀ ਹਰ ਝਾਕੀ ਵਿੱਚ ਸ਼ਮਸ਼ੀਰ ਫੜ ਕੇ ਲੋੜ ਪੈਣ 'ਤੇ ਧਰਮ ਯੁੱਧ ਲੜਦੇ ਪ੍ਰਤੱਖ ਵੇਖੇ ਜਾ ਸਕਦੇ ਹਨ, ਇਸ ਲਈ ਉਸ ਇਨਕਲਾਬੀ 'ਗੁਰੂ' ਦਾ ਕੋਈ 'ਧਾਮ' ਵੀ ਸਿੱਖਾਂ ਵੱਲੋਂ ਧਰਮ ਯੁੱਧ ਲਈ ਜਮ੍ਹਾ ਕੀਤੇ ਸ਼ਸਤਰਾਂ ਜਾਂ ਬਣਾਏ ਗਏ ਮੋਰਚਿਆਂ ਨਾਲ਼ ਅਪਵਿੱਤਰ ਨਹੀਂ ਹੋ ਸਕਦਾ। ਹਾਂ, ਸਿੱਖ ਸਿਧਾਂਤ ਦੇ ਮੁਤਾਬਿਕ ਵੇਖਿਆ ਜਾਵੇ ਤਾਂ ਸਿੱਖ ਗੁਰਧਾਮਾਂ ਦੀ ਪਵਿੱਤਰਤਾ ਉਸ ਹਾਲਤ ਵਿੱਚ ਜ਼ਰੂਰ ਖ਼ਤਰੇ ਵਿੱਚ ਪੈ ਜਾਂਦੀ ਹੈ ਜਦੋਂ ਜ਼ੁਲਮ ਜਬਰ ਦੀ ਵਰ੍ਹਦੀ ਅੱਗ ਵਿੱਚ ਵੀ ਇਹਨਾਂ ਗੁਰਧਾਮਾਂ ਅੰਦਰੋਂ ਉਸ ਜ਼ੁਲਮ ਵਿਰੁੱਧ ਅਵਾਜ਼ ਨਹੀਂ ਉੱਠਦੀ। ਦੂਜੀ ਹਾਲਤ ਵਿੱਚ ਇਸ ਪਵਿੱਤਰਤਾ ਨੂੰ ਓਦੋਂ ਚੁਣੌਤੀ ਮਿਲਦੀ

ਹੈ ਜਦੋਂ ਮਨੁੱਖਤਾ ਦੀਆਂ ਦੋਖੀ ਜਾਬਰ ਤਾਕਤਾਂ ਦੀ ਸਿਰਜੀ ਕਿਸੇ ਪਾਪ ਦੀ ਜੰਞ(ਹਮਲਾਵਰ ਫ਼ੌਜ) ਦੇ ਨਾਪਾਕ ਪੈਰ ਗੁਰਧਾਮਾਂ ਦੀ ਹੱਦ ਅੰਦਰ ਦਾਖ਼ਲ ਹੁੰਦੇ ਹਨ ਤੇ ਉਹਨਾਂ ਨੂੰ ਅੰਦਰੋਂ ਕੋਈ ਚੁਣੌਤੀ ਹੀ ਨਹੀਂ ਮਿਲਦੀ।



ਇਸ ਸਿਧਾਂਤ ਅਨੁਸਾਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਅਤੇ ਉਹਨਾਂ ਦੀ ਅਗਵਾਈ ਹੇਠ ਜੂਝਣ ਵਾਲ਼ੇ ਸਿਰਲੱਥ ਸਿੰਘਾਂ ਨੇ ਪਹਿਲਾਂ ਦਿੱਲੀ ਦੇ ਜਾਬਰ ਤਖ਼ਤ ਵਿਰੁੱਧ 'ਗੁਰਧਾਮ' ਅੰਦਰੋਂ ਅਵਾਜ਼ ਬੁਲੰਦ ਕਰਕੇ ਗੁਰੂ ਦੇ ਸਿਧਾਂਤ ਦੀ ਪਾਲ਼ਣਾ ਕੀਤੀ; ਜਦੋਂ ਇਸ ਤੋਂ ਤਿਲਮਿਲਾਈ ਦਿੱਲੀ ਦੀ ਹਾਕਮ ਇੰਦਰਾ ਨੇ ਆਪਣੀ ਫ਼ੌਜ ਭੇਜ ਕੇ ਗੁਰਧਾਮਾਂ ਦੀ ਪਵਿੱਤਰਤਾ ਨੂੰ ਚੁਣੌਤੀ ਦਿੱਤੀ ਤਾਂ ਸਿੱਖ ਜੁਝਾਰੂ ਯੋਧਿਆਂ ਨੇ ਆਪਣੇ ਅਤੇ ਵੈਰੀ ਦੇ ਲਹੂ ਨਾਲ਼ ਜਾਬਰ ਬੂਟਾਂ ਨਾਲ਼ ਅੰਦਰ ਦਾਖ਼ਲ ਹੋਈ ਪਲੀਤ ਮਿੱਟੀ ਨੂੰ ਹੂੰਝ ਸੁੱਟਿਆ। ਇਸ ਅਨੁਸਾਰ ਸਿੱਖ ਸਿਧਾਂਤਕ ਦ੍ਰਿਸ਼ਟੀਕੋਣ ਅਤੇ ਇਤਿਹਾਸਕ ਪ੍ਰਮਾਣਾਂ ਦੇ ਆਧਾਰ 'ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਅਤੇ ਉਹਨਾਂ ਦੇ ਸਾਥੀ ਜੁਝਾਰੂ ਸਿੰਘ, ਹਰਿਮੰਦਰ ਸਾਹਿਬ ਦੀ ਪਵਿੱਤਰਤਾ ਦੇ ਰਾਖੇ ਹੋਣ ਵਜੋਂ ਹਮੇਸ਼ਾਂ ਹੀ ਸਤਿਕਾਰ ਦੀ ਨਜ਼ਰ ਨਾਲ਼ ਵੇਖੇ ਜਾਂਦੇ ਰਹਿਣਗੇ।

ਜਿੱਥੋਂ ਤਕ ਇਹ ਸਵਾਲ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜੰਗ ਦਰਬਾਰ ਸਾਹਿਬ ਤੋਂ ਬਾਹਰ ਆ ਕੇ ਕਿਉਂ ਲੜੀ ਸੀ, ਇਸ ਦੇ ਕਈ ਕਾਰਨ ਸਨ। ਪਹਿਲੀ ਗੱਲ ਇਹ ਹੈ ਕਿ ਓਦੋਂ ਲੜਾਈ ਤਲਵਾਰਾਂ ਦੀ ਸੀ ਅਤੇ ਮੁਗ਼ਲ ਫ਼ੌਜ ਨੇ ਅਜੋਕੀ ਹਿੰਦੂ ਫ਼ੌਜ ਵਾਂਗ ਇਕਦਮ ਹੀ ਦਰਬਾਰ ਸਾਹਿਬ ਦੇ ਚਾਰ-ਚੁਫੇਰੇ ਤਕ ਘੇਰਾ ਪਾ ਕੇ ਫਿਰ ਹਮਲਾ ਨਹੀਂ ਸੀ ਕੀਤਾ, ਬਲਕਿ ਹਮਲਾਵਰ ਫ਼ੌਜਾਂ ਦੇ ਅਜੇ ਦੂਰ ਹੋਣ ਦੌਰਾਨ ਹੀ ਗੁਰੂ ਸਾਹਿਬ ਨੂੰ ਹਮਲੇ ਦੀ ਸੂਹ ਮਿਲ਼ ਗਈ ਸੀ। ਗੁਰੂ ਸਾਹਿਬ ਕੋਲ਼ ਇਹ ਜੰਗ ਲੜਨ ਲਈ ਵਧੀਆ ਮੈਦਾਨ ਚੁਣਨ ਦਾ ਇੱਕ ਮੌਕਾ ਸੀ। ਸੋ, ਉਹਨਾਂ ਨੇ ਇਹ ਜੰਗ ਰਣਨੀਤਿਕ ਪੱਖੋਂ ਇੱਕ ਵਧੀਆ ਮੈਦਾਨ ਚੁਣ ਕੇ ਓਥੇ ਲੜੀ। ਇਸ ਰਣਨੀਤੀ ਨੂੰ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਦੇ ਪੈਂਤੜੇ ਵਜੋਂ ਵੇਖਣਾ ਵੀ ਗ਼ਲਤ ਹੈ, ਸਗੋਂ ਓਦੋਂ ਤਾਂ ਲੜਾਈ ਤਲਵਾਰਾਂ ਦੀ ਹੋਣ ਕਾਰਨ ਕਿਸੇ ਪਵਿੱਤਰ ਇਮਾਰਤ ਦੇ ਨੁਕਸਾਨੇ ਜਾਣ ਦਾ ਕੋਈ ਖ਼ਤਰਾ ਹੀ ਨਹੀਂ ਸੀ।

ਦੂਜੇ ਪਾਸੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਅਤੇ ਉਹਨਾਂ ਦੇ ਸਾਥੀ ਸਿੰਘਾਂ ਵੱਲੋਂ ਲੜਾਈ ਦਾ ਕੋਈ ਬਿਹਤਰ ਮੈਦਾਨ ਚੁਣਨ ਦਾ ਕੋਈ ਮੌਕਾ ਮਿਲ਼ਣ ਦੀ ਗੱਲ ਤਾਂ ਦੂਰ ਹੈ, ਉਹਨਾਂ

ਲਈ ਤਾਂ ਦਰਬਾਰ ਸਾਹਿਬ ਦੀ ਹਦੂਦ ਅੰਦਰ ਜੂਝਣ ਤੋਂ ਇਲਾਵਾ ਹੋਰ ਕੋਈ ਰਾਹ ਹੀ ਨਹੀਂ ਸੀ ਰਹਿਣ ਦਿੱਤਾ ਗਿਆ। ਉਹਨਾਂ ਸਾਹਵੇਂ ਦਰਬਾਰ ਸਾਹਿਬ ਦੀ ਹੱਦ 'ਚੋਂ ਬਾਹਰ ਨਿਕਲ਼ਣ ਦਾ ਕੇਵਲ ਇੱਕ ਹੀ ਰਾਹ ਛੱਡਿਆ ਗਿਆ ਸੀ ਤੇ ਉਹ ਰਾਹ ਸੀ ਕਿ ਉਹ ਬੇ-ਅਣਖੇ ਬਣ ਕੇ ਹੱਥ ਖੜ੍ਹੇ ਕਰਕੇ ਬਾਹਰ ਨਿਕਲ਼ਣ ਅਤੇ ਆਪਣੇ ਆਪ ਨੂੰ ਹਿੰਦੀ ਫ਼ੌਜ ਦੇ ਹਵਾਲੇ ਕਰ ਦੇਣ। ਜੇਕਰ ਉਹ ਅਜਿਹਾ ਕਰਦੇ ਤਾਂ ਬਿਨਾਂ ਸ਼ੱਕ ਉਹ ਸਿੱਖ ਸਿਧਾਂਤਕ ਪਰੰਪਰਾ ਅਨੁਸਾਰ ਸਿੱਖ ਇਤਿਹਾਸ ਨੂੰ ਕਲੰਕਿਤ ਕਰ ਸੁੱਟਣ ਵਰਗੇ ਮਹਾਂਦੋਸ਼ ਦੇ ਭਾਗੀ ਬਣ ਜਾਂਦੇ।

ਸ੍ਰੀ ਹਰਿਮੰਦਰ ਸਾਹਿਬ ਦੀ ਹੱਦ 'ਚੋਂ ਬਾਹਰ ਨਿਕਲ਼ਣ ਦਾ ਕੇਵਲ ਇਹੀ ਰਾਹ ਸੀ ਉਹਨਾਂ ਕੋਲ਼, ਜੋ ਦਿੱਲੀ ਦੀ ਮਹਾਰਾਣੀ ਨੇ ਉਹਨਾਂ ਲਈ ਬਾਕੀ ਰਹਿਣ ਦਿੱਤਾ ਸੀ, ਬਾਕੀ ਦੇ ਸਾਰੇ ਰਾਹ ਬੰਦ ਕਰ ਦਿੱਤੇ ਗਏ ਸਨ। ਹਰਿਮੰਦਰ ਸਾਹਿਬ ਦੀ ਹੱਦ ਅੰਦਰ ਚਾਰ-ਚੁਫੇਰਿਓਂ ਘਿਰੇ ਇਹਨਾਂ ਸੂਰਮਿਆਂ ਕੋਲ ਦੂਜਾ ਰਾਹ ਗੁਰੂ ਸਾਹਿਬ ਵੱਲੋਂ ਨਿਰਧਾਰਤ ਸੀ ਕਿ ਉਹ ਦਰਬਾਰ ਸਾਹਿਬ ਦੀ ਹੱਦ ਅੰਦਰ ਬੈਠ ਕੇ ਜ਼ੁਲਮ ਜਬਰ ਵਿਰੋਧੀ ਆਪਣੀ ਚੁਣੌਤੀ ਭਰਪੂਰ ਗਰਜ ਨੂੰ ਬੁਲੰਦ ਰੱਖਦੇ ਤੇ ਇਸ ਗਰਜ ਨੂੰ ਬੰਦ ਕਰਵਾਉਣ ਲਈ ਦਰਬਾਰ ਸਾਹਿਬ ਅੰਦਰ ਦਾਖ਼ਲ ਹੋਣ ਵਾਲ਼ੀ ਜਾਬਰ ਫ਼ੌਜ ਦੇ ਨਾਪਾਕ ਪੈਰ ਤੋੜਨ ਹਿੱਤ ਆਪਣੀਆਂ ਜਾਨਾਂ ਦੀ ਬਾਜ਼ੀ ਲਾ ਦਿੰਦੇ। ਜੁਝਾਰੂ ਸਿੰਘਾਂ ਨੇ ਆਖਰੀ ਦਮ ਤਕ ਇਸ ਗੁਰ-ਸਿਧਾਂਤ 'ਤੇ ਪਹਿਰਾ ਦਿੱਤਾ ਅਤੇ ਇਸ ਸਿਧਾਂਤ ਦੀ ਪਾਲ਼ਣਾ ਕਰਦਿਆਂ ਆਪਾ ਨਿਛਾਵਰ ਕਰ ਦਿੱਤਾ। ਉਹਨਾਂ ਯੋਧਿਆਂ ਦੇ ਪਵਿੱਤਰ ਲਹੂ ਦੀ ਲਿਖੀ ਗਾਥਾ ਨੂੰ ਇਤਿਹਾਸਕ ਲੜੀ ਅੰਦਰ ਕੁਝ ਸਾਜ਼ਸ਼ੀ ਕਲਮਾਂ ਦੀ ਸਿਆਹੀ ਦੀ ਕਾਲ਼ਖ ਨਾਲ਼ ਕਾਲ਼ਾ ਕਰ ਦਿੱਤਾ ਜਾਵੇਗਾ ਜਾਂ ਫਿਰ ਇਹ ਗਾਥਾ ਸੁਨਹਿਰੀ ਸਿੱਖ ਇਤਿਹਾਸ ਦਾ ਅੰਗ ਬਣਾ ਕੇ ਕੌਮ ਨੂੰ ਸੇਧ ਦਿੰਦੀ ਰਹੇਗੀ, ਇਹ ਵਰਤਮਾਨ ਦੇ ਸਿੱਖ ਉੱਦਮ 'ਤੇ ਨਿਰਭਰ ਹੈ। ਇਮਾਨਦਾਰ ਅਤੇ ਧਰਮੀ ਸਿੱਖ ਮਾਨਸਿਕਤਾ ਉਹਨਾਂ ਸੂਰਬੀਰਾਂ ਦੀ ਯਾਦ ਨੂੰ ਗੁਰਧਾਮਾਂ ਦੀ ਪਵਿੱਤਰਤਾ ਦੇ ਰਾਖਿਆਂ ਵਜੋਂ ਹਮੇਸ਼ਾਂ ਹੀ ਸਾਂਭ ਕੇ ਰੱਖੇਗੀ।

****

ਜੂਨ 1984 ਤੋਂ ਬਾਅਦ ਨਿਰਧਾਰਤ ਹੋਇਆ ਕੌਮੀ ਨਿਸ਼ਾਨਾ

ਸਿੱਖਾਂ ਦੇ ਅਜ਼ਾਦੀ ਸੰਘਰਸ਼ ਵਿਰੁੱਧ ਇੱਕ ਦਲੀਲ ਅਕਸਰ ਹੀ ਸੁਣਨ ਨੂੰ ਮਿਲਦੀ ਹੈ ਕਿ 'ਖ਼ਾਲਿਸਤਾਨ ਦੀ ਸਥਾਪਨਾ ਨਾਲ਼ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਦੀ ਹੋਂਦ ਖ਼ਤਰੇ ਵਿੱਚ ਪੈ ਜਾਵੇਗੀ।' ਇਹ ਦਲੀਲ ਸੁਣ ਕੇ ਅਚੇਤ ਮਨ ਵਿੱਚ ਲੁਕਿਆ ਕਿਸੇ ਐਕਸ਼ਨ ਫ਼ਿਲਮ ਦਾ ਉਹ ਦ੍ਰਿਸ਼ ਅੱਖਾਂ ਅੱਗੇ ਘੁੰਮ ਜਾਂਦਾ ਹੈ, ਜਦੋਂ ਬੁਖਲਾਇਆ ਹੋਇਆ ਫ਼ਿਲਮ ਦਾ ਖਲਨਾਇਕ ਕਿਸੇ ਬੱਚੇ ਦੀ ਕਨਪਟੀ 'ਤੇ ਰਿਵਾਲ਼ਵਰ ਰੱਖ ਕੇ ਧਮਕੀ ਦਿੰਦਾ ਹੈ ਕਿ (ਜੇ ਹੀਰੋ ਦੇ ਵਧਦੇ ਕਦਮ ਨਾ ਰੁਕੇ ਤਾਂ) ਉਹ ਇਸ ਬੱਚੇ ਨੂੰ ਗੋਲ਼ੀ ਮਾਰ ਦੇਵੇਗਾ। ਇਸ ਢੰਗ ਨਾਲ਼ ਕੁਝ ਸਮੇਂ ਲਈ ਉਹ ਪਾਸਾ ਪਲਟਣ ਵਿੱਚ ਸਫਲ ਵੀ ਹੁੰਦਾ ਵਿਖਾਇਆ ਜਾਂਦਾ ਹੈ।

ਇਹ ਕਹਿਣਾ ਅਤਿਕਥਨੀ ਨਹੀਂ ਕਿ ਖਲਨਾਇਕ ਰੂਪੀ ਦਿੱਲੀ ਦੇ ਹਾਕਮ, ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਦੀ ਹੋਂਦ ਨੂੰ ਖ਼ਤਰੇ ਦੀ ਧਮਕੀ ਦੇ ਕੇ ਪੰਥ ਖ਼ਾਲਸੇ ਦੇ ਅਜ਼ਾਦੀ ਵੱਲ ਵਧਦੇ ਕਦਮਾਂ ਨੂੰ ਰੋਕਣ ਲਈ ਇਹ ਖੇਡ ਪਿਛਲੇ ਕਾਫ਼ੀ ਅਰਸੇ ਤੋਂ ਲਗਾਤਾਰ ਖੇਡ ਰਹੇ ਹਨ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਸੰਨ 1947 ਵਿੱਚ ਪੱਛਮੀ ਪੰਜਾਬ ਵਿੱਚੋਂ ਉੱਜੜ ਕੇ ਆਏ ਸਿੱਖ ਪਰਿਵਾਰਾਂ ਨੂੰ ਜਾਣ-ਬੁੱਝ ਕੇ ਇੱਕ ਵਿਸ਼ੇਸ਼ ਨੀਤੀ ਤਹਿਤ ਦੂਰ-ਦੁਰਾਡੇ ਹਿੰਦੀ ਇਲਾਕਿਆਂ ਵਿੱਚ ਵਸਾਇਆ ਗਿਆ ਸੀ ਤਾਂ ਕਿ ਸਿੱਖ ਕੌਮ ਕਿਸੇ ਇੱਕ ਇਲਾਕੇ ਵਿੱਚ ਸੰਗਠਿਤ ਨਾ ਹੋ ਸਕੇ, ਸਗੋਂ ਪੰਜਾਬ ਦੇ ਸਿੱਖ ਵੀ ਆਪਣੀ ਧੌਣ, ਬਹੁਗਿਣਤੀ ਦੇ ਗੋਡੇ ਹੇਠ ਦੱਬੀ ਮਹਿਸੂਸ ਕਰ ਕੇ ਛਟਪਟਾਉਂਦੇ ਰਹਿਣ। ਮੁੱਕਦੀ ਗੱਲ ਕਿ ਸਿੱਖ ਆਪਣੀ ਅਜ਼ਾਦੀ ਸੰਬੰਧੀ ਗੱਲ ਕਰਨ ਲੱਗੇ ਵੀ ਹਮੇਸ਼ਾ ਦੋਚਿੱਤੀ ਵਿੱਚ ਪਏ ਰਹਿਣ।

ਪਰ ਕੀ ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਕੌਮ ਦੀ ਕਮਜ਼ੋਰੀ ਦੇ ਤੌਰ 'ਤੇ ਕਬੂਲ ਕਰ ਕੇ ਸਿੱਖ ਅਜ਼ਾਦੀ ਬਾਰੇ ਗੱਲ ਕਰਨੀ ਹੀ ਛੱਡ ਦੇਣੀ ਸਿੱਖ ਕੌਮ (ਸਮੇਤ ਪੰਜਾਬ ਤੋਂ ਬਾਹਰਲੇ ਸਿੱਖਾਂ) ਦੇ ਹਿੱਤ ਵਿੱਚ ਹੈ? ਖ਼ੁਦਗਰਜ਼ ਸਿੱਖ ਲੀਡਰਸ਼ਿਪ ਤਾਂ ਇਸ ਦਾ ਜਵਾਬ 'ਹਾਂ' ਵਿੱਚ ਦੇ ਕੇ ਆਪਣੀ ਮੌਕਾਪ੍ਰਸਤੀ ਨੂੰ 'ਪੰਜਾਬ ਤੋਂ ਬਾਹਰਲੇ ਸਿੱਖਾਂ ਦੇ ਹਿੱਤ' ਦੇ ਬਹਾਨੇ ਹੇਠ ਢੱਕੀ ਰੱਖਣ ਵਿੱਚ ਹੀ ਆਪਣਾ ਭਲਾ ਸਮਝਦੀ ਹੈ, ਐਪਰ ਪੰਥ ਪ੍ਰਸਤ ਲੀਡਰਸ਼ਿਪ ਉਪਰੋਕਤ ਦਲੀਲ ਰੂਪੀ 'ਧਮਕੀ ਅਸਤਰ' ਦੇ ਟੁਕੜੇ ਕਿਵੇਂ ਕਰਦੀ ਰਹੀ ਹੈ, ਇਹ ਜਾਣਨ ਲਈ ਸਾਨੂੰ ਅਤੀਤ ਵੱਲ ਇੱਕ ਨਜ਼ਰ ਮਾਰਨੀ ਪਵੇਗੀ। ਇਸ ਸ਼ੁੱਧ ਹਿੰਦੁਸਤਾਨੀ ਅਸਤਰ ਦਾ ਪ੍ਰਯੋਗ ਜਦੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਉੱਪਰ ਕੀਤਾ ਗਿਆ ਤਾਂ ਉਹਨਾਂ ਦਾ ਜਵਾਬ ਸੀ:

"ਇਹ ਗੱਲਾਂ ਸਾਨੂੰ ਦਬਾਉਣ ਵਾਸਤੇ ਕੀਤੀਆਂ ਜਾ ਰਹੀਆਂ ਹਨ। ਮੈਂ ਕਦੀ ਚਿੰਤਾ ਨ੍ਹੀਂ ਕੀਤੀ। ਚਿੰਤਾ ਭੇਡਾਂ-ਬੱਕਰੀਆਂ ਦੀ ਕਰੀਦੀ ਹੈ ਕਿ ਸ਼ੇਰਾਂ ਦੇ ਬੱਚਿਆਂ ਦੀ ? ਅਸਲ ਵਿੱਚ ਸਾਡੀ ਕਮਜ਼ੋਰੀ ਕਰ ਕੇ ਹੀ ਬਾਹਰਲੇ ਸਿੱਖਾਂ ਨੂੰ ਖ਼ਤਰਾ ਹੈ। ਜੇ ਅਸੀਂ ਤਕੜੇ ਹੋਈਏ ਤਾਂ ਉਹਨਾਂ ਦੀ ਵਾਅ ਵੱਲ ਕੋਈ ਨਈਂ ਦੇਖ ਸਕਦਾ। ਸਾਮ੍ਹਣੇ ਯਹੂਦੀਆਂ ਦੀ ਮਿਸਾਲ ਲੈ ਲਵੋ, ਜਦੋਂ ਤਕ ਉਹਨਾਂ ਦਾ ਕੋਈ ਘਰ ਨਹੀਂ ਸੀ, ਸਾਰੀ ਦੁਨੀਆਂ ਵਿੱਚ ਉਹਨਾਂ ਨੂੰ ਕੁੱਟ ਪੈਂਦੀ ਸੀ, ਜਦੋਂ ਤੋਂ ਇਜ਼ਰਾਈਲ ਬਣਿਆ ਹੈ, ਉਹਨਾਂ ਵੱਲ ਕੋਈ ਵੇਖ ਨਹੀਂ ਸਕਦਾ। ਜ਼ਰਾ ਕਿਸੇ ਨੇ ਉਹਨਾਂ ਦੇ ਅੰਬੈਸਡਰ ਉੱਤੇ ਹਮਲਾ ਕੀਤਾ, ਉਹਨਾਂ ਸਾਰਾ ਲਿਬਨਾਨ ਉਡਾ ਦਿੱਤਾ ਤੇ ਲਿਬਨਾਨ ਵਾਲ਼ਿਆਂ ਨੂੰ ਸਾਰੇ ਫ਼ਲਸਤੀਨੀ ਓਥੋਂ ਕੱਢਣੇ ਪਏ। ਜੇ ਅਸੀਂ ਪੰਜਾਬ ਵਿੱਚ ਤਕੜੇ ਹੋਈਏ ਤਾਂ ਦੁਨੀਆਂ ਵਿੱਚ ਕਿਧਰੇ ਵੀ ਸਿੱਖ ਬੈਠਾ ਹੈ, ਉਹ ਮਹਿਫ਼ੂਜ਼ ਹੈ।"

(ਵਿਸ਼ੇਸ਼ ਇੰਟਰਵਿਊ, 'ਸੰਤ ਸਿਪਾਹੀ' ਅਕਤੂਬਰ 1983)

ਇਸ ਸੰਬੰਧੀ ਭਾਈ ਹਰਮਿੰਦਰ ਸਿੰਘ ਸੰਧੂ ਦੇ ਵਿਚਾਰ ਵੀ ਧਿਆਨ ਗੋਚਰੇ ਹਨ:

"ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਸਮਝਦੀ ਹੈ ਕਿ ਵੱਖਰੇ ਰਾਜ ਦੀ ਸਥਾਪਨਾ ਨਾਲ਼, ਜਿੱਥੇ ਖ਼ਾਲਸਾ ਰਾਜ ਵਿੱਚ ਰਹਿੰਦੇ ਸਿੱਖਾਂ ਦੇ ਹਿੱਤ ਵਧੇਰੇ ਸੁਰੱਖਿਅਤ ਹੋਣਗੇ,

ਓਥੇ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਦੇ ਹਿੱਤ ਵੀ ਵਧੇਰੇ ਸੁਰੱਖਿਅਤ ਹੋਣਗੇ, ਕਿਉਂਕਿ ਉਹਨਾਂ ਦੇ ਹੱਕਾਂ ਹਿੱਤਾਂ ਲਈ ਅਵਾਜ਼ ਬੁਲੰਦ ਕਰਨ ਵਾਲ਼ਾ ਇੱਕ ਸੁਤੰਤਰ ਰਾਜ ਹੋਵੇਗਾ। ਖ਼ਾਲਸਾ ਰਾਜ ਦੇ ਸੰਕਲਪ ਵਿੱਚ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿੰਦੇ ਸਿੱਖਾਂ ਨੂੰ ਜਬਰੀ ਉਜਾੜ ਕੇ ਖ਼ਾਲਸਾ ਰਾਜ ਵਿੱਚ ਲਿਆਉਣਾ ਸ਼ਾਮਲ ਨਹੀਂ ਹੈ। ਉਹ ਉਸੇ ਤਰ੍ਹਾਂ ਓਥੇ ਰਹਿ ਸਕਦੇ ਹਨ, ਜਿਵੇਂ ਕਿ ਸਿੱਖ ਭਾਰਤ ਤੋਂ ਬਾਹਰ ਹੋਰ ਦੇਸ਼ਾਂ ਵਿੱਚ ਰਹਿੰਦੇ ਹਨ।"

(ਵਿਸ਼ੇਸ਼ ਇੰਟਰਵਿਊ, ਰੋਜ਼ਾਨਾ 'ਅਜੀਤ' 9 ਜਨਵਰੀ 1990)

ਭਾਈ ਹਰਮਿੰਦਰ ਸਿੰਘ ਸੰਧੂ

ਕੀ ਉਪਰੋਕਤ ਠੋਸ ਦਲੀਲਾਂ ਸਾਮ੍ਹਣੇ ਉਸ ਨਿਰਮੂਲ ਖ਼ਦਸ਼ੇ ਦੀ ਕੋਈ ਹੋਂਦ ਰਹਿ ਜਾਂਦੀ ਹੈ?

ਇਸ ਹਕੀਕਤ ਨੂੰ ਪ੍ਰਵਾਨ ਕਰਨ ਵਿੱਚ ਹੁਣ ਕੋਈ ਕਿੰਤੂ-ਪ੍ਰੰਤੂ ਨਹੀਂ ਹੋਣਾ ਚਾਹੀਦਾ ਕਿ ਇਹ ਪਾਕਿਸਤਾਨ ਅਤੇ ਹੋਰ ਅਜ਼ਾਦ ਇਸਲਾਮੀ ਮੁਲਕਾਂ ਦੀ ਹੋਂਦ ਦਾ ਕ੍ਰਿਸ਼ਮਾ ਹੀ ਸੀ ਕਿ ਭਾਰਤ ਸਰਕਾਰ ਜੰਮੂ-ਕਸ਼ਮੀਰ ਦੀ 'ਚਰਾਰੇ ਸ਼ਰੀਫ਼' ਮਸਜਿਦ ਵਿੱਚ ਘਿਰੇ ਖਾੜਕੂਆਂ ਨੂੰ ਮਸਜਿਦ ਦੇ ਅੰਦਰ ਰੋਟੀ ਪਾਣੀ ਭੇਜਦੀ ਰਹੀ ਸੀ, ਦੂਜੇ ਪਾਸੇ 'ਜੂਨ 1984' ਅਤੇ 'ਬਲੈਕ ਥੰਡਰ' ਦੌਰਾਨ ਪਾਵਨ ਸਿੱਖ ਗੁਰਧਾਮਾਂ 'ਤੇ ਜੋ ਵਹਿਸ਼ੀ ਹਮਲਾ ਕੀਤਾ ਗਿਆ ਅਤੇ ਉਸ ਸਮੇਂ ਅੰਦਰ ਘਿਰੇ ਸਿੱਖ ਸ਼ਰਧਾਲੂਆਂ ਤਕ ਦੇ ਨਾਲ਼ ਜਿਹੜਾ ਘਿਣਾਉਣਾ ਸਲੂਕ ਕੀਤਾ ਗਿਆ, ਉਹ ਯੂ.ਐਨ.ਓ. ਵਿੱਚ ਸਿੱਖਾਂ ਦੀ ਨੁਮਾਇੰਦਗੀ ਨਾ ਹੋਣ ਕਾਰਨ ਹੀ ਕੀਤਾ ਗਿਆ। ਅੱਜ ਆਪਣੇ ਲਹੂ ਦੀ ਤਿਹਾਈ ਭਾਰਤੀ ਸਟੇਟ ਦੀ ਤਲਵਾਰ ਨੂੰ ਆਪਣੀ ਰਾਖੀ ਦੀ ਜ਼ਾਮਨ ਸਮਝ ਬੈਠੇ ਸਿੱਖਾਂ ਨੂੰ ਇੱਕ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਨਵੰਬਰ 1984 ਵਿੱਚ ਉਹਨਾਂ ਦੀ ਵਹਿਸ਼ੀਆਨਾ ਕਤਲੇਆਮ ਦੇ ਦੋਸ਼ੀ ਅੱਜ ਵੀ ਜੇ ਛਾਤੀ ਅਕੜਾ ਕੇ ਝੰਡੀ ਵਾਲ਼ੀਆਂ ਕਾਰਾਂ ਵਿੱਚ ਘੁੰਮਦੇ ਹਨ ਤਾਂ ਸਿਰਫ਼ ਇਸ ਕਰਕੇ ਹੀ ਘੁੰਮਦੇ ਹਨ, ਕਿਉਂਕਿ ਹਿੰਦੀ ਸੂਬਿਆਂ 'ਚ ਰਹਿੰਦੇ ਸਿੱਖਾਂ ਦੇ ਹੱਕ ਵਿੱਚ ਜ਼ੋਰਦਾਰ ਢੰਗ ਨਾਲ਼ ਯੂ.ਐਨ.ਓ. ਵਿੱਚ ਅਵਾਜ਼ ਬੁਲੰਦ ਕਰਨ ਵਾਲ਼ਾ ਕੋਈ ਅਜ਼ਾਦ ਸਿੱਖ ਮੁਲਕ ਇਸ ਦੁਨੀਆਂ ਦੇ ਨਕਸ਼ੇ 'ਤੇ ਨਹੀਂ ਹੈ।

****

ਧਰਮੀ ਬਨਾਮ ਅਧਰਮੀ ਫ਼ੌਜੀ

ਜਦੋਂ ਭਾਰਤੀ ਫ਼ੌਜ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ, ਤਾਂ ਭਾਰਤੀ ਫ਼ੌਜ ਵਿਚਲੇ ਸਿੱਖ ਜਵਾਨਾਂ ਨੇ ਕਈ ਛਾਉਣੀਆਂ 'ਚੋਂ ਬਗ਼ਾਵਤ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਉਹਨਾਂ ਵਿੱਚੋਂ ਕੁਝ ਸ਼ਹੀਦ ਹੋ ਗਏ, ਕਈ ਰੂਪੋਸ਼ ਵੀ ਹੋ ਗਏ, ਜਦ ਕਿ ਵਧੇਰੇ ਗਿਣਤੀ ਵਿੱਚ ਗ੍ਰਿਫ਼ਤਾਰ ਕਰ ਲਏ ਗਏ। ਸਰਕਾਰ ਅਤੇ ਹਿੰਦੂ ਬਹੁਗਿਣਤੀ ਨੇ ਇਹਨਾਂ ਨੂੰ 'ਭਗੌੜੇ ਫ਼ੌਜੀ' ਕਿਹਾ, ਜਦ ਕਿ ਸਿੱਖਾਂ ਨੇ ਇਹਨਾਂ ਨੂੰ 'ਧਰਮੀ ਫ਼ੌਜੀ' ਕਹਿ ਕੇ ਸਤਿਕਾਰਿਆ। 1965 ਦੀ ਜੰਗ ਦੇ ਹੀਰੋ ਜਨਰਲ ਹਰਬਖ਼ਸ਼ ਸਿੰਘ ਵਰਗੇ ਜਰਨੈਲ ਇਹਨਾਂ ਧਰਮੀ ਫ਼ੌਜੀਆਂ ਦੇ ਹੱਕ ਵਿੱਚ ਖਲੋਤੇ। ਭਾਜਪਾ ਦੀ ਲੀਡਰ ਲਕਸ਼ਮੀ ਕਾਂਤਾ ਚਾਵਲਾ ਵੱਲੋਂ ਇਹਨਾਂ ਧਰਮੀ ਸਿੱਖ ਫ਼ੌਜੀਆਂ ਦੇ ਵਿਰੁੱਧ ਜ਼ਹਿਰ ਉਗਲ਼ਦਾ ਇੱਕ ਬਿਆਨ 22 ਅਗਸਤ 2000 ਦੀਆਂ ਅਖ਼ਬਾਰਾਂ ਵਿੱਚ ਛਪਿਆ, ਜਿਸ ਦੇ ਜਵਾਬ ਵਿੱਚ ਇਸ ਕਿਤਾਬ ਦੇ ਲੇਖਕ ਦਾ ਪ੍ਰਤੀਕਰਮ, ਜੋ ਖੰਡੇਧਾਰ ਮੈਗਜ਼ੀਨ ਵਿੱਚ ਛਪਿਆ, ਉਹ ਹੂ-ਬਹੂ ਹੇਠਾਂ ਦਿੱਤਾ ਜਾ ਰਿਹਾ ਹੈ:-

ਆਪਣੇ ਆਪ ਨੂੰ ਤੇਜ਼-ਤਰਾਰ ਅਖਵਾ ਕੇ ਖ਼ੁਸ਼ ਹੋਣ ਵਾਲ਼ੀ ਪੰਜਾਬ ਦੀ ਬੜਬੋਲੀ ਹਿੰਦੂ ਸਿਆਸਤਦਾਨ ਔਰਤ ਦਾ ਨਾਮ ਹੈ- ਲਕਸ਼ਮੀ ਕਾਂਤਾ ਚਾਵਲਾ। ਸਿੱਖਾਂ ਵਿਰੁੱਧ ਜ਼ਹਿਰੀਲੀ ਭਾਸ਼ਾ ਦੇ ਸ਼ਬਦ ਬਾਣ ਚਲਾਉਣ ਦੀ ਆਪਣੀ ਪਰਮ ਪਵਿੱਤਰ ਜ਼ਿੰਮੇਵਾਰੀ ਵਾਲ਼ੇ ਕਾਰਜ ਵਿੱਚ ਤੇਜ਼ੀ ਲਿਆਉਂਦਿਆਂ ਇਸ ਨੇ ਆਪਣੀ ਪਾਰਟੀ ਦੀ ਪ੍ਰੇਮ ਪੀਂਘ ਵਿੱਚ ਹਮਜੋਲੀ, ਪੰਜਾਬ ਸਰਕਾਰ ਦੀ ਇਸ ਗੱਲੋਂ ਆਲੋਚਨਾ ਕੀਤੀ ਹੈ ਕਿ ਇਸ ਨੇ 1984 ਵਿੱਚ ਦਰਬਾਰ ਸਾਹਿਬ ਉੱਪਰ ਹੋਏ ਵਹਿਸ਼ੀ ਹਮਲੇ ਦੇ ਰੋਸ ਵਜੋਂ ਬੈਰਕਾਂ ਛੱਡਣ ਵਾਲ਼ੇ ਧਰਮੀ ਸਿੱਖ ਫ਼ੌਜੀਆਂ ਨੂੰ ਇੱਕ-ਇੱਕ ਲੱਖ ਰੁਪਏ ਦੇਣ ਦਾ ਐਲਾਨ ਕਿਉਂ ਕੀਤਾ ਹੈ ? ਆਪਣੀ ਰੋਗ-ਗ੍ਰਸਤ ਮਾਨਸਿਕਤਾ ਦਾ ਮੁਜ਼ਾਹਰਾ ਕਰਦਿਆਂ ਇਸ ਨੇ ਆਪਣੇ ਰੋਗੀ ਦਿਮਾਗ਼ ਦੇ ਜਿਹੜੇ-ਜਿਹੜੇ ਰੋਗ ਪ੍ਰਗਟ ਕੀਤੇ ਹਨ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਇਸ ਨੂੰ ਤਕਲੀਫ਼ ਇਸ ਗੱਲ ਦੀ ਵੀ ਹੁੰਦੀ ਸੀ ਕਿ ਇਹਨਾਂ ਬਹਾਦਰਾਂ ਨੂੰ 'ਧਰਮੀ ਫ਼ੌਜੀ' ਕਿਉਂ ਕਿਹਾ ਜਾਂਦਾ ਸੀ ? ਉਹ ਫ਼ਤਵਾ ਜਾਰੀ ਕਰਦੀ ਕਹਿੰਦੀ ਹੈ:-

"ਇਹਨਾਂ ਨੂੰ 'ਧਰਮੀ ਫ਼ੌਜੀ' ਕਹਿਣਾ ਸਾਡੇ ਦੇਸ਼ ਦੇ ਬਹਾਦਰ ਫ਼ੌਜੀਆਂ ਦਾ ਅਪਮਾਨ ਕਰਨ ਵਾਲ਼ੀ ਗੱਲ ਹੈ।"

ਇਸ ਪਿੱਛੋਂ ਉਹ ਸਵਾਲ ਵੀ ਕਰਦੀ ਹੈ ਅਖੇ: "ਜੇਕਰ ਇਹ ਧਰਮੀ ਫ਼ੌਜੀ ਹਨ, ਤਾਂ ਫਿਰ ਅਧਰਮੀ ਫ਼ੌਜੀ ਕੌਣ ਹੁੰਦੇ ਹਨ ?"

ਸਿੱਖ ਫ਼ੌਜੀਆਂ ਦੀ ਪਹਿਲੀ ਵਫ਼ਾਦਾਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਹੁੰਦੀ ਹੈ

ਵੈਸੇ ਤਾਂ ਸਿੱਖਾਂ ਵਿਰੁੱਧ ਜ਼ਹਿਰ ਉਗਲਣ ਵਾਲ਼ੇ ਸ਼ੁੱਧ ਹਿੰਦੂ ਲੀਡਰ, ਸਿੱਖਾਂ ਬਾਰੇ ਸਭ ਕੁਝ ਜਾਣਦੇ ਬੁਝਦੇ ਹੋਏ ਅਨਜਾਣ ਬਣਦੇ ਹਨ, ਪਰ ਮਿਤੀ 22 ਅਗਸਤ 2000 ਨੂੰ ਅਖ਼ਬਾਰਾਂ ਵਿੱਚ ਛਪੇ ਲਕਸ਼ਮੀ ਕਾਂਤਾ ਚਾਵਲਾ ਦੇ ਇਸ ਬਿਆਨ ਨੂੰ ਪੜ੍ਹ ਕੇ ਆਭਾਸ ਹੁੰਦਾ ਹੈ ਕਿ ਇਸ ਨੂੰ ਸੱਚਮੁੱਚ ਹੀ 'ਧਰਮੀ' ਅਤੇ 'ਅਧਰਮੀ' ਫ਼ੌਜੀਆਂ ਬਾਰੇ ਕੋਈ ਜਾਣਕਾਰੀ ਨਹੀਂ, ਇਸ ਲਈ ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਬੀਬੀ ਲਕਸ਼ਮੀ ਕਾਂਤਾ ਚਾਵਲਾ ਦੇ ਇਸ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਤੱਥਾਂ ਦੇ ਆਧਾਰ ਤੇ ਉਸ ਨੂੰ ਦੱਸਿਆ ਜਾਵੇ ਕਿ 'ਧਰਮੀ ਫ਼ੌਜੀ' ਕੌਣ ਹਨ ਅਤੇ 'ਅਧਰਮੀ ਫ਼ੌਜੀ' ਕੌਣ।

ਸਭ ਤੋਂ ਪਹਿਲਾਂ ਅਸੀਂ ਲਕਸ਼ਮੀ ਕਾਂਤਾ ਚਾਵਲਾ ਨੂੰ ਲਾਲ ਬਹਾਦਰ ਸ਼ਾਸਤਰੀ ਦੇ ਉਹ ਸ਼ਬਦ ਚੇਤੇ ਕਰਵਾਉਣਾ ਚਾਹੁੰਦੇ ਹਾਂ, ਜੋ ਉਸ ਨੇ ਸੰਨ 1965 ਦੀ ਲੜਾਈ ਵਿੱਚ ਸਿੱਖ ਫ਼ੌਜੀਆਂ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਕਹੇ ਸਨ:- "ਜਦੋਂ ਤਕ ਭਾਰਤ ਵਿੱਚ ਸਿੱਖਾਂ ਵਰਗੀ ਬਹਾਦਰ ਕੌਮ ਮੌਜੂਦ ਹੈ, ਕੋਈ ਵੀ ਹਮਲਾਵਰ ਇਸ ਦੇਸ਼ ਦੀਆਂ ਹੱਦਾਂ ਨਹੀਂ ਉਲੰਘ ਸਕਦਾ।"

ਉਸ ਨੇ ਇਹ ਸ਼ਬਦ ਐਵੇਂ ਹੀ ਨਹੀਂ ਸਨ ਕਹੇ, ਬਲਕਿ ਉਸ ਨੇ ਵੇਖ ਲਿਆ ਸੀ ਕਿ ਅਧਰਮੀ ਫ਼ੌਜੀ ਕੌਣ ਹਨ ਤੇ ਧਰਮੀ ਕੌਣ। ਬਿਨਾਂ ਸ਼ੱਕ ਅਧਰਮੀ ਉਹ ਹਿੰਦੂ ਫ਼ੌਜੀ ਕਮਾਂਡਰ ਇਨ

ਚੀਫ਼ ਜਨਰਲ ਚੌਧਰੀ ਸੀ, ਜਿਸ ਨੇ ਪਾਕਿਸਤਾਨੀ ਫ਼ੌਜ ਦੇ ਪੈਟਨ ਟੈਂਕਾਂ ਤੋਂ ਭੈਭੀਤ ਹੋ ਕੇ ਆਪਣੀ ਫ਼ੌਜ ਨੂੰ ਅੰਮ੍ਰਿਤਸਰ ਅਤੇ ਗੁਰਦਾਸਪੁਰ ਛੱਡ ਕੇ ਬਿਆਸ ਮੋਰਚੇ ਬਣਾਉਣ ਦਾ ਹੁਕਮ ਦਿੱਤਾ ਸੀ, ਇਸ ਦੇ ਮੁਕਾਬਲੇ ਧਰਮੀ ਉਹ ਸਿੱਖ ਲੈਫਟੀਨੈਂਟ ਜਨਰਲ (ਹਰਬਖ਼ਸ਼ ਸਿੰਘ) ਸੀ, ਜਿਸ ਨੇ ਇਹ ਬੁਜ਼ਦਿਲੀ ਭਰਿਆ ਹੁਕਮ ਮੰਨਣ ਤੋਂ ਨਾਂਹ ਕਰ ਦਿੱਤੀ ਸੀ ਤੇ ਮੋਰਚੇ 'ਚ ਡਟ ਕੇ ਹਮਲਾਵਾਰਾਂ ਨੂੰ ਪਛਾੜ ਸੁੱਟਿਆ ਸੀ।

ਅਧਰਮੀ ਫ਼ੌਜੀ ਉਹ ਹਿੰਦੂ ਮਦਰਾਸੀ ਫ਼ੌਜੀ ਸਨ, ਜਿਹੜੇ ਪੈਟਨ ਟੈਂਕਾਂ ਤੋਂ ਘਬਰਾ ਕੇ ਆਪਣੇ ਮੋਰਚੇ ਅਤੇ ਹਥਿਆਰ ਛੱਡ ਕੇ ਪਿੱਛੇ ਨੂੰ ਭੱਜ ਕੇ ਉੱਠੇ ਸਨ, ਜਦਕਿ ਧਰਮੀ ਫ਼ੌਜੀ ਉਹ ਸਿੱਖ ਫ਼ੌਜੀ ਸਨ, ਜਿਹੜੇ ਆਪਣੀਆਂ ਛਾਤੀਆਂ ਨਾਲ਼ ਬੰਬ ਬੰਨ੍ਹ ਕੇ ਪੈਟਨ ਟੈਂਕਾਂ ਅੱਗੇ ਲੰਮੇ ਪੈ-ਪੈ ਕੇ ਖ਼ੁਦ ਤਾਂ ਤੂੰਬਾ-ਤੂੰਬਾ ਹੋ ਕੇ ਉੱਡ ਗਏ, ਪਰ ਪੈਟਨ ਟੈਂਕਾਂ ਦੇ ਤੂਫ਼ਾਨ ਨੂੰ ਓਥੇ ਹੀ ਠੱਲ੍ਹ ਪਾ ਦਿੱਤੀ ਸੀ।

ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਉੱਤੇ ਭਾਰਤੀ ਫ਼ੌਜੀ ਹਮਲੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵਿੱਚ ਮਾਰੀ ਗਈ ਗੋਲੀ

ਲਕਸ਼ਮੀ ਕਾਂਤਾ ਚਾਵਲਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਿੱਖਾਂ ਨੂੰ ਫ਼ੌਜ ਵਿੱਚ ਭਰਤੀ ਕਰਨ ਵੇਲ਼ੇ ਵਫ਼ਾਦਾਰੀ ਲਈ ਗੁਰੂ ਗ੍ਰੰਥ ਸਾਹਿਬ ਦੀ ਸਹੁੰ ਚੁਕਾਈ ਜਾਂਦੀ ਰਹੀ ਹੈ ਅਤੇ ਜਦੋਂ ਸਮੇਂ ਦੀ ਸਰਕਾਰ ਖ਼ੁਦ ਹੀ ਉਸੇ ਹੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਨੂੰ ਗੋਲ਼ੀਆਂ ਨਾਲ਼ ਛਲਣੀ ਕਰ ਦੇਵੇ, ਤਾਂ ਓਦੋਂ ਸਿੱਖ ਫ਼ੌਜੀਆਂ ਲਈ ਉਸ ਸਰਕਾਰ ਦੀ ਵਫ਼ਾਦਾਰੀ ਅਧਰਮ ਹੁੰਦੀ ਹੈ ਅਤੇ ਉਸ ਵਿਰੁੱਧ ਬਗ਼ਾਵਤ ਧਰਮ।

ਸਾਨੂੰ ਪਤਾ ਹੈ ਕਿ ਲਕਸ਼ਮੀ ਕਾਂਤਾ ਚਾਵਲਾ, ਕੇ.ਪੀ.ਐਸ. ਗਿੱਲ ਵਰਗੇ ਸ਼ਰਾਬ ਪੀ ਕੇ ਸ਼ਰੀਫ਼ ਔਰਤਾਂ ਨਾਲ਼ ਜਿਸਮਾਨੀ ਛੇੜਛਾੜ ਕਰਨ ਵਾਲ਼ੇ ਅਤੇ ਸਰਕਾਰੀ ਸ਼ਹਿ ਤੇ ਬਲਾਤਕਾਰ ਕਰਨ ਵਾਲ਼ਿਆਂ ਬੁੱਚੜਾਂ ਨੂੰ 'ਧਰਮੀ' ਮੰਨਦੀ ਹੈ, ਸ਼ਾਇਦ ਇਹ ਸਭ ਕੁਝ ਉਸ ਨੂੰ ਚੰਗਾ ਲੱਗਦਾ ਹੋਵੇਗਾ, ਪਰ ਅਜਿਹਾ ਕਰਦੀ ਹੋਈ ਉਹ ਖ਼ੁਦ ਆਪਣੇ ਧਰਮ ਬਾਰੇ ਵੀ ਸਪਸ਼ਟ ਇਸ਼ਾਰਾ ਕਰ ਜਾਂਦੀ ਹੈ। ਪਰ ਅਸੀਂ ਇਸ ਵਿਗੜੀ ਹੋਈ ਬੀਬੀ ਨੂੰ ਇਹ ਸਲਾਹ ਦੇਣੀ ਚਾਹੁੰਦੇ ਹਾਂ ਕਿ ਸ਼ੇਰਾਂ ਦੀ ਕਿਹੜੀ ਨਸਲ ਠੀਕ ਹੈ ਤੇ ਕਿਹੜੀ ਗ਼ਲਤ, ਇਸ ਦੇ ਫ਼ੈਸਲੇ ਲੂੰਮੜੀਆਂ ਨਹੀਂ ਕਰਿਆ ਕਰਦੀਆਂ।

****

ਕੀ ਸਿੱਖਾਂ ਦੀ ਅਜ਼ਾਦ ਕੌਮੀ ਹਸਤੀ ਵਿਰੁੱਧ ਫ਼ਿਰੰਗੀਆਂ ਤੇ ਪੂਰਬੀਆਂ ਦਾ ਗਠਜੋੜ 1947 ਤੋਂ ਬਾਅਦ ਵੀ ਜਾਰੀ ਹੈ ?

(ਜੂਨ 1984 – ਬ੍ਰਿਟਿਸ਼ ਸ਼ਮੂਲੀਅਤ ਦਾ ਖੁਲਾਸਾ ਹੋਣ ਮੌਕੇ ਲਿਖਿਆ ਲੇਖ)



ਜੂਨ 1984 ਦਾ ਘਲੂਘਾਰਾ, ਸਿੱਖ ਕੌਮ ਅਤੇ ਹਿੰਦੁਸਤਾਨ ਦੇ ਵਿਚਕਾਰ ਲਹੂ ਨਾਲ਼ ਖਿੱਚੀ ਗਈ ਉਹ ਲਕੀਰ ਹੈ, ਜਿਸ ਨੂੰ ਸਮੁੱਚੇ ਹਿੰਦੁਸਤਾਨੀ ਨਾਗਰਿਕਾਂ ਦੇ ਹੰਝੂਆਂ ਨਾਲ਼ ਵੀ ਮਿਟਾਇਆ ਨਹੀਂ ਜਾ ਸਕਦਾ; ਭਾਵੇਂ ਕਿ ਤਲਖ ਹਕੀਕਤ ਇਹ ਹੈ ਕਿ ਹਿੰਦੁਸਤਾਨੀ ਹਕੂਮਤਾਂ ਨੇ ਇਸ ਲਕੀਰ ਨੂੰ ਸਿੱਖ ਜਵਾਨੀ ਦੇ ਲਹੂ ਨਾਲ਼ ਹੋਰ ਗੂੜ੍ਹਾ ਹੀ ਕੀਤਾ ਹੈ। ਹਿੰਦੁਸਤਾਨ ਦੇ (ਕੁਝ ਕੁ ਨੂੰ ਛੱਡ ਕੇ) ਕੁੱਲ ਹਿੰਦੂ ਅਵਾਮ ਨੇ ਵੀ ਇਸ ਲਕੀਰ ਨੂੰ ਹੋਰ ਪੱਕਾ ਤੇ ਗੂੜ੍ਹਾ ਕਰਨ ਵਾਲ਼ਾ ਕੰਮ ਹੀ ਕੀਤਾ ਹੈ, ਅੱਜ ਵੀ ਕੀਤਾ ਜਾ ਰਿਹਾ ਹੈ।

ਜੂਨ 1984 ਦੇ ਘਲੂਘਾਰੇ ਨੇ ਸਿੱਖ ਕੌਮ ਦੀ ਮਾਨਸਿਕਤਾ ਨੂੰ ਜੇਕਰ ਡੂੰਘਾ ਜ਼ਖ਼ਮ ਦਿੱਤਾ ਤਾਂ ਨਾਲ਼ ਹੀ ਵਿਸਰਦੇ ਜਾ ਰਹੇ ਵੱਖਰੀ ਕੌਮੀ ਹੋਂਦ ਅਤੇ ਅਜ਼ਾਦ ਹਸਤੀ ਦੇ ਅਹਿਸਾਸ ਨੂੰ ਵੀ ਪ੍ਰਚੰਡ ਕੀਤਾ। ਇਸ ਕੌਮੀ ਚੇਤਨਾ ਦੇ ਨਵੇਂ ਪ੍ਰਕਾਸ਼ ਵਿੱਚ ਸਿੱਖਾਂ ਨੂੰ 'ਆਪਣੇ ਭਰਾ' ਕਹਿਣ ਵਾਲ਼ਿਆਂ ਦੇ ਮਨਾਂ ਅੰਦਰ ਵਿੱਸ ਘੋਲਦੀ 'ਪੰਜ ਸਦੀਆਂ ਦੀ ਨਫ਼ਰਤ' ਦੇ ਸਪਸ਼ਟ ਝਲਕਾਰੇ ਦਿਸ ਪਏ। ਇਹ ਝਲਕਾਰੇ ਓਦੋਂ ਹੀ ਦਿਸ ਪੈਣੇ ਚਾਹੀਦੇ ਸਨ, ਜਦੋਂ ਪੂਰਬੀ ਹਿੰਦੂਆਂ ਨੇ ਫ਼ਰੰਗੀਆਂ ਦੇ ਨਾਲ਼ ਮਿਲ਼ ਕੇ ਸਾਜ਼ਸ਼ਾਂ ਰਚ ਰਚ ਕੇ ਸਿੱਖਾਂ ਦਾ ਸੁਤੰਤਰ ਰਾਜ ਖ਼ਤਮ ਕੀਤਾ ਸੀ, ਪਰ ਓਦੋਂ ਸਿੱਖਾਂ ਦਾ ਗ਼ੁੱਸਾ ਸਿਰਫ਼ ਫ਼ਰੰਗੀਆਂ ਦੇ ਵਿਰੁੱਧ ਹੀ ਸੇਧਤ ਰਿਹਾ।

ਫ਼ਰੰਗੀਆਂ (ਅੰਗਰੇਜ਼ਾਂ) ਨੂੰ ਦੇਸ਼ 'ਚੋਂ ਬਾਹਰ ਕੱਢਣ ਦੀ ਜੱਦੋਜਹਿਦ ਦੇ ਵਿੱਚ ਵੀ ਕਈ ਮੌਕੇ ਅਜਿਹੇ ਆਏ, ਜਦੋਂ ਹਿੰਦੂਆਂ ਦੀ ਕੌਮੀ ਲੀਡਰਸ਼ਿਪ ਦੇ ਮਨਾਂ ਅੰਦਰਲੀ ਸਿੱਖ ਕੌਮ ਵਿਰੋਧੀ ਨਫ਼ਰਤ, ਨੰਗੀ ਹੋ ਹੋ ਕੇ ਸਾਮ੍ਹਣੇ ਆਉਂਦੀ ਰਹੀ, ਪਰ ਸਿੱਖਾਂ ਦੀ ਜੱਦੋਜਹਿਦ ਅੰਗਰੇਜ਼ ਸਾਮਰਾਜ

ਦੇ ਵਿਰੁੱਧ ਲੜਾਈ ਵੱਲ ਹੀ ਸੇਧਿਤ ਰਹੀ। ਜੂਨ 1984 ਦੇ ਘਲੂਘਾਰੇ ਨੇ ਆਮ ਸਿੱਖ ਅਵਾਮ ਦੀਆਂ ਅੱਖਾਂ ਤੇ ਬੱਧੀ ਪੱਟੀ ਨੂੰ ਖੋਲ੍ਹ ਕੇ ਦਿੱਲੀ ਤੇ ਰਾਜ ਕਰਦੇ ਦੁਸ਼ਮਣ ਦੀ ਸਪਸ਼ਟ ਨਿਸ਼ਾਨਦੇਹੀ ਕਰਵਾ ਦਿੱਤੀ, ਪਰ ਤਾਜ਼ਾ ਦਸਤਾਵੇਜ਼ਾਂ 'ਚੋਂ ਦੁਸ਼ਮਣ ਦੇ ਇੱਕ ਹੋਰ ਸਹਿਯੋਗੀ ਬਾਰੇ ਜੋ ਖ਼ੁਲਾਸਾ ਹੋਇਆ ਹੈ, ਉਹ ਵੀ ਧਮਾਕਾਖ਼ੇਜ਼ ਹੈ।

ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗ੍ਰੇਟ ਥੈਚਰ ਅਤੇ ਇੰਦਰਾ ਗਾਂਧੀ

ਸਿੱਖਾਂ ਦੀ ਇਹ ਭੁੱਲ ਜਾਣ ਦੀ ਆਦਤ ਹੀ ਹੈ ਕਿ ਜਦੋਂ 1849 'ਚ ਫ਼ਰੰਗੀਆਂ ਨੇ ਸਿੱਖਾਂ ਦਾ ਰਾਜ ਧੋਖੇ ਨਾਲ਼ ਹੜੱਪਿਆ ਤਾਂ ਸਿੱਖ, ਬਿਪਰ ਦੀ ਦੁਸ਼ਮਣੀ ਨੂੰ ਅਣਡਿੱਠ ਕਰ ਕੇ ਉਸ ਨਾਲ਼ ਕਦਮ ਮਿਲ਼ਾ ਕੇ ਤੁਰਨ ਲੱਗ ਪਏ, ਜਦਕਿ ਜੂਨ 1984 ਦੇ ਘਲੂਘਾਰੇ ਤੋਂ ਬਾਅਦ ਸਿੱਖ, ਹਿੰਦੂ ਸਾਮਰਾਜ ਵਿਰੁੱਧ ਸੰਘਰਸ਼ ਅਰੰਭ ਕਰ ਕੇ ਆਪਣੀਆਂ ਪੁਰਾਣੀਆਂ ਦੁਸ਼ਮਣ ਤਾਕਤਾਂ ਵੱਲੋਂ ਅਸਲੋਂ ਹੀ ਬੇਪਰਵਾਹ ਹੋ ਗਏ। ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਦੇ ਵਿੱਚ ਬਰਤਾਨੀਆ ਸਰਕਾਰ ਦੇ ਸਹਿਯੋਗ ਦੇ ਦਸਤਾਵੇਜ਼ ਸਾਮ੍ਹਣੇ ਆਉਣ ਨਾਲ਼ ਸਿੱਖ ਕੌਮ ਇੱਕ ਵਾਰ ਫੇਰ ਠੱਗੀ ਜਿਹੀ ਮਹਿਸੂਸ ਕਰ ਰਹੀ ਹੈ। ਇਓਂ ਜਾਪਦਾ ਹੈ ਕਿ 1849 'ਚ ਸਿੱਖਾਂ ਦੀ ਅਜ਼ਾਦ ਸਲਤਨਤ ਦਾ ਅੰਤ ਕਰਨ ਲਈ ਜੇਕਰ ਪੂਰਬੀ ਹਿੰਦੂਆਂ ਨੇ ਫ਼ਰੰਗੀਆਂ ਦਾ ਸਾਥ ਦਿੱਤਾ ਸੀ ਤਾਂ ਇਸ ਦੇ ਬਦਲੇ ਵਿੱਚ ਜੂਨ 1984 ਵਿੱਚ ਸਿੱਖਾਂ ਦੇ ਕੌਮੀ ਹੱਕਾਂ ਲਈ ਉੱਠੀ ਲਹਿਰ ਨੂੰ ਕੁਚਲਣ ਲਈ ਫ਼ਰੰਗੀਆਂ (ਬਰਤਾਨਵੀ ਹਾਕਮਾਂ) ਨੇ ਪੂਰਬੀ ਹਿੰਦੂਆਂ ਦਾ ਸਾਥ ਦਿੱਤਾ। ਇਸ ਤਰ੍ਹਾਂ ਸਿੱਖਾਂ ਦੀ ਅਜ਼ਾਦ ਕੌਮੀ ਹਸਤੀ ਵਿਰੋਧੀ ਇਹ ਨਾਪਾਕ ਗਠਜੋੜ ਡੇਢ ਸਦੀ ਤਕ ਜਾਰੀ ਰਹਿਣ ਦੀ ਹਕੀਕਤ ਸਾਮ੍ਹਣੇ ਆਉਂਦੀ ਹੈ।

ਪਰ ਪੂਰਬੀ ਹਿੰਦੂਆਂ ਅਤੇ ਫ਼ਰੰਗੀਆਂ ਦੀਆਂ ਕੌਮੀਅਤਾਂ ਵਿੱਚ ਦੋ ਬਹੁਤ ਡੂੰਘੇ ਫ਼ਰਕ ਹਨ। ਹਿੰਦੁਸਤਾਨ ਤੇ ਹਕੂਮਤ ਕਰਨ ਵਾਲ਼ੀਆਂ ਪੂਰਬੀ ਹਿੰਦੂਆਂ ਦੀਆਂ ਵੱਖ ਵੱਖ ਜਮਾਤਾਂ, ਜਿਨ੍ਹਾਂ ਦੀ ਤਖ਼ਤ ਤੇ ਕਬਜ਼ੇ ਲਈ ਆਪੋ 'ਚ ਕਸ਼ਮਕਸ਼ ਵੀ ਚੱਲਦੀ ਰਹਿੰਦੀ ਹੈ, ਉਹ ਅੰਦਰੂਨੀ ਵਿਰੋਧਾਂ ਦੇ ਬਾਵਜੂਦ ਸਿੱਖਾਂ ਦੇ ਕੌਮੀ ਹੱਕਾਂ ਦੀ ਜੱਦੋਜਹਿਦ ਦੇ ਵਿਰੁੱਧ ਇਕਮੁੱਠ ਹਨ। ਪਰ ਜਦੋਂ ਫ਼ਰੰਗੀਆਂ ਨੇ ਖ਼ਾਲਸਾ ਰਾਜ ਨੂੰ ਹੜੱਪ ਕੀਤਾ, ਤਾਂ ਓਦੋਂ ਉਹਨਾਂ ਦੇ ਅੰਦਰੋਂ 'ਕਨਿੰਘਮ' ਅਤੇ 'ਮੈਕਾਲਿਫ਼' ਵਰਗੀਆਂ ਸੱਚ ਭਰਪੂਰ ਅਵਾਜ਼ਾਂ ਨੇ ਸਿੱਖਾਂ ਦੇ ਜ਼ਖ਼ਮੀ ਫੱਟਾਂ ਤੇ ਕੁਝ ਕੁ ਮਲ੍ਹਮ ਜ਼ਰੂਰ ਲਾਈ ਸੀ, ਜਿਨ੍ਹਾਂ ਨੇ ਬੇਖ਼ੌਫ਼ ਹੋ ਕੇ ਕਿਹਾ ਸੀ ਕਿ ਸਿੱਖ ਬਹਾਦਰ ਅਤੇ ਇਮਾਨਦਾਰ ਕੌਮ ਹਨ ਅਤੇ ਬਰਤਾਨਵੀ ਹਕੂਮਤ ਨੇ ਉਹਨਾਂ ਦਾ ਰਾਜ, ਛਲ਼-ਕਪਟ ਨਾਲ਼ ਖੋਹਿਆ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸਿੱਖਾਂ ਨੂੰ ਬਰਤਾਨਵੀ ਸਾਮਰਾਜ ਅੰਦਰ ਆਪਣੇ ਹਮਦਰਦ ਹੋਣ ਦੀ ਧੁੰਦਲ਼ੀ ਜਿਹੀ

ਆਸ ਬਣੀ ਰਹਿੰਦੀ ਹੈ, ਜੋ ਕਿ ਹਿੰਦੂਸ਼ਾਹੀ ਅੰਦਰ ਬਿਲਕੁਲ ਨਹੀਂ ਹੁੰਦੀ। ਇਹੀ ਕਾਰਨ ਹੈ ਕਿ ਜੂਨ 1984 'ਚ ਹੋਏ ਸ੍ਰੀ ਦਰਬਾਰ ਸਾਹਿਬ ਤੇ ਭਾਰਤੀ ਹਮਲੇ ਵਿੱਚ ਬਰਤਾਨਵੀ ਸਰਕਾਰ ਦਾ ਸਹਿਯੋਗ ਦਾ ਖੁਲਾਸਾ ਸਿੱਖ ਮਾਨਸਿਕਤਾ ਤੇ ਗੋਲ਼ੀ ਵਾਂਗ ਵੱਜਾ ਹੈ।

ਭਾਵੇਂ ਕਿ ਇਹ ਵਿਚਾਰ ਵੀ ਸਾਮ੍ਹਣੇ ਆ ਰਿਹਾ ਹੈ ਕਿ ਬਰਤਾਨਵੀ ਟੀਮ ਨੇ ਇੰਦਰਾ ਗਾਂਧੀ ਨੂੰ ਹਰਿਮੰਦਰ ਸਾਹਿਬ ਤੇ ਹਮਲਾ ਨਾ ਕਰਨ ਦੀ ਸਲਾਹ ਦਿੱਤੀ ਸੀ, ਪੂਰਾ ਸੱਚ ਤਾਂ ਸਮੁੱਚੇ ਦਸਤਾਵੇਜ਼ਾਂ ਦੇ ਸਾਮ੍ਹਣੇ ਆਉਣ ਪਿੱਛੋਂ ਹੀ ਪਤਾ ਲੱਗੇਗਾ, ਪਰ ਦੋ ਗੱਲਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇੱਕ, ਉਸ ਸਮੇਂ ਬਰਤਾਨੀਆ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੀ ਇੰਦਰਾ ਗਾਂਧੀ ਨਾਲ਼ ਨੇੜਤਾ; ਅਤੇ ਦੂਜਾ, ਵਪਾਰਕ ਹਿੱਤਾਂ ਨੂੰ ਮੁੱਖ ਰੱਖ ਕੇ ਅਹਿਮ ਫ਼ੈਸਲੇ ਲੈਣ ਵਾਲ਼ੀ ਪੱਛਮੀ ਰਾਜਨੀਤੀ। ਸੰਨ 1984 ਵਿੱਚ ਭਾਰਤ ਅਤੇ ਬਰਤਾਨੀਆ ਵਿਚਾਲੇ ਹਥਿਆਰਾਂ ਦਾ ਕੋਈ ਸੌਦਾ ਹੋ ਰਿਹਾ ਸੀ, ਜਿਸ ਬਾਰੇ ਤੱਥ ਸਪਸ਼ਟ ਹਨ।

ਓਦੋਂ ਭਾਵੇਂ ਮੇਰੀ ਉਮਰ ਬਹੁਤ ਛੋਟੀ ਸੀ, ਪਰ ਮੈਨੂੰ ਯਾਦ ਹੈ ਕਿ 1985 ਦੇ ਅੱਧ ਵਿੱਚ ਪੰਜਾਬੀ ਮੈਗਜ਼ੀਨ ਅੰਦਰ ਇੱਕ ਕਾਰਟੂਨ ਛਪਿਆ ਸੀ, ਜਿਸ ਵਿੱਚ ਓਦੋਂ ਦਾ ਭਾਰਤ ਦਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੂੰ ਹੱਥ ਜੋੜ ਕੇ ਵਾਸਤਾ ਪਾ ਰਿਹਾ ਸੀ:-

"ਮਾਸੀ ਜੀ ! ਮੈਨੂੰ ਪੰਜਾਬ ਦੇ ਅੱਤਵਾਦੀਆਂ ਤੋਂ ਬਚਾਓ...।"

ਭਾਵੇਂ ਕਾਰਟੂਨ ਨੂੰ ਬਹੁਤਾ ਗੰਭੀਰਤਾ ਨਾਲ਼ ਨਹੀਂ ਲਿਆ ਜਾਂਦਾ, ਪਰ ਇਹ ਗੱਲ ਪੱਕੀ ਹੈ ਕਿ ਓਦੋਂ ਆਮ ਮੀਡੀਆ ਵਿੱਚ ਇੰਦਰਾ ਗਾਂਧੀ ਪਰਿਵਾਰ ਅਤੇ ਮਾਰਗਰੇਟ ਥੈਚਰ ਦੀ ਨੇੜਤਾ, ਚਿੱਟੇ ਦਿਨ ਵਾਂਗ ਸਪਸ਼ਟ ਸੀ।

ਜੇਕਰ ਅਸੀਂ ਹੁਣ ਦੀ ਗੱਲ ਵੀ ਕਰੀਏ, ਤਾਂ ਬਰਤਾਨੀਆ ਵਿੱਚ ਹਰਿਮੰਦਰ ਸਾਹਿਬ ਤੇ ਹਮਲੇ ਦੇ ਦੋਸ਼ੀ ਜਨਰਲ ਬਰਾੜ ਦੀ ਖਿੱਚ ਧੂਹ ਕਰਨ ਵਾਲ਼ੇ ਸਿੱਖਾਂ ਨੂੰ ਜਿਵੇਂ ਪਿਛਲੇ ਸਮੇਂ ਦੌਰਾਨ ਬਹੁਤ ਹੀ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਹਨ, ਉਸ ਤੋਂ ਜਾਪਦਾ ਹੈ ਕਿ ਸਿੱਖ ਕੌਮ ਦੀ ਅਜ਼ਾਦ ਹਸਤੀ ਵਿਰੁੱਧ ਫ਼ਰੰਗੀਆਂ ਤੇ ਪੂਰਬੀਆਂ ਦਾ ਗਠਜੋੜ ਅਜੇ ਵੀ ਜਾਰੀ ਹੈ। ਫਿਰ ਵੀ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਜਿਵੇਂ ਹਰਿਮੰਦਰ ਸਾਹਿਬ ਤੇ ਹਮਲੇ ਵਿੱਚ ਆਪਣੇ ਦੇਸ਼ ਦੀ ਸ਼ਮੂਲੀਅਤ ਤੋਂ ਸਖ਼ਤ ਸ਼ਬਦਾਂ ਵਿੱਚ ਨਾਂਹ ਕੀਤੀ, ਉਸ ਤੋਂ ਸਪਸ਼ਟ ਹੈ ਕਿ ਉਸ ਦੀ ਆਤਮਾ ਇਸ ਹਮਲੇ ਦੀ ਜ਼ਿੰਮੇਵਾਰੀ ਦਾ ਬੋਝ ਉਸ ਤਰ੍ਹਾਂ ਫ਼ਖ਼ਰ ਨਾਲ਼ ਨਹੀਂ ਚੁੱਕ ਸਕਦੀ, ਜਿਵੇਂ ਪੂਰਬੀਏ ਹਿੰਦੂ ਦਲਾਂ ਦੇ ਲੀਡਰਾਂ ਦੀ ਆਤਮਾ ਚੁੱਕ ਲੈਂਦੀ ਹੈ। ਹੁਣ ਸਿੱਖ ਸੰਸਥਾਵਾਂ ਅਤੇ ਰਾਜਸੀ ਸਿੱਖ ਲੀਡਰਾਂ ਦੇ ਸਿਰ ਜ਼ਿੰਮੇਵਾਰੀ ਆਇਦ ਹੁੰਦੀ ਹੈ ਕਿ ਉਹ ਬਰਤਾਨਵੀ ਹਾਕਮਾਂ ਦੀ ਜ਼ਮੀਰ ਤੇ ਪਏ ਇਸ ਬੋਝ ਤੋਂ ਉਹਨਾਂ ਨੂੰ ਓਦੋਂ ਤਕ ਸੁਰਖਰੂ ਨਾ ਹੋਣ ਦੇਣ, ਜਦੋਂ ਤਕ ਬਰਤਾਨੀਆ ਦੀ ਪਾਰਲੀਮੈਂਟ ਵਿੱਚ ਸ੍ਰੀ ਹਰਿਮੰਦਰ ਸਾਹਿਬ ਤੇ ਹੋਏ ਹਮਲੇ ਦੀ ਨਿੰਦਾ ਦਾ ਮਤਾ ਪਾਸ ਕਰਵਾਉਣ ਦੇ ਨਾਲ਼ ਨਾਲ਼, ਸਿੱਖਾਂ ਦੇ ਕੁਚਲੇ ਗਏ ਤੇ ਕੁਚਲੇ ਜਾ ਰਹੇ ਮਨੁੱਖੀ ਹੱਕਾਂ ਦੇ ਸੰਬੰਧੀ 'ਹਾਅ ਦਾ ਨਾਹਰੇ' ਦੀ ਗੂੰਜ ਸਮੁੰਦਰ ਪਾਰੋਂ ਪਰਵਾਜ਼ ਕਰ ਕੇ ਪੰਜਾਬ ਦੇ ਬਨੇਰਿਆਂ ਨਾਲ਼ ਖਹਿ ਕੇ ਲੰਘਦੀ ਸੁਣਾਈ ਨਹੀਂ ਦਿੰਦੀ।

****

"ਸੰਤ ਭਿੰਡਰਾਂਵਾਲ਼ਿਆਂ ਨਾਲ਼ ਮੇਰੀ ਨੇੜਤਾ ਕਾਰਨ ਮੈਨੂੰ ਨਿਸ਼ਾਨਾ ਬਣਾਇਆ ਗਿਆ"

ਸ੍ਰ. ਸਿਮਰਨਜੀਤ ਸਿੰਘ ਮਾਨ ਨਾਲ਼ ਮੁਲਾਕਾਤ

ਸਰਦਾਰ ਸਿਮਰਨਜੀਤ ਸਿੰਘ ਮਾਨ ਅੱਜ ਸਿੱਖ ਰਾਜਨੀਤੀ ਅੰਦਰ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ ਹਨ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਕਹੇ ਹੋਏ ਸ਼ਬਦ ਕਿ 'ਜੇਕਰ ਸਰਕਾਰ ਨੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ,' ਦੇ ਉੱਪਰ ਉਹ ਦ੍ਰਿੜਤਾ ਨਾਲ਼ ਪਹਿਰਾ ਦੇ ਰਹੇ ਹਨ।

ਸਿਰਫ਼ ਏਨਾ ਹੀ ਨਹੀਂ, ਉਹ ਜੂਨ 1984 ਤੋਂ ਪਹਿਲਾਂ ਆਪਣੀ ਪੁਲਿਸ ਦੀ ਨੌਕਰੀ ਦੌਰਾਨ ਇੱਕ ਸੀਨੀਅਰ ਪੁਲਿਸ ਅਫ਼ਸਰ ਹੁੰਦਿਆਂ ਵੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਸੰਪਰਕ ਵਿੱਚ ਸਨ। ਉਹ ਆਪਣੇ ਅਧੀਨ ਕੰਮ ਕਰਨ ਵਾਲ਼ੇ ਸਿੱਖ ਪੁਲਿਸ ਵਾਲ਼ਿਆਂ ਨੂੰ ਦਾੜ੍ਹੀ ਨਹੀਂ ਸਨ ਕੱਟਣ ਦਿੰਦੇ। ਕਿਹਾ ਜਾਂਦਾ ਹੈ ਕਿ ਉਹਨਾਂ ਨੇ ਪੁਲਿਸ ਅਫ਼ਸਰ ਹੁੰਦਿਆਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਕਹੇ ਤੇ ਕਈ ਸਿੰਘਾਂ ਨੂੰ ਹਥਿਆਰਾਂ ਦੇ ਲਾਇਸੰਸ ਬਣਾਉਣ ਵਿੱਚ ਵੀ ਮਦਦ ਕੀਤੀ ਅਤੇ ਸੰਤਾਂ ਨੂੰ ਹੋਰ ਹਥਿਆਰ ਵੀ ਮਹੁੱਈਆ ਕਰਵਾਏ। ਸਰਕਾਰ ਨੇ ਉਹਨਾਂ ਦੀ ਬਦਲੀ ਪੰਜਾਬ ਤੋਂ ਬੰਬਈ ਕਰ ਦਿੱਤੀ ਗਈ ਤੇ ਉਹਨਾਂ ਖ਼ਿਲਾਫ਼ ਵਿਭਾਗੀ ਜਾਂਚ ਪੜਤਾਲ ਵੀ ਅਰੰਭੀ ਗਈ।

ਜਦੋਂ ਜੂਨ 1984 'ਚ ਭਾਰਤੀ ਫ਼ੌਜ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ, ਤਾਂ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਆਈ.ਪੀ.ਐਸ ਦੀ ਨੌਕਰੀ ਨੂੰ ਲੱਤ ਮਾਰਦਿਆਂ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿਹੁੰ ਨੂੰ ਇੱਕ ਸਖ਼ਤ ਚਿੱਠੀ ਲਿਖੀ, ਤੇ ਨਾਲ਼ ਹੀ ਅਸਤੀਫ਼ਾ ਦੇ ਕੇ ਰੂਪੋਸ਼ ਹੋ ਗਏ। ਕੁਝ ਸਮੇਂ ਬਾਅਦ ਉਹਨਾਂ ਨੂੰ ਨੇਪਾਲ ਦੇ ਬਾਰਡਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਤੇ ਬਹੁਤ ਹੀ ਖ਼ੌਫ਼ਨਾਕ ਤਸੀਹੇ ਦੇ ਕੇ 'ਦੇਸ਼ ਧ੍ਰੋਹ' ਤੇ ਕਈ ਹੋਰ ਧਾਰਾਵਾਂ ਤਹਿਤ ਬਿਹਾਰ ਦੀ ਬਦਨਾਮ ਭਾਗਲਪੁਰ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ। ਫਿਰ ਇੰਦਰਾ ਗਾਂਧੀ ਦੇ ਕਤਲ ਦੀ ਸਾਜ਼ਸ਼ ਕੇਸ ਵਿੱਚ ਨਾਮਜ਼ਦ ਕਰ ਕੇ ਉਹਨਾਂ ਨੂੰ ਫ਼ਾਂਸੀ ਤੇ ਚਾੜ੍ਹਨ ਦੀ ਸਾਜ਼ਸ਼ ਵੀ ਰਚੀ ਗਈ, ਪਰ ਸਿੱਖ ਅਵਾਮ ਨੇ ਸੰਨ 1989 ਵਿੱਚ 4 ਲੱਖ 70 ਹਜ਼ਾਰ ਵੋਟਾਂ ਦੀ ਲੀਡ ਨਾਲ਼ ਲੋਕ ਸਭਾ ਮੈਂਬਰ ਵਜੋਂ ਜਿਤਾ ਕੇ ਉਹਨਾਂ ਨੂੰ ਰਿਹਾਅ ਕਰਵਾਇਆ।

ਕੁਝ ਸਾਲ ਪਹਿਲਾਂ ਇਸ ਕਿਤਾਬ ਦੇ ਲੇਖਕ ਨੇ ਉਹਨਾਂ ਨਾਲ਼ ਲੰਮੀ ਗੱਲਬਾਤ ਕੀਤੀ ਸੀ, ਜਿਸ ਵਿੱਚੋਂ ਜੂਨ 1984 ਦੇ ਘਟਨਾਕ੍ਰਮ ਨਾਲ਼ ਜੁੜੇ ਕੁਝ ਅੰਸ਼ ਅੱਗੇ ਛਾਪੇ ਜਾ ਰਹੇ ਹਨ।

ਸਵਾਲ : ਤੁਹਾਨੂੰ ਸਿੱਖੀ ਪ੍ਰੇਮ ਵਿਰਸੇ ਵਿੱਚ ਮਿਲਿਆ ਜਾਂ ਕਿਸੇ ਘਟਨਾ ਕਾਰਨ ਪੈਦਾ ਹੋਇਆ?

ਜਵਾਬ : ਸਿੱਖੀ ਮੈਨੂੰ ਵਿਰਸੇ 'ਚ ਹੀ ਮਿਲੀ। ਮੇਰੇ ਮਾਤਾ-ਪਿਤਾ ਸਿੱਖ ਧਰਮ ਵਿੱਚ ਡੂੰਘਾ ਵਿਸ਼ਵਾਸ ਰੱਖਦੇ ਸਨ। ਬਾਕੀ ਸਾਡੇ ਖ਼ਾਨਦਾਨ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਸਿੱਖੀ ਦੀ ਦਾਤ ਸੰਭਾਲੀ ਆ ਰਹੀ ਹੈ। ਸਾਡੇ ਪੁਰਖਿਆਂ ਨੇ ਪਹਿਲੇ ਪੰਜ-ਪਿਆਰਿਆਂ ਤੋਂ ਅੰਮ੍ਰਿਤਪਾਨ ਕੀਤਾ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਮੌਕੇ ਸਾਡਾ ਵਡੇਰਾ ਬੁੱਧ ਸਿੰਘ, ਜਨਰਲ ਦੇ ਅਹੁਦੇ ਤੇ ਪੰਥ ਦੀ ਸੇਵਾ ਕਰਦਾ ਰਿਹਾ।

ਸਵਾਲ : ਤੁਹਾਡੇ ਬਾਰੇ ਇਹ ਪ੍ਰਚਲਿਤ ਹੈ ਕਿ ਜਦੋਂ ਤੁਸੀਂ ਪੁਲਿਸ ਵਿੱਚ ਆਏ, ਤਾਂ ਤੁਸੀਂ ਆਪਣੇ ਮਾਤਹਿਤ ਪੁਲਿਸ ਵਾਲਿਆਂ ਦੀਆਂ ਦਾੜ੍ਹੀਆਂ ਕੱਟਣੀਆਂ ਬੰਦ ਕਰਵਾ ਦਿੱਤੀਆਂ ਤੇ ਉਹਨਾਂ ਨੂੰ ਹਰ ਕਿਸੇ ਨੂੰ ਮਿਲਣ ਸਮੇਂ ਫ਼ਤਹਿ ਬੁਲਾਉਣ ਦੀ ਜਾਚ ਸਿਖਾ ਦਿੱਤੀ। ਇਹ ਇੱਕ ਕਿਸਮ ਦਾ ਇਨਕਲਾਬੀ ਕਦਮ ਸੀ, ਕੀ ਤੁਹਾਨੂੰ ਸਿੱਖ ਵਿਰੋਧੀ ਨਜ਼ਰੀਆ ਰੱਖਣ ਵਾਲ਼ੀ ਸਰਕਾਰੀ ਮਸ਼ੀਨਰੀ ਨੇ ਟੋਕਿਆ ਨਹੀਂ ?

ਜਵਾਬ : ਉਹਨਾਂ ਦੇ ਢਿੱਡ 'ਚ ਤਾਂ ਬੜੇ ਵੱਟ ਪੈਂਦੇ ਸੀ, ਪਰ ਮੈਂ ਦਲੀਲ ਦਿੰਦਾ ਸੀ ਕਿ ਜਿਹੜਾ ਬੰਦਾ ਆਪਣੇ ਧਰਮ 'ਚ ਪੱਕਾ ਨਹੀਂ ਰਹਿੰਦਾ, ਮੈਨੂੰ ਉਹਦੇ ਤੇ ਯਕੀਨ ਨਹੀਂ ਆ ਸਕਦਾ ਕਿ ਉਹ ਆਪਣੀ ਡਿਊਟੀ ਇਮਾਨਦਾਰੀ ਨਾਲ਼ ਨਿਭਾਊਗਾ; ਦੂਜੀ ਦਲੀਲ ਮੇਰੀ ਇਹ ਸੀ ਕਿ ਇਹ ਸਰਹੱਦੀ ਇਲਾਕਾ ਹੈ ਤੇ ਇੱਥੇ ਪਾਕਿਸਤਾਨੀ ਜਸੂਸਾਂ ਤੇ ਸਾਨੂੰ ਨਜ਼ਰ ਰੱਖਣੀ ਪੈਂਦੀ ਹੈ ਤੇ ਉਹਨਾਂ ਦੀਆਂ ਦਾੜ੍ਹੀਆਂ ਕੱਟੀਆਂ ਹੁੰਦੀਆਂ ਨੇ। ਜੇ ਸਾਡੇ ਜਵਾਨਾਂ ਦੀਆਂ ਵੀ ਦਾੜ੍ਹੀਆਂ ਕੱਟੀਆਂ ਹੋਣਗੀਆਂ ਤਾਂ ਫਿਰ ਇਹ ਤਾਂ ਵਿੱਚ ਹੀ ਰਲ਼ ਜਾਣਗੇ, ਇਸ ਲਈ ਸਿੱਖ ਜਵਾਨਾਂ ਦਾ ਆਪਣਾ ਮੁੱਢਲੀ ਰਵਾਇਤ ਸਾਬਤ-ਸੂਰਤ ਵਿੱਚ ਪੱਕਾ ਹੋਣਾ ਜ਼ਰੂਰੀ ਹੈ।

ਸਵਾਲ : ਤੁਹਾਨੂੰ ਪੰਜਾਬ 'ਚੋਂ ਬਦਲ ਕੇ ਬੰਬਈ ਭੇਜੇ ਜਾਣ ਪਿੱਛੇ ਤੁਹਾਨੂੰ ਕੀ ਲੱਗਦਾ ਹੈ ਕਿ ਹਕੂਮਤ ਦੀ ਕੀ ਮਨਸ਼ਾ ਸੀ ?

ਜਵਾਬ : ਸਰਕਾਰ ਮੈਨੂੰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਨਾਲ਼ ਬਹੁਤ ਨੇੜੇ ਤੋਂ ਜੁੜਿਆ ਹੋਇਆ ਸਮਝਦੀ ਸੀ, ਇਸੇ ਲਈ ਹੀ ਮੈਨੂੰ ਪੰਜਾਬ ਤੋਂ ਬਦਲ ਕੇ ਬੰਬਈ ਭੇਜ ਦਿੱਤਾ ਗਿਆ ਸੀ।

ਸਵਾਲ : ਸਰਕਾਰ ਨੇ ਤੁਹਾਡੇ ਤੇ ਇਹ ਵੀ ਇਲਜ਼ਾਮ ਲਾਇਆ ਸੀ ਕਿ ਤੁਸੀਂ ਐਸ.ਐਸ.ਪੀ. ਹੁੰਦਿਆਂ ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਨਜ਼ਦੀਕੀ ਸਿੰਘਾਂ ਨੂੰ ਜਾਣ-ਬੁੱਝ ਕੇ ਧੜਾ-ਧੜ ਹਥਿਆਰਾਂ ਦੇ ਲਾਇਸੰਸ ਦਿੱਤੇ, ਇਸ ਦਾ ਤੁਸੀਂ ਕਿਵੇਂ ਜਵਾਬ ਦਿੱਤਾ ?

ਜਵਾਬ : ਮੈਂ ਕਿਹਾ ਕਿ ਲਾਇਸੰਸ ਐਸ.ਐਸ.ਪੀ. ਨਹੀਂ, ਬਲਕਿ ਡਿਪਟੀ ਕਮਿਸ਼ਨਰ ਦਿੰਦਾ ਹੁੰਦੈ... ਐਸ.ਐਸ.ਪੀ. ਤਾਂ ਕੇਵਲ ਸਿਫ਼ਾਰਸ਼ ਹੀ ਕਰ ਸਕਦੈ, ਤੇ ਮੈਂ ਉਸੇ ਹੀ ਬੰਦੇ ਦੀ ਸਿਫ਼ਾਰਸ਼ ਕੀਤੀ, ਜਿਸ ਬਾਰੇ ਮੈਂ ਸਮਝਦਾ ਸਾਂ ਕਿ ਉਸ ਨੂੰ ਸੱਚਮੁੱਚ ਹੀ ਹਥਿਆਰ ਰੱਖਣ ਦੀ ਲੋੜ ਹੈ... ਤੇ ਇਹ ਵੀ ਠੀਕ ਹੈ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਅਤੇ ਉਹਨਾਂ ਦੇ ਨੇੜਲੇ ਸਿੰਘਾਂ ਨੂੰ ਮਿਲੇ ਹਥਿਆਰਾਂ ਦੇ ਲਾਇਸੰਸਾਂ ਪਿੱਛੇ ਮੇਰੀ ਸਿਫ਼ਾਰਸ਼ ਸੀ, ਮੈਂ ਸਮਝਦਾ ਸੀ ਕਿ ਆਪਣੀ ਰਾਖੀ ਲਈ ਉਹਨਾਂ ਨੂੰ ਇਹਨਾਂ ਹਥਿਆਰਾਂ ਦੀ ਸਖ਼ਤ ਲੋੜ ਹੈ। ਕਈਆਂ ਦਾ ਇਹ ਕਹਿਣਾ ਕਿ ਕਾਂਗਰਸ ਸਰਕਾਰ ਦੇ ਸਮੇਂ ਸੰਤ ਭਿੰਡਰਾਂਵਾਲ਼ਿਆਂ ਨੂੰ ਹਥਿਆਰਾਂ ਦੇ ਲਾਇਸੰਸ ਦਿੱਤੇ ਸਨ, ਇਹ ਬਿਲਕੁਲ ਝੂਠੀ ਤੇ ਨਿਰਾਧਾਰ ਗੱਲ ਹੈ। ਜਦ ਸੰਤ ਭਿੰਡਰਾਂਵਾਲ਼ਿਆਂ ਤੇ ਉਹਨਾਂ ਦੇ ਸਾਥੀਆਂ ਨੂੰ ਹਥਿਆਰਾਂ ਦੇ ਲਾਇਸੰਸ ਦਿੱਤੇ , ਓਦੋਂ (1977-80) ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ ਤੇ ਐਸ.ਐਸ.ਪੀ. ਵਜੋਂ ਮੇਰੀ ਸਿਫ਼ਾਰਸ਼ ਅਤੇ ਡੀ.ਸੀ. ਦੀ ਮਨਜ਼ੂਰੀ ਸੀ।

ਸਵਾਲ : ਘਲੂਘਾਰਾ ਜੂਨ 1984 ਪਿੱਛੋਂ ਸਰਕਾਰੀ ਸਰਵਿਸ ਤੋਂ ਅਸਤੀਫ਼ਾ ਦੇਣ ਦਾ ਫ਼ੈਸਲਾ ਕਿਸ ਹਾਲਤ ਵਿੱਚ ਲਿਆ ?

ਜਵਾਬ : ਸ੍ਰੀ ਦਰਬਾਰ ਸਾਹਿਬ ਤੇ ਹਕੂਮਤ ਦੇ ਫ਼ੌਜੀ ਹਮਲੇ ਨਾਲ਼ ਹਰ ਇੱਕ ਸੱਚੇ ਸਿੱਖ ਦੇ ਮਨ ਨੂੰ ਠੇਸ ਲੱਗਣੀ ਕੁਦਰਤੀ ਸੀ, ਮੇਰੇ ਦਿਲ ਨੂੰ ਵੀ ਠੇਸ ਲੱਗੀ; ਫਿਰ ਭਲਾ ਸਿੱਖੀ ਦੇ ਕੇਂਦਰ ਤੇ ਹਮਲਾ ਕਰਨ ਵਾਲ਼ੀ ਸਰਕਾਰ ਨਾਲ਼ ਮੇਰੇ ਸੰਬੰਧ ਕਿਵੇਂ ਕਾਇਮ ਰਹਿ ਸਕਦੇ ਸੀ ? ਇਸ ਲਈ ਮੈਂ ਰਾਸ਼ਟਰਪਤੀ ਕੋਲ ਸਖ਼ਤ ਰੋਸ ਪ੍ਰਗਟ ਕਰਨ ਦੇ ਨਾਲ਼ ਹੀ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ।

ਸਵਾਲ : ਤੁਹਾਡੀ ਗ੍ਰਿਫ਼ਤਾਰੀ ਕਿਵੇਂ ਹੋਈ ਤੇ ਓਦੋਂ ਤੁਹਾਡੇ ਨਾਲ਼ ਹੋਰ ਕੌਣ-ਕੌਣ ਸੀ ?

ਜਵਾਬ : ਗ੍ਰਿਫ਼ਤਾਰੀ ਵੇਲ਼ੇ ਮੇਰੇ ਨਾਲ਼ ਭਾਈ ਚਰਨ ਸਿੰਘ ਲੁਹਾਰਾ, ਭਾਈ ਕਮਿੱਕਰ ਸਿੰਘ, ਭਾਈ ਰਾਮ ਸਿੰਘ ਤੇ ਭਾਈ ਜਗਪਾਲ ਸਿੰਘ ਸਨ। ਗ੍ਰਿਫ਼ਤਾਰੀ ਕਿਵੇਂ ਹੋਈ, ਇਸ ਬਾਰੇ ਮੈਂ ਏਨਾ ਹੀ ਦੱਸ ਸਕਦੈਂ ਕਿ ਦੂਜੇ ਕਈ ਅਕਾਲੀ ਲੀਡਰਾਂ ਵਾਂਗ ਮੈਂ ਮਖਮਲ ਦੀ ਰਜਾਈ ਵਿੱਚ ਪੈਦਾ ਜ਼ਰੂਰ ਹੋਇਆ ਸਾਂ, ਪਰ ਉਹਨਾਂ ਵਾਂਗ ਮਖਮਲ ਦੀ ਰਜਾਈ 'ਚ ਬੈਠਾ-ਬੈਠਾ ਹੀ ਗ੍ਰਿਫ਼ਤਾਰ ਨਹੀਂ ਹੋਇਆ। ਮੇਰੀ ਗ੍ਰਿਫ਼ਤਾਰੀ ਇੱਕ ਕਿਸਮ ਦੀ ਮੈਦਾਨ 'ਚ ਜੂਝਦਿਆਂ ਹੀ ਹੋਈ ਸੀ।

ਸਵਾਲ: ਪੁਲਿਸ ਹਿਰਾਸਤ ਵਿੱਚ ਤੁਹਾਨੂੰ ਕਿਸ ਢੰਗ ਨਾਲ਼ ਟਾਰਚਰ ਕੀਤਾ ਗਿਆ ?

ਜਵਾਬ: ਜਿੱਥੋਂ ਤਕ ਸਰੀਰਿਕ ਤਸੀਹੇ ਦੇਣ ਦਾ ਸਵਾਲ ਹੈ, ਉਸ ਵਿੱਚ ਲੱਤਾਂ ਪਾੜਨ ਤੋਂ ਲੈ ਕੇ ਇਲੈਕਟ੍ਰੋਨਿਕ ਸ਼ਾੱਕ (ਬਿਜਲੀ ਦੇ ਝਟਕੇ) ਦੇਣ ਤਕ ਹਰੇਕ ਵਹਿਸ਼ੀ ਤਰੀਕਾ ਵਰਤਿਆ ਗਿਆ। ਨਾਲ਼ ਦੀ ਨਾਲ਼ ਹੀ ਇੱਕ ਮਸ਼ੀਨ ਰਾਹੀਂ ਬਲੱਡ-ਪ੍ਰੈਸ਼ਰ ਤੇ ਨਜ਼ਰ

ਭਾਗਲਪੁਰ ਜੇਲ੍ਹ

ਰੱਖੀ ਜਾਂਦੀ ਸੀ ਤਾਂ ਕਿ ਇਸ ਤਸ਼ੱਦਦ ਵਿੱਚ ਮੇਰੀ ਮੌਤ ਵੀ ਨਾ ਹੋ ਜਾਵੇ। ਮੌਤ ਦੀ ਸੰਭਾਵਨਾ ਹੋਣ ਤੇ ਮੇਰਾ ਬਲੱਡ ਪ੍ਰੈਸ਼ਰ ਨਾਰਮਲ ਕੀਤਾ ਜਾਂਦਾ ਸੀ ਤੇ ਫਿਰ ਤਸ਼ੱਦਦ ਸ਼ੁਰੂ ਕੀਤਾ ਜਾਂਦਾ ਸੀ...। ਇਸ ਤਸ਼ੱਦਦ ਦੇ ਮੇਰੇ ਸਰੀਰ ਤੇ ਪਏ ਮਾਰੂ ਪ੍ਰਭਾਵ ਅੱਜ ਵੀ ਵੇਖੇ ਜਾ ਸਕਦੇ ਨੇ। ਇਸ ਤੋਂ ਇਲਾਵਾ ਮੈਨੂੰ ਮਾਨਸਿਕ ਤੌਰ ਤੇ ਟਾਰਚਰ ਕੀਤਾ ਗਿਆ; ਛੋਟੀ ਜਿਹੀ ਕੋਠੜੀ ਵਿੱਚ ਇਕੱਲੇ ਨੂੰ ਬੰਦ ਰੱਖਣਾ, ਪੰਜ ਸਾਲ ਤਕ ਕਿਸੇ ਪੰਜਾਬੀ ਨਾਲ਼ ਗੱਲ ਨਾ ਕਰਵਾਉਣੀ, ਘਰ ਕੋਈ ਚਿੱਠੀ-ਪੱਤਰ ਪਾਉਣ ਦੀ ਇਜਾਜ਼ਤ ਨਾ ਦੇਣਾ; ਇੱਥੋਂ ਤਕ ਕਿ ਪੰਜ ਸਾਲ ਤਕ ਮੈਨੂੰ ਆਪਣੇ ਬੱਚਿਆਂ ਨੂੰ ਵੀ ਨਹੀਂ ਮਿਲ਼ਣ ਦਿੱਤਾ ਗਿਆ...। ਸਰਕਾਰ ਮੈਨੂੰ ਜੇ ਸਰੀਰਿਕ ਤੌਰ ਤੇ ਨਹੀਂ, ਤਾਂ ਮਾਨਸਿਕ ਤੌਰ ਤੇ ਜ਼ਰੂਰ ਖ਼ਤਮ ਕਰ ਦੇਣਾ ਚਾਹੁੰਦੀ ਸੀ, ਪਰ ਅਕਾਲ ਪੁਰਖ ਦੀ ਮਿਹਰ ਸਦਕਾ ਉਹਨਾਂ ਦੇ ਇਹ ਮਨਸੂਬੇ ਸਫਲ ਨਹੀਂ ਹੋ ਸਕੇ।

ਸਵਾਲ : ਤੁਹਾਡੇ ਉੱਪਰ ਚਲਾਏ ਗਏ ਮੁਕਦਮੇ ਦੌਰਾਨ ਸਰਕਾਰ ਨੇ ਤੁਹਾਡੇ ਤੇ ਕੀ-ਕੀ ਦੋਸ਼ ਲਾਏ ਸੀ ?

ਜਵਾਬ : ਬਗ਼ਾਵਤ ਕਰਨ ਤੇ ਵਿਦਰੋਹ ਫ਼ੈਲਾਉਣ ਦਾ, ਸਰਕਾਰ ਵਿਰੁੱਧ ਫ਼ੌਜ ਤੇ ਪੁਲਿਸ ਨੂੰ ਭੜਕਾਉਣ ਦਾ, ਪਾਰਲੀਮੈਂਟ ਉਡਾਉਣ ਦੀ ਸਾਜ਼ਸ਼ ਰਚਣ ਦਾ ਤੇ ਇੰਦਰਾ ਗਾਂਧੀ ਦੇ ਕਤਲ ਦੀ ਸਾਜ਼ਸ਼ ਰਚਣ ਵਰਗੇ ਕਈ ਗੰਭੀਰ ਕਿਸਮ ਦੇ ਦੋਸ਼ ਮੇਰੇ ਤੇ ਲਾਏ ਗਏ ਸੀ...।

ਸਵਾਲ ਤੁਹਾਡੇ ਵਿਚਾਰ ਮੁਤਾਬਿਕ ਜੇ ਤੁਸੀਂ 1989 ਵਿੱਚ ਲੋਕ-ਸਭਾ ਲਈ ਨਾ ਚੁਣੇ ਜਾਂਦੇ, ਤਾਂ ਕੀ ਤੁਹਾਡੀ ਰਿਹਾਈ ਸੰਭਵ ਸੀ ?

ਜਵਾਬ : ਨਹੀਂ, ਫਿਰ ਤਾਂ ਮੇਰੇ ਲਈ ਉਹਨਾਂ ਫਾਂਸੀ ਦਾ ਰੱਸਾ ਤਿਆਰ ਕਰ ਕੇ ਹੀ ਰੱਖਿਆ ਹੋਇਆ ਸੀ ਤੇ ਮੈਨੂੰ ਵੀ ਉਸੇ ਹੀ ਤਰ੍ਹਾਂ ਫਾਂਸੀ ਤੇ ਟੰਗ ਦਿੱਤਾ ਜਾਣਾ ਸੀ, ਜਿਵੇਂ ਬੇਦੋਸ਼ੇ ਕੇਹਰ ਸਿੰਘ ਨੂੰ ਫ਼ਾਂਸੀ ਤੇ ਟੰਗ ਦਿੱਤਾ ਗਿਆ ।

ਸਵਾਲ : ਭਵਿੱਖ ਦਾ ਨਿਸ਼ਾਨਾ.... ?

ਜਵਾਬ : ਖ਼ਾਲਿਸਤਾਨ ਦੀ ਪ੍ਰਾਪਤੀ ਤੋਂ ਬਿਨਾਂ ਸਿੱਖ ਕੌਮ ਦਾ ਗੁਜ਼ਾਰਾ ਨਹੀਂ ਤੇ ਕੌਮ ਇੱਕ ਦਿਨ ਖ਼ਾਲਿਸਤਾਨ ਦੀ ਪ੍ਰਾਪਤੀ ਕਰ ਕੇ ਹੀ ਦਮ ਲਵੇਗੀ ।

****

ਘਲੂਘਾਰੇ ਦੀ ਪੀੜ

(ਘਲੂਘਾਰੇ ਦੇ 30 ਸਾਲ ਪੂਰੇ ਹੋਣ ਮੌਕੇ)

ਕਤਲਾਮਾਂ ਅਤੇ ਘਲੂਘਾਰੇ ਕਿਸੇ ਵੀ ਕੌਮ ਦੇ ਲਈ ਪੀੜਾਦਾਇਕ ਹੁੰਦੇ ਹਨ, ਪਰ ਅਜਿਹੀਆਂ ਪੀੜਾਂ ਸਿੱਖ ਕੌਮ ਨੂੰ ਨੀਂਦ 'ਚੋਂ ਜਗਾਉਣ ਦਾ ਕਾਰਨ ਬਣਦੀਆਂ ਹਨ। ਜੂਨ 1984 ਦੇ ਘਲੂਘਾਰੇ ਨੇ ਤਾਂ ਕੌਮ ਦੀ ਇੱਕ ਸਦੀ ਦੀ ਗੂੜ੍ਹੀ ਨੀਂਦ ਨੂੰ ਤੋੜ ਕੇ ਉਸ ਨੂੰ ਕੌਮੀ ਅਜ਼ਾਦੀ ਦੇ ਸੰਘਰਸ਼ ਵਾਲ਼ੇ ਰਾਹ ਪਾ ਦਿੱਤਾ ਸੀ। ਉਰਦੂ ਦਾ ਇੱਕ ਸ਼ਿਅਰ ਹੈ:-

ਜੋ ਉਠ ਕੇ ਡੂਬਤੀ ਨਈਆ ਕੋ ਉਭਾਰ ਲਾਏ;
ਖ਼ੁਦਾ ਕਰੇ ਕਿ ਵੋ ਤੂਫ਼ਾਨ ਬਾਰ-ਬਾਰ ਆਏ।

ਅੱਜ ਜਦੋਂ ਅਸੀਂ ਜੂਨ 1984 ਘਲੂਘਾਰੇ ਦੀ 30ਵੀਂ ਸਲਾਨਾ ਯਾਦ ਮਨਾ ਰਹੇ ਹਾਂ, ਤਾਂ ਕੌਮ ਦੀ ਮਾਨਸਿਕਤਾ ਵਿੱਚ ਇਸ ਘਲੂਘਾਰੇ ਤੋਂ ਉਪਜੀ 'ਪੀੜ' ਤਾਂ ਹੈ, ਪਰ ਇਸ 'ਚੋਂ ਪੈਦਾ ਹੋਈ 'ਜਾਗ੍ਰਿਤੀ' ਧੁੰਦਲੀ ਪੈ ਚੁੱਕੀ ਹੈ।

ਦਿੱਲੀ ਤਖ਼ਤ ਨੇ ਸਿੱਖ ਸੰਸਥਾਵਾਂ ਦੇ ਕੇਂਦਰ ਵਿੱਚ ਅਜਿਹੀ ਨਕਲੀ ਪੰਥਕ ਧਿਰ ਨੂੰ ਕਾਬਜ਼ ਕਰਵਾਉਣ 'ਚ ਸਫਲਤਾ ਪ੍ਰਾਪਤ ਕਰ ਲਈ ਹੈ, ਜਿਹੜੀ ਹਰਿਮੰਦਰ ਸਾਹਿਬ ਦੀ ਪਰਕਰਮਾ 'ਚ ਧਰੇ ਨਾਪਾਕ ਫ਼ੌਜੀ ਬੂਟਾਂ ਤੇ ਦੁੱਖ ਤਾਂ ਪ੍ਰਗਟਾਉਂਦੀ ਹੈ, ਪਰ ਇਸ ਵਰਤਾਰੇ ਨਾਲ਼ ਧਰੀ ਗਈ ਖ਼ਾਲਿਸਤਾਨ ਦੀ ਨੀਂਹ ਤੇ ਕੋਈ ਇੱਟ ਲਾਉਣ ਦੀ 'ਇੱਛਾ' ਜਾਂ 'ਸਮਰੱਥਾ' ਨਹੀਂ ਰੱਖਦੀ। ਜਿਹੜੇ ਗੁਰੂ ਪਿਆਰੇ ਇਸ ਲਈ ਕਾਰਜਸ਼ੀਲ ਵੀ ਹਨ, ਉਹਨਾਂ ਨੂੰ 'ਗ਼ਰਮ ਖ਼ਿਆਲੀਏ' ਕਹਿ ਕੇ ਪੰਥ ਤੋਂ ਵੱਖਰੀ ਹੀ ਕਿਸੇ ਧਾਰਾ ਨਾਲ਼ ਸੰਬੰਧਿਤ ਸਾਬਤ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਉਹ ਅਜਿਹਾ ਝੂਠ ਸਾਬਤ ਕਰਨ ਲਈ ਹਰ ਹਰਬਾ ਵਰਤ ਰਹੇ ਹਨ ਕਿ ਅਕਾਲ ਤਖ਼ਤ ਦਾ ਸਿਧਾਂਤ ਹੋਰ ਹੈ ਤੇ ਸੰਤ ਭਿੰਡਰਾਂਵਾਲ਼ੇ ਕੁਝ ਹੋਰ ਕਹਿੰਦੇ ਸਨ। ਅੱਜ ਇਸ ਘਲੂਘਾਰੇ ਦੀ 30ਵੀਂ ਵਰ੍ਹੇਗੰਢ ਤੇ ਅਸੀਂ ਇਸ ਗ਼ਲਤ ਬਿਆਨੀ ਨਾਲ਼ ਸਿਰਜੀ ਗਈ 'ਗ਼ਲਤ ਫ਼ਹਿਮੀ' ਨੂੰ ਦੂਰ ਕਰਨ ਦਾ ਯਤਨ ਕਰਨਾ ਹੈ।

ਜਦੋਂ ਗੁਰੂ ਨਾਨਕ ਸਾਹਿਬ ਵੱਲੋਂ ਖ਼ਾਲਸੇ ਦੀ ਸਾਜਣਾ ਲਈ ਅਰੰਭਿਆ ਮਿਸ਼ਨ ਕਈ ਅਹਿਮ ਪੜਾਵਾਂ 'ਚੋਂ ਗੁਜ਼ਰ ਕੇ ਇੱਕ ਸ਼ਸ਼ਤਰਧਾਰੀ ਕਾਫ਼ਲੇ ਦਾ ਰੂਪ ਧਾਰਨ ਲੱਗ ਪਿਆ ਸੀ, ਤਾਂ ਓਦੋਂ ਤਕ ਇਹ ਹਕੀਕਤ ਕਾਫ਼ੀ ਹੱਦ ਤਕ ਸਪਸ਼ਟ ਹੋ ਗਈ ਸੀ ਕਿ ਇਹ ਸੂਰਬੀਰ ਕਾਫ਼ਲਾ ਕਿਸੇ ਵੀ ਦੁਨਿਆਵੀ ਹਾਕਮ ਦੀ ਗ਼ੁਲਾਮੀ ਕਬੂਲ ਨਹੀਂ ਕਰੇਗਾ; ਕਿਉਂਕਿ ਦੁਨਿਆਵੀ

ਬਾਦਸ਼ਾਹਤਾਂ ਆਮ ਲੋਕਾਂ ਦਾ ਸ਼ੋਸ਼ਣ ਕਰ ਕੇ ਆਪਣੇ ਸਵਾਰਥਾਂ ਦੀ ਪੂਰਤੀ ਲਈ ਹੀ ਕਾਰਜਸ਼ੀਲ ਰਹਿੰਦੀਆਂ ਹਨ ਤੇ ਉਹਨਾਂ ਦੇ ਬਣਾਏ ਕਾਇਦੇ-ਕਨੂੰਨ ਇਸੇ ਹੀ ਬੇਇਨਸਾਫ਼ੀ ਭਰੀ ਨੀਤੀ ਦੀ ਪੂਰਤੀ ਦਾ ਇੱਕ ਸਾਧਨ ਮਾਤਰ ਹੁੰਦੇ ਹਨ; ਪਰ ਖ਼ਾਲਸਾ ਤਾਂ ਅਜਿਹੀਆਂ ਬੇਇਨਸਾਫ਼ੀਆਂ ਨੂੰ ਰੱਬੀ ਕਨੂੰਨ ਰਾਹੀਂ ਦੂਰ ਕਰਵਾਉਣ ਲਈ ਸਾਜਿਆ ਜਾ ਰਿਹਾ ਸੀ, ਫਿਰ ਉਹ ਅਜਿਹੀਆਂ ਹਕੂਮਤਾਂ ਦੀ ਅਧੀਨਗੀ ਕਿਵੇਂ ਕਬੂਲਦਾ ?

ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਜਿੱਥੇ ਦੁਨਿਆਵੀ ਤਖ਼ਤਾਂ ਤੇ ਕਾਬਜ਼ ਹਾਕਮਾਂ ਨੂੰ ਇਹ ਸਪਸ਼ਟ ਸੁਨੇਹਾ ਸੀ ਕਿ ਸਿੱਖ ਤੁਹਾਡੀ ਹਕੂਮਤ ਦੇ ਬੇਇਨਸਾਫ਼ੀ ਭਰੇ ਕਨੂੰਨਾਂ ਦੀ ਬੰਦਸ਼ ਨੂੰ ਨਹੀਂ ਕਬੂਲਦੇ, ਓਥੇ ਇਸ ਦਾ ਮਕਸਦ ਸਿੱਖਾਂ ਨੂੰ ਖ਼ੁਦ ਇੱਕ ਜ਼ਾਬਤੇ



ਵਿੱਚ ਰਹਿਣ ਦਾ ਅਹਿਸਾਸ ਕਰਵਾਉਣਾ ਵੀ ਸੀ। ਇਹੀ ਕਾਰਨ ਹੈ ਕਿ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਜਿੱਥੇ ਦੁਨੀਆ ਵਿੱਚ ਵਿਚਰਦੇ ਹਰ ਸਿੱਖ ਅੰਦਰ ਉਸ ਦੀ 'ਅਜ਼ਾਦ ਹਸਤੀ ਦੇ ਅਹਿਸਾਸ' ਨੂੰ ਬਰਕਰਾਰ ਰੱਖਦਾ ਹੈ, ਓਥੇ ਆਪਣੀ ਕੌਮ ਵਿੱਚ ਵਿਚਰਦਿਆਂ 'ਜਥੇਬੰਦਕ ਜ਼ਾਬਤੇ ਦੇ ਪਾਬੰਦ' ਰਹਿਣ ਦਾ ਫ਼ਰਜ਼ ਵੀ ਨਹੀਂ ਭੁੱਲਣ ਦਿੰਦਾ। ਠੱਗ ਬਿਰਤੀ ਅਧੀਨ ਸਿੱਖੀ ਦਾ ਬਾਣਾ ਪਾਉਣ ਵਾਲ਼ੇ ਲੋਕਾਂ ਲਈ ਭਾਵੇਂ ਇਹ ਦੋ ਅਹਿਸਾਸ, ਕੋਈ ਅਹਿਮੀਅਤ ਨਾ ਰੱਖਦੇ ਹੋਣ, ਪਰ 'ਪ੍ਰੇਮ ਖੇਲਣ ਕਾ ਚਾਓ' ਅਧੀਨ ਸਿਰ ਤਲੀ ਤੇ ਧਰ ਕੇ ਸਿੱਖੀ ਨੂੰ ਕਮਾਉਣ ਤੁਰੇ ਮਰਜੀਵੜੇ ਜੁਝਾਰੂ ਸਿੱਖ ਇਹਨਾਂ ਦੋ ਜਜ਼ਬਿਆਂ ਦੇ ਸਾਂਝੇ ਅਹਿਸਾਸ ਤੋਂ ਅਛੂਤੇ ਹਰਗਿਜ਼ ਨਹੀਂ ਰਹਿੰਦੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੋਂਦ ਅਤੇ ਉਸ ਦੀ ਛਤਰ ਛਾਇਆ ਹੇਠ ਵਿਗਸਦੀ ਖ਼ਾਲਸੇ ਦੀ ਅਜ਼ਾਦ ਹਸਤੀ ਨੂੰ ਚੁਣੌਤੀ ਸਮੇਂ-ਸਮੇਂ ਦੀਆਂ ਜਾਬਰ ਤੇ ਮਾਨਮੱਤੀਆਂ ਹਕੂਮਤਾਂ ਤੋਂ



ਹੀ ਮਿਲ਼ਦੀ ਰਹੀ ਹੈ। ਅਕਾਲ ਤਖ਼ਤ ਦੇ ਸਿਧਾਂਤ ਨੂੰ ਸਮਰਪਿਤ ਸਿੱਖਾਂ ਨੂੰ ਜੇਕਰ ਆਪਣੀ ਅਜ਼ਾਦ ਹਸਤੀ ਦੇ ਸਿਧਾਂਤ ਦੀ ਹਕੀਕਤ ਸਿੱਧ ਕਰਨ ਲਈ 'ਜਹਾਂਗੀਰ' ਤੋਂ ਲੈ ਕੇ 'ਇੰਦਰਾ' ਤਕ ਦੇ ਮਦਮਸਤ ਹਾਕਮਾਂ ਦੀਆਂ ਫ਼ੌਜਾਂ ਦੇ ਹੜ੍ਹ ਆਪਣੀਆਂ ਛਾਤੀਆਂ ਡਾਹ ਕੇ ਡੱਕਣੇ ਪਏ ਹਨ, ਤਾਂ ਉਹ ਇਸ ਤੋਂ ਘਬਰਾਏ ਨਹੀਂ, ਤੇ ਜੇਕਰ ਪੰਥਕ ਜ਼ਾਬਤੇ ਦੀ ਪਾਲਣਾ ਲਈ ਸਰਦਾਰ ਰਣਜੀਤ ਸਿੰਘ ਜਿਹੇ ਮਹਾਰਾਜੇ ਨੂੰ ਅਕਾਲ ਤਖ਼ਤ ਤੇ ਤਲਬ ਕਰਨਾ ਪਿਆ ਹੈ ਤਾਂ ਇਸ ਤੋਂ ਵੀ ਉਹ ਉੱਕੇ ਨਹੀਂ, ਪਰ ਸਿੱਖੀ ਪਹਿਰਾਵੇ ਹੇਠ ਲੁਕੇ ਸਵਾਰਥੀ ਜਾਂ ਸ਼ਰਾਰਤੀ ਤੱਤਾਂ ਨੇ 'ਕਮਜ਼ੋਰੀ' ਜਾਂ 'ਬੇਈਮਾਨੀ' ਦੇ ਅਧੀਨ ਇਸ ਸਿਧਾਂਤ ਨਾਲ ਖਿਲਵਾੜ ਕਰ ਕੇ ਇਸ ਨੂੰ ਤਹਿਸ-ਨਹਿਸ ਕਰ ਸੁੱਟਣ ਵਿੱਚ ਵੀ ਕੋਈ ਕਸਰ ਨਹੀਂ ਛੱਡੀ।

ਜਦੋਂ ਗੁਰੂ ਸਾਹਿਬ ਨੇ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਸਾਮ੍ਹਣੇ ਅਕਾਲ ਤਖ਼ਤ ਦੀ ਉਸਾਰੀ ਕਰਵਾਈ ਸੀ, ਤਾਂ ਉਹਨਾਂ ਦਾ ਸਿਰਜਿਆ ਇਹ ਅਕਾਲ ਤਖ਼ਤ ਸਾਹਿਬ ਮਹਿਜ਼ ਇੱਕ ਇਮਾਰਤ ਦਾ ਨਾਂ ਹੀ ਨਹੀਂ ਸੀ, ਜਿਸ ਨੂੰ ਕੋਈ ਵੀ ਜਾਬਰ ਹਕੂਮਤ ਤੋਪਾਂ ਟੈਂਕਾਂ ਨਾਲ ਲੈਸ ਫ਼ੌਜ ਚਾੜ੍ਹ ਕੇ ਢਾਹ ਦੇਣ ਦੀ ਸਮਰੱਥਾ ਰੱਖਦੀ ਹੋਵੇ; ਇਹ ਇਮਾਰਤ ਤਾਂ ਕੇਵਲ ਇੱਕ ਪ੍ਰਤੀਕ ਸੀ; ਸ੍ਰੀ ਅਕਾਲ ਤਖ਼ਤ ਵਜੋਂ ਇੱਕ 'ਸਿਧਾਂਤ' ਵੀ ਸਥਾਪਿਤ ਕੀਤਾ ਗਿਆ ਸੀ, ਜਿਸ ਦੀ ਨੀਂਹ ਸਿੱਖੀ ਸਿਦਕ ਤੇ ਰੱਖੀ ਗਈ ਸੀ। ਜਦੋਂ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਸਿੱਖਾਂ ਦੇ ਸਿੱਖੀ ਸਿਦਕ ਵਿੱਚ ਤਰੇੜ ਆ ਜਾਂਦੀ ਹੈ ਤਾਂ ਓਦੋਂ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਨੂੰ ਸੱਟ ਵੱਜਦੀ ਹੈ, ਬੇਸ਼ੱਕ ਇਸ ਮਹਾਨ ਸਿਧਾਂਤ ਦੀ ਪ੍ਰਤੀਕ ਇਮਾਰਤ ਨੂੰ ਸੋਨੇ ਵਿੱਚ ਵੀ ਮੜ੍ਹ ਕੇ ਕਿਉਂ ਨਾ ਰੱਖਿਆ ਹੋਵੇ। ਅੱਜ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਤੇ ਕਾਬਜ਼ ਲੋਕਾਂ ਦੀ ਕਾਰਜਸ਼ੈਲੀ ਵੇਖ ਕੇ ਇਹ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਲੋਕ ਅਕਾਲ ਤਖ਼ਤ ਸਾਹਿਬ ਦੇ ਪਹਿਰੇਦਾਰ ਨਹੀਂ, ਬਲਕਿ ਆਪਣੇ ਵੱਲੋਂ ਪੂਰਾ ਜ਼ੋਰ ਲਾ ਕੇ ਸਿਧਾਂਤਕ ਪੱਖੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਦੇ ਸਿਰਤੋੜ ਯਤਨ ਕਰ ਰਹੇ ਹਨ ਤੇ ਹੁਣ ਇਸ ਲਈ ਪਹਿਰੇ ਤੇ ਬੈਠੇ ਹਨ ਕਿ ਕਿਤੇ ਕੋਈ 'ਸਿੱਖੜਾ' ਸਿਧਾਂਤਕ ਤੌਰ 'ਤੇ ਅਕਾਲ ਤਖ਼ਤ ਸਾਹਿਬ ਤੋਂ ਮੁੜ ਕੌਮੀ ਅਜ਼ਾਦੀ ਦੀ ਅਵਾਜ਼ ਬੁਲੰਦ ਕਰਨ ਦਾ ਯਤਨ ਨਾ ਕਰ ਸਕੇ।

ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨਾਲ ਰੂਹਾਨੀ ਜਾਂ ਮਾਨਸਿਕ ਤੌਰ ਤੇ ਜੁੜੇ ਹੋਏ ਸਿੱਖ ਬੜੇ ਭੋਲ਼ੇ ਹਨ; ਇਸੇ ਲਈ ਹੀ ਅੱਜ ਉਹ ਸੋਨੇ ਵਿੱਚ ਜੜੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਵੇਖ ਕੇ ਖ਼ੁਸ਼ ਹੋ ਜਾਂਦੇ ਹਨ। ਉਹ ਅਕਸਰ ਕਹਿੰਦੇ ਹਨ ਕਿ ਜੂਨ 1984 ਵਿੱਚ ਭਾਰਤੀ ਫ਼ੌਜ ਨੇ ਅਕਾਲ ਤਖ਼ਤ ਸਾਹਿਬ ਢਾਹ ਦਿੱਤਾ ਸੀ, ਜੋ ਸਿੱਖਾਂ ਨੇ ਉਸ ਤੋਂ ਵੀ ਵਧੀਆ ਰੂਪ ਵਿੱਚ ਦੁਬਾਰਾ ਉਸਾਰ ਲਿਆ ਹੈ। ਸਿੱਖਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਬੇਸ਼ੱਕ ਸ੍ਰੀ

ਅਕਾਲ ਤਖ਼ਤ ਸਾਹਿਬ ਦੀ ਇਮਾਰਤ ਇਸ ਤੋਂ ਵੀ ਵਧੇਰੇ ਆਲੀਸ਼ਾਨ ਢੰਗ ਨਾਲ ਉਸਾਰ ਲਈ ਜਾਵੇ, ਦਿੱਲੀ ਤਖ਼ਤ ਇੱਕ 'ਇਮਾਰਤ' ਨੂੰ ਨਾ ਕਦੀ ਆਪਣੇ ਲਈ ਚੁਣੌਤੀ ਮੰਨਦਾ ਹੈ ਤੇ ਨਾ ਹੀ ਇਸ ਤੋਂ ਭੈਅ ਖਾਂਦਾ ਹੈ। ਦਿੱਲੀ ਤਖ਼ਤ ਦੇ ਭਾਅ ਦੀ ਤਾਂ ਕੇਵਲ ਓਦੋਂ ਹੀ ਬਣਦੀ ਹੈ, ਜਦੋਂ ਅਕਾਲ ਤਖ਼ਤ ਦੀ ਇਮਾਰਤ ਦੀ ਛਾਂਵੇਂ 'ਅਕਾਲ ਤਖ਼ਤ ਦਾ ਸਿਧਾਂਤ' ਮੌਲਣਾ ਤੇ ਵਿਗਸਣਾ ਸ਼ੁਰੂ ਹੋ ਜਾਵੇ। ਦਿੱਲੀ ਤਖ਼ਤ ਦੀ ਮਹਾਰਾਣੀ ਬਣ ਬੈਠੀ ਬ੍ਰਾਹਮਣੀ ਇੰਦਰਾ ਨੇ ਅਕਾਲ ਤਖ਼ਤ ਤੇ ਟੈਂਕ ਅਕਾਲ ਤਖ਼ਤ ਦੀ ਆਲੀਸ਼ਾਨ ਇਮਾਰਤ ਤੋਂ ਭੈ-ਭੀਤ ਹੋ ਕੇ ਨਹੀਂ ਸੀ ਚੜ੍ਹਾਏ, ਬਲਕਿ ਉਸ ਦੀ ਘਬਰਾਹਟ ਦਾ ਕਾਰਨ ਇਹ ਸੀ ਕਿ ਅਕਾਲ ਤਖ਼ਤ ਦੀ ਇਮਾਰਤ ਦੀ ਛਾਂ ਹੇਠ ਪੰਥ ਦੇ ਸ਼ੇਰ ਦਿਲ ਜਰਨੈਲ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਅਕਾਲ ਤਖ਼ਤ ਦੇ ਮੂਲ ਸਿਧਾਂਤ ਦਾ ਝੰਡਾ ਬੁਲੰਦ ਕਰ ਦਿੱਤਾ ਸੀ।

ਜਿਹੜੇ ਲੋਕ ਅੱਜ 1984 ਵਿੱਚ ਭਾਰਤੀ ਫ਼ੌਜ ਵੱਲੋਂ ਨੁਕਸਾਨੇ ਅਕਾਲ ਤਖ਼ਤ ਸਾਹਿਬ ਨੂੰ ਹੋਰ ਵੀ ਵਧੀਆ ਢੰਗ ਨਾਲ ਮੁੜ ਸਥਾਪਿਤ ਕਰ ਕੇ ਇਸ ਦੇ ਪਹਿਰੇਦਾਰ ਹੋਣ ਦੀਆਂ ਡੀਂਗਾਂ ਮਾਰਦੇ ਹਨ, ਸਿੱਖਾਂ ਨੂੰ ਚਾਹੀਦਾ ਹੈ ਕਿ ਇਹਨਾਂ ਨੂੰ ਪੁੱਛਣ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਕ ਸਰੂਪ ਨੂੰ ਸਮਰਪਿਤ 'ਖ਼ਾਲਸੇ ਦੀ ਅਜ਼ਾਦ ਹਸਤੀ' ਦਾ ਉਹ ਝੰਡਾ ਕਿੱਥੇ ਹੈ, ਜਿਸ ਨੂੰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਮੁੜ ਬੁਲੰਦ ਕੀਤਾ ਸੀ।

ਹਾਂ, ਇਸ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਕਿ ਸੰਨ 84 ਦੇ ਭਾਰਤੀ ਹਮਲੇ ਪਿੱਛੋਂ ਇਸ ਖ਼ਾਲਸਾਈ ਅਜ਼ਾਦ ਹਸਤੀ ਦੇ ਝੰਡੇ ਨੂੰ ਬੁਲੰਦੀਆਂ ਤੇ ਪਹੁੰਚਾਉਣ ਤੇ ਝੁ਼ਲਦੇ ਹੋਏ ਤੂਫ਼ਾਨਾਂ ਵਿੱਚ ਵੀ ਅਕਾਸ਼ ਗਗਨ ਤੇ ਝੂਲਦੇ ਰੱਖਣ ਵਿੱਚ ਅਣਖੀਲੀ ਸਿੱਖ ਜਵਾਨੀ ਨੇ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ। ਅਣਖੀਲੀ ਸਿੱਖ ਜਵਾਨੀ ਇਸ ਸਿਧਾਂਤ ਨੂੰ ਜਿਊਂਦਾ ਰੱਖਣ ਲਈ ਗੋ਼ਲੀਆਂ ਦੀ ਕਾਂਗ ਨਾਲ ਜਾ ਜਾ ਕੇ ਟਕਰਾਈ, ਥਾਣਿਆਂ ਅੰਦਰ ਕੀਮਾ ਕੀਮਾ ਹੋ ਕੇ ਕੱਟੀ ਗਈ ਤੇ ਆਪਣੇ ਲਹੂ ਦਾ ਇੱਕ ਇੱਕ ਤੁਪਕਾ ਇਸ ਸਿਧਾਂਤ ਤੋਂ ਨਿਛਾਵਰ ਕਰ ਗਈ, ਪਰ ਅੱਜ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਤੇ ਕਾਬਜ਼ ਜਥੇਦਾਰਾਂ ਤੇ ਅਖੌਤੀ ਲੀਡਰਾਂ ਦਾ ਇਸ ਅਣਖੀਲੀ ਜਵਾਨੀ ਪ੍ਰਤੀ ਕੀ ਨਜ਼ਰੀਆ ਹੈ, ਇਹ ਸਾਨੂੰ ਪਤਾ ਹੀ ਹੈ।

ਹਰ ਤਰ੍ਹਾਂ ਦੀ ਗ਼ੁਲਾਮੀ ਦੇ ਵਿਰੁੱਧ ਅਤੇ ਅਜ਼ਾਦੀ ਦੀ ਪ੍ਰਾਪਤੀ ਲਈ ਜੂਝਣਾ ਹੀ ਅਕਾਲ ਤਖ਼ਤ ਦੇ ਸਿਧਾਂਤ ਨੂੰ ਸਮਰਪਿਤ ਖ਼ਾਲਸੇ ਦਾ ਮੁੱਢਲਾ ਫ਼ਰਜ਼ ਹੈ। ਇਹ ਤੈਅ ਹੈ ਕਿ ਜਿਸ ਦਿਨ ਅਸੀਂ 'ਗ਼ੁਲਾਮੀ' ਰੂਪੀ ਝੋਟਾ ਮਾਰ ਲਿਆ, ਤਾਂ ਬਾਕੀ ਛੋਟੇ ਮੋਟੇ ਰੋਗ ਖ਼ੁਦ-ਬ-ਖ਼ੁਦ ਹੀ ਖ਼ਤਮ ਹੋ ਜਾਣਗੇ, ਪਰ ਝੋਟੇ ਵੱਲੋਂ ਅਵੇਸਲੇ ਹੋ ਕੇ ਸਿੱਖਾਂ ਨੂੰ ਆਪਣੀ ਤਾਕਤ ਹੋਰ ਪਾਸੇ ਨਿੱਕੇ ਨਿੱਕੇ ਅੰਦਰੂਨੀ ਮਸਲਿਆਂ ਵੱਲ ਉਲ਼ਝਾਈ ਰੱਖਣਾ ਨਾ ਹੀ ਸਿਆਣਪ ਹੈ ਤੇ ਨਾ ਹੀ ਕੋਈ ਬਹਾਦਰੀ। ਇਤਿਹਾਸ ਦੀ ਕਸਵੱਟੀ ਤੇ ਓਹੀ ਪੰਥਕ ਸ਼ਖ਼ਸੀਅਤਾਂ ਜਾਂ ਜਥੇਬੰਦੀਆਂ ਖਰੀਆਂ ਉੱਤਰ ਕੇ ਅਕਾਲ ਤਖ਼ਤ ਨੂੰ ਸਮਰਪਿਤ ਮੰਨੀਆਂ ਜਾਣਗੀਆਂ, ਜੋ ਸਿੱਖ ਪੰਥ ਦੇ ਹੱਕੀ ਸੰਘਰਸ਼ ਨੂੰ ਆਪਣੀਆਂ ਜਾਨਾਂ ਦੀ ਬਾਜ਼ੀ ਲਗਾ ਕੇ ਹਰ ਹੀਲੇ 'ਪੰਥ ਕੀ ਜੀਤ' ਦੇ ਨਿਸ਼ਾਨੇ ਤਕ ਲਿਜਾਣ ਲਈ ਕਰੜੀ ਘਾਲਣਾ ਘਾਲ ਕੇ ਵਿਖਾਉਣਗੀਆਂ। ਵਰਤਮਾਨ ਦੀ ਪੰਥਕ ਦਸ਼ਾ ਇੱਕ ਵੰਗਾਰ ਬਣ ਕੇ ਹਰ ਸਿੱਖ ਨੂੰ ਕਹਿ ਰਹੀ ਹੈ ਕਿ 'ਆਓ, ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਨੂੰ ਸਮਰਪਿਤ ਹੋ ਕੇ ਬ੍ਰਾਹਮਣੀ ਸਾਮਰਾਜ ਦੇ ਜੂਲੇ ਵਿੱਚੋਂ ਖ਼ਾਲਸੇ ਦੀ ਹੋਂਦ ਲਈ ਅਰੰਭੇ ਗਏ ਸੰਘਰਸ਼ ਨੂੰ ਹੋਰ ਅੱਗੇ ਵਧਾਈਏ।'

****

ਗੁਰਧਾਮਾਂ ਦੀ ਪਵਿੱਤਰਤਾ ਲਈ ਕੁਰਬਾਨੀ ਦਾ ਜਜ਼ਬਾ ਮਰਨਾ ਨਹੀਂ ਚਾਹੀਦਾ !

ਧਰਮ ਦੇ ਖੇਤਰ ਵਿੱਚ ਰਹਿਬਰ ਬਣ ਕੇ ਰਾਹ ਵਿਖਾਉਣ ਵਾਲ਼ੇ ਨੂੰ 'ਗੁਰੂ' ਅਤੇ ਕਿਸੇ ਸੁਚੱਜੇ ਰਹਿਬਰ ਦਾ ਲੜ ਫੜ ਕੇ ਉਸ ਦੇ ਦਰਸਾਏ ਰਾਹ 'ਤੇ ਤੁਰਨ ਵਾਲ਼ੇ ਲੋਕਾਂ ਨੂੰ 'ਸਿੱਖ' ਕਿਹਾ ਜਾਂਦਾ ਹੈ। ਗੁਰਮਤਿ ਵਿਚਾਰਧਾਰਾ ਦੇ ਮਾਰਗ 'ਤੇ ਤੁਰੇ ਕਾਫ਼ਲੇ ਵਿੱਚ 'ਗੁਰੂ' ਅਤੇ 'ਸਿੱਖ' ਦਾ ਇਹ ਰਿਸ਼ਤਾ ਏਨਾ ਪਰਵਾਨ ਚੜ੍ਹਿਆ ਕਿ ਗੁਰਮਤਿ ਵਿਚਾਰਧਾਰਾ ਦੇ ਪਾਂਧੀ ਕਾਫ਼ਲੇ ਦੇ ਹਰ ਸਖ਼ਸ਼ ਨੂੰ 'ਸਿੱਖ' ਹੀ ਕਿਹਾ ਜਾਣ ਲੱਗਾ। ਦੂਜੇ ਪਾਸੇ ਸਿੱਖਾਂ ਦੀ ਗੁਰੂ ਪ੍ਰਤੀ ਇਸ ਅਪਾਰ ਸ਼ਰਧਾ ਦੇ ਕਾਰਨ ਹੀ ਸਿੱਖਾਂ ਦੇ ਇੱਕ ਥਾਂ ਜੁੜ ਕੇ ਅਕਾਲ ਪੁਰਖ ਦੀ ਕੀਰਤੀ ਕਰਨ ਵਾਲ਼ੇ ਸਥਾਨ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ 'ਧਰਮਸਾਲ' ਦਾ ਨਾਂ ਦਿੱਤਾ ਸੀ, ਸਿੱਖਾਂ ਨੇ ਉਸ ਨੂੰ 'ਗੁਰਦੁਆਰਾ' ਭਾਵ ਗੁਰੂ ਘਰ, ਗੁਰੂ ਦਾ ਦਰ ਜਾਂ ਗੁਰੂ ਵੱਲੋਂ ਵਿਖਾਇਆ ਦਰ ਦਾ ਨਾਮ ਦੇ ਦਿੱਤਾ। ਇਸ ਤੋਂ ਇਲਾਵਾ ਇਸ ਸਿੱਖ ਸ਼ਰਧਾ ਨੇ ਜਿਸ ਥਾਂ 'ਤੇ ਵੀ ਆਪਣੇ ਪਿਆਰੇ ਗੁਰੂ ਸਾਹਿਬ ਦੀ ਕੋਈ ਯਾਦ ਜੁੜੀ ਹੋਈ ਸੀ, ਉਸ ਨੂੰ ਗੁਰਦੁਆਰੇ ਦਾ ਰੂਪ ਦੇਣਾ ਅਰੰਭ ਕਰ ਦਿੱਤਾ, ਇਸ ਦੀ ਗਵਾਹੀ ਭਾਈ ਗੁਰਦਾਸ ਜੀ ਵੀ ਦਿੰਦੇ ਹਨ:

ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥

(ਵਾਰ ੧:੨੭)

ਸਿੱਖ ਅਖਵਾਉਣ ਵਾਲ਼ਿਆਂ ਦੀ ਆਪਣੇ ਗੁਰੂ ਸਾਹਿਬਾਨ ਪ੍ਰਤੀ ਇਹ ਸ਼ਰਧਾ ਏਨੀ ਪ੍ਰਪੱਕ ਹੈ ਕਿ ਲੋਕ ਹੈਰਾਨ ਹੁੰਦੇ ਹਨ ਕਿ ਗੁਰੂ ਸਾਹਿਬਾਨ ਦੀ ਬਖ਼ਸ਼ੀ ਗੁਰਮਤਿ ਵਿਚਾਰਧਾਰਾ ਤੋਂ ਬਿਲਕੁਲ ਅਨਜਾਣ ਹੋਣ ਦੇ ਬਾਵਜੂਦ ਵੀ ਗੁਰੂ ਨਾਨਕ ਨਾਮ ਲੇਵਾ ਸਮੂਹ ਸਿੱਖ ਆਪਣੇ ਪਵਿੱਤਰ ਗੁਰਧਾਮਾਂ ਦੇ ਅਦਬ ਸਤਕਾਰ ਨੂੰ ਦਰਪੇਸ਼ ਕਿਸੇ ਵੀ ਮਸਲੇ 'ਤੇ ਹੈਰਾਨੀਜਨਕ ਢੰਗ ਨਾਲ਼ ਉੱਠ ਖਲੋਂਦੇ ਹਨ ਤੇ ਪਾਵਨ ਗੁਰਧਾਮਾਂ ਦੀ ਪਵਿੱਤਰਤਾ ਕਾਇਮ ਰੱਖਣ ਲਈ ਕੋਈ ਵੱਡੀ ਤੋਂ ਵੱਡੀ ਕੁਰਬਾਨੀ ਕਰਨੋਂ ਵੀ ਸੰਕੋਚ ਨਹੀਂ ਕਰਦੇ। ਜਿਸ ਨੇ ਵੀ ਸਿੱਖਾਂ ਦਾ ਇਤਿਹਾਸ ਪੜ੍ਹਿਆ ਹੈ, ਉਹ ਜਾਣਦੇ ਹਨ ਕਿ ਹਰ ਇੱਕ ਸਿੱਖ ਆਪਣੇ ਗੁਰਧਾਮਾਂ ਪ੍ਰਤੀ ਓਨੀ ਹੀ ਖਿੱਚ ਰੱਖਦਾ ਹੈ ਜਿੰਨੀ ਕਿ ਪਤੰਗੇ ਦੀ ਸ਼ਮ੍ਹਾ ਪ੍ਰਤੀ ਖਿੱਚ ਦਰਸਾਈ ਜਾਂਦੀ ਹੈ।

ਇਹੀ ਕਾਰਨ ਹੈ ਕਿ ਸਿੱਖ ਕੌਮ ਦਾ ਖੁਰਾ-ਖੋਜ ਮਿਟਾ ਕੇ ਬੇਪਰਵਾਹੀ ਨਾਲ਼ ਰਾਜ ਕਰਨ ਦੀਆਂ ਚਾਹਵਾਨ ਜਾਬਰ ਹਕੂਮਤਾਂ ਨੇ ਸਿੱਖਾਂ ਦੇ ਪਾਵਨ ਗੁਰਧਾਮਾਂ ਨੂੰ 'ਸਿੱਖ ਤਾਕਤ' ਦੇ ਮੂਲ ਸੋਮੇ ਸਮਝਿਆ ਹੈ ਤੇ ਸਮੇਂ ਸਮੇਂ 'ਤੇ ਸਿੱਖਾਂ ਨੂੰ ਗੁਰਧਾਮਾਂ ਨਾਲ਼ੋਂ ਤੋੜਨ ਦੇ ਯਤਨ ਵੀ ਕੀਤੇ ਹਨ, ਪਰ ਹਰ ਇੱਕ ਹਕੂਮਤ ਦੇ ਅਜਿਹੇ ਕੋਝੇ ਜਤਨ ਉਸ ਦੇ ਆਪਣੇ ਪੈਰਾਂ 'ਤੇ ਕੁਹਾੜਾ ਸਾਬਤ ਹੋਏ। ਸਿੱਖਾਂ ਨੇ ਆਪਣੇ ਗੁਰਧਾਮਾਂ ਰਾਹੀਂ ਹੀ ਆਪਣੇ ਲਹੂ ਭਿੱਜੇ ਇਤਿਹਾਸ ਨਾਲ਼ ਜੁੜ ਕੇ ਹਰ ਜਾਬਰ ਤਾਕਤ ਦਾ ਮੂੰਹ ਭੰਨਿਆ ਹੈ।

ਜਿੱਥੋਂ ਤਕ ਮੁਗ਼ਲ ਹਕੂਮਤ ਦਾ ਸਵਾਲ ਸੀ, ਉਸ ਨੇ ਸਿੱਖਾਂ ਨੂੰ ਆਪਣੀ ਜਾਬਰ ਨੀਤੀ ਵਿਰੋਧੀ ਪ੍ਰਮੁੱਖ ਬਾਗ਼ੀ ਤਾਕਤ ਤਾਂ ਸਿੱਖ ਲਹਿਰ ਦੇ ਜੁਝਾਰੂ ਹੋਣ ਦੇ ਅਰੰਭ ਵਿੱਚ ਹੀ ਪ੍ਰਵਾਨ ਕਰ ਲਿਆ ਸੀ, ਪਰ ਇਸ ਤਾਕਤ ਦਾ ਮੂਲ ਸੋਮਾ ਸਿੱਖਾਂ ਦੇ ਗੁਰਧਾਮ ਹਨ, ਇਹ ਅੰਦਾਜ਼ਾ ਉਹਨਾਂ ਦੀ ਬੜੀ ਸੰਘਰਸ਼ਪੂਰਨ ਖੋਜ ਵਿੱਚੋਂ ਨਿਕਲ਼ਿਆ। ਇਹੀ ਕਾਰਨ ਸੀ ਕਿ ਸਿੱਖਾਂ ਨੂੰ ਦਬਾਉਣ ਜਾਂ ਖ਼ਤਮ ਕਰਨ ਲਈ ਹਕੂਮਤ ਜਿਉਂ ਹੀ ਆਪਣੇ ਜਬਰ ਦਾ ਕੁਹਾੜਾ ਤੇਜ਼ ਕਰਦੀ, ਤਾਂ ਉਸ ਦਾ ਪਹਿਲਾ ਵਾਰ ਸਿੱਖਾਂ ਦੇ ਪਾਵਨ ਗੁਰਧਾਮਾਂ ਉੱਪਰ ਹੀ ਹੁੰਦਾ। ਫਿਰ ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਮੁਗ਼ਲ ਹਾਕਮਾਂ ਵੱਲੋਂ ਸਿੱਖਾਂ ਨੂੰ ਈਨ ਮਨਾਉਣ, ਝੁਕਾਉਣ, ਦਬਾਉਣ ਤੇ ਅਖ਼ੀਰ ਮਿਟਾਉਣ ਵਿੱਚ ਵੀ ਪੂਰਾ ਜ਼ੋਰ ਲਾਉਣ ਪਿੱਛੋਂ ਅਸਫਲ ਰਹਿਣ 'ਤੇ ਕਾਜ਼ੀਆਂ ਨੂੰ ਇਸ ਦਾ ਕਾਰਨ ਪੁੱਛਿਆ ਜਾਣ ਲੱਗਾ। ਕਾਜ਼ੀਆਂ ਨੇ ਇਸ ਦਾ ਕਾਰਨ ਵੀ ਇਹੀ ਦੱਸਿਆ ਕਿ ਸਿੱਖਾਂ ਦੇ ਗੁਰੂ ਨੇ ਇਹਨਾਂ ਦੇ ਅੰਮ੍ਰਿਤਸਰ ਵਿਚਲੇ ਤਾਲ (ਦਰਬਾਰ ਸਾਹਿਬ ਵਿਚਲੇ ਪਵਿੱਤਰ ਸਰੋਵਰ) ਵਿੱਚ ਆਬੇ-ਹਯਾਤ ਮਿਲਾ ਦਿੱਤਾ ਹੈ, ਜਿਸ ਵਿੱਚ ਨਹਾ ਕੇ ਸਿੱਖ ਅਮਰ ਹੋ ਜਾਂਦੇ ਹਨ ਤੇ ਫਿਰ ਮੌਤੋਂ ਨਹੀਂ ਡਰਦੇ। ਇਸ ਪਿੱਛੋਂ ਸਿੱਖਾਂ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਦਰਬਾਰ ਸਾਹਿਬ ਉੱਪਰ ਫ਼ੌਜੀ ਪਹਿਰੇ ਲਾਏ ਗਏ ਤੇ ਸਿੱਖਾਂ ਦੇ ਸਰੋਵਰ ਵਿੱਚ ਇਸ਼ਨਾਨ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ।

ਸ਼ਮ੍ਹਾਂ 'ਤੇ ਲੱਗੇ ਹੋਏ ਪਹਿਰੇ ਪਤੰਗਿਆਂ ਦਾ ਰਾਹ ਨਹੀਂ ਰੋਕ ਸਕਦੇ। ਇਤਿਹਾਸ ਗਵਾਹੀ ਦਿੰਦਾ ਹੈ ਕਿ ਇਸ ਹਾਲਤ ਵਿੱਚ ਵੀ ਸਿੱਖ ਮਰਦ ਅਤੇ ਬੀਬੀਆਂ ਘੋੜਿਆਂ 'ਤੇ ਚੜ੍ਹ ਕੇ ਆਉਂਦੇ, ਪਹਿਰੇਦਾਰਾਂ ਦੀਆਂ ਪਿਕਟਾਂ ਨੂੰ ਚੀਰ ਕੇ ਅੰਦਰ ਜਾ ਵੜਦੇ ਤੇ ਸਰੋਵਰ ਵਿੱਚ ਟੁੱਭੀ ਲਾ ਕੇ ਹਰਨ ਹੋ ਜਾਂਦੇ। ਵਰ੍ਹਦੀਆਂ ਗੋਲ਼ੀਆਂ ਵਿੱਚ ਆਪਣੇ ਗੁਰੂ ਦੇ ਇਸ ਪਵਿੱਤਰ ਸਰੋਵਰ ਵਿੱਚ ਚੁੱਭੀ ਲਾਉਣ ਦੀ ਕੀਮਤ 'ਤੇ ਕਈ ਮਰਜੀਵੜੇ ਸਿੰਘ, ਮੁਗ਼ਲ ਫ਼ੌਜੀਆਂ ਦੀਆਂ ਗੋਲ਼ੀਆਂ ਦਾ ਨਿਸ਼ਾਨਾ ਵੀ ਬਣ ਜਾਂਦੇ, ਪਰ ਆਪਣੇ



ਪਾਵਨ ਸਰੋਵਰ 'ਚ ਟੁੱਭੀ ਲਾਉਣ ਦੀ ਖਿੱਚ ਅਧੀਨ ਹੱਸ ਕੇ ਜਾਨ ਦੀ ਕੀਮਤ 'ਤਾਰਦੇ ਰਹੇ ਸਿੰਘ

ਪਾਵਨ ਗੁਰਧਾਮਾਂ ਨਾਲ਼ ਆਪਣੇ ਰਿਸ਼ਤੇ ਨੂੰ ਕਾਇਮ ਰੱਖਣ ਲਈ ਉਹਨਾਂ ਵਾਸਤੇ ਇਹ ਕੁਰਬਾਨੀ ਇੱਕ ਨਿਗੂਣੀ ਜਿਹੀ ਕੀਮਤ ਹੋਇਆ ਕਰਦੀ ਸੀ, ਜਿਸ ਨੂੰ ਉਹ ਹੱਸ-ਹੱਸ ਕੇ ਤਾਰਦੇ ਸਨ।

ਇਤਿਹਾਸ ਬਣ ਚੁਕੇ ਇਸ ਸਿੱਖ ਸੰਘਰਸ਼ ਨੂੰ ਮੁੱਖ ਰੱਖਦੇ ਹੀ ਇੱਕ ਵਿਦਵਾਨ ਨੇ ਅੱਜ ਦੇ ਸਿੱਖਾਂ ਨੂੰ ਸੁਚੇਤ ਕਰਦੇ ਹੋਏ ਲਿਖਿਆ ਹੈ ਕਿ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਤੁਰਦੇ ਹੋਏ ਇਹ ਖਿਆਲ ਰੱਖਣਾ ਕਿ ਇਸ ਦੀ ਇੱਕ ਇੱਕ ਇੱਟ ਹੇਠ ਪਤਾ ਨਹੀਂ ਕਿੰਨੇ ਕਿੰਨੇ ਸ਼ਹੀਦ ਸਿੰਘਾਂ ਦੇ ਸਿਰ ਲੱਗੇ ਹੋਏ ਹਨ। ਇਤਿਹਾਸ ਇਹ ਵੀ ਗਵਾਹੀ ਦਿੰਦਾ ਹੈ ਕਿ ਸਿੱਖਾਂ ਦੇ ਖ਼ਾਤਮੇ ਜਾਂ ਉਹਨਾਂ 'ਚੋਂ ਕੁਰਬਾਨੀ ਦਾ ਜਜ਼ਬਾ ਖ਼ਤਮ ਕਰਨ ਲਈ ਹਕੂਮਤਾਂ ਨੇ ਆਪਣੇ ਨਾਪਾਕ ਪੈਰ ਜਿਉਂ ਹੀ ਸਿੱਖਾਂ ਦੇ ਪਾਵਨ ਗੁਰਧਾਮਾਂ ਵਿੱਚ ਧਰੇ, ਤਾਂ ਉਹ ਸਿੱਖਾਂ ਵਿੱਚੋਂ ਸਿੱਖੀ ਸਪਿਰਿਟ ਖ਼ਤਮ ਕਰਨ ਦੀ ਬਜਾਏ, ਹਕੂਮਤ ਵਿਰੁੱਧ ਸਿੱਖ ਰੋਹ ਨੂੰ ਹੋਰ ਵਧੇਰੇ ਭੜਕਾਉਣ ਦਾ ਕਾਰਨ ਬਣੇ। ਇਸ ਭੜਕੇ ਸਿੱਖ ਰੋਹ ਦੇ ਹੜ੍ਹ ਨੂੰ ਠੱਲ੍ਹਣਾ ਹਕੂਮਤਾਂ ਲਈ ਹਮੇਸ਼ਾ ਹੀ ਅਸੰਭਵ ਰਿਹਾ ਹੈ। ਇਸ ਹੜ੍ਹ ਦੀਆਂ ਛੱਲਾਂ ਵੱਡੀਆਂ ਵੱਡੀਆਂ ਚਟਾਨਾਂ ਨੂੰ ਰੋੜ੍ਹ ਕੇ ਨਰਕ ਵੱਲ ਠੇਲ੍ਹਦੀਆਂ ਰਹੀਆਂ ਹਨ। ਜੇਕਰ ਮੁਗ਼ਲ ਹਕੂਮਤ ਨੇ ਦਰਬਾਰ ਸਾਹਿਬ ਵਿੱਚ ਕੰਜਰੀਆਂ ਦੇ ਨਾਚ ਕਰਵਾਉਣ ਦੀ ਕੋਝੀ ਹਰਕਤ ਕੀਤੀ ਤਾਂ ਇਸ ਸਿੱਖ ਰੋਹ ਦੇ ਹੜ੍ਹ ਦੀਆਂ ਛੱਲਾਂ ਭਾਈ ਸੁੱਖਾ ਸਿੰਘ- ਭਾਈ ਮਹਿਤਾਬ ਸਿੰਘ ਦੇ ਰੂਪ ਵਿੱਚ ਆਈਆਂ, ਜੇਕਰ ਦੁਰਾਨੀਆਂ ਨੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਦਾ ਜਤਨ ਕੀਤਾ ਤੇ ਇਹ ਛੱਲਾਂ ਬਾਬਾ ਦੀਪ ਸਿੰਘ ਦੇ ਰੂਪ ਵਿੱਚ ਪ੍ਰਗਟ ਹੋਈਆਂ ਤੇ ਜੇਕਰ ਅਬਦਾਲੀ ਨੇ ਦਰਬਾਰ ਸਾਹਿਬ ਨੂੰ ਬਾਰੂਦ ਨਾਲ਼ ਉਡਾਉਣ ਦਾ ਜਤਨ ਕੀਤਾ ਤਾਂ ਇਸ ਸਿੱਖ ਰੋਹ ਦੀਆਂ ਲਹਿਰਾਂ ਸ. ਜੱਸਾ ਸਿੰਘ ਆਹਲੂਵਾਲੀਏ ਦੇ ਰੂਪ ਵਿੱਚ ਅੱਗੇ ਵਧੀਆਂ ਤੇ ਦੁਰਾਨੀਆਂ ਨੂੰ ਪੰਜਾਬ ਦੀ ਧਰਤੀ ਤੋਂ ਹੀ ਬਾਹਰ ਤਕ ਧੱਕ ਕੇ ਲੈ ਗਈਆਂ। ਇੰਦਰਾ ਗਾਂਧੀ ਦੀ ਹਕੂਮਤ ਵੱਲੋਂ ਜੂਨ 1984 ਵਿੱਚ ਦਰਬਾਰ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੇ ਪ੍ਰਤੀਕਰਮ ਵਿੱਚ ਉੱਠੀ ਸਿੱਖ ਲਹਿਰ ਦੀਆਂ ਭਾਈ ਬੇਅੰਤ ਸਿੰਘ-ਭਾਈ ਸਤਵੰਤ ਸਿੰਘ ਜਾਂ ਜਿੰਦੇ-ਸੁੱਖੇ ਤੇ ਹੋਰ ਸਿੱਖ ਯੋਧਿਆਂ ਰੂਪੀ ਛੱਲਾਂ ਦਿੱਲੀ ਤਖ਼ਤ ਦੇ ਕਿੰਨੇ ਕਿੰਨੇ ਵੱਡੇ ਥੰਮ੍ਹ ਰੋੜ੍ਹ ਕੇ ਲੈ ਗਈਆਂ, ਇਹ ਤਾਂ ਸਾਡੇ ਸਾਰਿਆਂ ਦੇ ਅੱਖੀਂ ਵੇਖੀਆਂ ਕਹਾਣੀਆਂ ਹਨ।

ਜਦੋਂ ਪੰਜਾਬ ਵਿੱਚੋਂ ਸਿੱਖਾਂ ਨੇ ਮੁਗ਼ਲ ਸਲਤਨਤ ਦਾ ਭੋਗ ਪਾ ਕੇ ਖ਼ਾਲਸਾ ਰਾਜ ਕਾਇਮ ਕੀਤਾ ਤਾਂ ਗੁਰਦੁਆਰਿਆਂ ਨੂੰ ਹਕੂਮਤੀ ਦਖ਼ਲ ਤੋਂ ਅਜ਼ਾਦ ਰੱਖਣ ਹਿੱਤ ਵਿਸ਼ੇਸ਼ ਜਤਨ ਕੀਤੇ ਗਏ। ਇਸ ਲਈ ਇਤਿਹਾਸਕ ਗੁਰਦੁਆਰਿਆਂ ਨਾਲ਼ ਜਾਇਦਾਦਾਂ ਤਾਂ ਕਾਫ਼ੀ ਲਾਈਆਂ ਗਈਆਂ ਪਰ ਪ੍ਰਬੰਧ ਵਿੱਚ ਦਖ਼ਲ-ਅੰਦਾਜ਼ੀ ਕਰਨੀ ਗ਼ੈਰ ਜ਼ਰੂਰੀ ਸਮਝੀ ਗਈ। ਇਸ ਦਾ ਸਿੱਟਾ ਇਹ ਨਿਕਲ਼ਿਆ ਕਿ ਸਿੱਖ ਖ਼ੁਦ ਤਾਂ ਰਾਜ-ਕਾਜ ਦੇ ਕੰਮਾਂ ਵਿੱਚ ਰੁੱਝੇ ਰਹੇ, ਤੇ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਆਦਿ ਦੇ ਹੱਥਾਂ ਵਿੱਚ ਹੀ ਰਿਹਾ ਜੋ ਕਿ ਮੁਗ਼ਲ ਕਾਲ ਵਿੱਚ ਸਿੰਘਾਂ ਦੇ ਰੂਪੋਸ਼ ਹੋਣ ਕਾਰਨ ਕਈ ਥਾਂਵਾਂ 'ਤੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲ਼ਦੇ ਸਨ। ਸਮੇਂ ਸਮੇਂ ਦੀਆਂ ਸਰਕਾਰਾਂ ਨਾਲ਼ ਮਿਲਵਰਤਣ ਰੱਖਣ ਦੀ ਇਹਨਾਂ ਮਹੰਤਾਂ ਦੀ ਨੀਤੀ ਨੂੰ ਸਿੱਖਾਂ ਨੇ ਮੁਗ਼ਲ ਕਾਲ ਵਿੱਚ ਗੁਰਧਾਮਾਂ ਦੀ ਸਾਂਭ ਸੰਭਾਲ ਹਿੱਤ ਅਣਗੌਲੀ ਕਰੀ ਰੱਖਿਆ ਸੀ। ਸਿੱਖ ਰਾਜ ਵੇਲ਼ੇ ਇਹਨਾਂ ਮਹੰਤਾਂ ਨੇ ਪੂਰੇ ਈਮਾਨਦਾਰ ਬਣ ਕੇ ਵਿਖਾਉਣ ਦਾ ਯਤਨ ਕੀਤਾ, ਜਿਸ ਕਾਰਨ ਇਹ ਪੁਜਾਰੀ ਮਹੰਤ, ਮੁਗ਼ਲ ਤੇ ਸਿੱਖ ਹਕੂਮਤ ਸਮੇਂ ਮਹੱਤਵਹੀਣ ਹੀ ਵਿਚਰਦੇ ਰਹੇ। ਪਰ ਬਿਨਾਂ ਕੋਈ ਕਿਰਤ ਕੀਤੇ ਵਿਹਲੀਆਂ ਖਾਣ ਵਾਲ਼ੀ ਇਹ ਸ਼੍ਰੇਣੀ ਓਦੋਂ ਅਚਾਨਕ ਹੀ ਮਹੱਤਵਪੂਰਨ ਹੋ ਗਈ, ਜਦੋਂ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਆਪਣੀ ਦਿਮਾਗੀ ਤਾਕਤ 'ਤੇ ਵਧੇਰੇ



ਸ਼ਹੀਦੀ ਸਾਕਾ ਨਨਕਾਣਾ ਸਾਹਿਬ

ਨਿਰਭਰ ਚਲਾਕ ਅੰਗਰੇਜ਼ ਨੇ ਪੰਜਾਬ ਆਉਂਦਿਆਂ ਹੀ ਸਿੱਖਾਂ ਦੀ ਤਾਕਤ ਦੇ ਮੂਲ ਸੋਮਿਆਂ ਦੀ ਨਿਸ਼ਾਨਦੇਹੀ ਕਰਦਿਆਂ ਸਿੱਖਾਂ ਨੂੰ ਗੁਰਧਾਮਾਂ ਨਾਲ਼ੋਂ ਤੋੜਨ ਲਈ ਮਹੰਤ ਸ਼੍ਰੇਣੀ ਨੂੰ ਸ਼ਹਿ ਦੇਣੀ ਅਰੰਭ ਕਰ ਦਿੱਤੀ।

ਭਾਵੇਂ ਕਿ ਸਿੱਖਾਂ ਨੂੰ ਕਮਜ਼ੋਰ ਕਰਨ ਲਈ ਇਹਨਾਂ ਦੇ ਪਾਵਨ ਗੁਰਧਾਮਾਂ ਨੂੰ ਆਪਣੇ ਕਬਜ਼ੇ ਵਿੱਚ ਰੱਖਣ ਦੀ ਸੋਚ ਅਨੁਸਾਰ ਅੰਗਰੇਜ਼ ਹਕੂਮਤ, ਮੁਗ਼ਲ ਹਕੂਮਤ ਦੀਆਂ ਪੈੜਾਂ 'ਤੇ ਹੀ ਚੱਲ ਰਹੀ ਸੀ, ਪਰ ਇਹ ਇਸ ਖੇਤਰ ਵਿੱਚ ਸਰੀਰਿਕ ਤਾਕਤ ਨੂੰ ਵਰਤਣ ਦੀ ਬਜਾਏ ਦਿਮਾਗ਼ੀ ਤਾਕਤ 'ਤੇ ਵਧੇਰੇ ਜ਼ੋਰ ਦੇ ਰਹੀ ਸੀ। ਉਸ ਨੇ ਅਤੀਤ ਵਿੱਚ ਝਾਕ ਕੇ ਇਹ ਚੰਗੀ ਤਰ੍ਹਾਂ ਸਮਝ ਲਿਆ ਸੀ ਕਿ ਸਿੱਧੇ ਰੂਪ ਵਿੱਚ ਗੁਰਧਾਮਾਂ 'ਤੇ ਕਬਜ਼ਾ ਕਰਨ ਦੇ ਉਲ਼ਟ ਨਤੀਜੇ ਨਿਕਲ਼ਦੇ ਹਨ; ਇਸੇ ਲਈ ਉਹ ਮਹੰਤਾਂ ਤੇ ਪੁਜਾਰੀਆਂ ਦੇ ਰਾਹੀਂ ਸਿੱਖ ਗੁਰਧਾਮਾਂ ਉੱਪਰ ਆਪਣਾ ਕੰਟਰੋਲ ਰੱਖਣ ਦੀ ਨੀਤੀ 'ਤੇ ਚੱਲ ਰਹੀ ਸੀ, ਪਰ ਉਸ ਦੇ ਮੰਦੇ ਭਾਗਾਂ ਨੂੰ ਸਰਕਾਰੀ ਥਾਪੜੇ ਨੇ ਮਹੰਤਾਂ ਅਤੇ ਪੁਜਾਰੀਆਂ ਦੇ ਦਿਮਾਗ਼ ਇਸ ਕਦਰ ਵਿਗਾੜ ਦਿੱਤੇ ਕਿ ਉਹਨਾਂ ਨੇ ਪਾਵਨ ਗੁਰਧਾਮਾਂ ਨੂੰ ਆਪਣੀ ਜਗੀਰ ਸਮਝ ਕੇ ਇਹਨਾਂ ਅੰਦਰ ਕਈ ਤਰ੍ਹਾਂ ਦੇ ਕੁਕਰਮ ਕਰਨੇ ਅਰੰਭ ਕਰ ਦਿੱਤੇ, ਜਿਸ ਕਾਰਨ ਸਿੱਖਾਂ ਵਿੱਚ ਬੇਚੈਨੀ ਫੈਲਣ ਲੱਗੀ; ਇਸੇ ਹੀ ਬੇਚੈਨੀ ਦਾ ਲਾਵਾ ਮਗਰੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਰੂਪ ਵਿੱਚ ਫੁੱਟਿਆ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਗੁਰਦੁਆਰਿਆਂ ਪ੍ਰਤੀ ਸਿੱਖ ਜਜ਼ਬਿਆਂ ਦਾ ਜਿਊਂਦਾ-ਜਾਗਦਾ ਇਤਿਹਾਸ ਹੈ। ਪਾਵਨ ਗੁਰਧਾਮਾਂ ਦੇ ਅੰਦਰੋਂ ਮਹੰਤਾਂ ਤੇ ਪੁਜਾਰੀਆਂ ਦੇ ਮਾੜੇ ਪ੍ਰਬੰਧ ਤੇ ਕੁਕਰਮਾਂ ਦੀ ਗੰਦਗੀ ਹੂੰਝਣ ਲਈ ਬੇਸ਼ੱਕ ਸਿੱਖਾਂ ਨੂੰ ਆਪਣੇ ਲਹੂ ਦੀਆਂ ਨਦੀਆਂ ਵਹਾਉਣੀਆਂ ਪਈਆਂ, ਪਰ ਗੁਰਧਾਮਾਂ ਦੀ ਸਫ਼ਾਈ ਲਈ ਲਹੂ ਦੀ ਲੋੜ ਪੂਰਤੀ ਲਈ ਸਿੱਖ ਜਿਵੇਂ ਪਤੰਗਿਆਂ ਵਾਂਗ ਉਮੜ-ਉਮੜ ਕੇ ਆਉਂਦੇ ਰਹੇ, ਉਹ ਗਾਥਾ ਸਿੱਖ ਮਾਨਸਿਕਤਾ ਵਿੱਚ ਗੁਰਧਾਮਾਂ ਦੇ ਸਤਿਕਾਰ ਨੂੰ ਦਰਸਾਉਣ ਲਈ ਕਾਫ਼ੀ ਹੈ। ਅੰਗਰੇਜ਼ ਹਾਕਮ ਇਹ ਹਕੀਕਤ ਚੰਗੀ ਤਰ੍ਹਾਂ ਸਮਝਦੇ ਸਨ ਕਿ ਪਾਵਨ ਗੁਰਧਾਮਾਂ ਦੀ ਅਜ਼ਾਦੀ ਲਈ ਉਮੜਿਆ ਇਹ ਸਿੱਖ ਜਜ਼ਬਾ ਗੁਰਧਾਮਾਂ ਦੀ ਮੁਕਤੀ 'ਤੇ ਹੀ ਨਹੀਂ ਰੁਕੇਗਾ, ਬਲਕਿ ਦੇਸ਼ ਦੀ ਅਜ਼ਾਦੀ ਦੀ ਲੜਾਈ ਦੀਆਂ ਜਿੱਤਾਂ ਵੱਲ ਪੇਸ਼ਕਦਮੀ ਸਾਬਤ ਹੋਵੇਗਾ। ਪੰਜਾਬ ਦੇ ਲੈਫਟੀਨੈਂਟ ਗਵਰਨਰ ਇਜਰਟਨ ਵੱਲੋਂ 'ਲਾਰਡ ਰਿਪਨ' ਨੂੰ ਸੰਨ 1881 ਵਿੱਚ ਲਿਖੀ ਇਹ ਚਿੱਠੀ ਇਸ ਦਾ ਸਪਸ਼ਟ ਪ੍ਰਮਾਣ ਹੈ ਕਿ ਇਹ ਤੌਖਲਾ ਅੰਗਰੇਜ਼ ਮਾਨਸਿਕਤਾ ਵਿੱਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਰੰਭ ਹੋਣ ਤੋਂ ਪਹਿਲਾਂ ਹੀ

ਉਸਲਵੱਟੇ ਲੈ ਰਿਹਾ ਸੀ:

"ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਅਜਿਹੀ ਕਮੇਟੀ ਦੇ ਹੱਥਾਂ ਵਿੱਚ ਜਾਣ ਦੇਣ ਦੀ ਆਗਿਆ ਦੇਣਾ ਜਿਹੜੀ ਗੌਰਮਿੰਟ ਦੇ ਕੰਟਰੋਲ ਤੋਂ ਅਜ਼ਾਦ ਹੋ ਚੁੱਕੀ ਹੋਵੇ, 'ਰਾਜਸੀ ਤੌਰ ਤੇ' ਖ਼ਤਰਨਾਕ ਹੋਵੇਗਾ। ਮੈਂ ਭਰੋਸਾ ਕਰਦਾ ਹਾਂ ਕਿ ਸ੍ਰੀ ਹਜ਼ੂਰ ਇਸ ਮਾਮਲੇ ਵਿੱਚ ਅਜਿਹੇ ਹੁਕਮ ਜਾਰੀ ਕਰਨ ਵਿੱਚ ਸਹਾਈ ਹੋਣਗੇ ਜਿਹੜੇ ਕਿ ਉਸ ਸਿਸਟਮ ਨੂੰ ਜਾਰੀ ਰੱਖਣ ਦੇ ਯੋਗ ਬਣਾਨ ਜਿਹੜਾ ਪਿਛਲੇ ਤੀਹਾਂ ਸਾਲਾਂ ਦੇ ਵੱਧ ਅਰਸੇ ਤੋਂ ਸਫਲਤਾ ਨਾਲ਼ ਅਮਲ ਵਿੱਚ ਆ ਰਿਹਾ ਹੈ।"

(ਅਕਾਲੀ ਮੋਰਚਿਆਂ ਦਾ ਇਤਿਹਾਸ, ਸੋਹਣ ਸਿੰਘ ਜੋਸ਼, ਪੰਨਾ 27)

ਪਰ ਇਤਿਹਾਸ ਦੀ ਗਵਾਹੀ ਅਨੁਸਾਰ ਅੰਗਰੇਜ਼ ਹਕੂਮਤ ਦੇ ਤਮਾਮ ਯਤਨ ਵੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਜੋਂ ਉੱਠੀ ਸਿੱਖ ਚੇਤਨਾ ਦੇ ਅਜ਼ਾਦੀ ਵੱਲ ਵਧ ਰਹੇ ਕਦਮ ਨਾ ਰੋਕ ਸਕੇ। ਜਦੋਂ ਅੰਗਰੇਜ਼ਾਂ ਨੂੰ ਹੋਰ ਸਾਰੇ ਹੀਲੇ ਨਾਕਾਮ ਹੁੰਦੇ ਦਿਸੇ ਤਾਂ ਸਿੱਖਾਂ ਦੇ ਕਦਮਾਂ ਦੀ ਦਿਸ਼ਾ ਭਟਕਾਉਣ ਲਈ 'ਇੰਡੀਅਨ ਨੈਸ਼ਨਲ ਕਾਂਗਰਸ' ਦੀ ਸਹਾਇਤਾ ਲਈ ਗਈ, ਜੋ ਅੰਗਰੇਜ਼ਾਂ ਨਾਲ਼ ਮਿਲ਼ ਕੇ ਚੱਲ ਰਹੀ ਸੀ। ਇਸ ਦੀ ਗਵਾਹੀ ਉਸ ਇਤਿਹਾਸਕ ਘਟਨਾ ਵਿੱਚੋਂ ਮਿਲ਼ਦੀ ਹੈ, ਜਦੋਂ ਸੰਨ 1920 ਵਿੱਚ ਗੁਰਦੁਆਰਾ ਪੰਜਾ ਸਾਹਿਬ ਨੂੰ ਅਜ਼ਾਦ ਕਰਵਾਉਣ ਤੁਰੇ ਸਿੱਖ ਜਥੇ ਨੂੰ ਭਾਈ ਅਮਰ ਸਿੰਘ ਝਬਾਲ ਰਾਹੀਂ ਇਹ ਸੁਨੇਹਾ ਪਹੁੰਚਾਇਆ ਗਿਆ:

"ਤੁਸੀਂ ਜਥਾ ਲੈ ਕੇ ਨਾ ਜਾਓ। ਗਾਂਧੀ ਜੀ ਆਖਦੇ ਹਨ ਕਿ 31 ਦਸੰਬਰ ਨੂੰ ਸਵਰਾਜ ਹੋ ਜਾਣਾ ਹੈ। ਗੁਰਦੁਆਰਿਆਂ 'ਤੇ ਕਬਜ਼ੇ ਕਰਨਾ ਕੋਈ ਕੰਮ ਨਹੀਂ; ਅਸੀਂ ਸਾਰੇ ਕਾਂਗਰਸ ਦਾ ਕੰਮ ਕਰੀਏ।"

(ਓਦੋਂ ਸਿੱਖਾਂ ਦੀ ਖ਼ੁਸ਼ਕਿਸਮਤੀ ਸੀ ਕਿ ਸਿੱਖਾਂ ਦੇ ਆਗੂ ਦੂਰ-ਅੰਦੇਸ਼ ਸਨ।) ਪੰਜਾ ਸਾਹਿਬ ਨੂੰ ਅਜ਼ਾਦ ਕਰਵਾਉਣ ਜਾ ਰਹੇ ਇਸ ਸਿੱਖ ਜਥੇ ਦੀ ਅਗਵਾਈ ਜਥੇ: ਕਰਤਾਰ ਸਿੰਘ ਝੱਬਰ ਕਰ ਰਿਹਾ ਸੀ, ਜਿਸ ਨੇ ਇਹ ਸੁਨੇਹਾ ਸੁਣ ਕੇ ਇਸ ਦਾ ਜਵਾਬ ਦਿੱਤਾ:

"ਮੈਨੂੰ ਗਾਂਧੀ ਦੇ ਪ੍ਰੋਗਰਾਮ ਤੇ ਫ਼ਿਲਹਾਲ ਕੋਈ ਯਕੀਨ ਨਹੀਂ ਕਿ ਐਡੀ ਛੇਤੀ ਅੰਗਰੇਜ਼ ਹਿੰਦੁਸਤਾਨ ਛੱਡ ਕੇ ਤੁਰ ਜਾਣਗੇ, ਪਰ ਜੇ ਇਹ ਗੱਲ ਮੰਨ ਵੀ ਲਈ ਜਾਵੇ ਅਤੇ ਸਵਰਾਜ ਹੋ ਵੀ ਜਾਵੇ ਤਾਂ ਸਾਡੇ ਗੁਰਦੁਆਰੇ ਸਗੋਂ ਹੋਰ ਖ਼ਤਰੇ ਵਿੱਚ ਹੋ ਜਾਣਗੇ। ਅਜ਼ਾਦ ਹਿੰਦੁਸਤਾਨ ਵਿੱਚ ਹਿੰਦੂ ਹਕੂਮਤ ਹੋਵੇਗੀ। ਅੰਗਰੇਜ਼ ਦੀ ਤਾਂ ਸਾਡੇ ਨਾਲ਼ ਕੋਈ ਮਜ਼ਹਬੀ ਮੁਖ਼ਾਲਫ਼ਤ ਨਹੀਂ, ਪਰ ਹਿੰਦੂ ਸਾਡੇ ਨਾਲ਼ ਮਜ਼ਹਬੀ ਇਖ਼ਤਲਾਫ਼ ਰੱਖਦਾ ਹੈ..।"

(ਸ਼੍ਰੋਮਣੀ ਕਮੇਟੀ ਕਿਵੇਂ ਬਣੀ, ਡਾ. ਹਰਜਿੰਦਰ ਸਿੰਘ ਦਿਲਗੀਰ, ਪੰਨਾ 25)

ਸਿੱਟਾ ਇਹ ਕਿ ਗੁਰਧਾਮਾਂ ਦੀ ਅਜ਼ਾਦੀ ਦੇ ਰਾਹ ਪੈ ਕੇ ਕੌਮੀ ਅਜ਼ਾਦੀ ਵੱਲ ਤੁਰੇ ਸਿੱਖਾਂ ਦੇ ਕਦਮ ਕਿਸੇ ਵੀ ਤਰ੍ਹਾਂ ਰੋਕੇ ਨਾ ਜਾ ਸਕੇ, ਬੇਸ਼ੱਕ ਇਸ ਰਾਹ 'ਤੇ ਸਿੱਖਾਂ ਨੂੰ ਆਪਣੇ ਸਿਰਾਂ ਦੀ ਝੜੀ ਲਾਉਣੀ ਪਈ, ਪਰ ਸ਼ਾਇਦ ਦੁਨੀਆਂ ਨੂੰ ਸਿੱਖਾਂ ਦੇ ਆਪਣੇ ਪਾਵਨ ਗੁਰਧਾਮਾਂ ਨਾਲ਼ ਬਿਆਨ ਕੀਤੀ ਜਾਂਦੀ ਸਾਂਝ 'ਤੇ ਯਕੀਨ ਨਾ ਆਉਂਦਾ ਜੇਕਰ ਇਹ ਸ਼ਹੀਦ ਆਪਣੇ ਲਹੂ ਨਾਲ਼ ਗੁਰਦੁਆਰਿਆਂ ਦੀ ਅਜ਼ਾਦੀ ਦੀ ਤਵਾਰੀਖ਼ ਨਾ ਲਿਖਦੇ। ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਵਿੱਚ ਤਾਂ ਸਿੱਖਾਂ ਨੇ ਪਤੰਗਿਆਂ ਨੂੰ ਵੀ ਮਾਤ ਪਾ ਦਿੱਤੀ। ਸ਼ਹੀਦੀ ਸਪਸ਼ਟ ਸਾਮ੍ਹਣੇ ਦਿਸ ਰਹੀ ਸੀ ਤੇ ਗੁਰੂ ਦੇ ਸਿੱਖ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਦੀ ਪਵਿੱਤਰਤਾ ਦੀ ਬਹਾਲੀ ਲਈ ਆਪਣਾ ਲਹੂ ਵਹਾਉਣ ਲਈ ਏਨੇ ਜੋਸ਼ ਵਿੱਚ ਸਨ ਕਿ ਇਸ ਸ਼ਹੀਦੀ ਜਥੇ ਦੇ ਸਾਰੇ ਸਿੰਘ ਆਪਣੇ ਘਰਾਂ ਤੋਂ ਅੰਤਮ ਵਿਦਾਇਗੀ ਲੈ ਕੇ ਨਨਕਾਣਾ ਸਾਹਿਬ ਪੁੱਜੇ ਸਨ।

1) ਕੇਵਲ ਏਨਾ ਹੀ ਨਹੀਂ, ਇਸ ਜਥੇ ਵਿੱਚੋਂ ਇੱਕ ਭਾਈ ਗੰਡਾ ਸਿੰਘ ਭਸੀਣ ਸੀ, ਜੋ ਖੁਦ ਹੀ ਪਹਿਲਾਂ ਨਨਕਾਣਾ ਸਾਹਿਬ ਵਿਖੇ ਨਰੈਣੂ ਮਹੰਤ ਦੀਆਂ ਘਾਤਕ ਤਿਆਰੀਆਂ ਨੂੰ ਅੱਖੀਂ ਵੇਖ ਕੇ ਗਿਆ ਸੀ; ਉਸ ਨੂੰ ਸ਼ਹੀਦੀ ਜਥੇ ਵਿੱਚ ਸ਼ਾਮਲ ਹੋਣੋਂ ਰੋਕਣ ਲਈ ਉਸ ਦੇ ਪਰਿਵਾਰ ਨੇ ਉਸ ਨੂੰ ਅੰਦਰ ਡੱਕ ਕੇ ਬਾਹਰੋਂ ਦਰਵਾਜ਼ੇ ਬੰਦ ਕਰ ਦਿੱਤੇ, ਪਰ ਉਹ ਪਿਛਵਾੜੇ ਦੀ ਕੰਧ ਟੱਪ ਕੇ ਸ਼ਹੀਦੀ ਜਥੇ ਨਾਲ਼ ਜਾ ਰਲ਼ਿਆ।

2) ਭਾਈ ਮੰਗਲ ਸਿੰਘ ਕਿਰਪਾਨ-ਬਹਾਦਰ ਦਾ ਇੱਕ ਦਿਨ ਪਹਿਲਾਂ ਮੁਕਲਾਵਾ ਆਇਆ ਸੀ, ਪਰ ਜਦੋਂ ਨਨਕਾਣਾ ਸਾਹਿਬ ਦੀ ਪਵਿੱਤਰਤਾ ਲਈ ਲਹੂ ਦੀ ਲੋੜ ਦਾ ਪਤਾ ਲੱਗਾ ਤਾਂ ਆਪ ਉਸੇ ਵੇਲ਼ੇ ਆਪਣਾ ਲਹੂ ਵਹਾਉਣ ਸ਼ਹੀਦੀ ਜਥੇ ਦੇ ਨਾਲ਼ ਤੁਰ ਪਏ।

3) ਇਹੀ ਕਹਾਣੀ ਭਾਈ ਹਰਨਾਮ ਸਿੰਘ ਦੇਵਾ ਸਿੰਘ ਵਾਲ਼ੇ ਦੀ ਸੀ, ਜਿਸ ਦਾ ਮੁਕਲਾਵਾ ਆਏ ਅਜੇ ਦੋ ਦਿਨ ਹੀ ਹੋਏ ਸਨ।

4) ਭਾਈ ਕੇਸਰ ਸਿੰਘ ਦੇ ਘਰ ਛੁਹਾਰਾ ਦੇਣ ਲਈ ਲਾਗੀ ਬੈਠਾ ਸੀ ਤੇ ਭਾਈ ਮੋਤਾ ਸਿੰਘ ਬਹੋੜੂ ਨੇ ਅਗਲੇ ਦਿਨ ਮੁਕਲਾਵਾ ਲੈਣ ਜਾਣਾ ਸੀ, ਪਰ ਗੁਰ-ਅਸਥਾਨ ਦੀ ਪਵਿੱਤਰਤਾ ਲਈ ਸ਼ਹੀਦੀ ਦੀ ਵੰਗਾਰ ਸੁਣ ਕੇ ਇਹ ਸਾਰੇ ਸੂਰਮੇ ਦੁਨਿਆਵੀ ਮੋਹ ਦੀਆਂ ਸਾਰੀਆਂ ਤੰਦਾਂ ਤੋੜ ਕੇ ਸ਼ਹੀਦੀ ਜਥੇ ਵਿੱਚ ਜਾ ਰਲ਼ੇ ਤੇ ਸ਼ਹੀਦ ਹੋ ਗਏ।

5) ਬਾਲ ਸ਼ਹੀਦ ਦਰਬਾਰਾ ਸਿੰਘ ਦੀ ਕਹਾਣੀ ਵੀ ਲੋਕਾਂ ਦਾ ਧਿਆਨ ਖਿੱਚਦੀ ਹੈ, ਜੋ ਇਸ ਸ਼ਹੀਦੀ ਸਾਕੇ ਤੋਂ ਕਈ ਦਿਨ ਪਹਿਲਾਂ ਪਿੰਡ ਵਿੱਚ ਸ਼ਹੀਦ ਹੋਣ ਦਾ ਇਰਾਦਾ ਜ਼ਾਹਰ ਕਰਦਾ ਰਿਹਾ ਸੀ, ਉਹ ਜ਼ਿਦ ਕਰਕੇ ਜਥੇ ਨਾਲ਼ ਗਿਆ ਸੀ। ਜਦੋਂ ਸਿੰਘਾਂ ਦੀ ਕਤਲੇਆਮ ਅਰੰਭ ਹੋਈ ਤਾਂ ਕਿਸੇ ਨੇ ਇਸ ਬੱਚੇ ਦੀ ਜਾਨ ਬਚਾਉਣ ਲਈ ਇਸ ਨੂੰ ਇੱਕ ਅਲਮਾਰੀ ਵਿੱਚ ਲੁਕਾ ਦਿੱਤਾ, ਪਰ 'ਸ਼ਹੀਦੀ ਦੇਗ' ਦੀ ਪ੍ਰਾਪਤੀ ਲਈ ਬੇਤਾਬ ਇਹ ਬੱਚਾ ਅੰਦਰੋਂ ਅਲਮਾਰੀ ਨੂੰ ਜ਼ੋਰ ਜ਼ੋਰ ਦੀ ਖੜਕਾ ਕੇ ਕਾਤਲਾਂ ਦੇ ਸਾਮ੍ਹਣੇ ਆਇਆ ਤੇ ਜੈਕਾਰੇ ਛੱਡਦਾ ਹੋਇਆ ਸ਼ਹੀਦੀ ਪ੍ਰਾਪਤ ਕਰ ਗਿਆ।

(ਸ਼ਹੀਦੀ ਜੀਵਨ, ਭਾਈ ਗੁਰਬਖ਼ਸ਼ ਸਿੰਘ ਸ਼ਮਸ਼ੇਰ ਝਬਾਲੀਆ)

ਨਨਕਾਣਾ ਸਾਹਿਬ ਦੇ ਸਾਕੇ ਤੋਂ ਅੰਗਰੇਜ਼ ਹਕੂਮਤ ਇਹ ਸਮਝ ਗਈ ਕਿ ਹੁਣ ਸਿੱਧੇ ਜਾਂ ਅਸਿੱਧੇ ਢੰਗ ਨਾਲ਼ ਗੁਰਦੁਆਰਿਆਂ 'ਤੇ ਕਬਜ਼ਾ ਜਾਰੀ ਰੱਖਣਾ ਅਸੰਭਵ ਹੈ, ਜਿਸ 'ਤੇ ਉਸ ਨੇ ਆਪਣੇ ਕਦਮ ਪਿੱਛੇ ਹਟਾ ਲਏ। ਸਿੱਖ ਜਜ਼ਬੇ ਦੇ ਇਸ ਹੜ੍ਹ ਨੇ ਆਪਣੇ ਪਾਵਨ ਗੁਰਧਾਮ ਅਜ਼ਾਦ ਕਰਵਾਏ, ਫਿਰ ਦੇਸ਼ ਦੀ ਜਨਤਾ ਵੀ ਅਜ਼ਾਦ ਕਰਵਾਈ, ਪਰ ਸਿੱਖਾਂ ਨੇ ਇਹ ਨਹੀਂ ਸੀ ਸੋਚਿਆ ਕਿ ਇਹ ਅਜ਼ਾਦੀ ਉਹ ਉਹਨਾਂ ਲੋਕਾਂ ਨੂੰ ਲੈ ਕੇ ਦੇ ਰਹੇ ਹਨ ਜੋ ਇਸ ਅਜ਼ਾਦੀ ਦੀ ਵਰਤੋਂ ਉਹਨਾਂ ਨੂੰ ਗ਼ੁਲਾਮ ਬਣਾਉਣ, ਉਹਨਾਂ ਦੀ ਕਤਲੇਆਮ ਕਰਨ ਤੇ ਉਹਨਾਂ ਦੇ ਪਾਵਨ ਗੁਰਧਾਮਾਂ 'ਤੇ ਟੈਂਕ ਚਾੜ੍ਹਨ ਲਈ ਕਰਨਗੇ। ਖੈਰ, ਜਿਨ੍ਹਾਂ ਲੋਕਾਂ ਨੇ ਆਪਣੀਆਂ ਧੀਆਂ-ਭੈਣਾਂ ਦੀ ਗਜ਼ਨੀ ਬਜ਼ਾਰਾਂ ਵਿੱਚ ਲੱਗਦੀ ਬੋਲੀ ਵੇਖ ਕੇ ਵੀ ਬੁਜ਼ਦਿਲੀ ਦੇ ਘੁਰਨੇ 'ਚੋਂ ਸਿਰ ਬਾਹਰ ਕੱਢਣ ਦੀ ਹਿੰਮਤ ਨਾ ਕੀਤੀ ਹੋਵੇ, ਜਿਨ੍ਹਾਂ ਨੇ ਆਪਣੇ ਧਰਮ ਮੰਦਰਾਂ ਨੂੰ ਅੱਖਾਂ ਸਾਹਵੇਂ ਹਥੌੜਿਆਂ ਨਾਲ਼ ਤੋੜੇ ਜਾਂਦੇ ਵੇਖ ਕੇ ਵੀ ਡਰਦਿਆਂ ਕਸੀਸ ਤਕ ਨਾ ਵੱਟੀ ਹੋਵੇ, ਉਹ ਲੋਕ ਇਹ ਅੰਦਾਜ਼ਾ ਨਹੀਂ ਲਾ ਸਕਦੇ ਕਿ ਕਿਸੇ ਜਿਊਂਦੀ ਕੌਮ ਦੇ ਧਰਮ ਅਸਥਾਨਾਂ ਦੀ ਬੇਅਦਬੀ ਦੇ ਕੀ-ਕੀ ਸਿੱਟੇ ਨਿਕਲ਼ ਸਕਦੇ ਹਨ।

ਬੇਸ਼ੱਕ ਜੂਨ 1984 ਦੇ ਫ਼ੌਜੀ ਹਮਲੇ ਦੇ ਸਿੱਟਿਆਂ ਨੂੰ ਵੇਖ ਕੇ, ਹੰਢਾਅ ਕੇ ਹੁਣ ਪੰਥ ਦੋਖੀ ਤਾਕਤਾਂ ਦੇ ਸਿੱਖ ਗੁਰਧਾਮਾਂ ਉੱਪਰ ਸਿੱਧੇ ਹਮਲੇ ਰੁਕ ਗਏ ਹਨ, ਪਰ ਅੰਗਰੇਜ਼ ਦੀ ਨੀਤੀ



ਵਾਂਗ ਅਸਿੱਧੇ ਢੰਗ ਨਾਲ਼ ਹਮਲੇ ਅਜੇ ਵੀ ਜਾਰੀ ਹਨ। ਗੁਰਦੁਆਰਿਆਂ ਦੀ ਹੱਦ ਅੰਦਰ ਵਾੜੀ ਗਈ ਘਟੀਆ ਸਿਆਸਤ ਕਈ ਨਰੈਣੂ ਮਹੰਤਾਂ ਤੋਂ ਵਧੇਰੇ ਖ਼ਤਰਨਾਕ ਹੈ, ਪਰ ਇਹ ਖ਼ਤਰਨਾਕ ਹਾਲਤ ਸਿੱਧੇ ਤੌਰ 'ਤੇ ਸਿੱਖ ਪੰਥ ਲਈ ਗੰਭੀਰ ਖ਼ਤਰਾ ਨਹੀਂ; ਸਿੱਖ ਕੌਮ ਲਈ ਖ਼ਤਰੇ ਦੀ ਘੜੀ ਉਹ ਹੋਵੇਗੀ ਜਦੋਂ ਗੁਰੂ ਨਾਨਕ ਸਾਹਿਬ ਦੇ ਸਿੱਖ ਅਖਵਾਉਣ ਵਾਲ਼ਿਆਂ ਦੇ ਅੰਦਰੋਂ ਆਪਣਾ ਲਹੂ ਵਹਾਅ ਕੇ ਵੀ ਆਪਣੇ ਪਾਵਨ ਗੁਰਧਾਮਾਂ ਦੀ ਪਵਿੱਤਰਤਾ ਕਾਇਮ ਰੱਖਣ ਵਾਲ਼ਾ ਕੁਰਬਾਨੀ ਦਾ ਜਜ਼ਬਾ ਮਰ ਗਿਆ।

ਗੁਰਧਾਮਾਂ ਦੀ ਅਜ਼ਾਦੀ ਤੇ ਪਵਿੱਤਰਤਾ ਲਈ ਪੁਰਜਾ-ਪੁਰਜਾ ਕਟ ਮਰੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਾਨੂੰ ਅਕਾਲ ਪੁਰਖ ਤੋਂ ਉਸੇ ਹੀ ਕੁਰਬਾਨੀ ਦੇ ਜਜ਼ਬੇ ਦੀ ਮੰਗ ਕਰਨੀ ਚਾਹੀਦੀ ਹੈ, ਜੋ ਇਹਨਾਂ ਸ਼ਹੀਦਾਂ ਵਿੱਚ ਪ੍ਰਚੰਡ ਸੀ। ਇਸ ਮਹਾਨ ਜਜ਼ਬੇ ਦੇ ਮੁੜ ਪ੍ਰਚੰਡ ਹੋਣ ਨਾਲ਼ ਹੀ ਸਿੱਖ ਆਪਣੇ ਪਾਵਨ ਗੁਰਧਾਮਾਂ ਨੂੰ ਸੌੜੀ ਸਿਆਸਤ ਤੋਂ ਅਜ਼ਾਦ ਕਰਵਾ ਸਕਦੇ ਹਨ। ਆਓ ਉਹਨਾਂ ਮਹਾਨ ਸ਼ਹੀਦਾਂ ਦੇ ਨਕਸ਼ੇ ਕਦਮਾਂ ਤੋਂ ਕੁਝ ਸੇਧ ਹਾਸਲ ਕਰੀਏ !

****

ਧਰਮ ਲਈ ਸ਼ਹਾਦਤ ਦਾ ਜਾਮ ਪੀਣਾ, ਸਿੱਖ ਧਰਮ ਦੀਆਂ ਰਹਿਣੀਆਂ ਬਹਿਣੀਆਂ ਨੇ;
84 ਵਾਲ਼ੇ ਘਲੂਘਾਰੇ ਦੀਆਂ ਪਾਕ ਯਾਦਾਂ, ਸਦਾ ਸੱਜਰੀਆਂ ਸੱਜਰੀਆਂ ਰਹਿਣੀਆਂ ਨੇ।



ਜੂਨ 84 ਦੇ ਦਰਬਾਰ ਸਾਹਿਬ 'ਤੇ ਭਾਰਤੀ ਹਮਲੇ ਨੂੰ ਰੋਕਦੇ ਹੋਏ ਸ਼ਹੀਦ ਹੋਏ
ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ

ਯਾਦ ਰੱਖਣ ਦੀ ਜੱਦੋਜਹਿਦ

ਅਸੀਂ ਭੁੱਲਾਂਗੇ ਨਹੀਂ

ਚੈਕਸਲੋਵਾਕੀਆ ਦੇ ਪ੍ਰਸਿੱਧ ਲੇਖਕ ਤੇ ਫ਼ਿਲਾਸਫ਼ਰ ਮਿਲਾਨ ਕੁੰਦੇਰਾ ਨੇ ਆਪਣੀ ਇੱਕ ਕਿਤਾਬ ਦੇ ਵਿੱਚ ਲਿਖਿਆ ਹੈ : - "ਕਿਸੇ ਕੌਮ ਨੂੰ ਖ਼ਤਮ ਕਰਨ ਲਈ ਪਹਿਲੀ ਗੱਲ ਇਹ ਕਰਨੀ ਹੁੰਦੀ ਹੈ ਕਿ ਉਸ ਦੀ ਯਾਦ ਸ਼ਕਤੀ ਭੁਲਾ ਦਿਓ। ਉਸ ਦੀਆਂ ਕਿਤਾਬਾਂ ਤਬਾਹ ਕਰ ਦਿਓ। ਇੱਕ ਨਵਾਂ ਸੱਭਿਆਚਾਰ ਘੜੋ। ਸਗੋਂ ਇੱਕ ਨਵਾਂ ਇਤਿਹਾਸ ਵੀ ਘੜੋ। ਛੇਤੀ ਹੀ ਉਹ ਕੌਮ ਭੁੱਲ ਜਾਏਗੀ ਕਿ ਉਹ ਪਹਿਲਾਂ ਕੀ ਸੀ, ਤੇ ਹੁਣ ਕੀ ਹੈ। ਮਨੁੱਖ ਦੀ ਸੱਤਾ ਵਿਰੁੱਧ ਲੜਾਈ ਅਸਲ ਵਿੱਚ ਭੁੱਲ ਜਾਣ ਵਿਰੁੱਧ ਯਾਦ ਰੱਖਣ ਦੀ ਲੜਾਈ ਹੈ।"

(ਕਿਤਾਬ 'ਹੱਸਣ ਤੇ ਭੁੱਲ ਜਾਣ' ਵਿੱਚੋਂ)

ਅਸੀਂ ਜੇਕਰ ਭਾਰਤੀ ਹਕੂਮਤ ਵੱਲੋਂ ਸਿੱਖਾਂ ਨੂੰ ਸਿਰਫ਼ 1984 ਦੇ ਘਲੂਘਾਰੇ ਭੁਲਾ ਦੇਣ ਲਈ ਕੀਤੇ ਗਏ ਤੇ ਕੀਤੇ ਜਾ ਰਹੇ ਯਤਨਾਂ ਵੱਲ ਵੇਖੀਏ ਤਾਂ ਇਸ ਚਿਤਾਵਨੀ ਦਾ ਅੱਖਰ-ਅੱਖਰ ਸੱਚ ਸਿੱਧ ਹੁੰਦਾ ਹੈ।

ਜੂਨ 1984 ਦੇ ਘਲੂਘਾਰੇ ਤੋਂ ਤੁਰੰਤ ਬਾਅਦ ਇਸ ਘਲੂਘਾਰੇ ਦਾ ਹਰ ਨਿਸ਼ਾਨ ਮਿਟਾ ਦੇਣ ਦੀ ਕਾਹ਼ਲੀ, ਇਸੇ ਹੀ ਭਾਰਤੀ ਰਣਨੀਤੀ ਦਾ ਹਿੱਸਾ ਸੀ। ਇਸ ਦੇ ਲਈ ਸਿੱਖ ਪਰਿਵਾਰ 'ਚ ਜੰਮੇ ਬੂਟਾ ਸਿਹੁੰ, ਜਿਹੜਾ ਓਦੋਂ ਹੋਮ ਮਨਿਸਟਰ ਸੀ, ਦੇ ਰਾਹੀਂ ਕਈ ਸੰਤ ਮਹਾਂਪੁਰਸ਼ਾਂ ਨੂੰ ਇਸ ਲਈ ਤਿਆਰ ਕਰਨ ਦਾ ਯਤਨ ਕੀਤਾ ਗਿਆ, ਪਰ ਸਾਰਿਆਂ ਨੇ ਹੀ ਉਸ ਨੂੰ ਫਿਟਕਾਰਾਂ ਪਾ ਕੇ ਵਾਪਸ ਭੇਜ ਦਿੱਤਾ। ਸਿਰਫ਼ ਇਕੱਲਾ ਸੰਤਾ ਸਿੰਘ ਨਿਹੰਗ ਇਸ ਲਈ ਤਿਆਰ ਹੋਇਆ, ਪਰ ਉਸ ਦੇ ਰਾਹੀਂ ਬਣਾਈ ਗਈ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਸਿੱਖ ਪੰਥ ਨੇ ਪ੍ਰਵਾਨ ਨਾ ਕੀਤਾ। ਅਖ਼ੀਰ ਤੇ ਬੂਟਾ ਸਿਹੁੰ ਤੇ ਸੰਤਾ ਸਿੰਘ ਨੂੰ ਵੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋ ਕੇ ਸਿੱਖ ਪੰਥ ਤੋਂ ਆਪਣੀ ਭੁੱਲ ਬਖਸ਼ਾਉਣੀ ਪਈ।

ਸਿੱਖਾਂ ਨੂੰ ਉਹਨਾਂ ਦੇ ਸਿਰ ਵਰਤੇ ਹੋਏ ਘਲੂਘਾਰੇ ਨੂੰ ਭੁਲਾ ਦੇਣ ਲਈ ਭਾਰਤੀ ਹਕੂਮਤ ਜਿੱਥੇ ਘਲੂਘਾਰਿਆਂ ਦੇ ਨਿਸ਼ਾਨ ਮਿਟਾਉਣ 'ਚ ਰੁੱਝ ਗਈ, ਓਥੇ ਹੀ ਸਿੱਖਾਂ ਦੀ ਅਗਲੀ ਪੀੜ੍ਹੀ ਦੇ ਆਲ਼ੇ-ਦੁਆਲ਼ੇ ਰੰਗ ਤਮਾਸ਼ਿਆਂ ਤੋਂ ਲੈ ਕੇ ਨਸ਼ਿਆਂ ਤਕ ਦੇ ਜਾਲ਼ ਫ਼ੈਲਾ ਦਿੱਤੇ ਗਏ, ਪਰ ਸਿੱਖ ਮਾਨਸਿਕਤਾ ਦੇ ਅੰਦਰੋਂ ਘਲੂਘਾਰੇ ਦੀ ਯਾਦ ਧੁੰਦਲੀ ਨਾ ਪਾਈ ਜਾ ਸਕੀ। ਜੇ ਘਲੂਘਾਰਾ ਭੁੱਲ ਗਿਆ ਤਾਂ ਸ਼ਹੀਦ ਵੀ ਭੁੱਲ ਗਏ, ਤੇ ਜੇ ਸ਼ਹੀਦ ਭੁੱਲ ਗਏ ਤਾਂ ਉਹ ਕੌਮੀ ਨਿਸ਼ਾਨਾ ਵੀ ਭੁੱਲ ਗਏ ਜਿਸ ਲਈ ਕੁਰਬਾਨੀਆਂ ਕੀਤੀਆਂ ਗਈਆਂ ਹਨ। ਭਾਰਤੀ ਹਕੂਮਤ ਨੇ ਇੱਕ ਵਿਸ਼ੇਸ਼ ਨੀਤੀ ਦੇ ਤਹਿਤ

ਸ਼ਹੀਦ ਹੋਏ ਸਿੰਘਾਂ ਦੇ ਪਿੰਡਾਂ ਦੇ ਅੱਗੇ ਜਾਂ ਤਾਂ ਪੁਲਿਸ ਵਾਲ਼ਿਆਂ ਦੇ ਯਾਦਗਾਰੀ ਗੇਟ ਬਣਾਉਣੇ ਅਰੰਭ ਕੀਤੇ ਹਨ ਤੇ ਜਾਂ ਫਿਰ ਭਾਰਤ ਦੀਆਂ ਹੱਦਾਂ ਦੀ ਰਾਖੀ ਕਰਦੇ ਮਾਰੇ ਗਏ ਫ਼ੌਜੀਆਂ ਦੀ ਯਾਦ ਵਿੱਚ।

ਮਿਸਾਲ ਵਜੋਂ ਇੰਦਰਾ ਗਾਂਧੀ ਨੂੰ ਸੋਧਣ ਵਾਲ਼ੇ ਸੂਰਮੇ ਭਾਈ ਸਤਵੰਤ ਸਿੰਘ ਦੇ ਪਿੰਡ ਅਗਵਾਨ ਦੇ ਬਾਹਰ, ਜੁਝਾਰੂ ਸਿੰਘਾਂ ਦੇ ਹੱਥੋਂ ਮਾਰੇ ਗਏ ਇੱਕ ਬੁੱਚੜ ਪੁਲਸੀਏ ਦੀ ਯਾਦ 'ਚ ਗੇਟ ਬਣਾ ਦਿੱਤਾ ਗਿਆ ਹੈ। ਹੋਰ ਵੀ ਕਈ ਪਿੰਡਾਂ ਵਿੱਚ ਇਹ ਸ਼ਰਾਰਤ ਕੀਤੀ ਗਈ ਹੈ। ਪਰ ਅਗਵਾਨ 'ਚ ਜੇ ਮੇਲਾ ਲੱਗਦਾ ਹੈ ਤਾਂ ਭਾਈ ਸਤਵੰਤ ਸਿੰਘ ਦੀ ਯਾਦ ਵਿੱਚ ਹੀ ਲੱਗਦਾ ਹੈ, ਉਸ ਬੁੱਚੜ ਪੁਲਸੀਏ ਦੀ ਯਾਦ ਵਿੱਚ ਨਹੀਂ। ਇਹ ਸ਼ਹੀਦਾਂ ਦੀ ਕੌਮ ਦੇ ਦਿਲ 'ਚ ਜਿਊਂਦੀ ਯਾਦ ਦੱਸਦੀ ਹੈ ਕਿ ਸੰਘਰਸ਼ ਜਿਊਂਦਾ ਹੈ, ਅਤੇ ਇੱਕ ਨਾ ਇੱਕ ਦਿਨ ਕੌਮ ਜਦੋਂ ਅਜ਼ਾਦੀ ਦਾ ਪਰਚਮ ਝੁਲਾਏਗੀ ਤਾਂ ਓਦੋਂ ਪੰਜਾਬ ਦੀ ਧਰਤੀ ਤੇ ਮੌਜੂਦ ਬੁੱਚੜਾਂ ਦੀਆਂ ਯਾਦਗਾਰਾਂ ਮਲੀਆਮੇਟ ਕਰ ਕੇ, ਸ਼ਹੀਦਾਂ ਦੇ 'ਅਜਾਇਬ ਘਰ' ਸਥਾਪਤ ਕੀਤੇ ਜਾਣਗੇ।

ਫ਼ਿਲਹਾਲ, ਭਾਰਤੀ ਰਾਜ ਪ੍ਰਣਾਲੀ ਅੰਦਰ ਸਿੱਖ ਕੌਮ ਨੂੰ ਘਲੂਘਾਰਾ ਜੂਨ 1984 ਅਤੇ ਇਸਦੇ ਸ਼ਹੀਦਾਂ ਨੂੰ ਯਾਦ ਰੱਖਣ ਲਈ ਵੀ ਤਿੱਖਾ ਸੰਘਰਸ਼ ਕਰਨਾ ਪੈ ਰਿਹਾ ਹੈ ਤੇ ਲੜਾਈ ਲੜਨੀ ਪੈ ਰਹੀ ਹੈ। ਇਸ ਕਿਤਾਬ ਦੇ ਅਗਲੇ ਪੰਨਿਆਂ ਵਿੱਚ ਸਿੱਖ ਕੌਮ ਵੱਲੋਂ ਘਲੂਘਾਰਾ ਜੂਨ 1984 ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਯਾਦ ਨੂੰ ਜਿਊਂਦਾ ਰੱਖਣ ਲਈ ਕੀਤੇ ਗਏ ਤੇ ਕੀਤੇ ਜਾ ਰਹੇ ਸੰਘਰਸ਼ ਦਾ ਵੇਰਵਾ ਦਿੱਤਾ ਜਾ ਰਿਹਾ ਹੈ।

****

1984 ਦਾ ਸ਼ਹੀਦ ਭਾਈ ਜਸਦੇਵ ਸਿੰਘ, ਜਿਸ ਦੇ ਨਾਂ ਤੇ ਇੱਕ ਨਗਰ ਬਣਿਆ ਹੋਇਆ ਹੈ



ਪੰਜਾਬ 'ਚ ਜੂਨ ਮਹੀਨੇ ਵਿੱਚ ਚੱਲਦੀਆਂ ਗਰਮ ਲੋਆਂ ਹਰ ਮਨੁੱਖੀ ਸਰੀਰ ਨੂੰ ਲੂੰਹਦੀਆਂ ਹਨ, ਪਰ 1984 ਦੇ ਜੂਨ ਮਹੀਨੇ ਦੀਆਂ ਲੋਆਂ ਤਾਂ ਸਾਡੀਆਂ ਰੂਹਾਂ ਨੂੰ ਲੂਹ ਕੇ ਲੰਘ ਗਈਆਂ। ਇਹਨਾਂ ਗ਼ਰਮ ਲੋਆਂ ਅੰਦਰ ਭਾਰਤ ਦੇ ਬਿਫਰ ਹਾਕਮਾਂ ਨੇ ਬਰੂਦ ਦੀ ਗੰਧ ਘੋਲ ਦਿੱਤੀ ਸੀ। ਇਸ ਬਰੂਦੀ ਗੰਧ ਨੇ ਆਪਣੇ ਵਜੂਦ ਅੰਦਰ ਸਮੁੱਚੀ ਸਿੱਖ ਕੌਮ ਦਾ ਲਹੂ ਅਤੇ ਸਵੈਮਾਣ ਜਜ਼ਬ ਕਰ ਲੈਣ ਦਾ ਘਿਨਾਉਣਾ ਯਤਨ ਕੀਤਾ।

ਸਿੱਖਾਂ ਦੇ ਕੇਂਦਰੀ ਅਤੇ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਤੇ ਟੈਂਕਾਂ ਤੋਪਾਂ ਨਾਲ਼ ਲੈਸ ਫ਼ੌਜ ਦਾ ਹਮਲਾ ਕਰਨ ਲਈ ਭਾਰਤੀ ਹਾਕਮਾਂ ਨੇ ਬਹਾਨਾ ਬਣਾਇਆ ਸੀ ਕਿ ਇਸ ਪਵਿੱਤਰ ਅਸਥਾਨ ਅੰਦਰ ਹਥਿਆਰ ਜਮ੍ਹਾ ਕਰ ਕੇ ਸੰਤ ਭਿੰਡਰਾਂਵਾਲ਼ਿਆਂ ਨੇ ਇਸ ਦੀ ਪਵਿੱਤਰਤਾ ਖ਼ਤਰੇ ਵਿੱਚ ਪਾ ਦਿੱਤੀ ਹੈ। ਹਥਿਆਰਾਂ ਕਾਰਨ ਖ਼ਤਰੇ 'ਚ ਪਈ ਪਵਿੱਤਰਤਾ ਨੂੰ ਬਹਾਲ ਕਰਨ ਲਈ ਟੈਂਕਾਂ ਰਾਹੀਂ ਮਣਾਂ ਮੂੰਹੀਂ ਬਰੂਦ ਇਸ ਪਾਵਨ ਗੁਰਧਾਮ ਤੇ ਵਰ੍ਹਾਉਣਾ ਜ਼ਰੂਰੀ। ਇਹ ਬ੍ਰਾਹਮਣ ਦੀ ਮਗਰੂਰ ਧੀ ਮਹਾਰਾਣੀ ਇੰਦਰਾ ਦਾ ਫ਼ੈਸਲਾ ਸੀ। ਇਸ ਮੱਕਾਰ ਜਿਹੇ ਬਹਾਨੇ ਦੇ ਪੱਜ ਪੰਜਾਬ ਨੂੰ ਪੂਰੀ ਦੁਨੀਆਂ ਨਾਲ਼ੋਂ ਕੱਟ ਕੇ ਫ਼ੌਜ ਦੇ ਹਵਾਲੇ ਕਰ ਦੇਣ ਵਾਲ਼ੀ ਦਿੱਲੀ ਹਕੂਮਤ ਕੋਲ ਪੰਜਾਬ ਦੇ ਕਈ ਹੋਰ ਗੁਰਦੁਆਰਿਆਂ ਉੱਪਰ ਹਮਲਾ ਕਰਨ ਵਾਸਤੇ ਇਸ ਤਰ੍ਹਾਂ ਦਾ ਕੋਈ ਅਪਾਹਜ ਜਿਹਾ ਬਹਾਨਾ ਵੀ ਨਹੀਂ ਸੀ। ਉਹਨਾਂ ਹੋਰ ਗੁਰਦੁਆਰਿਆਂ ਵਿੱਚ ਹੀ ਇੱਕ ਸੀ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲ਼ਾ। ਇਸ ਗੁਰਦੁਆਰਾ ਸਾਹਿਬ ਉੱਤੇ ਵੀ ਪੰਚਮ ਪਾਤਸ਼ਾਹ ਦਾ ਸ਼ਹੀਦੀ ਪੁਰਬ ਮਨਾ ਰਹੀਆਂ ਸੰਗਤਾਂ ਤੇ ਅੰਨ੍ਹੇਵਾਹ ਹਮਲਾ ਕਰ ਕੇ ਕੀਤੀ ਕਤਲੇਆਮ ਦਾ ਅੰਦਾਜ਼ਾ 7 ਟਰੱਕ ਲਾਸ਼ਾਂ ਦੇ ਭਰ ਕੇ ਕਿਸੇ ਅਨਜਾਣੀ ਥਾਂ ਤੇ ਖਪਾਏ ਜਾਣ ਤੋਂ ਲੱਗਦਾ ਹੈ।

ਜਦੋਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲ਼ਾ ਦੀ ਪਾਵਨ ਫ਼ਰਸ਼ ਸਿੱਖ ਸੰਗਤਾਂ ਦੇ ਲਹੂ 'ਚ ਡੁੱਬੀ ਪਈ ਸੀ, ਓਦੋਂ ਭਾਰਤੀ ਹਾਕਮਾਂ ਦੇ ਤਨਖ਼ਾਹਦਾਰ ਫ਼ੌਜੀ ਤਾਕਤ ਅਤੇ ਹੋਰ ਕਈ ਤਰ੍ਹਾਂ ਦੇ ਨਸ਼ਿਆਂ ਵਿੱਚ ਡੁੱਬੇ ਹੋਏ, ਬਾਕੀ ਬਚੀਆਂ ਸੰਗਤਾਂ ਨੂੰ ਜ਼ਲੀਲ ਕਰਨ ਦਾ ਹਰ ਕਮੀਨਾ ਤਰੀਕਾ ਵਰਤ ਰਹੇ ਸਨ। ਸੱਚਮੁੱਚ ਇੱਕ ਪਾਸੇ ਜ਼ਾਲਮ ਦਾ ਵਹਿਸ਼ੀ ਹਾਸਾ ਅਤੇ ਦੂਜੇ ਪਾਸੇ ਮਜ਼ਲੂਮਾਂ ਦਾ ਵਿਰਲਾਪ ਹੀ ਸੀ, ਜਦੋਂ ਇੱਕ ਸਿੰਘ ਗਰਜ ਨੇ ਆਪਣਾ ਫ਼ਰਜ ਨਿਭਾਇਆ। ਉਹ ਅਣਖੀਲੇ ਬੋਲ ਸਨ:

"ਕੈਪਟਨ ਸਾਬ੍ਹ ! ਤੁਸੀਂ ਖ਼ੁਦ ਵੀ ਸਰਦਾਰ ਜਾਪਦੇ ਓ; ਜੋ ਕਰਨਾ ਸੀ, ਉਹ ਤਾਂ ਕਰ ਲਿਆ, ਹੁਣ ਘੱਟੋ ਘੱਟ ਔਰਤਾਂ ਨਾਲ਼ ਤਾਂ ਤਹਿਜ਼ੀਬ ਨਾਲ਼ ਪੇਸ਼ ਆਓ !"

ਇਹ ਅਣਖੀਲੇ ਬੋਲ ਭਾਰਤੀ ਫ਼ੌਜ ਦੇ ਕੈਪਟਨ ਨੂੰ, ਜੋ ਕਿ ਤਾਕਤ ਤੇ ਸ਼ਰਾਬ ਦੇ

ਮਿਲ਼ਵੇਂ ਨਸ਼ੇ ਵਿੱਚ ਚੂਰ ਸੀ, ਨੂੰ ਇੱਕ ਚਪੇੜ ਵਾਂਗ ਵੱਜੇ। ਉਸ ਨੇ ਘੂਰ ਕੇ ਇਹ ਗੱਲ ਕਹਿਣ ਦੀ ਜੁਰਅਤ ਕਰਨ ਵਾਲ਼ੇ ਸਿੱਖ ਨੌਜਵਾਨ ਵੱਲ ਵੇਖਿਆ।

ਉਹ ਸੁੰਦਰ ਸਿੱਖ ਨੌਜਵਾਨ 6 ਫੁੱਟ 2 ਇੰਚ ਲੰਮਾ ਸੀ, ਸਿਹਤਮੰਦ ਤੇ ਸੁੰਦਰ ਡੀਲ ਡੌਲ ਵਾਲ਼ੇ ਉਸ ਗੱਭਰੂ ਦੇ ਚਿਹਰੇ ਦੀ ਨਿਰਭੈਤਾ, ਭਾਰਤੀ ਫ਼ੌਜ ਦੇ ਕੈਪਟਨ ਨੂੰ ਹੋਰ ਖੁੰਧਕ ਚਾੜ੍ਹ ਗਈ। ਉਸ ਨੇ ਆਪਣੇ ਸਿਪਾਹੀਆਂ ਨੂੰ ਹੁਕਮ ਦਿੱਤਾ:- "ਪਹਿਲਾਂ ਇਸ (ਨੌਜਵਾਨ) ਨੂੰ ਤਹਿਜ਼ੀਬ ਸਿਖਾਓ।"

ਆਪਣੇ ਅਫ਼ਸਰ ਦਾ ਹੁਕਮ ਮੰਨ ਕੇ ਭਾਰਤੀ ਫ਼ੌਜ ਨੇ ਇਸ ਸਿੱਖ ਗੱਭਰੂ ਨੂੰ ਫੜ ਕੇ ਬਾਕੀ ਸੰਗਤ ਤੋਂ ਵੱਖਰਾ ਕਰ ਲਿਆ। ਭਾਰਤੀ ਫ਼ੌਜੀਆਂ ਵੱਲੋਂ ਆਮ ਸਿੱਖਾਂ ਦੀ ਕੀਤੀ ਕਹਿਰੀ ਕਤਲੇਆਮ ਨੂੰ ਵੇਖਣ ਵਾਲ਼ਾ ਹਰ ਸ਼ਖ਼ਸ ਜਾਣਦਾ ਸੀ ਕਿ ਹੁਣ ਕੀ ਵਾਪਰਨ ਵਾਲ਼ਾ ਹੈ । ਕਈ ਪੁਲਿਸ ਅਫ਼ਸਰ ਵੀ ਸਹਿਮੇ ਹੋਏ ਸਨ, ਪਰ ਉਹ 6 ਫੁੱਟ ਲੰਮਾ ਸਿੱਖ ਨੌਜਵਾਨ ਬੇਖ਼ੌਫ਼ ਸੀ। ਕਹਿੰਦੇ ਹਨ ਕਿ ਉਸ ਸਮੇਂ ਪਟਿਆਲ਼ੇ ਦੇ ਐਸ. ਐਸ. ਪੀ. ਨਰਿੰਦਰਪਾਲ ਸਿੰਘ ਔਲਖ, ਜੋ ਕਿ ਓਥੇ ਮੌਜੂਦ ਸੀ, ਨੇ ਉਸ ਨੌਜਵਾਨ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਪੰਜਾਬ 'ਚ ਫ਼ੌਜੀ ਰਾਜ ਸੀ ਤੇ ਫ਼ੌਜ ਦੇ ਇੱਕ ਕੈਪਟਨ ਲਈ ਤਾਂ ਇਹਨਾਂ ਦਿਨਾਂ ਅੰਦਰ ਸਿੱਖ ਦੇ ਸਿਰ ਤੇ ਦਸਤਾਰ ਹੋਣਾ ਹੀ ਵੱਡਾ ਗੁਨਾਹ ਸੀ ਦੇਸ਼ ਧ੍ਰੋਹ ਸੀ, ਫਿਰ ਇਸ ਹਾਲਤ ਵਿੱਚ ਕਿਸੇ ਸਿੱਖ ਨੌਜਵਾਨ ਦਾ ਸਿਰ ਉਤਾਂਹ ਚੁੱਕ ਕੇ ਗੱਲ ਕਰਨਾ ਕਿੰਨਾ ਵੱਡਾ ਗੁਨਾਹ…?

ਕੈਪਟਨ ਸੰਧੂ ਨਾਂ ਦੇ ਉਸ ਮਗਰੂਰ ਭਾਰਤੀ ਫ਼ੌਜ ਦੇ ਅਫ਼ਸਰ ਨੇ ਇਸ ਸਿੱਖ ਨੌਜਵਾਨ ਨੂੰ ਖਲ੍ਹਾਰ ਕੇ ਉਸ ਦੇ ਮੱਥੇ ਵਿੱਚ ਗੋਲ਼ੀ ਮਾਰੀ। ਦਸ਼ਮੇਸ਼ ਪਿਤਾ ਦਾ ਅਣਖੀਲਾ ਲਾਲ, ਜ਼ੁਲਮ ਦਾ ਵਿਰੋਧ ਕਰਨ ਦਾ ਸਿੱਖੀ ਫ਼ਰਜ਼ ਨਿਭਾਉਂਦਾ ਹੋਇਆ ਸ਼ਹਾਦਤ ਪਾ ਗਿਆ। ਉਹ ਗੁਰਧਾਮ ਦੀ ਪਾਵਨ ਫ਼ਰਸ਼ ਨੂੰ ਗੁਰੂ ਦੀ ਗੋਦ ਸਮਝ ਕੇ ਸਦਾ ਲਈ ਸੌਂ ਗਿਆ ਸੀ। ਇਹ ਅਣਖੀਲਾ ਸਿੱਖ ਗੱਭਰੂ ਸੀ ਜਸਦੇਵ ਸਿੰਘ।

ਭਾਈ ਜਸਦੇਵ ਸਿੰਘ ਦਾ ਜਨਮ 17 ਅਗਸਤ 1962 ਨੂੰ ਪਿੰਡ ਗਿੱਲ, ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ੍ਰ. ਸੁਰਜੀਤ ਸਿੰਘ ਦੇ ਗ੍ਰਿਹ, ਮਾਤਾ ਬੀਬੀ ਭੁਪਿੰਦਰ ਕੌਰ ਦੀ ਕੁੱਖੋਂ ਹੋਇਆ। ਜਸਦੇਵ ਸਿੰਘ ਦੀ ਮੁੱਢਲੀ ਪੜ੍ਹਾਈ ਕੁੰਦਨ ਵਿੱਦਿਆ ਮੰਦਰ ਵਿੱਚ ਹੋਈ। ਤੀਜੀ ਤੋਂ ਅਠਵੀਂ ਤਕ ਸਿੰਘ ਸਭਾ ਸਕੂਲ, ਮਾਡਲ ਟਾਊਨ ਤੋਂ ਪੜ੍ਹਿਆ ਤੇ ਦਸਵੀਂ ਮਾਲਵਾ ਖ਼ਾਲਸਾ ਹਾਈ ਸਕੂਲ ਤੋਂ ਕੀਤੀ। ਫਿਰ ਬਰਨਾਲ਼ੇ ਤੇ ਪਟਿਆਲ਼ੇ ਦੇ ਕਾਲਜਾਂ 'ਚ ਪੜ੍ਹਦਾ ਉਹ ਸੰਨ 1984 ਵਿੱਚ ਪਟਿਆਲ਼ੇ ਦੇ ਸਰਕਾਰੀ ਬਿਕਰਮ ਕਾਲਜ ਵਿੱਚ ਬੀ. ਕਾਮ (ਦੂਜਾ ਸਾਲ) ਦਾ ਵਿਦਿਆਰਥੀ ਸੀ।

ਭਾਈ ਜਸਦੇਵ ਸਿੰਘ ਦੇ ਪਰਿਵਾਰ ਵਿੱਚ ਸਾਹਿਤਿਕ ਰੁਚੀਆਂ ਅਤੇ ਧਾਰਮਿਕ ਵਿਚਾਰ ਹੋਣ ਕਾਰਨ, ਬਚਪਨ ਤੋਂ ਹੀ ਉਹ ਵੀ ਸਿੱਖੀ ਪ੍ਰੇਮ ਵਿੱਚ ਰੰਗਿਆ ਗਿਆ ਸੀ। ਜਿਨ੍ਹਾਂ ਸਮਿਆਂ ਵਿੱਚ ਭਾਈ ਜਸਦੇਵ ਸਿੰਘ ਦੀ ਪੀੜ੍ਹੀ ਜਵਾਨ ਹੋਈ, ਉਹਨਾਂ ਦਿਨਾਂ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਲਾਸਾਨੀ ਸ਼ਖ਼ਸੀਅਤ ਵੱਲ ਆਪ ਮੁਹਾਰੇ ਹੀ ਸਿੱਖ ਜਵਾਨੀ



ਖਿੱਚੀ ਜਾ ਰਹੀ ਸੀ। ਭਾਈ ਜਸਦੇਵ ਸਿੰਘ ਵੀ ਸੰਤ ਜਰਨੈਲ ਸਿੰਘ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਵੱਲ ਖਿੱਚੇ ਗਏ ਸਨ। ਇੱਕ ਵਾਰ ਪਟਿਆਲ਼ੇ ਇਲਾਕੇ ਵਿੱਚੋਂ ਕਣਕ ਇਕੱਤਰ ਕਰ ਕੇ ਸ੍ਰੀ ਦਰਬਾਰ ਸਾਹਿਬ ਪਹੁੰਚੇ ਤੇ ਸੰਤ ਜਰਨੈਲ ਸਿੰਘ ਜੀ ਨੂੰ ਮਿਲ਼ੇ। ਸੰਤਾਂ ਨੇ ਜਸਦੇਵ ਸਿੰਘ ਨਾਂ ਦੇ ਇਸ ਨੌਜਵਾਨ ਦੇ ਵਿਚਾਰ ਜਾਣ ਕੇ ਕੰਡ ਤੇ ਥਾਪੜਾ ਦਿੱਤਾ। ਜਸਦੇਵ ਸਿੰਘ ਨੇ ਵੀਹ ਕੁ ਸਾਲ ਦੀ ਉਮਰ ਵਿੱਚ ਹੀ ਖ਼ਾਲਸਾਈ ਧਰਮ ਯੁੱਧ ਦੇ ਅੰਤਰੀਵ ਅਰਥਾਂ ਨੂੰ ਜਾਣ ਲਿਆ ਸੀ ਤੇ ਇਸ ਦੀ ਵਿਆਖਿਆ ਵੀ ਕਰਨ ਲੱਗ ਪਿਆ ਸੀ।

ਜਸਦੇਵ ਸਿੰਘ ਇਹ ਗੰਭੀਰ ਹਕੀਕਤ ਸਮਝ ਗਿਆ ਸੀ ਕਿ ਗੁਰੂ ਘਰ ਨੂੰ ਅੱਜ ਕਣਕ ਨਾਲ਼ੋਂ ਵਧੇਰੇ ਸਿਰਾਂ ਦੀ ਲੋੜ ਹੈ। ਉਸ ਨੇ ਆਪਣਾ ਸਿਰ ਸਿਧਾਂਤਕ ਤੌਰ ਤੇ ਗੁਰੂ ਨੂੰ ਅਰਪਣ ਕਰ ਦਿੱਤਾ ਸੀ। ਉਹ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਵਿਰੁੱਧ ਕੀਤੇ ਜਾਂਦੇ ਭੰਡੀ ਪ੍ਰਚਾਰ ਦਾ ਹਰ ਥਾਂ ਠੋਕਵਾਂ ਜਵਾਬ ਦਿੰਦਾ ਤੇ ਕਹਿੰਦਾ ਕਿ ਗੁਰੂ ਸਾਹਿਬਾਨ ਨੇ ਵੀ ਗੁਰਧਾਮਾਂ ਤੋਂ ਹੀ ਹਥਿਆਰਬੰਦ ਸੰਘਰਸ਼ ਦਾ ਆਗਾਜ਼ ਕੀਤਾ ਸੀ ; ਸੰਘਰਸ਼, ਜੋ ਇਸ ਸਮੇਂ ਦੀ ਮੁੱਢਲੀ ਲੋੜ ਹੈ।

ਜਦੋਂ 1984 ਦਾ ਜੂਨ ਮਹੀਨਾ ਚੜ੍ਹਿਆ ਤਾਂ ਓਦੋਂ ਭਾਈ ਜਸਦੇਵ ਸਿੰਘ ਸਰਕਾਰੀ ਬਿਕਰਮ ਕਾਲਜ ਪਟਿਆਲ਼ਾ ਵਿਖੇ ਬੀ. ਕਾਮ ਦਾ ਦੂਜੇ ਸਾਲ ਦਾ ਵਿਦਿਆਰਥੀ ਸੀ। ਆਪ ਦੇ ਪਿਤਾ ਸ੍ਰ. ਸੁਰਜੀਤ ਸਿੰਘ, ਸਰਹਿੰਦ ਵਿਖੇ ਬਲਾਕ ਡਿਵੈਲਪਮੈਂਟ ਅਫ਼ਸਰ ਵਜੋਂ ਨਿਯੁਕਤ ਸਨ ਤੇ ਸਰਹਿੰਦ ਵਿਖੇ ਹੀ ਸਾਰਾ ਪਰਿਵਾਰ ਰਹਿ ਰਿਹਾ ਸੀ। ਪਹਿਲੀ ਜੂਨ ਨੂੰ ਜਦੋਂ ਸੀ.ਆਰ.ਪੀ. ਨੇ 7 ਘੰਟੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੇ ਗੋਲ਼ੀ ਚਲਾਈ ਤਾਂ ਜਸਦੇਵ ਸਿੰਘ ਸਮਝ ਗਿਆ ਕਿ ਹੁਣ ਸਿੱਖ ਜਵਾਨੀਆਂ ਦੀ ਲੋੜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੈ। ਉਸ ਨੇ ਤਿਆਰੀ ਕਰ ਲਈ। ਪਰਿਵਾਰ ਦੇ ਮੈਂਬਰਾਂ ਨੇ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਬਲਦੀ ਸ਼ਮ੍ਹਾ ਤਕ ਪੁੱਜਣੋਂ ਪਤੰਗੇ ਨੂੰ ਕੌਣ ਰੋਕ ਸਕਦਾ ਹੈ ? ਉਹ ਘਰੋਂ ਨਿਕਲ਼ ਤੁਰਿਆ।

ਜਸਦੇਵ ਸਿੰਘ ਦਾ ਇੱਕ ਦੋਸਤ ਨਾਲ਼ ਤੁਰਿਆ। ਕੁਝ ਜ਼ਰੂਰੀ ਸਮਾਨ ਖ਼ਰੀਦ ਕੇ ਦੋਸਤ ਨੂੰ ਗੁਰਦੁਆਰਾ ਦੂਖ ਨਿਵਾਰਨ ਪਟਿਆਲ਼ਾ ਛੱਡਣ ਆਇਆ ਤਾਂ ਕਿ ਉਸ ਨੂੰ ਓਥੇ ਛੱਡ ਕੇ ਆਪ ਅੰਮ੍ਰਿਤਸਰ ਜਾ ਸਕੇ, ਪਰ ਏਨੇ ਸਮੇਂ ਨੂੰ ਭਾਰਤੀ ਸਟੇਟ ਨੇ ਪੂਰੇ ਪੰਜਾਬ ਵਿੱਚ ਕਰਫ਼ਿਊ ਲਾਗੂ ਕਰ ਦਿੱਤਾ। ਜਸਦੇਵ ਸਿੰਘ ਹੋਰੀਂ ਪਟਿਆਲ਼ੇ ਹੀ ਘਿਰ ਗਏ। ਭਾਰਤੀ ਫ਼ੌਜ ਨੇ ਸ੍ਰੀ ਹਰਿਮੰਦਰ ਸਾਹਿਬ ਉੱਤੇ ਕਹਿਰੀ ਹਮਲਾ ਬੋਲ ਦਿੱਤਾ ਤੇ ਭਾਈ ਜਸਦੇਵ ਸਿੰਘ ਵਰਗੇ ਹਜ਼ਾਰਾਂ ਲੱਖਾਂ ਅਣਖੀਲੇ ਗੱਭਰੂ ਕਰਫ਼ਿਊ ਵਿੱਚ ਘਿਰ ਕੇ ਰਹਿ ਗਏ, ਫਿਰ ਵੀ ਭਾਰਤੀ ਸਟੇਟ ਦੇ ਜ਼ੁਲਮ ਜਬਰ ਵਿਰੁੱਧ ਲੜਨ ਤੇ ਲੜ ਕੇ ਸ਼ਹੀਦ ਹੋਣ ਦਾ ਮੌਕਾ ਭਾਈ ਜਸਦੇਵ ਸਿੰਘ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲ਼ਾ ਵਿਖੇ ਵੀ ਮਿਲ਼ ਗਿਆ।

6 ਜੂਨ 1984 ਦਾ ਦਿਨ ਸੀ ਜਦੋਂ ਭਾਰਤੀ ਫ਼ੌਜ ਨੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲ਼ਾ ਤੇ ਵੀ ਹਮਲਾ ਕੀਤਾ, ਪੰਜਾਬ ਦੇ ਹੋਰ ਕਈ ਗੁਰਦੁਆਰਿਆਂ ਦੇ ਨਾਲ਼ ਹੀ। ਸ਼ਾਇਦ ਇਹ 4 ਜੂਨ ਤੋਂ ਲੈ ਕੇ 6 ਜੂਨ ਤਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਾਵਨ ਪਰਕਰਮਾ 'ਚ ਦਾਖ਼ਲ ਹੋਣ ਵਾਲ਼ੇ ਭਾਰਤੀ ਫ਼ੌਜੀਆਂ ਦੇ ਸਿੰਘਾਂ ਵੱਲੋਂ ਵੱਡੀ ਗਿਣਤੀ 'ਚ ਪਰਖੱਚੇ

ਉਡਾ ਦਿੱਤੇ ਜਾਣ ਦਾ ਬੁਖਲਾਹਟ ਭਰਿਆ ਪ੍ਰਤੀਕਰਮ ਸੀ। ਨਸ਼ੇ 'ਚ ਚੂਰ ਭਾਰਤੀ ਫ਼ੌਜੀਆਂ ਨੇ ਸਿੱਖ ਸੰਗਤਾਂ ਦੀਆਂ ਲਾਸ਼ਾਂ ਦੇ ਢੇਰ ਲਾ ਦਿੱਤੇ। ਕੁਝ ਪੁਲਿਸ ਅਫ਼ਸਰਾਂ ਨੇ ਆਪਣੇ ਉੱਦਮ ਨਾਲ਼ ਸਿੱਖਾਂ ਨੂੰ ਬਚਾਉਣ ਦਾ ਯਤਨ ਕੀਤਾ, ਪਰ ਜਦੋਂ ਭਾਰਤੀ ਫ਼ੌਜੀ ਸਿੱਖ ਬੀਬੀਆਂ ਨਾਲ਼ ਬਦਤਮੀਜ਼ੀ ਨਾਲ਼ ਪੇਸ਼ ਆਉਣ ਲੱਗੇ ਤਾਂ ਭਾਈ ਜਸਦੇਵ ਸਿੰਘ ਤੋਂ ਰਿਹਾ ਨਾ ਗਿਆ। ਉਸ ਨੇ ਕੈਪਟਨ ਸੰਧੂ ਨਾਂ ਦੇ ਅਫ਼ਸਰ ਨੂੰ ਝਾੜ ਪਾਈ, ਜ਼ੁਲਮ ਦਾ ਸਿਦਕਦਿਲੀ ਨਾਲ਼ ਵਿਰੋਧ ਕੀਤਾ ਤੇ ਮੱਥੇ ਵਿੱਚ ਗੋਲ਼ੀ ਖਾ ਕੇ ਸ਼ਹਾਦਤ ਦਾ ਪਿਰਮ ਪਿਆਲਾ ਪ੍ਰਾਪਤ ਕਰ ਗੁਰੂ ਦੀ ਗੋਦ ਵਿੱਚ ਹਮੇਸ਼ਾਂ ਲਈ ਸੌਂ ਗਿਆ।



ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲਾ



ਭਾਰਤੀ ਸਟੇਟ ਤੇ ਉਸ ਦੇ ਤਨਖ਼ਾਹਦਾਰ ਫ਼ੌਜੀਆਂ ਨੂੰ ਸ਼ਾਇਦ ਭਰਮ ਸੀ ਕਿ ਸਿੱਖਾਂ ਦਿਆਂ ਸਿਰਾਂ 'ਚ ਗੋਲ਼ੀਆਂ ਮਾਰ ਮਾਰ ਕੇ ਉਹ ਸਿੱਖ ਕੌਮ ਨੂੰ ਸਿਰ ਉਤਾਂਹ ਚੁੱਕ ਕੇ ਤੁਰਨ ਦੀ ਅਦਾ ਭੁਲਾ ਦੇਣਗੇ, ਪਰ ਇਹਨਾਂ ਸ਼ਹਾਦਤਾਂ ਨੇ ਸਗੋਂ ਖ਼ਾਲਸੇ ਦੇ ਕਦਮ ਅਜ਼ਾਦੀ ਅਥਵਾ ਖ਼ਾਲਸਾ ਰਾਜ ਦੇ ਸ਼ਾਹਰਾਹ ਉੱਤੇ ਚਾੜ੍ਹ ਦਿੱਤੇ, ਨਿਹੱਥੇ ਹੋਣ ਦੇ ਅਹਿਸਾਸ ਨੇ ਪੰਜਾਬ ਅੰਦਰ ਬੰਦੂਕਾਂ ਦੀ ਫ਼ਸਲ ਬੀਜ ਦਿੱਤੀ। ਬੇਸ਼ੱਕ ਸਰਕਾਰੀ ਪ੍ਰਚਾਰ ਤੰਤਰ ਅਣਖੀਲੀ ਸਿੱਖ ਜਵਾਨੀ ਨੂੰ 'ਅੱਤਵਾਦੀ' ਆਖੀ ਜਾਵੇ ਅਤੇ ਪੰਜਾਬ ਦੇ ਲੋਕਾਂ ਨੂੰ ਉਹਨਾਂ ਦੇ ਵਿਰੋਧੀ ਕਹੀ ਜਾਵੇ, ਪਰ ਗਿੱਲ ਪਿੰਡ ਦੀ ਜੂਹ 'ਚ ਭਾਈ ਜਸਦੇਵ ਸਿੰਘ ਦੇ ਨਾਂ ਤੇ ਬਣਿਆ 'ਸ਼ਹੀਦ ਭਾਈ ਜਸਦੇਵ ਸਿੰਘ ਨਗਰ', ਸ਼ਹੀਦ ਦੇ ਨਾਂ ਤੇ ਹੀ ਬਣੇ 'ਸ਼ਹੀਦ ਭਾਈ ਜਸਦੇਵ ਸਿੰਘ ਮਾਰਗ' ਅਤੇ 'ਸ਼ਹੀਦ ਭਾਈ ਜਸਦੇਵ ਸਿੰਘ ਪੰਚਾਇਤੀ ਰਾਜ ਸਪੋਰਟਸ ਕਲੱਬ' ਦੁਨੀਆਂ ਨੂੰ ਦੱਸਦੇ ਹਨ ਕਿ ਸਿੱਖ ਆਪਣੇ ਸ਼ਹੀਦ ਹੋਏ ਅਣਖੀ ਨੌਜਵਾਨਾਂ ਨੂੰ ਕਿੰਨਾ ਪਿਆਰ ਕਰਦੇ ਹਨ। ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਏਨਾ ਪਿਆਰ ਕਰਦੀਆਂ ਹਨ, ਉਹ ਇੱਕ ਦਿਨ ਸ਼ਹੀਦਾਂ ਦੇ ਸੁਪਨੇ ਪੂਰੇ ਕਰ ਕੇ ਹੀ ਸਾਹ ਲੈਂਦੀਆਂ ਹਨ, ਇਸ ਦਾ ਇਤਿਹਾਸ ਗਵਾਹ ਹੈ।

ਸ਼ਹੀਦ ਭਾਈ ਜਸਦੇਵ ਸਿੰਘ ਦੇ ਮਾਤਾ ਪਿਤਾ ਨਾਲ ਲੇਖਕ, ਸੰਦੀਪ ਕੌਰ ਅਤੇ ਭਾਈ ਸਤਨਾਮ ਸਿੰਘ ਝੰਜੀਆਂ

****

ਤੇ ਹਿੰਦੂਵਾਦੀ ਧਿਰਾਂ ਨੇ ਅਕਾਲੀ ਸਰਕਾਰ ਤੋਂ 6 ਜੂਨ ਦੀ ਵਧਾਈ ਦਿਵਾਈ

ਜੁਲਾਈ 2007 ਦੇ ਮਹੀਨੇ ਲੇਖਕ ਨੇ ਆਪਣੇ ਮੈਗਜ਼ੀਨ ਰਾਹੀਂ ਇਹ ਮੁੱਦਾ ਸਿੱਖ ਸੰਗਤਾਂ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਪੰਜਾਬ ਤੇ ਰਾਜ ਕਰ ਰਹੀ ਅਖੌਤੀ ਪੰਥਕ (ਬਾਦਲ) ਸਰਕਾਰ ਨੂੰ ਸਿੱਖ ਇਤਿਹਾਸ ਦੇ ਇੱਕ ਮਹਾਨ ਨਾਇਕ 'ਬਾਬਾ ਬੰਦਾ ਸਿੰਘ ਬਹਾਦਰ' ਦਾ ਸ਼ਹੀਦੀ ਦਿਹਾੜਾ ਤਾਂ ਯਾਦ ਨਹੀਂ, ਪਰ ਉਹ ਰਾਜਸਥਾਨ ਦੇ ਇੱਕ ਇਤਿਹਾਸਕ ਪਾਤਰ 'ਮਹਾਰਾਣਾ ਪ੍ਰਤਾਪ' ਦਾ ਜਨਮ ਦਿਨ ਪੂਰੇ ਧੂਮ-ਧਾਮ ਨਾਲ਼ ਮਨਾ ਰਹੀ ਹੈ। ਇਹ ਮੁੱਦਾ ਓਦੋਂ ਕਈ ਬਾਦਲ ਦਲੀ ਵਰਕਰਾਂ, ਜਿਨ੍ਹਾਂ ਵਿੱਚ ਥੋੜ੍ਹੀ ਬਹੁਤੀ ਅਣਖ ਹੈ, ਨੇ ਵੀ ਗੰਭੀਰਤਾ ਨਾਲ਼ ਲਿਆ ਸੀ ਤੇ ਕਈਆਂ ਨੇ ਸਾਨੂੰ ਫ਼ੋਨ ਕਰ ਕੇ ਲਹੂ ਦੇ ਹੰਝੂ ਵੀ ਵਹਾਏ ਸਨ, ਪਰ ਇਹ ਛੇਤੀ ਹੀ ਸਪਸ਼ਟ ਹੋ ਗਿਆ ਕਿ ਬਾਦਲ ਪਰਿਵਾਰ ਦੀ ਲਗਾਮ ਭਾਜਪਾ ਤੇ ਆਰ.ਐਸ.ਐਸ. ਨੇ ਏਨੀ ਕੱਸ ਕੇ ਫੜੀ ਹੋਈ ਹੈ ਕਿ ਉਹ ਭਾਜਪਾ ਵੱਲੋਂ ਵਿਖਾਏ ਜਾ ਰਹੇ ਰਸਤੇ ਤੋਂ ਇਲਾਵਾ ਏਧਰ-ਓਧਰ ਝਾਕਦਾ ਹੀ ਨਹੀਂ, ਜਾਂ ਝਾਕਣ ਦੀ ਹਾਲਤ ਵਿੱਚ ਹੀ ਨਹੀਂ ਹੈ।

ਸ਼ਾਇਦ ਇਹੀ ਕਾਰਨ ਸੀ ਕਿ ਉਸ ਤੋਂ ਅਗਲੇ ਸਾਲ (ਸੰਨ 2008 ਵਿੱਚ) ਫਿਰ ਜੂਨ ਦੇ ਮਹੀਨੇ ਭਾਜਪਾ ਨੇ ਬਾਦਲ ਸਰਕਾਰ ਤੋਂ ਮਹਾਰਾਣਾ ਪ੍ਰਤਾਪ ਦੇ ਜਨਮ ਦਿਨ ਦੀ ਵਧਾਈ ਦਿਵਾਈ। ਪਰ ਇਸ ਸਾਲ ਇੱਕ ਹੋਰ ਵੱਡੀ ਸ਼ਰਾਰਤ ਇਹ ਕੀਤੀ ਗਈ ਕਿ ਇਹ ਵਧਾਈ ਦੇਣ ਲਈ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਨੂੰ ਨਜ਼ਰ-ਅੰਦਾਜ਼ ਕਰਨ ਦੇ ਨਾਲ਼-ਨਾਲ਼ ਸਿੱਖ ਕੌਮ ਨੂੰ ਇੱਕ ਹੋਰ ਜ਼ਹਿਰੀਲੇ ਨਸ਼ਤਰ ਦੀ ਚੋਭ ਲਾਈ ਗਈ। ਸੰਨ 2008 ਵਿੱਚ ਅਖ਼ਬਾਰਾਂ ਅੰਦਰ ਪੰਜਾਬ ਸਰਕਾਰ ਵੱਲੋਂ ਮਹਾਰਾਣਾ ਪ੍ਰਤਾਪ ਦੇ ਜਨਮ ਦਿਨ ਦੀ ਵਧਾਈ ਦੇ ਜਿਹੜੇ ਇਸ਼ਤਿਹਾਰ ਦਿੱਤੇ ਗਏ, ਉਹਨਾਂ ਇਸ਼ਤਿਹਾਰਾਂ 'ਤੇ ਸ਼ਬਦਾਵਲੀ ਇਸ ਤਰ੍ਹਾਂ ਸੀ:-

ਸਾਲ 2007 ਵਿੱਚ ਰਾਣੇ ਪ੍ਰਤਾਪ ਦੇ ਬਾਰੇ ਜਾਰੀ ਇਸ਼ਤਿਹਾਰ ਜਿਸ ਵਿੱਚ ਜਨਮ ਤਰੀਕ 17 ਜੂਨ ਸੀ

"ਪੰਜਾਬ ਸਰਕਾਰ ਵੱਲੋਂ ਭਾਰਤ ਦੇ ਸਵੈਮਾਣ ਦੇ ਰੱਖਿਅਕ, ਤਿਆਗ, ਕੁਰਬਾਨੀ ਅਤੇ ਅਣਖ ਦੀ ਮਿਸਾਲ ਮਹਾਨ ਸੂਰਬੀਰ ਮਹਾਰਾਣਾ ਪ੍ਰਤਾਪ ਜੀ ਦੇ 469ਵੇਂ ਜਨਮ ਦਿਵਸ 6 ਜੂਨ 2008 ਦੇ ਸ਼ੁਭ ਅਵਸਰ 'ਤੇ ਲੱਖ-ਲੱਖ ਵਧਾਈ.....।"

ਹੁਣ ਕੋਈ ਪੁੱਛੇ ਕਿ ਪਿਛਲੇ ਸਾਲ (ਸੰਨ 2007 ਵਿੱਚ) ਇਹੀ ਮਹਾਰਾਣਾ ਪ੍ਰਤਾਪ ਦਾ ਜਨਮ ਦਿਨ 17 ਜੂਨ ਨੂੰ ਆਇਆ ਸੀ ਤਾਂ ਇਸ ਸਾਲ (ਸੰਨ 2008 ਵਿੱਚ) 6 ਜੂਨ ਨੂੰ ਕਿਵੇਂ ਬਣ ਗਿਆ? ਤੇ ਇੱਕ ਹੋਰ ਗੱਲ, ਸੰਨ 2007 ਵਿੱਚ ਇਹ 467ਵਾਂ ਜਨਮ ਦਿਵਸ ਸੀ, ਸੰਨ 2008 ਵਿੱਚ ਇੱਕ ਸਾਲ ਟੱਪ ਕੇ ਇਹ ਜਨਮ ਦਿਨ 469ਵਾਂ ਜਨਮ ਦਿਵਸ ਕਿਵੇਂ ਬਣ ਗਿਆ?

ਅਸਲ ਵਿੱਚ ਗੱਲ ਮਹਾਰਾਣਾ ਪ੍ਰਤਾਪ ਦਾ ਜਨਮ

ਦਿਨ ਮਨਾਉਣ ਦੀ ਨਹੀਂ ਸੀ, ਬਲਕਿ ਬਾਦਲਕਿਆਂ ਨੂੰ ਕਠਪੁਤਲੀਆਂ ਵਾਂਗ ਆਪਣੀਆਂ ਉਂਗਲ਼ਾਂ 'ਤੇ ਨਚਾ ਕੇ ਸਿੱਖਾਂ ਨੂੰ ਚਿੜਾਉਣ ਦੀ ਸੀ ਤੇ ਇਸ ਵਿੱਚ ਤਰੀਕਾਂ ਅਤੇ ਸੰਨ ਕੋਈ ਮਾਇਨੇ ਨਹੀਂ ਰੱਖਦੇ। ਸਿੱਖ ਲੀਡਰ ਅਖਵਾਉਣ ਵਾਲ਼ੇ ਲੋਕਾਂ ਰਾਹੀਂ ਸਿੱਖ ਇਤਿਹਾਸਕ ਦਿਹਾੜਿਆਂ ਅਤੇ ਸਿੱਖ ਨਾਇਕਾਂ ਨੂੰ ਛੁਟਿਆ ਕੇ ਮਜ਼ਾ ਲੈਣਾ ਹੀ ਹਿੰਦੂਵਾਦੀ ਫ਼ਿਤਰਤ ਹੈ। ਅਸਲ ਵਿੱਚ ਕਾਰਨ ਅਤੇ ਹਿੰਦੂਵਾਦੀ ਮਨਸ਼ਾ ਇਹ ਸੀ ਕਿ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਭਾਰਤੀ ਫ਼ੌਜੀ ਹਮਲੇ, ਜਿਸ ਵਿੱਚ ਹਜ਼ਾਰਾਂ ਸਿੱਖ ਸੰਗਤਾਂ ਨੂੰ ਭਾਰਤੀ ਫ਼ੌਜ ਨੇ ਗੋਲ਼ੀਆਂ ਨਾਲ਼ ਭੁੰਨਿਆ, ਨਿੱਕੇ-ਨਿੱਕੇ ਮਸੂਮ ਬੱਚੇ ਕੰਧਾਂ ਨਾਲ਼ ਪਟਕਾ-ਪਟਕਾ ਕੇ ਮਾਰੇ, ਦਰਬਾਰ ਸਾਹਿਬ ਦੀ ਪਵਿੱਤਰਤਾ ਵਿੱਚ ਆਪਣੀ ਗੰਦੀ ਮਾਨਸਿਕਤਾ ਦਾ ਅਤੇ ਆਪਣਾ ਗੰਦਾ ਸਰੀਰਿਕ ਪ੍ਰਦੂਸ਼ਣ ਫੈਲਾਇਆ, ਉਸ ਘਲੂਘਾਰੇ ਦੀ ਯਾਦ ਸਮੁੱਚੀ ਸਿੱਖ ਕੌਮ ਹਰ ਸਾਲ 6 ਜੂਨ ਵਾਲ਼ੇ ਦਿਨ ਮਨਾਉਂਦੀ ਹੈ। ਹਰ 6 ਜੂਨ ਦਾ ਦਿਨ ਹਰੇਕ ਸਿੱਖ ਲਈ ਵੈਰਾਗਮਈ ਦਿਨ ਹੁੰਦਾ ਹੈ। ਭਾਜਪਾ ਦਾ ਮਕਸਦ ਇਹ ਸੀ ਕਿ ਉਸ ਦਿਨ ਜਦੋਂ ਪੂਰੀ ਸਿੱਖ ਕੌਮ 1984 ਵਿੱਚ ਵਰਤੇ ਕਹਿਰ ਦੀ ਯਾਦ ਅਤੇ ਸੋਗ ਵਿੱਚ ਡੁੱਬੀ ਹੋਵੇਗੀ ਤਾਂ ਐਨ ਓਦੋਂ ਹੀ ਭਾਜਪਾ ਭਗਤ ਜਮੂਰਿਆਂ (ਬਾਦਲਕਿਆਂ) ਤੋਂ ਪੰਜਾਬ ਵਾਸੀਆਂ ਨੂੰ '6 ਜੂਨ ਦੇ ਸ਼ੁਭ ਅਵਸਰ ਦੀ ਲੱਖ-ਲੱਖ ਵਧਾਈ' ਦਿਵਾ ਕੇ ਸਿੱਖਾਂ ਨੂੰ ਪੂਰੀ ਦੁਨੀਆਂ ਵਿੱਚ ਜਿੱਚ ਕਰਨਾ ਹੈ। ਬਾਦਲਕਿਆਂ ਦੀ ਟੁੱਕੜਬੋਚ ਅਤੇ ਚੱਪਲੀ ਝਾੜ ਜ਼ਹਿਨੀਅਤ ਕਾਰਨ ਭਾਜਪਾ ਲਈ ਅਜਿਹਾ ਕੁਝ ਵੀ ਕਰਨਾ ਅਸੰਭਵ ਨਹੀਂ ਹੈ; ਜੂਨ 2008 ਦੀਆਂ ਅਖ਼ਬਾਰਾਂ ਵਿੱਚ ਛਪਿਆ ਪੂਰੀ ਸਿੱਖ ਕੌਮ ਦਾ ਮੂੰਹ ਚਿੜਾ ਰਿਹਾ ਇਹ ਇਸ਼ਤਿਹਾਰ ਗਵਾਹ ਹੈ। ਯਾਦ ਰਹੇ ਕਿ ਵੋਟਾਂ ਲੈਣ ਵੇਲ਼ੇ ਇਹੀ ਗ਼ੱਦਾਰ ਬਾਦਲਕੇ ਦਰਬਾਰ ਸਾਹਿਬ 'ਤੇ ਹਮਲੇ ਦੀ ਗੱਲ ਕਰ ਕਰ ਕੇ ਖ਼ੂਬ ਮਗਰਮੱਛ ਦੇ ਹੰਝੂ ਵਹਾਉਂਦੇ ਹਨ, ਭੋਲ਼ੇ ਸਿੱਖ ਤਾਂ ਏਨੀ ਗੱਲ ਵੀ ਨਹੀਂ ਸਮਝ ਸਕਦੇ ਕਿ ਦਰਬਾਰ ਸਾਹਿਬ 'ਤੇ ਹਮਲੇ ਦੀ ਕਾਂਗਰਸ ਨਾਲ਼ੋਂ ਵੀ ਵਧੇਰੇ ਜ਼ਿੰਮੇਵਾਰੀ ਲੈਣ ਵਾਲ਼ੀ ਭਾਜਪਾ ਦੀ ਬੁੱਕਲ ਵਿੱਚ ਵੜੇ ਇਹਨਾਂ ਬਾਦਲਕਿਆਂ ਲਈ ਦਰਬਾਰ ਸਾਹਿਬ 'ਤੇ ਹਮਲਾ ਓਹੀ ਅਹਿਮੀਅਤ ਰੱਖਦਾ ਹੋਵੇਗਾ, ਜਿਹੜਾ ਇਹਨਾਂ ਦੀ ਮਾਈ-ਬਾਪ ਭਾਜਪਾ ਦੇ ਲਈ।

ਸਾਲ 2008 ਵਿੱਚ ਰਾਣੇ ਪ੍ਰਤਾਪ ਦੇ ਬਾਰੇ ਜਾਰੀ ਇਸ਼ਤਿਹਾਰ ਜਿਸ ਵਿੱਚ ਜਨਮ ਤਰੀਕ 6 ਜੂਨ ਕਰ ਦਿੱਤੀ ਗਈ

ਸਾਡੇ ਲਈ ਮੁੱਖ ਸਵਾਲ ਇਹ ਹੈ ਕਿ ਸਿੱਖ ਕੌਮ ਦੇ ਅੰਦਰੋਂ ਬਾਦਲ ਵਰਗੇ ਟੁੱਕੜਬੋਚ ਲੱਭ-ਲੱਭ ਕੇ ਉਹਨਾਂ ਰਾਹੀਂ ਸਿੱਖ ਕੌਮ ਨੂੰ ਜ਼ਲੀਲ ਕਰਨ ਲਈ ਯਤਨਸ਼ੀਲ ਹਿੰਦੂਵਾਦੀ ਧਿਰਾਂ ਜਿਨ੍ਹਾਂ ਦੇ ਹੱਥ ਸਿੱਖਾਂ ਦੇ ਲਹੂ ਨਾਲ਼ ਰੰਗੇ ਹੋਏ ਹਨ ਉਹਨਾਂ ਦੀ ਗੁਲਾਮੀ ਤੋਂ ਕੌਮ ਨੂੰ ਅਜ਼ਾਦ ਕਰਵਾਉਣ ਲਈ ਅਸੀਂ ਕੀ ਕਰ ਰਹੇ ਹਾਂ?

****

ਅਣਖੀਲੇ ਜਰਨੈਲ ਦੀ ਫੋਟੋ ਸਿੱਖ ਅਜਾਇਬ ਘਰ 'ਚ ਹਿੰਦੂਵਾਦੀਆਂ ਨੂੰ ਕਾਂਬਾ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ

(ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਏ ਜਾਣ ਸਮੇਂ ਪੈਦਾ ਹੋਏ ਵਿਵਾਦ ਤੇ ਲਿਖਿਆ ਲੇਖ)

ਹਿੰਦੂਵਾਦ ਨੂੰ ਸਮਰਪਿਤ ਸਾਰੀਆਂ ਹੀ ਜਥੇਬੰਦੀਆਂ, ਜਿਨ੍ਹਾਂ ਨੂੰ ਤਸੱਲੀ ਹੋ ਚੁੱਕੀ ਹੈ ਕਿ ਸਿੱਖਾਂ ਦੀਆਂ ਮੁੱਖ ਸੰਸਥਾਵਾਂ 'ਚ ਸਾਡੀ ਇਜਾਜ਼ਤ ਤੋਂ ਬਿਨਾਂ ਹੁਣ ਪੱਤਾ ਵੀ ਨਹੀਂ ਹਿੱਲ ਸਕਦਾ, ਉਹਨਾਂ ਨੂੰ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਨੂੰ ਸਿੱਖ ਅਜਾਇਬ ਘਰ 'ਚ ਲਾਏ ਜਾਣ ਬਾਰੇ ਸੁਣਦਿਆਂ ਹੀ ਮਰੋੜ ਲੱਗ ਗਏ। ਹਰੇਕ ਹਿੰਦੂਵਾਦੀ ਜਥੇਬੰਦੀ ਵਾਰੋ-ਵਾਰ ਆਪਣੇ ਅੰਦਰਲੀ ਸੜ੍ਹਾਂਦ ਬਾਹਰ ਕੱਢਣ ਲੱਗ ਪਈ।

ਪੰਜਾਬ ਭਾਜਪਾ ਤੇ ਪੰਜਾਬ ਕਾਂਗਰਸ ਦੇ ਕਈ ਲੀਡਰ ਜਿੱਥੇ ਇਹ ਕਹਿੰਦੇ ਰਹੇ ਕਿ ਸੰਤਾਂ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਲੱਗਣ ਹੀ ਨਹੀਂ ਦਿੱਤੀ ਜਾਵੇਗੀ, ਉਥੇ ਹਿੰਦੂ ਸ਼ਿਵ ਸੈਨਾ ਵਰਗੀਆਂ ਜਥੇਬੰਦੀਆਂ ਤੇ ਬਿੱਟੇ ਵਰਗਿਆਂ ਮਦਾਰੀਆਂ ਨੇ ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਵਿਰੁੱਧ ਅੰਦੋਲਨ ਛੇੜਨ ਦੀ ਗਿੱਦੜ ਭਬਕੀ ਮਾਰ ਕੇ ਇੱਕ ਕਿਸਮ ਨਾਲ 'ਹਊ-ਹਊ' ਕਰ ਕੇ ਬਾਦਲ ਤੇ ਮੱਕੜ ਨੂੰ ਕਾਂਬਾ ਛੇੜਨ ਦੀ ਕੋਸ਼ਿਸ਼ ਕੀਤੀ। ਓਧਰੋਂ ਐਲਾਨ ਕਰ ਦੇਣ ਪਿੱਛੋਂ ਬਾਦਲਕਿਆਂ ਦਾ ਇਸ ਫ਼ੈਸਲੇ ਤੋਂ ਭੱਜਣਾ ਬਹੁਤ ਮੁਸ਼ਕਲ ਸੀ। ਫਿਰ ਵੀ ਉਹਨਾਂ ਨੇ ਮਿਥੀ ਤਰੀਕ ਤੋਂ ਇੱਕ ਦਿਨ ਪਹਿਲਾਂ ਹੀ ਚੋਰੀ-ਚੋਰੀ ਸੰਤਾਂ ਦੀ ਤਸਵੀਰ ਫੋਟੋ ਅਜਾਇਬ-ਘਰ 'ਚ ਸਥਾਪਿਤ ਕਰ ਦਿੱਤੀ।

ਜਿਸ ਸੂਰਮੇ ਦੀ ਇੱਕ ਦਹਾੜ ਦਿੱਲੀ ਦੇ ਲਾਲ ਕਿਲ੍ਹੇ ਦੀਆਂ ਕੰਧਾਂ ਨੂੰ ਕਾਂਬਾ ਛੇੜ ਦਿੰਦੀ ਸੀ, ਸ਼੍ਰੋਮਣੀ ਕਮੇਟੀ ਦੀ ਦੋਗਲੀ ਨੀਤੀ ਵਾਲ਼ੀ ਸਿਆਸਤ ਕਾਰਨ ਉਸ ਦੀ ਤਸਵੀਰ ਬਿਨਾਂ ਕਿਸੇ ਵਿਸ਼ੇਸ਼ ਸਮਾਗਮ ਦੇ ਅਜਾਇਬ-ਘਰ 'ਚ ਸਥਾਪਿਤ ਕੀਤੀ ਗਈ। ਜੇਕਰ ਮੱਕੜ ਹੋਰਾਂ ਨੂੰ ਕਿਸੇ ਤੋਂ ਡਰ ਲੱਗਦਾ ਸੀ ਤਾਂ ਇੱਕ ਵਾਰ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ 'ਤੇ ਖਲੋ ਕੇ ਪੰਥ ਨੂੰ ਅਵਾਜ਼ ਤਾਂ ਮਾਰਦੇ। ਉਸ ਮਰਦ-ਏ-ਮੁਜਾਹਦ ਦੀ ਆਸ਼ਕ ਸਿੱਖ ਜਵਾਨੀ ਖ਼ੁਦ ਮੌਕੇ 'ਤੇ ਪਹੁੰਚ ਕੇ ਦੱਸ ਦਿੰਦੀ ਕਿ ਸਿੱਖਾਂ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ-ਅੰਦਾਜ਼ੀ ਕਰਨ ਵਾਲ਼ੀ 'ਕੁਤੀੜ੍ਹ' ਨਾਲ਼ ਕਿਵੇਂ ਨਿੱਬੜਿਆ ਜਾਣਾ ਚਾਹੀਦਾ ਹੈ।

ਹੈਰਾਨੀ ਹੈ ਕਿ ਜਦੋਂ ਤਕ ਸਮੂਹ ਹਿੰਦੂਵਾਦੀ ਜਥੇਬੰਦੀਆਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਤਸਵੀਰ ਸਿੱਖਾਂ ਦੇ ਹੀ ਕੇਂਦਰੀ ਅਸਥਾਨ ਦੇ ਅੰਦਰ ਲਾਏ ਜਾਣ ਦੇ ਫ਼ੈਸਲੇ ਵਿਰੁੱਧ

ਸੜ੍ਹਾਂਦ ਮਾਰਦੀਆਂ ਰਹੀਆਂ, ਓਨਾ ਹੀ ਚਿਰ ਪੰਜਾਬ 'ਚ ਘੁਸਪੈਠ ਕਰ ਚੁੱਕੀਆਂ ਕੁਝ ਹਿੰਦੀ ਅਖ਼ਬਾਰਾਂ ਉਹਨਾਂ ਗੁਰਦੁਆਰਾ ਸਾਹਿਬਾਨਾਂ ਦੀ ਜਾਣਕਾਰੀ ਸਨਸਨੀਖ਼ੇਜ਼ ਢੰਗ ਨਾਲ਼ ਪ੍ਰਕਾਸ਼ਿਤ ਕਰਦੀਆਂ ਰਹੀਆਂ, ਜਿਨ੍ਹਾਂ ਵਿੱਚ ਪਹਿਲਾਂ ਹੀ ਇਸ ਸੂਰਮੇ ਜਰਨੈਲ ਦੀ ਤਸਵੀਰ ਸ਼ਸ਼ੋਭਿਤ ਹੈ। ਸਿਰਫ਼ ਪੰਜਾਬ ਦੀਆਂ ਅਖ਼ਬਾਰਾਂ ਹੀ ਨਹੀਂ, ਬਲਕਿ ਹੋਰ ਸੂਬਿਆਂ ਦੀਆਂ ਅਖ਼ਬਾਰਾਂ ਵੀ। ਗੁਜਰਾਤ 'ਚੋਂ ਇੱਕ ਪਾਠਕ ਨੇ ਫ਼ੋਨ ਕਰ ਕੇ ਦੱਸਿਆ ਕਿ ਇੱਥੋਂ ਦੀ ਮੁੱਖ ਗੁਜਰਾਤੀ ਅਖ਼ਬਾਰ 'ਚ ਇਸ ਮੁੱਦੇ 'ਤੇ ਕਾਫ਼ੀ ਊਟ-ਪਟਾਂਗ ਲਿਖਿਆ ਗਿਆ ਹੈ। ਇਹ ਅਸਲ ਵਿੱਚ ਨਿੱਸਲ ਹੋਈ ਪਈ ਸਿੱਖ ਕੌਮ ਨੂੰ ਦਬਾਉਣ ਦੀ ਨੀਤੀ ਅਧੀਨ ਰਚੇ ਜਾ ਰਹੇ ਚੱਕਰਵਿਊ ਦੀਆਂ ਨਿਸ਼ਾਨੀਆਂ ਹਨ। ਸਾਨੂੰ ਇਸ ਚੱਕਰਵਿਊ ਦੀ ਨਿਸ਼ਾਨਦੇਹੀ ਕਰ ਕੇ ਇਸ ਨੂੰ ਤਾਰ-ਤਾਰ ਕਰਨਾ ਪਵੇਗਾ।

ਇਸ ਚੱਕਰਵਿਊ ਦੇ ਰਚੇਤਾ ਮੋਹਰਿਆਂ ਨੇ ਜਿਵੇਂ ਸੰਤ ਜਰਨੈਲ ਸਿੰਘ ਜੀ ਦੀ ਤਸਵੀਰ ਸਥਾਪਤ ਕਰਨ ਵਿਰੁੱਧ ਚੀਕ-ਚਿਹਾੜਾ ਪਾਇਆ ਹੈ, ਉਸ ਤੋਂ ਸਪਸ਼ਟ ਹੁੰਦਾ ਹੈ ਕਿ ਉਹਨਾਂ ਨੂੰ ਜੇਕਰ ਖ਼ਤਰਾ ਹੈ ਤਾਂ ਉਹ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੋਚ ਦੇ ਜਿਊਂਦੇ ਰਹਿਣ ਤੋਂ ਖ਼ਤਰਾ ਹੈ। ਗੱਲ ਫੋਟੋ ਦੀ ਨਹੀਂ, ਸੰਤ ਜਰਨੈਲ ਸਿੰਘ ਜੀ ਦੀ ਤਸਵੀਰ ਤਾਂ ਹਰ ਇੱਕ ਸਿੱਖ ਦੇ ਹਿਰਦੇ ਵਿੱਚ ਸਥਾਪਿਤ ਹੋ ਚੁੱਕੀ ਹੈ ਤੇ ਇਸੇ ਹੀ ਕਾਰਨ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਬਾਦਲਕੇ, ਜੋ ਕਿ ਉਸ ਮਹਾਨ ਸੰਤ ਸਿਪਾਹੀ ਦੀ ਸੋਚ ਤੋਂ ਭਗੌੜੇ ਹਨ, ਉਹ ਵੀ ਉਸ ਸੂਰਮੇ ਜਰਨੈਲ ਦੀ ਤਸਵੀਰ ਨੂੰ ਅਜਾਇਬ-ਘਰ 'ਚ ਸਥਾਪਤ ਕਰਨ ਲਈ ਮਜਬੂਰ ਹਨ।

ਖ਼ੈਰ, ਅਸੀਂ ਸ. ਮੱਕੜ ਦੀ ਇਸ ਗੱਲੋਂ ਸ਼ਲਾਘਾ ਕਰ ਰਹੇ ਸੀ ਕਿ ਜਦੋਂ ਸੰਤਾਂ ਦੀ ਤਸਵੀਰ ਅਜਾਇਬ-ਘਰ 'ਚ ਲਾਉਣ ਨੂੰ 'ਬੱਜਰ ਗੁਨਾਹ' ਕਹਿ ਕੇ ਸਮੂਹ ਹਿੰਦੂਵਾਦੀ ਤਾਕਤਾਂ (ਕਾਂਗਰਸ ਤੇ ਭਾਜਪਾ ਸਮੇਤ) ਉਹਨਾਂ 'ਤੇ ਦੇਸ਼-ਧ੍ਰੋਹ ਦਾ ਕੇਸ ਦਰਜ ਕਰਨ ਦੀ ਕਾਂਵਾਂ-ਰੌਲ਼ੀ ਪਾ ਰਹੀਆਂ ਸਨ ਤਾਂ ਉਹਨਾਂ ਨੇ ਇੱਕ ਸਿੱਖ ਲੀਡਰ ਵਾਂਗ ਇਹ ਬਿਆਨ ਦਿੱਤਾ ਕਿ ਸੰਤ ਜਰਨੈਲ ਸਿੰਘ ਸਿੱਖ ਕੌਮ ਦੇ ਮਹਾਨ ਸ਼ਹੀਦ ਹਨ। ਇਹ ਗੱਲ ਛਿੜ ਪਈ ਸੀ ਕਿ ਭਵਿੱਖ ਵਿੱਚ ਵੀ ਜੇ ਪੰਥਕ ਮੁੱਦਿਆਂ 'ਤੇ ਉਹ ਇਸੇ ਤਰ੍ਹਾਂ ਡਟਵਾਂ ਸਟੈਂਡ ਲੈਂਦੇ ਹਨ ਤਾਂ ਸੰਘਰਸ਼ਸ਼ੀਲ ਸੋਚ ਵਾਲ਼ੇ ਲੱਖਾਂ ਸਿੰਘ ਉਹਨਾਂ ਦੇ ਹੱਕ 'ਚ ਖਲੋ ਜਾਣਗੇ। ਪਰ ਬਦਕਿਸਮਤੀ, ਸੁਖਬੀਰ ਬਾਦਲ ਨੇ ਇੱਕ ਘੁਰਕੀ ਵੱਟ ਕੇ ਉਹਨਾਂ ਨੂੰ ਚੁੱਪ ਕਰਵਾ ਦਿੱਤਾ।

ਹੁਣ ਅਸੀਂ ਹਿੰਦੂ ਸ਼ਿਵ ਸੈਨਾ (ਬਾਲ ਠਾਕਰੇ) ਦੇ ਪੰਜਾਬ ਦੇ ਪ੍ਰਧਾਨ ਪਵਨ ਗੁਪਤਾ ਦੇ ਵੱਲੋਂ ਦਿੱਤੇ ਗਏ ਅਲਟੀਮੇਟਮ ਦੀ ਗੱਲ ਕਰਦੇ ਹਾਂ। ਉਸ ਨੇ ਧਮਕੀ ਦਿੱਤੀ ਹੈ ਕਿ ਜੇਕਰ 13 ਦਸੰਬਰ ਤਕ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਤਸਵੀਰ ਸਿੱਖ ਅਜਾਇਬ ਘਰ 'ਚੋਂ ਨਾ ਹਟਾਈ ਗਈ ਤਾਂ 14 ਦਸੰਬਰ ਨੂੰ 'ਪੰਜਾਬ ਬੰਦ' ਕਰਵਾਇਆ ਜਾਵੇਗਾ ਤੇ ਥਾਂ-ਥਾਂ 'ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਪੁਤਲੇ ਤੇ ਪੋਸਟਰ ਸਾੜੇ ਜਾਣਗੇ। ਇਹ ਓਹੀ ਤਾਕਤਾਂ ਹਨ, ਜਿਨ੍ਹਾਂ ਨੇ ਸੰਨ 1984 ਤੋਂ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਕਮੀਨੀਆਂ ਹਰਕਤਾਂ ਕਰ ਕੇ ਪੰਜਾਬ ਦੇ ਅਮਨ ਚੈਨ ਨੂੰ ਲਾਂਬੂ ਲਾਏ ਸਨ ਤੇ ਹੁਣ ਵੀ ਇਹ ਉਸੇ ਤਰ੍ਹਾਂ ਦੇ ਬਾਂਦਰ ਨਾਚ ਦੀ ਤਿਆਰੀ ਕਰ ਰਹੀਆਂ ਹਨ। ਸ਼ਾਇਦ ਉਹ ਸਮਝ ਰਹੇ ਹਨ ਕਿ ਸਿੱਖ ਮਰ ਚੁੱਕੇ ਹਨ, ਇਸ ਲਈ ਹੁਣ ਉਹ ਖੁੱਲ੍ਹ ਕੇ ਪੰਜਾਬ ਦੀ ਹਿੱਕ 'ਤੇ ਇਹ ਨਾਚ ਨੱਚ ਸਕਦੇ ਹਨ। ਦੂਜੇ ਪਾਸੇ ਥਾਂ ਪੁਰ ਥਾਂ ਸਿੱਖ ਨੌਜਵਾਨਾਂ ਨੇ ਵੀ ਹਿੰਦੂ ਸ਼ਿਵ ਸੈਨਾ ਦੇ 14 ਦਸੰਬਰ ਦੇ ਸੱਦੇ ਨਾਲ਼ ਨਿੱਬੜਨ ਲਈ ਤਿਆਰੀਆਂ ਅਰੰਭ ਕਰ ਦਿੱਤੀਆਂ ਹਨ।

ਸਿੱਖਾਂ ਵਿਰੁੱਧ ਜ਼ਹਿਰ ਉਗਲਣ ਵਾਲੇ ਹਿੰਦੂਵਾਦੀ ਵਰਕਰ

ਹੁਣ ਤਕ ਦਾ ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਪਹਿਲ ਕਦੇ ਨਹੀਂ ਕੀਤੀ, ਪਰ ਭਾਜੀ ਚਾੜ੍ਹਨ ਵਾਲ਼ਿਆਂ ਨੂੰ ਸੁੱਕਾ ਵੀ ਕਦੇ ਨਹੀਂ ਜਾਣ ਦਿੱਤਾ। ਚੰਗਾ ਰਹੇਗਾ ਕਿ ਪੰਜਾਬ ਸਰਕਾਰ ਅਤੇ ਆਰ.ਐੱਸ.ਐੱਸ. ਆਪਣੇ ਇਹਨਾਂ ਟਟਪੂੰਜੀਆਂ 'ਤੇ ਲਗਾਮ ਕੱਸ ਲੈਣ, ਨਹੀਂ ਤਾਂ 14 ਦਸੰਬਰ ਜਾਂ ਇਸ ਤੋਂ ਬਾਅਦ ਜੋ ਕੁਝ ਵੀ ਹੋਇਆ, ਇਸ ਦੀ ਕੁਝ ਜ਼ਿੰਮੇਵਾਰੀ ਉਹਨਾਂ ਦੇ ਸਿਰ ਵੀ ਹੋਵੇਗੀ।

ਜਿੱਥੋਂ ਤਕ ਹਿੰਦੂ ਸੁਰੱਖਿਆ ਸਮਿਤੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰਲੇ ਸਿੱਖ ਅਜਾਇਬ ਘਰ ਵਿੱਚੋਂ ਸੰਤ ਜਰਨੈਲ ਸਿੰਘ ਦੀ ਤਸਵੀਰ ਉਤਾਰ ਕੇ ਲਿਆਉਣ ਵਾਲ਼ੇ ਨੂੰ ਤਿੰਨ ਲੱਖ ਰੁਪਏ ਅਤੇ 2 ਕਿੱਲੋ ਸੋਨਾ ਦੇਣ ਦੇ ਐਲਾਨ ਦੀ ਗੱਲ ਹੈ, ਅਸੀਂ ਉਹਨਾਂ ਨੂੰ

ਏਨੀ ਕੁ ਜਾਣਕਾਰੀ ਦੇ ਦੇਣਾ ਚਾਹੁੰਦੇ ਹਾਂ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਆਪਣੇ ਸੋਮਨਾਥ ਦੇ ਮੰਦਰ ਵਾਂਗ ਨਾ ਸਮਝ ਬੈਠਿਓ ਕਿ ਇੱਥੋਂ ਕੋਈ ਵੀ ਲੱਲੀ-ਛੱਲੀ ਇੱਕ ਧਾੜਵੀ ਵਾਂਗ ਆ ਕੇ ਕੁਝ ਵੀ ਲੁੱਟ ਕੇ ਲਿਜਾ ਸਕਦਾ ਹੈ। ਇਸ ਮਹਾਨ ਧਰਮ ਦੇ ਕੇਂਦਰ ਵੱਲ ਅੱਜ ਤਕ ਜਿਸ ਨੇ ਵੀ ਬੁਰੀ ਨੀਤ ਨਾਲ਼ ਮੂੰਹ ਕੀਤਾ ਹੈ, ਉਸ ਦੇ ਬੁਥਾੜ ਸਿੰਘਾਂ ਨੇ ਜ਼ਰੂਰ ਭੰਨੇ ਹਨ। ਅਸੀਂ ਉਹਨਾਂ ਨੂੰ ਸੁਝਾਅ ਵੀ ਦੇਣਾ ਚਾਹੁੰਦੇ ਹਾਂ ਕਿ ਜੇਕਰ ਥੋੜ੍ਹੇ ਦਿਨਾਂ ਤਕ ਉਹਨਾਂ ਨੂੰ ਸ਼ਰਮ ਆ ਜਾਵੇ ਕਿ ਸਾਡੀ ਏਨੀ ਵੱਡੀ ਗਿਣਤੀ ਵਿੱਚੋਂ ਇੱਕ ਜਣਾ ਵੀ ਤਿੰਨ ਲੱਖ ਦਾ ਇਨਾਮ ਹਾਸਲ ਕਰਨ ਵਾਲ਼ਾ ਨਹੀਂ ਨਿੱਤਰਿਆ ਤਾਂ ਫਿਰ ਜੇਕਰ ਉਹਨਾਂ ਅੰਦਰ ਗ਼ੈਰਤ ਹੋਈ ਤਾਂ ਉਹ ਸਮਾਂ ਮਿਥ ਕੇ ਖ਼ੁਦ ਹੀ ਤਸਵੀਰ ਲਾਹੁਣ ਲਈ ਆ ਜਾਣ। ਇਸ ਮਹਾਨ ਧਰਮ ਅਸਥਾਨ 'ਤੇ ਸਿੱਖ ਕੌਮ ਆਪਣੀ ਪ੍ਰੰਪਰਾ ਅਨੁਸਾਰ ਬਾਹਰੋਂ ਸ਼ਰਧਾਲੂ ਬਣ ਕੇ ਆਉਣ ਵਾਲ਼ਿਆਂ ਨੂੰ 'ਦੇਗ' ਦਾ ਸਵਾਦ ਚਖਾਉਂਦੀ ਹੈ ਤੇ ਧਾੜਵੀ ਬਣ ਕੇ ਆਉਣ ਵਾਲ਼ਿਆਂ ਨੂੰ 'ਤੇਗ' ਦਾ ਮਜ਼ਾ ਵੀ। ਜੇ ਉਹ ਇੱਥੇ ਆਏ ਤਾਂ ਅਸੀਂ ਉਪਰੋਕਤ ਸਿੱਖ ਪਰੰਪਰਾ ਅਨੁਸਾਰ ਉਹਨਾਂ ਨੂੰ ਮਿਲ਼ਾਂਗੇ ਅਤੇ ਸੋਮਨਾਥ ਮੰਦਰ ਦੇ ਉਹ ਦਰਵਾਜ਼ੇ ਵੀ ਵਿਖਾਵਾਂਗੇ ਜਿਹੜੇ ਕਦੇ ਮਹਿਮੂਦ ਗ਼ਜ਼ਨਵੀ ਉਹਨਾਂ ਦੇ ਪੁਰਖਿਆਂ ਤੋਂ ਖੋਹ ਕੇ ਲੈ ਗਿਆ ਸੀ ਤੇ ਫਿਰ ਸਿੱਖ ਸਰਦਾਰਾਂ ਨੇ ਇਹ ਗ਼ਜ਼ਨੀ ਤੋਂ ਖੋਹ ਕੇ ਵਾਪਸ ਲਿਆਂਦੇ ਸਨ।

ਮੰਦਰ ਦੇ ਦਰਵਾਜ਼ਿਆਂ ਦੀ ਤਾਂ ਵੱਖਰੀ ਗੱਲ ਹੈ, ਇਤਿਹਾਸ ਪੜ੍ਹਿਆਂ ਪਤਾ ਲੱਗਦਾ ਹੈ ਕਿ ਸਿੰਘ ਕਈ ਵਾਰ ਜਦੋਂ ਹਿੰਦੂਆਂ ਦੀਆਂ ਲੜਕੀਆਂ ਨੂੰ ਨਾਦਰ ਤੇ ਅਬਦਾਲੀ ਵਰਗਿਆਂ ਦੇ ਕਬਜ਼ੇ 'ਚੋਂ ਛੁਡਾ ਕੇ ਘਰੋ-ਘਰੀ ਪਹੁੰਚਾਉਂਦੇ ਸਨ ਤਾਂ ਕਈ ਲੜਕੀਆਂ ਇਹ ਕਹਿ ਕੇ ਘਰ ਪਰਤਣ ਤੋਂ ਨਾਂਹ ਕਰ ਦਿੰਦੀਆਂ ਸਨ ਕਿ ਅਸੀਂ ਉਨ੍ਹਾਂ ਬੁਜ਼ਦਿਲਾਂ ਦੇ ਕੋਲ਼ ਵਾਪਸ ਨਹੀਂ ਜਾਣਾ, ਜਿਹੜੇ ਸਾਡੀ ਰਾਖੀ ਕਰਨ ਦੀ ਬਜਾਏ ਬੋਦੀਆਂ ਫੜ ਕੇ ਭੁੰਜੇ ਬੈਠ ਗਏ ਤੇ ਆਪਣੀ ਜਾਨ ਦੀ ਭੀਖ ਮੰਗਣ ਲੱਗ ਪਏ। ਕੀ ਹੁਣ ਰੰਗ-ਬਿਰੰਗੀਆਂ ਹਿੰਦੂ ਸੈਨਾਵਾਂ ਦੇ ਕਾਰਕੁੰਨ ਇਤਿਹਾਸ ਵਿਚਲੀ ਉਸ ਬੁਜ਼ਦਿਲੀ ਦਾ ਦਾਗ ਆਪਣੀ ਹਕੂਮਤ ਸਮੇਂ ਸਿੱਖਾਂ ਵਿਰੁੱਧ ਗਿੱਦੜ ਭਬਕਾਂ ਮਾਰ ਕੇ ਧੋਣਾ ਚਾਹੁੰਦੇ ਹਨ?

ਹਿੰਦੂਵਾਦੀਆਂ ਨੂੰ ਸ਼ਾਇਦ ਅਸਲ 'ਚ ਇਹ ਡਰ ਹੈ ਕਿ ਜਦੋਂ ਸਿੱਖ ਬੱਚੇ ਆਪਣੇ ਮਾਤਾ-ਪਿਤਾ ਜਾਂ ਦਾਦੀ-ਦਾਦੇ ਦੀ ਉਂਗਲ ਫੜ ਕੇ ਸਿੱਖ ਅਜਾਇਬ-ਘਰ 'ਚ ਆਪਣੀ ਵਿਰਾਸਤ ਦੇ ਰੂ-ਬਰੂ ਹੋਣਗੇ ਤਾਂ ਉਹ ਇਸ ਇਲਾਹੀ ਜਲੌਅ ਵਾਲ਼ੀ ਸੰਤ ਜਰਨੈਲ ਸਿੰਘ ਜੀ ਦੀ ਤਸਵੀਰ ਬਾਰੇ ਸਵਾਲ ਜ਼ਰੂਰ ਕਰਨਗੇ। ਇਸ ਸਵਾਲ ਦੇ ਮੁਕੰਮਲ ਜਵਾਬ ਨਾਲ਼ ਹੀ ਕੁਝ ਹਿਰਦਿਆਂ ਅੰਦਰ ਅਜ਼ਾਦੀ ਦੀ ਚਿਣਗ ਮਘ ਉੱਠਿਆ ਕਰੇਗੀ।

ਹੁਣ ਸਿੱਖ ਅਵਾਮ ਦੀ ਜ਼ਿੰਮੇਵਾਰੀ ਇਹ ਹੈ ਕਿ ਸਾਡੀ ਨਸਲ ਨੂੰ ਮੇਟਣ ਲਈ ਸਰਗਰਮ ਤਾਕਤਾਂ ਜਿਸ ਹਕੀਕਤ ਤੇ ਜਿਸ ਸੋਚ ਤੋਂ ਸਭ ਤੋਂ ਵੱਧ ਭੈ ਮੰਨਦੀਆਂ ਹਨ, ਉਸ ਨੂੰ ਅਸੀਂ ਆਪਣੀ ਕੌਮ ਦੇ ਬੱਚੇ-ਬੱਚੇ ਦੇ ਹਿਰਦੇ ਅੰਦਰ ਪ੍ਰਜ੍ਵਲਿਤ ਕਰ ਦੇਈਏ। ਉਹਨਾਂ ਨੂੰ ਸੰਤ ਜਰਨੈਲ ਸਿੰਘ ਜੀ ਦੀ ਤਸਵੀਰ ਤੋਂ ਕਿਉਂ ਭੈਅ ਆਉਂਦਾ ਹੈ, ਉਸ ਨੂੰ ਸਮਝ ਕੇ ਸੰਤ ਜਰਨੈਲ ਸਿੰਘ ਜੀ ਵੱਲੋਂ ਪ੍ਰਚੰਡ ਕੀਤੀ ਅਜ਼ਾਦੀ ਤੇ ਅਣਖ ਦੀ ਮਸ਼ਾਲ ਸਾਨੂੰ ਸਿੱਖ ਕੌਮ ਦੇ ਬੱਚੇ-ਬੱਚੇ ਦੇ ਹਿਰਦੇ ਦੇ ਅੰਦਰ ਰੌਸ਼ਨ ਕਰ ਦੇਣੀ ਚਾਹੀਦੀ ਹੈ, ਇਹੀ ਸਾਡੀ ਨਸਲਕੁਸ਼ੀ ਲਈ ਪੱਬਾਂ ਭਾਰ ਹੋਈਆਂ ਹਿੰਦੂਵਾਦੀ ਤਾਕਤਾਂ ਦੇ ਸਮੂਹ ਹਮਲਿਆਂ ਦਾ ਟਾਕਰਾ ਕਰਨ ਤੇ ਉਹਨਾਂ ਦਾ ਮੂੰਹ ਮੋੜਨ ਦਾ ਠੋਸ ਆਧਾਰ ਹੋਵੇਗਾ।

****

ਸੰਤ ਭਿੰਡਰਾਂਵਾਲ਼ਿਆਂ ਦੇ ਸਸਕਾਰ ਦੀ ਥਾਂ ਤੇ ਇੱਕ ਸਾਜ਼ਿਸ਼ ਤਹਿਤ ਸ਼ਿਵ ਦੀ ਮੂਰਤੀ ਸਥਾਪਤ ਕਰ ਦਿੱਤੀ ਗਈ

ਸਿੱਖੀ ਦੇ ਪਾਵਨ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਤੇ ਭਾਰਤੀ ਸਟੇਟ ਵੱਲੋਂ ਜੂਨ 1984 ਵਿੱਚ ਕੀਤੇ ਗਏ ਫ਼ੌਜੀ ਹਮਲੇ ਦੇ ਜ਼ਖ਼ਮ ਸਿੱਖਾਂ ਦੀਆਂ ਰੂਹਾਂ ਤੇ ਉੱਕਰੇ ਪਏ ਹਨ, ਪਰ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਘਲੂਘਾਰੇ ਦੀ ਯਾਦਗਾਰ ਉਸਾਰਨ ਦੀ ਬਜਾਏ ਇਸ ਦੇ ਨਿਸ਼ਾਨ ਮਿਟਾਉਣ ਨੂੰ ਹੀ ਤਰਜੀਹ ਦਿੱਤੀ, ਜਿਸ ਕਾਰਨ ਸਿੱਖ ਮਨਾਂ ਵਿੱਚ ਰੋਸ ਹੈ।

ਸਿੱਖ ਸੰਗਤਾਂ ਦੇ ਭਾਰੀ ਦਬਾਅ ਦੇ ਸਨਮੁਖ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਸੰਨ 2011 ਵਿੱਚ ਫਿਰ ਸ਼ਹੀਦੀ ਯਾਦਗਾਰ ਬਣਾਉਣ ਦੀ ਹਾਮੀ ਭਰੀ, ਤੇ ਇਸ ਲਈ ਸਿੱਖ ਸੰਗਤਾਂ ਤੋਂ ਸੁਝਾਅ ਮੰਗੇ ਗਏ। ਦੂਜੇ ਪਾਸੇ ਸਿੱਖ ਵਿਰੋਧੀ ਤਾਕਤਾਂ ਕਿਵੇਂ ਸਿੱਖਾਂ ਦੇ ਨਿਜੀ ਮਾਮਲਿਆਂ 'ਚ ਟੰਗ ਅੜਾਉਣ ਲਈ ਕਾਰੇ ਕਰਦੀਆਂ ਹਨ ਤੇ ਅਜਿਹਾ ਕਰਦਿਆਂ ਉਹ ਕਿਸ ਹੱਦ ਤਕ ਜਾ ਸਕਦੀਆਂ ਹਨ, ਇਸ ਦੀ ਮਿਸਾਲ ਉਹਨਾਂ ਨੇ ਫਿਰ ਕਾਇਮ ਕਰ ਦਿੱਤੀ। ਉਹਨਾਂ ਨੇ ਤਾਂ ਇਸ ਦੇ ਨਾਲ਼ ਹੀ ਇੱਕ ਚਿੰਤਕ ਦੀ ਗੱਲ ਫਿਰ ਸੱਚ ਸਾਬਤ ਕਰ ਵਿਖਾਈ ਕਿ ਹਿੰਦੂ ਕਿਸੇ ਘਟਨਾ ਦੇ ਸਿੱਟਿਆਂ ਬਾਰੇ 50 ਸਾਲ ਪਹਿਲਾਂ ਸੋਚ ਲੈਂਦਾ ਹੈ, ਮੁਸਲਮਾਨ ਮੌਕੇ ਤੇ ਸੋਚ ਲੈਂਦੇ ਹਨ, ਜਦਕਿ ਸਿੱਖ 50 ਸਾਲ ਬਾਅਦ ਸੋਚਦੇ ਹਨ।

ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੂਨ 1984 ਦੇ ਘਲੂਘਾਰੇ ਅਤੇ ਸ਼ਹੀਦ ਸਿੰਘਾਂ ਦੀ ਯਾਦਗਾਰ ਬਣਾਉਣ ਲਈ ਸੁਝਾਅ ਮੰਗੇ ਤਾਂ ਹਿੰਦੂਵਾਦੀਆਂ ਨੂੰ ਖ਼ਤਰਾ ਪੈਦਾ ਹੋ ਗਿਆ ਕਿ ਸ੍ਰੀ ਅਜਾਇਬ ਘਰ 'ਚ ਸੰਤ ਭਿੰਡਰਾਂਵਾਲ਼ਿਆਂ ਦੀ ਤਸਵੀਰ ਲਾਉਣ ਨਾਲ਼ੋਂ ਵੀ ਵੱਡਾ ਇਤਿਹਾਸਕ ਵਰਤਾਰਾ ਵਰਤਣ ਜਾ ਰਿਹਾ ਹੈ; ਇਹ ਸੋਚ ਕੇ ਉਹਨਾਂ ਦਾ ਦਿਮਾਗ਼ ਸਿੱਖਾਂ ਨਾਲ਼ੋਂ ਤੇਜ਼ ਚੱਲਿਆ।

ਉਹਨਾਂ ਨੂੰ ਪਤਾ ਸੀ ਕਿ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ, ਭਾਈ ਅਮਰੀਕ ਸਿੰਘ, ਜਨ. ਸੁਬੇਗ ਸਿੰਘ ਤੇ ਭਾਈ ਠਾਹਰਾ ਸਿੰਘ ਹੋਰਾਂ ਦਾ ਸਸਕਾਰ ਗੁਰਦੁਆਰਾ ਸ਼ਹੀਦਾਂ ਦੇ ਕੋਲ਼ ਸਥਿਤ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ ਸੀ। ਵੱਡੀ ਗੱਲ ਇਹ ਹੈ ਕਿ ਉਸ ਸ਼ਮਸ਼ਾਨਘਾਟ ਦੀ ਜ਼ਮੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾਲਕੀ ਹੇਠ ਹੈ। ਘਲੂਘਾਰੇ ਦੀ ਯਾਦਗਾਰ ਹੋਰ ਕਿਤੇ ਵੀ ਬਣੇ, ਪਰ ਸੰਤ ਭਿੰਡਰਾਂਵਾਲ਼ਿਆਂ ਦੇ ਸਸਕਾਰ ਦੀ ਯਾਦਗਾਰ ਇਸ ਜਗ੍ਹਾ ਤੇ ਬਣਾਈ ਜਾ ਸਕਦੀ ਹੈ।

ਸ਼੍ਰੋਮਣੀ ਕਮੇਟੀ ਦੀ ਅਣਗਹਿਲੀ ਅਤੇ ਹਿੰਦੂਵਾਦੀ ਧਿਰਾਂ ਦੀ ਚਲਾਕੀ ਨੇ ਅਖ਼ੀਰ ਚੰਨ ਚਾੜ੍ਹ ਦਿੱਤਾ। 11 ਮਈ 2011 ਨੂੰ ਸ਼੍ਰੋਮਣੀ ਕਮੇਟੀ ਦੀ ਜ਼ਮੀਨ ਤੇ ਬਣੇ ਸੰਤ ਭਿੰਡਰਾਂਵਾਲ਼ਿਆਂ ਦੇ ਸਸਕਾਰ ਕੀਤੇ ਜਾਣ ਵਾਲ਼ੇ ਇਤਿਹਾਸਕ ਸ਼ਮਸ਼ਾਨਘਾਟ ਅੰਦਰ ਭਾਜਪਾ ਲੀਡਰਾਂ ਨੇ ਪੂਰੇ ਢੋਲ ਢਮੱਕੇ ਨਾਲ਼ ਕਾਲਪਨਿਕ ਹਿੰਦੂ ਦੇਵਤੇ ਸ਼ਿਵ ਦੀ ਵੱਡ ਅਕਾਰੀ ਮੂਰਤੀ ਸਥਾਪਿਤ ਕਰ ਦਿੱਤੀ। ਅਜਿਹਾ ਸ਼ਾਇਦ ਇਸ ਲਈ ਕਿਉਂਕਿ ਅਡਵਾਨੀ ਦੀ ਕਿਤਾਬ ਵਿੱਚ ਸੰਤ ਭਿੰਡਰਾਂਵਾਲ਼ਿਆਂ ਦੀ 'ਭਸਮਾਸੁਰ ਰਾਖਸ਼' ਨਾਲ਼ ਤੁਲਨਾ ਕੀਤੀ ਗਈ ਹੈ ਅਤੇ ਹਿੰਦੂ ਮਿਥਹਾਸ ਅਨੁਸਾਰ ਭਸਮਾਸੁਰ ਦਾ ਅੰਤ ਸ਼ਿਵ ਨੇ ਕੀਤਾ ਸੀ। ਇਸ ਬੁਰਛਾਗਰਦੀ ਦੇ ਵਿਰੋਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਸਿੱਖਾਂ ਦੀ ਇਤਿਹਾਸਕ ਸਰਜ਼ਮੀਂ ਤੇ ਸਥਾਪਤ ਕੀਤੀ ਗਈ ਸ਼ਿਵ ਦੀ ਮੂਰਤੀ

ਕਮੇਟੀ ਦੀ 'ਆਹ' ਤਕ ਵੀ ਸੁਣਨ ਨੂੰ ਨਾ ਮਿਲ਼ੀ, 'ਸ਼ੇਰ ਗਰਜ' ਦੀ ਆਸ ਤਾਂ ਕੀ ਰੱਖਣੀ ਸੀ।

ਇਸ ਹਿੰਦੂਵਾਦੀ ਚਲਾਕੀ ਤੇ ਬੁਰਛਾਗਰਦੀ ਨੂੰ ਅੰਮ੍ਰਿਤਸਰ ਦੀ ਸਿੱਖ ਜਾਗੋ ਲਹਿਰ ਨਾਲ਼ ਸੰਬੰਧਿਤ ਇੱਕ ਸਿੱਖ ਨੌਜਵਾਨ ਸ੍ਰ. ਦਲਜੀਤ ਸਿੰਘ ਨੇ ਜਾਗਦੀਆਂ ਅੱਖਾਂ ਨਾਲ਼ ਵੇਖਿਆ ਤੇ ਫਿਰ ਆਰ.ਟੀ.ਆਈ. ਦੇ ਤਹਿਤ ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੇ ਨਗਰ ਨਿਗਮ ਤੋਂ ਜਾਣਕਾਰੀਆਂ ਹਾਸਲ ਕਰ ਕੇ ਉਹ ਸਾਰੇ ਦਸਤਾਵੇਜ਼ੀ ਸਬੂਤ ਇਕੱਠੇ ਕਰ ਲਏ, ਜੋ ਇਹ ਸਾਬਤ ਕਰਦੇ ਹਨ ਕਿ ਇਹ ਸ਼ਮਸ਼ਾਨਘਾਟ ਸ਼੍ਰੋਮਣੀ ਕਮੇਟੀ ਦੀ (ਗੁ: ਰਾਮਸਰ ਸਾਹਿਬ ਨਾਲ਼ ਸੰਬੰਧਿਤ) ਜ਼ਮੀਨ ਤੇ ਬਣਿਆ ਹੋਇਆ ਹੈ ਤੇ ਭਾਜਪਾ ਨੇ ਬਹੁਤ ਹੀ ਬੇਹੂਦੇ ਢੰਗ ਨਾਲ਼ ਓਥੇ ਮੂਰਤੀ ਸਥਾਪਤ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਨੂੰ ਪੁੱਛਣਾ ਤਾਂ ਕੀ, ਦੱਸਣਾ ਵੀ ਜ਼ਰੂਰੀ ਨਹੀਂ ਸਮਝਿਆ ਗਿਆ। ਇਹ ਸਿੱਖ ਧਰਮ ਤੇ ਵੀ ਸਿੱਧਾ ਹਮਲਾ ਹੈ, ਕਿਉਂਕਿ ਸਿੱਖ ਧਰਮ ਮੂਰਤੀ ਪੂਜਾ ਨੂੰ ਨਹੀਂ ਮੰਨਦਾ ਤੇ ਗੁਰਦੁਆਰੇ ਦੀ ਜ਼ਮੀਨ ਵਿੱਚ ਮੂਰਤੀ ਰੱਖ ਦਿੱਤੀ ਗਈ ਹੈ। ਸ੍ਰ. ਦਲਜੀਤ ਸਿੰਘ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਸ਼੍ਰੋਮਣੀ ਕਮੇਟੀ ਨੇ ਦੱਸਿਆ:- "ਅਸੀਂ ਇਸ ਨਾਜਾਇਜ਼ ਉਸਾਰੀ ਵਿਰੁੱਧ ਅੰਮ੍ਰਿਤਸਰ ਦੇ ਥਾਣੇ 'ਚ ਦਰਖ਼ਾਸਤ, ਪਰਚਾ ਦਰਜ ਕਰਨ ਲਈ ਦਿੱਤੀ ਹੋਈ ਹੈ।"

ਧੰਨ ਹਨ ਸ਼੍ਰੋਮਣੀ ਕਮੇਟੀ ਦੇ ਅਜੋਕੇ ਪ੍ਰਬੰਧਕ, ਜਿਨ੍ਹਾਂ ਨੇ ਕਿਸੇ ਵੇਲ਼ੇ ਅੰਗਰੇਜ਼ ਸਰਕਾਰ ਤੋਂ ਖ਼ੂਨੀ ਸੰਘਰਸ਼ ਰਾਹੀਂ ਗੁਰਦੁਆਰੇ ਖੋਹਣ ਵਾਲ਼ੀ ਸੰਸਥਾ ਨੂੰ ਇਸ ਹੇਠਲੇ ਪੱਧਰ ਤੇ ਲੈ ਆਂਦਾ ਹੈ ਕਿ ਜੇਕਰ ਕੋਈ ਧੱਕੇ ਨਾਲ਼ ਸ਼੍ਰੋਮਣੀ ਕਮੇਟੀ ਦੀ ਸਿੱਖ ਇਤਿਹਾਸ ਨਾਲ਼ ਸੰਬੰਧ ਰੱਖਦੀ ਜ਼ਮੀਨ ਤੇ ਦੇਵੀ ਦੇਵਤਿਆਂ ਦੀਆਂ 10-10 ਫੁੱਟ ਉੱਚੀਆਂ ਮੂਰਤੀਆਂ ਗੱਡ ਦਿੰਦਾ ਹੈ ਤਾਂ ਸ਼੍ਰੋਮਣੀ ਕਮੇਟੀ ਸਿੱਖ ਰਵਾਇਤਾਂ ਅਨੁਸਾਰ ਕਾਰਵਾਈ ਕਰਨ ਦੀ ਬਜਾਏ ਥਾਣੇ ਵਿੱਚ ਦਰਖ਼ਾਸਤਾਂ ਦਿੰਦੀ ਫਿਰਦੀ ਹੈ।

ਪਰ 'ਵੰਗਾਰ' ਮੈਗਜ਼ੀਨ ਰਾਹੀਂ ਅਸੀਂ ਗੁਰਦੁਆਰਿਆਂ ਅਤੇ ਸਿੱਖ ਇਤਿਹਾਸਕ ਸਥਾਨਾਂ ਦੇ ਅਸਲ ਵਾਰਸ ਖ਼ਾਲਸਾ ਪੰਥ ਨੂੰ ਹੋਕਾ ਦਿੱਤਾ ਸੀ ਅਤੇ ਹੁਣ ਵੀ ਦਿੰਦੇ ਹਾਂ, ਖ਼ਾਲਸਾ ਜੀ ਜਾਗੋ, ਉੱਠੋ ! ਬੜੀ ਸ਼ਾਤਰਤਾ ਰਾਹੀਂ ਭਾਜਪਾ ਵਾਲ਼ਿਆਂ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦਾ ਸਸਕਾਰ ਕੀਤੇ ਜਾਣ ਵਾਲ਼ੀ ਇਤਿਹਾਸਕ ਜਗ੍ਹਾ (ਜੋ ਸ਼੍ਰੋਮਣੀ ਕਮੇਟੀ ਦੀ ਮਲਕੀਅਤ ਹੈ) ਉੱਪਰ ਸ਼ਿਵ ਦੀ ਮੂਰਤੀ ਸਥਾਪਤ ਕਰ ਕੇ ਸਿੱਖ ਪੰਥ ਦੀ ਅਣਖ ਨੂੰ ਲਲਕਾਰਿਆ ਹੈ। ਸਮੂਹ ਪੰਥਕ ਜਥੇਬੰਦੀਆਂ ਨੂੰ ਹੰਗਾਮੀ ਮੀਟਿੰਗ ਬੁਲਾ ਕੇ ਭਾਜਪਾਈਆਂ ਦਾ ਸਿੱਖਾਂ ਦੀ ਇਤਿਹਾਸਕ ਸਰਜ਼ਮੀਂ ਤੋਂ ਇਹ ਕਬਜ਼ਾ ਛੁਡਵਾਉਣ ਲਈ ਐਕਸ਼ਨ ਪਲਾਨ ਤਿਆਰ ਕਰਨਾ ਚਾਹੀਦਾ ਹੈ।

****

ਕੌਣ ਕਹਿੰਦੈ ਕਿ ਸੰਤ ਭਿੰਡਰਾਂਵਾਲ਼ੇ ਹਿੰਦੂਆਂ ਦੇ ਦੁਸ਼ਮਣ ਸਨ ?

(ਯਾਦਗਾਰ ਦਾ ਨੀਂਹ ਪੱਥਰ ਰੱਖੇ ਜਾਣ ਮੌਕੇ ਲਿਖਿਆ ਲੇਖ)

ਜੂਨ 1984 ਦੇ ਘਲੂਘਾਰੇ ਦੀ ਯਾਦਗਾਰ ਦਾ ਨੀਂਹ ਪੱਥਰ ਕੀ ਰੱਖਿਆ ਗਿਆ, ਹਿੰਦੂ ਰਾਸ਼ਟਰਵਾਦੀ ਹੇੜਾਂ ਦੀਆਂ ਹੇੜਾਂ ਨੇ ਹੀ ਹੱਥਾਂ 'ਚ ਪੱਥਰ ਚੁੱਕ ਲਏ ਹਨ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਅਜ਼ੀਮ ਸ਼ਖ਼ਸੀਅਤ ਵੱਲ ਚਲਾਉਣ ਲਈ ਹਿੰਦੂਵਾਦੀ ਭੱਥਿਆਂ ਦੇ ਤੀਰਾਂ ਦੀਆਂ ਅਣੀਆਂ ਜ਼ਹਿਰ ਵਿੱਚ ਡੁਬੋ ਲਈਆਂ ਗਈਆਂ। ਸੰਤ ਭਿੰਡਰਾਂਵਾਲ਼ਿਆਂ ਦੇ ਵਿਰੁੱਧ ਕੀਤੀਆਂ ਗਈਆਂ ਜ਼ਹਿਰ ਭਿੱਜੀਆਂ ਟਿੱਪਣੀਆਂ ਅਤੇ ਉਹਨਾਂ ਨੂੰ 'ਹਿੰਦੂਆਂ ਦਾ ਕਾਤਲ' ਜਾਂ ਇੱਕ 'ਦਰਿੰਦਾ' ਕਹੇ ਜਾਣ ਦੇ ਰਾਮ-ਰੌਲ਼ੇ ਤੇ ਵਿਚਾਰ ਕਰਨੀ ਜ਼ਰੂਰੀ ਹੈ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਗੁਰਮਤਿ ਵਿਚਾਰਧਾਰਾ ਅਤੇ ਗੁਰਬਾਣੀ ਤੋਂ ਹੀ ਰੌਸ਼ਨੀ ਲੈਂਦੇ ਸਨ, ਸੇਧ ਲੈਂਦੇ ਸਨ ਤੇ ਤਾਕਤ ਵੀ ਲੈਂਦੇ ਸਨ; ਇਸ ਇਲਾਹੀ ਜਲੌਅ ਵਿੱਚ ਰੱਤੀ ਹੋਈ ਸ਼ਖ਼ਸੀਅਤ ਦਾ ਜੇਕਰ ਕਿਸੇ ਨਾ਼ਲ ਵੈਰ ਹੋ ਸਕਦਾ ਹੈ ਤਾਂ ਜ਼ੁਲਮ ਤੇ ਜਬਰ ਦੇ ਨਾ਼ਲ

ਹੀ ਹੋ ਸਕਦਾ ਹੈ, ਤੇ ਜਾਬਰ ਤਾਕਤਾਂ ਨਾ਼ਲ ਉਸ ਸ਼ਖ਼ਸੀਅਤ ਨੇ ਅਣਥੱਕ ਲੜਾਈ ਲੜੀ ਵੀ; ਉਸ ਦੇ ਹੱਥ ਵਿੱਚ ਫੜਿਆ ਤੀਰ ਤਵਾਰੀਖ਼ੀ ਗਵਾਹ ਸੀ ਕਿ ਇਹ ਦਸਮੇਸ਼ ਪਿਤਾ ਦਾ ਸੰਤ ਸਿਪਾਹੀ 'ਸਵਾ ਲਾਖ ਸੇ ਏਕ ਲੜਾਊਂ' ਵਾ਼ਲੀ ਅਕਾਲ ਪੁਰਖ ਦੀ ਫ਼ੌਜ ਵਿਚਲੀ ਕੋਈ ਪੁਰਾਤਨ

ਰੂਹ ਹੈ ਜੋ ਕਿ ਰਣ ਤੱਤੇ ਵਿੱਚ ਹਰ ਕਿਸੇ ਤੇ ਮਿਹਰਾਂ ਦੀ ਵਰਖਾ ਕਰਨ ਆਈ ਹੈ, ਜਿਵੇਂ ਦਸਮੇਸ਼ ਪਿਤਾ ਦੇ ਇਲਾਹੀ ਤੀਰ ਖ਼ਾਲਸੇ ਨੂੰ ਦੁਸ਼ਮਣ ਤੇ ਵੀ ਮਿਹਰ ਕਰਨਾ ਸਿਖਾਉਂਦੇ ਸਨ।

ਸੰਤ ਭਿੰਡਰਾਂਵਾਲ਼ਿਆਂ ਦੀ ਐਲਾਨੀਆ ਜੰਗ ਉਸ ਤਾਕਤ ਦੇ ਵਿਰੁੱਧ ਸੀ, ਜੋ ਕਿ 'ਮਨੂੰ ਬ੍ਰਾਹਮਣ' ਦੀ ਜਿਉਂਦੇ ਮਨੁੱਖਾਂ ਨੂੰ ਦੁਰਕਾਰਨ ਅਤੇ ਪੱਥਰ ਦੇ ਬੁੱਤਾਂ ਨੂੰ ਪੂਜਣ ਵਾ਼ਲੀ ਵਿਚਾਰਧਾਰਾ ਦਾ ਜ਼ਹਿਰ ਭਾਰਤੀ ਖਿੱਤੇ ਵਿਚਲੇ ਹਰ ਜਿਊਂਦੇ ਸਿਰ ਦੇ ਅੰਦਰ ਭਰ ਦੇਣਾ ਚਾਹੁੰਦੀ ਸੀ। ਸੰਤ ਜਰਨੈਲ ਸਿੰਘ ਨੇ ਗੁਰਮਤਿ ਦੀ ਮਨੁੱਖੀ ਅਜ਼ਾਦੀ ਦੀ ਵਿਚਾਰਧਾਰਾ ਦਾ ਝੰਡਾ ਬੁਲੰਦ ਕਰਨਾ ਸੀ, ਇਸ ਹਾਲਤ ਵਿੱਚ ਦਿੱਲੀ ਦੀ ਹਕੂਮਤ, ਜੋ ਕਿ ਵਿੰਗੇ ਟੇਢੇ ਤਰੀਕੇ ਨਾ਼ਲ ਸਿੱਖ ਕੌਮ ਦੀ ਲੀਡਰਸ਼ਿਪ ਨੂੰ ਬ੍ਰਾਹਮਣਵਾਦ ਦੀ ਮੁੱਖ ਧਾਰਾ ਵਿੱਚ ਲਿਆ ਕੇ, ਪੱਗਾਂ ਦਾੜ੍ਹੀਆਂ ਵਾ਼ਲੇ ਹਿੰਦੂ ਬਣਾ ਕੇ ਗੁਰਮਤਿ ਵਿਚਾਰਧਾਰਾ ਦੀ ਮਸ਼ਾਲ ਨੂੰ ਬੁਝਾ ਦੇਣ ਤੇ ਉਤਾਰੂ ਸੀ, ਉਸ ਨਾ਼ਲ ਸੰਤ ਜਰਨੈਲ ਸਿੰਘ ਦੀ ਟੱਕਰ ਹੋਣੀ ਤੈਅ ਸੀ ਤੇ ਉਹ ਹੋਈ; ਪਰ ਇਹ ਟੱਕਰ ਜਾਬਰ ਸਟੇਟ ਤੇ ਉਸ ਦੇ ਹਮਾਇਤੀਆਂ ਨਾ਼ਲ ਸੀ, ਆਮ ਹਿੰਦੂ ਭਾਈਚਾਰੇ ਦੇ ਨਾ਼ਲ ਨਹੀਂ। ਇਸ ਦੇ ਬਾਵਜੂਦ ਜੇਕਰ ਵੱਡੀ

ਗਿਣਤੀ ਵਿੱਚ ਹਿੰਦੂਆਂ ਨੇ ਉਸ ਨੂੰ ਆਪਣਾ ਦੁਸ਼ਮਣ ਮੰਨਿਆ ਤਾਂ ਇਸ ਦਾ ਕਾਰਨ ਇਹ ਹੈ ਕਿ ਉਸ ਨੂੰ ਨਫ਼ਰਤ ਕਰਨ ਵਾ਼ਲੇ ਹਿੰਦੂ, ਜਾਬਰ ਸਟੇਟ ਦੀ ਬ੍ਰਾਹਮਣੀ ਰਣਨੀਤੀ ਦਾ ਇੱਕ ਹਿੱਸਾ ਹਨ।

ਇਤਿਹਾਸ ਦੇ ਕਈ ਦੌਰ ਅਜਿਹੇ ਵੀ ਹੁੰਦੇ ਹਨ ਜਦੋਂ ਕਿਸੇ ਕੌਮ ਦੇ ਬਾਸ਼ਿੰਦੇ, ਤਖ਼ਤ ਨਸ਼ੀਨ ਆਪਣੇ ਹਮ-ਮਜ਼੍ਹਬਾਂ ਦੇ ਕਾਰਨ ਹੀ ਖ਼ੁਦ ਨੂੰ ਸੱਤਾ ਦਾ ਇੱਕ ਅੰਗ ਸਮਝਣ ਲੱਗ ਪੈਂਦੇ ਹਨ। ਉਹਨਾਂ ਦੇ ਅੰਦਰ ਸੱਤਾਧਾਰੀਆਂ ਦੀ ਹਰ ਇੱਕ ਗ਼ਲਤੀ ਨੂੰ ਨਜ਼ਰਅੰਦਾਜ਼ ਕਰਨ ਅਤੇ



ਸਟੇਟ ਦੇ ਹਰ ਇੱਕ ਜ਼ੁਲਮ ਜਬਰ ਦੀ ਮੁਫ਼ਤ ਵਿੱਚ ਵਕਾਲਤ ਕਰਨ ਦੀ ਕਰੁਚੀ ਭਾਰੂ ਹੋ ਜਾਂਦੀ ਹੈ। ਅਜਿਹੇ ਲੋਕਾਂ ਨੂੰ ਸਟੇਟ ਦੇ ਜ਼ੁਲਮ ਵਿਰੁੱਧ ਉੱਠੀ ਹਰ ਤਲਵਾਰ ਇਓਂ ਪ੍ਰਤੀਤ ਹੁੰਦੀ ਹੈ ਜਿਵੇਂ ਕਿ ਉਹ ਉਹਨਾਂ ਦਾ ਆਪਣਾ ਹੀ ਸਿਰ ਲਾਹੁਣ ਲਈ ਹੀ ਮਿਆਨ 'ਚੋਂ ਨਿਕਲੀ ਹੈ। ਅਠਾਰ੍ਹਵੀਂ ਸਦੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਖ਼ਾਹ-ਮਖ਼ਾਹ ਨਫ਼ਰਤ ਕਰਨ ਵਾਲ਼ੀ ਮੁਸਲਮ ਬਹੁ-ਗਿਣਤੀ, ਤੇ ਵੀਹਵੀਂ ਸਦੀ 'ਚ ਸੰਤ ਭਿੰਡਰਾਂਵਾਲ਼ਿਆਂ ਨੂੰ ਨਫ਼ਰਤ ਕਰਨ ਵਾਲ਼ੀ ਹਿੰਦੂ ਬਹੁਗਿਣਤੀ, ਇਸੇ ਹੀ ਸ਼੍ਰੇਣੀ ਵਿੱਚ ਆਉਂਦੀਆਂ ਹਨ। ਖ਼ੁਦ ਨੂੰ ਸਟੇਟ ਦਾ ਇੱਕ ਅੰਗ ਸਮਝ ਕੇ ਮਾਣ ਕਰਨ ਵਾਲ਼ੀ ਇਸ ਸਿਵਲੀਅਨ ਅਬਾਦੀ ਨੇ ਧਰਮੀ ਯੋਧਿਆਂ ਵੱਲੋਂ ਸਟੇਟ ਨੂੰ ਦਿੱਤੀ ਚੁਣੌਤੀ ਨੂੰ ਖ਼ਾਹ-ਮਖ਼ਾਹ ਹੀ ਆਪਣੇ ਤੇ ਵੀ ਹਮਲਾ ਮੰਨਿਆ ਸੀ। ਅਜਿਹੀ ਸਥਿਤੀ ਵਿੱਚ ਅਜਿਹੇ (ਸਟੇਟ ਦੇ) ਜ਼ੁਲਮ ਦੀ ਪੈਰਵੀ ਕਰਨ ਵਾਲ਼ੇ ਸਿਵਲੀਅਨਾਂ ਦਾ ਵੀ ਬਾਗ਼ੀਆਂ ਹੱਥੋਂ ਮਾਰਿਆ ਜਾਣਾ, ਬਾਗ਼ੀਆਂ ਦੀ ਸਟੇਟ ਵਿਰੁੱਧ ਲੜਾਈ ਹੀ ਮੰਨਿਆ ਜਾਂਦਾ ਹੈ, ਨਾ ਕਿ ਬੇਦੋਸ਼ੇ ਸਿਵਲੀਅਨਾਂ ਦਾ ਕਤਲ।

ਪਰ ਅਸੀਂ ਇਹ ਵੇਖਦੇ ਹਾਂ ਕਿ ਜਿਵੇਂ ਬੰਦਾ ਸਿੰਘ ਬਹਾਦਰ ਦੇ ਸੱਚ ਨੂੰ ਪਛਾਣ ਕੇ ਜਿਊਂਦੀ ਜ਼ਮੀਰ ਵਾਲ਼ੇ 'ਦੀਨਦਾਰ ਖਾਂ' ਵਰਗੇ ਮੁਸਲਮ ਫ਼ੌਜਦਾਰ ਸਿੱਖ ਧਰਮ ਅਪਣਾ ਕੇ 'ਦੀਨਦਾਰ ਸਿੰਘ' ਬਣ ਕੇ ਬੰਦਾ ਸਿੰਘ ਬਹਾਦਰ ਨਾਲ਼ ਕਦਮ ਮਿਲਾ ਕੇ ਤੁਰ ਪਏ, ਉਸੇ ਹੀ ਤਰ੍ਹਾਂ ਵੀਹਵੀਂ ਸਦੀ ਵਿੱਚ ਸੰਤ ਜਰਨੈਲ ਸਿੰਘ ਦੇ ਸੱਚ ਨੂੰ ਵੀ ਕਈ ਜਿਊਂਦੀ ਜ਼ਮੀਰ ਵਾਲ਼ੇ ਹਿੰਦੂਆਂ ਨੇ ਪਛਾਣਿਆ, ਉਹਨਾਂ ਨੇ ਸਿਰਫ਼ ਸਿੱਖ ਧਰਮ ਹੀ ਨਹੀਂ ਅਪਣਾਇਆ, ਬਲਕਿ ਸੰਤ ਭਿੰਡਰਾਂਵਾਲ਼ਿਆਂ ਦੇ ਕਾਫ਼ਲੇ ਵਿੱਚ ਰਲ਼ ਕੇ ਜਾਬਰ ਭਾਰਤੀ ਹਿੰਦੂ ਸਟੇਟ ਵਿਰੁੱਧ ਲੜਾਈ ਵੀ ਲੜੀ ਤੇ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ। ਇਹਨਾਂ ਵਿੱਚ ਅਸ਼ੋਕ ਕੁਮਾਰ ਤੋਂ ਹਰਦੇਵ ਸਿੰਘ ਬਣ ਕੇ ਅਤੇ ਦੱਤ ਪਾਲ ਤੋਂ ਭਾਈ ਮੋਹਰ ਸਿੰਘ ਬਣ ਕੇ ਜੂਨ 84 'ਚ ਭਾਰਤੀ ਫ਼ੌਜ ਨਾਲ਼ ਜੂਝਦਿਆਂ ਸ਼ਹੀਦ ਹੋਣ ਵਾਲ਼ੇ ਮਰਜੀਵੜਿਆਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ।

ਸੰਤ ਭਿੰਡਰਾਂਵਾਲ਼ਿਆਂ ਨੇ ਹਿੰਦੂ ਬਹੁਗਿਣਤੀ ਦੀ ਕਦਮ ਕਦਮ ਤੇ ਹੁੰਦੀ ਭੜਕਾਊ ਬੁਰਛਾਗਰਦੀ ਦੇ ਬਾਵਜੂਦ, ਹਥਿਆਰਾਂ ਦੀ ਵਰਤੋਂ ਨਾਲ਼ ਲੋੜ ਪੈਣ ਤੇ ਮਜ਼ਲੂਮ ਹਿੰਦੂਆਂ ਦੀ ਰਾਖੀ ਵੀ ਕੀਤੀ। ਕਈ ਪ੍ਰਮੁੱਖ ਘਟਨਾਵਾਂ 'ਚੋਂ ਦੋ ਮੁੱਖ ਘਟਨਾਵਾਂ ਵੇਰਵਾ ਇਸ ਤਰ੍ਹਾਂ ਹੈ:

(1) ਇੱਕ ਹਿੰਦੂ ਸੱਜਣ ਨੇ ਸੰਤ ਭਿੰਡਰਾਂਵਾਲ਼ਿਆਂ ਦੇ ਕੋਲ਼ ਪੁਕਾਰ ਕੀਤੀ ਕਿ ਮੇਰੀ ਧੀ ਨੂੰ ਉਹਦੇ

ਸਹੁਰੇ ਦਾਜ ਲਈ ਬਹੁਤ ਪ੍ਰੇਸ਼ਾਨ ਕਰਦੇ ਨੇ, ਮੇਰੀ ਕਿਤੇ ਸੁਣਵਾਈ ਨਹੀਂ ਹੋ ਰਹੀ, ਮੈਨੂੰ ਡਰ ਹੈ ਕਿ ਉਹ ਮੇਰੀ ਧੀ ਨੂੰ ਮਾਰ ਨਾ ਦੇਣ। (ਕਈ ਗਵਾਹਾਂ ਅਨੁਸਾਰ ਲੜਕੀ ਖ਼ੁਦ ਸੰਤਾਂ ਕੋਲ਼ ਪੇਸ਼ ਹੋਈ ਸੀ)।

ਸੰਤ ਭਿੰਡਰਾਂਵਾਲ਼ਿਆਂ ਨੇ ਆਪਣੇ ਸਿੰਘਾਂ ਦੀ ਡਿਊਟੀ ਲਾਈ, ਜਿਨ੍ਹਾਂ ਦੀ ਅਗਵਾਈ ਭਾਈ ਕੇਹਰ ਸਿੰਘ ਟਾਂਡਾ ਕਰ ਰਿਹਾ ਸੀ। ਸਿੰਘ ਉਸ ਲੜਕੀ ਦੇ ਸਹੁਰੇ ਪਰਿਵਾਰ ਨੂੰ ਲੈ ਆਏ। ਸੰਤਾਂ ਨੇ ਉਸ ਲੜਕੀ ਦੇ ਸਹੁਰੇ ਪਰਿਵਾਰ ਨੂੰ ਕਿਹਾ:-

"ਮੈਨੂੰ ਪਤਾ ਲੱਗੈ ਤੁਸੀਂ ਇਸ ਬੱਚੀ ਨੂੰ ਤੰਗ ਕਰਦੇ ਓ ਕਿ ਆਪਣੇ ਪਿਓ ਤੋਂ ਪੈਸੇ ਲੈ ਕੇ ਆ... ਮੈਂ ਇਸ ਬੱਚੀ ਦਾ ਪਿਓ ਆਂ... ਦੱਸੋ ਕੀ ਚਾਹੀਦੈ...?"

ਡਰ ਨਾਲ਼ ਥਰ-ਥਰ ਕੰਬਦੇ ਲੜਕੀ ਦੇ ਸਹੁਰੇ ਪਰਿਵਾਰ ਨੇ ਸੰਤਾਂ ਤੋਂ ਮਾਫ਼ੀ ਮੰਗੀ ਤੇ ਅੱਗੇ ਤੋਂ ਕੁਝ ਨਾ ਮੰਗਣ ਦਾ ਭਰੋਸਾ ਦਿਵਾਇਆ। ਸੰਤਾਂ ਨੇ ਅੱਗੇ ਲਈ ਤਾੜਨਾ ਕਰ ਕੇ ਉਹਨਾਂ ਨੂੰ ਭੇਜਿਆ ਤੇ ਲੜਕੀ ਨੂੰ ਸ਼ਗਨ ਦੇ ਕੇ ਤੋਰਿਆ।

(2) ਧਰਮ ਪ੍ਰਚਾਰ ਦੌਰਾਨ ਜਲਾਲਾਬਾਦ ਵਿਖੇ ਦੀਵਾਨ ਚੱਲ ਰਿਹਾ ਸੀ, ਜਦੋਂ ਇੱਕ ਹਿੰਦੂ ਸੱਜਣ, ਜਿਸ ਦਾ ਨਾਂ ਹੁਕਮ ਚੰਦ ਸੀ, ਰੋਂਦਾ ਪਿੱਟਦਾ ਸੰਤਾਂ ਕੋਲ਼ ਆਇਆ। ਕਾਰਨ ਪੁੱਛੇ ਜਾਣ ਤੇ ਉਸ ਨੇ ਧਾਹਾਂ ਮਾਰਦੇ ਹੋਏ ਦੱਸਿਆ ਕਿ 'ਮੇਰੀ ਜਵਾਨ ਕਵਾਰੀ ਧੀ ਨੂੰ ਲਾਲ ਚੰਦ ਨਾਂ ਦਾ ਬਦਮਾਸ਼ (ਹਿੰਦੂ) ਚੁੱਕ ਕੇ ਲੈ ਗਿਆ ਹੈ, ਪੁਲਿਸ ਜਾਂ ਕਿਸੇ ਸਰਕਾਰੀ ਬੰਦੇ ਨੇ ਮੇਰੀ ਪੁਕਾਰ ਨਹੀਂ ਸੁਣੀ, ਹੁਣ ਤੁਹਾਡੇ ਕੋਲ਼ ਆਇਆ ਹਾਂ, ਮੇਰੀ ਧੀ ਨੂੰ ਛੁਡਾਓ...'।

ਸੰਤ ਭਿੰਡਰਾਂਵਾਲ਼ਿਆਂ ਨੇ ਉਸੇ ਹੀ ਵੇਲ਼ੇ ਭਾਈ ਮਹਿੰਦਰ ਸਿੰਘ ਸਾਂਈਆਂ ਵਾਲ਼ੇ ਦੀ ਅਗਵਾਈ 'ਚ ਸਿੰਘਾਂ ਦਾ ਜਥਾ ਭੇਜਿਆ, ਜਿਹੜਾ ਕਿ ਕੁਝ ਕੁ ਸਮੇਂ ਵਿੱਚ ਹੀ ਉਕਤ ਹਿੰਦੂ ਲੜਕੀ ਨੂੰ ਗੁੰਡੇ ਦੇ ਕਬਜ਼ੇ 'ਚੋਂ ਛੁਡਾ ਲਿਆਇਆ ਤੇ ਲੜਕੀ ਉਸ ਦੇ ਪਿਤਾ ਦੇ ਸਪੁਰਦ ਕੀਤੀ ਗਈ।

ਅਜਿਹੀਆਂ ਘਟਨਾਵਾਂ ਦੀ ਲੰਮੀ ਲਿਸਟ ਹੈ, ਪਰ ਅਸੀਂ ਸਿਰਫ਼ ਇਹਨਾਂ ਦੋ ਅਹਿਮ ਘਟਨਾਵਾਂ ਦਾ ਵੇਰਵਾ ਹੀ ਦਿੱਤਾ ਹੈ। ਹੁਣ ਸਟੇਟ, ਜਿਸ ਦੀ ਜ਼ਿੰਮੇਵਾਰੀ ਹੈ ਕਿ ਉਹ ਨਾਗਰਿਕਾਂ ਦੀ ਜਾਨ ਮਾਲ ਤੇ ਇੱਜ਼ਤ ਦੀ ਰਾਖੀ ਕਰੇ, ਵੱਲੋਂ ਹਿੰਦੂ ਕੁੜੀ ਨੂੰ ਗੁੰਡੇ ਤੋਂ ਨਾ ਛੁਡਾਉਣ ਪਿੱਛੋਂ ਜੇਕਰ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਾ ਉਸ ਹਿੰਦੂ ਲੜਕੀ ਨੂੰ ਛੁਡਾ ਲਿਆਉਂਦਾ ਹੈ, ਤਾਂ ਇਸ ਦਾ

ਕਾਰਨ ਇਹ ਨਹੀਂ ਕਿ ਭਿੰਡਰਾਂਵਾਲ਼ੇ ਦੇ ਕੋਲ਼ ਸਟੇਟ ਨਾਲ਼ੋਂ ਵਧੇਰੇ ਤਾਕਤ ਸੀ; ਬਲਕਿ ਕਾਰਨ ਇਹ ਸੀ ਕਿ ਸਟੇਟ ਭ੍ਰਿਸ਼ਟ, ਜਾਬਰ ਹੈ ਅਤੇ ਇਹ ਮਜ਼ਲੂਮ ਦੀ ਬਜਾਏ ਜ਼ਾਲਮ ਦਾ ਹਿੱਤ ਪੂਰਦੀ ਹੈ, ਜਦਕਿ ਸੰਤ ਭਿੰਡਰਾਂਵਾਲ਼ਾ ਸੱਚ ਦਾ ਝੰਡਾ ਬਰਦਾਰ ਅਤੇ ਮਨੁੱਖੀ ਹੱਕਾਂ ਦਾ ਪਹਿਰੇਦਾਰ ਸੀ। ਉਸ 'ਸੰਤ' ਵਿੱਚ ਜਦ ਤਕ ਇੱਕ ਸਾਹ ਵੀ ਬਾਕੀ ਸੀ, ਉਸ ਨੇ ਹਰ ਤਰ੍ਹਾਂ ਦੇ ਜ਼ੁਲਮ, ਜਬਰ ਅਤੇ ਧੱਕੇਸ਼ਾਹੀ ਨੂੰ ਚੁਣੌਤੀ ਦੇਣੀ ਸੀ।

ਸੰਤ ਭਿੰਡਰਾਂਵਾਲ਼ਾ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਾਵਨ ਪਰਕਰਮਾ ਵਿੱਚ ਪਹਿਰੇਦਾਰ ਬਣ ਕੇ ਵਿਚਰ ਰਿਹਾ ਸੀ ਤਾਂ ਇਸ ਦੇ ਨਾਲ਼ ਹੀ ਉਹ ਸਿੱਖੀ ਦੀ ਉਸ ਅਹਿਮ ਪ੍ਰੰਪਰਾ ਦੀ ਪਹਿਰੇਦਾਰੀ ਵੀ ਕਰ ਰਿਹਾ ਸੀ, ਜਿਹੜੀ ਅਠਾਰ੍ਹਵੀਂ ਸਦੀ ਵਿੱਚ ਕਸੂਰ ਦੇ ਹਾਕਮ ਵੱਲੋਂ ਇੱਕ ਬ੍ਰਾਹਮਣ ਦੀ ਨਵਵਿਆਹੀ ਪਤਨੀ ਨੂੰ ਚੁੱਕ ਕੇ ਲੈ ਜਾਣ ਦੀ ਗੱਲ ਸੁਣ ਕੇ ਓਦੋਂ ਤਕ ਲੰਗਰ ਛਕਣਾ ਵੀ ਠੀਕ ਨਹੀਂ ਸੀ ਸਮਝਦੀ, ਜਦੋਂ ਤਕ ਕਸੂਰ ਦੇ ਮਜ਼ਬੂਤ ਕਿਲ੍ਹੇ ਤੇ ਹਮਲਾ ਕਰ ਕੇ ਉਸ ਸੱਜ ਵਿਆਹੀ ਬ੍ਰਾਹਮਣ ਦੀ ਪਤਨੀ ਨੂੰ ਛੁਡਾ ਨਹੀਂ ਸੀ ਲਿਆਉਂਦੀ। ਇਹ ਅਣਖੀਲਾ ਸੰਤ ਸਿਪਾਹੀ ਉਹਨਾਂ ਸ਼ਾਨਦਾਰ ਸਿੱਖ ਫ਼ਰਜ਼ਾਂ ਦੀ ਜ਼ਿੰਮੇਵਾਰੀ ਵੀ ਸੰਭਾਲ਼ੀ ਬੈਠਾ ਸੀ, ਜਿਨ੍ਹਾਂ ਅਧੀਨ ਜੰਗਲ਼ਾਂ 'ਚ ਰਹਿੰਦੇ ਗੁਰੂ ਕੇ ਸਿੰਘ "ਮੋੜੀਂ ਬਾਬਾ ਕੱਛ ਵਾਲ਼ਿਆ" ਦੀ ਪੀੜ ਭਰੀ ਕੂਕ ਸੁਣ ਕੇ ਘੋੜਿਆਂ ਨੂੰ ਅੱਡੀਆਂ ਲਾ ਕੇ ਆਪਣੀਆਂ ਕਿਰਪਾਨਾਂ ਅਤੇ ਕਿਰਪਾਨ ਬਖ਼ਸ਼ਣ ਵਾਲ਼ੇ ਗੁਰੂ ਦੇ ਆਸਰੇ, ਵਿਸ਼ਾਲ ਦੁਰਾਨੀ ਫ਼ੌਜ ਤੇ ਜਾ ਝਪਟਦੇ ਸਨ ਤੇ ਮਜ਼ਲੂਮ ਕੁੜੀਆਂ ਨੂੰ ਉਹਨਾਂ ਦੀ ਕੈਦ 'ਚੋਂ ਛੁਡਾ ਲਿਆਉਂਦੇ ਸਨ। ਇਹ 'ਧਰਮੀ ਰਾਜਨੀਤੀ' ਦੇ ਪਵਿੱਤਰ ਫ਼ਰਜ਼ ਹਨ, ਜਿਨ੍ਹਾਂ ਨੂੰ ਜਾਬਰ ਸਟੇਟ ਦੇ 'ਦੱਲੇ' ਬਣ ਕੇ 'ਰਾਸ਼ਟਰਵਾਦੀ' ਅਤੇ 'ਦੇਸ਼ ਭਗਤ' ਅਖਵਾਉਣ ਵਾਲ਼ੇ ਲੋਕ ਨਹੀਂ ਸਮਝ ਸਕਦੇ, ਤੇ ਜਾਂ ਉਹ ਸਮਝਣਾ ਹੀ ਨਹੀਂ ਚਾਹੁੰਦੇ।

ਪਰ ਸਾਨੂੰ ਅਜਿਹੇ ਲੋਕਾਂ ਤੋਂ ਸੰਤ ਭਿੰਡਰਾਂਵਾਲ਼ਿਆਂ ਬਾਰੇ ਕੋਈ ਸਰਟੀਫ਼ਿਕੇਟ ਲੈਣ ਦੀ ਲੋੜ ਵੀ ਨਹੀਂ ਹੈ। ਹਾਂ, ਅਸੀਂ ਅਜਿਹੇ ਲੋਕਾਂ ਨੂੰ ਏਨੀ ਕੁ ਗੱਲ ਜ਼ਰੂਰ ਕਹਿਣੀ ਚਾਹਾਂਗੇ ਕਿ ਜੇਕਰ ਤੁਹਾਡੀ ਕੌਮ ਦੀਆਂ ਧੀਆਂ ਨੂੰ ਗੁੰਡਿਆਂ ਤੋਂ ਬਚਾਉਣ ਵਾਲ਼ਾ ਸ਼ਖ਼ਸ ਤੁਹਾਡੇ ਲਈ 'ਜ਼ਾਲਮ' ਹੈ, 'ਦਰਿੰਦਾ' ਹੈ, ਤਾਂ ਫਿਰ ਤੁਹਾਡੇ ਹੀਰੋ ਜ਼ਰੂਰ 'ਨਾਦਰ' ਤੇ 'ਅਬਦਾਲੀ' ਵਰਗੇ ਜਰਵਾਣੇ ਹੀ ਹੋਣਗੇ, ਜਿਹੜੇ ਚੁਣ-ਚੁਣ ਕੇ ਤੁਹਾਡੀ ਕੌਮ ਦੀਆਂ ਕੁੜੀਆਂ ਨੂੰ ਚੁੱਕ ਕੇ ਲਿਜਾਂਦੇ ਰਹੇ ਤੇ ਉਹਨਾਂ ਦੀ ਕੁੱਖੋਂ ਹੀ ਆਪਣੇ ਨਵੇਂ ਵਾਰਸ ਪੈਦਾ ਕਰ ਕੇ ਹਿੰਦੁਸਤਾਨ ਤੇ ਹਮਲਾ ਕਰਨ ਲਈ ਭੇਜਦੇ ਰਹੇ। ਪਰ ਸਿੱਖ ਆਪਣੇ ਧਰਮ, ਆਪਣੀ ਵਿਚਾਰਧਾਰਾ ਅਨੁਸਾਰ ਨਾਦਰਾਂ-ਅਬਦਾਲੀਆਂ ਵਰਗਾ ਵਿਹਾਰ ਤੁਹਾਡੇ ਨਾਲ਼ ਨਹੀਂ ਕਰ ਸਕਦੇ, ਇਸ ਲਈ ਅਸੀਂ ਤੁਹਾਡੇ 'ਖਲਨਾਇਕ' ਹੀ ਚੰਗੇ ਹਾਂ, ਪਰ ਸਾਡਾ ਹਰ ਇੱਕ ਕਦਮ ਤੇ ਸਾਡਾ ਹਰ ਇੱਕ ਸਾਹ ਗੁਰੂ ਨਾਨਕ ਸਾਹਿਬ-ਗੁਰੂ ਗੋਬਿੰਦ ਸਿੰਘ ਜੀ ਦੇ ਇਲਾਹੀ ਮਿਸ਼ਨ ਅਧੀਨ ਸੌਂਪੀ ਗਈ ਜ਼ਿੰਮੇਵਾਰੀ 'ਰਾਜ ਕਰੇਗਾ ਖ਼ਾਲਸਾ, ਆਕੀ ਰਹੈ ਨਾ ਕੋਇ' ਅਧੀਨ ਖ਼ਾਲਸਾ ਰਾਜ ਦੀ ਸਥਾਪਨਾ ਲਈ ਅਤੇ ਹਰ ਤਰ੍ਹਾਂ ਦੇ ਜ਼ੁਲਮ ਜਬਰ ਦੇ ਖ਼ਿਲਾਫ਼ ਖ਼ਾਲਸਾਈ ਸੰਘਰਸ਼ ਨੂੰ ਸਮਰਪਿਤ ਰਹੇਗਾ; ਦਿੱਲੀ ਦੇ ਦਲਾਲ ਸਾਨੂੰ ਜਿਹੜੇ ਮਰਜ਼ੀ ਖ਼ਿਤਾਬ ਦਿੰਦੇ ਰਹਿਣ।

****

ਯਾਦਗਾਰ ਘਲੂਘਾਰਾ ਜੂਨ 1984 ਦੀ

(ਘਲੂਘਾਰਾ ਯਾਦਗਾਰ ਦਾ ਨੀਂਹ ਪੱਥਰ ਰੱਖੇ ਜਾਣ ਤੋਂ ਬਾਅਦ ਲਿਖਿਆ ਲੇਖ)

ਜੂਨ 1984 ਵਿੱਚ ਸਿੱਖ ਕੌਮ ਤੇ ਵਰਤਿਆ ਘਲੂਘਾਰਾ, ਅਠਾਰ੍ਹਵੀਂ ਸਦੀ ਵਿੱਚ ਵਰਤੇ ਘਲੂਘਾਰਿਆਂ ਨਾਲ਼ੋਂ ਵੀ ਇਸ ਲਈ ਵੱਡਾ ਸੀ, ਕਿਉਂਕਿ 18ਵੀਂ ਸਦੀ ਦੇ ਘਲੂਘਾਰਿਆਂ 'ਚ ਸਿੱਖਾਂ ਦੀ ਬੇਕਿਰਕ ਕਤਲੇਆਮ ਤਾਂ ਜੂਨ 1984 ਵਾਂਗ ਹੀ ਹੋਈ ਸੀ, ਪਰ ਉਹਨਾਂ ਘਲੂਘਾਰਿਆਂ ਵਿੱਚ ਦੁਸ਼ਮਣ ਨੇ ਸਿੱਖ ਬੀਬੀਆਂ ਦੀ ਬੇਪਤੀ ਕਰਨ ਦੀ ਹੱਦ ਤਕ ਜਾਣ ਦੀ ਹਮਾਕਤ ਨਹੀਂ ਸੀ ਕੀਤੀ । ਜੂਨ 1984 'ਚ ਹਿੰਦੁਸਤਾਨ ਦੀਆਂ ਹਿੰਦੀ ਫ਼ੌਜਾਂ ਨੇ ਇਹ ਹੱਦ ਵੀ ਪਾਰ ਕਰ ਦਿੱਤੀ। ਇਹ ਲੋਕ ਜਿਹੜੇ ਸਿੱਖਾਂ ਦੇ ਸਿਰਾਂ ਨਾਲ਼ ਹਾਸਲ ਹੋਈ ਅਜ਼ਾਦੀ ਨੂੰ ਆਪਣੀ ਬਾਦਸ਼ਾਹਤ ਬਣਾ ਕੇ ਬਹਿ ਗਏ, ਜਿਹੜੇ ਲੋਕ ਭੋਲ਼ੇ- ਭਾਲ਼ੇ ਸਿੱਖਾਂ ਨੂੰ ਉਹਨਾਂ ਦੇ ਦੋਸਤ ਹੋਣ ਦਾ ਯਕੀਨ ਦਿਵਾਉਂਦੇ ਰਹੇ, ਉਹਨਾਂ ਨੇ ਦੋਸਤੀ ਤਾਂ ਕੀ, ਦੁਸ਼ਮਣੀ ਦੀਆਂ ਹੱਦਾਂ ਵੀ ਉਲ਼ੰਘ ਦਿੱਤੀਆਂ।

ਹਿੰਦੂ ਸਮਾਜ ਦੇ ਆਗੂਆਂ ਵੱਲੋਂ ਸਮੁੱਚੀਆਂ ਹੱਦਾਂ ਉਲ਼ੰਘ ਕੇ, ਅਹਿਸਾਨ-ਫ਼ਰਾਮੋਸ਼ੀ, ਅਕ੍ਰਿਤਘਣਤਾ ਅਤੇ ਕਰੂਰਤਾ ਦਾ ਜਿਹੜਾ ਨਾਚ ਟੈਂਕਾਂ ਦੀ ਸਰਪ੍ਰਸਤੀ ਵਿੱਚ ਨੱਚਿਆ ਗਿਆ, ਉਸ ਵਰਤਾਰੇ ਨੇ 'ਹਿੰਦੂ' ਅਤੇ 'ਸਿੱਖ' ਦੀਆਂ ਧਾਰਮਕ ਹੱਦਾਂ ਦੇ ਨਾਲ਼ ਨਾਲ਼ ਰਾਜਨੀਤਿਕ ਹੱਦਾਂ ਵੀ ਨਿਰਧਾਰਤ ਕਰ ਦਿੱਤੀਆਂ।

ਇਹਨਾਂ ਹੱਦਾਂ ਨੂੰ ਮਿਟਾਉਣ ਲਈ ਭਾਰਤੀ ਸਟੇਟ ਨੇ ਹਰ ਹੀਲ੍ਹਾ ਵਰਤਿਆ, ਤੇ ਇਹਨਾਂ ਵਿੱਚ ਇੱਕ ਹੀਲ੍ਹਾ ਇਹ ਵੀ ਸੀ ਕਿ ਇਸ ਘਲੂਘਾਰੇ ਦੇ ਹਰ ਇੱਕ ਨਿਸ਼ਾਨ ਨੂੰ ਹੀ ਮਿਟਾ ਦਿੱਤਾ ਜਾਵੇ ਤਾਂ ਕਿ ਲਹੂ ਨਾਲ਼ ਖਿੱਚੀਆਂ ਲਕੀਰਾਂ ਨੂੰ ਫਿੱਕਾ ਕਰ ਕੇ ਅਖ਼ੀਰ ਮੇਟ ਦਿੱਤਾ ਜਾਵੇ, ਪਰ ਇਤਿਹਾਸ ਦੀਆਂ ਵਿਲੱਖਣ ਘਟਨਾਵਾਂ ਭੁੱਲਿਆ ਨਹੀਂ ਕਰਦੀਆਂ। ਫਿਰ ਵੀ ਭਾਰਤੀ ਸਟੇਟ ਅਤੇ ਸਿੱਖ ਕੌਮ ਵਿੱਚ 'ਭੁਲਾ ਦੇਣ' ਅਤੇ 'ਯਾਦ ਰੱਖਣ' ਦੀ ਠੰਢੀ ਜੰਗ ਜੂਨ 1984 ਤੋਂ ਬਾਅਦ ਲਗਾਤਾਰ ਜਾਰੀ ਹੈ।

ਜੂਨ 1984 ਦੇ ਘਲੂਘਾਰੇ ਦੇ ਇੱਕ ਇੱਕ ਨਿਸ਼ਾਨ ਨੂੰ ਡੋਗਰਾ ਬਿਰਤੀ ਵੱਲੋਂ ਬੇਰਹਿਮੀ ਨਾਲ਼ ਮਿਟਾ ਕੇ ਦਿੱਲੀ ਦਾ ਸਾਥ ਦਿੱਤਾ ਗਿਆ, ਪਰ ਪੰਥ ਦਰਦੀਆਂ ਦੇ ਦਿਲ ਅੰਦਰਲੀ ਇਸ ਘਲੂਘਾਰੇ ਦੀ ਯਾਦਗਾਰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਕਾਇਮ ਕੀਤੇ ਜਾਣ ਦੀ ਤੜਪ ਨੂੰ ਲੰਮੇ ਸਮੇਂ ਤਕ ਇਹ ਲੋਕ ਨਜ਼ਰਅੰਦਾਜ਼ ਨਹੀਂ ਕਰ ਸਕੇ। ਮਿਤੀ 20 ਮਈ 2012 ਨੂੰ ਜੂਨ 1984 ਦੇ ਘਲੂਘਾਰੇ ਦੀ ਯਾਦਗਾਰ ਦਾ ਨੀਂਹ ਪੱਥਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਵਿੱਚ ਬਾਬਾ ਹਰਨਾਮ ਸਿੰਘ ਧੁੰਮਾ ਨੇ ਰੱਖਿਆ।

ਇਸ ਅਹਿਮ ਯਾਦਗਾਰ ਦਾ ਨੀਂਹ ਪੱਥਰ ਰੱਖਿਆ ਜਾਣਾ ਸਿੱਖ ਕੌਮ ਦੀ ਇੱਕ ਪ੍ਰਾਪਤੀ ਹੈ, ਪਰ ਅਜੇ ਵੀ ਜਿੱਥੇ ਇਸ ਦੀ ਉਸਾਰੀ ਸੰਬੰਧੀ ਕੁਝ ਸ਼ੰਕੇ ਜਾਰੀ ਹਨ, ਓਥੇ ਯਾਦਗਾਰ

ਦੀ ਰੂਪ-ਰੇਖਾ ਨੂੰ ਲੈ ਕੇ ਕਈ ਠੋਸ ਜਵਾਬ ਮੰਗਦੇ ਸਵਾਲ ਵੀ ਹਨ।

ਯਾਦਗਾਰ ਦਾ ਮੰਤਵ ਅਜਿਹਾ ਹੋਣਾ ਚਾਹੀਦਾ ਹੈ ਕਿ ਉਸ ਦੇ ਅੰਦਰ ਜਾ ਕੇ ਸਾਰੇ ਘਲੂਘਾਰੇ ਦੀ ਤਸਵੀਰ ਅੱਖਾਂ ਅੱਗੇ ਘੁੰਮ ਜਾਵੇ, ਪਰ ਅਖ਼ਬਾਰੀ ਰਿਪੋਰਟਾਂ ਦੇ ਮੁਤਾਬਿਕ ਯਾਦਗਾਰ ਦੇ ਰੂਪ ਵਿੱਚ ਜੇਕਰ ਇੱਕ ਗੁਰਦੁਆਰਾ ਹੀ ਉਸਾਰਿਆ ਜਾਣਾ ਹੈ, ਤਾਂ ਇਸ ਨੂੰ ਅਸੀਂ 'ਘਲੂਘਾਰੇ ਦੀ ਯਾਦਗਾਰ' ਦਾ ਨਾਂ ਨਹੀਂ ਦੇ ਸਕਦੇ। ਇਸ ਘਲੂਘਾਰੇ ਦੀ ਯਾਦਗਾਰ ਕਿਸ ਰੂਪ 'ਚ ਹੋਵੇ, ਇਸ ਲਈ ਸਮੁੱਚੀਆਂ ਪੰਥਕ ਜਥੇਬੰਦੀਆਂ ਅਤੇ ਸੰਸਥਾਵਾਂ ਤੋਂ ਸੁਝਾਅ ਮੰਗੇ ਜਾਣੇ ਚਾਹੀਦੇ ਹਨ, ਤੇ ਜੇਕਰ ਸ਼੍ਰੋਮਣੀ ਕਮੇਟੀ ਅਜਿਹਾ ਨਹੀਂ ਕਰਦੀ, ਤਾਂ ਵੀ ਪੰਥਕ ਸੰਸਥਾਵਾਂ ਨੂੰ ਆਪਣੇ ਸੁਝਾਅ ਪ੍ਰਕਾਸ਼ ਵਿੱਚ ਜ਼ਰੂਰ ਲਿਆਉਣੇ ਚਾਹੀਦੇ ਹਨ। ਅਸੀਂ ਆਪਣੇ ਵੱਲੋਂ ਹੇਠ ਲਿਖੇ ਸੁਝਾਅ ਇਸ ਯਾਦਗਾਰ ਲਈ ਦੇ ਰਹੇ ਹਾਂ:-

(1) ਸਭ ਤੋਂ ਪਹਿਲਾਂ ਤਾਂ ਇਸ ਘਲੂਘਾਰੇ ਸਮੇਂ ਦੀਆਂ ਜਿੰਨੀਆਂ ਵੀ ਤਸਵੀਰਾਂ ਉਪਲਬਧ ਹਨ, ਉਹ ਵਧੀਆ ਕੁਆਲਿਟੀ ਵਿੱਚ ਤਿਆਰ ਕਰ ਕੇ ਇੱਥੇ ਲਾਈਆਂ ਜਾਣ ਅਤੇ ਹੇਠਾਂ ਹਰ ਤਸਵੀਰ ਬਾਰੇ ਜਾਣਕਾਰੀ ਲਿਖੀ ਜਾਵੇ।

(2) ਖਡੂਰ ਸਾਹਿਬ ਵਿਖੇ ਬਣਾਏ ਗਏ ਕੰਪਿਊਟਰ ਸਿਸਟਮ ਅਧੀਨ ਵੇਖੇ ਜਾਣ ਵਾਲੇ ਮਿਊਜ਼ੀਅਮ ਵਾਂਗ ਘਲੂਘਾਰੇ ਬਾਰੇ ਜਾਣਕਾਰੀ ਹਾਰਡ ਡਿਸਕਾਂ ਵਿੱਚ ਲੋਡ ਕੀਤੀ ਜਾਵੇ, ਜਿੱਥੋਂ ਆਪਣੀ ਜਾਣਕਾਰੀ ਲਈ ਲੋਕ ਕਿਸੇ ਵੀ ਥਾਂ ਕਲਿਕ ਕਰ ਕੇ ਜਾਣਕਾਰੀ ਹਾਸਲ ਕਰ ਸਕਣ।

(3) ਘਲੂਘਾਰੇ ਦੇ ਸੰਬੰਧ ਵਿੱਚ ਸੰਖੇਪ ਜਾਣਕਾਰੀ ਦਾ ਫ੍ਰੀ ਲਿਟਰੇਚਰ ਵਿਸ਼ਵ ਦੀਆਂ ਸਾਰੀਆਂ ਹੀ ਭਾਸ਼ਾਵਾਂ 'ਚ ਓਥੇ ਉਪਲਭਧ ਹੋਵੇ, ਜੋ ਕਿ ਆਉਣ ਵਾਲ਼ੇ ਸੈਲਾਨੀਆਂ ਨੂੰ ਉਹਨਾਂ ਦੀ ਭਾਸ਼ਾ ਮੁਤਾਬਿਕ ਦਿੱਤਾ ਜਾਵੇ। ਨਾਲ਼ ਹੀ ਵਿਸਤਾਰ ਸਹਿਤ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਲੋਕਾਂ ਦੀ ਜਾਣਕਾਰੀ ਲਈ ਇੰਟਰਨੈੱਟ ਸਾਈਟਾਂ ਦੇ ਪਤੇ ਅਤੇ ਕਿਤਾਬਾਂ ਦੀਆਂ ਲਿਸਟਾਂ ਵੀ ਹੋਣ।

(4) ਇਸ ਘਲੂਘਾਰੇ ਦੇ ਇਕੱਲੇ ਇਕੱਲੇ ਚਸ਼ਮਦੀਦ ਗਵਾਹ ਦਾ ਬਿਆਨ ਵੀਡੀਓਗ੍ਰਾਫ਼ੀ ਨਾਲ਼ ਰਿਕਾਰਡ ਕੀਤਾ ਜਾਵੇ ਅਤੇ ਫਿਰ ਇਹਨਾਂ ਬਿਆਨਾਂ ਦੇ ਆਧਾਰ ਅੰਤਰਰਾਸ਼ਟਰੀ ਟੀ.ਵੀ. ਚੈਨਲ 'ਡਿਸਕਵਰੀ' ਅਥਵਾ 'ਹਿਸਟਰੀ' ਦੀ ਕਾਰਜ ਪ੍ਰਨਾਲ਼ੀ ਦੇ ਪੱਧਰ ਦੀਆਂ ਡਾਕੂਮੈਂਟਰੀ ਫ਼ਿਲਮਾਂ ਤਿਆਰ ਕਰਵਾਈਆਂ ਜਾਣ, ਜਿਨ੍ਹਾਂ ਦੀਆਂ ਡਿਸਕਾਂ ਇਸ ਥਾਂ ਤੋਂ ਉਪਲਭਧ ਹੋਣ। ਇਹਨਾਂ ਫ਼ਿਲਮਾਂ ਵਿੱਚ ਹਿਸਟਰੀ ਚੈਨਲ ਵਾਂਗ ਐਕਸ਼ਨ ਟਚ ਵੀ ਦਿੱਤਾ ਜਾਵੇ ਤੇ ਲੋੜ ਪੈਣ ਤੇ ਐਨੀਮੇਸ਼ਨ ਮਾਧਿਅਮ ਰਾਹੀਂ ਇਸ ਹਮਲੇ ਦੇ ਦ੍ਰਿਸ਼ਾਂ ਨੂੰ ਫ਼ਿਲਮਾਇਆ ਵੀ ਜਾਵੇ।

(5) ਲੁਧਿਆਣੇ ਦੇ ਮਹਾਰਾਜਾ ਰਣਜੀਤ ਸਿੰਘ ਜੰਗੀ ਯਾਦਗਾਰ ਹਾਲ ਵਿੱਚ ਜਿਵੇਂ ਦਰਸ਼ਕਾਂ ਨੂੰ ਲਾਈਟ ਐਂਡ ਸਾਊਂਡ ਪ੍ਰੋਗਰਾਮ ਰਾਹੀਂ ਕਾਰਗਿਲ ਦੀ ਲੜਾਈ ਦਾ ਦ੍ਰਿਸ਼ ਵਿਖਾਇਆ ਜਾਂਦਾ ਹੈ, ਇਸੇ ਤਰ੍ਹਾਂ ਇਸ ਯਾਦਗਾਰ ਦੇ ਅੰਦਰ ਦਰਸ਼ਕਾਂ ਨੂੰ ਘਲੂਘਾਰੇ ਦਾ ਯੁੱਧ ਵਿਖਾਇਆ ਜਾਵੇ। ਅਖ਼ੀਰ ਤੇ ਇਹੀ ਕਹਿਣਾ ਚਾਹਾਂਗੇ ਕਿ ਇਹ ਯਾਦਗਾਰ ਅਜਿਹੀ ਸਾਕਾਰ ਯਾਦਗਾਰ ਹੋਵੇ ਕਿ ਇਸ ਦੇ ਇੱਕ ਸਿਰੇ 'ਚ ਦਾਖ਼ਲ ਹੋ ਕੇ ਦੂਜੇ ਸਿਰੇ 'ਚੋਂ ਬਾਹਰ ਨਿਕਲ਼ਣ ਵੇਲ਼ੇ ਹਰ ਦਰਸ਼ਕ ਨੂੰ ਇਸ ਤਰ੍ਹਾਂ ਲੱਗੇ, ਜਿਵੇਂ ਉਹ ਖ਼ੁਦ ਵੀ ਘਲੂਘਾਰੇ ਦੇ ਵਿੱਚੋਂ ਲੰਘ ਕੇ ਆਇਆ ਹੈ।

****

ਸ਼ਹੀਦੀ ਯਾਦਗਾਰ ਕੌਮ ਦੇ ਹਵਾਲੇ

(ਸ਼ਹੀਦੀ ਯਾਦਗਾਰ ਦੇ ਉਦਘਾਟਨ ਤੋਂ ਬਾਅਦ ਲਿਖਿਆ ਲੇਖ)

1984 ਦੇ ਘਲੂਘਾਰੇ ਤੋਂ ਬਾਅਦ ਸਿੱਖ ਕੌਮ ਦੀ ਸਮੂਹਿਕ ਇੱਛਾ ਸੀ ਕਿ ਇਸ ਘਲੂਘਾਰੇ ਵਿੱਚ ਸਿੱਖ ਇਤਿਹਾਸ ਨੂੰ ਦੁਹਰਾ ਕੇ ਸ਼ਹੀਦ ਹੋਣ ਵਾਲ਼ੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਅਤੇ ਸਮੂਹ ਸ਼ਹੀਦਾਂ ਦੀ ਕੋਈ ਯਾਦਗਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕੋਲ਼ ਸਥਾਪਤ ਕੀਤੀ ਜਾਵੇ, ਪਰ ਭਾਜਪਾ ਦੇ ਕੰਧਾੜੀਂ ਚੜ੍ਹੇ ਹੋਏ ਅਕਾਲੀ ਆਗੂ ਦਿਲੋਂ ਚਾਹੁੰਦੇ ਹੋਏ ਵੀ ਅਜਿਹਾ ਨਹੀਂ ਸਨ ਕਰ ਰਹੇ। ਇਸ ਸਮੇਂ ਸੰਘਰਸ਼ਸ਼ੀਲ਼ ਧਿਰਾਂ 'ਚੋਂ ਟੁੱਟ ਕੇ ਕਈ ਨਿੱਕੇ-ਨਿੱਕੇ ਗਰੁੱਪ ਬਾਦਲ ਦਲ ਦੇ ਨਾਲ਼ ਰਲੇ, ਪਰ ਉਹ ਕਦੇ ਵੀ ਬਾਦਲ ਦਲ ਤੋਂ ਇਹ ਜਾਂ ਹੋਰ ਕੋਈ ਵੀ ਪੰਥਕ ਭਾਵਨਾਵਾਂ ਦੀ ਤਰਜ਼ਮਾਨੀ ਕਰਦੀ ਕੌਮੀ ਇੱਛਾ ਦੀ ਪੂਰਤੀ ਨਾ ਕਰਵਾ ਸਕੇ। ਦਮਦਮੀ ਟਕਸਾਲ ਦੇ ਬਾਬਾ ਹਰਨਾਮ ਸਿੰਘ ਧੁੰਮਾ ਦੀ ਇਹ ਪ੍ਰਾਪਤੀ ਹੈ ਕਿ ਬਾਦਲ ਦਲ ਦਾ ਸਾਥ ਦੇਣ ਦੇ ਫ਼ੈਸਲੇ ਦੇ ਇਵਜ਼ ਫ਼ਿਲਹਾਲ ਘੱਟੋ ਘੱਟ 'ਸ਼ਹੀਦੀ ਯਾਦਗਾਰ' ਬਣਾਏ ਜਾਣ ਦੀ ਕੌਮੀ ਇੱਛਾ ਦੀ ਪੂਰਤੀ ਕਰਵਾਉਣ ਵਿੱਚ ਉਹਨਾਂ ਨੇ ਸਫਲਤਾ ਪ੍ਰਾਪਤ ਕੀਤੀ ਹੈ, ਕਾਂਗਰਸੀਆਂ ਅਤੇ ਭਾਜਪਾਕਿਆਂ ਦੇ ਸਾਂਝੇ ਪਿੱਟ ਸਿਆਪੇ ਦੇ ਬਾਵਜੂਦ। ਭਾਵੇਂ ਕਿ ਕਈ ਪੰਥਕ ਧਿਰਾਂ ਇਸ ਯਾਦਗਾਰ ਦੀ ਰੂਪ ਰੇਖਾ ਨੂੰ ਸੰਪੂਰਨ ਨਹੀਂ ਮੰਨਦੀਆਂ, ਪਰ ਫਿਰ ਵੀ ਇਹ ਇੱਕ ਚੰਗੀ ਸ਼ੁਰੂਆਤ ਹੈ ਅਤੇ ਸਾਨੂੰ ਸਭ ਨੂੰ ਇਸ ਦਾ ਸਵਾਗਤ ਕਰਨਾ ਚਾਹੀਦਾ ਹੈ।

ਪਰ ਸ਼ਹੀਦੀ ਯਾਦਗਾਰ ਦਾ ਨੀਂਹ ਪੱਥਰ ਰੱਖੇ ਜਾਣ ਸਮੇਂ ਜਿਵੇਂ ਸਮੁੱਚੇ ਸਿੱਖ ਵਿਰੋਧੀਆਂ ਨੇ ਇਕੱਠੇ ਹੋ ਕੇ ਪਿੱਟ-ਸਿਆਪਾ ਪਾਇਆ ਸੀ, ਉਹ ਸ਼ਹੀਦੀ ਯਾਦਗਾਰ ਮਿਤੀ 27 ਅਪ੍ਰੈਲ 2013 ਨੂੰ ਜਦੋਂ ਕੌਮ ਨੂੰ ਸਮਰਪਿਤ ਕੀਤੀ ਗਈ, ਤਾਂ ਸਿੱਖ ਪੰਥ ਦੇ ਨਾਲ਼ ਸ਼ਰੀਕੇਬਾਜ਼ੀ ਰੱਖਣ ਵਾਲ਼ੇ ਕਈ ਲੋਕਾਂ ਦਾ ਪ੍ਰਤੀਕਰਮ ਇਸ ਤਰ੍ਹਾਂ ਦਾ ਸੀ, ਜਿਵੇਂ ਕਿਸੇ ਨੇ ਉਹਨਾਂ ਨੂੰ ਸੁੱਤੇ ਪਿਆਂ ਦੇ ਸਿਰ 'ਚ ਰੋੜਾ ਮਾਰ ਕੇ ਜਗਾ ਦਿੱਤਾ ਹੋਵੇ। ਉਹਨਾਂ ਦੇ ਇਤਰਾਜ਼ ਬੜੇ ਹਾਸੋਹੀਣੇ ਜਿਹੇ ਸਨ; ਅਖੇ:

"ਬਾਦਲ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਯਾਦਗਾਰ ਉੱਤੇ ਕਿਸੇ ਦਾ ਨਾਂ ਨਹੀਂ ਲਿਖਿਆ ਜਾਵੇਗਾ ਤੇ ਇਹ ਓਦੋਂ ਮਾਰੇ ਗਏ ਸਮੂਹ ਲੋਕਾਂ ਨੂੰ ਸਮਰਪਿਤ ਹੋਵੇਗੀ, ਤੇ ਹੁਣ ਇੱਥੇ ਸੰਤ ਭਿੰਡਰਾਂਵਾਲ਼ਿਆਂ ਦਾ ਨਾਂ ਲਿਖ ਦਿੱਤਾ ਗਿਆ ਹੈ।"

ਇੱਕ ਹਿੰਦੀ ਅਖ਼ਬਾਰ ਨੇ ਤਾਂ ਇਹ ਵੀ ਲਿਖ ਮਾਰਿਆ; ਅਖੇ:

"ਓਦੋਂ ਕਾਫ਼ੀ ਫ਼ੌਜੀ ਸ਼ਹੀਦ ਹੋਏ ਸਨ,
ਉਹਨਾਂ ਦਾ ਨਾਂ ਵੀ ਲਿਖਿਆ ਜਾਵੇ...।"

ਇਹਨਾਂ ਲੋਕਾਂ ਨੂੰ ਜੇਕਰ ਸਿੱਧੀ ਭਾਸ਼ਾ ਵਿੱਚ ਜਵਾਬ ਦੇਣਾ ਹੋਵੇ ਤਾਂ ਉਹ ਇਹ ਬਣਦਾ ਹੈ ਕਿ ਹਰਿਮੰਦਰ ਸਾਹਿਬ ਨਾ ਤੁਹਾਡੇ ਪਿਓ ਦੀ ਜਗੀਰ ਹੈ ਤੇ ਨਾ ਹੀ ਬਾਦਲ ਮਾਰਕਾ ਕਿਸੇ ਵੀ ਸਰਕਾਰ ਦੀ। ਸ੍ਰੀ ਹਰਿਮੰਦਰ ਸਾਹਿਬ ਦੁਨੀਆ ਦੇ ਕੋਨੇ-ਕੋਨੇ ਵਿੱਚ ਵੱਸਦੇ ਹਰ ਇੱਕ ਸਿੱਖ ਦਾ ਧਾਰਮਕ ਕੇਂਦਰ ਹੈ, ਇੱਥੇ ਸਿੱਖਾਂ ਨੇ ਕੀ ਕਰਨਾ ਹੈ, ਕਿਸ ਦੀ ਯਾਦਗਾਰ ਬਣਾਉਣੀ ਹੈ, ਇਹਦਾ ਫ਼ੈਸਲਾ ਕਰਨ ਦੀ ਕਾਬਲੀਅਤ ਵੀ ਸਿੱਖਾਂ ਵਿੱਚ ਹੈ ਤੇ ਇਹ ਹੱਕ ਵੀ ਸਿੱਖਾਂ ਕੋਲ਼ ਹੀ ਹੈ। ਇਸ ਬਾਰੇ ਸਿੱਖਾਂ ਨੂੰ ਕਿਸੇ ਆਪੇ ਬਣੇ ਚੌਧਰੀ ਦੀ ਸਲਾਹ ਲੈਣ ਦੀ ਲੋੜ ਨਹੀਂ, ਖ਼ਾਸ ਤੌਰ ਤੇ ਸਿੱਖਾਂ ਦੀ ਹਰ ਇੱਕ ਹੱਕੀ ਉਮੰਗ ਦੇ ਵਿਰੁੱਧ ਗਲ਼ੀ ਦੇ ਅਵਾਰਾ ਕੁੱਤਿਆਂ ਵਾਂਗ ਘੌਰੂ ਪਾਉਂਦੇ ਰਹਿਣ ਵਾਲ਼ਿਆਂ ਦੀ ਤਾਂ ਹਰਗਿਜ਼ ਹੀ ਨਹੀਂ। ਸਿੱਖਾਂ ਨੂੰ ਅਜਿਹੀ 'ਕੁਤੀੜ' ਦੀ ਪਰਵਾਹ ਵੀ ਕੋਈ ਨਹੀਂ, ਪਰ ਮੰਦੇ ਭਾਗਾਂ ਨੂੰ ਸਿੱਖ ਕੌਮ ਦੀ ਜਥੇਬੰਦਕ ਦਸ਼ਾ ਅੱਜ ਕੁਝ ਇਸ ਤਰ੍ਹਾਂ ਦੀ ਹੈ:-

ਮੇਰੇ ਮਜਬੂਰ ਕਾਫ਼ਲੇ ਕੀ, ਹੈ ਦਾਸਤਾਂ ਤੋ ਯੇਹ
ਰਹਿਬਰ ਨੇ ਲੂਟ ਲੀਆ ਹੈ, ਮੁਝੇ ਰਾਹਜ਼ਨ ਕੇ ਸਾਥ।

ਓਹੀ ਗੱਲ ਹੋਈ ਅਤੇ ਵਿਰੋਧੀ ਅਵਾਜ਼ਾਂ ਤੋਂ ਘਬਰਾ ਕੇ ਬਾਦਲਕਿਆਂ ਅੰਦਰ ਹਲਚਲ ਜਿਹੀ ਮੱਚੀ ਅਤੇ ਮਿਤੀ 28 ਅਪ੍ਰੈਲ 2013 ਦੀ ਰਾਤ 11 ਕੁ ਵਜੇ ਸ਼੍ਰੋਮਣੀ ਕਮੇਟੀ ਦੇ ਕੁਝ ਪ੍ਰਬੰਧਕ ਟਾਸਕ ਫ਼ੋਰਸ ਤੇ ਹੋਰ ਸੰਦ ਲੈ ਕੇ ਸ਼ਹੀਦੀ ਯਾਦਗਾਰ ਬਾਰੇ ਲੱਗਾ ਹੋਇਆ ਸੰਤ ਜਰਨੈਲ ਸਿੰਘ ਦੇ ਨਾਂ ਵਾਲ਼ਾ ਪੱਥਰ ਤੋੜਨ ਅਤੇ ਕੱਟਣ ਦੀ ਕੋਝੀ ਤੇ ਸ਼ਰਮਨਾਕ ਹਰਕਤ ਕਰਨ ਪਹੁੰਚ ਗਏ। ਸ਼ਾਇਦ ਭਵਿੱਖ ਵਿੱਚ ਕੋਈ ਸਿੱਖ ਕਦੇ ਯਕੀਨ ਨਾ ਕਰੇ ਕਿ ਦਿੱਲੀ ਦੀ ਗ਼ੁਲਾਮੀ ਵਿੱਚ ਕਿਸੇ ਵੇਲ਼ੇ ਸਿੱਖ ਅਖਵਾਉਣ ਵਾਲ਼ੇ ਕੁਝ ਲੋਕ ਏਨੇ ਵੀ ਗ਼ਰਕ ਗਏ ਸਨ ਕਿ ਆਪਣੇ ਹੱਥੀਂ ਹੀ ਸ਼ਹੀਦ ਸਿੰਘਾਂ ਦੀ ਯਾਦ 'ਚ ਲੱਗਾ ਪੱਥਰ ਤੋੜਨ ਦੀ ਹੱਦ ਤਕ ਚਲੇ ਗਏ ਸਨ ? ਪਰ ਮਿਤੀ 28 ਅਪ੍ਰੈਲ ਨੂੰ ਇਹ ਸ਼ਰਮਨਾਕ ਹਰਕਤ ਸ਼੍ਰੋਮਣੀ ਕਮੇਟੀ ਤੇ ਕਾਬਜ਼ ਨਵੇਂ ਮਸੰਦਾਂ ਨੇ ਕੀਤੀ। ਇਹ ਚੰਗੀ ਗੱਲ ਸੀ ਕਿ ਓਥੇ ਮੌਕੇ ਤੇ ਦਮਦਮੀ ਟਕਸਾਲ ਦੇ ਵਰਕਰਾਂ ਅਤੇ ਮੱਥਾ ਟੇਕਣ ਆਈਆਂ ਹੋਰ ਸੰਗਤਾਂ ਨੇ ਉਹਨਾਂ ਦੀ ਇਹ ਸਾਜ਼ਸ਼ ਅਸਫਲ ਬਣਾ ਦਿੱਤੀ।

ਅਸੀਂ ਇਹ ਚੇਤਾਵਨੀ ਦੇਣਾ ਚਾਹੁੰਦੇ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਾਬਜ਼ ਲੋਕਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ 'ਸ਼ਹੀਦੀ ਯਾਦਗਾਰ' ਉੱਪਰੋਂ ਸੰਤ ਭਿੰਡਰਾਂਵਾਲ਼ਿਆਂ ਦੇ ਨਾਂ ਦਾ ਪੱਥਰ ਹਟਾਉਣ ਦੀ ਕੋਈ ਵੀ ਕੋਝੀ ਕੋਸ਼ਿਸ਼, ਦੁਬਾਰਾ ਅਕਾਲ ਤਖ਼ਤ ਸਾਹਿਬ ਦੇ ਸਾਮ੍ਹਣੇ ਸੰਤ ਭਿੰਡਰਾਂਵਾਲ਼ਿਆਂ ਦੇ ਹਿੱਕ ਤੇ ਗੋਲ਼ੀਆਂ ਦੀ ਵਾਛੜ ਕਰਨ ਦੇ ਬਰਾਬਰ ਹੋਵੇਗੀ। ਤੇ ਅਜਿਹਾ ਘਿਰਣਤ ਕਾਰਾ ਕਰਨ ਵਾਲ਼ੇ ਆਪਣੇ ਆਪ ਨੂੰ ਇੰਦਰਾ ਗਾਂਧੀ, ਵੈਦਿਆ ਤੇ ਕੁਲਦੀਪ ਬਰਾੜ ਦੀ ਕਤਾਰ ਵਿੱਚ ਖੜ੍ਹਾ ਕਰ ਲੈਣਗੇ। ਅਤੇ ਸ਼ਾਇਦ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ, ਸਿੱਖਾਂ ਦੇ ਦੁਸ਼ਮਣਾਂ ਨਾਲੋਂ ਵਧੇਰੇ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਹੋਣਗੇ ਕਿ ਸਿੱਖ ਪੰਥ ਦੀ ਆਨ-ਸ਼ਾਨ ਉੱਪਰ ਸਾਲਾਂ ਤਕ ਸੋਚ ਵਿਚਾਰ ਕੇ ਕੀਤੇ ਗਏ ਹਮਲਿਆਂ ਦਾ ਪੰਥ ਵੱਲੋਂ ਜੋ ਆਪ ਮੁਹਾਰਾ ਪ੍ਰਤੀਕਰਮ ਹੁੰਦਾ ਹੈ, ਉਹ ਬਹੁਤ ਭਾਰੀ ਹੁੰਦਾ ਹੈ।

****

ਹਰਿਮੰਦਰ ਸਾਹਿਬ ਦੀਆਂ ਬਰੂਹਾਂ ਅੱਗੇ ਹਿੰਦੂਸ਼ਾਹੀ ਲਲਕਾਰੇ

(ਘਲੂਘਾਰੇ ਦੀ 30ਵੀਂ ਸਲਾਨਾ ਯਾਦ ਮੌਕੇ ਹਿੰਦੂਵਾਦੀ ਸ਼ਰਾਰਤ ਦਾ ਪ੍ਰਤੀਕਰਮ)

ਜੂਨ ਦਾ ਮਹੀਨਾ 1984 ਤੋਂ ਲੈ ਕੇ ਹੀ ਹਰ ਸਾਲ ਜਿਵੇਂ ਸਿੱਖ ਕੌਮ ਦੀ ਛਾਤੀ ਵਿੱਚ ਖੁੱਭਣ ਵਾਂਗ ਆਉਂਦਾ ਹੈ। ਇਸ ਮਹੀਨੇ ਹਰ ਗੁਰਸਿੱਖ ਦੇ ਮਨ ਤੇ ਇੱਕ ਵੈਰਾਗ ਵੀ ਹੁੰਦਾ ਹੈ ਤੇ ਇੱਕ ਰੋਸ ਵੀ। ਪਰ ਹਿੰਦੂਵਾਦੀ ਧਿਰਾਂ, ਘਲੂਘਾਰੇ ਦੀ ਯਾਦ ਦੇ ਇਹਨਾਂ ਦਿਨਾਂ ਵਿੱਚ ਸਿੱਖਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਣ ਲਈ ਹਰ ਵੇਲ਼ੇ ਤਤਪਰ ਰਹਿੰਦੀਆਂ ਹਨ। ਕਦੀ ਇਹਨਾਂ ਦਿਨਾਂ ਦੇ ਵਿੱਚ ਹਮਲਾਵਰ ਫ਼ੌਜੀਆਂ ਦਾ ਸ਼ਹੀਦੀ ਦਿਨ ਮਨਾਉਣ ਦਾ ਐਲਾਨ ਕੀਤਾ ਜਾਂਦਾ ਹੈ, ਕਦੇ ਵੈਦਿਆ ਵਰਗਿਆਂ ਨੂੰ ਸਨਮਾਨ ਦੇਣ ਦੀਆਂ ਗੱਲਾਂ ਹੁੰਦੀਆਂ ਹਨ ਤੇ ਕਦੇ ਸੰਤ ਭਿੰਡਰਾਂਵਾਲ਼ਿਆਂ ਦੇ ਪੋਸਟਰ ਸਾੜਨ ਦੇ ਦਮਗਜੇ ਮਾਰੇ ਜਾਂਦੇ ਹਨ।

ਅਸੀਂ ਪਿਛਲੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲ਼ੇ 'ਪ੍ਰਾਚੀਨ' ਕਹਿ ਕੇ ਵਿਛਾਏ ਗਏ ਮੰਦਰਾਂ ਦੇ ਜਾਲ਼ ਬਾਰੇ ਵੀ ਲਿਖਿਆ ਸੀ, ਜਿਨ੍ਹਾਂ ਵਿੱਚੋਂ ਇੱਕ ਮੰਦਰ, ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲ਼ੇ ਦਰ ਦੇ ਐਨ ਨੇੜੇ 'ਸ਼ਨੀ ਮੰਦਰ' ਹੈ। ਪਿਛਲੇ ਸਮੇਂ ਵਿੱਚ ਇਸ ਮੰਦਰ ਦਾ ਬੇਲੋੜਾ ਵਿਸਤਾਰ ਵੀ ਕੀਤਾ ਗਿਆ ਤੇ ਮੂਰਤੀਆਂ ਇਸ ਢੰਗ ਨਾਲ਼ ਅੱਗੇ ਵਧਾ ਕੇ ਸਥਾਪਤ ਕੀਤੀਆਂ ਗਈਆਂ ਕਿ ਇੰਵ ਜਾਪਦਾ ਹੈ, ਜਿਵੇਂ ਇਹ ਸ਼ਨੀ ਮੰਦਰ, ਦਰਬਾਰ ਸਾਹਿਬ ਦੇ ਅੰਦਰ ਹੀ ਸਥਾਪਤ ਹੋਵੇ। ਪਰ ਇਸ ਮੰਦਰ ਦੇ ਪ੍ਰਬੰਧਕਾਂ ਨੇ ਜੋ ਹਰਕਤ 2014 ਦਾ ਜੂਨ ਮਹੀਨਾ ਚੜ੍ਹਦਿਆਂ ਸਾਰ ਕੀਤੀ, ਉਹ ਸਿੱਖਾਂ ਦੇ ਹਿਰਦੇ ਵਲੂੰਧਰਨ ਵਾਲ਼ੀ ਹੈ।

2 ਜੂਨ 2014 ਦਾ ਦਿਨ ਸੀ। ਘਲੂਘਾਰਾ ਜੂਨ 1984 ਦੇ ਸ਼ਹੀਦੀ ਹਫ਼ਤੇ ਦਾ ਦੂਜਾ ਦਿਨ। ਸਿੱਖ ਅਵਾਮ ਵੈਰਾਗ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਿਕਰਮਾ ਕਰਨ ਦਾ ਚਾਹਵਾਨ ਸੀ। ਉਹ ਪਰਿਕਰਮਾ, ਜਿਸ ਨੂੰ 30 ਸਾਲ ਪਹਿਲਾਂ ਸਿੱਖਾਂ ਦੀਆਂ ਲਾਸ਼ਾਂ ਵਿਛਾ ਕੇ ਢੱਕ ਦਿੱਤਾ ਗਿਆ ਸੀ। ਪਰ ਇਸ ਅਹਿਮ ਅਤੇ ਸੰਵੇਦਨਸ਼ੀਲ ਘੜੀ ਦੇ ਵਿੱਚ ਸ਼ਨੀ ਮੰਦਰ ਦੇ ਪ੍ਰਬੰਧਕਾਂ ਨੇ 2 ਜੂਨ 2014 ਨੂੰ ਸਵੇਰ ਤੋਂ ਹੀ ਡੀ.ਜੇ. ਸਿਸਟਮ ਰਾਹੀਂ ਕੰਨ ਪਾੜਵੀਂ ਅਵਾਜ਼ ਵਿੱਚ ਆਪਣੇ ਗੀਤਨੁਮਾ ਭਜਨ ਚਲਾਉਣੇ ਅਰੰਭ ਕਰ ਦਿੱਤੇ ਅਤੇ ਢੋਲ ਵਜਾਉਣਾ ਅਰੰਭ ਕਰ ਦਿੱਤਾ। ਢੋਲ ਦੀ ਅਵਾਜ਼ ਹਰਿਮੰਦਰ ਸਾਹਿਬ ਦੀ ਪਾਵਨ ਪਰਿਕਰਮਾ ਤਕ ਸੁਣੀ ਜਾ ਰਹੀ ਸੀ।

ਭਾਵੇਂ ਕਿ ਹਰ ਕਿਸੇ ਦੇ ਆਪੋ ਆਪਣੇ ਧਰਮ ਦੀਆਂ ਰਸਮਾਂ ਨਿਭਾਏ ਜਾਣ ਦੇ ਅਸੀਂ ਵਿਰੋਧੀ ਨਹੀਂ, ਪਰ ਡੀ.ਜੇ. ਅਤੇ ਢੋਲ ਦੀਆਂ ਉੱਚੀਆਂ ਅਵਾਜ਼ਾਂ ਨਾਲ਼ ਹਰਿਮੰਦਰ ਸਾਹਿਬ ਦੇ ਅੰਦਰ ਹੁੰਦੀ ਕੀਰਤਨ ਦੀ ਮਿੱਠੀ ਮਿੱਠੀ ਧੁਨ 'ਚ ਖਲਲ ਪਾਇਆ ਜਾਣਾ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਤੇ ਉਹ ਵੀ ਘਲੂਘਾਰੇ ਹਫ਼ਤੇ ਦੇ ਸੰਵੇਦਨਸ਼ੀਲ ਦਿਨਾਂ ਵਿੱਚ। ਉਹ ਇਤਿਹਾਸਕ ਘਟਨਾ ਯਾਦ ਰੱਖੀ ਜਾਣੀ ਚਾਹੀਦੀ ਹੈ, ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅੰਗਰੇਜ਼ ਸਾਮਰਾਜ ਦਾ ਨੁਮਾਇੰਦਾ ਮਿਸਟਰ ਮਿਟਕਾਫ਼ (ਜੋ ਗੱਲਬਾਤ ਕਰਨ ਆਇਆ ਸੀ) ਦੇ ਨਾਲ਼ ਆਏ ਕੁਝ ਮੁਸਲਮ ਸਿਪਾਹੀ ਸ੍ਰੀ ਦਰਬਾਰ ਸਾਹਿਬ ਦੇ ਨੇੜਿਓਂ ਤਾਜੀਆ ਕੱਢਣ ਲੱਗ ਪਏ ਸਨ। ਅਕਾਲੀ ਫੂਲਾ ਸਿੰਘ ਨੇ ਅੰਦਰੋਂ ਸੁਨੇਹਾ ਭੇਜਿਆ ਕਿ ਵਧੇਰੇ ਸ਼ੋਰ ਨਾ ਪਾਇਆ ਜਾਵੇ, ਕੀਰਤਨ 'ਚ ਵਿਘਨ ਪੈਂਦਾ ਹੈ, ਪਰ ਮਿਟਕਾਫ਼ ਦੇ ਸਿਪਾਹੀਆਂ ਨੇ ਅੱਗੋਂ ਬਹਿਸ ਕੀਤੀ ਤੇ ਹੱਥੋਪਾਈ 'ਚ ਇੱਕ ਸਿੰਘ ਦੀ ਦਸਤਾਰ ਲੱਥ ਗਈ।

ਇਹ ਖ਼ਬਰ ਅੰਦਰ ਪਹੁੰਚਣ ਦੀ ਦੇਰ ਸੀ ਕਿ ਅਕਾਲੀ ਫੂਲਾ ਸਿੰਘ ਦੀ ਅਗਵਾਈ 'ਚ ਸਿੰਘ ਸ਼ਮਸ਼ੀਰਾਂ ਕੱਢ ਕੇ ਟੁੱਟ ਪਏ। ਪਲ਼ਾਂ 'ਚ ਹੀ ਏਨੀ ਕਹਿਰ ਦੀ ਤਲਵਾਰ ਚੱਲੀ ਕਿ ਲਾਸ਼ਾਂ ਦੇ ਢੇਰ ਲੱਗ ਗਏ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਮੁਸ਼ਕਲ ਇਹ ਮਾਮਲਾ ਸ਼ਾਂਤ ਕੀਤਾ, ਤੇ ਉਸ ਦਿਨ ਤੋਂ ਬਾਅਦ ਹਰਿਮੰਦਰ ਸਾਹਿਬ ਦੇ ਨੇੜਿਓਂ ਤਾਜੀਏ ਕੱਢਣੇ ਬੰਦ ਕਰ ਦਿੱਤੇ ਗਏ। ਪਰ ਸਵਾਲ ਇਹ ਹੈ ਕਿ ਅੱਜ ਇਹ ਹਿੰਦੂ ਸਾਮਰਾਜੀਏ ਕਿਸ ਹਾਦਸੇ ਨੂੰ ਅਵਾਜ਼ਾਂ ਮਾਰ ਰਹੇ ਹਨ ? ਕੋਈ ਸਧਾਰਨ ਸੂਝ ਵਾਲ਼ਾ ਇੱਕ ਨਾਗਰਿਕ ਵੀ ਚੰਗੀ ਤਰ੍ਹਾਂ ਸਮਝਦਾ ਹੁੰਦਾ ਹੈ ਕਿ ਜੇਕਰ ਗਵਾਂਢੀਆਂ ਦੇ ਘਰ ਸੋਗ ਦਾ ਮਾਹੌਲ ਹੋਵੇ ਤਾਂ ਓਦੋਂ ਆਪਣੇ ਘਰ ਢੋਲ ਵਜਾਉਣਾ ਸਿੱਧਾ ਹੀ ਲੜਾਈ ਨੂੰ ਸੱਦਾ ਦੇਣ ਵਾਲ਼ੀ ਗੱਲ ਹੁੰਦੀ ਹੈ। ਪਰ ਹਿੰਦੂਵਾਦੀ ਤਾਂ ਮਿਥ ਕੇ ਸਿੱਖਾਂ ਨੂੰ ਚਿੜਾਉਂਦੇ ਹਨ।

ਸ਼ਨੀ ਮੰਦਰ 'ਚ ਕੀਤੀ ਜਾ ਰਹੀ ਆਤਿਸ਼ਬਾਜ਼ੀ ਦੀ ਬੁੰਗਾ ਰਾਮਗੜ੍ਹੀਆ ਤੋਂ ਲਈ ਗਈ ਤਸਵੀਰ

ਸ਼ਨੀ ਮੰਦਰ ਵਾਲ਼ਿਆਂ ਨੇ ਗੱਲ ਸਿਰਫ਼ ਡੀ.ਜੇ. ਅਤੇ ਢੋਲ ਢਮੱਕੇ ਤਕ ਹੀ ਸੀਮਿਤ ਨਹੀਂ ਰੱਖੀ, ਬਲਕਿ ਸ਼ਾਮ ਦੇ ਸਮੇਂ ਪੂਰੇ ਜ਼ੋਰ-ਸ਼ੋਰ ਨਾਲ਼ ਆਤਿਸ਼ਬਾਜ਼ੀ ਵੀ ਕੀਤੀ ਗਈ। ਜਦੋਂ ਇਹ ਸਭ ਕੁਝ ਕੀਤਾ ਜਾ ਰਿਹਾ ਸੀ ਤਾਂ ਪੁਲੀਸ ਦੀਆਂ ਵਿਸ਼ੇਸ਼ ਗਾਰਦਾਂ ਮੰਦਰ ਦੇ ਦੁਆਲ਼ੇ ਰਾਖੀ ਕਰਨ ਲਈ ਤਾਇਨਾਤ ਸਨ, ਜਿਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਪ੍ਰਬੰਧਕਾਂ ਦੇ ਨਾਲ਼ ਨਾਲ਼ ਸਰਕਾਰ ਵੀ ਜਾਣਦੀ ਸੀ ਕਿ ਇਹ ਸਭ ਕੁਝ ਸਿੱਖਾਂ ਨੂੰ ਗ਼ੁੱਸਾ ਦੁਆ ਸਕਦਾ ਹੈ ਤੇ ਇਸ ਦੇ ਸਿੱਟੇ ਵਜੋਂ ਕੁਝ ਵੀ ਹੋ ਸਕਦਾ ਹੈ। ਸਵਾਲ ਹੈ ਕਿ ਜਦੋਂ ਸਰਕਾਰ ਸਭ ਕੁਝ ਜਾਣਦੀ ਹੈ ਤਾਂ ਉਹ ਕਿਸੇ ਘਟਨਾ ਦੀ ਉਡੀਕ ਕਰ ਰਹੀ

ਹੈ ? ਜਾਂ ਫਿਰ ਚੋਭਾਂ ਲਾ ਕੇ ਸਿੱਖਾਂ ਦੀ ਗ਼ੈਰਤ ਬਾਰੇ ਅੰਦਾਜ਼ਾ ਲਾ ਰਹੀ ਹੈ ਕਿ ਜਿਊਂਦੀ ਹੈ ਜਾਂ ਖ਼ਤਮ ਹੋ ਗਈ ?

ਸ਼ਨੀ ਮੰਦਰ ਦੇ ਪ੍ਰਬੰਧਕਾਂ ਦੀ ਇਸ ਹਰਕਤ ਬਾਰੇ ਅੰਮ੍ਰਿਤਸਰ ਦੀਆਂ ਸਿੱਖ ਸੰਗਤਾਂ ਵਿੱਚ ਜਿਵੇਂ ਚਰਚਾ ਹੋਈ ਹੈ, ਉਸ ਤੋਂ ਭਵਿੱਖ ਵਿੱਚ ਅਜਿਹੇ ਮੌਕੇ ਟਕਰਾਅ ਵੀ ਹੋ ਸਕਦਾ ਹੈ। ਮੰਦਰਾਂ ਦੇ ਪ੍ਰਬੰਧਕ ਆਪਣੇ ਤਿਉਹਾਰ ਜੰਮ ਜੰਮ ਮਨਾਉਂਦੇ ਰਹਿਣ, ਪਰ ਉਹਨਾਂ ਦੀ ਅਵਾਜ਼ ਉਹਨਾਂ ਦੇ ਧਰਮ ਸਥਾਨਾਂ ਦੇ ਦਾਇਰੇ ਵਿੱਚ ਹੀ ਰਹੇ ਤਾਂ ਚੰਗਾ ਹੈ। ਖ਼ਾਸ ਤੌਰ ਤੇ ਸਿੱਖਾਂ ਨੂੰ ਜਾਣ-ਬੁੱਝ ਕੇ ਸ਼ਹੀਦੀ ਯਾਦਗਾਰ ਹਫ਼ਤੇ 'ਚ ਜਸ਼ਨ ਮਨਾਉਣ ਵਾਂਗ ਢੋਲ ਢਮੱਕੇ ਤੇ ਆਤਿਸ਼ਬਾਜ਼ੀ ਕਰ ਕੇ ਚਿੜਾਉਣ ਦੇ ਕੋਝੇ ਯਤਨ, ਅੱਗ ਨਾਲ਼ ਖੇਡਣ ਵਾਲ਼ੀ ਭੁੱਲ ਸਾਬਤ ਹੋਵੇਗੀ।

****

ਸਿੱਖ ਸ਼ਹੀਦਾਂ ਦੀ ਯਾਦਗਾਰ
ਸਿੱਖਾਂ ਦੇ ਕਾਤਲਾਂ 'ਚ ਹਾਹਾਕਾਰ

(ਸ਼ਹੀਦੀ ਯਾਦਗਾਰ ਵਿਰੁੱਧ ਹਿੰਦੂਵਾਦੀ ਪਿੱਟ ਸਿਆਪੇ ਦਾ ਪ੍ਰਤੀਕਰਮ)

ਅੰਮ੍ਰਿਤਸਰ ਦੀ ਪਾਵਨ ਧਰਤੀ ਤੇ ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਦੀ ਇੱਕ ਇਤਿਹਾਸਕ ਵਿਰਾਸਤ ਹੀ ਨਹੀਂ, ਬਲਕਿ ਧਰਮ ਦਾ ਕੇਂਦਰ ਵੀ ਹੈ। ਸਿੱਖ ਕੌਮ ਦੇ ਦੁਸ਼ਮਣ ਜੇਕਰ ਇਸ ਪਾਵਨ ਅਸਥਾਨ ਤੇ ਕਹਿਰੀ ਤੋਂ ਕਹਿਰੀ ਹਮਲੇ ਕਰਦੇ ਰਹੇ ਹਨ ਤਾਂ ਸਿੱਖ ਵੀ ਇਸ ਅਸਥਾਨ ਪ੍ਰਤੀ ਆਪਣੇ ਫ਼ਰਜ਼ ਆਪਣੇ ਸਿਰ ਵਾਰ ਕੇ ਨਿਭਾਉਂਦੇ ਰਹੇ ਹਨ। ਇੱਕ ਸ਼ਾਇਰ ਅਨੁਸਾਰ:

ਜੇ ਤਾਲ ਕਿਸੇ ਅਬਦਾਲੀ ਨੇ, ਹੈ ਪੂਰਿਆ ਸਿੰਘ ਮੁਕਾਉਣ ਲਈ,
ਤਾਂ ਸਿੰਘਾਂ ਤਲ਼ੀ ਤੇ ਸਿਰ ਧਰ ਲਏ, ਹਰਿਮੰਦਰ ਦਰਸ਼ਨ ਪਾਉਣ ਲਈ...।

ਸਮੇਂ ਦੇ ਚੱਕਰ ਅਨੁਸਾਰ ਤਾਲ ਪੂਰਨ ਵਾਲ਼ਿਆਂ ਦੇ ਨਾਂ ਵੀ ਬਦਲਦੇ ਰਹੇ ਹਨ, (ਅਬਦਾਲੀ, ਜ਼ਕਰੀਆ, ਮੀਰ ਮਨੂੰ ਤੇ ਇੰਦਰਾ ਗਾਂਧੀ ਆਦਿ) ਤੇ ਦੂਜੇ ਪਾਸੇ ਇਸ ਅਸਥਾਨ ਦੀ ਰਾਖੀ ਲਈ ਸਿਰ ਤਲ਼ੀ ਤੇ ਧਰਨ ਵਾਲ਼ਿਆਂ ਦੇ ਨਾਂ ਵੀ ਬਦਲਦੇ ਰਹੇ... (ਬਾਬਾ ਦੀਪ ਸਿੰਘ, ਭਾਈ ਗੁਰਬਖ਼ਸ਼ ਸਿੰਘ ਜਾਂ ਸੰਤ ਜਰਨੈਲ ਸਿੰਘ।) ਇਸ ਪਾਵਨ ਅਸਥਾਨ ਤੇ ਸ਼ਹੀਦ ਹੋਏ ਸਿੰਘ ਵੀ ਇਸ ਅਸਥਾਨ ਵਾਂਗ ਹੀ ਸਿੱਖਾਂ ਦੀ ਕੌਮੀ ਵਿਰਾਸਤ ਹਨ।



ਹੁਣ ਜੇ ਸਿੱਖ ਆਪਣੀ ਇਸ ਕੌਮੀ ਵਿਰਾਸਤ ਦੇ ਅੰਦਰ ਆਪਣੇ ਕੌਮੀ ਸ਼ਹੀਦਾਂ ਦੀ ਯਾਦਗਾਰ ਸਥਾਪਤ ਕਰਦੇ ਹਨ ਤਾਂ ਕਿਸੇ ਹੋਰ ਨੂੰ ਢਿੱਡ ਪੀੜ ਕਿਉਂ ?

ਪਰ ਇਹ ਪੀੜ ਕਿਸੇ ਇੱਕ ਨੂੰ ਨਹੀਂ, ਕਈ ਤਰ੍ਹਾਂ ਦੇ ਵੰਨ-ਸੁਵੰਨੇ ਢਿੱਡਾਂ 'ਚ ਹੋ ਰਹੀ ਹੈ। ਕੀ ਕਾਂਗਰਸ, ਕੀ ਹਿੰਦੂ ਸ਼ਿਵ ਸੈਨਾ ਅਤੇ ਕੀ ਕਾਮਰੇਡ, ਇਹਨਾਂ ਸਾਰੇ ਸਿਆਸੀ ਸ਼ਰੀਕਾਂ ਨੇ ਇਕੱਠੇ ਹੋ ਕੇ ਇਸ ਮਾਮਲੇ ਤੇ ਪਿੱਟ-ਸਿਆਪਾ ਇਸ ਤਰ੍ਹਾਂ ਪਾਇਆ ਹੈ ਜਿਵੇਂ ਇਹਨਾਂ ਦੀ ਸਾਂਝੀ ਨਾਨੀ ਮਰ ਗਈ ਹੋਵੇ। ਪੰਜਾਬ ਕਾਂਗਰਸ ਨੇ ਭਾਵੇਂ ਪਿਛਲੇ ਸਮੇਂ ਵਿੱਚ ਸਿੱਖਾਂ ਅੰਦਰ ਆਪਣਾ ਅਕਸ ਸੁਧਾਰਨ ਦੇ ਸੁਚੇਤ ਯਤਨ ਕੀਤੇ ਸਨ, ਪਰ ਹੁਣ ਜਿਵੇਂ ਉਹ ਵੀ ਨਕਾਬ ਲਾਹ ਕੇ ਆਪਣੀ 'ਅਸਲ ਔਕਾਤ' ਵਿਖਾਉਣ ਤੇ ਆ ਗਈ ਹੈ। ਹਿੰਦੀ ਦੇ ਟੀ.ਵੀ. ਚੈਨਲ ਇਸ ਤਰ੍ਹਾਂ ਹਾਲ ਪਾਹਰਿਆ ਪਾਉਂਦੇ ਦਿਸ ਰਹੇ ਸਨ, ਜਿਵੇਂ ਪੰਜਾਬ 'ਚ ਸਿੱਖਾਂ ਨੇ ਅੰਮ੍ਰਿਤਸਰ ਤੋਂ ਦਿੱਲੀ ਵੱਲ ਮੂੰਹ ਕਰ ਕੇ ਕੋਈ ਪ੍ਰਮਾਣੂ ਮਿਜ਼ਾਈਲ ਬੀੜ ਦਿੱਤੀ ਹੋਵੇ।

ਹੁਣ ਸਿੱਖ ਕਿਸ ਨੂੰ 'ਸ਼ਹੀਦ' ਮੰਨਣ ਤੇ ਕਿਸ ਨੂੰ ਨਾ ਮੰਨਣ, ਜਾਂ ਆਪਣੇ ਸ਼ਹੀਦਾਂ ਦੀ

ਯਾਦਗਾਰ ਬਣਾਉਣ ਜਾਂ ਨਾ ਬਣਾਉਣ, ਦਿੱਲੀ ਵਾਲ਼ੇ ਜਾਂ ਭਾਰਤੀ ਰਾਸ਼ਟਰ ਦੇ ਪ੍ਰਚਾਰਕ ਚਾਹੁੰਦੇ ਹਨ ਕਿ ਸਿੱਖ ਇਸ ਤਰ੍ਹਾਂ ਦੇ ਹਰ ਮੁੱਦੇ ਤੇ ਪਹਿਲਾਂ ਸਾਡੇ ਤੋਂ ਇਜਾਜ਼ਤ ਲਿਆ ਕਰਨ। ਉਹ ਲੋਕ ਨਾਲ਼ ਇਹ ਵੀ ਜ਼ਿਦ ਕਰਦੇ ਹਨ ਕਿ ਸਿੱਖ ਇਹ ਪ੍ਰਚਾਰ ਨਾ ਕਰਨ ਕਿ ਸਿੱਖ ਭਾਰਤ ਵਿੱਚ ਗੁਲਾਮ ਹਨ। ਇਸ ਰੌਲ਼ੇ-ਰੱਪੇ ਵਿੱਚ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ, ਜਿਨ੍ਹਾਂ ਨੂੰ ਸਮੁੱਚੀ ਸਿੱਖ ਕੌਮ ਨੇ 'ਵੀਹਵੀਂ ਸਦੀ ਦਾ ਮਹਾਨ ਸਿੱਖ' ਕਰਾਰ ਦਿੱਤਾ ਹੈ, ਉਹਨਾਂ ਪ੍ਰਤੀ 'ਦਰਿੰਦਾ' ਅਤੇ 'ਮਸੂਮਾਂ ਦਾ ਕਾਤਲ' ਵਰਗੇ ਸ਼ਬਦ ਵਰਤ ਕੇ ਸਮੁੱਚੀ ਸਿੱਖ ਕੌਮ ਦੀ ਗ਼ੈਰਤ ਨੂੰ ਲਲਕਾਰੇ ਵੀ ਮਾਰੇ ਗਏ, ਜਦਕਿ ਸ੍ਰੀ ਹਰਿਮੰਦਰ ਸਾਹਿਬ ਤੇ ਹਮਲੇ ਨੂੰ 'ਚੋਣ ਮੁੱਦਾ' ਬਣਾ ਕੇ ਵੋਟਾਂ ਲੈਣ ਵਾਲ਼ੀ ਧਿਰ ਇਸ ਇਲਜ਼ਾਮਬਾਜ਼ੀ ਦਾ ਪ੍ਰਭਾਵਸ਼ਾਲੀ ਜਵਾਬ ਦੇਣੋਂ ਵੀ ਗਈ ਗੁਜ਼ਰੀ ਸਾਬਤ ਹੋਈ।

ਅਸਲ ਵਿੱਚ ਜਿਵੇਂ ਬਾਦਲ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਜੂਨ 1984 ਦੇ ਸ਼ਹੀਦ ਸਿੰਘਾਂ ਦੀ ਯਾਦਗਾਰ ਬਣਾਏ ਜਾਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣੋਂ ਨਾਂਹ ਕੀਤੀ ਅਤੇ ਜੋਗਾ ਵਿੱਚ ਗਾਂਵਾਂ ਦੀ ਯਾਦਗਾਰ ਬਣਾਉਣ ਦਾ ਐਲਾਨ ਕਰਦਿਆਂ ਗਾਂਵਾਂ ਦੇ ਮਾਰੇ ਜਾਣ ਨੂੰ 'ਭਿਆਨਕ ਜੁਰਮ' ਕਰਾਰ ਦਿੱਤਾ, ਉਸ ਤੋਂ ਸਪਸ਼ਟ ਸੀ ਕਿ ਹਰ ਕਿਸੇ ਨੂੰ ਹਿੰਦੂਆਂ ਨੂੰ ਖ਼ੁਸ਼ ਕਰਨ ਦੀ ਚਿੰਤਾ ਹੈ, ਸਿੱਖਾਂ ਨੂੰ ਤਾਂ ਜੇਕਰ ਵਧੇਰੇ ਹੀ ਲੋੜ ਮਹਿਸੂਸ ਹੋਵੇ ਤਾਂ ਖਿਡੌਣਿਆਂ ਦੇ ਨਾਲ਼ ਵਰ੍ਹਾਉਣ ਦਾ ਯਤਨ ਕੀਤਾ ਜਾਂਦਾ ਹੈ। ਉਸ ਦੀ ਵੀ ਹਿੱਕ ਥਾਪੜ ਕੇ ਜ਼ਿੰਮੇਵਾਰੀ ਨਹੀਂ ਲਈ ਜਾਂਦੀ।

'ਅਕਾਲੀ' ਅਖਵਾਉਣ ਵਾਲ਼ੇ ਲੋਕਾਂ ਦੀ ਸਰਕਾਰ, 'ਅਕਾਲੀ ਵਿਚਾਰਧਾਰਾ' (ਜਿਸ ਅਨੁਸਾਰ 'ਗਊ-ਗਧੀ ਜਾਂ ਮੱਝ' ਇੱਕੋ ਜਿਹੇ ਪਸ਼ੂ ਹਨ,) ਤੋਂ ਉਲ਼ਟ ਜਾ ਕੇ ਗਊਆਂ ਦੀ ਮੌਤ ਤੇ ਕੀਰਨੇ ਪਾਵੇ ਤੇ ਉਹਨਾਂ ਦੀ ਯਾਦਗਾਰ ਬਣਾਉਣ ਤੇ ਕਰੋੜਾਂ ਰੁਪਏ ਖ਼ਰਚੇ, ਇਸ ਗੱਲ ਨਾਲ਼ੋਂ ਵਧੇਰੇ ਦੁੱਖਦਾਈ ਗੱਲ ਹੈ ਕਿ ਉਹ ਸਰਕਾਰ ਜੂਨ 84 ਦੇ ਸ਼ਹੀਦਾਂ ਦੀ ਯਾਦਗਾਰ ਬਣਾਏ ਜਾਣ ਦੀ ਜ਼ਿੰਮੇਵਾਰੀ ਤਕ ਨਾ ਲਵੇ। ਇਹਨਾਂ 'ਹਿੰਦੂ ਭਗਤ ਅਕਾਲੀਆਂ' ਦੀ ਗੱਲ ਕਰਨ ਦੀ ਬਜਾਏ ਅਸੀਂ ਹਿੰਦੂਆਂ ਦੀ ਪ੍ਰਤੀਨਿਧਤਾ ਦਾ ਦਾਅਵਾ ਕਰਨ ਵਾਲ਼ੇ ਸਿੱਖ ਵਿਰੋਧੀ ਲੋਕਾਂ ਨੂੰ ਕਹਿਣਾ ਚਾਹਾਂਗੇ, ਕਿ ਉਹਨਾਂ ਵੱਲੋਂ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਨੂੰ 'ਦਰਿੰਦਾ' ਕਹੇ ਜਾਣ ਦਾ ਵਿਸਤਾਰ ਸਹਿਤ ਜਵਾਬ ਤਾਂ ਇਸ ਕਿਤਾਬ ਦੇ ਪਿਛਲੇ ਪੰਨਿਆਂ ਤੇ ਦੇ ਚੁੱਕੇ ਹਾਂ, ਪਰ ਇਹ ਵੀ ਕਹਿਣਾ ਚਾਹਾਂਗੇ ਕਿ ਜੇਕਰ ਉਹਨਾਂ ਨੇ ਸਿੱਖ ਸ਼ਹੀਦਾਂ ਦੀ ਯਾਦਗਾਰ ਦੇ ਬਰਾਬਰ ਅੰਮ੍ਰਿਤਸਰ ਵਿੱਚ ਹਮਲਾਵਰ ਫ਼ੌਜੀਆਂ ਦੀ ਯਾਦਗਾਰ ਉਸਾਰਨ ਦੇ ਜ਼ਹਿਰੀਲੇ ਬਿਆਨ ਦੇਣੇ ਬੰਦ ਨਾ ਕੀਤੇ, ਤਾਂ ਇਸ ਦੇ ਸਿੱਟੇ ਤਾਂ ਖ਼ਤਰਨਾਕ ਨਿਕਲ਼ਣਗੇ ਹੀ, ਇਸ ਦੇ ਨਾਲ਼ ਹੀ ਭਵਿੱਖ 'ਚ ਸੋਮਨਾਥ ਵਰਗੇ ਹਿੰਦੂ ਤੀਰਥ ਅਸਥਾਨਾਂ ਉੱਤੇ ਮਹਿਮੂਦ ਗ਼ਜ਼ਨਵੀ ਵਰਗਿਆਂ ਦੀਆਂ ਯਾਦਗਾਰਾਂ ਬਣਾਈਆਂ ਜਾਣ ਦੀ ਹਮਾਇਤ ਕਰਨ ਲਈ ਵੀ ਸਿੱਖ ਮਜਬੂਰ ਹੋ ਜਾਣਗੇ। ਸਿੱਖਾਂ ਦੇ ਵੈਰੀ ਆਪਣੀ ਰੋਣ-ਪਿੱਟਣ ਦੀ ਐਨਰਜੀ ਸੰਭਾਲ਼ ਕੇ ਰੱਖਣ, ਕਿਉਂਕਿ ਇਹ ਤਾਂ ਅਜੇ ਸ਼ਹੀਦ ਸਿੰਘਾਂ-ਸਿੰਘਣੀਆਂ ਦੀ ਯਾਦਗਾਰ ਹੀ ਬਣੀ ਹੈ, ਉਹਨਾਂ ਸ਼ਹੀਦਾਂ ਦਿਆਂ ਸੁਪਨਿਆਂ ਦਾ ਦੇਸ ਅਸੀਂ ਅਜੇ ਸਥਾਪਤ ਕਰਨਾ ਹੈ।

****

ਭਾਈ ਧਰਮ ਸਿੰਘ ਖ਼ਾਲਸਾ ਚੈਰੀਟੇਬਲ ਟਰੱਸਟ (ਰਜਿ:) ਸ੍ਰੀ ਅੰਮ੍ਰਿਤਸਰ

Bhai Dharam Singh Khalsa Charitable Trust (Regd.) Sri Amritsar

ਆਦਰਯੋਗ ਖ਼ਾਲਸਾ ਜੀ !
ਜੇਕਰ ਤੁਸੀਂ ਇਹ ਮੰਨਦੇ ਹੋ ਕਿ
ਕੌਮ ਦੇ ਸੁਨਹਿਰੀ ਭਵਿੱਖ ਲਈ
ਸ਼ਹੀਦਾਂ ਨੇ ਆਪਾ ਕੁਰਬਾਨ ਕੀਤਾ
ਹੈ, ਤਾਂ ਫਿਰ ਉਹਨਾਂ ਦੇ ਬੱਚਿਆਂ ਦੇ
ਭਵਿੱਖ ਨੂੰ ਸੰਵਾਰਨ ਦੀ ਜ਼ਿੰਮੇਵਾਰੀ
ਕੌਮ ਦੀ ਹੈ।

ਅਸੀਂ ਵੀ
ਆਪਣੀ ਜ਼ਿੰਮੇਵਾਰੀ
ਪਛਾਣੀਏ।

ਭਾਵੇਂ ਇੱਕ ਕਾਪੀ-ਪੈੱਨ ਦਾ ਹੀ
ਯੋਗਦਾਨ ਪਾਵੇ, ਹਰ ਸਿੱਖ ਨੂੰ ਇਹਦੇ
ਵਿੱਚ ਯੋਗਦਾਨ ਪਾਉਣਾ ਬਣਦਾ ਹੈ।

ਨੋਟ: ਤੁਸੀਂ ਮਾਇਆ ਸਿੱਧੀ ਇਸ ਬੈਂਕ ਅਕਾਊਂਟ ਵਿਚ ਵੀ ਭੇਜ ਸਕਦੇ ਹੋ:

BHAI DHARAM SINGH KHALSA
CHARITABLE TRUST
Account no.: 02631880000013,
HDFC BANK, Branch: Hall Bazaar,
Amritsar
(IFSC code: HDFC0000263)

ਭਾਈ ਧਰਮ ਸਿੰਘ ਖ਼ਾਲਸਾ ਟਰੱਸਟ ਨੂੰ 80-ਜੀ ਦੀ ਰਿਬੇਟ ਪ੍ਰਾਪਤ ਹੈ, ਜਿਸ ਅਧੀਨ ਟਰੱਸਟ ਨੂੰ ਦਿੱਤੀ ਜਾਣ ਵਾਲੀ ਮਾਇਕ ਸਹਾਇਤਾ ਨੂੰ ਇਨਕਮ ਟੈਕਸ ਤੋਂ ਛੋਟ ਪ੍ਰਾਪਤ ਹੈ।

ਨੋਟ: ਬੈਂਕ 'ਚ ਪੈਸੇ ਜਮ੍ਹਾ ਕਰਵਾ ਕੇ ਸਾਨੂੰ ਫ਼ੋਨ 'ਤੇ ਸੂਚਿਤ ਕੀਤਾ ਜਾਵੇ ਜੀ, ਤਾਂ ਕਿ ਰਸੀਦ ਭੇਜੀ ਜਾ ਸਕੇ।

ਜਿਨ੍ਹਾਂ ਨੇ ਸਾਡੇ ਲਈ ਲਹੂ ਵਹਾਇਆ, ਆਓ ਉਹਨਾਂ ਲਈ ਪਸੀਨਾ ਵਹਾਈਏ

ਮੁੱਖ ਸੇਵਾਦਾਰ : ਬੀਬੀ ਸੰਦੀਪ ਕੌਰ

Plot No.1, Patti Behniwal, V.P.O. Sultanwind, Sri Amritsar. # 98558 03391
e-mail: bds_khalsatrust@rediffmail.com
www.bdskhalsatrust.com

'ਵੰਗਾਰ' ਇੱਕ ਮੈਗਜ਼ੀਨ ਹੀ ਨਹੀਂ, ਇੱਕ ਲਹਿਰ ਹੈ। ਇਸ ਦੇ ਪੱਕੇ ਮੈਂਬਰ ਬਣ ਕੇ ਇਸ ਲਹਿਰ ਵਿੱਚ ਸ਼ਾਮਲ ਹੋਵੋ।

ਝੂਠ ਵਿਰੁੱਧ ਬੋਲਣ ਲਈ — ਜ਼ੁਲਮ ਵਿਰੁੱਧ ਜੂਝਣ ਲਈ

ਵੰਗਾਰ

ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ
97795-34056, 84371-06685

ਹਰ ਮਹੀਨੇ ਛਪਣ ਵਾਲਾ ਮੈਗਜ਼ੀਨ

ਸੰਪਾਦਕ: ਬਲਜੀਤ ਸਿੰਘ ਖ਼ਾਲਸਾ

ਮੈਂਬਰਸ਼ਿਪ	ਦੇਸ਼	ਵਿਦੇਸ਼
ਸਲਾਨਾ	350/-	2500/-
ਪੰਜ ਸਾਲਾ	1500/-	12000/-
ਲਾਈਫ਼	3500/-	25000/-

ਹਰਿਮੰਦਰ ਤੇ ਲੱਗੀ ਹੋਈ,
ਵੈਰੀ ਦੀ ਘਾਤ ਬਾਕੀ ਹੈ
ਹੁੰਗਾਰਾ ਜਾਗ ਕੇ ਭਰਨਾ,
ਜਦੋਂ ਤਕ ਬਾਤ ਬਾਕੀ ਹੈ
ਮੰਜ਼ਲ ਤਕ ਜਾਂਦੇ ਰਾਹਾਂ ਦਾ,
ਬੜਾ ਹੀ ਪੰਧ ਹੈ ਬਿਖੜਾ
ਮਸ਼ਾਲਾਂ ਬਾਲ ਕੇ ਰੱਖਿਓ,
ਹਨੇਰੀ ਰਾਤ ਬਾਕੀ ਹੈ।

ਬਲਜੀਤ ਸਿੰਘ ਖ਼ਾਲਸਾ
98558-31284

www.facebook.com/Vangaar84

+91-98552-41414
+91-98724-71741
ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥
ਭਾਈ ਗੁਰਮੁਖ ਸਿੰਘ ਖਾਲਸਾ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ,
ਸ੍ਰੀ ਅੰਮ੍ਰਿਤਸਰ